Digitized by Arya Samaj Foundation Chennai and eGangotri

ਸਾਡਾ ਸਾਹਿੱਤ ਤੇ ਇਤਿਹਾਸ



CC-0. In Public Domain. Gurukul Kangri Collection, Haridwar

Samaj Foundation Chen

ਸਾਡਾ ਸਾਹਿੱਤ ਤੇ ਇਤਿਹਾਸ

omain. Gurukul Kangri Co

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

77-98

Forwarded free of Cost, and with the Compliments of Deptt of Education, Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡਾ ਸਾਹਿੱਤ ਤੇ ਇਤਿਹਾਸ

7798

DONATION

ਸੁਰਜੀਤ ਹਾਂਸ

Forwarded free of Cost, and with the Compliments of Deptt. of Education, Govt. of India, New Delhi.

ਵਾਰਿਸ ਸ਼ਾਹ ਫਾਉਂਡੇਸ਼ਨ
ਅਮ੍ਰਿਤਸਰ -143002

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Sada Sahit Te Itihas
(Literary Criticism)
by Surjit Hans

ਪਹਿਲੀ ਵਾਰ : 1992

ਮੁੱਲ : 150 ਰੁਪਏ

ਡਿਜ਼ਾਇਨ : ਸਾਗਰ

© ਸੁਰਜੀਤ ਹਾਂਸ
ਆਕਾਸ਼ ਬਿਲਡਿੰਗ
ਸਾਹਮਣੇ ਖਾਲਸਾ ਕਾਲਜ
ਅੰਮ੍ਰਿਤਸਰ

ਪ੍ਰਕਾਸ਼ਕ
ਵਾਰਿਸ ਸ਼ਾਹ ਫਾਉਂਡੇਸ਼ਨ
42, ਗੁਰੂ ਤੇਗ਼ ਬਹਾਦਰ ਨਗਰ
ਡਾਕ. ਖਾਲਸਾ ਕਾਲਜ
ਅੰਮ੍ਰਿਤਸਰ-143002

ਛਾਪਕ
ਚੰਨ ਪ੍ਰਿੰਟਿੰਗ ਪ੍ਰੈਸ,
ਗੁਰੂ ਨਾਨਕਪੁਰਾ, ਅੰਮ੍ਰਿਤਸਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

ਅਮਰਜੀਤ ਚੰਦਨ

ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਤਾ ਦੀਆਂ ਹੋਰ ਆਲੋਚਨਾਤਮਕ ਰਚਨਾਵਾਂ

- ਪਰੰਪਰਾ ਤੇ ਪ੍ਰਗਤੀਵਾਦ
- ਸਿੱਖ ਕੀ ਕਰਨ ?
- ਬੀ–40 ਜਨਮਸਾਖੀ ਚਿਤ੍ਰਾਵਲੀ
- **A Reconstruction of Sikh History from Sikh Literature.**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੂਮਿਕਾ

ਇਹਨਾਂ ਲੇਖਾਂ ਵਿਚ ਜੇ ਕਿਸੇ ਸਾਂਝ ਦੀ ਤਾਰ ਹੈ ਤਾਂ ਉਹ ਇਤਿਹਾਸਕ ਆਲੋਚਨਾ ਦੀ ਹੈ। ਇਤਿਹਾਸਕ ਆਲੋਚਨਾ ਹਰ ਕਿਰਤ ਨੂੰ ਗਵਾਹੀ ਵਾਂਗੂੰ ਪਰਖਦੀ ਹੈ। ਇਤਿਹਾਸਕ ਗਵਾਹੀ ਦੇ ਦੋ ਪੱਧਰ ਹੁੰਦੇ ਹਨ। ਇਕ ਜੋ ਗਵਾਹੀ ਆਪ ਕਹਿੰਦੀ ਹੈ ਜਾਂ ਗਵਾਹੀ ਦੇਣ ਵਾਲੇ ਦੀ ਮਨਸ਼ਾ ਪ੍ਰਗਟਾਉਂਦੀ ਹੈ। ਦੂਸਰੇ ਜੋ ਗਵਾਹੀ ਸਿੱਧੇ ਰੂਪ ਵਿਚ ਤਾਂ ਨਹੀਂ ਕਹਿੰਦੀ ਪਰ ਅਸਿੱਧੇ ਤਰੀਕੇ ਨਾਲ ਇਸ ਤੋਂ ਕਹਾਇਆ ਜਾ ਸਕਦਾ ਹੈ। ਕਲਾ ਕਿਰਤਾਂ ਵਿਚ ਕਈ ਅਣਕਹੇ ਸਤਿ ਪਏ ਹੁੰਦੇ ਹਨ। ਇਤਿਹਾਸਕਾਰ ਦਾ ਮਨੋਰਥ ਇਹਨਾਂ ਨੂੰ ਲੱਭਣਾ ਹੈ।

ਅਮੂਰਤ ਦਲੀਲ ਨਾਲੋਂ ਉਦਾਹਰਨ ਵਧੇਰੇ ਸਹਾਈ ਹੋਵੇਗਾ। ਯੂਰਪੀ ਚਿੱਤ੍ਰਕਾਰੀ, ਬੁੱਤ-ਤਰਾਸ਼ੀ ਅਤੇ ਸਾਹਿਤ ਵਿਚ ਰੂਪ, ਸ਼ੈਲੀਆਂ, ਸਮੱਸਿਆਵਾਂ ਤੇ ਅਕਾਂਖਿਆਵਾਂ ਹਨ। ਅਮਰੀਕਨ-ਫਰਾਂਸੀਸੀ ਏਰੀਜ਼ ਨੇ ਇਹਨਾਂ ਤੋਂ ਬਚਪਨ ਦਾ ਇਤਿਹਾਸ ਅਤੇ ਯੂਰਪ ਵਿਚ ਮ੍ਰਿਤੂ ਪ੍ਰਤੀ ਬਦਲਦੇ ਰਵੱਈਏ ਨੂੰ ਲੱਭਿਆ ਭਾਵੇਂ ਕਿ ਕੋਈ ਚਿੱਤ੍ਰ, ਬੁੱਤ ਅਤੇ ਨਾਵਲ ਇਹਨਾਂ ਵਿਸ਼ਿਆਂ ਨਾਲ ਸਿੱਧਾ ਸੰਬੰਧ ਨਹੀਂ ਰਖਦਾ ਸੀ। ਪ੍ਰਸਿੱਧ ਅੰਗਰੇਜ਼ ਤਾਰੀਖ਼ਦਾਨ ਟਾਮਸਨ ਨੇ 18-ਵੀਂ ਸਦੀ ਦੀ ਅੰਗਰੇਜ਼ੀ ਤਨਜ਼ ਬਾਰੇ ਲੱਭਿਆ ਕਿ ਇਹ ਇੰਨੀ ਮਾਣਸਦੋਖੀ ਨਹੀਂ ਜਿੰਨੀ ਕਿ ਸਮਾਜੀ ਤੌਰ 'ਤੇ ਸਹੀ ਨਸ਼ਾਨੇ 'ਤੇ ਪੈਂਦੀ ਹੈ। ਫਰਾਂਸ ਦੇ ਮਸ਼ਹੂਰ ਇਤਿਹਾਸਕਾਰ ਲਾਦੂਰੀ ਦਾ ਬਾਲਜ਼ਕ ਦੇ ਪੇਂਡੂ ਡਾਕਟਰ ਨਾਵਲ ਬਾਰੇ ਕਥਨ ਹੈ ਕਿ ਇਹਦਾ ਤੱਥ-ਰੂਪੀ ਵੇਰਵਾ ਤਕ਼ਰੀਬਨ ਤਕ਼ਰੀਬਨ ਗ਼ਲਤ ਹੈ ਪਰ ਇਹਦਾ ਸਮਾਜੀ ਪਰਿਵਰਤਨ 'ਚ ਹੁੰਦੀ ਉੱਨਤੀ ਦਾ ਅਵਲੋਕਨ ਸਹੀ ਹੈ। ਉਹਦੀ ਇਕ ਹੋਰ ਪੁਸਤਕ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਵਿਸ਼ੇ ਬਾਰੇ ਹੈ ਕਿ 18-ਵੀਂ ਸਦੀ ਵਿਚ ਲੋਕ-ਪ੍ਰਿਯ ਸਾਹਿਤ ਰੂਪ ਉਨ੍ਹੀਵੀਂ ਸਦੀ ਵਿਚ ਕਿਉਂ ਅਪ੍ਰਿਯ ਹੋ ਗਿਆ ।

ਸਾਹਿਤਕ ਆਲੋਚਨਾ ਇਹ ਫੈਸਲਾ ਨਹੀਂ ਕਰ ਸਕਦੀ ਕਿ ਕੀ 18-ਵੀਂ ਸਦੀ ਦੀ ਅੰਗਰੇਜ਼ੀ ਤਨਜ਼ ਮਾਣਸਦੋਖੀ ਹੈ ? ਸਵਾਲ ਦੇ ਹਾਂ ਜਾਂ ਨਾਂਹ ਵਿਚ ਜਵਾਬ ਕੇਵਲ ਵਿਅਕਤੀਗਤ ਪ੍ਰਤਿਕਰਮ ਸਨ ਜਿਹਨਾਂ ਦੀ ਪੁਸ਼ਟੀ ਸੰਭਵ ਨਹੀਂ ਸੀ । ਇੰਝ ਹੀ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ ਕਿ ਕਿਸੇ ਲਿਖਾਰੀ ਦੀ ਯਥਾਰਥਵਾਦੀ ਸ਼ੈਲੀ ਵਿਚ ਕਿੰਨਾ ਕੁ ਯਥਾਰਥ ਹੈ । ਸਾਹਿਤਕ ਆਲੋਚਨਾਂ ਰੂਪਾਂ, ਮੋਟਿਫਾਂ (ਗੁੱਛਾਂਤਾਂ), ਅਕਾਂਖਿਆਵਾਂ ਆਦਿ ਦੀ ਸਮੁੱਲੀ ਅਤੇ ਵੱਡਮੁੱਲੀ ਪ੍ਰਾਪਤੀ ਹੁੰਦੀ ਹੈ, ਇਹ ਕਿਸੇ ਸਾਹਿਤ ਰੂਪ ਦੇ ਨਿਕਾਸ ਅਤੇ ਵਿਕਾਸ ਦੀ ਕ਼ਾਬਲ-ਇ ਕ਼ਦਰ ਚਰਚਾ ਕਰਦੀ ਹੈ ਪਰ ਸਾਹਿਤਕ ਆਲੋਚਨਾ ਸਾਹਿਤਰੂਪ ਦੇ ਜਨਮ ਮਰਨ ਦੀ ਖੋਜ ਨਹੀਂ ਕਰਦੀ ।

ਸੰਖੇਪ ਵਿਚ ਪ੍ਰਮੱਤਵਾਦੀ ਵਾਂਗੂੰ ਕਿਹਾ ਜਾ ਸਕਦਾ ਹੈ ਕਿ ਇਤਿਹਾਸਕ ਆਲੋਚਨਾ ਸਾਹਿਤਕ ਮੁਲਾਂਕਣ ਦੀ ਪੂਰਕ ਹੈ ਇਹਦੀ ਬਦਲਾਉ ਨਹੀਂ । ਦੋਹਾਂ ਦਾ ਆਪਣਾ ਆਪਣਾ ਕਾਰਜ ਹੈ । ਲੇਖਾਂ ਬਾਰੇ ਇਸ ਤੋਂ ਵੱਧ ਕਹਿਣਾ ਮੇਰੇ ਲਈ ਯੋਗ ਨਹੀਂ ।

ਜੇ ਉਪਰੋਕਤ ਵਿਚ ਮੇਰਾ ਸੰਕੋਚ ਸੀ ਤਾਂ ਭੂਮਿਕਾ ਦੇ ਅਗਲੇ ਹਿੱਸੇ ਵਿਚ ਮੈਨੂੰ ਸੰਜਮ ਦੀ ਲੋੜ ਨਹੀਂ । ਮੈਂ ਡਾ. ਸ. ਸ. ਸਾਗਰ ਦਾ ਦਾਇਮੀ ਅਹਿਸਾਨਮੰਦ ਹਾਂ ਜਿਹੜੇ ਮੇਰੀ ਹਰ ਕਿਤਾਬ ਦੇ ਪ੍ਰਕਾਸ਼ਨ ਵਿਚ ਸਹਾਇਤਾ ਕਰਦੇ ਹਨ । ਉਹਨਾਂ ਨੇ ਲੇਖਾਂ ਦੇ ਕ੍ਰਮ, ਸ਼ਬਦ-ਜੋੜ ਅਤੇ ਅਨੁਬੰਧ ਨੂੰ ਵਾਚਿਆ ਹੈ । ਮੈਨੂੰ ਤਾਂ ਇਸ ਗੱਲ ਦੀ ਖੁਸ਼ੀ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਹਨਾਂ ਨੇ ਇਸ ਕੰਮ ਨੂੰ ਤਨਦਹੀ ਅਤੇ ਪੂਰੇ ਇਖ਼ਤਿਆਰ ਵਰਤ ਕੇ ਕੀਤਾ ਹੈ ।

ਮੈਂ ਡਾ. ਹ. ਸ. ਭਾਟੀਆ ਦਾ ਦੇਣਹਾਰ ਹਾਂ । ਮੈਨੂੰ ਤਾਂ ਖਿਆਲ ਨਹੀਂ ਸੀ ਕਿ ਅਜਿਹੇ ਲੇਖਾਂ ਦੇ ਸੰਗ੍ਰਹਿ ਦੇ ਪ੍ਰਕਾਸ਼ਨ ਦੀ ਕੋਈ ਲੋੜ ਹੋ ਸਕਦੀ ਹੈ ਜਾਂ ਇਹ ਗੱਲ ਸੰਭਵ ਹੈ । ਉਹਨਾਂ ਦਾ ਸੰਕੋਚਵਾਂ ਧੰਨਵਾਦ ਵਧੇਰੇ ਮਿਹਰਬਾਨੀ ਦਾ ਲਖਾਇਕ ਹੈ ।

ਡਾ. ਬ. ਸ. ਘੁੰਮਣ ਹੋਰਾਂ ਦਾ ਸ਼ੁਕਰੀਆ ਅਦਾ ਕਰਨ ਦਾ ਮੌਕਾ ਹੈ, ਦਸਤੂਰ ਵੀ ਹੈ ਅਤੇ ਰਸਮ-ਇ-ਦੁਨੀਆ ਵੀ ਹੈ ਜਿਹੜਾ ਮੈਂ ਬੜੀ ਖੁਲ੍ਹਦਿਲੀ ਨਾਲ ਕਰਦਾ ਹਾਂ ਜਿਹਨਾਂ ਨੇ ਕਿਤਾਬ ਦੇ ਪ੍ਰਕਾਸ਼ਨ ਦੀ ਸਰਪਰਸਤੀ ਸੰਭਾਲੀ ਹੈ ।

ਸੁਰਜੀਤ ਹਾਂਸ

1. Philrppe Aries, *Centuries of Childhood*, Penguin, 1973.
— *The Hour of Our Death*, Knopf, N. Y. 1981,

2. E. P. Thompsoon, *Whigs and Hunters*, Penguin, 1975, 216.

3. E. Le Roy Ladurie, *The Mind and Method of the Historian*, The Harvester Press, 1981.
— *Love, Death and Money in Pays d'Oc* Scholar Press, London 1982.

4. Surjit Hans, *A Reconstruction of Sikh History from Sikh Literature*, Jalandhar.

Forwarded free of Cost, and with the Compliments of Deptt of Education, Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

1. 16ਵੀਂ ਸਦੀ ਦੇ ਸਿੱਖ 9
2. ਸਿੱਖ ਚਿੱਤਰਕਾਰੀ 19
3. ਸਮਾਜਕ ਪਰਿਵਰਤਨ ਅਤੇ ਸਿੱਖ ਸਾਹਿਤ 28
4. ਜਨਮਸਾਖੀ ਸਾਹਿਤ-ਰੂਪ 49
5. ਗੁਰੂ ਨਾਨਕ ਦਾ ਸੌਂਦਰਯ 56
6. ਖੁਲਾਸਾਤੁਤ ਤਵਾਰੀਖ਼ ਦਾ ਮੱਧਕਾਲੀ ਜਗਤ 116
7. ਪੰਜਾਬੀ ਸੂਫ਼ੀ ਕਾਵਿ ਦਾ ਕਾਵਿ ਸ਼ਾਸਤ੍ਰ—ਕਾਫ਼ੀ ਦੇ ਪ੍ਰਸੰਗ ਵਿਚ 148
8. ਹੀਰ ਵਾਰਿਸ ਅਤੇ 18ਵੀਂ ਸਦੀ ਦਾ ਪੰਜਾਬ 161
9. ਹਿੰਸਾ ਦਾ ਮਾਣਸਵਿਗਿਆਨ ਅਤੇ ਸਿੱਖ ਧਰਮ 189
10. ਗੁਰਬਿਲਾਸ ਸਾਹਿਤ ਰੂਪ—
    ਬਚਿੱਤ੍ਰ ਨਾਟਕ ਤੋਂ ਗੁਰਬਿਲਾਸ ਛੇਵੀਂ ਪਾਤਿਸ਼ਾਹੀ ਤਕ 209
11. ਕਿੱਸਾ 'ਉਦਾਸੀ ਗੋਪੀਚੰਦ ਕੀ' ਦਾ ਸੰਪਾਦਨ 237

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

16ਵੀਂ ਸਦੀ ਦੇ ਸਿੱਖ*

ਅੱਜ ਅਸੀਂ ਏਸ ਸਥਿਤੀ ਵਿਚ ਹਾਂ ਕਿ ਸਾਨੂੰ 16ਵੀਂ ਸਦੀ ਦੇ ਸਿੱਖਾਂ ਬਾਰੇ ਕੁਝ ਪਤਾ ਲੱਗ ਸਕੇ। ਮੁੱਢਲੇ ਸਿੱਖਾਂ ਦਾ ਕਿਹੜਾ ਸਮਾਜੀ ਵਰਗ ਸੀ ? ਉਹਨਾਂ ਦੇ ਸਮਕਾਲੀ ਜ਼ਿੰਦਗੀ ਬਾਰੇ ਕਿਹੋ ਜਿਹੇ ਪ੍ਰਤੀਕਰਮ ਸਨ ? ਉਹਨਾਂ ਦਾ ਕਿਹੜਾ ਮਨੋਵਿਗਿਆਨਕ ਸੋਮਾ ਸੀ ? ਅਤੇ ਉਹਨਾਂ ਦੀ ਕਿਹੜੀ ਸਿਆਸੀ ਸੰਭਾਵਨਾ ਸੀ ?

ਇਹ ਤਾਂ ਗੱਲ ਸੁੱਤੇ ਸਿੱਧ ਹੈ ਕਿ ਸੰਬੋਧਨ ਵਿਚ ਅਰਥਾਂ ਤੋਂ ਬਿਨਾਂ ਦੋ ਹੋਰ ਮਹੱਤਵਪੂਰਨ ਪੱਖ ਹੁੰਦੇ ਹਨ । ਅਸੀਂ ਸੰਬੋਧਨ ਤੋਂ ਕੇਵਲ ਵਕਤੇ ਦਾ ਹੀ ਨਹੀਂ ਸਗੋਂ ਸਰੋਤੇ ਦਾ ਅਨੁਮਾਨ ਵੀ ਲਾ ਸਕਦੇ ਹਾਂ । ਬਾਬੇ ਨਾਨਕ ਦੀ ਬਾਣੀ 'ਚੋਂ ਜਿਥੇ ਬਾਬੇ ਦੀ ਅਵਲੋਕਨੀ (visionary) ਸ਼ਖ਼ਸ਼ੀਅਤ ਦਾ ਪਤਾ ਮਿਲਦਾ ਉੱਥੇ ਸਾਨੂੰ ਇਸ ਵਿਚੋਂ ਮੁੱਢਲੇ ਸਿੱਖਾਂ ਦੀ ਸੂਹ ਵੀ ਮਿਲ ਜਾਂਦੀ ਹੈ। ਕਿਸੇ ਧਰਮ ਵਿਚ ਰੱਬ ਦੇ ਵਰਣਨ ਲਈ ਜਿਹੜੀ ਸ਼ਬਦਾਵਲੀ ਹੁੰਦੀ ਹੈ ਉਹ ਉਸ ਵਰਗ 'ਚੋਂ ਆਉਂਦੀ ਹੈ ਜਿਹੜੇ ਇਸ ਧਰਮ ਦੇ ਪੈਰੋਕਾਰ ਹੁੰਦੇ ਹਨ। ਫ਼ਰਾਂਸੀਸੀ ਰੋਦਿਨਸਾਂ (Rodinson) ਅਰਬੀ ਦਾ ਵਿਦਵਾਨ ਹੈ। ਉਹ ਕੁਰਾਨ ਵਿਚ ਅੱਲਾ ਦੀ ਸ਼ਬਦਾਵਲੀ ਤੋਂ ਪਹਿਲੇ ਮੁਸਲਮਾਨਾਂ ਬਾਰੇ ਕੁਝ ਕਹਿ ਸਕਿਆ ਹੈ।

ਅੱਲਾ ਦਾ ਮੁਸਲਮਾਨ ਨਾਲ 'ਬਿਓਪਾਰੀ' ਵਾਲਾ ਸਬੰਧ ਹੈ। ਜੀਵਨ 'ਘਾਟੇ ਵਾਧੇ' ਵਾਲਾ ਵਣਜ ਹੈ । ਹਰ ਬੰਦੇ ਦਾ 'ਲੇਖਾ ਖੁੱਲ੍ਹਿਆ' ਹੋਇਆ ਹੈ। ਕਈਆਂ ਦੇ 'ਕਰਜ਼' ਮੁਆਫ਼ ਹੋ ਜਾਂਦੇ ਹਨ। ਅੱਲਾਹ 'ਆਦਰਸ਼ਕ' ਬਿਓਪਾਰੀ ਹੈ। ਹਸ਼ਰ ਦੇ ਦਿਨ ਹਰ ਇਕ ਦੀ ਕਮਾਈ ਦਾ 'ਹਿਸਾਬ' ਹੋ ਜਾਣਾ ਹੈ। ਜੇ ਬਾਬੇ ਨਾਨਕ ਦੀ ਬ੍ਰਹਮ ਵਿਦਿਆ ਦੀ ਸ਼ਬਦਾਵਲੀ ਵੱਲ ਧਿਆਨ ਕਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਮੁੱਢਲੇ ਸਿੱਖ ਵਣਜਾਰੇ, ਸ਼ਿਲਪੀ ਅਤੇ ਧਨਾਡਾਂ ਦੇ ਗੋਲੇ ਸਨ।

ਬਾਬੇ ਨਾਨਕ ਵਿਚ 'ਵਣਜਾਰਾ' ਆਤਮਾ, ਮਨੁੱਖ, ਭਗਤ ਅਤੇ ਕਈ ਵਾਰ

*ਗ. ਨ. ਦ. ਯੂਨੀਵਰਸਿਟੀ ਦੇ 13ਵੇਂ ਸਥਾਪਨਾ ਦਿਵਸ 'ਤੇ 20 ਨਵੰਬਰ 1982 ਨੂੰ ਪੜ੍ਹਿਆ ਗਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਮਾਤਮਾ ਦਾ ਚਿੰਨ੍ਹ ਹੈ। ਆਉਂਦੇ ਸ਼ਬਦ ਵਿਚ ਜੀਵਨ ਰਾਮ ਨਾਮ ਦਾ ਵਣਜ ਹੈ। ਬੰਦੇ ਨੂੰ ਰੱਬ ਦੀ ਸਿਫ਼ਤ ਦਾ ਵੱਖਰ-ਸੌਦਾ ਲੈ ਕੇ ਤੁਰਨਾ ਚਾਹੀਦਾ ਹੈ। ਨਾਮ ਦੀ ਪੂੰਜੀ ਸਦਾ ਕਾਇਮ ਰਹਿੰਦੀ ਹੈ। ਸਾਨੂੰ ਖੋਟੇ ਵਿਹਾਰ ਤੋਂ ਬਚਣਾ ਚਾਹੀਦਾ ਹੈ। ਨਾ ਖੋਟਾ ਪੈਸਾ ਖ਼ਜ਼ਾਨੇ ਪੈਂਦਾ ਹੈ ਅਤੇ ਨਾ ਹੀ ਖੋਟਾ ਆਦਮੀ ਗੁਰੂ ਦੀ ਸ਼ਰਨ ਆਉਂਦਾ ਹੈ। ਆਦਮੀ ਨੂੰ ਨਾਮ ਦਾ ਨਫ਼ਾ-ਲਾਹਾ ਲੈਣਾ ਚਾਹੀਦਾ ਹੈ। ਸ਼ਬਦ ਵਿਚ 'ਵਣਜ/ਵਖਰ/ਸ਼ਾਹੁ/ਵਸਤੂ/ਰਾਸਿ/ਖੋਟੈ/ਪੋਤੈ/ਲਾਹਾ' ਮਹੱਤਵਪੂਰਨ ਸ਼ਬਦ ਹਨ :

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ।
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ।
ਭਾਈ ਰੇ ਰਾਮ ਕਹਹੁ ਚਿਤੁ ਲਾਇ
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ। ਰਹਾਉ।

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ।
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।
ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥ 2 ॥

ਖੋਟੇ ਪੋਤੈ ਨ ਪਵਹਿ ਤਿਨ ਹਰਿਗੁਰ ਦਰਸ ਨ ਹੋਇ।
ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ।
ਖੋਟੇ ਖੋਟੁ ਕਮਾਵਣੁ ਆਇ ਗਇਆ ਪਤਿ ਖੋਇ ॥ 3 ॥

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ।
ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ।
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ। (ਸਿਰੀ 23)

ਇਸੇ ਤਰ੍ਹਾਂ ਸਿਰੀ ਅਸ਼ਟਪਦੀ 4 ਵਿਚ ਆਉਂਦਾ ਹੈ :

ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ।

ਅਤੇ 9 ਵਿਚ ਹੈ :

ਵਾਪਾਰੀ ਵਣਜਾਰਿਆ ਆਏ ਵਜਹੁ ਲਖਾਇ।

ਬਾਬਾ ਨਾਨਕ ਰੱਬ ਦਾ ਵਰਣਨ ਇੰਞ ਕਰਦਾ ਹੈ ਜਿਵੇਂ ਕਿਤੇ ਉਹ 'ਸਾਹ' ਅਤੇ ਇਸਤਰੀ ਪੁਰਖ ਉਹਦੇ ਮਾਲ ਦੇ 'ਵਣਜਾਰੇ' ਹਨ :

ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ।
ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ। (ਗਉੜੀ 13)

ਬਾਬੇ ਨਾਨਕ ਦੀ ਰਚਨਾ ਦਾ ਸੁਭਾਵਿਕ ਮੁਹਾਵਰਾ ਵਣਜ ਬਿਉਪਾਰ ਦਾ ਹੈ :

, ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਖੀਹੋ ਸਹੇਲੜੀਹੋ ਮੇਰਾ ਪਿਰੁ ਵਣਜਾਰਾ ਰਾਮ । (ਆਸਾ ਛੰਤ)

ਸਚਾ ਸਾਹੁ ਇਕੁ ਤੂੰ ਹੋਰ ਜਗਤੁ ਵਣਜਾਰਾ । (ਵਾਰ ਮਾਝ ਪਉੜੀ 6)

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ।
ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ ।
ਜਾਗਹੁ ਜਾਗਹੁ ਸੂਤਿਹੋ ਚਲਿਆ ਵਣਜਾਰਾ । (ਆਸਾ ਅਸ਼ਟ 13)

ਅਤੇ ਕਈ ਸ਼ਬਦਾਂ ਵਿਚ ਮੁਕਤੀ ਦਾ ਜੰਤਰ (model) ਹੀ ਦੁਕਾਨ 'ਤੇ ਆਧਾਰਿਤ ਹੈ ।

ਕਉਣੁ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ।
ਕਉਣ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ । (ਸੂਹੀ 9)

ਬਾਬਾ ਨਾਨਕ ਆਪਣੀ ਸਿਰਜਨਾ ਵਿਚ ਪ੍ਰਲੋਕ ਨੂੰ ਬਿਓਪਾਰਕ ਜਗਤ ਦੇ ਸਮਾਨ ਕਰ ਦਿੰਦਾ ਹੈ :

ਦੁਇ ਦੀਵੇ ਚਉਦਹ ਹਟਨਾਲੇ ਜੇਤੇ ਜੀ ਤੇਤੇ ਵਣਜਾਰੇ ।
ਖੁਲ੍ਹੇ ਹਟ ਹੋਆ ਵਾਪਾਰ ਜੋ ਪਹੁਚੈ ਸੋ ਚਲਣਹਾਰੁ ।
ਧਰਮ ਦਲਾਲੁ ਪਾਏ ਨੀਸਾਣੁ ਨਾਨਕ ਨਾਮੁ ਲਾਹਾ ਪਰਵਾਣੁ ।
ਘਰਿ ਆਏ ਵਜੀ ਵਾਧਾਈ ਸਚ ਨਾਮ ਕੀ ਮਿਲੀ ਵਡਿਆਈ ।
(ਸੂਹੀ ਵਾਰ, ਸਲੋਕ 1, ਪਉੜੀ 13)

ਸਲੋਕ ਵਿਚ ਚੰਦ ਸੂਰਜ ਜਗਤ ਲਈ ਦੋ ਦੀਵੇ ਹਨ । ਇਹਦੀਆਂ 14 ਪੁਰੀਆਂ ਬਾਜ਼ਾਰ ਹਨ ਜਿਥੇ ਜੀਵਨ ਦਾ ਬਿਓਪਾਰ ਹੋ ਰਿਹਾ ਹੈ । ਆਏ ਗਾਹਕ ਨੇ ਚਲੇ ਜਾਣਾ ਹੈ । ਦਲਾਲ ਵਾਂਗੂੰ ਧਰਮ ਹੀ ਜੀਵਨ-ਮਾਲ 'ਤੇ ਸਹੀ ਪਾ ਸਕਦਾ ਹੈ । ਰੱਬ ਨੂੰ ਨਾਮ ਦਾ ਕਮਾਇਆ ਨਫ਼ਾ ਹੀ ਪਰਵਾਨ ਹੈ ।

ਵੇਖਣ ਵਾਲੀ ਗੱਲ ਇਹ ਕਿ ਬਾਬਾ ਨਾਨਕ ਮਨੁੱਖ ਨੂੰ ਵਣਜਾਰੇ ਦੇ ਰੂਪ ਵਿਚ (universalize) ਸਾਮਾਨਯ ਕਰਦਾ ਹੈ । ਇਥੇ ਅਸੀਂ ਗੱਲ ਨੂੰ ਬਾਬੇ ਨਾਨਕ ਦੇ ਕਰਮ ਕਾਂਡ ਪ੍ਰਤੀ ਸਿੱਧਾਂਤ ਨਾਲ ਰਲਾ ਸਕਦੇ ਹਾਂ । ਜਿਥੇ ਬਾਬਾ ਆਦਿਕਾਲੀ ਮਿਥਿਹਾਸ 'ਤੇ ਆਧਾਰਿਤ ਧਰਮ ਨੂੰ 'ਨਾਮ' ਦੇ ਸਿਧਾਂਤ ਰਾਹੀਂ ਸਰਲਾਉਂਦਾ (simplify) ਹੈ ਉਥੇ 'ਵਣਜਾਰਾ' ਮਿਥਿਹਾਸਿਕ ਧਰਮ ਨਾਲ ਜੁੜੇ ਵਰਗ-ਜਾਤਿ ਦੇ ਬੰਦਿਆਂ ਨੂੰ ਸਾਮਾਨਯ ਕਰਦਾ ਹੈ । 'ਨਾਮ' ਮਿਥਿਹਾਸਿਕ ਧਰਮ ਦੀ ਕਰਮ-ਕਾਂਡੀ ਪਦਾਰਥਿਕਤਾ ਨੂੰ ਅਮੂਰਤ ਕਰਦਾ ਹੈ, ਐਨ ਜਿਵੇਂ 'ਧਨ' ਵਿਹਾਰਿਕ ਜਗਤ ਦਾ ਅਮੂਰਤ ਆਧਾਰ ਹੁੰਦਾ ਹੈ । ਬਾਬੇ ਨਾਨਕ ਵਿਚ 'ਨਾਮ' 'ਧਨ' ਦਾ ਇਕੱਠਿਆਂ ਆਉਣਾ ਸਮਾਜ-ਵਿਗਿਆਨਿਕ ਅਤੇ ਬ੍ਰਹਮਵਿਦਿਅਕ ਤੌਰ 'ਤੇ ਮਹੱਤਵਪੂਰਨ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁੱਢਲੇ ਸਿੱਖਾਂ ਵਿਚ ਸ਼ਾਇਦ ਪਿੰਡਾਂ ਵਿਚ ਅਨਾਜ ਦਾ ਬਿਉਪਾਰ ਕਰਨ ਵਾਲੇ ਵੀ ਸਨ ਜਿਹਨਾਂ ਨੂੰ ਖੇਤੀ ਬਾੜੀ ਦੀ ਪੂਰੀ ਸਮਝ ਸੀ। ਬਾਬਾ ਨਾਨਕ ਖੇਤੀ ਦੇ ਨਾਲ ਹੀ ਦੁਕਾਨਦਾਰੀ ਅਤੇ ਚਾਕਰੀ ਦੀ ਗੱਲ ਕਰਦਾ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ।
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ।
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ।

ਅਤੇ

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ।
ਸੁਰਤਿ ਸੋਚ ਕਰਿ ਭਾਂਡਸਾਲ ਤਿਸ ਵਿਚਿ ਤਿਸਿ ਨੋ ਰਖੁ ।
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ।

ਫੇਰ

ਲਾਇ ਚਿਤੁ ਕਰਿ ਚਾਕਰੀ ਮਨਿ ਨਾਮੁ ਕਰਿ ਕੰਮੁ । (ਸੋਰਠਿ 2)

ਆਪਣੀ ਵਿਆਪਕਤਾ ਕਾਰਨ ਰੱਬ ਆਪੇ ਹੀ ਸ਼ਾਹ ਅਤੇ ਆਪ ਹੀ ਵਣਜਾਰਾ ਹੈ, 'ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ' (ਮਾਰੂ ਸੋਹਲੇ 15) । ਪ੍ਰਤੀਤ ਹੁੰਦਾ ਹੈ ਕਿ ਮੱਧਕਾਲੀ ਵਿਹਾਰ ਅਨੁਸਾਰ ਵਣਜਾਰੇ ਸ਼ਾਹ ਦਾ ਮਾਲ ਵੇਚਦੇ ਸਨ ਜਿਹੜਾ ਉਧਾਰਾ ਹੁੰਦਾ ਸੀ। ਕਈ ਵਾਰ ਕਮਿਸ਼ਨ ਮੁਕਰਰ ਹੁੰਦਾ ਅਤੇ ਕਈ ਦਫਾ ਦਿਹਾੜੀ। ਮਨੁੱਖਾ ਸਰੀਰ ਵੀ ਦੁਕਾਨ ਦੇ ਸਮਾਨ ਹੈ 'ਗੜ ਮਹਿ ਹਾਟ ਪਟਣ ਵਾਪਾਰਾ/ਪੂਰੇ ਤੋਲਿ ਤੋਲੇ ਵਣਜਾਰਾ'। (ਮਾਰੂ ਸੋਹਲੇ 16) ਜਿਸ ਵਿਚ ਹੱਟੀਆਂ ਸ਼ਹਿਰ ਹਨ, ਬਿਓਪਾਰ ਹੁੰਦਾ ਹੈ ਅਤੇ ਆਤਮਾ/ਪਰਮਾਤਮਾ ਤਕੜੀ ਚਲਾ ਰਹੇ ਹਨ। ਜੀਭ ਡੰਡੀ ਹੈ, ਦਿਲ ਛਾਬਾ ਹੈ ਜਿਸ ਨਾਲ ਬੰਦਾ ਅਜਾਚਿਆ ਅਤੋਲਿਆ ਨਾਮ ਤੋਲਦਾ ਹੈ। ਸਭ ਸਰੀਰ-ਹੱਟੀਆਂ ਦੇ ਸਿਰ 'ਤੇ ਇਕੋ ਰੱਬ-ਸ਼ਾਹ ਹੈ ਅਤੇ ਉਹਦੇ ਵਣਜਾਰੇ ਇਕੋ ਜਿਹੇ ਹਨ। 'ਜਿਹਵਾ ਡੰਡੀ ਇਹੁ ਘਟੁ ਛਾਬਾ, ਤੋਲਉ ਨਾਮੁ ਅਜਾਚੀ/ਇਕੋ ਹਾਟੁ ਸਾਹ ਸਭਨਾ ਸਿਰਿ, ਵਣਜਾਰੇ ਇਕ ਭਾਤੀ' (ਮਾਰੂ ਸੋਹਲੇ 11) । ਬਾਬੇ ਨਾਨਕ ਲਈ ਵਣਜਾਰਾ ਕੁਲ, ਜਾਤਿ-ਪਾਤ, ਭੇਖਾਂ, ਫਿਰਕਿਆਂ ਨੂੰ ਛੱਡ ਸਾਂਝੀ ਮਨੁੱਖਤਾ ਦਾ ਚਿੰਨ੍ਹ ਹੈ। ਹਰ ਕੋਈ ਵਣਜਾਰਾ ਹੋ ਸਕਦਾ ਹੈ। ਵਣਜਾਰਾ ਨਾਮ ਅਤੇ ਧਨ ਦੋਹਾਂ ਤੋਂ ਪ੍ਰਚੱਲਤ ਹੈ।

ਅਸੀਂ ਕਈ ਵਾਰ ਭੁੱਲ ਜਾਂਦੇ ਹਾਂ ਕਿ ਬਾਬੇ ਨਾਨਕ ਦੇ ਸਮੇਂ ਗ਼ੁਲਾਮੀ ਦੀ ਸੰਸਥਾ ਕਾਇਮ ਸੀ। B-40 ਜਨਮਸਾਖੀ ਵਿਚ ਬਾਬੇ ਨਾਨਕ ਨੂੰ ਖ਼ੁਦ ਵੇਚੇ ਜਾਣ ਦੀ ਸਾਖੀ ਆਉਂਦੀ ਹੈ। ਇਕ ਅੱਧੇ ਧਨਾਢ 'ਸ਼ਾਹ' ਦੇ ਨਾਲ ਗ਼ੁਲਾਮ ਵੀ ਮੁੱਢਲੇ ਸਿੱਖਾਂ ਵਿਚ ਸ਼ਾਮਿਲ ਸਨ। 'ਮੁੱਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸੁਭਾਗਾ' (ਮਾਰੂ 6) ਵਿਚ ਵਣਜਾਰੇ ਵਾਂਗੂੰ ਗ਼ੁਲਾਮ ਵੀ ਸਿੱਖੀ ਦਾ ਚਿੰਨ੍ਹ ਹੋ ਜਾਂਦਾ ਹੈ। ਗ਼ੁਲਾਮ ਦੇ ਚਿੰਨ੍ਹ ਦੀ ਵਣਜਾਰੇ ਜਿਹੀ ਬਹੁਲਤਾ ਨਹੀਂ ਜਿਸ ਤੋਂ ਪ੍ਰਤੀਤ ਹੁੰਦਾ ਹੈ ਕਿ ਮੁੱਢਲੇ ਸਿੱਖਾਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਣਜਾਰੇ ਕਿਤੇ ਜ਼ਿਆਦਾ ਅਤੇ ਗ਼ੁਲਾਮ ਥੋੜੇ ਹੀ ਸਨ ।

ਬਾਬੇ ਨਾਨਕ ਦੇ ਅਵਲੋਕਨ ਵਿਚ ਪ੍ਰਤੱਖ ਹੈ ਕਿ ਪਰੰਪਰਾਧੀਨ ਹਿੰਦੂ ਸਮਾਜ ਦੀ ਧਰ ਟੁੱਟ ਗਈ ਹੈ । ਇਹਦੇ ਚਿੰਨ੍ਹ-ਜਗਤ ਅਤੇ ਅਰਥ-ਸੰਸਾਰ ਦਾ ਸਥਿਰ ਰਹਿਣਾ ਅਸੰਭਵ ਸੀ ਕਿਉਂਕਿ ਮੁਸਲਮਾਨੀ ਰਾਜ ਦੀ ਤੱਥਤਾ ਨਕਾਰੀ ਨਹੀਂ ਜਾ ਸਕਦੀ ਸੀ । ਚਿੰਨ੍ਹਾਰਥ ਸੰਸਾਰ ਦੇ ਵਿਗਠਣ ਨਾਲ ਨਿਯਮ ਬੇ-ਬੁਨਿਆਦ ਹੋ ਗਏ ਸਨ ਜਿਸ ਕਰਕੇ ਅਨੇਮਤਾ (anomie) ਵੀ ਨਜ਼ਰ ਆਉਂਦੀ ਹੈ । ਬਾਬਾ ਨਾਨਕ ਸਮਕਾਲੀ ਹਿੰਦੂ ਜਗਤ ਦੀ ਅਨੇਮਤਾ ਨੂੰ ਰੂਹਾਨੀ ਪ੍ਰਾਭੌਤਿਕ ਇਕੱਲੇਪਨ (Metaphysical aloneness) ਵਿਚ ਬਦਲ ਦਿੰਦਾ ਹੈ । ਇਹ ਪ੍ਰਾਭੌਤਿਕ ਇਕੱਲਾਪਨ ਮੁੱਢਲੇ ਸਿੱਖਾਂ ਦੇ ਅਸਤਿਤਵ ਦਾ ਆਧਾਰ ਹੈ । ਸ਼ਿਲਪੀ ਵਣਜਾਰਿਆਂ ਦਾ ਪੁਨਰਜੀਵਨ ਲਈ ਪਹਿਲਾ ਕਦਮ ਸਿੱਖੀ ਗ੍ਰਹਿਣ ਕਰਨਾ ਹੈ । ਉਹ ਆਪਣੇ ਆਪ ਨੂੰ ਹੋਰਾਂ ਵਿਅਕਤੀਆਂ ਨਾਲੋਂ ਕਿਤੇ ਜ਼ਿਆਦਾ ਭਿੰਨ ਸਮਝਦੇ ਸਨ । **ਆਦਿ ਸਾਖੀਆਂ** ਤੋਂ ਪਤਾ ਲੱਗਦਾ ਹੈ ਕਿ ਮੁੱਢਲੇ ਸਿੱਖ ਆਪਣੇ ਆਪ ਨੂੰ ਗੁੱਝੇ ਤੌਰ 'ਤੇ ਵਿਦਰੋਹੀ ਮੰਨਦੇ ਸਨ । ਚੌਥੇ ਅਤੇ ਪੰਜਵੇਂ ਗੁਰੂ ਸਾਹਿਬਾਨ ਵਿਚ 'ਪ੍ਰਾਭੌਤਿਕ ਇਕੱਲਾਪਨ' 'ਆਤਮਿਕ ਸੋਮਿਆਂ' 'ਤੇ ਨਿਰਭਰਤਾ ਦੇ ਸਿਧਾਂਤ ਵਿਚ ਬਦਲ ਜਾਂਦਾ ਹੈ ਜਦੋਂ ਹਰ ਮੁਸ਼ਕਿਲ ਦਾ ਮੁਕਾਬਲਾ ਕੇਵਲ ਆਤਮਿਕਤਾ ਨਾਲ ਹੀ ਕੀਤਾ ਜਾਂਦਾ ਹੈ । ਪ੍ਰਾਭੌਤਿਕ ਇਕੱਲੇਪਨ ਦਾ ਮਾਰੂ ਅਸ਼ਟਪਦੀ 10 ਵਿਚ ਵਿਸਤਾਰ-ਸਹਿਤ ਵਰਣਨ ਹੈ । ਮਨੁੱਖ ਦਾ ਸੱਚੇ ਨਾਲ ਸਾਕ ਤੋਂ ਬਿਨਾਂ ਹੋਰ ਕੋਈ ਸਾਕ ਨਹੀਂ :

ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ ।
ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ । (ਮਾਰੂ ਅਸ਼ਟਪਦੀ 10)

ਬਾਬੇ ਨਾਨਕ ਦੀ ਨੀਵੀਆਂ ਸ਼੍ਰੇਣੀਆਂ ਨਾਲ ਹਮਦਰਦੀ ਬਹੁਤ ਪ੍ਰਸਿੱਧ ਹੈ । ਇਹ ਹਮਦਰਦੀ ਬਾਬੇ ਵਲੋਂ ਪ੍ਰਸ਼ਾਸਨੀ-ਰਾਜਸੀ ਢਾਂਚੇ ਦੀ ਨਿਖੇਧੀ ਦਾ ਪ੍ਰਤੀਰੂਪ ਹੈ । ਸਾਨੂੰ ਬਾਬੇ ਨਾਨਕ ਦੀ ਰਾਜਸੀ ਆਲੋਚਨਾ ਨੂੰ ਮੁੱਢਲੇ ਸਿੱਖਾਂ ਦੀ ਸਮਾਜਕ ਸਥਿਤੀ ਤੋਂ ਵਾਚਣਾ ਚਾਹੀਦਾ ਹੈ । ਇਹ ਉਹਨਾਂ ਦੀ 'ਆਵਾਜ਼' ਹੈ ਜਿਸ ਵਿਚ ਉਹਨਾਂ ਦੀ 'ਅੰਤਰੀ ਆਤਮਾ' ਹੈ । ਆਪਣੇ ਆਤਮਿਕ ਸੋਮਿਆਂ ਦੇ ਸਵਾਇ ਮੁੱਢਲੇ ਸਿੱਖਾਂ ਕੋਲ ਹੋਰ ਕੁਝ ਨਹੀਂ ਸੀ । ਉਹਨਾਂ ਨੂੰ ਰੱਬ ਵਿਚ ਭਾਵੁਕ ਵਿਸ਼ਵਾਸ ਦਾ ਸਹਾਰਾ ਸੀ । ਜਿਸ ਦੀ ਰੱਬ ਦੇ ਘਰ ਥਾਂਉ ਹੈ ਉਹਨੂੰ ਕਿਸੇ ਅੱਗੇ ਝੁਕਣ ਦੀ ਲੋੜ ਨਹੀਂ । ਉਹਦੀ ਕਿਸੇ ਲੌਕਿਕ ਪ੍ਰਲੌਕਿਕ ਦਰਬਾਰ ਵਿਚ ਪੁੱਛ ਗਿੱਛ ਨਹੀਂ ਹੋ ਸਕਦੀ :

ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ।
ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ । (ਸੂਹੀ 5)

ਪਰਮਾਤਮਾ ਹੀ ਨਓਟਿਆਂ ਦੀ ਓਟ ਹੈ 'ਨਾਨਕ ਨਾਮੁ ਨ ਵੀਸਰੈ, ਨਿਧਾਰਾ ਆਧਾਰੁ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਉ' (ਸੂਹੀ ਅਸ਼ਟਪਦੀ 2); 'ਨਿਧਨਿਆ ਧਨੁ ਨਗੁਰਿਆ ਗੁਰੁ, ਨਿੰਮਾਣਿਆ ਤੂ ਮਾਣੁ' (ਮਾਰੂ 10); ਜਿਹੜਾ ਰੱਬ 'ਤੇ ਡੋਰੀ ਰੱਖਦਾ ਹੈ ਉਹਨੂੰ ਹੋਰ ਕਿਸੇ ਦਰ ਘਰ ਜਾਣ ਦੀ ਲੋੜ ਨਹੀਂ 'ਆਨ ਕੋ ਦਰੁ ਘਰੁ ਕਬਹੂ ਨ ਜਾਨਸਿ, ਏਕੋ ਦਰੁ ਸਚਿਆਰਾ' (ਭੈਰਉ 4)

ਆਰਥਿਕ ਤੌਰ 'ਤੇ ਮੁੱਢਲੇ ਸਿੱਖ ਦੀ ਸਥਿਤੀ ਸਚੋਟ (vulnerable) ਹੈ ਜਿਸ ਕਾਰਨ ਉਹਦੀ ਡੂੰਘੀ ਕਰਤਾ-ਮੁਖਤਾ (subjectivity) ਬਣ ਜਾਂਦੀ ਹੈ। ਉਹਨੂੰ ਲੌਕਿਕ ਯਥਾਰਥ ਸਵੀਕਾਰ ਹੈ ਜਿਸ ਵਿਚ ਉਹਦੀ ਡਾਵਾਂਡੋਲ ਹਸਤੀ ਹੈ। ਉਹਦੇ ਜੀਵਨ ਨੂੰ 'ਭਾਣਾ' ਹੀ ਅਰਥ ਪ੍ਰਦਾਨ ਕਰ ਸਕਦਾ ਹੈ। ਕੀ ਸਫ਼ਲਤਾ ਕੀ ਹਾਰ, ਉਹਦੇ ਵਿਚ ਸੀਮਤ ਵਸੀਲਿਆਂ ਨਾਲ ਗੁਜ਼ਾਰਾ ਕਰਨ ਦੀ ਸ਼ਕਤੀ ਹੈ ਜਿਸ ਨੂੰ ਹਰ ਵੇਲੇ ਡੋਬੇ ਦਾ ਖ਼ਤਰਾ ਰਹਿੰਦਾ ਹੈ। ਅਜਿਹੀਆਂ ਚੀਜ਼ਾਂ ਉਹਨੂੰ ਤੀਬਰ ਭਾਵਕਤਾ ਦਾ ਅਸਤਿਤਵ ਦਿੰਦੀਆਂ ਹਨ ਜਿਸ ਨੂੰ ਸਿੱਖੀ 'ਚ ਵਿਸ਼ਵਾਸ ਹੀ ਬੰਨ੍ਹ ਕੇ ਰੱਖਦਾ ਹੈ। ਉਹਦੀ ਇਸ ਗੱਲ ਨਾਲ ਢਾਰਸ ਬੱਝਦੀ ਹੈ ਕਿ ਰੱਬ ਉਹਦੇ ਵਰਗਾ ਹੈ 'ਆਪ ਸੁਜਾਣੁ ਨ ਭੁਲਈ, ਸਚਾ ਵਡ ਕਿਰਸਾਣੁ' (ਸਿਰੀ 13) ਆਉਂਦੇ ਸ਼ਬਦ ਵਿਚ ਮੁੱਢਲੇ ਸਿੱਖ ਦਾ ਆਤਮਿਕ portrait ਹੈ ਜਿਸ ਵਿਚੋਂ ਸਾਨੂੰ ਉਹਦੀ ਆਰਥਿਕ ਹਾਲਤ, ਸਮਾਜੀ ਸਥਿਤੀ ਅਤੇ ਪ੍ਰਭੂ-ਕੇਂਦ੍ਰਿਤ ਭਾਵੁਕ ਕਰਤਾ-ਮੁਖਤਾ ਸਾਫ਼ ਨਜ਼ਰ ਆ ਜਾਂਦੀ ਹੈ :

ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ ।
ਭਾਵੇ ਧੀਰਕ ਭਾਵੈ ਧਕੇ ਏਕ ਵਡਾਈ ਦੇਇ ॥ 1 ॥

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥ ਰਹਾਉ ॥

ਆਪਿ ਕਰਾਏ ਆਪਿ ਕਰੇਇ । ਆਪਿ ਉਲਾਮ੍ਹੇ ਚਿਤ ਧਰੇਇ ।
ਜਾ ਤੂੰ ਕਰਣਹਾਰੁ ਕਰਤਾਰੁ । ਕਿਆ ਮੁਹਤਾਜੀ ਕਿਆ ਸੰਸਾਰੁ ॥ 2 ॥

ਆਪਿ ਉਪਾਇ ਆਪੇ ਦੇਇ । ਆਪੇ ਦੁਰਮਤਿ ਮਨਹਿ ਕਰੇਇ ।
ਗੁਰ ਪਰਸਾਦਿ ਵਸੈ ਮਨਿ ਆਇ । ਦੁਖੁ ਅਨ੍ਹੇਰਾ ਵਿਚਹੁ ਜਾਇ ॥ 3 ॥

ਸਾਚੁ ਪਿਆਰਾ ਆਪਿ ਕਰੇਇ । ਅਵਰੀ ਕਉ ਸਾਚੁ ਨ ਦੇਇ ।
ਜੇ ਕਿਸੇ ਦੇਇ ਵਖਾਣੈ ਨਾਨਕ ਆਗੈ ਪੂਛ ਨ ਲੇਇ ॥ 4 ॥ (ਆਸਾ 3)

ਉੱਚੀਆਂ ਜਾਤਾਂ ਨੂੰ ਜਾਤਿ ਦੱਸਣ ਦਾ ਹਰਜ ਨਹੀਂ ਹੁੰਦਾ ਪਰ ਬਾਬੇ ਨਾਨਕ ਦੇ ਸਿੱਖ 'ਜਾਣਹੁ ਜੋਤਿ ਨ ਪੂਛਹੁ ਜਾਤੀ, ਆਗੈ ਜਾਤਿ ਨ ਹੈ' ਦਾ ਵਿਹਾਰ ਕਰਦੇ ਹਨ। ਉਹ ਸਿੱਖ ਚੇਤਨਾ ਕਾਰਨ 'ਕਿਆ ਮੁਹਤਾਜੀ ਕਿਆ ਸੰਸਾਰੁ' 'ਤੇ ਅਮਲ ਕਰਨ ਲੱਗ ਪਏ ਹਨ। ਵਣਜਾਰੇ ਸ਼ਿਲਪੀ ਆਪਣੇ ਆਪ 'ਚ ਅਨੁਭਵ ਕਰਦੇ ਹਨ ਕਿ ਨਦਰ ਦੀ ਭਵਰੇਖਾ (locus) ਉਹਨਾਂ ਵਿਚ ਦੀ ਲੰਘਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ।
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ । (ਸਿਰੀ 3)

ਮੁੱਢਲੇ ਸਿੱਖ 'ਵਡਿਆਂ' ਦੀ ਰੀਸ ਨਹੀਂ ਕਰਨਾ ਚਾਹੁੰਦੇ ਪਰ 'ਨਦਰ' ਕਾਰਨ ਅਧਿਆਤਮਕ ਤੌਰ 'ਤੇ ਉਹਨਾਂ ਨਾਲੋਂ ਉੱਚੇ ਹਨ । ਲੌਕਿਕ ਤੌਰ 'ਤੇ ਨੀਵੇਂ ਪਰ ਪ੍ਰਲੌਕਿਕ ਤੌਰ 'ਤੇ ਉੱਚਿਆਂ ਦੀ ਇਕ ਦਿਨ ਦੁਨਿਆਵੀ ਖ਼ੁਆਸ (elite) ਪਰ ਰੂਹਾਨੀ ਤੌਰ 'ਤੇ ਹਲਕਿਆਂ ਨਾਲ ਖਿੱਚੋਤਾਣ ਬਣ ਜਾਣੀ ਹੈ ।

ਜਿਹਨਾਂ ਪੱਲੇ ਕੁਝ ਨਹੀਂ ਉਹਨਾਂ ਨੂੰ ਕਿਸੇ ਦਾ ਡਰ ਨਹੀਂ । ਕਦੇ ਇਹੀ ਭਾਵਨਾ ਇੰਨੀ ਹਿੰਸਕ ਹੁੰਦੀ ਹੈ ਇਨਕਲਾਬੀ ਪ੍ਰਤੀਤ ਹੋਣ ਲੱਗ ਜਾਂਦੀ ਹੈ 'ਜਿਸੁ ਸਿਕਦਾਰੀ ਤਿਸਹਿ ਖੁਆਰੀ, ਚਾਕਰ ਕੇਹੇ ਡਰਣਾ/ਜਾਂ ਸਿਕਦਾਰੈ ਪਵੈ ਜੰਜੀਰੀ, ਤਾ ਚਾਕਰ ਹਥਹੁ ਮਰਣਾ' (ਰਾਮਕਲੀ ਅਸ਼ਟਪਦੀ ।) ਦੂਜੇ ਪਾਸੇ ਭਾਵ ਦਾ ਦਵੰਦਾਤਮਕ (dialectical) ਪ੍ਰਤੀਰੂਪ ਹੈ 'ਰਤੁ ਪੀਣੇ ਰਾਜੇ ਸਿਰੈ ਉਪਰਿ, ਰਖੀਅਹਿ ਏਵੈ ਭਾਉ/ ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ' (ਵਾਰ ਮਾਝ ਸਲੋਕ 3 ਪਉੜੀ 9) ਜਦੋਂ ਲਹੂ ਪੀਣੇ ਬਾਦਸ਼ਾਹ ਦੇ ਰਾਜ ਵਿਚ ਕੇਵਲ ਪ੍ਰਭੂ ਪਿਆਰ ਹੀ ਸਹਾਈ ਹੋ ਰਿਹਾ ਹੈ । ਪ੍ਰਸਿੱਧ ਬਾਬਰ ਵਾਣੀ ਦੇ ਸ਼ਬਦਾਂ ਦੀ ਸਾਨੂੰ ਵਧੇਰੇ ਚੰਗੀ ਸਮਝ ਅਉਂਦੀ ਹੈ ਜੇ ਅਸੀਂ ਇਹਨਾਂ ਸ਼ਬਦਾ ਨੂੰ ਏਸ ਗਰੁੱਪ (group) ਦੇ ਪ੍ਰਤੀਕਰਮਾਂ, ਰਵੱਈਏ, ਵਿਸ਼ਵਾਸ-ਨਿਸ਼ਚਿਤ ਚੇਤਨਾ ਦੇ ਸਰੂਪ ਸਮਝੀਏ । ਕਰਤਾ-ਮੁਖਤਾ ਵਿਚ ਮੁੱਢਲੇ ਸਿੱਖਾਂ ਨੇ ਆਪਣਾ ਸਮਾਜੀ ਸਥਾਨ ਉਲਟਾ ਲਿਆ ਸੀ । 'ਬਿਨੁ ਨਾਵੈ ਸਭੁ ਕੋਈ ਨਿਰਧਨੁ, ਸਤਿਗੁਰਿ ਬੂਝ ਬੁਝਾਈ' (ਸਾਰੰਗ ਅਸ਼ਟਪਦੀ 1); 'ਜਿਨ ਕੈ ਪਲੈ ਧਨੁ ਵਸੈ, ਤਿਨ ਕਾ ਨਾਉ ਫਕੀਰ' (ਮਲਾਰ ਵਾਰ ਸਲੋਕ 1, ਪਾਉੜੀ 21); ਵੇਬਰ ਦੇ ਕਥਨ ਅਨੁਸਾਰ ਕੋਈ ਸਮਾਜੀ ਵਰਗ ਜਿੰਨਾ ਟੂਣੇ, ਤਾਬੂਆਂ (taboos), ਜਾਤਿ ਸੰਪਰਦਾਵਾਂ ਤੋਂ ਦੂਰ ਹੁੰਦਾ ਹੈ ਉਹ ਓਨਾ ਹੀ ਅਜਿਹੇ ਧਰਮ ਦੇ ਯੋਗ ਹੁੰਦਾ ਹੈ ਜਿਸ ਦਾ ਉੱਦੇਸ਼ ਦੁਨੀਆਂ ਵਿਚ ਕੁਝ ਕਰਨ ਦਾ ਹੁੰਦਾ ਹੈ । ਅਜਿਹੇ ਗਰੁੱਪ ਦਾ ਸਭ ਤੋਂ ਪ੍ਰਿਯ ਰਵੱਈਆ ਕਿਰਿਆਸ਼ੀਲ ਤਿਆਗ ਅਤੇ ਭਾਣੇ ਦੇ ਆਧਾਰ 'ਤੇ ਸਕਰਮੀ ਹੋਣ ਦਾ ਹੁੰਦਾ ਹੈ । ਇਸ ਨੂੰ ਇਹ ਭਾਵਨਾ ਤਕੜਾਈ ਦਿੰਦਾ ਹੈ ਕਿ ਬੰਦਾ ਰੱਬ ਦੇ ਹੱਥਾਂ 'ਚ ਜੰਤਰ ਹੈ ।

ਮੁੱਢਲੇ ਸਿੱਖਾਂ ਲਈ ਵਸਤੂਮੁਖੀ (objective) ਜਗਤ ਅਯਥਾਰਥ (unreal) ਨਹੀਂ ਸਗੋਂ ਨ-ਯਥਾਰਥ (non-real) ਸੀ । ਮਨੁੱਖ, ਦੌਲਤ ਅਤੇ ਪ੍ਰਕਿਰਤੀ ਦੀ ਦੁਮੁੱਖਤਾ ਹੈ ਜਿਹਨਾਂ ਦਾ ਇਕ ਮੂੰਹ ਯਥਾਰਥ ਅਤੇ ਦੂਸਰਾ ਨ-ਯਥਰਥ ਵਲ ਹੁੰਦਾ ਹੈ । ਮੁੱਢਲੇ ਸਿੱਖਾਂ ਲਈ ਜਗਤ ਦਾ ਨ-ਯਥਾਰਥਵਾਦ ਉਹਨਾਂ ਦੀ ਕਰਤਾ-ਮੁਖਤਾ ਦੀ ਵਿਸ਼ਾਲਤਾ ਬਣ ਗਿਆ ਸੀ । ਲੋਕ ਅਯਥਾਰਥ ਦੇ ਮੋਹ ਵਿਚ ਸੁਹਣੇ ਸਚਿਤ੍ਰ ਮਹਿਲ ਬਣਾਉਂਦੇ ਹਨ ਪਰ ਰੱਬੀ ਲਗਨ ਤੋਂ ਬਿਨਾ ਬੰਦਾ/ਧਉਲਰ ਢਹਿ ਢੇਰੀ ਹੋ ਜਾਂਦੇ ਹਨ । 'ਚਿਤੇ ਦਿਸਹਿ ਧਉਲਹਰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਗੇ ਬੰਕ ਦੁਆਰ/ਕਰਿ ਮਨ ਖੁਸੀ ਉਸਾਰਿਆ, ਦੂਜੇ ਹੇਤਿ ਪਿਆਰਿ/ਅੰਦਰ ਖਾਲੀ ਪ੍ਰੇਮ ਬਿਨੁ, ਢਹਿ ਢੇਰੀ ਤਨੁ ਛਾਰੁ' (ਸਿਰੀ ਅਸ਼ਟਪਦੀ 15) । ਉਹਨਾਂ ਨੂੰ ਪੈਸੇ ਦਾ ਨਿਤਾਪ੍ਰਤੀ ਅਨੁਭਵ ਸੀ ਪਰ ਉਹ ਧਨ ਦੌਲਤ ਨੂੰ ਰੱਦ ਕਰਦੇ ਸਨ । ਜਿਹਨਾਂ ਦਾ ਦੁਨੀਆ ਵਿਚ ਕੋਈ ਅਧਿਕਾਰ ਨਹੀਂ ਸੀ ਉਹ ਕਰਾਮਾਤ ਤੋਂ ਵੀ ਮੂੰਹ ਫੇਰ ਗਏ ਸਨ । ਭਾਵੇਂ ਮੁੱਢਲੇ ਸਿੱਖਾਂ ਦਾ ਸਮਾਜ ਵਿਚ ਨੌਂਹ ਅੜਕਾਉਣ ਜਿੰਨਾ ਹੀ ਥਾਉਂ ਸੀ ਪਰ ਉਹ ਪ੍ਰਸ਼ਾਸਨੀ-ਰਾਜਸੀ ਸ਼ਕਤੀ ਨੂੰ ਹੇਚ ਸਮਝਦੇ ਸਨ ਜਿਸ ਦੀ ਝਲਕ 'ਮੋਤੀ ਤ ਮੰਦਰ ਊਸਰਹਿ, ਰਤਨੀ ਤ ਹੋਹਿ ਜੜਾਉ' (ਸਿਰੀ 1) ਸ਼ਬਦ 'ਚੋਂ ਮਿਲ ਜਾਂਦੀ ਹੈ ।

ਮੁੱਢਲੇ ਸਿੱਖਾਂ ਨੂੰ ਦੁਨੀਆਂਦਾਰੀ ਦੇ ਉਲਟ ਅਗਲੀ ਦੁਨੀਆਂ ਦਾ ਨਸ਼ਾ ਸੀ 'ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰ/ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ'; ਉਹਨਾਂ ਦੀ ਖਾਤਰ ਜੀਉਂਦੇ ਮਰ ਚੁੱਕੇ ਸਨ ਅਤੇ ਮਰੇ ਜੀਉਂਦਿਆਂ ਵਿਚ ਸਨ, 'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ/ਨਾਨਕ ਅਵਰੁ ਨ ਜੀਵੈ ਕੋਇ' (ਵਾਰ ਮਾਝ ਸਲੋਕ 1 ਪਉੜੀ 10); ਮੁੱਢਲੇ ਸਿੱਖਾਂ ਦੀ ਸ਼ਰਧਾ ਇੰਝ ਨਿਤਾਪ੍ਰਤੀ ਯਥਾਰਥ ਸੀ ਜਿਵੇਂ ਧਾਤ ਅੱਗ ਨਾਲ ਗੰਢ ਹੁੰਦੀ ਹੈ, ਇਸਤਰੀ ਪਤੀ ਨਾਲ, ਸੰਸਾਰ ਪੁੱਤਾਂ ਨਾਲ, ਰਾਜਾ ਹਾਲੇ ਨਾਲ, ਭੁੱਖਾ ਰੋਟੀ ਨਾਲ, ਕਾਲ ਮੀਂਹ ਨਾਲ, ਪ੍ਰੀਤ ਮਿੱਠੇ ਬੋਲ ਨਾਲ, ਗਿਆਨ ਸੱਚ ਨਾਲ, ਮੋਇਆ ਨੇਕੀ ਨਾਲ, ਮੂਰਖ ਮਾਰ ਨਾਲ; 'ਸਿਫਤੀ ਗੰਢੁ ਪਵੈ ਦਰਬਾਰਿ' (ਵਾਰ ਮਾਝ ਸਲੋਕ 2 ਪਉੜੀ 12) । ਉਹਨਾਂ ਨੇ ਮੁੱਲਾਂ ਦਾ ਪਾਰਮੁੱਲਣ (transvaluation of values) ਕਰ ਲਿਆ ਸੀ । ਬਾਬੇ ਨਾਨਕ ਦੇ ਸਿੱਖਾਂ ਲਈ ਜੀਉਂਦਾ ਮਰਿਆ, ਮਰਿਆ ਜੀਉਂਦਾ, ਆਇਆ ਗਿਆ, ਗਿਆ ਆਇਆ, ਰਸ ਕਸ, ਕੌੜਾ ਮਿੱਠਾ ਸੀ । ਲੱਗਦਾ ਤਾਂ ਇਹ ਸੀ ਕਿ ਉਹਨਾਂ ਦੀ ਕੋਈ ਸਮਾਜੀ ਮਹੱਤਾ ਨਹੀਂ ਪਰ ਉਹ ਆਪਣੇ ਆਪ ਨੂੰ ਦੁਨੀਆਂ ਦੀ ਤਾਕਤ ਦੌਲਤ ਨਾਲੋਂ ਕਿਤੇ ਵੱਡੇ ਸਮਝਦੇ ਸਨ । ਉਹਨਾਂ ਲਈ ਸਮੁੰਦਰ ਪਹਾੜਾਂ ਜੇਡੇ ਖਜ਼ਾਨਿਆਂ ਵਾਲੇ ਕੀੜੀ ਬਰਾਬਰ ਸਨ 'ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ/ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ' (ਜਪੁ 23) । ਮੁੱਢਲੇ ਸਿੱਖ ਸ਼ਾਬਦਿਕ ਰੂਪ ਵਿਚ ਆਤਮਾ ਦੇ ਸ਼ਹਿਨਸ਼ਾਹ ਸਨ, 'ਜਿਸ ਨੋ ਬਖਸ਼ੇ ਸਿਫਤਿ ਸਾਲਾਹ/ਨਾਨਕ ਪਾਤਿਸਾਹੀ ਪਾਤਿਸਾਹੁ' (ਜਪੁ 25) ।

ਮੁੱਢਲੇ ਸਿੱਖਾਂ ਦੇ ਜੀਵਨ ਦੀ ਇਕ ਧਿਰ ਭੂਤਪੂਰਬ ਅਨੇਮਤਾਂ ਦੀ ਸੀ ਜਿਹੜੀ ਸਮਾਜੀ ਅਸਥਿਰਤਾ ਕਾਰਨ ਪ੍ਰਯਥਾਰਥਵਾਦ (surrealism) ਪੈਦਾ ਕਰ ਦਿੰਦੀ ਹੁੰਦੀ ਹੈ, ਜਿਸ ਵਿਚ ਅੰਤਰੀ ਅਤੇ ਬਾਹਰੀ ਯਥਾਰਥ ਦਾ ਫ਼ਰਕ ਮਿਟ ਜਾਂਦਾ ਹੈ । ਆਉਂਦੇ ਸ਼ਬਦ ਵਿੱਚ ਬਿੰਬ ਦਾ ਵਿਰੋਧਾਰਥਕ (paradoxical) ਮਹਾਕਾਰ ਹੈ ਅਤੇ ਸਕ੍ਰਾਂਤੀ (transitions) ਦੀ ਹਿੰਸਾ ਧਿਆਨਯੋਗ ਹੈ ।

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ।
ਪੰਕ ਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਏਕੁ ਨ ਚੇਤਸਿ ਮੂੜ ਮਨਾ ਹਰ ਬਿਸਰਤ ਤੇਰੇ ਗੁਣ ਗਲਿਆ ॥ ਰਹਾਉ ॥
ਨਾ ਹਉ ਜਤੀ ਸਤੀ ਨਹੀਂ ਪੜਿਆ ਮੂਰਖ ਮੁਗਧਾ ਜਨਮੁ ਭਇਆ ।
ਪ੍ਰਣਵਤਿ ਨਾਨਕ ਤਿਨ੍ਹ ਕੀ ਸਰਣਾ ਜਿਨ੍ਹ ਤੂ ਨਾਹੀ ਵੀਸਰਿਆ ॥ 2 ॥

(ਆਸਾ 29)

ਬੰਦ ਦਾ ਓਸ ਭਿਆਣਕ ਸਰੋਵਰ 'ਚ ਵਸੇਬਾ ਹੈ ਜਿਥੇ ਤ੍ਰਿਸ਼ਨਾ-ਪਾਣੀ ਦੀ ਅੱਗ ਹੈ। ਮੋਹ ਦੇ ਚਿੱਕੜ 'ਚ ਪੈਰ ਨਹੀਂ ਪੁੱਟ ਹੁੰਦਾ ਅਤੇ ਮਨੁੱਖ ਡੁੱਬ ਜਾਂਦਾ ਹੈ। ਮੂਰਖ ਰੱਬ ਨੂੰ ਯਾਦ ਨਹੀਂ ਕਰਦਾ । 'ਨਾ ਹਉ ਜਤੀ ਸਤੀ ਨਹੀਂ ਪੜਿਆ' ਪਹਿਲੇ ਸਿੱਖਾਂ ਦਾ ਸਮਾਜ-ਵਿਗਿਆਨਕ ਵਰਣਨ ਹੈ ਜਿਹਨਾਂ ਨੂੰ 'ਤਿਨ੍ਹ ਕੀ ਸਰਣਾ' ਵਾਲੇ ਸਿੱਖ ਸੰਸਾਰ ਦਾ ਹੀ ਸਹਾਰਾ ਹੋ ਸਕਦਾ ਸੀ ਜਿਸ ਲਈ ਉਹਨਾਂ ਦੇ ਜੀਵਨ ਦੀ ਦੂਜੀ ਧਿਰ ਸਿੱਖ ਪੰਥ ਦਾ ਸੀ।

'ਸੁੰਞੀ ਦੇਹ ਡਰਾਵਣੀ...' (ਸਿਰੀ 14); 'ਏਕੁ ਸੁਆਨੁ ਦੁਇ ਸੁਆਨੀ ਨਾਲਿ' (ਸਿਰੀ 29); 'ਧਨੁ ਜੋਬਨੁ ਅਰੁ ਫੁਲੜਾ, ਨਾਠੀਅੜੇ ਦਿਨ ਚਾਰਿ' (ਸਿਰੀ 24) ਪ੍ਰਯਥਾਰਥਵਾਦੀ ਰਚਨਾਵਾਂ ਹਨ ਜਿਹੜੀਆਂ ਸੌਂਦ੍ਰਯਸ਼ੀਲ ਅਧਿਐਨ ਦੀ ਮੰਗ ਕਰਦੀਆਂ ਹਨ। ਜਿਥੇ ਪ੍ਰਯਥਾਰਥਵਾਦ 'ਚ ਮਨੁੱਖੀ ਸਮਤਾ ਗੁਮ ਹੋ ਜਾਂਦੀ ਹੈ ਉੱਥੇ 'ਨਾਮ' ਬੰਦੇ ਨੂੰ ਗੁਰਮੁਖ ਬਣਾ ਦਿੰਦਾ ਹੈ, 'ਹਰਿ ਜਪਿ ਨਾਮੁ ਧਿਆਇ ਤੂ, ਜਮ ਡਰਪੈ ਦੁਖ ਭਾਗੁ' (ਸਿਰੀ ਅਸ਼ਟਪਦੀ 8); ਅਜਿਹੇ 'ਨਾਮ' ਜਪਣ ਵਾਲੇ ਬੰਦੇ ਤੋਂ ਦੁੱਖ ਜਮ ਡਰਦੇ ਭੱਜ ਜਾਂਦੇ ਹਨ। ਮੁੱਢਲੇ ਸਿੱਖਾਂ ਨੂੰ ਆਪਣੀ ਭਾਵੁਕਤਾ ਦੀ ਸਰੀਰਕ ਛੁਹ ਸੀ। ਉਹਨਾਂ ਨੂੰ ਸ਼ਬਦ ਦਾ ਪਾਣੀ ਹੀ ਸੁੱਚਾ ਕਰਦਾ ਸੀ 'ਬਿਨ ਅਭ ਸਬਦ ਨ ਮਾਂਜੀਐ, ਸਾਚੇ ਤੇ ਸਚੁ ਹੋਇ' (ਸਿਰੀ ਅਸ਼ਟਪਦੀ 5)

ਮੁੱਢਲੇ ਸਿੱਖਾਂ ਨੇ ਸਾਧਾਰਨ ਮਨ ਅਤੇ ਵਿਹਾਰਿਕ ਜਗਤ ਦਾ ਲਘੂ-ਮੁੱਲਣ (devaluations) ਕਰ ਲਿਆ ਸੀ ਕਿਉਂਕਿ ਉਹ ਆਪਣੀ ਸਤਿ-ਆਤਮਾ ਤਾਈਂ ਪਹੁੰਚਣਾ ਚਾਹੁੰਦੇ ਸਨ ਜਿਹੜੀ ਅਨੁਭਵ-ਪ੍ਰਵਾਹ ਵਿਚ ਹੀ ਕਾਇਮ ਰਹਿੰਦੀ ਹੈ। ਉਹ ਮੁਕਤੀ ਲਈ ਕਾਰਜਸ਼ੀਲ ਹੋ ਕੇ ਹੀ ਯਥਾਰਥ ਨੂੰ ਸਮਝ ਸਕਦੇ ਸਨ। ਮੁੱਢਲੇ ਸਿੱਖਾਂ ਲਈ ਪ੍ਰਚਲਤ ਧਰਮ ਦੇ ਟਾਕਰੇ ਵਿਚ ਜਿੱਥੇ ਅਵਸਰ ਬਹੁਤ ਵੱਡਾ ਸੀ ਉਥੇ ਅਸਫਲਤਾ ਦਾ ਖਤਰਾ ਵੀ ਓਨਾਂ ਹੀ ਬਲਵਾਨ ਸੀ । ਜਿਸ ਕਰਕੇ ਉਹਨਾਂ ਨੂੰ ਕਦੇ ਆਪ ਹੀ ਬੇਮੁੱਲ ਹੋਣ ਦਾ ਅਨੁਭਵ ਹੁੰਦਾ।

ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ।
ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ।
ਨਾਨਕ ਬਖਸੇ ਬਖਸੀਅਹ ਨਾਹਿ ਤਾ ਪਾਹੀ ਪਾਹਿ ।

(ਵਾਰ ਮਾਝ ਸਲੋਕ 1, ਪਾਉੜੀ 24)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਖਸ਼ਿਸ਼ ਤੋਂ ਬਿਨਾ ਬੰਦੇ ਲਈ ਜੁੱਤੀਆਂ ਹੀ ਹਨ ।

ਸਕਰਮੀ ਤਿਆਗ ਦੇ ਸਦਕੇ ਮੁੱਢਲੇ ਸਿੱਖ ਏਸ ਦੁਨੀਆਂ ਨੂੰ ਪੁੰਨ ਖੱਟਣ ਦੀ ਰਣਭੂਮੀ ਸਮਝਦੇ ਸਨ 'ਧਰਤੀ ਥਾਪਿ ਰਖੀ ਧਰਮਸਾਲ' (ਜਪੁ 34); ਉਹ ਅਜਿਹੇ ਗ੍ਰਿਹਸਤੀ ਸਨ ਜਿਹਨਾਂ ਨੇ ਵਿਕਾਰਾਂ ਤੋਂ ਮਨ ਮੋੜਕੇ ਆਪਣੇ ਸਰੀਰ ਨੂੰ ਹੀ ਪੁੰਨ ਦਾਨ ਜਿਹਾ ਬਣਾ ਲਿਆ ਸੀ ਜਿਸ ਕਰਕੇ ਉਹ ਆਪਣੇ ਆਪ ਨੂੰ ਗੰਗਾ ਨੀਰ ਜਿਹਾ ਸ਼ੁੱਧ ਸਮਝਦੇ ਸਨ 'ਸੋ ਗਿਰਹੀ ਜੋ ਨਿਗ੍ਰਹੁ ਕਰੈ/ਜਪੁ ਤਪੁ ਸੰਜਮ ਭੀਖਿਆ ਕਰੈ/ਪੁੰਨ ਦਾਨੁ ਕਾ ਕਰੇ ਸਰੀਰੁ/ਸੋ ਗਿਰਹੀ ਗੰਗਾ ਕਾ ਨੀਰੁ' (ਰਾਮਕਲੀ ਵਾਰ ਮ. 3, ਸਲੋਕ 2, ਪਉੜੀ 12); ਉਹ ਥੋੜ੍ਹਾ ਖਾਂਦੇ ਅਤੇ ਘੱਟ ਸੌਂਦੇ ਸਨ 'ਖੰਡਿਤ ਨਿਦ੍ਰਾ ਅਲਪ ਅਹਾਰੰ' (ਸਿਧ ਗੋਸਟਿ 8) । ਮੁਸ਼ੱਕਤ ਦੇ ਜੀਵਨ ਵਿਚ ਉਹਨਾਂ ਦਾ ਬੱਝਵਾਂ ਵਿਸ਼ਵਾਸ ਸੀ ਕਿ ਸਾਰੇ ਯੁੱਗਾਂ ਦਾ ਇੱਕੋ ਜਿਹਾ ਆਤਮਕ ਮੁੱਲ ਹੁੰਦਾ ਹੈ । ਉਹਨਾਂ ਨੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ ਸੀ ਕਿ ਕਲਿਜੁਗ ਮਨੁੱਖ ਨੂੰ ਜ਼ਰੂਰ ਹੀ ਮਾੜਾ ਬਣਾ ਦਿੰਦਾ ਹੈ 'ਚਹੁ ਜੁਗਿ ਮੈਲੇ ਮਲੁ ਭਰੇ, ਜਿਨ ਮੁਖਿ ਨਾਮੁ ਨ ਹੋਇ' (ਸਿਰੀ ਅਸ਼ਟਪਦੀ 7); 'ਜੁਗੁ ਜੁਗੁ ਮੀਠਾ ਵਿਸੁ ਭਰੇ, ਕੋ ਜਾਣੈ ਜੋਗੀ ਰਾਮ' (ਆਸਾ ਛੰਤ 5); ਉਹਨਾਂ ਨੂੰ ਅਜਿਹੇ ਸੰਸਕਾਰ, ਰਸਮ ਰਵਾਜ ਮਨਜ਼ੂਰ ਨਹੀਂ ਸਨ ਜਿਹੜੇ ਉਹਨਾਂ ਦੀ ਸ਼ਰਧਾ ਵਿਚ ਰੁਕਾਵਟ ਬਣਦੇ ਹੋਣ, 'ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ/ਨਾਨਕ ਸਾਈਂ ਭਲੀ ਪ੍ਰੀਤਿ, ਜਿਤੁ ਸਾਹਿਬ ਸੇਤੀ ਪਤਿ ਰਹੈ' (ਵਡਹੰਸ ਵਾਰ ਮ. 4, ਸਲੋਕ 2, ਪਉੜੀ 10); ਉਹਨਾਂ ਦੀ ਕਰਤਾ-ਮੁਖਤਾ ਹੀ ਉਹਨਾਂ ਲਈ ਯੱਗ ਸੰਸਕਾਰ ਸੀ । ਨਾ ਹੀ ਉਹਨਾਂ ਨੂੰ ਮੌਤ ਦਾ ਡਰ ਸੀ 'ਮਰਣੁ ਨ ਮੰਦਾ ਲੋਕਾ ਆਖੀਐ, ਜੇ ਮਰਿ ਜਾਣੈ ਐਸਾ ਕੋਇ', (ਵਡਹੰਸ ਅਲਾਹਣੀਆਂ 2); ਮੁੱਢਲੇ ਸਿੱਖਾਂ ਦੀ ਆਰਥਿਕ ਸਥਿਤੀ ਐਸੀ ਸੀ ਕਿ ਉਹਨਾਂ ਨੂੰ ਮਹਿੰਗੇ ਸੰਸਕਾਰਾਂ ਦੀ ਥਾਉਂ ਸਸਤੇ ਵਿਹਾਰ ਦੀ ਲੋੜ ਸੀ । ਇਹ ਕਹਿਣਾ ਗ਼ਲਤ ਹੋਵੇਗਾ ਕਿ ਮੁੱਢਲੇ ਸਿੱਖ ਕਿਸੇ ਭਰਵੀਂ ਲੋਕ-ਲਹਿਰ ਦਾ ਅੰਗ ਸਨ । ਉਹਨਾਂ ਨੂੰ ਤਾਂ ਸਗੋਂ ਆਪਣੀ ਅਲਪ-ਸੰਖਿਆ ਸਥਿਤੀ ਦਾ ਅਹਿਸਾਸ ਸੀ । 'ਨਾਨਕ ਠਾਕੁਰ ਮੀਤ ਹਮਾਰੇ, ਹਮ ਨਾਹੀ ਲੋਕਾਣੇ' (ਆਸਾ ਛੰਤ 1), 'ਨਾਨਕ ਸਤਿਗੁਰ ਮੇਲਿ ਮਿਲਾਈ, ਚੂਕੀ ਕਾਣਿ ਲੋਕਾਣੀ' (ਤੁਖਾਰੀ ਛੰਤ 3); ਉਹਨਾਂ ਨੂੰ ਪ੍ਰਸ਼ਾਸ਼ਕਾਂ ਤੇ ਕੋਈ ਆਸ ਨਹੀਂ ਸੀ 'ਹੁਕਮ ਕੀਏ ਮਨ ਭਾਵਦੇ, ਰਾਹਿ ਭੀੜੈ ਅਗੈ ਜਾਵਣਾ, ਥੋੜੀ ਸੰਪਤੀ ਵਾਲਿਆਂ ਨੂੰ ਅਜੇ ਧਨਾਢ ਉਮਰਾ ਦੇ ਮੁਕਾਬਲੇ 'ਚ ਖਲੋਣ ਦਾ ਖਿਆਲ ਨਹੀਂ ਹੋਇਆ ਸੀ ।

ਬਾਬੇ ਨਾਨਕ ਦੇ ਪੈਰੋਕਾਰ ਮੁੱਢਲੇ ਸਿੱਖ ਬਹੁਤਾ ਕਰਕੇ ਵਣਜਾਰੇ, ਛੋਟੇ ਦੁਕਾਨਦਾਰ, ਸ਼ਿਲਪੀ ਸਨ ਜਿਹਨਾਂ ਵਿਚ ਗ਼ੁਲਾਮਾਂ, ਅੰਨ-ਬਿਓਪਾਰੀਆਂ ਦਾ ਮਿਸ਼ਰਨ ਸੀ ਅਤੇ ਸ਼ਾਇਦ ਕੋਈ ਟਾਵਾਂ ਟਾਵਾਂ ਧਨਾਢ ਵੀ ਸਿੱਖ ਸੀ । ਇਹ ਲਘੂ-ਸੰਪਤੀ ਦਾ ਵਰਗ ਸੀ ਜਿਸ ਵਿਚ ਸਿੱਖ ਇਤਿਹਾਸ ਦੇ ਵਿਰੋਧਾਰਥ (paradox) ਦਾ ਭੇਤ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਖ ਚਿੱਤਰਕਾਰੀ*

ਇੰਡੀਆ ਆਫਿਸ ਲਾਇਬਰੇਰੀ ਵਿਚ ਹੱਥ ਲਿਖਤ **ਬੀ-40** ਹੈ। ਜਨਮਸਾਖੀ ਦਾ ਨਾਂਉ ਵੀ ਹੱਥ-ਲਿਖਤ ਦੇ ਨੰਬਰ 'ਤੇ ਪੈ ਗਿਆ। ਪੰਜਾਬੀ ਬੋਲੀ ਦੀ ਇਸ ਤੋਂ ਵਧ ਪੁਰਾਣੀ ਕੋਈ ਹੋਰ ਹੱਥ-ਲਿਖਤ ਨਹੀਂ ਮਿਲਦੀ। ਇਸ ਦੀ ਰਚਨਾ ਦਾ ਸਾਲ 1733 ਈਸਵੀ ਹੈ। ਚੰਗੇ ਭਾਗਾਂ ਨੂੰ ਜਨਮਸਾਖੀ ਦੇ ਨੁਸਖੇ ਵਿਚ 57 ਚਿੱਤਰ ਹਨ। ਇਹ ਚਿੱਤਰਮਾਲਾ ਸਿੱਖ ਚਿੱਤਰਕਾਰੀ ਦੀ ਉੱਤਮ ਪ੍ਰਾਪਤੀ ਹੈ। ਆਮ ਤੌਰ ਤੇ ਸਿੱਖ ਚਿੱਤਰਕਾਰੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਨਾਲ ਜੋੜਿਆ ਜਾਂਦਾ ਹੈ। ਉਸ ਸਮੇਂ ਦੇ ਚਿੱਤਰਾਂ ਨੂੰ ਇਸ ਕਰਕੇ ਸਿੱਖ ਕਿਹਾ ਜਾਂਦਾ ਹੈ ਕਿਉਂਕਿ ਉਹ ਸਿੱਖ ਸਰਪਰਸਤਾਂ ਲਈ ਬਣਾਏ ਗਏ ਸਨ। **ਬੀ-40** ਤਸਵੀਰਾਂ ਦੂਹਰੀਆਂ ਸਿੱਖ ਹਨ। ਇਹਨਾਂ ਨੂੰ ਸਿੱਖ ਚਿੱਤਰਕਾਰ ਨੇ ਸਿੱਖਾਂ ਲਈ ਬਣਾਇਆ ਹੀ ਨਹੀਂ ਸਗੋਂ ਇਸ ਵਿਚ ਸਿੱਖ ਧਰਮ ਤੇ ਸਿਧਾਂਤਾਂ ਨੂੰ ਵੀ ਦਰਸਾਇਆ ਗਿਆ ਹੈ। ਪੰਜਾਬ ਵਿਚ ਸਾਨੂੰ ਕੋਈ ਅਜਿਹਾ ਚਿੱਤਰ ਸੰਗ੍ਰਹਿ ਨਹੀਂ ਮਿਲਿਆ ਜਿਹੜਾ ਕਿਸੇ ਵਿਚਾਰਧਾਰਾ ਨੂੰ ਨਿਰੂਪਨ ਕਰਦਾ ਹੋਵੇ।

ਕਈ ਪ੍ਰਮੁੱਖ ਵਿਦਵਾਨਾਂ ਨੇ **ਬੀ-40** ਨੁਸਖੇ ਨੂੰ ਵਾਚਿਆ ਹੈ ਜਾਂ ਇਹਦਾ ਅਨੁਵਾਦ, ਸੰਪਾਦਨ ਕੀਤਾ ਹੈ ਪਰ ਉਹਨਾਂ ਚਿੱਤਰਮਾਲਾ ਦੀਆਂ ਅਸਾਧਾਰਨ ਖੂਬੀਆਂ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਅਸਲ ਗੱਲ ਤਾਂ ਇਹ ਹੈ ਕਿ ਚਿੱਤਰਾਵਲੀ ਦਾ ਕਲਾਤਮਕ ਮੁੱਲ ਜਨਮਸਾਖੀ ਦੀ ਸਾਹਿਤਕ ਪ੍ਰਾਪਤੀ ਦੇ ਬਰਾਬਰ ਦਾ ਹੈ। ਪਰ ਦੋ ਕਾਰਨ ਅਜਿਹੇ ਸਨ ਜਿਹਨਾਂ ਨੇ ਚਿੱਤਰਾਂ ਨੂੰ ਅਣਗੌਲਣਾ ਜ਼ਰੂਰੀ ਕਰ ਦਿੱਤਾ। ਇਕ ਤਾਂ ਜਨਮਸਾਖੀ ਸਾਹਿਤ ਰੂਪ ਦੇ ਸੌਂਦ੍ਰਯਾਤਮਕ-ਰੂਪਕ ਪੱਖ ਦੀ ਸਮਝ ਅਜੇ ਆਉਣੀ ਸੀ। ਦੂਸਰੇ ਸਿੱਖ ਧਰਮ ਦੇ ਵਿਦਵਾਨਾਂ ਨੂੰ ਸਿੱਖ ਸੌਂਦ੍ਰਯ ਦਾ ਕੋਈ ਖਿਆਲ ਨਹੀਂ ਸੀ ਜਿਸ ਨੂੰ ਬਾਬੇ ਨਾਨਕ ਨੇ ਉਸਾਰਿਆ ਅਤੇ ਇਹਦੀ ਜੁਗਤ ਨੂੰ ਪੂਰਨ ਕੀਤਾ ਸੀ। ਫੇਰ ਏਸ ਸੌਂਦ੍ਰਯ ਦੀ ਲਗਨ-ਸਹਿਤ ਪੈਰਵੀ ਗੁਰੂ ਸਾਹਿਬਾਂ, ਸਨਾਤਨੀ ਜਨਮਸਾਖੀ-ਕਰਤਾਵਾਂ ਅਤੇ **ਗੁਰਬਿਲਾਸ**

*B-40 Guru Baba Nanak Paintings, G.N.D.U. Amritsar, 1987. ਦੀ ਭੂਮਿਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲਿਖਾਰੀਆਂ ਨੇ ਕੀਤੀ । ਇਸ ਕਰਕੇ ਚਿਤਰਾਵਲੀ ਨੂੰ ਕੇਵਲ ਏਸ ਜਾਂ ਓਸ ਕਲਾ ਸਕੂਲ ਦੇ ਨਿਗੂਣੇ ਜਿਹੇ ਨਮੂਨੇ ਹੀ ਸਮਝਿਆ ਜਾਂਦਾ ਰਿਹਾ । ਇਸ ਤੋਂ ਜ਼ਿਆਦਾ ਗ਼ਲਤ ਕੋਈ ਗੱਲ ਹੋ ਨਹੀਂ ਸਕਦੀ ।

ਸਿੱਖ ਸੌਂਦ੍ਰਯ ਦੇ ਪੰਜ ਆਧਾਰ ਹਨ । ਕਈ ਚੀਜ਼ਾਂ ਸੁਭਾਵਕ ਹੀ ਸੁਹਣੀਆਂ ਹੁੰਦੀਆਂ ਹਨ । ਪਰ ਸੁਭਾਵਕ ਸੁੰਦਰਤਾ ਨੂੰ ਕਾਫ਼ੀ ਸਮਝਣਾ ਗ਼ਲਤੀ ਹੈ । ਮਨੁੱਖ ਬੇਮੁੱਖਤਾ ਕਾਰਨ ਰੂਪ ਦੀ ਸੁਹਜ ਹੀ ਗੁਆ ਲੈਂਦਾ ਹੈ । ਭਗਤ, ਪ੍ਰਭੂ, ਮੁਕਤੀ ਅਤੇ ਮੁਕਤੀ ਦੇ ਸਾਧਨ ਸੁਹਣੇ ਹਨ । ਅੰਤ, ਮੁਕਤੀ ਨੂੰ ਪ੍ਰਾਪਤ ਕਰਨ ਦਾ ਸੰਗਠਨ ਅਰਥਾਤ ਪੰਥ ਵੀ ਰੂਪ ਦਾ ਜ਼ਰੂਰੀ ਤੱਤ ਹੈ । **ਬੀ-40** ਚਿੱਤਰਾਵਲੀ ਸਿੱਖ ਸੌਂਦ੍ਰਯ ਨੂੰ ਸਫ਼ਲਤਾ ਨਾਲ ਨਿਰੂਪਨ ਕਰਕੇ ਜਨਮਸਾਖੀ ਰਚਨਾ ਦੇ ਕਾਰਜ ਵਾਲੇ ਉਦੇਸ਼ ਨੂੰ ਪੱਕਾ ਕਰਦੀ ਹੈ । ਜਨਮਸਾਖੀ ਦਾ ਉੱਦੇਸ਼ (1) ਬਾਬੇ ਨਾਨਕ ਦੀ ਆਤਮਕ ਸਰਵਸ਼ਕਤੀਮਾਨਤਾ (sovereignty) ਨੂੰ (2) **ਆਦਿ ਗ੍ਰੰਥ** ਅਰਥਾਤ ਗੁਰਮਤ ਅਤੇ (3) ਸਿੱਖ ਪਰੰਪਰਾ ਅਨੁਸਾਰ ਸਥਾਪਤ ਕਰਨਾ ਹੈ ।

ਜਨਮਸਾਖੀ ਵਿਚ ਕਰਾਮਾਤਾਂ 'ਆਤਮਿਕ ਸ਼ਕਤੀ' ਦੀਆਂ ਲਖਾਇਕ ਹਨ ਜਿਹਨਾਂ ਨਾਲ ਬਾਬੇ ਨਾਨਕ ਦੀ ਧਾਰਮਿਕ ਸਰਵਸ਼ਕਤੀਮਾਨਤਾ ਬਣਦੀ ਹੈ । **ਬੀ-40 ਜਨਮਸਾਖੀ** ਵਿਚ ਕਈ ਸਿੱਖ ਸਿਧਾਂਤਾਂ 'ਤੇ ਵਿਚਾਰ ਹੈ ਜਿਹਨਾਂ ਨੂੰ ਚਿੱਤਰਾਂ ਰਾਹੀਂ ਵੀ ਪ੍ਰਗਟਾਇਆ ਗਿਆ ਹੈ । ਉਦਾਹਰਣ ਲਈ ਚਰਚਾ ਅਧੀਨ ਮੱਤ ਹਨ—ਬਾਬਾ ਨਾਨਕ ਗੁਰੂ ਧਾਰਨ ਤੋਂ ਬਿਨਾ ਗੁਰੂ ਕਿਵੇਂ ਹੋਇਆ ? ਬਾਬੇ ਨਾਨਕ ਦਾ ਗੁਰੂ ਕੌਣ ਸੀ ? ਗੁਰ-ਪ੍ਰਨਾਲੀ ਵਿਚ ਉਹ ਕਿਹੜਾ ਨਿਯਮ ਚਲ ਰਿਹਾ ਹੈ ਜਿਸ ਕਾਰਨ ਗੁਰ-ਗੱਦੀ ਦੇ ਵਿਰੋਧੀ ਉਮੀਦਵਾਰਾਂ ਦੇ ਦਾਅਵੇ ਗ਼ਲਤ ਹੋ ਜਾਂਦੇ ਹਨ । ਜਨਮਸਾਖੀ ਸਿੱਖਾਂ ਦੀ ਸਮਕਾਲੀ ਯਥਾਰਥ ਪ੍ਰਤੀ ਰਵੱਈਏ ਨੂੰ ਦਰਸਾਉਂਦੀ ਹੈ ਜਿਵੇਂ ਕਿ ਕਲਯੁਗ ਦਾ ਉਹਨਾਂ ਉਤੇ ਕੋਈ ਅਸਰ ਨਹੀਂ ਹੈ ।

ਆਲਮ ਚੰਦ ਰਾਜ, ਚਿੱਤਰਕਾਰ ਨੂੰ ਸਿੱਖ ਧਰਮ ਦੀ ਡੂੰਘੀ ਸਮਝ ਹੈ । ਉਹਨੇ ਜੁਗਤ ਦੀਆਂ ਉਹ ਕਾਢਾਂ ਕੱਢੀਆਂ ਹਨ ਕਿ ਸਿੱਖ ਸਿਧਾਂਤ ਨੂੰ ਦਰਸਾਉਣ ਯੋਗ ਹੋ ਗਈਆਂ ਹਨ ।

ਧਾਰਮਿਕ ਚਿੱਤਰਕਾਰੀ ਜ਼ਰੂਰੀ ਤੌਰ 'ਤੇ ਅ-ਯਥਾਰਥਵਾਦੀ ਹੋ ਜਾਂਦੀ ਹੈ । ਇਹਨੇ ਲੋਕ ਅਤੇ ਪ੍ਰਲੋਕ ਨੂੰ ਉਲੀਕਣਾ ਹੁੰਦਾ ਹੈ ਜਿਹਨਾਂ ਦੇ ਦੋ ਵੱਖਰੇ ਵੱਖਰੇ ਗੁਣਾਤਮਕ ਪੱਧਰ ਹਨ । ਇਸੇ ਕਰਕੇ ਕਈ ਤਸਵੀਰਾਂ ਨੂੰ ਸਮਤਲਾਂ ਵਿਚ ਵੰਡਿਆ ਹੋਇਆ ਹੈ । ਚਿੱਤਰ (1) ਵਿਚ ਰੌਲਾ ਪਾਉਂਦੇ ਵਿਦਿਆਰਥੀਆਂ ਦਾ ਇਕ ਸਮਤਲ ਹੈ ਅਤੇ ਇਸ ਤੋਂ ਉੱਚੇ ਪੱਧਰ ਉਤੇ ਪਾਂਧਾ, ਬਾਲ ਬਾਬਾ ਨਾਨਕ ਅਤੇ ਮਹਿਤਾ ਕਾਲੂ ਹਨ । ਇਸੇ ਤਰ੍ਹਾਂ ਚਿੱਤਰ (16) ਵਿਚ ਖੁਸ਼ੀਆਂ ਮਨਾਉਂਦੇ ਪਠਾਨ ਇਕ ਪੱਧਰ 'ਤੇ ਹਨ; ਬਾਬਾ ਨਾਨਕ ਤੇ ਮਰਦਾਨਾ ਦੂਸਰੇ ਸਮਤਲ ਉਤੇ ਹਨ । ਚਿੱਤਰ (30) ਵਿਚ ਮੁਸਲਮਾਨ ਫਕੀਰਾਂ ਨੇ ਬਾਬੇ ਨਾਨਕ ਤੇ ਮਰਦਾਨੇ ਨੂੰ ਮੱਕੇ ਜਾਣ ਲਈ ਨਾਲ ਰਲਾਉਣ ਤੋਂ ਨਾਂਹ ਕਰ ਦਿੱਤੀ ਹੈ । ਪਰ ਬਾਬਾ ਨਾਨਕ ਤੇ ਮਰਦਾਨਾ ਉਹਨਾਂ ਨਾਲੋਂ ਕਿਤੇ ਪਹਿਲਾਂ ਮੱਕੇ ਪਹੁੰਚ ਜਾਂਦੇ ਹਨ । ਜਦੋਂ ਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਸੀਂ ਚਿੱਤਰ (18) [illegible] ਜਿਹੀ ਪ੍ਰਤੀਤ ਹੋ ਸਕਦੀ ਹੈ। 'ਬਾਬੇ ਤਪ ਆਰੰਭਿਆ' (18) ਵਿਚ ਦੋਵੇਂ ਪਾਸੀਂ ਮਿੱਟੀ ਦੀਆਂ ਢੇਰੀਆਂ ਹਨ। ਬਾਬਾ ਨਾਨਕ ਇਕ ਤੋਂ 'ਜਪੁ' ਪੜ੍ਹਦਾ ਦੂਜੀ ਤਕ ਜਾਂਦਾ ਹੈ ਅਤੇ 'ਜਪੁ' ਪੜ੍ਹਦਾ ਪੜ੍ਹਦਾ ਮੁੜ ਆਉਂਦਾ ਹੈ। ਚਿੱਤਰ ਦੇ ਦੋ ਸਮਤਲਾਂ ਰਾਹੀਂ ਲੋਕ ਅਤੇ ਪ੍ਰਲੋਕ ਦਾ ਝਾਉਲਾ ਬਣਦਾ ਹੈ। ਮਹੱਤਵਪੂਰਨ ਗੱਲ ਹੈ ਕਿ ਬਾਬੇ ਦੇ ਪੈਰ ਦੁਨਿਆਵੀ ਸਮਤਲ 'ਚ ਨਹੀਂ ਹਨ। ਇਹ ਗੱਲ ਚਿੱਤਰ (1) ਵਿਚ ਨਹੀਂ ਜਿਥੇ ਪਾਂਧੇ ਦਾ ਤਖ਼ਤ ਪੋਸ਼ ਦੋਵੇਂ ਸਮਤਲਾਂ ਨੂੰ ਜੋੜ ਰਿਹਾ ਹੈ। 'ਬਾਬੇ ਤਪ ਅਰੰਭਿਆ' (18) ਵਿਚ ਸੁਝਾਉ ਹੈ ਕਿ ਮਰਦਾਨਾ ਭਾਵੇਂ ਬਾਬੇ ਨਾਨਕ ਦਾ ਹਮ-ਸਫ਼ਰ ਹੈ ਪਰ ਉਹਨਾਂ ਦੀ 'ਪ੍ਰਕਿਰਤੀ' ਭਿੰਨ ਹੈ। ਮਰਦਾਨੇ ਨੂੰ ਬਾਬੇ ਨਾਨਕ ਦੇ ਦੈਵੀਪਨ ਦਾ ਅਹਿਸਾਸ ਹੋ ਗਿਆ ਲੱਗਦਾ ਹੈ। ਉਹ ਨਰਾਸ਼, ਗੋਡੇ ਤੇ ਮੂੰਹ ਧਰੀ ਬੈਠਾ ਹੈ ਅਤੇ ਰਬਾਬ ਦੂਰ ਪਈ ਹੈ। ਬਾਬਾ ਨਾਨਕ ਪਰਾਸੰਸਾਰ ਵਿਚ ਹੈ। ਸੰਸਾਰ ਅਤੇ ਪਰਾਸੰਸਾਰ ਦਾ ਮੇਲ ਤਾਂ ਹੋ ਸਕਦਾ ਹੈ ਪਰ ਅਜਿਹਾ ਖਿਆਲ ਭੁੱਲ ਹੈ ਕਿ ਬਾਬਾ ਨਾਨਕ ਸਾਧਾਰਨ ਜਗਤ ਵਿਚ ਵਿਚਰਦਾ ਹੈ। ਚਿੱਤਰ (57) ਵਿਚ ਸਮਤਲਾਂ ਦੀ ਵੰਡ ਹੀ ਬਾਬੇ ਦੇ ਚਲਾਣੇ ਦੇ ਸੁਨੇਹੇ ਨੂੰ ਉਲੀਕਣਾ ਸੰਭਵ ਬਣਾਉਂਦੀ ਹੈ। ਬਮਲੋ ਲੋਕਰ ਨੂੰ ਬਾਲ ਵਾਂਗੂੰ ਚਿਤਰਿਆ ਹੈ। ਤਿੰਨ ਜੋਗੀਸ਼ਰ ਸੁਨੇਹਾ ਲੈ ਕੇ ਆਏ ਹਨ। ਸਮਤਲ ਰੱਸੇ ਦੇ ਵੱਟ ਜਿਹੇ ਨਾਲ ਜੁੜੇ ਹਨ। ਹੇਠਲਾ ਹਿੱਸਾ ਪਾਤਾਲ ਜਿਹਾ ਹੈ ਜਿਸ ਵਿਚ ਨਿਸਫੁੱਲਤ ਬਿਰਛ ਹੈ। ਪਾਤਾਲ ਦੀ ਛੱਤ ਉਤੇ ਪੰਛੀ ਬੈਠਾ ਹੈ ਜਿਹੜੀ ਏਸ ਜਗਤ ਦੀ ਨੀਂਹ ਹੈ। ਚਿੱਤਰਾਵਲੀ ਵਿਚ ਪੰਛੀ ਦੀ ਅਜਿਹੀ ਬੈਠਕ ਦੀ ਇਹ ਇਕੋ ਇਕ ਮਿਸਾਲ ਹੈ।

ਚਿੱਤਰ (2) (3) (12) ਵਿਚ ਲਘੂਤਾ-ਆਕ੍ਰਸ਼ਨ (levitation) ਸਦਕੇ ਬਾਬਾ ਨਾਨਕ ਪਰਾਸੰਸਾਰੀ ਹੋ ਜਾਂਦਾ ਹੈ। ਇਹ ਗੱਲ ਨਹੀਂ ਕਿ ਆਲਮ ਚੰਦ ਰਾਜ ਨੂੰ ਆਪਣੇ ਆਕਾਰਾਂ (figures) ਦਾ ਸੰਤੁਲਨ ਰੱਖਣਾ ਨਹੀਂ ਆਉਂਦਾ।

7798

ਚਿੱਤਰਕਾਰ ਕਈ ਥਾਵਾਂ ਤੇ ਚਿੰਨ੍ਹ ਮਾਤਰ ਹੋ ਗਿਆ ਹੈ। 'ਮੂਲੇ ਖਤਰੀ ਦੇ ਘਰ ਸਾਧੂ, ਬਾਬਾ ਨਾਨਕ ਤੇ ਮਰਦਾਨਾ' (23) ਵਿਚ ਦਰੱਖਤ ਦੀ ਛੱਤਰੀ ਦੇ ਨਾਲ ਦੀਆਂ ਬਾਰੀਆਂ ਦੇ ਚਿੰਨ੍ਹ ਮਾਤਰ ਵਿਅਕਤੀ ਦਰਸ਼ਕਾਂ ਦੀ ਭੀੜ ਲਈ ਹਨ ਜਿਹੜੀ ਬਾਬੇ ਦੇ ਸਾਧੂਆਂ ਨੂੰ ਵੇਖ ਰਹੀ ਹੈ। ਇਹੀ ਗੱਲ 'ਦੋ ਬੰਦੇ, ਬਾਬਾ ਨਾਨਕ ਤੇ ਮਰਦਾਨਾ' (41) ਵਿਚ ਹੈ। ਚਿੱਤਰ (5) 'ਬਾਬਾ ਨਾਨਕ ਤੇ ਮਰਦਾਨਾ ਉਜਾੜ ਵਿਚ' ਬਾਬਾ ਨਾਨਕ ਦਾੜ੍ਹੀ ਆਉਣ ਨਾਲ ਆਤਮਕ ਤੌਰ 'ਤੇ ਪ੍ਰੌੜ ਹੋ ਗਿਆ ਹੈ ਅਤੇ ਇਹ 'ਉਦਾਸੀ' ਦਾ ਕਾਰਨ ਸਿੱਧ ਹੁੰਦੀ ਹੈ। 'ਬਾਬਾ ਨਾਨਕ ਨਿਰੰਕਾਰ ਦੇ ਮਹਲ' (28) ਵਿਚ ਬਾਬੇ ਦੀ ਦਾੜ੍ਹੀ ਚਿੱਟੀ ਹੋਣ ਲੱਗੀ ਹੈ। ਚਿੱਤਰਕਾਰ ਨੂੰ ਪਤਾ ਹੈ ਕਿ ਬਾਬੇ ਨਾਨਕ ਨੂੰ ਬਾਬਾ ਕਹਿਣ ਦਾ ਕੋਈ ਦੈਵੀ ਕਾਰਨ ਵੀ ਹੈ। ਚਿੱਤਰ (47) ਵਿਚ ਚਾਰ ਧੁਜਾਂ ਧਨਾਡ ਦੇ ਚਾਰ ਗੰਜਾਂ ਲਈ ਹਨ।

ਬਾਬਾ ਨਾਨਕ ਪਰਮਾਤਮਾ ਦਾ ਸਭ ਤੋਂ ਵੱਡਾ ਭਗਤ ਹੈ ਜਿਹੜਾ ਗੋਸ਼ਟੀਆਂ ਰਾਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਰਨਾਂ ਧਾਰਮਿਕ ਆਗੂਆਂ ਨੂੰ ਪ੍ਰਾਜਿਤ ਕਰਕੇ ਆਪਣੀ ਆਤਮਕ ਸਰਵਸ਼ਕਤੀਮਾਨਤਾ ਸਥਾਪਤ ਕਰਦਾ ਹੈ। ਬਾਬੇ ਨਾਨਕ ਦਾ ਰੂਹਾਨੀ ਦਰਜਾ ਅਬਦੁਲ ਰਹਿਮਾਨ ਦੇ ਉੱਤੋਂ ਦੀ ਹੈ। ਜਨਮਸਾਖੀ ਦੇ ਪਾਠ ਵਿਚ ਉਹਨੂੰ ਮੀਆਂ ਮਿੱਠਾ ਕਹਿੰਦਾ ਹੈ ਕਿ ਉਹ 'ਖੁਦਾਇ ਕਾ ਲਾਲੁ' ਦੇ ਮਿਲਣ ਸਦਕੇ 'ਲਾਲ ਰੰਗੀਨ' ਹੋ ਗਿਆ ਹੈ। 'ਖੁਦਾਇ ਕਾ ਲਾਲੁ' ਬਾਬਾ ਨਾਨਕ ਹੈ, 'ਲਾਲ' ਜਾਂ ਰਤਨ ਬਾਣੀ ਵਿਚ 'ਨਾਮ' ਦਾ ਚਿੰਨ੍ਹ ਹੈ। ਲਾਲ ਰੰਗ ਵਾਲਾ 'ਮਜੀਠ' ਸਿੱਖ ਧਰਮ ਵਿਚ ਸ਼ਰਧਾ ਦਾ ਪ੍ਰਤੀਕ ਹੈ। ਇਸ ਕਰਕੇ ਚਿੱਤਰ (7) ਵਿਚ ਫਕੀਰ ਅਬਦੁਲ ਰਹਿਮਾਨ ਦੀ ਮੁਸਲਮਾਨੀ ਨੀਲੀ ਪੁਸ਼ਾਕ ਦਾ ਰੰਗ ਲਾਲ ਹੋ ਗਿਆ ਹੈ। ਚਿੱਤਰਾਵਲੀ ਵਿਚ ਬਾਬੇ ਨਾਨਕ ਦੀ ਟੋਪੀ ਅਤੇ ਮਰਦਾਨੇ ਦੇ ਕਪੜਿਆਂ ਦਾ ਰੰਗ ਗੂੜ੍ਹਾ ਲਾਲ ਰਹਿੰਦਾ ਹੈ। ਅਬਦੁਲ ਰਹਿਮਾਨ ਦੀ ਟੋਪੀ ਦਾ ਰੰਗ ਬਾਬੇ ਦੀ ਟੋਪੀ ਜਿਹਾ ਹੈ, ਨਾ ਕਿ ਮੀਆਂ ਮਿੱਠੇ ਦੀ ਟੋਪੀ ਵਾਲਾ ਮੁਸਲਮਾਨੀ ਰੰਗ ਹੈ। ਬਾਬੇ ਨਾਨਕ ਦੀਆਂ ਮੱਕੇ ਦੇ ਮਜਾਵਰ (12), ਸ਼ੇਖ ਰੁਕਨ-ਉਦ-ਦੀਨ (13), ਹਾਜੀ ਰਤਨ (14), ਕਮਾਲ ਅਤੇ ਸ਼ੇਖ ਇਬਰਾਹੀਮ (15), ਕਰੋੜੀਆ (17) ਜਾਦੂਗਰਨੀਆਂ (19), ਗੋਰਖਨਾਥ (20) ਦੁਰਗਾ ਦੇ ਪੁਜਾਰੀ (22), ਸਿੱਧਾਂ (27, 44), ਰਾਜੇ (29, 32, 35), ਫੈਲਸੂਫ (52), ਗੋਰਖਨਾਥ ਤੇ ਕਾਲ (53), ਰਾਖਸ਼ (8) ਅਤੇ ਕਲਜੁਗ (10) 'ਤੇ ਜਿੱਤਾਂ ਦਾ ਸਿੱਧਾ ਚਿਤਰਨ ਹੈ।

ਚਿੱਤਰਕਾਰ ਅਧੀਨਗੀ ਦਰਸਾਉਣ ਲਈ ਲਾਲ ਰੰਗ ਦੀ ਚਿੰਨ੍ਹ ਸਮਾਨ ਵਰਤੋਂ ਕਰਦਾ ਹੈ ਜਿਵੇਂ ਕਮਾਲ ਦੇ ਕਪੜੇ (15) ਰਾਜੇ ਦਾ ਜਾਮਾ (29, 32, 35), ਅਯਾਲੀ ਦੀ ਪੱਗ (40), ਅਚੱਲ ਦਾ ਸਰੋਵਰ (27, 44), ਸ਼ਾਹ ਦਾ ਪਹਿਰਾਵਾ (47) ਭੂਮੀਏ ਚੋਰ ਦੀ ਪੋਸ਼ਾਕ (49) ਅਤੇ ਸ਼ੇਖ ਸ਼ਰਫ ਦੇ ਜ਼ਨਾਨਾ ਕੱਪੜੇ (50) ਹਨ। ਬਾਬਾ ਨਾਨਕ ਦੀ ਅਤੇ ਕਬੀਰ ਸਾਹਿਬ ਦੀ ਟੋਪੀ ਦਾ ਰੰਗ ਉਹਨਾਂ ਦੇ ਸਾਂਝੇ ਆਤਮਕ ਤੱਤ ਨੂੰ ਦਰਸਾਉਂਦਾ ਹੈ ਜਿਸ ਦਾ ਆਧਾਰ ਸਿੱਖ ਬ੍ਰਹਮਵਿਦਿਆ ਹੈ। ਕਬੀਰ ਸਾਹਿਬ ਦੇ ਜਾਮੇ ਦਾ ਸਫੈਦ ਰੰਗ ਆਤਮਿਕਤਾ ਦਾ ਲਖਾਇਕ ਹੈ ਜਿਸ ਦੀ ਸਾਂਝ ਕੇਵਲ ਬਾਬੇ ਨਾਨਕ (6, 10, 29, 44), ਮਹਿਤਾ ਕਾਲੂ (4,6), ਕਾਲ (53) ਗੁਰੂ ਅੰਗਦ (21, 22), ਗੋਰਖਨਾਥ (20, 27, 44) ਅਤੇ ਸਿੱਖ (11) ਨਾਲ ਹੈ। ਸਫੈਦ ਰੰਗ ਚੋਰ (9) ਦੇ ਆਤਮਕ 'ਭੇਖ' ਦਾ ਉੱਤਮ ਪ੍ਰਗਟਾਵਾ ਹੈ। ਆਲਮ ਚੰਦ ਰਾਜ ਕੋਲ ਜੁਗਤ-ਸਮਗ੍ਰੀ ਹੈ। ਕਈ ਵਾਰ ਇਕ ਜੁਗਤ ਦੂਸਰੀ ਜੁਗਤ ਨੂੰ ਕੱਟ ਦਿੰਦੀ ਹੈ ਜਿਵੇਂ ਕਿ ਪਠਾਨ ਦੇ ਪਹਿਰਾਵੇ ਦਾ ਚਿੱਟਾ ਰੰਗ ਹੇਠਲੇ ਸਮਤਲ ਨੇ ਮਨਫੀ ਕਰ ਦਿੱਤਾ ਹੈ।

ਆਲਮ ਚੰਦ ਰਾਜ ਦੀਆਂ ਕਈ ਜੁਗਤਾਂ ਹਨ ਜਿਹਨਾਂ ਰਾਹੀਂ ਉਹ ਬਾਬੇ ਨਾਨਕ ਦੀ ਆਤਮਕ ਸਰਵਸ਼ਕਤੀਮਾਨਤਾ ਬਣਾਉਂਦਾ ਹੈ। ਬਾਬੇ ਨਾਨਕ ਨੂੰ ਦੈਵੀ ਦਰਸ਼ਾਉਣ ਦੀ ਇਕ ਵਿਧੀ ਬਾਬੇ ਦੇ ਚਿਹਰੇ ਨੂੰ ਤਿੰਨ ਚੌਥਾਈ ਚਿੱਤ੍ਰਨ ਵਿਚ ਹੈ; ਬਾਕੀ ਸਾਰੇ ਦੇ ਸਾਰੇ ਵੱਡੇ ਪਾਤਰ ਇਕ ਪਾਸਿਉ ਚਿੱਤਰੇ ਗਏ ਹਨ। ਏਸ ਤੋਂ ਉਲਟ ਕੇਵਲ ਲਘੂ ਪਾਤਰਾਂ ਨੂੰ ਹੀ ਤਿੰਨ ਚੌਥਾਈ ਚਿਹਰੇ ਨਾਲ ਵਿਖਾਇਆ ਗਿਆ ਹੈ। ਜਿਵੇਂ ਵਿਦਿਆਰਥੀ (1),

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਖਸ਼ ਦੇ ਕੈਦੀ (8), ਨੱਚਦੇ ਪਠਾਨ (16), ਮੋਹਿਣੀਆਂ (19, 34), ਦੁਰਗਾ ਦਾ ਉਪਾਸ਼ਕ (21) ਮੱਕੇ ਦਾ ਹਾਜੀ (30), ਸਾਧਾਰਨ ਵਿਅਕਤੀ (36, 41, 42) ਹਨ। ਤਿੰਨ ਚੌਥਾਈ ਚਿਹਰੇ ਦੀ ਜੁਗਤ ਕਿਸੇ ਹੋਰ ਵਿਧੀ ਨਾਲ ਮਨਫ਼ੀ ਕੀਤੀ ਜਾ ਸਕਦੀ ਹੈ। ਰਾਖਸ਼ ਦੇ ਚਿਹਰੇ ਦਾ ਚਿੰਨ੍ਹ (8) ਉਹਦੀ ਪਾਸ਼ਵਿਕਤਾ ਨੇ ਕੱਟ ਦਿਤਾ ਹੈ; ਸਿੱਧਾਂ ਦਾ (20, 27, 44) ਤਿੰਨ ਚੌਥਾਈ ਚਿੱਤਰਨ ਉਹਨਾਂ ਦੇ ਛੋਟੇ ਆਕਾਰਾ ਨੇ ਮੁਕਾ ਦਿੱਤਾ ਹੈ; ਅਤੇ ਮੱਕੇ ਦੇ ਹਾਜੀ (30), ਕਾਲ (5), ਜੋਗੀਸ਼ਰਾਂ (57) ਦਾ ਚਿੱਤਰਨ ਨੀਵੇਂ ਸਮਤਲ ਨੇ ਮਹੱਤਵ-ਹੀਨ ਕਰ ਦਿੱਤਾ ਹੈ। ਕੇਵਲ ਕਬੀਰ ਸਾਹਿਬ ਦੇ ਚਿਹਰੇ ਦੀ ਜੁਗਤ ਹੀ ਬਾਬੇ ਨਾਨਕ (31) ਦੇ ਚਿਹਰੇ ਵਾਲੀ ਹੈ। ਕਬੀਰ ਸਾਹਿਬ ਦਾ ਚਿਹਰਾ ਰਤਾ ਕੁ ਛੋਟਾ ਹੈ ਅਤੇ ਉਹ ਭੋਰਾ ਕੁ ਨੀਵੇਂ ਪੱਧਰ 'ਤੇ ਹੈ। ਇਸ ਨਿੱਕੇ ਜਿਹੇ ਅੰਤਰ ਦੇ ਬ੍ਰਹਮਵਿਦਿਅਕ ਅਰਥ ਹਨ। ਚਿੱਟੇ ਵਸਤਰਾਂ ਦੀ ਚਿੰਨ੍ਹਵਾਦੀ ਵਰਤੋਂ ਦੇ ਸੰਦਰਭ ਵਿਚ ਬਾਬੇ ਨਾਨਕ ਅਤੇ ਕਬੀਰ ਸਾਹਿਬ ਦੀ ਆਤਮਕ ਸਮਰੂਪਤਾ ਦਾ ਵਰਣਨ ਅੱਗੇ ਹੀ ਆ ਚੁੱਕਾ ਹੈ।

ਚਿੱਤਰਾਂ ਵਿਚ ਬਾਬੇ ਨਾਨਕ ਦਾ ਸਮਤਲ ਹਮੇਸ਼ਾ ਉੱਚਾ ਹੁੰਦਾ ਹੈ। ਦੂਜਿਆਂ ਦੇ ਮੁਕਾਬਲੇ 'ਚ ਬਾਬੇ ਦੇ ਵਸਤਰਾਂ ਦੀ ਅਮੀਰੀ ਮਾਲੂਮ ਹੁੰਦੀ ਹੈ। ਸ਼ਾਇਦ ਆਧੁਨਿਕ ਦਰਸ਼ਕ ਨੂੰ ਇਸ ਗੱਲ ਦਾ ਧੱਕਾ ਲੱਗੇ ਕਿ ਮੱਧਕਾਲ ਵਿਚ ਅਮੀਰੀ ਅਤੇ ਆਤਮਕਤਾ ਅਜੋੜ ਨਹੀਂ ਸਨ। ਚਿੱਤਰਾਂ ਵਿਚ ਗੁਰੂ ਨਾਨਕ ਦੇ ਆਕਾਰ (figure) ਦਾ ਖੇਤਰਫਲ ਵੀ ਜ਼ਿਆਦਾ ਹੁੰਦਾ ਹੈ। ਬਾਬੇ ਨਾਨਕ ਦੇ ਸਿਰ 'ਤੇ ਬਿਰਛ ਦਾ ਛੱਤਰ ਉਦੋਂ ਹੀ ਨਹੀਂ ਹੁੰਦਾ ਜਦੋਂ ਚਿੱਤਰ ਦਾ ਪ੍ਰਬੰਧ (composition) ਇਹਦੀ ਆਗਿਆ ਨਹੀਂ ਦਿੰਦਾ। ਏਸ ਦੇ ਬਾਵਜੂਦ 'ਅਚੱਲ ਸਿੱਧਾਂ ਨਾਲ' (27, 44) ਦੇ ਚੈਤ੍ਰੀ (pictorial) ਪ੍ਰਤੀਕ ਸੰਦੇਹ ਉਪਜਾਊ ਹਨ। ਬਿਰਛ ਵਿਚ ਪੰਛੀਆਂ ਦੀ ਹਲਚਲ ਅਤੇ ਫਲਾਂ ਦੀ ਬਹੁਲਤਾ ਬਾਬੇ ਨਾਨਕ ਦੀ ਆਤਮਕ ਸ਼ਕਤੀ ਦਾ ਇਸ਼ਾਰਾ ਕਰਦੀ ਹੈ ਜਿਸ ਦੇ ਸਦਕੇ ਦੀ ਰੌਣਕ ਹੈ।

ਚਿੱਤਰਕਾਰ ਬਾਬੇ ਨਾਨਕ ਦੀ ਨਜ਼ਰ ਦੀ ਤਕਨੀਕੀ ਵਰਤੋਂ ਕਰਦਾ ਹੈ ਜਿਹੜੀ ਉਪਰਾਮਤਾ ਲਿਆਉਣ ਵਾਲੀ ਹੈ। ਜਿਥੇ ਹੋਰ ਪਾਤਰ ਕਾਰਜ ਦੇ ਕੇਂਦਰ ਜਾਂ ਬਾਬੇ 'ਤੇ ਨਜ਼ਰਾਂ ਟਕਾ ਰਹੇ ਹੁੰਦੇ ਹਨ ਉਥੇ ਬਾਬੇ ਦੀ ਦ੍ਰਿਸ਼ਟੀ ਪਾਤਰਾਂ ਦੇ ਜਗਤ 'ਚੋਂ ਲੰਘਦੀ ਦਰਸ਼ਕ 'ਤੇ ਪੈਂਦੀ ਹੈ। ਇਹ ਜੁਗਤ ਖਾਸ ਕਰ ਉਥੇ ਵਰਤੀ ਗਈ ਹੈ ਜਿਥੇ ਕਈ ਪਾਤਰ ਹਨ ਜਿਵੇਂ (6, 7, 8, 10, 11, 15, 19, 23, 27, 29, 32, 34, 35, 36, 41. 44, 45, 46, 48, 50, 52, 53) ਚਿੱਤਰ ਹਨ। ਇਸ ਤਰ੍ਹਾਂ ਦੀ ਦੋਹਰੀ ਦ੍ਰਿਸ਼ਟੀ (41, 48) ਸੰਸਾਰ ਅਤੇ ਪਰਾਸੰਸਾਰ ਦੇ ਦੂਹਰੇ ਅਵਲੋਕਨ ਦੇ ਸਮਾਨ ਹੋ ਜਾਂਦੀ ਹੈ। ਇਹ ਚੈਤ੍ਰੀ ਜੁਗਤ ਜਨਮ ਸਾਖੀ ਦੀ ਓਸ ਜੁਗਤ ਦੇ ਸਮਾਨੰਤਰ ਹੈ ਜਿਸ ਰਾਹੀਂ ਆਤਮਕ ਸੰਦੇਸ਼ ਲਈ ਪਾਠਕ ਦੇ ਮਨ ਦੀ ਭਾਵਕ ਅਵਸਥਾ ਬਣਾਈ ਜਾਂਦੀ ਹੈ। ਮੱਕੇ (12) ਬਾਬੇ ਨਾਨਕ ਦੀਆਂ ਬੰਦ ਅੱਖਾਂ ਦਾ ਮਤਲਬ ਹੈ ਕਿ ਬਾਬੇ ਦੀ ਦ੍ਰਿਸ਼ਟੀ 'ਨਿਰੰਕਾਰ ਦੇ ਮਹਲ' ਪਹੁੰਚ ਗਈ ਹੈ। ਇਥੇ ਲਘੂਤਾ-ਆਕ੍ਰਸ਼ਨ ਅਤੇ ਬੰਦ ਅੱਖਾਂ ਦੀਆਂ ਜੁਗਤਾਂ ਇਕ ਦੂਜੇ ਨੂੰ ਪੁਨਰ-ਬਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੰਦੀਆਂ ਹਨ । ਇਹ ਗੱਲ ਦਿਲਚਸਪ ਹੈ ਕਿ ਤਕਰੀਬਨ ਹਮੇਸ਼ਾ ਹੀ ਮਰਦਾਨੇ ਦੀ ਨੀਝ ਵਰਵਾਰ (horizontal) ਹੁੰਦੀ ਹੈ । ਜਿਸ ਦਾ ਸੁਝਾਉ ਨਿਰਮਾਣ ਸ਼ਰਧਾ ਦਾ ਹੈ । ਇਹ ਗੱਲ ਉਹਦੇ ਗੂੜ੍ਹੇ ਵਸਤਰਾਂ ਦੇ ਰੰਗ ਦੇ ਚਿੰਨ੍ਹ ਨਾਲ ਹੋਰ ਵੀ ਪੱਕੀ ਹੁੰਦੀ ਹੈ । ਇੰਝ ਲੱਗਦਾ ਹੈ ਜਿਵੇਂ ਸਾਰੀਆਂ ਜੁਗਤਾਂ 'ਭਗਤ ਕਬੀਰ ਨਾਲ' (31) ਵਿਚ ਆ ਕੇ ਜਮ੍ਹਾ ਹੋ ਗਈਆਂ ਹਨ । ਚਿੱਤਰ ਵਿਚ ਪੰਛੀਆਂ ਦਾ ਧਿਆਨ ਵੀ ਕਾਰਜ ਦੀ ਤੀਬਰਤਾ ਨੂੰ ਦੁਹਰਾਉਂਦਾ ਹੈ । ਇਥੋਂ ਤੱਕ ਕਿ ਇਹਨਾਂ ਦੀ ਹਰਕਤ ਉਡਾਰੀ ਦਾ ਵੀ ਕੋਈ ਮਤਲਬ ਹੁੰਦਾ ਹੈ । ਚਿੱਤਰ (49) ਦੇ ਪੰਛੀ ਆਕਾਰਾਂ ਦੇ ਪ੍ਰਬੰਧ (composition) ਨੂੰ ਦੁਹਰਾਉਂਦੇ ਹਨ । ਚਿੱਤਰ (31) ਵਿਚ ਮੋਰ ਜਿਹਾ ਪੰਛੀ ਬਾਬੇ ਨਾਨਕ ਵਾਲੇ ਬਿਰਛ ਤੋਂ ਕਬੀਰ ਸਾਹਿਬ ਵਾਲੇ ਪਾਸੇ ਜਾਂਦਾ ਹੈ । ਅਜਿਹਾ ਮੋਰ ਪੰਛੀ ਗੁਰੂ ਅੰਗਦ ਵਾਲੀ ਧਿਰ ਤੋਂ ਬਾਬੇ ਨਾਨਕ ਵਾਲੀ ਧਿਰ ਜਾਂਦਾ ਹੈ ਜਦੋਂ ਗੁਰੂ ਅੰਗਦ ਸਾਹਿਬ ਨੂੰ ਗੁਰਗੱਦੀ ਮਿਲਦੀ ਹੈ । ਤਾਂ ਕੋਈ ਹੈਰਾਨੀ ਨਹੀਂ ਕਿ ਹੁਣ (54) ਚਿੱਤਰ ਵਿਚ ਗੁਰੂ ਅੰਗਦ ਸਾਹਿਬ ਦਾ ਪੱਧਰ ਬਾਬੇ ਨਾਨਕ ਨਾਲੋਂ ਰਤਾ ਕੁ ਉੱਚਾ ਹੈ ।

ਚਿੱਤਰਾਂ ਵਿਚ 'ਦੁਨੀਆਂ ਦੇ ਕੰਢੇ' ਵਾਲਾ ਪਰਿਪੇਖ (perspective) ਹੈ । ਚਿੱਤਰ (17) ਵਿਚ ਅਜਿਹਾ ਪਰਿਪੇਖ ਇਹ ਸੁਝਾਉ ਦਿੰਦਾ ਹੈ ਕਿ ਕਰੋੜੀਏ ਨਾਲ ਮੁਲਾਕਾਤ ਪਿੰਡ ਤੋਂ ਦੂਰ ਹੋ ਰਹੀ ਹੈ । ਪਿੰਡ ਤੋਂ ਦੂਰ ਵਾਲਾ ਪ੍ਰਭਾਵ 'ਮਾਤਾ ਪਿਤਾ ਨਾਲ' ਚਿੱਤਰ (6) ਵਿਚ ਵੀ ਹੈ । 'ਦੁਨੀਆਂ ਦੇ ਕੰਢੇ' ਦਾ ਪਰਿਪੇਖ ਆਤਮਿਕਤਾ ਨੂੰ ਗ੍ਰਹਿਣ ਕਰਨ ਵਾਲੀ ਮਾਨਸਿਕ ਅਵਸਥਾ ਪੈਦਾ ਕਰਨ ਦੇ ਸਮਾਨ ਹੈ । ਚਿੱਤਰਾਂ ਵਿਚ ਆਸਮਾਨ ਦੀ ਤਕਰੀਬਨ ਅਣਹੋਂਦ ਹੈ । ਜਿਹੜਾ ਹੈ ਉਹ ਪੰਛੀਆਂ ਦੀਆਂ ਉਡਾਰੀਆਂ ਨਾਲ ਭਰਿਆ ਹੈ । ਇਸ ਦੇ ਬਾਵਜੂਦ ਚਿੱਤਰਾਂ ਵਿਚ ਘੁੱਟਣ ਅਤੇ ਬੰਦੀਤ੍ਰਾਸ (claustrophobia) ਦਾ ਪ੍ਰਭਾਵ ਨਹੀਂ । ਕੀ ਵਰੋਧਾਰਥ ਹੈ ਕਿ ਆਤਮਕ ਉਡਾਣ ਦੇ ਪਰਿਪੇਖ ਨੇ ਚੈਤ੍ਰੀ ਸਥਾਨ (space) ਦਾ ਬਹੁਤ ਖੁੱਲ੍ਹਾ ਜਗਤ ਬਣਾ ਦਿੱਤਾ ਹੈ, ਖਾਸ ਕਰਕੇ (3, 6, 7, 8, 10, 11, 14, 15, 20, 22, 26, 46, 51, 52, 53, 56) ਵਿਚ । ਇੰਝ 'ਮੋਟਿਫ' (motifs) ਅਤੇ ਜੁਗਤਾਂ ਦੀ ਇਕਾਗ੍ਰਤਾ ਨੇ ਕਿਸੇ ਵੀ ਮੱਯੀਆਰ ਤੋਂ ਪਰਖਦਿਆਂ 'ਬਾਬੇ ਨਾਨਕ ਤਪ ਅਰੰਭਿਆ' (13) 'ਨਿਰੰਕਾਰ ਦੇ ਮਹਲ' (28), 'ਭਗਤ ਕਬੀਰ ਨਾਲਿ' (31), 'ਗੁਰੂ ਅੰਗਦ ਨੂੰ ਗੁਰਗੱਦੀ' (54) ਨੂੰ ਮਹਾਨ ਚਿੱਤਰਕਾਰੀ ਦੇ ਉਦਾਹਰਣ ਬਣਾ ਦਿੱਤਾ ਹੈ ।

ਆਲਮ ਚੰਦ ਰਾਜ ਹੱਥ ਦੀ ਸੈਨਤ ਨੂੰ ਬੜੇ ਸੁਹਣੇ ਢੰਗ ਨਾਲ 'ਆਤਮਕ ਸੰਘਰਸ਼' ਵਿਖਾਉਣ ਲਈ ਇਸਤੇਮਾਲ ਕਰਦਾ ਹੈ । ਪਾਂਧੇ ਦਾ ਹੱਥ (1) ਅਧਿਕਾਰ-ਸਹਿਤ ਹੀ ਉਠਿਆ ਹੈ । ਰਾਇ ਬੁਲਾਰ, ਤਲਵੰਡੀ ਦੇ ਚੌਧਰੀ ਦੀ ਅਧਿਕਾਰ ਵਾਲੀ ਇੰਗਤ (3) ਹੈ । ਫੇਰ ਚਿੱਤਰ (6) ਤੋਂ ਬਾਅਦ ਕੇਵਲ ਬਾਬੇ ਨਾਨਕ ਦੇ ਹੱਥ ਦੇ ਇਸ਼ਾਰੇ ਵਿਚ ਹੀ ਅਧਿਕਾਰ ਹੈ । ਬਾਬੇ ਨਾਨਕ ਦੇ ਆਤਮਕ ਅਧਿਕਾਰੀ ਹੱਥ (7) ਨੇ ਆਪਣੇ ਚਿੰਨ੍ਹ ਦੀ ਮਾਲਾ ਫੜੀ ਹੈ । ਇਸੇ ਤਰ੍ਹਾਂ ਚਿੱਤਰ (7) ਵਿਚ ਅਬਦੁਲ ਰਹਿਮਾਨ ਵੀ ਸਿਧਾਂਤਕ ਨੁਕਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੇਸ਼ ਕਰ ਰਿਹਾ ਹੈ ਜਿਸ ਦੀ ਕਾਟ ਹੋਰ ਜੁਗਤਾਂ ਕਰਦੀਆਂ ਹਨ। ਭੋਲੇ ਚੋਰ (9) ਨੇ ਅਜੇ ਤਾਬੇ ਹੋਣਾ ਹੈ। ਇੰਝ ਮੱਕੇ ਦੇ ਮੁਜਾਵਰ (12) ਦੇ ਹੱਥ ਦਾ ਇਸ਼ਾਰਾ ਸਮਝ ਆਉਂਦਾ ਹੈ ਕਿਉਂਕਿ ਉਹ ਰੋਸ ਪ੍ਰਗਟ ਕਰ ਰਿਹਾ ਹੈ। ਇੰਝ ਹੀ ਸੁਮੇਰ 'ਤੇ ਬੈਠੇ ਸਿੱਧ (20) ਹੱਥ ਦੇ ਇਸ਼ਾਰੇ ਰਾਹੀਂ ਸਿਧਾਂਤਕ ਮੱਤ ਪੇਸ਼ ਕਰ ਰਹੇ ਹਨ। ਪਰ ਚਿੱਤਰਾਵਲੀ ਦਾ ਸਾਧਾਰਨ ਨਿਯਮ ਕਲਿਯੁਗ (10) ਵਾਂਗੂ ਅਧੀਨਗੀ 'ਚ ਹੱਥ ਬੰਨ੍ਹਣਾ ਹੈ। ਜਾਂ ਫੇਰ ਇਹ ਹਾਜੀ ਰਤਨ (13) ਅਤੇ ਦੱਤਾਤ੍ਰੇਯ (46) ਵਾਂਗੂ ਗੋਡਿਆਂ 'ਤੇ ਟਿਕੇ ਹਨ। ਕਾਲ (53) ਭਾਵੇਂ ਹੇਠਲੇ ਪੱਧਰ 'ਤੇ ਹੋਣ ਕਰਕੇ ਬਾਬੇ ਨਾਨਕ ਦੇ ਅਧੀਨ ਹੈ ਪਰ ਉਹਦੀ ਅਧਿਕਾਰੀ ਇੰਗਤ ਇਸ ਲਈ ਹੈ ਕਿ ਕਾਲ ਦੇ ਤੱਥ ਨੇ ਹੀ ਆਤਮਿਕਤਾ ਪੈਦਾ ਕੀਤੀ ਹੈ। ਸਾਨੂੰ ਇਕ ਵਾਰ ਫੇਰ 'ਭਗਤ ਕਬੀਰ ਨਾਲਿ' (31) ਦੀ ਬ੍ਰਹਮਵਿਦਿਅਕ ਤੌਰ ਤੇ ਕਲਾਤਮਕ ਪ੍ਰਾਪਤੀ ਦਾ ਖਿਆਲ ਆਉਂਦਾ ਹੈ। ਬਾਬੇ ਨਾਨਕ ਦੀ ਆਤਮਕ ਸਰਵਸ਼ਕਤੀਮਾਨਤਾ ਸਥਾਪਿਤ ਕਰਨ ਦੀ ਚੈਤ੍ਰੀ ਜੁਗਤ ਸਾਮਗ੍ਰੀ ਚੋਣਵੇਂ ਤਰੀਕੇ ਨਾਲ ਸੰਦਰਭ ਅਤੇ ਸਿਧਾਂਤ ਦੀ ਲੋੜ ਅਨੁਸਾਰ ਵਰਤੀ ਜਾਂਦੀ ਹੈ।

ਬੀ-40 ਜਨਮਸਾਖੀ ਵਿਚ ਸਿੱਖ ਸਿਧਾਂਤਾਂ 'ਤੇ ਵੇਰਵੇ ਸਹਿਤ ਬਹਿਸ ਹੈ। ਸਿੱਖ ਮੱਤ ਦਾ ਮੁੱਢਲਾ, ਮਹੁਤਵਪੂਰਨ ਸਵਾਲ ਬਾਬੇ ਨਾਨਕ ਦੀ ਗੁਰਿਆਈ ਦੀ ਪ੍ਰਕਿਰਤੀ ਬਾਰੇ ਹੈ। ਬਾਬਾ ਨਾਨਕ ਗੁਰੂ ਤੋਂ ਬਿਨਾ ਗੁਰੂ ਕਿਵੇਂ ਹੋਇਆ ? ਸਾਖੀ 29 ਵਿਚ ਨਿਰੰਕਾਰ ਦਾ ਬਾਬੇ ਨੂੰ ਬਚਨ ਹੈ, "ਜਾਹਿ ਮੇਰਾ ਨਾਉ ਸੁ ਤੇਰਾ ਨਾਉ। ਮੇਰਾ ਨਾਉ ਗੁਰੂ ਹੈ ਤੇਰਾ ਨਾਉ ਜਗਤ ਗੁਰੂ ਹੋਇਆ"। ਗੋਰਖਨਾਥ ਸਾਖੀ 22 ਵਿਚ ਬਾਬੇ ਨਾਨਕ ਨੂੰ ਕਹਿੰਦਾ ਹੈ "ਅਰ ਗੁਰੂ ਜਿ ਹੋਇਆ ਸੋ ਤੇਰੇ ਹੀ ਘਰਿ ਤੇ ਤੇਰਾ ਹੀ ਗੁਰੂ ਜਨਮੈਗਾ"। ਬਾਬਾ ਨਾਨਕ ਦਾ ਗੁਰੂ ਪਹਿਲਾਂ ਨਿਰੰਕਾਰ ਤੇ ਫੇਰ ਗੁਰੂ ਅੰਗਦ ਸਾਹਿਬ ਹਨ ਜਿਹਨਾਂ ਦਾ ਲਹਿਹਣੇ ਤੋਂ ਅੰਗਦ ਬਣਨ ਨਾਲ ਤੱਤ ਹੀ ਬਦਲ ਗਿਆ। ਇਸੇ ਮੱਤ ਦਾ ਚੈਤ੍ਰੀ ਵਰਣਨ (54) ਵਿਚ ਹੈ ਜਦੋਂ ਬਾਬਾ ਨਾਨਕ ਸਾਖੀ 53 ਵਿਚ ਲਹਿਣੇ ਨੂੰ "ਜਿਉ ਏ ਤਿਵੁ ਆਖਿ" ਕਹਿ ਕੇ ਗੱਦੀ ਦਿੰਦਾ ਹੈ ਅਤੇ ਗੁਰੂ ਅੰਗਦ ਬਾਣੀ ਉਚਾਰਨ ਦੇ ਹੱਕਦਾਰ ਹੋ ਜਾਂਦੇ ਹਨ। ਸਾਖੀ 23 ਵਿਚ ਬਾਬਾ ਨਾਨਕ ਤੇ ਗੁਰੂ ਅੰਗਦ ਦੀ "ਜੋਤਿ ਮਹਿ ਜੋਤਿ ਸਮਾਈ" ਜਿਸਦਾ ਚੈਤ੍ਰੀ ਵਰਣਨ (22) ਵਿਚ ਹੈ। ਪਾਠ ਹੀ ਦਰਸ਼ਕ ਦੀ ਚਿੱਤਰ ਵਿਚਲੇ ਗੁਰੂ ਅੰਗਦ ਦੀ ਪਛਾਣ ਕਰਨ ਵਿਚ ਸਹਾਇਤਾ ਕਰਦਾ ਹੈ—"ਤਾ ਗੁਰੂ ਅੰਗਦ ਦੇ ਉਪਰ ਜੋੜਾ ਕਪੜਿਆਂ ਦਾ ਮਹੀਨ ਖਰਾ ਸੁਪੈਦ ਸਾ"। ਇਥੇ ਇਹ ਗੱਲ ਸਵੀਕਾਰ ਕਰਨ 'ਚ ਕੋਈ ਹਰਜ ਨਹੀਂ ਕਿ (22) ਦਾ ਚੈਤ੍ਰੀ ਵਰਣਨ ਬਿਰਤਾਂਤ ਦੀ ਖੂਬੀ ਦੇ ਬਰਾਬਰ ਦਾ ਨਹੀਂ ਹੈ। ਸਚਿੱਤਰਨ ਅਤੇ ਬਿਰਤਾਂਤ ਦੇ ਦੋ ਵੱਖਰੇ ਵੱਖਰੇ ਸੁਭਾਉ ਹਨ; ਉਹਨਾਂ ਦੀ ਭਿੰਨਤਾ ਹੀ ਉਹਨਾਂ ਨੂੰ ਇਕ ਦੂਜੇ ਦੀ ਪੂਰਕ ਬਣਾਉਂਦੀ ਹੈ।

ਬੀ-40 ਜਨਮਸਾਖੀ ਸਨਾਤਨੀ ਗੁਰਪ੍ਰਨਾਲੀ ਦਾ ਸਮਰਥਨ ਕਰਦੀ ਹੈ। ਸਾਖੀ 27 ਵਿਚ ਬਾਬਾ ਨਾਨਕ ਅਜਿੱਤੇ ਰੰਧਾਵੇ ਨੂੰ ਦੱਸਦਾ ਹੈ "ਭਾਈ ਅਜਿਤਿਆ ਨਾਵੈਂ ਜਾਮੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਗ ਭਾਰੀ ਹੋਵੇਗਾ" , "ਬਚਾ ਘਰਿ ਘਰਿ ਮੰਜੀਆ ਪਾਇ ਬਹਨਿਗੇ"। ਸਾਖੀ 54 ਵਿਚ ਬਾਬੇ ਨਾਨਕ ਨੂੰ "ਗੋਵਿੰਦ" ਕਿਹਾ ਗਿਆ ਹੈ। ਗੁਰੂ ਅੰਗਦ ਸਾਹਿਬ ਦਾ ਸਚਿੱਤਰਨ ਹੀ ਸਨਾਤਨੀ ਗੁਰਪ੍ਰਨਾਲੀ ਦਾ ਸਮਰਥਨ ਕਰਦਾ ਹੈ ਕਿਉਂਕਿ ਉਹਨਾਂ ਦਾ ਚਿਹਰਾ ਮੁਹਰਾ ਗੁਰੂ ਗੋਬਿੰਦ ਸਿੰਘ ਵਾਲਾ ਹੈ। ਇੱਥੇ ਬਿੰਬ ਹੀ ਦਲੀਲ ਹੈ। ਦੂਸਰੇ, ਬਾਬੇ ਨਾਨਕ ਤੋਂ ਮਗਰੋਂ ਸਭ ਤੋਂ ਜਿਆਦਾ ਚਿੱਤਰ ਗੁਰੂ ਅੰਗਦ (21, 2', 54, 55, 56,) ਦੇ ਹਨ। ਚਿਤਰ (54) ਦੀ ਬ੍ਰਹਮਵਿਦਿਅਕ ਕਲਾ ਕੁਸ਼ਲਤਾ ਦੀ ਚਰਚਾ ਪਹਿਲਾਂ ਹੀ ਹੋ ਚੁੱਕੀ ਹੈ। ਇਸ ਤੋਂ ਮਗਰੋਂ ਅਜਿੱਤੇ ਰੰਧਾਵੇ (26, 43) ਦਾ ਨੰਬਰ ਆਉਂਦਾ ਹੈ, ਫੇਰ ਸਿੱਖ ਦਾ (11, 51) ਅਤੇ ਜੇ ਚਿਹਰੇ ਦੇ ਚਿਤਰਨ ਦਾ ਧਿਆਨ ਕਰੀਏ (9, 41, 49) ਤਾਂ ਇਹ ਪ੍ਰਭਾਵ ਪੈਂਦਾ ਹੈ ਕਿ ਸੂਰਤਾਂ ਲਿਖਣ ਵਾਲਾ ਅਸਿੱਧੇ ਤਰੀਕੇ ਨਾਲ ਗੁਰੂ ਗੋਬਿੰਦ ਸਿੰਘ ਦੇ ਪੰਥ ਦੇ ਨਕਸ਼ ਪੇਸ਼ ਕਰ ਰਿਹਾ ਹੈ। ਅੰਤ ਵਿਚ ਇਹ ਗੱਲ ਧਿਆਨਯੋਗ ਹੈ ਕਿ **ਬੀ-40 ਜਨਮ ਸਾਖੀ** ਉਸ ਸਮੇਂ ਲਿਖੀ ਗਈ ਜਦੋਂ ਸਿੱਖਾਂ ਨੂੰ ਤੰਗੀਆਂ ਦਿੱਤੀਆਂ ਜਾ ਰਹੀਆਂ ਸਨ । ਕੋਈ ਹੈਰਾਨੀ ਨਹੀਂ ਕਿ ਸਾਖੀ 38 ਰੁਹੇਲੇ ਪਠਾਣਾਂ ਨੂੰ ਸਿੱਖਾਂ ਨੂੰ ਤੰਗੀਆਂ ਦੇਣ ਤੋਂ ਮਨ੍ਹਾ ਕਰਦੀ ਹੈ ।

ਕਲਿਯੁਗ (10) ਚਿੱਤਰ ਸਿੱਖ ਬ੍ਰਹਮਵਿਦਿਆ ਦੇ ਮਹੱਤਵਪੂਰਨ ਮੱਤ ਦਾ ਪ੍ਰਗਟਾਵਾ ਕਰਦਾ ਹੈ। ਬਾਬੇ ਨਾਨਕ ਨੇ ਅਜਿਹਾ ਧਰਮ ਚਲਾਇਆ ਹੈ ਕਿ ਇਹਦੇ ਪੈਰੋਕਾਰਾਂ 'ਤੇ ਕਲਿਯੁਗ ਦਾ ਬੁਰਾ ਅਸਰ ਨਹੀਂ ਪੈਂਦਾ"ਤਾਂ ਬਾਬੇ ਕਹਿਆ ਜੋ ਕੋਈ ਮੇਰਾ ਸਿਖੁ ਹੋਵੇਗਾ ਤਿਸ ਨੂੰ ਦੁਖੁ ਨਾਹੀ ਦੇਵਣਾ। ਆਪਣੇ ਸਾਏ ਦਾ ਪਰਗਾਸ ਨਾਹੀ ਕਰਣਾ" । ਚਿੱਤਰ ਵਿਚ ਸੂਰਤਾਂ ਦੀ ਪਛਾਣ ਲਈ ਪਾਠ ਇਸ ਗੱਲ ਦਾ ਵੀ ਇਸ਼ਾਰਾ ਹੈ ਕਿ ਬਾਬੇ ਨੇ ਕਲਿਯੁਗ ਨੂੰ "ਮਨੁੱਖ ਰੂਪ" ਧਾਰਨ ਦਾ ਹੁਕਮ ਦਿੱਤਾ ਸੀ।

ਚਿੱਤਰ 'ਨਿਰੰਕਾਰ ਦੇ ਮਹਲ' (24) ਵਿਚ ਬਾਬਾ ਨਾਨਕ ਬਾਣੀ ਉਚਾਰਨ ਦੇ ਵਜਦ ਵਿਚ ਹੈ। ਬਾਬੇ ਨਾਨਕ ਦੀ ਮੁਦਰਾ ਨ੍ਰਿਤ ਦੀ ਅਸਥਿਰਤਾ ਵਾਲੀ ਹੈ। ਬਾਬੇ ਨਾਨਕ ਦੇ ਹੱਥ ਨਿਰੰਕਾਰ ਵਲ ਹਨ ਜਿਵੇਂ ਕਿਤੇ ਉਹ ਸ਼ਰਧਾ ਦੀ ਮਾਲਾ ਭੇਟ ਕਰਨ ਲੱਗੇ ਹੋਣ। ਗਹੁ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਬਾਬੇ ਨਾਨਕ ਦੇ ਸਰੀਰ ਦਾ ਭਾਰ ਦੋਵੇਂ ਪੈਰਾਂ 'ਤੇ ਹੀ ਨਹੀਂ। ਇਲਹਾਮ ਨੇ ਸੰਤੁਲਨ ਗੁਆ ਦਿੱਤਾ ਹੈ। ਪਰ ਬਾਬੇ ਨਾਨਕ ਦੇ ਆਕਾਰ (figure) ਵਿਚ ਉਲਾਰ ਨਹੀਂ । ਸ਼ਾਇਦ ਬਾਬੇ ਨਾਨਕ ਦੇ ਡਿਗਦੇ ਸਿਰ ਨੇ ਸਰੀਰ ਦਾ ਸੰਤੁਲਨ ਬਣਾ ਦਿੱਤਾ ਹੈ । ਬਾਬੇ ਨਾਨਕ ਦੀ ਲਮੇਰੀ ਗਰਦਨ ਨੇ ਚਿਹਰੇ ਨੂੰ ਉਤੇ ਚੁਕ ਦਿੱਤਾ ਹੈ ਜਿਵੇਂ ਕਿਤੇ ਨਿਰੰਕਾਰ 'ਤੇ ਨੀਝ ਲਾਉਣ ਕਾਰਨ ਬਾਬੇ ਨਾਨਕ ਨੂੰ ਰੱਬ ਦੇ ਰੂਪ ਦੀ ਚੌਂਧੀ ਲੱਗੀ ਹੈ। ਬਾਬੇ ਨਾਨਕ ਦੇ ਵਜਦ ਦਾ ਅਨੁਮਾਨ ਓਸ ਪੰਛੀ ਤੋਂ ਵੀ ਲੱਗ ਜਾਂਦਾ ਹੈ ਜਿਹੜਾ ਬਿਰਛ 'ਤੇ ਬੈਠਾ ਬਾਬੇ ਨਾਨਕ ਨੂੰ ਇਕਾਗਰਤਾ ਨਾਲ ਤੱਕ ਰਿਹਾ ਹੈ। ਬਾਬੇ ਨਾਨਕ ਦੀ 'ਧੁਰ ਕੀ ਬਾਣੀ' ਨੇ ਮਰਦਾਨੇ 'ਤੇ ਵੀ ਅਸਰ ਪਾਇਆ ਹੈ । ਉਨਮਾਦ 'ਚ ਵੱਜਦੀ ਰਬਾਬ ਮਰਦਾਨੇ ਦੇ ਮੋਢੇ ਨੂੰ ਧੱਕ ਰਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। ਮਰਦਾਨੇ ਦੇ ਚਿਹਰੇ ਦਾ ਪ੍ਰਭਾਵ ਹੈ ਕਿ ਉਹਦੀਆਂ ਅੱਖਾਂ ਬਾਬੇ ਨਾਨਕ ਨੂੰ ਵੇਖ ਕੇ ਟੱਡੀਆਂ ਰਹਿ ਗਈਆਂ ਹਨ। ਚਿੱਤਰ ਵਿਚ ਅੰਬਰ ਦਾ ਖੇਤ੍ਰ ਇੰਨਾ ਥੋੜਾ ਹੈ ਕਿ ਇਹ 'ਦੁਨੀਆਂ ਦੇ ਕੰਢੇ' ਦਾ ਪਰਿਪੇਖ ਹੈ। ਏਸ ਤਕਨੀਕੀ ਜੁਗਤ ਨੇ ਚਿੱਤਰ ਵਿਚ ਇਹ ਪ੍ਰਗਟਾਵ ਭਰ ਦਿੱਤਾ ਹੈ ਕਿ ਇਹ ਰੱਬ ਦਾ ਗੁਆਂਢ ਹੈ। ਭਾਵੇਂ ਦਰਸ਼ਕ ਚਿੱਤਰ ਦੇ ਚਿੰਨ੍ਹਵਾਦ ਨੂੰ ਨਾ ਵੀ ਸਮਝਦਾ ਹੋਵੇ ਤਾਂ ਵੀ ਉਹ ਲੌਕਿਕ ਮੁਹਾਵਰੇ ਵਿਚ ਇਲਹਾਮ ਜਾਂ ਆਮਦ ਦੀ ਬਹੁਤ ਸੁਹਣੀ ਤਸਵੀਰ ਤੋਂ ਪ੍ਰਭਾਵਿਤ ਹੋਏ ਬਿਨਾ ਰਹਿ ਨਹੀਂ ਸਕਦਾ। 'ਉਜਾੜ ਵਿਚ' (5) ਤੋਂ ਸਾਨੂੰ ਪ੍ਰਕਿਰਤੀ ਵਲ ਸਮਕਾਲੀ ਰਵੱਯੀਏ ਦੀ ਸਾਰ ਮਿਲਦੀ ਹੈ। 'ਭੋਲੇ ਚੋਰ ਨਾਲਿ' (9) ਵਿਚ ਸਮਾਜੀ ਇਤਿਹਾਸ ਹੈ। 'ਬਾਬੇ ਤਪ ਅਰੰਭਿਆ' (18) ਵਿਚ ਮੱਧਕਾਲੀ ਅਵਲੋਕਨ ਹੈ। 'ਨਿਰੰਕਾਰ ਦੇ ਮਹਿਲ' ਜਾਂ 'ਵਜਦ' (24) ਦੀ ਚਰਚਾ ਹੋ ਚੁੱਕੀ ਹੈ। 'ਭਗਤ ਕਬੀਰ ਨਾਲ' (31) ਅਤੇ 'ਬਾਬਾ ਨਾਨਕ, ਗੁਰੂ ਅੰਗਦ ਤੇ ਮਰਦਾਨਾ' (54) ਬ੍ਰਹਮਵਿਦਿਅਕ ਕਲਾ ਦੀਆਂ ਸਿਖਰਾਂ ਹਨ। ਚਿੱਤਰਕਲਾ ਦੇ ਖੇਤਰ ਵਿਚ 57 ਤਸਵੀਰਾਂ ਦੀ ਚਿੱਤਰਾਵਲੀ ਸਿੱਖ ਸੌਂਦਰਯ ਦੇ ਨਿਰੂਪਨ ਦੀ ਉੱਤਮ ਮਿਸਾਲ ਹੈ। ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਸਿੱਖ ਸੌਂਦ੍ਰਯ ਦਾ ਨਿਰੂਪਨ ਪਰੰਪਰਾਈ ਕਲਾ ਨਾਲੋਂ ਮੁਸ਼ਕਲ ਹੈ, ਸੌਖਾ ਨਹੀਂ। ਵਿਚਾਰਧਾਰਾ ਦੀ ਚਿੱਤਰਕਲਾ ਅਜਿਹੀ ਹੈ ਕਿ ਚਿੱਤਰਲੜੀ ਨੂੰ ਜ਼ਰੂਰੀ ਬਣਾ ਦਿੰਦੀ ਹੈ ਕਿਉਂਕਿ ਦਰਸ਼ਕ ਨੂੰ ਉਸ ਜੁਗਤ ਮਰਯਾਦਾ (convention) ਬਾਰੇ ਸਿਕਸ਼ਿਤ ਕਰਨਾ ਹੁੰਦਾ ਹੈ ਜਿਸ ਨੂੰ ਪ੍ਰਗਟਾਵ ਦੇ ਵਾਹਨ ਬਣਾਇਆ ਹੁੰਦਾ ਹੈ। ਇਸ ਕਰਕੇ ਚਿੱਤਰਾਵਲੀ ਚੈਤ੍ਰੀ (pictorially) ਤਰੀਕੇ ਨਾਲ ਜਨਮਸ਼ਾਖੀ ਸਾਹਿਤ ਕਲਾ ਦੇ ਬਰਾਬਰ ਉੱਤਰਦੀ ਹੈ। ਇਸ ਤੋਂ ਹੋਰ ਵੱਡੀ ਪ੍ਰਸੰਸਾ ਸੋਚਨੀ ਮੁਸ਼ਕਿਲ ਹੈ।

ਹੁਣ ਤਾਈਂ ਪਾਠਕ ਦਰਸ਼ਕ ਸਮਝ ਗਏ ਹੋਣਗੇ ਕਿ ਚਿੱਤਰ ਦਾ ਸਾਖੀ ਦੇ ਬ੍ਰਿਤਾਂਤ ਨਾਲ ਜ਼ਰੂਰੀ ਸਬੰਧ ਨਹੀਂ ਸਗੋਂ ਹਰ ਤਸਵੀਰ ਜਨਮਸਾਖੀ ਉਦੇਸ਼ ਦੀ ਪੂਰਤੀ ਦਾ ਪੜਾਉ ਹੈ। ਜੇ ਕੋਈ ਨੰਬਰ ਬਰੈਕਟ ( ) ਵਿਚ ਆਉਂਦਾ ਹੈ ਤਾਂ ਉਹ ਚਿੱਤਰ ਦਾ ਅੰਕ ਹੈ। ਬਰੈਕਟਾਂ ਤੋਂ ਬਿਨਾ ਅੰਕ ਸਾਖੀ ਦਾ ਨੰਬਰ ਦੱਸਦਾ ਹੈ। ਚਿੱਤਰਾਂ ਦੇ ਸਾਹਮਣੇ ਦਿੱਤੇ ਪਾਠ ਜਨਮਸਾਖੀ ਉਦੇਸ਼ ਦੇ ਅੰਸ਼ ਹਨ ਜਿਹੜੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪ੍ਰਕਾਸ਼ਤ **ਬੀ-40 ਜਨਮਸਾਖੀ** ਵਿਚੋਂ ਲਏ ਗਏ ਹਨ। ਪਾਠ ਥੱਲੇ ਬਰੈਕਟ ਦਾ ਮਤਲਬ ਹੈ ਕਿ ਸਾਖੀ ਦਾ ਨਾਉਂ ਸੰਪਾਦਕ **ਬੀ-40 ਜਨਮਸਾਖੀ** ਨੇ ਦਿੱਤਾ ਹੈ। ਨਹੀਂ ਤਾਂ ਸਾਖੀਆਂ ਦੇ ਸਿਰਲੇਖ ਮੂਲ ਹੱਥਲਿਖਤ ਦੇ ਹਨ। ਹੱਥਲਿਖਤ ਵਿਚ ਚਿੱਤਰਾਂ ਦੇ ਨਾਂਉ ਨਹੀਂ; ਇਹ ਸਿਰਲੇਖ ਚਿੱਤਰਵਾਲੀ ਦੇ ਸੰਪਾਦਕ ਨੇ ਦਿੱਤੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਾਜਕ ਪਰਿਵਰਤਨ ਅਤੇ ਸਿੱਖ ਸਾਹਿਤ*

ਸਿੱਖ ਸਾਹਿਤ ਪੰਜਾਬੀ ਸਾਹਿਤ ਨਾਲੋਂ ਰਤਾ ਕੁ ਵੱਖਰਾ ਹੈ। ਅਸੀਂ 'ਆਦਿ ਗ੍ਰੰਥ' ਜਨਮਸਾਖੀਆਂ ਅਤੇ ਗੁਰਬਿਲਾਸ ਜਿਹੀਆਂ ਕਿਰਤਾਂ ਨੂੰ ਸਿੱਖ ਸਾਹਿਤ ਕਹਿ ਸਕਦੇ ਹਾਂ। ਇਨ੍ਹਾਂ ਵੰਡਾਂ ਦੇ ਆਪਣੇ ਆਪਣੇ ਰੂਪਾਤਮਕ ਪੱਖ ਹਨ। ਸਾਹਿਤ ਦੀ ਉਪਜ, ਕਿਸੇ ਰੂਪ ਦਾ ਪ੍ਰਗਟ ਹੋਣਾ ਅਤੇ ਰੂਪ ਦਾ ਵਿਖੰਡਨ ਆਪਣੇ ਵਿਚ ਸਮਾਜਕ ਪਰਿਵਰਤਨ ਦੀਆਂ ਨਿਸ਼ਾਨੀਆਂ ਹਨ।

ਸਿੱਖ ਸਾਹਿਤ ਤਾਂ ਕੀ ਪੰਜਾਬੀ ਸਾਹਿਤ ਗੁਰੂ ਨਾਨਕ ਤੋਂ ਸ਼ੁਰੂ ਹੁੰਦਾ ਹੈ। ਪੰਜਾਬੀ ਬੋਲੀ ਦੀ ਉਪਜ ਦੇ ਕਿਹੜੇ ਸਮਾਜਕ ਕਾਰਣ ਸਨ? ਉਨ੍ਹਾਂ ਬਾਰੇ ਬਹੁਤ ਘੱਟ ਪਤਾ ਹੈ। ਇਕ ਗੱਲ ਦਾ ਝਾਉਲਾ ਪੈਂਦਾ ਹੈ ਕਿ ਬਾਬੇ ਨਾਨਕ ਦੀ ਸਾਹਿਤਕ ਰਚਨਾ ਦਾ ਲੋਧੀ ਰਾਜ ਸਮੇਂ ਦੇ ਨਗਰ-ਪਸਾਰ ਨਾਲ ਸੰਬੰਧ ਹੈ। ਬਾਬੇ ਨਾਨਕ ਦੀ ਰਚਨਾਤਮਕ ਕਲਪਨਾ ਦਾ ਕੇਂਦਰ ਇਹ ਹੈ ਕਿ ਮੁਸਲਮਾਨੀ ਚੜ੍ਹਤ ਦੇ ਕਾਰਣ ਹਿੰਦੂ ਜਗਤ ਵਿਖੰਡਿਤ ਹੋ ਗਿਆ ਹੈ। ਬਾਬੇ ਨਾਨਕ ਦੇ ਅਵਲੋਕਨ ਦੀ ਸਰਵ ਵਿਆਪਕਤਾ ਤੇ ਗਹਿਰ ਗੰਭੀਰਤਾ ਤੋਂ ਸਾਨੂੰ ਇਕ ਗੱਲ ਦੀ ਚਿਤਾਵਨੀ ਮਿਲ ਸਕਦੀ ਹੈ ਕਿ ਯਥਾਰਥ ਨੂੰ ਨਜਿੱਠਣਾ ਕਿੰਨਾ ਔਖਾ ਹੁੰਦਾ ਹੈ। ਗੁਰੂ ਨਾਨਕ ਦੇ ਅਵਲੋਕਨ ਦਾ ਜੜ੍ਹਵਰਤੀ ਪੱਖ ਇਸ ਗੱਲ ਵਿਚ ਹੈ ਕਿ ਉਹ ਸਮਾਜ ਦੇ ਸਮਕਾਲੀ ਯਥਾਰਥ ਨੂੰ 'ਆਦਰਸ਼ਕ' ਹਿੰਦੂ ਧਰਮ ਤੋਂ ਵੇਖਦਾ ਹੈ ਅਤੇ ਇਸ ਗੱਲ ਦੀ ਚੇਤਨਾ ਹੈ ਕਿ ਹਿੰਦੂ ਧਰਮ ਦੀ ਪੁਨਰ ਸੁਰਜੀਤੀ ਨਹੀਂ ਹੋ ਸਕਦੀ।

ਵੱਖਰੇ ਵੱਖਰੇ ਜਗਤ ਸਮਾਜੀ ਤੌਰ 'ਤੇ ਉਸਾਰੇ ਅਤੇ ਕਾਇਮ ਰੱਖੇ ਜਾਂਦੇ ਹਨ। ਉਨ੍ਹਾਂ ਦਾ ਵਸਤੂ-ਮੁਖੀ ਯਥਾਰਥ ਅਤੇ ਕਰਤਾ-ਮੁਖੀ ਯਥਾਰਥ ਇਸ ਗੱਲ 'ਤੇ ਨਿਰਭਰ ਹੈ ਕਿ ਸਮਾਜੀ ਪ੍ਰਕ੍ਰਿਆਵਾਂ ਇਨ੍ਹਾਂ ਜਗਤਾਂ ਨੂੰ ਬਣਾਉਂਦੀਆਂ ਅਤੇ ਕਾਇਮ ਰੱਖਦੀਆਂ ਹਨ (ਇਸ ਦਾ ਵਸਤੂ-ਮੁਖੀ ਯਥਾਰਥ ਇਹਦੀ ਤੱਥਤਾ ਵਿਚ ਹੈ ਅਤੇ ਕਰਤਾ-ਮੁਖੀ ਯਥਾਰਥ ਉਹ ਹੈ ਜਿਸ ਨਾਲ ਇਹ ਵਿਅਕਤੀ ਦੀ ਚੇਤਨਾ ਦਾ ਤੱਥ ਬਣਾਉਦੀਆਂ ਹਨ। ਜੇ ਸਮਾਜੀ ਪ੍ਰਕ੍ਰਿਆਵਾਂ

*Social Transformation & Creative Imagination ed. Sudhir Chandra, Allied, New Delhi, 1984.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚ ਕੋਈ ਵਿਘਨ ਪੈ ਜਾਵੇ ਤਾਂ ਇਨ੍ਹਾਂ ਜਗਤਾਂ ਦੇ ਵਸਤੂ-ਮੁਖੀ ਅਤੇ ਕਰਤਾ-ਮੁਖੀ ਯਥਾਰਥਾਂ ਨੂੰ ਖ਼ਤਰਾ ਪੈਂਦਾ ਹੋ ਜਾਂਦਾ ਹੈ। ਇਸ ਕਰਕੇ ਹਰ ਇਕ ਜਗਤ ਲਈ ਕਿਸੇ ਸਮਾਜੀ ਆਧਾਰ ਦੀ ਲੋੜ ਹੁੰਦੀ ਹੈ ਜੋ ਇਸ ਦੀ ਹੋਂਦ ਨੂੰ ਕਾਇਮ ਰੱਖਦਾ ਹੈ ਅਤੇ ਇਹ ਜਗਤ ਮਨੁੱਖਾਂ ਨੂੰ ਵਾਸਤਵਿਕ ਪ੍ਰਤੀਤ ਹੁੰਦਾ ਹੈ। ਇਸ ਆਧਾਰ ਨੂੰ ਮੰਨਣਯੋਗਤਾ ਦੀ ਸੰਰਚਨਾ ਕਿਹਾ ਜਾ ਸਕਦਾ ਹੈ। ਜਦੋਂ ਹਿੰਦੁਸਤਾਨ 'ਤੇ ਤੁਰਕਾਂ ਨੇ ਕਬਜ਼ਾ ਕਰ ਲਿਆ ਤਾਂ ਹਿੰਦੂ ਜਗਤ ਦੀ ਮੰਨਣਯੋਗਤਾ ਦੀ ਸੰਰਚਨਾ ਖ਼ਤਮ ਹੋ ਗਈ।[1]

ਬਾਬੇ ਨਾਨਕ ਦੀਆਂ ਰਚਨਾਵਾਂ ਵਿਚ ਮੁਸਲਮਾਨੀ ਜਿੱਤ ਕਾਰਣ ਪੈਦਾ ਹੋਏ ਵਿਘਟਨ ਦੇ ਬਹੁਤ ਹਵਾਲੇ ਹਨ :

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ।
ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ। 5।
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਰੀ।
ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ। 6।

(ਮ. 1 ਬਸੰਤ, ਅਸ਼ਟਪਦੀ 8)

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।
ਨੀਲ ਬਸਤ੍ਰ ਲੈ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।

(ਮ. 1, ਵਾਰ ਆਸਾ, ਸਲੋਕ 2, ਪਉੜੀ 13)

ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ।
ਬਾਣੀ ਬ੍ਰਹਮਾ ਬੇਦੁ ਅਰਥਬਣੁ ਕਰਣੀ ਕੀਰਤਿ ਲਹਿਆ। 5।
... ...
ਕਲਿ ਪਰਵਾਣੁ ਕਤੇਬ ਕੁਰਾਣੁ। ਪੋਥੀ ਪੰਡਿਤ ਰਹੇ ਪੁਰਾਣ।
ਨਾਨਕ ਨਾਉ ਭਇਆ ਰਹਮਾਣੁ।

(ਮ. 1, ਰਾਮਕਲੀ, ਅਟਪਦੀ 1)

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।

(ਮ. 1, ਧਨਾਸਰੀ, 8)

ਬਾਬਾ ਨਾਨਕ ਆਪਣੇ ਸਮੇਂ ਨੂੰ ਕਲਜੁਗ ਆਖਦੇ ਹਨ। ਹਰ ਜੁਗ ਦਾ ਆਪਣਾ ਪ੍ਰਭਾਵ ਹੁੰਦਾ ਹੈ :

ਸਤਜੁਗਿ ਰਥੁ ਸੰਤੋਖ ਕਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਰਮੁ ਅਗੈ ਰਥਵਾਹੁ
ਤ੍ਰੇਤੈ ਰਥੁ ਜਤੈ ਕਾ
ਜੋਰੁ ਅਗੈ ਰਥਵਾਹੁ
ਦੁਆਪੁਰਿ ਰਥੁ ਤਪੈ ਕਾ
ਸਤੁ ਅਗੈ ਰਥਵਾਹੁ
ਕਲਜੁਗਿ ਰਥੁ ਅਗਨਿ ਕਾ
ਕੂੜੁ ਅਗੈ ਰਥਵਾਹੁ

(ਮ. 1 ਵਾਰ ਆਸਾ ਸਲੋਕ 1, ਪਉੜੀ 13)

ਆਪਣੇ ਸਮੇਂ ਬਾਰੇ ਬਾਬੇ ਨਾਨਕ ਦੇ ਤਿੱਖੇ ਪ੍ਰਤਿਕਰਮ ਤੋਂ ਸਾਨੂੰ ਇਹ ਅਨੁਮਾਨ ਨਹੀਂ ਲਾਉਣਾ ਚਾਹੀਦਾ ਕਿ ਉਨ੍ਹਾਂ ਦਾ ਸਮਾਂ ਰਾਜਸੀ ਗੜਬੜ, ਦਮਨ, ਭ੍ਰਿਸ਼ਟਾਚਾਰ ਅਰਥਾਤ ਘੋਰ ਪਤਨ ਦਾ ਸਮਾਂ ਸੀ। ਸਗੋਂ ਇਸਦਾ ਮਤਲਬ ਇਹ ਹੈ ਕਿ ਬਾਬੇ ਨਾਨਕ ਦਾ ਆਦਰਸ਼ਕ ਹਿੰਦੂ ਧਰਮ ਖ਼ਤਮ ਹੋ ਚੁੱਕਿਆ ਸੀ। ਆਮ ਤੌਰ 'ਤੇ ਕੋਈ ਵੀ ਕਾਲ ਆਪਣੇ ਸੁਤੇ-ਸਿਧ ਆਧਾਰਾਂ ਦਾ ਜ਼ਿਕਰ ਨਹੀਂ ਕਰਦਾ ਹੁੰਦਾ। ਕਿਸੇ ਕਾਲ ਦੇ ਅਧਾਰ ਜਾਂ ਆਦਰਸ਼ਾਂ ਦਾ ਪ੍ਰਬਲ ਵਰਣਨ ਉਦੋਂ ਹੁੰਦਾ ਹੈ ਜਦੋਂ ਉਹ ਆਪਣੇ ਅੰਤਲੇ ਪੜਾਉ ਤੇ ਹੁੰਦਾ ਹੈ।[2]

ਬਾਬੇ ਨਾਨਕ ਦਾ ਬਹੁਤਾ ਵਿਹਾਰ ਹਿੰਦੂ ਸਮਾਜ ਨਾਲ ਹੀ ਹੈ।[3] ਰਿਆਸਤ ਦੇ ਹਿੰਦੂ ਕਰਮਚਾਰੀ ਕੇਵਲ ਕਹਿਣ ਨੂੰ ਹੀ ਹਿੰਦੂ ਹਨ :

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।
ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾਂ ਖਾਈ।
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।
ਛੋਡੀਲੇ ਪਾਖੰਡਾ। ਨਾਮ ਲਇਐ ਜਾਹਿ ਤਰੰਦਾ। 1।
ਮਾਣਸ ਖਾਣੇ ਕਰਹਿ ਨਿਵਾਜ। ਛੁਰੀ ਵਗਾਇਨਿ ਤਿਨ ਗਲਿ ਤਾਗ।
ਤਿਨ ਘਰਿ ਬ੍ਰਹਮਣ ਪੂਰਹਿ ਨਾਦ। ਉਨ੍ਹਾਂ ਭਿ ਆਵਹਿ ਓਈ ਸਾਦ।
ਕੂੜੀ ਰਾਸਿ ਕੂੜਾ ਵਾਪਾਰੁ। ਕੂੜੁ ਬੋਲਿ ਕਰਹਿ ਆਹਾਰੁ।
ਸਰਮ ਧਰਮ ਕਾ ਡੇਰਾ ਦੂਰਿ। ਨਾਨਕ ਕੂੜੁ ਰਹਿਆ ਭਰਪੂਰਿ।
ਮਥੇ ਟਿਕਾ ਤੇੜਿ ਧੋਤੀ ਕਖਾਈ। ਹਥਿ ਛੁਰੀ ਜਗਤ ਕਾਸਾਈ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ। ਮਲੇਛ ਧਾਨੁ ਲੇ ਪੂਜਹਿ ਪੁਰਾਣੁ।
ਅਭਾਖਿਆ ਕਾ ਕੁਠਾ ਬਕਰਾ ਖਾਣਾ। ਚਉਕੇ ਉਪਰਿ ਕਿਸੈ ਨ ਜਾਣਾ।
ਦੇ ਕੈ ਚਉਕਾ ਕਢੀ ਕਾਰ। ਉਪਰਿ ਆਇ ਬੈਠੇ ਕੂੜਿਆਰ।
ਮਤੁ ਭਿਟੈ ਵੇ ਮਤੁ ਭਿਟੈ। ਇਹ ਅੰਨੁ ਅਸਾਡਾ ਫਿਟੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਨਿ ਫਿਟੈ ਫੇੜ ਕਰੇਨਿ । ਮਨਿ ਜੂਠੇ ਚੁਲੀ ਭਰੇਨਿ ।
ਕਹੁ ਨਾਨਕ ਸਚ ਧਿਆਈਐ । ਸਚਿ ਹੋਵੈ ਤਾ ਸਚੁ ਪਾਈਐ । 2 ।

(ਮ. 1, ਵਾਰ ਆਸਾ, ਸਲੋਕ 1, 2, ਪਉੜੀ 16)

ਬਾਬਾ ਨਾਨਕ ਇਸਲਾਮ ਦੀ ਚੜ੍ਹਤ ਕਾਰਣ ਹਿੰਦੂ ਧਰਮ ਦੇ ਪਤਨ ਦਾ ਵਰਣਨ ਕਰਦਾ ਹੈ । ਦੂਸਰੇ ਪਾਸੇ ਇਸਲਾਮ ਵੀ ਆਪਣਾ ਜ਼ਰੂਰੀ ਸਮਾਜੀ ਪ੍ਰਕਾਰਜ ਪੂਰਾ ਨਹੀਂ ਕਰ ਰਿਹਾ ਸੀ । ਟਾਨੀ ਦਾ ਕਥਨ ਹੈ ਕਿ ਧਰਮ ਵਿਅਕਤੀ ਮੁਕਤੀ ਤੋਂ ਵਡੇਰੀ ਚੀਜ਼ ਹੈ । ਧਰਮ ਸਮਾਜਕ ਕਰਤੱਵ ਦਾ ਆਧਾਰ ਹੈ ਅਤੇ ਇਹ ਗੁੰਝਲਦਾਰ ਸਮਾਜਕ ਭਾਈ-ਚਾਰੇ ਦੇ ਵਿਹਾਰ ਦਾ ਆਤਮਿਕ ਪ੍ਰਗਟਾਉ ਹੈ । ਰਿਆਸਤ ਕੋਈ ਅਜਿਹੀ ਸੰਸਥਾ ਨਹੀਂ ਹੈ ਜਿਹੜੀ ਕੇਵਲ ਪਦਾਰਥਕ ਲੋੜਾਂ ਜਾਂ ਸਿਆਸੀ ਆਸਾਨੀ ਲਈ ਬਣਾਈ ਜਾਂਦੀ ਹੈ । ਰਿਆਸਤ ਆਤਮਿਕ ਕਰਤੱਵ ਦਾ ਕਾਲਕ ਪ੍ਰਗਟਾਉ ਹੈ; ਇਹ ਵਿਅਕਤੀ ਦੀ ਆਤਮਾ ਅਤੇ ਪਰਾਭੌਤਿਕ ਸਮਾਜ ਨੂੰ ਜੋੜਦੀ ਹੈ ਜਿਸਦੇ ਸਾਰੇ ਮਨੁੱਖ ਮੈਂਬਰ ਹਨ । ਰਿਆਸਤ ਦੀ ਨੀਂਹ ਕਿਸੇ ਵਿਹਾਰਕ ਸੌਖ ਲਈ ਨਹੀਂ ਸਗੋਂ ਪਰਮਾਤਮਾ ਦੀ ਇੱਛਾ 'ਤੇ ਹੈ ।[4]

ਗੁਰੂ ਨਾਨਕ ਵੱਲੋਂ ਰਾਜ ਸ਼੍ਰੇਣੀ ਦੀ ਪੜਚੋਲ ਇਸ ਕਹਕੇ ਅਰਥਭਰਪੂਰ ਹੈ ਕਿ ਹਾਕਮ ਸਮਾਜ ਦੇ ਸਿਰ 'ਤੇ ਪਲਦੇ ਤਾਂ ਸਨ ਪਰ ਉਹ ਇਸ ਦੀਆਂ ਕਿਰਿਆਵਾਂ ਨੂੰ ਪਵਿੱਤਰ ਨਹੀਂ ਕਰਦੇ ਸਨ । ਬਾਬੇ ਨਾਨਕ ਅਨੁਸਾਰ :

ਰਾਜੇ ਸੀਂਹ ਮੁਕਦਮ ਕੁਤੇ ।
ਜਾਇ ਜਗਾਇਨਿ ਬੈਠੇ ਸੁਤੇ ।
ਚਾਕਰ ਨਹਦਾ ਪਾਇਨਿ ਘਾਉ ।
ਰਤੁ ਪਿਤੁ ਕੁਤਿਹੋ ਚਟਿ ਜਾਹੁ ।

(ਵਾਰ ਮਲਾਰ, ਸਲੋਕ 2, ਪਉੜੀ 22)

ਹਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ ।

... ...

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।।

(ਵਾਰ ਮਾਝ, ਸਲੋਕ 2, ਪਉੜੀ 7)

ਮਾਰਣ ਮਸਾਲੇ ਨੂੰ ਕਹਿੰਦੇ ਹਨ । ਹਰਾਮ ਦੀ ਚੀਜ਼ ਮਸਾਲਾ ਪਾਉਣ ਨਾਲ ਹਲਾਲ ਨਹੀਂ ਬਣ ਜਾਂਦੀ । ਬਾਬਾ ਰਿਸ਼ਵਤ ਲੈਣ ਨੂੰ ਮੁਰਦਾਰ ਖਾਣਾ ਕਹਿੰਦਾ ਹੈ । ਇੰਜ ਹੀ ਹਾਕਮ ਸ਼੍ਰੇਣੀ ਨੂੰ ਰਿਸ਼ਵਤ ਲੈ ਕੇ ਨਿਆਂ ਕਰਨ ਦੀ ਆਦਤ ਹੈ । ਰੱਬ ਦੇ ਨਾਂ ਤੇ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਹੁੰਦਾ । ਹੁਕਮਰਾਨੀ ਕਰਦਾ ਬੰਦਾ ਕੁੱਤਾ ਹੋ ਜਾਂਦਾ ਹੈ :

ਦਰਸਨਿ ਦੇਖਿਐ ਦਇਆ ਨ ਹੋਇ ।
ਲਏ ਦਿਤੇ ਵਿਣੁ ਰਹੈ ਨ ਕੋਇ ।
ਰਾਜਾ ਨਿਆਉ ਕਰੇ ਹਥਿ ਹੋਇ ।
ਕਹੈ ਖੁਦਾਇ ਨ ਮਾਨੈ ਕੋਇ ।
ਮਾਣਸ ਮੂਰਤਿ ਨਾਨਕ ਨਾਮੁ ।
ਕਰਣੀ ਕੁਤਾ ਦਰਿ ਫੁਰਮਾਨੁ । (ਮ. 1, ਆਸਾ 4)

ਰਾਜ ਸ਼੍ਰੇਣੀ ਦਾ ਉਪਰੋਕਤ ਵਿਹਾਰ ਅਜਿਹਾ ਹੈ ਜੋ ਸਮਾਜ ਦੇ ਕਾਰਜ ਨੂੰ ਪਵਿੱਤਰਤਾ ਪ੍ਰਦਾਨ ਨਹੀਂ ਕਰ ਸਕਦਾ । ਬਾਬਾ ਨਾਨਕ ਪ੍ਰਸ਼ਾਸਨ ਦੇ ਭ੍ਰਿਸ਼ਟਾਚਾਰ ਨੂੰ ਜ਼ਰੂਰੀ ਸਮਝਦਾ ਹੈ ਕਿਉਂਕਿ ਸਮਾਜ ਵਿਖੰਡਿਤ ਹੈ ਅਤੇ ਇਸ ਦੀ ਜਾਇਜ਼ਕਰਾਰੀ (legitimization) ਖ਼ਤਮ ਹੋ ਚੁੱਕੀ ਹੈ ਜਿਸ ਕਰਕੇ ਇਸ ਦੀ ਨੇਕੀ ਅਤੇ ਆਤਮਾ ਸੁੰਗੜ ਕੇ ਨਾ ਬਰਾਬਰ ਹੋ ਗਏ ਹਨ ।

ਬਾਬੇ ਨਾਨਕ ਦੀਆਂ ਰਚਨਾਤਮਕ ਜੁਗਤਾਂ 'ਤੇ ਵਿਚਾਰ ਕਰਨ ਤੋਂ ਪਹਿਲਾਂ ਸਾਨੂੰ ਬਾਬੇ ਨਾਨਕ ਦੇ ਸ੍ਰੋਤਿਆ ਦੇ ਹਲਕੇ ਦਾ ਧਿਆਨ ਕਰਨਾ ਚਾਹੀਦਾ ਹੈ । ਇਹ ਅਜਿਹਾ ਗਰੁੱਪ ਹੈ ਜਿਹੜਾ ਇਕ ਪਾਸੇ ਤਾਂ ਸਮਾਜਕ ਪਰਿਵਰਤਨ ਦਾ ਭਵ-ਸਥਾਨ ਹੈ ਅਤੇ ਦੂਸਰੇ ਪਾਸੇ ਰਚਨਾਤਮਕ ਕਲਪਨਾ ਦਾ ਪੁੰਜ ਹੈ । ਭਾਵੇਂ ਇਸ ਦਾ ਵਿਅੰਜਨ ਬਾਬੇ ਨਾਨਕ ਦੀ ਪ੍ਰਤਿਭਾ ਨਾਲ ਹੋਇਆ ।

ਜੇ ਅਸੀਂ ਬਾਬੇ ਨਾਨਕ ਦੀ ਬ੍ਰਹਮਵਿਦਿਅਕ ਬਿੰਬਾਵਲੀ ਦਾ ਵਿਸ਼ਲੇਸ਼ਣ ਕਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਬਾਬਾ ਨਾਨਕ ਵਣਜਾਰਿਆਂ, ਛੋਟੇ ਦੁਕਾਨਦਾਰਾਂ, ਸ਼ਿਲਪੀਆਂ ਅਤੇ ਗ਼ੁਲਾਮਾਂ ਨੂੰ ਸੰਬੋਧਨ ਕਰਦਾ ਹੈ । ਬਾਬੇ ਨਾਨਕ ਵਿਚ ਵਣਜਾਰਾ ਆਤਮਾ, ਮਨੁੱਖ, ਭਗਤ ਅਤੇ ਕਈ ਵਾਰੀ ਰੱਬ ਦਾ ਚਿੰਨ੍ਹ ਹੈ । "ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ" (ਮ. 1, ਸਿਰੀ 23) । ਬਾਣੀ ਵਿਚ ਵਪਾਰ, ਵਣਜਾਰਾ, ਵਖਰ, ਵਸਤ, ਮੂਲ, ਖੋਟਾ, ਪੋਤਾ (ਖਜ਼ਾਨਾ) ਲਾਹਾ ਆਦਿ ਦਾ ਵਾਰ ਵਾਰ ਜ਼ਿਕਰ ਆਉਂਦਾ ਹੈ । ਕਈ ਰਚਨਾਵਾਂ ਵਿਚ ਮੁਕਤੀ ਦੀ ਪ੍ਰਾਪਤੀ ਦੁਕਾਨਦਾਰੀ ਦੇ ਮਾਡਲ ਤੇ ਉਸਾਰੀ ਗਈ ਹੈ ਜਿਸ ਦਾ ਪ੍ਰਤੱਖ ਸਮਾਜ-ਵਿਗਿਆਨਕ ਮਹੱਤਵ ਹੈ :

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ।
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ । 1 ।
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ।
ਤੂੰ ਜਲਥਲਿ ਮਹੀਅਲਿ ਭਰਿ ਪੁਰਿ ਲੀਣਾ,
ਤੂੰ ਆਪੇ ਸਰਬ ਸਮਾਣਾ । 1 । ਰਹਾਉ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਤਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ।
ਘਟਿ ਹੀ ਭੀਤਰਿ ਸੋ ਸਹੁ ਤੋਲੀ ਇਨੁ ਬਿਧਿ ਚਿਤੁ ਰਹਾਵਾ । 2 ।

ਆਪੇ ਕੰਡਾਂ ਤੋਲੁ ਤਰਾਜੀ ਆਪੇ ਤੋਲਣਹਾਰਾ ।
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ । 3 ।

ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ।
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ । 4 ।

(ਮ. 1, ਸੂਹੀ 9)

ਬਾਬੇ ਨਾਨਕ ਦੇ ਅਧਿਆਤਮਕ ਮੁਹਾਵਰੇ ਵਿਚ ਵਿਉਪਾਰ ਅਤੇ ਪਰਾਭੌਤਿਕਤਾ ਦੀ ਸਮਤਾ ਹੈ । ਇਕ ਸ਼ਬਦ ਨਿਰਾਪੁਰਾ ਗੁਲਾਮ ਦੇ ਵਰਣਨ ਦਾ ਹੈ "ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ" (ਮ. 1, ਮਾਰੂ 6), ਜਿਹੜਾ ਸਿੱਖੀ ਦਾ ਚਿੰਨ੍ਹ ਬਣ ਜਾਂਦਾ ਹੈ । ਇਹ ਸਮਾਜਕ ਗਰੁੱਪ ਸਿੱਖ ਆਤਮਾ ਦਾ ਭਵ-ਸਥਾਨ ਹੈ । ਨੀਵਿਆਂ ਨੂੰ ਨਦਰ ਮਿਲ ਸਕਦੀ ਹੈ ਅਤੇ ਬਾਬੇ ਨਾਨਕ ਦੀ ਉਠਣੀ ਬਹਿਣੀ ਉਨ੍ਹਾਂ ਨਾਲ ਹੈ :

ਨੀਚਾ ਅੰਦਰਿ ਨੀਚ ਜਾਤਿ ਹੂ ਅਤਿ ਨੀਚੁ
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ।
ਜਿਥੇ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ । (ਮ. 1, ਸਿਰੀ 3)

ਗੁਰੂ ਨਾਨਕ ਦੀ ਨੀਵਿਆਂ ਨਾਲ ਹਮਦਰਦੀ ਹੈ । ਇਹ ਉਸੇ ਚੀਜ਼ ਦਾ ਇਕ ਪੱਖ ਹੈ ਜਿਸ ਦਾ ਦੂਸਰਾ ਪੱਖ ਰਾਜਸੀ ਪ੍ਰਸ਼ਾਸਨ ਦੀ ਕਰੜੀ ਆਲੋਚਨਾ ਦਾ ਹੈ । ਇਹ ਦੋਵੇਂ ਪੱਖ ਸਮਾਜ-ਵਿਗਿਆਨਕ ਤੌਰ 'ਤੇ ਮੁੱਢਲੇ ਸਿੱਖਾਂ ਵਿਚ ਰਲ ਜਾਂਦੇ ਹਨ ਜਿਨ੍ਹਾਂ ਦੀ ਆਤਮਾ ਅਤੇ ਆਵਾਜ਼ ਬਾਬਾ ਨਾਨਕ ਆਪ ਹੈ । ਇਹ ਗ੍ਰਿਹਸਥੀ ਲੋਕ ਸਨ ਜਿਹੜੇ ਗੰਗਾ ਦੇ ਜਲ ਵਾਂਗ ਪਵਿੱਤਰ ਹੋਣਾ ਲੋੜਦੇ ਸਨ :

"ਸੋ ਗਿਰਹੀ ਗੰਗਾ ਕਾ ਨੀਰੁ ।"

(ਮ. 3, ਰਾਮਕਲੀ ਵਾਰ, ਮ. 1, ਸਲੋਕ 2, ਪਉੜੀ 12)

ਇਨ੍ਹਾਂ ਦੇ ਮਿਹਨਤ ਮੁਸ਼ੱਕਤ ਦੇ ਜੀਵਨ ਨੇ ਪ੍ਰੇਰਨਾ ਦਿੱਤੀ ਕਿ ਸਾਰੇ ਜੁਗਾਂ ਦਾ ਪ੍ਰਭਾਵ ਬਰਾਬਰ ਦਾ ਹੈ । ਉਹ ਵਰਤਮਾਨ ਵਿਚ ਰਹਿੰਦੇ ਇਸ ਗੱਲ ਤੋਂ ਮੁਨਕਿਰ ਸਨ ਕਿ ਕਲਜੁਗ ਵਿਚ ਜ਼ਰੂਰੀ ਤੌਰ 'ਤੇ ਪਾਪ ਹੁੰਦੇ ਹਨ :

"ਸੋਈ ਚੰਦੁ ਚੜਹਿ ਸੇ ਤਾਰੇ"

(ਮ. 1, ਰਾਮਕਲੀ, ਅਸ਼ਟਪਦੀ 1)

ਮੁੱਢਲੇ ਸਿੱਖਾਂ ਲਈ ਪ੍ਰਚਲਿਤ ਸੰਸਕਾਰਾਂ ਲਈ ਕੋਈ ਖਿੱਚ ਨਹੀਂ ਸੀ ।

ਜਿਥੋਂ ਤਕ **ਆਦਿ ਗ੍ਰੰਥ** ਦੇ ਸੌਂਦਰਯ ਦਾ ਸੰਬੰਧ ਹੈ ਉਥੇ ਇਸ ਗੱਲ 'ਤੇ ਜ਼ੋਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇਣ ਦੀ ਲੋੜ ਹੈ ਕਿ ਗੁਰੂ ਨਾਨਕ ਦੇ ਉੱਤਰਾਧਿਕਾਰੀ ਉਹਦੇ ਪਾਏ ਪੂਰਨਿਆਂ 'ਤੇ ਇਨ ਬਿੰਨ ਚਲਦੇ ਸਨ ਅਤੇ ਉਹਦੇ ਅਵਲੋਕਨ ਨੂੰ ਏਨੇ ਰੂੜ੍ਹੀਵਾਦੀ ਤਰੀਕੇ ਨਾਲ ਗ੍ਰਹਿਣ ਕੀਤਾ ਕਿ ਬਾਬੇ ਨਾਨਕ ਦਾ ਸੌਂਦਰਯ ਹੀ ਸਿੱਖ ਸੌਂਦਰਯ ਬਣ ਗਿਆ। ਸੁੰਦਰਤਾ ਦੇ ਵਿਚਾਰ ਦਾ ਭਾਵ ਹੀ ਵਿਸ਼ੇਸ਼ ਇਤਿਹਾਸਕ ਤੱਥ ਵਿਚ ਹੁੰਦਾ ਹੈ, ਜਿਸ ਵਿਚ ਸਮਾਜਕ ਗਰੁੱਪ, ਇਹਦੇ ਰਵੱਈਏ, ਦ੍ਰਿਸ਼ਟੀਕੋਣ, ਆਸਾਂ ਅਤੇ ਭੈ, ਅਤੇ ਇਸ ਦਾ ਰਾਜਨੀਤਕ ਏਜੰਡਾ ਸ਼ਾਮਿਲ ਹੋ ਜਾਂਦੇ ਹਨ। ਬਾਬੇ ਨਾਨਕ ਅਨੁਸਾਰ ਕੁਝ ਚੀਜ਼ਾਂ ਤਾਂ ਸੁਭਾਵਕ ਹੀ ਸੁੰਦਰ ਹਨ ਪਰ ਸਾਧਾਰਨ ਸੁੰਦਰਤਾ ਨਾਲ ਮੋਹ ਕਾਫ਼ੀ ਨਹੀਂ। ਇਹ ਬੰਦੇ ਨੂੰ ਅਸਤਿਤ੍ਵ ਦੇ ਭੈ ਵਲ ਲੈ ਜਾਂਦੀ ਹੈ। ਕੇਵਲ ਸ਼ਰਧਾਵਾਨ ਬੰਦਿਆਂ ਦੀ ਪ੍ਰਸੰਸਾ ਕੀਤੀ ਜਾ ਸਕਦੀ ਹੈ ਅਤੇ ਇਨ੍ਹਾਂ ਦੇ ਟਾਕਰੇ ਵਿਚ ਹੋਰ ਕੋਈ ਸੁਹਣਾ ਨਹੀਂ। ਸੁੰਦਰਤਾ ਮੁਕਤੀ ਦਾ ਪੱਖ ਹੈ। ਸਿੱਖ ਪੰਥ ਮੁਕਤੀ ਦੀ ਸੰਸਥਾ ਹੈ ਇਸ ਕਰਕੇ ਸਿੱਖਾਂ ਦੀ ਜਥੇਬੰਦੀ ਅਤੇ ਇਸ ਦੇ ਇਤਿਹਾਸਕ ਪ੍ਰੋਗਰਾਮ ਇਹਦੇ ਸੌਂਦਰਯ ਦਾ ਹਿੱਸਾ ਬਣ ਜਾਂਦੇ ਹਨ।[5] ਜੇ ਬਾਬੇ ਨਾਨਕ ਦੇ ਸ਼ਬਦਾਂ ਦੀ ਸੰਰਚਨਾ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਸ ਵਿਚੋਂ ਤਿੰਨ ਗੱਲਾਂ ਨਿਕਲਦੀਆਂ ਹਨ। ਬਾਬਾ ਨਾਨਕ ਆਪਣੇ ਅਨੁਭਵ ਦੀ ਚੋਣ ਵਿਚ ਬੜਾ ਸੰਜਮ ਵਰਤਦਾ ਹੈ, ਅਤੇ ਅਨੁਭਵ ਇੱਕੋ ਵੇਲੇ ਦਰਸਾਇਆ ਵੀ ਜਾ ਰਿਹਾ ਹੈ ਅਤੇ ਇਹਦੀ ਵਿਆਖਿਆ ਵੀ ਹੋ ਰਹੀ ਹੈ। ਇਸ ਕਿਸਮ ਦੇ ਸੰਚਾਰ ਲਈ ਸੂਖਮ ਰੂਪਾਤਮਕ ਜੁਗਤਾਂ ਦੀ ਲੋੜ ਪੈਂਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਾਬੇ ਨਾਨਕ ਦੇ ਸ਼ਬਦ ਸੁਭਾਵਕ ਹੀ ਉਹ ਗੱਲਾਂ ਦਰਸਾਉਂਦੇ ਹਨ ਜਿਹੜੀਆਂ ਦਰਅਸਲ ਸਿੱਖ-ਸਿਧਾਂਤ ਹੁੰਦੀਆਂ ਹਨ। **ਆਦਿ ਗ੍ਰੰਥ** ਵਿਚ ਸ਼ਬਦ ਤੋਂ ਬਿਨਾਂ ਹੋਰ ਵੀ ਕਈ ਰੂਪ ਹਨ। ਸੰਰਚਨਾ ਦੀ ਦ੍ਰਿਸ਼ਟੀ ਤੋਂ ਉਹ ਸ਼ਬਦ ਦੇ ਹੀ ਵੱਖਰੇ ਵੱਖਰੇ ਰੂਪਾਤਮਕ ਪਸਾਰ ਹਨ। ਸੋਲਵ੍ਹੀਂ ਸਦੀ ਦੇ ਆਖ਼ਰੀ ਚੌਥੇ ਹਿੱਸੇ ਵਿਚ ਅਰਥਾਤ ਗੁਰੂ ਰਾਮਦਾਸ ਦੇ ਸਮੇਂ ਹੀ ਤੋਂ ਸੂਬਾਈ ਪ੍ਰਸ਼ਾਸਨ ਦੇ ਹੱਥੋਂ ਸਿੱਖਾਂ ਉਤੇ ਅਤਿਆਚਾਰ ਦਾ ਵਾਤਾਵਰਣ ਬਣ ਚੁੱਕਾ ਸੀ। ਇਸ ਸਥਿਤੀ ਵਿਚ ਅਵਸਰ-ਹਿਤ ਕਵਿਤਾ ਆਪਣੇ ਰੰਗ ਵਿਚ ਆਉਂਦੀ ਹੈ। ਗੁਰੂ ਰਾਮਦਾਸ ਦੇ ਕੁਝ ਸ਼ਬਦ ਹਨ ਜਿਹੜੇ ਉਨ੍ਹਾਂ ਗ਼ਰੀਬ ਸਿੱਖਾਂ ਬਾਰੇ ਹਨ ਜੋ ਗੁਰੂ ਨੂੰ ਆ ਕੇ ਮਿਲਣ ਦੀ ਸਮਰੱਥਾ ਵੀ ਨਹੀਂ ਰੱਖਦੇ। ਪੰਜਵੇਂ ਗੁਰੂ ਵਿਚ ਗੱਦੀ ਦੇ ਵਿਰੋਧੀ ਦਾਅਵੇਦਾਰਾਂ ਬਾਰੇ ਸ਼ਬਦ ਹਨ ਜਿਹੜੇ ਇੰਤਜ਼ਾਮੀਆਂ ਕੋਲ ਜਾ ਕੇ ਸ਼ਕਾਇਤਾਂ ਕਰਦੇ ਹਨ। ਬਾਲ ਹਰਗੋਬਿੰਦ ਦੀ ਬੀਮਾਰੀ, ਅੰਮ੍ਰਿਤਸਰ ਸਰੋਵਰ ਬਣਾਉਣਾ, ਮੁਗ਼ਲ ਥਾਣੇਦਾਰ ਦੇ ਹਮਲਾ, ਗੁਰੂ ਦੇ ਖ਼ਿਲਾਫ਼ ਭੇਜੇ ਗਏ ਸ਼ਕਾਇਤਨਾਮੇ ਅਤੇ 1595 ਦੇ ਕਾਲ ਬਾਰੇ ਸ਼ਬਦ ਮੌਜੂਦ ਹਨ। ਅਵਸਰ-ਹਿਤ ਕਵਿਤਾ ਬੇਗਾਨਿਆਂ ਨੂੰ ਅਣਸਾਹਿਤਕ ਲੱਗਦੀ ਹੈ ਪਰ ਘਰ ਦੇ ਬੰਦਿਆਂ ਲਈ ਇਹ ਨਿਰੋਲ ਕਲਾਤਮਕ ਹੁੰਦੀ ਹੈ। ਅਵਸਰ-ਹਿਤ ਕਵਿਤਾ ਦੀ ਅਸਲ ਸਮੱਸਿਆ ਇਹ ਹੈ ਕਿ ਕੀ ਇਹ ਨਵੇਂ ਦੋਸਤ ਬਣਾ ਕੇ ਲੋਕਾਂ 'ਤੇ ਅਸਰ ਪਾ ਸਕਦੀ ਹੈ। ਅਵਸਰ-ਹਿਤ ਕਵਿਤਾ ਦਾ ਸਿਖਰ ਗੁਰਬਿਲਾਸ ਸਾਹਿਤ ਰੂਪ ਵਿਚ ਮਿਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇ ਅਸੀਂ ਇਕ ਗੱਲ ਦਾ ਖ਼ਿਆਲ ਰੱਖੀਏ ਕਿ ਵਣਜਾਰਿਆਂ, ਦੁਕਾਨਦਾਰਾਂ ਸ਼ਿਲਪੀਆਂ, ਗੁਲਾਮਾਂ ਦਾ ਤਕੜਾ ਸਮਾਜਿਕ ਗਰੁੱਪ ਬਣਿਆਂ ਜਿਹੜਾ ਸੋਲ੍ਹਵੀਂ ਸਦੀ ਵਿਚ ਵਧ ਫੁਲ ਰਹੇ ਸਿੱਖ ਭਾਈਚਾਰੇ ਵਿਚ ਬਦਲ ਗਿਆ ਤਾਂ ਅਸੀਂ ਕਹਿ ਸਕਦੇ ਹਾਂ ਕਿ ਇਹਦੀ ਰਚਨਾਤਮਕ ਕਲਪਨਾ ਸ਼ਬਦ ਵਿਚ ਸਾਕਾਰ ਹੁੰਦੀ ਹੈ । ਇਸ ਦੀ ਵਰਤੋਂ ਪਹਿਲੇ ਪੰਜ ਗੁਰੂ ਸਾਹਿਬਾਨ ਨੇ ਕੀਤੀ ਹੈ । ਸਿੱਖ ਗੁਰੂਆਂ ਦੀਆਂ ਰਚਨਾਵਾਂ ਨਾਲ ਨੀਵੀਂ ਜਾਤ ਦੇ ਭਗਤਾਂ ਦੀਆਂ ਰਚਨਾਵਾਂ ਆਦਿ ਨੂੰ ਇਕੱਠਾ ਕਰਕੇ **ਆਦਿ ਗ੍ਰੰਥ** ਦਾ ਸੰਕਲਨ ਕੀਤਾ । ਇਹ ਗ੍ਰੰਥ ਦੀ ਮਹਾ ਪਰੰਪਰਾ ਹੈ । ਏਸੇ ਦੀ ਨਕਲ ਵਿਚ ਜਨਮਸਾਖੀਆਂ ਦੀ ਹੀਨ ਪਰੰਪਰਾ ਹੈ ਜਿਹੜੀ ਵੇਖਣ ਨੂੰ ਭਾਵੇਂ ਕੁਝ ਵੀ ਹੋਵੇ ਪਰ ਸ਼ਬਦ ਦੇ ਸੌਂਦਰਯ ਦੇ ਅਨੁਸਾਰ ਹੈ ।

ਜਨਮਸਾਖੀ ਗੁਰੂ ਦੇ "ਅਲੌਕਿਕ ਕਾਰਨਾਮਿਆਂ" ਦਾ ਚਿਤਰਣ ਹੈ । ਇਹ ਜਨ ਸਾਧਾਰਣ ਦੀ ਸ਼ਰਧਾ ਹਿਤ ਲਿਖੀ ਜਾਂਦੀ ਹੈ । ਜਨਮਸਾਖੀ ਦਾ ਬ੍ਰਿਤਾਂਤ ਅਜਿਹਾ ਹੁੰਦਾ ਹੈ ਕਿ ਉਹ ਪਾਠਕ ਜਾਂ ਸਰੋਤੇ ਦੇ ਭਾਵੁਕ ਘੇਰੇ ਨੂੰ ਵੱਡਾ ਕਰਕੇ ਉਹਦੇ ਵਿਚ ਵਿਸ਼ੇਸ਼ ਧਾਰਮਿਕ ਰੁਚੀ ਪੈਦਾ ਕਰਦਾ ਹੈ । ਇਥੋਂ ਤੱਕ ਕਿ ਗੁਰੂ ਬਾਰੇ 'ਤੱਥ' ਹੀ 'ਗ੍ਰੰਥ ਅਤੇ ਪਰੰਪਰਾ' ਅਨੁਸਾਰ ਦਿੱਤੇ ਜਾਦੇ ਹਨ । ਜਨਮਸਾਖੀ ਲਿਖਾਰੀ ਆਪਣੀ ਲਿਖਤ ਨੂੰ ਸਿੱਖ-ਧਰਮ ਅਤੇ ਪੰਥ ਨੂੰ ਸਮਰਪਤ ਕਰਦਾ ਹੈ । ਜਨਮਸਾਖੀਆਂ ਦੇ ਅਧੁਨਿਕ ਪਾਠਕਾਂ ਨੂੰ ਇਸ ਗੱਲ ਦੀ ਬਹੁਤੀ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਇਨ੍ਹਾਂ ਵਿਚ ਕਰਾਮਾਤਾਂ ਦੀ ਭਰਮਾਰ ਹੈ । ਸਾਡੇ ਲਈ ਭੌਤਿਕ ਅਤੇ ਪਰਾਭੌਤਿਕ ਦੋ ਵੱਖਰੇ ਜਗਤ ਹਨ ਜਿਨ੍ਹਾਂ ਦਾ ਆਪਸੀ ਸੰਬੰਧ ਸਮੱਸਿਆ ਪੂਰਨ ਹੈ ਪਰ ਮੱਧਕਾਲੀ ਸਮਾਜ ਵਿਚ ਅਜੇਹੀ ਗੱਲ ਨਹੀਂ ਸੀ । ਸਾਧਾਰਣ ਆਦਮੀ ਹਰ ਸਮੇਂ ਕਰਾਮਾਤਾਂ ਦੀ ਝਾਕ ਰੱਖਦਾ ਸੀ ਅਤੇ ਉਹ ਪ੍ਰਾਕ੍ਰਿਤਿਕ ਵਿਚ ਪ੍ਰਾ-ਪ੍ਰਾਕ੍ਰਿਤਿਕ ਦੇ ਪ੍ਰਗਟਾਉ ਨੂੰ ਉਡੀਕਦਾ ਸੀ । ਜਨਮਸਾਖੀਆਂ ਵਿਚ ਕਰਾਮਾਤਾਂ ਮੱਧਕਾਲੀ ਅਵਲੋਕਨ ਦਾ ਜ਼ਰੂਰੀ ਹਿੱਸਾ ਹਨ ।

ਸਾਧਾਰਣ ਪਾਠਕ ਜਨਮਸਾਖੀਆਂ ਦੀ ਸ਼ਾਨਦਾਰ ਕਲਾ ਉਤੇ ਮੋਹਿਤ ਹੋ ਜਾਂਦਾ ਹੈ । ਜਨਮਸਾਖੀ ਦੀ ਉਸਾਰੀ ਦਾ ਢੰਗ ਮੱਧਕਾਲੀ ਰੰਗ ਬਰੰਗੇ ਪੱਥਰ ਜੋੜ ਕੇ ਬਣਾਏ ਚਿੱਤਰ (mosaic) ਦਾ ਹੈ । ਕੋਈ ਸਾਖੀ ਆਪਣੇ ਆਪ 'ਚ ਹਲਕੀ ਬੇਰੰਗ, ਬ੍ਰਿਤਾਂਤ-ਰਹਿਤ, ਵਿਚਾਰਧਾਰਾ ਦੇ ਪੱਖੋਂ ਗੁਣਹੀਣ ਅਤੇ ਅਣਪੱਖਵਾਦੀ ਹੋ ਸਕਦੀ ਹੈ । ਪਰ ਸਾਰੀ ਜਨਮ-ਸਾਖੀਆਂ ਦੇ ਤਾਣੇ ਬਾਣੇ ਦਾ ਸਮੁੱਲ ਪੈਟਰਨ ਹੁੰਦਾ ਹੈ ਜਿਸ ਵਿਚ ਵਿਸ਼ੇਸ਼ ਧਾਰਮਿਕ ਦ੍ਰਿਸ਼ਟੀਕੋਣ ਅਤੇ ਸੰਪਰਦਾਇਕ ਮਨੋਰਥ ਦੀ ਪੂਰਤੀ ਹੁੰਦੀ ਹੈ । ਕੇਵਲ **ਆਦਿ ਸਾਖੀਆਂ, ਬੀ-40** ਅਤੇ **ਪੁਰਾਤਨ ਜਨਮਸਾਖੀ** (ਜਿਹੜੀ ਕੇਵਲ ਨਾਂ ਕਰਕੇ ਹੀ ਪੁਰਾਤਨ ਹੈ) ਵਿਚ ਗੁਰੂ ਨਾਨਕ ਦੀ ਗੁਰਿਆਈ ਦੀ ਪ੍ਰਕਿਰਤੀ, ਉਹ ਗੁਰੂ ਤੋਂ ਬਿਨਾਂ ਆਪ ਗੁਰੂ ਕਿਵੇਂ ਬਣ ਗਏ, ਉਨ੍ਹਾਂ ਦਾ ਪਰਮਾਤਮਾ ਅਤੇ ਆਪਣੇ ਉੱਤਰਾਧਿਕਾਰੀਆਂ ਨਾਲ ਕੀ ਸੰਬੰਧ ਸੀ; ਗੁਰੂ ਨਾਨਕ ਕਿਵੇਂ ਆਪਣੇ ਸਿੱਖ ਗੁਰੂ ਅੰਗਦ ਦੇ ਸਿੱਖ ਹੋ ਗਏ; ਦਸਾਂ ਗੁਰੂਆਂ ਦੀ ਇਕ ਜੋਤ; ਗੁਰੂ ਦਾ ਸਿੱਖ ਅਤੇ ਪੰਥ ਨਾਲ ਸੰਬੰਧ; ਕਲਜੁਗ ਦਾ ਸਿੱਖਾਂ ਤੇ ਪ੍ਰਭਾਵ ਨਾ ਹੋਣਾ, ਆਦਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਸ਼ਿਆਂ 'ਤੇ ਬਹਿਸ ਹੈ। ਇਹ ਸਨਾਤਨੀ ਗੁਰੂ ਪ੍ਰਣਾਲੀ ਦੀ ਹਮਾਇਤ ਕਰਦੀਆਂ ਹਨ। ਇਨ੍ਹਾਂ ਵਿਚ ਸਿੱਖਾਂ ਦਾ ਵਰਤਮਾਨ ਵਿਚ ਵਿਚਰਨ ਦਾ ਸਿਧਾਂਤ ਹੈ ਅਤੇ ਸਿੱਖਾਂ ਦੇ ਮੁਗ਼ਲ ਸਾਮਰਾਜ ਪ੍ਰਤਿ ਬਦਲਦੇ ਰਵੱਈਏ ਦਾ ਉਲੇਖ ਹੈ। **ਆਦਿ ਸਾਖੀਆਂ** ਵਿਚ ਮੁਗਲ ਸਾਮਰਾਜ 'ਸਦੀਵੀ' ਹੈ। ਗੁਰੂ ਅਰਜਨ ਦੀ ਸ਼ਹੀਦੀ ਤੋਂ ਬਾਦ **ਬੀ-40** ਵਿਚ ਇਹ 'ਚਿਰਕਾਲੀ' ਹੈ। **ਪੁਰਾਤਨ ਜਨਮਸਾਖੀ** ਦੇ ਦੋ ਪਾਠ ਹਨ ਜਿਨ੍ਹਾਂ ਵਿਚੋਂ ਇਕ **ਆਦਿ ਸਾਖੀਆਂ** ਦੀ ਅਤੇ ਦੂਸਰਾ **ਬੀ-40** ਦੀ ਨਕਲ ਹੈ। **ਭਾਈ ਮਨੀ ਸਿੰਘ ਵਾਲੀ ਜਨਮਸਾਖੀ** ਵਿਚ ਰਾਜ ਬਾਬਰ ਨੂੰ ਬਾਬੇ ਨਾਨਕ ਦੀ ਦਾਤ ਸੀ ਜਿਹੜੀ ਫੇਰ ਮੁੜ ਕੇ ਸਿੱਖਾਂ ਵਿਚ ਆ ਗਈ। ਸੋਲ੍ਹਵੀਂ ਸਦੀ ਤੋਂ ਲੈ ਕੇ ਅੱਜ ਤਕ ਜਨਮਸਾਖੀਆਂ ਪੰਜਾਬੀ ਸਾਹਿਤ ਵਿਚ ਸਭ ਤੋਂ ਵੱਧ ਵਿਕਣ ਵਾਲੀਆਂ ਰਚਨਾਵਾਂ ਰਹੀਆਂ ਹਨ। ਸਿੱਖਾਂ ਨੇ ਜਨਮਸਾਖੀਆਂ ਦੀ ਸਭ ਤੋਂ ਵੱਡੀ ਇੱਜ਼ਤ ਇਸ ਗੱਲ ਵਿਚ ਕੀਤੀ ਹੈ ਕਿ ਉਹ ਇਨ੍ਹਾਂ ਵਿਚ ਘਾਟੇ ਵਾਧੇ ਕਰਦੇ ਰਹੇ ਹਨ। ਕੇਵਲ ਅਤਿ ਸੂਖਮ ਕ੍ਰਿਤਾਂ ਹੀ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਘਾਟੇ ਵਾਧੇ ਨਹੀਂ ਹੁੰਦੇ। ਜਨਮਸਾਖੀਆਂ ਵਿਚ ਸਿੱਖ ਮੱਤ ਅਤੇ ਸਾਧਾਰਣ ਸਿੱਖਾਂ ਦਾ ਦਵੰਦਾਰਥ (dialectic) ਹੈ ਜਿਸ ਅਨੁਸਾਰ ਸਿੱਖ ਧਰਮ ਨੇ ਲੋਕਾਂ ਦੀ ਸ਼ਰਧਾ 'ਤੇ ਅਸਰ ਪਾਇਆ ਅਤੇ ਇਹੀ ਸ਼ਰਧਾ ਮੁੜ ਕੇ ਸਿੱਖ ਧਰਮ ਵਿਚ ਫ਼ਰਕ ਪਾਉਂਦੀ ਰਹੀ। ਜਨਮਸਾਖੀਆਂ ਦੀ ਭਾਸ਼ਾ ਨੂੰ ਲੋਕ ਸਮਝ ਸਕਦੇ ਹਨ, ਇਨ੍ਹਾਂ ਦੀ ਗਦ ਦਾ ਆਮ ਬੋਲ ਚਾਲ ਦਾ ਵਹਿਣ ਹੈ ਜਿਸ ਦਾ ਤਾਲ ਲਿਖਾਰੀਆਂ ਦੀ ਬੋਲੀ ਤੋਂ ਵੱਖਰਾ ਹੁੰਦਾ ਹੈ। ਜਨਮਸਾਖੀ ਪਾਠਕ ਦਾ ਧਿਆਨ ਭਾਂਤ ਸੁਭਾਂਤੇ ਚਲਾਂਤਾਂ (motifs) ਨਾਲ ਖਿੱਚੀ ਰੱਖਦੀ ਹੈ ਪਰ ਇਨ੍ਹਾਂ ਗੱਲਾਂ ਵਿਚ ਸਭ ਤੋਂ ਪ੍ਰਮੁੱਖ ਸਥਾਨ ਬ੍ਰਿਤਾਂਤਕ ਕਲਪਨਾ ਦਾ ਹੈ।

ਹਰ ਬ੍ਰਿਤਾਂਤ ਦਾ ਆਪਣਾ ਗੁੱਝਾ ਅਤੇ ਅਸਾਧਾਰਣ ਅਰਥ ਹੁੰਦਾ ਹੈ। ਇਸ ਕਰਕੇ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਧਰਮ ਆਪਣੇ ਮੱਤ ਬਾਤਾਂ ਰਾਹੀਂ ਦੱਸਦੇ ਹਨ। ਜਨਮ ਸਾਖੀ ਬ੍ਰਿਤਾਂਤ ਆਪਣੇ ਆਪ ਵਿਚ ਅਕਰਸ਼ਣੀ ਹੈ; ਇਹ ਇਸ ਪੱਖੋਂ ਹੋਰ ਵੀ ਰੋਚਕ ਹੈ ਕਿ ਇਸ ਦੀ ਆਪਣੀ ਵਿਸ਼ੇਸ਼ ਧਾਰਮਿਕ ਅਪੀਲ ਹੈ। ਹੰਦਾਲੀਆਂ ਨੇ ਭਾਈ ਲਾਲੋ ਅਤੇ ਮਲਕ ਭਾਗੋ ਦੀ ਕਹਾਣੀ ਦੀ ਕਾਢ ਕੱਢੀ। ਬਾਬਾ ਨਾਨਕ ਕਿਸੇ ਗਰੀਬ ਤਰਖਾਣ ਦੇ ਘਰ ਠਹਿਰਿਆ ਹੋਇਆ ਹੈ। ਕੋਈ ਸਥਾਨਕ ਧਨਾਢ ਉਸ ਨੂੰ ਖਾਣੇ ਦੀ ਦਾਅਵਤ ਦੇਂਦਾ ਹੈ। ਦਾਅਵਤ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਬਾਬੇ ਨਾਨਕ ਨੂੰ ਇਸ ਗੱਲ ਲਈ ਬੁਲਾਇਆ ਜਾਂਦਾ ਹੈ ਕਿ ਉਹ ਆਪਣੀ ਸਫ਼ਾਈ ਪੇਸ਼ ਕਰੇ। ਬਾਬਾ ਗਰੀਬ ਦੀ ਸੁੱਕੀ ਰੋਟੀ ਸੱਜੇ ਹੱਥ ਵਿਚ ਅਤੇ ਅਮੀਰ ਦਾ ਹਲਵਾ ਖੱਬੇ ਹੱਥ ਵਿਚ ਫੜ ਲੈਂਦਾ ਹੈ। ਉਹ ਦੋਹਾਂ ਨੂੰ ਨਪੀੜਦਾ ਹੈ। ਅਮੀਰ ਦੇ ਸੁਆਦਲੇ ਪਦਾਰਥਾਂ 'ਚੋਂ ਲਹੂ ਨੁਚੜਦਾ ਹੈ ਅਤੇ ਸੁੱਕੀ ਰੋਟੀ ਵਿਚੋਂ ਦੁੱਧ। ਇਹ ਕਹਾਣੀ ਹੰਦਾਲੀ ਦਾਅਵੇ ਦੀ ਉਪਜ ਹੈ ਜਿਸ ਅਨੁਸਾਰ ਉਨ੍ਹਾਂ ਨੇ ਨੀਵੀਆਂ ਜਾਤਾਂ ਦੇ ਧਰਮ ਦੀ ਕਾਢ ਕੱਢੀ ਸੀ। ਸਾਨੂੰ ਇਸ ਗੱਲ ਦੀ ਸਮਝ ਆਉਂਦੀ ਹੈ ਕਿ ਅਜੋਕੇ ਸਮਿਆਂ ਵਿਚ ਇਸ ਕਹਾਣੀ 'ਤੇ ਸਮਾਜਵਾਦੀ ਪਿਉਂਦ ਚੜ੍ਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤੀ ਗਈ ਹੈ। ਸਨਾਤਨੀ ਬੀ-40 ਜਨਮਸਾਖੀ ਵਿਚ ਸਿੱਖ ਧਰਮ ਦੇ ਬੁਨਿਆਦੀ ਅਸੂਲ ਦਾ ਬ੍ਰਿਤਾਂਤ ਹੈ। ਸਾਧ ਮਿਲੇ ਦਾ ਕੀ ਫਲ ਹੁੰਦਾ ਹੈ ? ਗੁੱਝੇ ਤਰੀਕੇ ਨਾਲ ਸਾਧ ਗੁਰੂ ਹੀ ਹੈ। ਕੋਈ ਸ਼ਰਧਾਵਾਨ ਸਿੱਖ ਬਾਬੇ ਨੂੰ ਇਹ ਸੁਆਲ ਕਰਦਾ ਹੈ ਅਤੇ ਬਾਬਾ ਉਸ ਨੂੰ ਕਿਸੇ ਥਾਂ ਜੰਗਲ ਵਿਚ ਭੇਜ ਦਿੰਦਾ ਹੈ। ਉਥੇ ਉਹ ਕੀ ਵੇਖਦਾ ਹੈ ਕਿ ਬ੍ਰਿਛ 'ਤੇ ਦੋ ਕਾਂ ਬੈਠੇ ਹਨ। ਉਹ ਨਿਰਾਸ਼ ਮੁੜਦਾ ਹੈ ਤਾਂ ਬਾਬਾ ਉਸ ਨੂੰ ਮੁੜ ਕੇ ਉਥੇ ਹੀ ਭੇਜ ਦੇਂਦਾ ਹੈ। ਹੁਣ ਉਥੇ ਦੋ ਹੰਸ ਬੈਠੇ ਹਨ। ਬਾਬਾ ਨਾਨਕ ਸ਼ਰਧਾਵਾਨ ਸਿੱਖ ਨੂੰ ਫਿਰ ਉਥੇ ਹੀ ਜਾਣ ਨੂੰ ਕਹਿੰਦਾ ਹੈ। ਉਸ ਦੇ ਜਾਂਦਿਆਂ ਨੂੰ ਉਥੇ ਇਸਤ੍ਰੀ ਪੁਰਖ ਬੈਠੇ ਹੁੰਦੇ ਹਨ। ਮਰਦ ਤ੍ਰੀਮਤ ਉਸ ਨੂੰ ਬੜੀ ਹੈਰਾਨੀ ਨਾਲ ਪੁੱਛਦੇ ਹਨ ਕਿ ਤੈਨੂੰ ਅਜੇ ਵੀ ਸਾਧ ਮਿਲੇ ਦੇ ਫਲ ਦਾ ਪਤਾ ਨਹੀਂ ਲੱਗਾ ? ਤੈਨੂੰ ਵੇਖ ਕੇ ਅਸੀਂ ਕਾਵਾਂ ਤੋਂ ਹੰਸ ਹੋ ਗਏ ਅਤੇ ਹੰਸਾਂ ਤੋਂ ਮਨੁੱਖ ਦੀ ਜੂਨ ਪੈ ਗਏ। ਇਹ ਬ੍ਰਿਤਾਂਤ ਸਿੱਖ ਬ੍ਰਹਮਵਿਦਿਆ ਵਿਚ ਗੁਰੂ-ਸਿੱਖ ਸੰਬੰਧ ਬਾਰੇ ਹੈ।

ਮਿਹਰਬਾਨ ਜਨਮਸਾਖੀ ਅਤੇ **ਭਾਈ ਮਨੀ ਸਿੰਘ ਵਾਲੀ ਜਨਮਸਾਖੀ** ਸੰਪਰਦਾਇਕ ਹਨ। ਇਨ੍ਹਾਂ ਵਿਚ ਬ੍ਰਿਤਾਂਤਕ ਕਲਪਨਾ ਦੀ ਰੜਕਵੀਂ ਘਾਟ ਹੈ ਜਿਸ ਤੋਂ ਸਾਨੂੰ ਇਹ ਵੀ ਪਤਾ ਲੱਗਦਾ ਹੈ ਕਿ ਲਿਖਨ ਵਾਲਿਆਂ ਦੀ ਨੀਯਤ ਸਾਫ਼ ਨਹੀਂ ਕਿਉਂਕਿ ਇਨ੍ਹਾਂ ਵਿਚ ਬਾਬੇ ਨਾਨਕ ਬਾਰੇ ਅਜਿਹੀਆਂ ਗੱਲਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਤੋਂ ਇਹ ਸੰਪਰਦਾਵਾਂ ਫਾਇਦਾ ਉਠਾਉਣਾ ਚਾਹੁੰਦੀਆਂ ਹਨ।

ਬਾਲਾ ਜਨਮਸਾਖੀ ਦੀ ਅਸਲ ਪ੍ਰੇਰਣਾ **ਵੱਡੀ ਜਨਮਸਾਖੀ ਬਾਬਾ ਹੰਦਾਲ** ਹੈ। ਹੰਦਾਲੀਆਂ ਦੇ ਕਈ ਵਿਸ਼ੇਸ਼ ਵਿਸ਼ਵਾਸ ਹਨ। ਉਹ ਆਤਮਿਕ ਨਾ-ਬਰਾਬਰੀ ਵਿਚ ਯਕੀਨ ਰੱਖਦੇ ਹਨ, ਖ਼ਾਸ ਕਰਕੇ ਔਰਤਾਂ ਅਤੇ ਮੁਸਲਮਾਨਾਂ ਦੀ। ਉਨ੍ਹਾਂ ਅਨੁਸਾਰ ਮੁਕਤੀ ਪਹਿਲੇ ਯੁੱਗ ਵਿਚ ਕੀਤੇ ਕਿਸੇ ਇਕਰਾਰ ਕਾਰਣ ਹੈ। ਉਨ੍ਹਾਂ ਦਾ ਬਾਣੀ-ਰਹਿਤ ਧਰਮ ਹੈ। ਉਹ ਫੌਰੀ ਆਤਮਿਕ ਉਚਾਈ ਵਿਚ ਯਕੀਨ ਰੱਖਦੇ ਹਨ। ਉਨ੍ਹਾਂ ਅਨੁਸਾਰ ਕਿਸੇ ਦੇ ਸਿਰ 'ਤੇ ਹੱਥ ਰੱਖ ਕੇ ਜਾਂ ਸੋਟੀ ਰੱਖ ਕੇ ਬੰਦੇ ਨੂੰ ਮੁਕਤ ਕੀਤਾ ਜਾ ਸਕਦਾ ਹੈ। ਉਹ ਗੁੱਝੇ ਤਰੀਕੇ ਨਾਲ ਸਿੱਖ ਪੰਥ 'ਤੇ ਹਮਲਾ ਅਤੇ ਗੁਰੂ ਸਾਹਿਬਾਨ ਦੀ ਹੇਠੀ ਕਰਦੇ ਹਨ। ਹੰਦਾਲੀਆਂ ਨੇ ਸਮਕਾਲੀ ਸਿਆਸਤ ਬਾਰੇ ਕੋਈ ਰਵੱਈਆ ਅਪਨਾਉਣ ਤੋਂ ਇਨਕਾਰ ਕਰ ਦਿੱਤਾ। ਉਹ ਜੱਟਾਂ ਦੀ ਅਗਵਾਈ ਹੇਠ ਨੀਵੀਆਂ ਜਾਤਾਂ ਦੇ ਧਰਮ ਦੀ ਅਗਵਾਈ ਤਾਂ ਕਰਦੇ ਹਨ ਪਰ ਉਹ ਸਿਆਸੀ ਕਾਰਵਾਈ ਤੋਂ ਦੂਰ ਰਹਿੰਦੇ ਹਨ।

ਮਿਹਰਬਾਨ ਜਨਮਸਾਖੀ ਅਤੇ **ਭਾਈ ਮਨੀ ਸਿੰਘ ਵਾਲੀ ਜਨਮਸਾਖੀ** ਅਧਵਾਟੇ ਖੜੀਆਂ ਹਨ। **ਮਿਹਰਬਾਨ ਜਨਮਸਾਖੀ** ਗੁਰੂ ਅਰਜਨ ਤੋਂ ਮਗਰੋਂ ਦੀ ਗੁਰ-ਪ੍ਰਣਾਲੀ ਨੂੰ ਨਹੀਂ ਮੰਨਦੀ। **ਭਾਈ ਮਨੀ ਸਿੰਘ ਵਾਲੀ ਜਨਮ ਸਾਖੀ** ਵਿਚ ਵੇਦਾਂਤੀ ਗਿਆਨ ਦਾ ਸਿਧਾਂਤ ਹੈ ਜਿਸ ਦੇ ਅਨੁਸਾਰ ਕੋਈ ਵੀ ਪਹੁੰਚਿਆ ਹੋਇਆ ਸਿੱਖ ਗੁਰੂਆਂ ਬਰਾਬਰ ਹੋ ਜਾਂਦਾ ਹੈ ਅਤੇ ਇਹ ਜਨਮਸਾਖੀ ਗੁਰ-ਪ੍ਰਣਾਲੀ ਦੇ ਵਿਸ਼ੇ ਨੂੰ ਨਹੀਂ ਛੂਹੰਦੀ।

ਜਨਮਸਾਖੀਆਂ ਦਾ ਆਧੁਨਿਕ ਕਲਪਨਾ ਨਾਲ ਬਹੁਤ ਜ਼ਰੂਰੀ ਸੰਬੰਧ ਹੈ। ਆਧੁਨਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਲੋਚਨਾ ਨੇ ਇਕ ਖਾਹ-ਮਖਾਹ ਦਾ ਸੁਆਲ ਆਪਣੇ ਗਲ ਪਾਇਆ ਹੋਇਆ ਹੈ ਜਦੋਂ ਇਹ ਕਲਾ ਦੀ ਸਵੈ-ਨਿਯਮਤਾ ਅਤੇ ਇਹਦੀਆਂ ਵਿਚਾਰਧਾਰਕ ਮੰਗਾਂ ਦੀ ਗੱਲ ਕਰਦੀ ਹੈ। ਕਈ ਲੋਕਾਂ ਦਾ ਖਿਆਲ ਹੈ ਕਿ ਸਵੈ-ਨਿਯਮਤਾ ਅਤੇ ਵਿਚਾਰਧਾਰਾ ਦਾ ਪਰਸਪਰ ਵਿਰੋਧ ਹੈ। ਕਈ ਇਸ ਨੂੰ ਜ਼ਰੂਰੀ ਨਹੀਂ ਮੰਨਦੇ। ਜਨਮਸਾਖੀਆਂ ਇਸ ਗੱਲ ਦਾ ਕਰੜਾ ਸਬੂਤ ਹਨ ਕਿ ਆਲੋਚਨਾ ਦੀ ਇਹ ਸਮੱਸਿਆ ਝੂਠੀ ਹੈ। ਜਨਮਸਾਖੀ ਲਿਖਾਰੀ ਲਈ ਵਿਚਾਰਧਾਰਾ ਅਤੇ ਸਵੈ-ਨਿਯਮਤਾ ਦੀ ਕੋਈ ਸਮੱਸਿਆ ਨਹੀਂ; ਉਹਦਾ ਤਾਂ ਮਨੋਰਖ ਹੀ ਸਵੈ-ਨਿਯਮੀ ਜਨਮਸਾਖੀ ਰਾਹੀਂ ਆਪਣੀ ਵਿਚਾਰਧਾਰਾ ਨੂੰ ਪੇਸ਼ ਕਰਨਾ ਹੈ। ਜਨਮਸਾਖੀ ਲਿਖਾਰੀ ਲਈ ਇਹ ਸਮੱਸਿਆ ਦਾ ਨ ਕੇਵਲ ਹੱਲ ਹੈ ਸਗੋਂ ਉਸ ਲਈ ਇਹ ਵੰਗਾਰ ਅਤੇ ਅਵਸਰ ਹੈ। ਇਹ ਕਿਸੇ ਬਹਿਸ ਦਾ ਵਿਸ਼ਾ ਨਹੀਂ ਸਗੋਂ ਕਲਾਤਮਕ ਪ੍ਰਾਪਤੀ ਦੀ ਗੱਲ ਹੈ। ਜਨਮਸਾਖੀ ਦੇ ਲਿਖਾਰੀ ਆਪਣੇ ਸਮੇਂ ਦੇ ਸੂਖਮ ਬੁੱਧੀਮਾਨ ਤੇ ਭਾਸ਼ਾ ਦੇ ਸਰਵੁੱਚ ਕਾਰੀਗਰ ਹਨ। ਜਨਮਸਾਖੀਆਂ ਨੂੰ ਪੜ੍ਹਨਾ ਆਪਣੇ ਆਪ ਵਿਚ ਖੁਸ਼ੀ ਦਾ ਮੁਕਾਮ ਹੈ। ਅਜੇਹੇ ਉਸਤਾਦਾਂ ਨੂੰ ਪੜ੍ਹ ਕੇ ਪੰਜਾਬੀ ਸਾਹਿਤ ਦੇ ਭਵਿੱਖ ਬਾਰੇ ਪਾਠਕ ਆਸ਼ਾ-ਜਨਕ ਹੋ ਜਾਂਦਾ ਹੈ।

ਸਤਾਰ੍ਹਵੀਂ ਸਦੀ ਦਾ ਸਮਾਜਿਕ ਪਿਛੋਕੜ ਜਨਮਸਾਖੀਆਂ ਦਾ ਉਪਜ-ਸਥਾਨ ਹੈ ਜਦੋਂ ਕਿ ਵਿਰੋਧੀ ਸੰਪਰਦਾਵਾਂ ਸਾਹਿਤਿਕ ਸਾਧਨਾਂ ਰਾਹੀਂ ਲੋਕਾਂ ਨੂੰ ਆਪਣੇ ਧਰਮ ਵਲ ਲਿਆਉਣ ਦੀਆਂ ਕੋਸ਼ਿਸ਼ਾਂ ਕਰਦੀਆਂ ਸਨ। ਜਨਮਸਾਖੀਆਂ ਵਿਚ ਸਨਾਤਨੀ ਸਿੱਖ ਧਰਮ ਅਤੇ ਅਨਮਤੀਆਂ ਦੀ ਬਹਿਸ ਹੈ। 1675 ਵਿਚ ਇਕ ਵਾਰ ਫੇਰ ਸਿੱਖ ਗੁਰੂ ਦੀ ਸ਼ਹੀਦੀ ਹੋਈ। ਇਸ ਨਾਲ ਇਹ ਸਾਹਿਤ ਰੂਪ ਮਰ ਗਿਆ। ਇਸ ਤੋਂ ਬਾ'ਦ ਜਨਮਸਾਖੀ ਆਪਣੀ ਹੋਂਦ ਦਾ ਆਧਾਰ ਗੁਆ ਬੈਠੀ। ਹੁਣ ਕਿਸੇ ਨਵੀਂ ਜੁਝਾਰਤਾ ਦੀ ਲੋੜ ਸੀ। ਅਠ੍ਹਾਰਵੀਂ ਸਦੀ ਦੀਆਂ ਜਨਮਸਾਖੀਆਂ ਏਨੀਆਂ ਅਣਮੌਲਿਕ ਹਨ ਕਿ ਹੁਣ ਇਹ ਨਕਲ ਅਤੇ ਕਮ-ਅਕਲ ਰਲਾਵਟਾਂ 'ਤੇ ਨਿਰਭਰ ਹਨ। ਜਨਮਸਾਖੀ ਦੀ ਰਚਨਾਤਮਕ ਕਲਪਨਾ ਦਾ ਖ਼ਾਤਮਾ ਆਪਣੇ ਆਪ ਵਿਚ ਬੜੀ ਤਕੜੀ ਇਤਿਹਾਸਕ ਗਵਾਹੀ ਹੈ।[6]

ਸਿੱਖ ਮੱਤ ਵਿਚ ਸਮਾਜਕ ਪਰਿਵਰਤਨ ਦਾ ਅਗਲਾ ਪੜਾਅ ਅਠਾਰ੍ਹਵੀਂ ਸਦੀ ਵਿਚ ਆਉਂਦਾ ਹੈ ਜਦੋਂ ਕਿ ਸਿੱਖਾਂ ਦਾ ਮੁੱਢਲਾ ਸਮਾਜਕ ਗਰੁੱਪ ਤਿੱਤਰ ਬਿੱਤਰ ਹੋ ਗਿਆ ਅਤੇ ਇਸ ਦੀ ਥਾਂ ਉਨ੍ਹਾਂ ਬੰਦਿਆਂ ਨੇ ਲਈ ਜਿਨ੍ਹਾਂ ਦਾ ਕੋਈ ਘਰ ਘਾਟ ਨਹੀਂ ਸੀ ਅਤੇ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਵਿਚ ਢਾਲਿਆ। ਅਤਿਆਚਾਰ ਕਾਰਣ ਸਿੱਖਾਂ ਨੂੰ ਪੰਜਾਬ ਛੱਡਣਾ ਪਿਆ ਅਤੇ ਜਾਂ ਫਿਰ ਪਿੰਡਾਂ ਵਿਚ ਲੁਕਣਾ ਪਿਆ। ਖਾਲਸਾ ਪੰਥ ਦੀ ਅਗਵਾਈ ਹੌਲੀ ਹੌਲੀ ਅਠਾਰ੍ਹਵੀਂ ਸਦੀ ਵਿਚ ਖੇਤੀ ਕਰਨ ਵਾਲੇ ਜੱਟਾਂ ਕੋਲ ਚਲੀ ਗਈ ਜਿਸ ਦਾ ਸਿੱਧਾ ਪੱਧਰਾ ਕਾਰਣ ਉਨ੍ਹਾਂ ਦੀ ਵਸੋਂ ਵਿਚ ਬਹੁਲਤਾ ਸੀ। ਨਵੀਂ ਰਚਨਾਤਮਕ ਕਲਪਨਾ ਦਾ ਹੁਣ ਗੁਰਬਿਲਾਸ ਰੂਪ ਸਾਹਮਣੇ ਆਉਂਦਾ ਹੈ। ਰੂਪਾਤਮਕ ਪੱਖੋਂ ਗੁਰਬਿਲਾਸ ਜਨਮਸਾਖੀਆਂ ਦੇ ਉਲਟ ਹਨ। ਗੁਰਬਿਲਾਸ ਦਾ ਮਨੋਰਥ ਜੁਝਾਰ ਵੀਰ-ਆਤਮਾ ਪੈਦਾ ਕਰਨਾ ਹੈ ਜਿਸ ਦੀ ਆਪਣੀ ਸਮਾਜਕ ਤੀਖਣਤਾ ਹੈ। ਪਰ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਸਿਧਾਂਤ ਦਾ ਬਹੁਤਾ ਫਿਕਰ ਨਹੀਂ । ਇਸ ਦੇ ਉਲਟ ਜਨਮਸਾਖੀ ਲਈ ਸਿਧਾਂਤਕ ਤੌਰ 'ਤੇ ਠੀਕ ਹੋਣਾ ਜ਼ਰੂਰੀ ਹੈ। ਗੁਰਬਿਲਾਸ ਦਾ ਉਥਾਨ ਅਤੇ ਪਤਨ ਏਸ ਸਮਾਜਕ ਤੱਥ ਦੇ ਸਮਾਨਾਂਤਰ ਹੈ ਜਿਸ ਅਨੁਸਾਰ ਦਮਿਤ ਆਪ ਦਮਨਕਾਰੀ ਹੋ ਜਾਂਦੇ ਹਨ।

ਮਾਰਕਸ ਨਾਲ ਹੋਰ ਪੇਸ਼ਾਵਰ ਇਤਿਹਾਸਕਾਰ ਜਾਣਦਾ ਹੈ ਕਿ ਇਤਿਹਾਸ ਵਿਚ ਕਈ ਹੈਰਾਨਕੁਨ ਗੱਲਾਂ ਲੱਭਦੀਆਂ ਹਨ। ਇਹ ਗੱਲ ਸਾਹਿਤਿਕ ਰੂਪ ਦੇ ਜਨਮ ਬਾਰੇ ਹੋਰ ਵੀ ਸਹੀ ਹੈ। ਗੁਰਬਿਲਾਸ ਅਸਲ ਵਿਚ **ਬਚਿੱਤਰ ਨਾਟਕ** ਦੀ ਜਦ-ਪੁਸ਼ਤ ਵਿਚੋਂ ਹੈ ਜਿਸ ਦੇ ਰੂਪਾਤਮਕ ਪੱਖ ਬਿਲਕੁਲ ਇਤਫ਼ਾਕ ਦੀ ਗੱਲ ਸੀ।

ਬਚਿੱਤਰ ਨਾਟਕ ਗੁਰੂ ਗੋਬਿੰਦ ਸਿੰਘ ਦੇ ਜੀਵਨ ਦਾ ਮਿਥਿਹਾਸਕ ਬ੍ਰਿਤਾਂਤ ਹੈ। ਇਸ ਦਾ ਅਰਥ ਹੈ 'ਅਸਚਰਜ ਕਰਾਮਾਤ'। ਆਮ ਤੌਰ 'ਤੇ ਕਰਾਮਾਤ ਸੁਣੀ ਸੁਣਾਈ ਜਾਂ ਕਿਸੇ ਹੋਰ ਨੇ ਦੇਖੀ ਹੁੰਦੀ ਹੈ ਅਤੇ ਭੂਤਕਾਲ ਵਿਚ ਵਰਤੀ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਇਸ ਕਰਕੇ ਅਸਚਰਜ ਕਰਾਮਾਤ ਹਨ ਕਿ ਪਰਮਾਤਮਾ 'ਹੁਣ' ਅਤੇ 'ਇਥੇ' ਵਿਅਕਤ ਹੈ, ਜਿਸ ਦਾ ਅਰਥ ਇਤਿਹਾਸ ਵਿਚ ਦੈਵੀ ਦਖ਼ਲ-ਅੰਦਾਜ਼ੀ ਹੈ। ਇਹੀ ਅਠਾਰ੍ਹਵੀਂ ਸਦੀ ਦੇ ਸਿੱਖ ਵਿਚਾਰ ਦਾ ਆਧਾਰ ਹੈ ਜਦੋਂ ਉਹ ਆਪਣੀ ਸਿਆਸੀ ਚੜ੍ਹਤ ਦੇ ਸੰਘਰਸ਼ ਨੂੰ ਰੱਬੀ ਸਮਰਥਨ ਮਿਲਿਆ ਸਮਝਦੇ ਸਨ। ਗੁਰੂ ਗੋਬਿੰਦ ਸਿੰਘ ਅਵਤਾਰਾਂ ਦੇ ਬਰਾਬਰ ਹਨ ਪਰ ਉਹ ਆਪ ਅਵਤਾਰ ਨਹੀਂ। ਉਹ ਉਨ੍ਹਾਂ ਵਿਚ ਤਾਂ ਹਨ ਉਨ੍ਹਾਂ ਵਰਗੇ ਨਹੀਂ। ਗੁਰੂ ਗੋਬਿੰਦ ਸਿੰਘ ਉਸ ਮਾਲਕ ਦੀ ਆਤਮਾ ਹਨ ਜਿਸ ਨੇ ਅਨਾਥਾਂ ਦਾ ਆਪਣੇ ਸਿਰ ਭਾਰ ਲਿਆ ਹੈ। ਉਹ ਸਰੀਰਕ ਤੌਰ 'ਤੇ ਗੁਰੂ ਪੰਥ ਦਾ ਸਾਕਾਰ ਰੂਪ ਹਨ। ਗੁਰੂ ਗੋਬਿੰਦ ਸਿੰਘ 'ਫੋਕਟ' ਧਰਮਾਂ ਦੇ ਖ਼ਿਲਾਫ਼ ਹਨ ਜਿਹੜੇ ਕੁਝ ਕਰਨ ਯੋਗ ਨਹੀਂ। ਇਹ ਗੱਲ ਸਪੱਸ਼ਟ ਕਹੀ ਗਈ ਹੈ ਕਿ ਪੁੰਨ ਅਤੇ ਪਾਪ ਦਾ ਆਦਿ ਜੁਗਾਦੀ ਸੰਘਰਸ਼ ਇਥੇ ਅਤੇ ਹੁਣ ਦੇ ਜੀਉਂਦੇ ਮਨੁੱਖਾਂ ਨਾਲ ਹੈ। ਗੁਰਬਿਲਾਸ ਦੀ ਦ੍ਰਿਸ਼ਟੀ ਦਾ ਜਨਮਸਾਖੀ ਦੀ ਦ੍ਰਿਸ਼ਟੀ ਨਾਲ ਮੁਕਾਬਲਾ ਕਰਨਾ ਲਾਹੇਵੰਦ ਹੈ। **ਮਿਹਰਬਾਨ ਜਨਮਸਾਖੀ** ਵਿਚ ਪਰਮਾਤਮਾ ਦਾ ਹੁਕਮ ਹੈ ਕਿ ਜਿਹੜਾ ਆਦਮੀ ਗੁਰੂ ਨਾਨਕ ਦੇ ਦਰਸ਼ਨ ਕਰਦਾ ਹੈ ਉਨ੍ਹਾਂ ਦੀ ਬਾਣੀ ਸੁਣਦਾ ਹੈ ਜਾਂ ਉਨ੍ਹਾਂ ਦੇ ਪਿੱਛੇ ਲੱਗਦਾ ਹੈ ਉਸ ਨੂੰ ਮੁਕਤੀ ਮਿਲ ਜਾਏਗੀ। **ਬਚਿੱਤਰ ਨਾਟਕ** ਵਿਚ ਆਦਮੀ ਨੂੰ ਮੁਕਤੀ ਪ੍ਰਾਪਤ ਕਰਨ ਲਈ ਦੁਸ਼ਮਣਾਂ ਨਾਲ ਲੜਨਾ ਪੈਂਦਾ ਹੈ। ਇਕ ਮਹੱਤਵਪੂਰਣ ਗੱਲ ਇਹ ਹੈ ਕਿ ਲੌਕਿਕ ਜਗਤ ਵਿਚ ਦੈਵੀ ਦਖ਼ਲ-ਅੰਦਾਜ਼ੀ ਨੂੰ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੀਆਂ ਘਟਨਾਵਾਂ ਨਾਲ ਜੋੜਿਆ ਗਿਆ ਹੈ। ਸਿੱਖ ਪੰਥ ਦੀ ਖ਼ਾਤਿਰ ਦ੍ਰਿੜ੍ਹ ਹੋ ਕੇ ਲੜਨਾ ਸਿੱਖ ਲਈ ਪੁੰਨ ਹੈ। **ਬਚਿੱਤਰ ਨਾਟਕ** ਸਿੱਖ ਇਤਿਹਾਸ ਵਿਚ ਨਵਾਂ ਅਤੇ ਇਤਿਹਾਸਕ ਚਲਾਂਤ ਸ਼ੁਰੂ ਕਰਦਾ ਹੈ। ਸਿੱਖਾਂ ਤੇ ਜੋ ਅਤਿਆਚਾਰ ਹੋ ਰਿਹਾ ਹੈ ਉਸਦਾ ਦੂਸਰਾ ਪੱਖ ਦੈਵੀ ਸਮਰਥਨ ਹੈ। ਇੰਜ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਉਨ੍ਹਾਂ ਵਲੋਂ ਗੁਰਗੱਦੀ ਲੈਣ ਦੀ ਦਲੀਲ ਬਣ ਜਾਂਦੀ ਹੈ। ਇਹ ਗੱਲ ਵੀ ਕਹੀ ਗਈ ਹੈ ਕਿ ਜਿਹੜੇ ਅਤਿਆਚਾਰ ਤੋਂ ਨਹੀਂ ਡਰਦੇ ਉਹ ਪਰਮਾਤਮਾ ਦੇ ਪ੍ਰੇਮ ਅਰਥਾਤ ਸਿੱਖੀ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਇਮ ਰਹਿੰਦੇ ਹਨ। ਅਤਿਆਚਾਰ ਤੋਂ ਡਰਨ ਵਾਲੇ ਹਿੰਦੂ ਜਾਂ ਇਸਲਾਮੀ ਧਰਮ ਵਿਚ ਜਾ ਵੜਦੇ ਹਨ :

ਜਿਨ ਮਤ ਬੇਦ ਕਤੇਬਨ ਤਿਆਗੀ
ਪਾਰਬ੍ਰਹਮ ਕੇ ਭਏ ਅਨੁਰਾਗੀ
... ...
ਜੇ ਜੇ ਸਹਿਤ ਜਾਤਨ ਸੰਦੇਹਿ
ਪ੍ਰਭ ਕੇ ਸੰਗਿ ਨ ਛੋਡਤ ਨੇਹ
... ...
ਜੇ ਜੇ ਜੀਯ ਜਾਤਨ ਤੇ ਡਰੇ
ਪਰਮ ਪੁਰਖ ਤਜਿ ਤਿਨ ਮਗ ਪਰੇ ।[7]

ਗੁਰੂ ਗੋਬਿੰਦ ਸਿੰਘ ਨ ਕੇਵਲ ਲੌਕਿਕ ਬਾਦਸ਼ਾਹ ਹਨ ਸਗੋਂ ਆਤਮਿਕ ਪ੍ਰਭੂ ਵੀ ਹਨ। ਗੁਰੂ ਗੋਬਿੰਦ ਸਿੰਘ ਦੀ ਮਿਥਿਹਾਸਿਕ ਸ਼ਾਹੀ ਵੰਸ਼ ਅਸਲ ਵਿਚ ਆਤਮਕ ਪ੍ਰਭੂ ਦੀ ਲੌਕਿਕ ਸ਼ਕਤੀ ਦੀ ਜਾਇਜ਼ਕਰਾਰੀ ਹੈ।

ਬਚਿਤਰ ਨਾਟਕ ਦੀਆਂ ਸਿਧਾਂਤਕ, ਇਤਿਹਾਸਕ ਅਤੇ ਕਲਾਤਮਕ ਸੀਮਾਵਾਂ ਹਨ। ਲਿਖਾਰੀ ਨੂੰ ਪਤਾ ਨਹੀਂ ਕਿ ਉਹ ਗੁਰੂ ਗੋਬਿੰਦ ਸਿੰਘ ਨੂੰ ਇਤਿਹਾਸ ਅਤੇ ਸ਼ਕਤੀ ਸੰਗਠਨ ਵਿਚ ਕਿਹੜੀ ਥਾਂ ਦੇਵੇ। ਪਾਰਗਾਮੀ ਅਤੇ ਵਿਆਪਕ ਪਰਮਾਤਮਾ ਦੇ ਮਾਨਵੀ ਰੂਪ ਹਨ । ਇਹਦੀ ਛੰਦਾ-ਬੰਦੀ **ਆਦਿ ਗ੍ਰੰਥ** ਦੇ ਭਗਤੀ ਕਾਵਿ ਵਾਲੀ ਛੰਦਾ ਬੰਦੀ ਨਹੀਂ। ਜੁਝਾਰਤਾ ਨੇ ਨਵੇਂ ਛੰਦਾਂ ਨੂੰ ਜਗਾ ਦਿੱਤਾ ਹੈ। ਇਸ ਵਿਚ ਧੁਨੀ ਆਧਾਰਿਤ ਸ਼ਬਦਾਂ ਦੀਆਂ ਕਾਢਾਂ ਹਿਪਨੋਟਿਜ਼ਮ ਦਾ ਅਸਰ ਪਾਉਂਦੀਆਂ ਹਨ। **ਬਚਿੱਤਰ ਨਾਟਕ** ਵਿਚ ਪ੍ਰਕ੍ਰਿਤੀ ਨਹੀਂ ਹੈ ਅਤੇ ਨਾ ਹੀ ਕੋਈ ਦਰਸ਼ਨੀ ਅਲੰਕਾਰ ਹੈ। **ਬਚਿੱਤਰ ਨਾਟਕ** ਦੇ ਰਲਗੱਡ ਬਿੰਬ ਛੰਦ ਅਤੇ ਅੰਸ਼ ਉਸ ਭਾਂਤ ਸਭਾ ਤੇ ਸਮਾਜਕ ਵਰਗ ਦਾ ਪ੍ਰਤੀਕ ਹਨ ਜਿਹੜੇ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰ ਸਨ। ਸਿੱਖਾਂ ਨੇ ਹੌਲੀ ਹੌਲੀ ਕਸ਼ਟਾਂ ਸਹਿਤ ਇਤਿਹਾਸ ਵਿਚ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਰਚਨਾ ਜਨਮਦੇ ਇਤਿਹਾਸ ਦੀ ਹੈ ਜਿਹੜਾ ਹਾਲਾਤ ਦੀਆਂ ਮੁਸ਼ਕਿਲਾਂ ਕਾਰਣ ਭਵਿੱਖ ਦੇ ਆਦਰਸ਼ਾਂ ਨਾਲ ਵਧੇਰੇ ਵਫ਼ਾ ਕਰਦਾ ਹੈ ਅਤੇ ਵਰਤਮਾਨ ਦੇ ਵੇਰਵਿਆਂ ਬਾਰੇ ਚੁੱਪ ਹੈ। **ਗੁਰ ਸੋਭਾ** ਕਰਤਾ ਸੈਨਾਪਤ 1711 ਈ. ਦੀ ਰਚਨਾ ਹੈ। ਇਹ ਗੱਲ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਤੋਂ ਤਿੰਨ ਸਾਲ ਬਾਦ ਦੀ ਹੈ ਜਦੋਂ ਕਿ ਬੰਦਾ ਬਹਾਦਰ ਨੇ ਵਕਤੀ ਤੌਰ ਤੇ ਸਿੱਖ ਰਾਜ ਕਾਇਮ ਕਰ ਲਿਆ ਸੀ। ਸੁੱਖਾ ਸਿੰਘ ਦਾ **ਗੁਰਬਿਲਾਸ ਦਸਵੀਂ ਪਾਤਸ਼ਾਹੀ** 1797 ਈ. ਵਿਚ ਲਿਖਿਆ ਗਿਆ ਜਿਹੜਾ ਗੁਰਬਿਲਾਸ ਸਾਹਿਤ ਰੂਪ ਦੀ ਸਿਖਰ ਹੈ ਅਤੇ ਸਿੱਖਾਂ ਦੀ ਚੜ੍ਹਤ ਦੇ ਸਮਾਨਾਂਤਰ ਵੀ ਹੈ। **ਗੁਰ ਸੋਭਾ** ਪੰਥ ਦੀ ਸੇਵਾ ਅਤੇ ਮੁਕਤੀ ਹਿਤ ਲਿਖਿਆ ਗਿਆ। ਕਰਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਠਕ ਅਤੇ ਆਪਣੇ ਲਈ ਪੰਥ ਵਿਚ ਦ੍ਰਿੜ੍ਹ ਵਿਸ਼ਵਾਸ ਦੀ ਪ੍ਰਾਰਥਨਾ ਕਰਦਾ ਹੈ। ਇਹਦੇ ਵਿਚ ਗੁਰੂ ਗੋਬਿੰਦ ਸਿੰਘ ਦੀ ਕਰਾਮਾਤੀ ਜ਼ਿੰਦਗੀ ਦਾ ਵਰਣਨ ਹੈ ਜਿਹੜੀ **ਬਚਿੱਤਰ ਨਾਟਕ** ਅਨੁਸਾਰ ਹੈ। ਇਹ ਗੁਰੂ ਪੰਥ ਦੇ ਸਿਧਾਂਤ ਦੀ ਬੜੀ ਤਕੜੀ ਵਕਾਲਤ ਕਰਦਾ ਹੈ। **ਗੁਰ ਸੋਭਾ** ਗੁਰੂ ਗੋਬਿੰਦ ਸਿੰਘ ਦੇ ਵਿਚਾਰਧਾਰਕ ਵਿਰਸੇ ਨੂੰ ਦਰਸਾਉਣ ਵਾਲਾ ਅਨਮੋਲ ਸਰੋਤ ਹੈ।

ਗੁਰ ਸੋਭਾ ਬਚਿੱਤਰ ਨਾਟਕ ਦੇ ਛੰਦ, ਉਹਦੇ ਲੜਾਈ ਦੇ ਵਰਨਣ ਅਤੇ ਰੂਪਾਤਮਕ ਜੁਗਤਾਂ ਦੀ ਨਕਲ ਕਰਦਾ ਹੈ। ਇਹਦੇ ਵਿਚ ਗੁਰੂ ਗੋਬਿੰਦ ਸਿੰਘ ਦਾ ਮਿਸ਼ਨ ਅਤੇ ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ ਦਾ ਅਜਿਹਾ ਵਰਣਨ ਹੈ ਜਿਹੜਾ **ਬਚਿੱਤਰ ਨਾਟਕ** ਦੀ ਯਾਦ ਦਿਵਾਉਂਦਾ ਹੈ। ਕਰਤਾ ਬ੍ਰਹਮਵਿਦਿਅਕ ਸਿਧਾਂਤਾਂ ਨੂੰ ਬਦਲਣ ਤੋਂ ਸੰਕੋਚ ਨਹੀਂ ਕਰਦਾ। ਸਿੱਖ ਧਰਮ ਅਨੁਸਾਰ ਗੁਰੂ ਅਤੇ ਪਰਮੇਸ਼ਰ ਇਕ ਹਨ ਪਰ ਲਿਖਾਰੀ ਗੁਰੂ ਗੋਬਿੰਦ ਸਿੰਘ ਨੂੰ ਪਰਮਾਤਮਾ ਦੀ ਸਰੀਰਕ ਹੋਂਦ ਕਹਿ ਦੇਂਦਾ ਹੈ। ਚਮਕੌਰ ਸਾਹਿਬ ਦੀ ਲੜਾਈ ਤੋਂ ਪਿਛੋਂ ਗੁਰੂ ਸਾਹਿਬ ਨਿਰਬਾਣ ਹੋ ਜਾਂਦੇ ਹਨ:

> ਛੋਡ ਚਮਕੌਰ ਕਰਤਾਰ ਤਾਹੀ ਸਮੈ ਰੂਪ ਯੋ ਧਾਰਿ ਦਿਸ ਔਰ ਆਯੋ
> ਛੋਡ ਧਨ ਸੁਤ ਬੰਧ ਦਾਰਾ ਸਬੈ ਏਕ ਅੰਕਾਰ ਹੋ ਯੌਂ ਦਿਖਾਯੋ
> ਸਰਬ ਸਾਮਾਨ ਛਿਨ ਅਹਿ ਐਸੇ ਤਜੇ ਭੇਖਿ ਨਿਰਬਾਨ ਕੇ ਰੂਪ ਆਯੋ।[8]

ਗੁਰੂ ਗੋਬਿੰਦ ਸਿੰਘ ਦੇ ਪਾਪ ਬਿਦਾਰਨ ਦੇ ਸੰਘਰਸ਼ ਦਾ ਮਤਲਬ ਲੌਕਿਕ ਲੜਾਈਆਂ ਲੜਨ ਦਾ ਹੈ। ਲਿਖਾਰੀ ਗੁਰੂ ਨੂੰ ਰਣਭੂਮੀ ਦੇ ਚਿੰਨ੍ਹ ਵਜੋਂ ਸਿਰਜਦਾ ਹੈ ਜਿਸ ਅਨੁਸਾਰ ਭਵਿੱਖ ਵਿਚ ਸਿੱਖ ਆਪਣੇ ਆਪ ਨੂੰ ਢਾਲਣਗੇ। ਇਹ ਹੀਰੇ ਜਵਾਹਰਾਤ ਅਤੇ ਸ਼ਾਸ਼ਤਰਾਂ ਦੇ ਪ੍ਰਤੀਕਾਂ ਨਾਲ ਬਣਾਇਆ ਚਿੱਤਰ ਹੈ ਜਿਹੜਾ ਉਨ੍ਹਾਂ ਦੀ ਲੌਕਿਕ ਸ਼ਕਤੀ ਅਤੇ ਆਤਮਿਕ ਅਧੀਰਾਜਗੀ ਦਾ ਹੈ।[9] ਕਰਤਾ ਅਨੁਸਾਰ ਗੁਰੂ ਗੋਬਿੰਦ ਸਿੰਘ ਆਪ ਜੰਗਾਂ ਦੀ ਦੇਖ ਭਾਲ ਕਰਦਾ ਹੈ। ਸਿੱਖ ਕ੍ਰਮਵਾਰ ਮੋਰਚੇ ਬਣਾ ਕੇ ਲੜਦੇ ਹਨ। ਉਨ੍ਹਾਂ ਨੇ ਅਨੰਦਪੁਰ ਦੇ ਘੇਰੇ ਸਮੇਂ ਹੀ ਗੁਰੀਲਾ ਲੜਾਈ ਦੇ ਦਾਅ-ਪੇਚ ਸਿਖ ਲਏ ਸਨ। ਅੱਗੇ ਨੂੰ ਗੁਰੀਲਾ ਲੜਾਈ ਦੇ ਸਮਰਥਕ ਬੱਝਵੀਂ ਲੜਾਈ ਦੇ ਹਮਾਇਤੀਆਂ ਦੇ ਖ਼ਿਲਾਫ ਏਸੇ ਅਨੁਭਵ ਦਾ ਉਲੇਖ ਕਰਨਗੇ। ਉਨ੍ਹਾਂ ਦਾ ਸ਼ਹੀਦੀ ਦਾ ਆਦਰਸ਼ ਮਰਨ ਮਾਰਨ ਵਾਲੀ ਸਥਿਤੀ ਵਿਚ ਫੌਜੀ ਤੌਰ 'ਤੇ ਸਾਰਥਕ ਸੀ।

ਸੈਨਾਪਤੀ ਨੂੰ ਖ਼ਾਲਸਾ ਪੰਥ ਦੇ ਬ੍ਰਹਮਵਿਦਿਅਕ ਸਿੱਧਾਂਤ ਦੀ ਚਿੰਤਾ ਹੈ। ਖ਼ਾਲਸਾ ਪਹਿਲੇ ਗੁਰੂਆਂ ਦੀ ਸੰਗਤ ਦਾ ਦੂਸਰਾ ਰੂਪ ਹੈ। ਲਿਖਾਰੀ 'ਮਨਮੁਖ' ਦੇ ਵਿਚਾਰ ਵਿਚ ਵਾਧਾ ਕਰਦਾ ਹੈ। ਬਾਬੇ ਨਾਨਕ ਦੀ ਬਾਣੀ ਵਿਚ ਕਿਸੇ ਗ਼ੈਰਸਿੱਖ ਦਾ ਮਨਮੁਖ ਹੋਣਾ ਜ਼ਰੂਰੀ ਨਹੀਂ ਪਰ ਤੀਸਰੇ ਅਤੇ ਚੌਥੇ ਗੁਰੂ ਸਾਹਿਬਾਨ ਅਨੁਸਾਰ ਗ਼ੈਰ ਸਿੱਖ ਅਤੇ ਗੱਦੀ ਦੇ ਦਾਅਵੇਦਾਰ ਅਵੱਸ਼ ਮਨਮੁਖ ਹਨ। **ਗੁਰ ਸੋਭਾ** ਵਿਚ ਗ਼ੈਰ ਖ਼ਾਲਸਾ (ਗ਼ੈਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੱਖ ਨਹੀਂ) ਮਨਮੁਖ ਹੈ । **ਗੁਰ ਸੋਭਾ** ਦਾ ਇਹ ਬ੍ਰਹਮਵਿਦਿਅਕ ਵਾਧਾ ਗੁਰੂਆਂ ਦੀ ਪਾਈ ਪ੍ਰਥਾ ਅਨੁਸਾਰ ਹੈ। ਉਹ ਗ਼ੈਰ ਖ਼ਾਲਸਾ ਸਿੱਖਾਂ ਦੀ ਪੜਚੋਲ ਕਾਲ ਅਤੇ ਹੁਕਮ ਦੇ ਬ੍ਰਹਮਵਿਦਿਅਕ ਨੁਕਤਿਆਂ ਤੋਂ ਕਰਦਾ ਹੈ । ਕਵੀ ਦੀ ਸਿੱਖ ਬ੍ਰਹਮਵਿਦਿਆ ਨਾਲ ਤਕੜੀ ਜਾਣਕਾਰੀ ਹੈ ਜਿਸ ਕਾਰਣ ਉਹ ਕੇਵਲ ਖ਼ਾਲਸੇ ਨੂੰ ਹੀ ਗੁਰਮੁਖ ਕਹਿੰਦਾ ਹੈ। ਖ਼ਾਲਸਾ ਪੰਥ ਮੁਕਤੀ ਦੀ ਸੰਸਥਾ ਹੈ : "ਜੀ ਖਾਲਸਾ ਸਰਨਿ ਦੁਆਰ ਕਰੋ ਨਿਸ-ਤਾਰਿਆ" ।[10] ਕਵੀ ਅਨੁਸਾਰ ਖ਼ਾਲਸੇ ਦਾ ਤੱਤ ਲੜਾਈ ਹੈ :

ਹੋਕੈ ਉਦਾਸ, ਖਾਲਸ ਪ੍ਰਗਾਸ
... ...
... ...
ਤਜੀਐ ਮਸੰਦ, ਸਬ ਤੋਰ ਫੰਦ
ਤਜਿ ਪੰਚ ਸੰਗਿ, ਰਚਿ ਏਕ ਰੰਗ
ਖਾਲਸ ਸਰੂਪ, ਅਨੂਪ ਰੂਪ
ਗਹਿ ਤੇਗ਼ ਲੀਨ, ਅਤਿ ਜੁਧ ਕੀਨ
... ...
ਜੋਧਾ ਅਪਾਰ, ਕਰਿ ਜੁਧਿ ਸਾਰ
... ...
ਬਸਿਧਾ ਸੁਧਾਰ, ਕਰਿ ਜਗਤ ਪਾਲ
... ...
ਐਸੇ ਨਿਹਾਰ, ਗੁਰੂ ਕੇਸ ਧਾਰ ।[11]

ਬਾਬੇ ਨਾਨਕ ਅਨੁਸਾਰ ਭਾਉ ਭਗਤਿ ਵਾਲਾ ਆਦਮੀ ਸੁਹਣਾ ਹੁੰਦਾ ਹੈ। **ਗੁਰ ਸੋਭਾ** ਅਨੁਸਾਰ ਬੀਰ ਖ਼ਾਲਸਾ ਹੀ ਸੁੰਦਰ ਹੈ। ਕਰਤਾ ਗੁਰੂ ਗੋਬਿੰਦ ਸਿੰਘ ਨੂੰ ਗੁਰੂਪੰਥ ਦੇ ਸਿੱਧਾਂਤ ਦਾ ਹਾਮੀ ਬਣਾਉਂਦਾ ਹੈ । ਇਸ ਮੱਤ ਦਾ ਸਿਖਰ ਇਸ ਗੱਲ ਵਿਚ ਹੈ ਕਿ ਖ਼ਾਲਸਾ ਆਪ ਗੁਰੂ ਦਾ ਰੂਪ ਹੈ ਅਤੇ ਪਰਮਾਤਮਾ ਦਾ ਪ੍ਰਕਾਸ਼ ਹਮੇਸ਼ਾ ਖ਼ਾਲਸੇ ਵਿਚ ਹੀ ਹੁੰਦਾ ਹੈ :

ਤਾਹ ਸਮੇਂ ਗੁਰ ਬੈਠ ਸੁਨਾਯੋ
ਖਾਲਸ ਆਪਨੋ ਰੂਪ ਬਤਾਯੋ
ਖਾਲਸਾ ਹੀ ਸੋ ਹੈ ਮਮ ਕਾਮਾ
ਬਖਸ਼ ਕੀਉ ਖਾਲਸ ਕੋ ਜਾਮਾ
ਖਾਲਸਾ ਮੇਰੋ ਰੂਪ ਹੈ ਹੌਂ ਖਾਲਸ ਕੇ ਪਾਸਿ
ਆਦਿ ਅੰਤਿ ਹੀ ਹੋਤ ਹੈ ਖਾਲਸ ਮੈ ਪ੍ਰਗਾਸ ।[12]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਗੱਲ ਮਹੱਤਵਪੂਰਣ ਹੈ ਕਿ **ਗੁਰ ਸੋਭਾ** ਵਿਚ ਗੁਰੂ ਸਾਹਿਬ ਅਨੰਦਪੁਰ 'ਤੇ ਸੁਤੰਤਰ ਰਾਜ ਕਰਦੇ ਹਨ। ਇਹਦੇ ਵਿਚ ਗੁਰੂ ਗੋਬਿੰਦ ਸਿੰਘ ਨੂੰ ਬੀਰ ਗੁਣਾਂ ਦਾ ਪੁੰਜ ਦਰਸਾਇਆ ਗਿਆ ਹੈ ਅਤੇ ਗੁਰੂ ਸਾਹਿਬ ਦੇ ਫੌਜੀ ਦਾਅ ਪੇਚਾਂ 'ਤੇ ਜ਼ੋਰ ਅਤੇ ਖਾਲਸਾ ਪੰਥ ਨੂੰ ਗੁਰਿਆਈ ਦਿੱਤੀ ਗਈ ਹੈ ਜਿਸ ਦਾ ਸੁਤੰਤਰ ਰਾਜ ਦਾ ਵਿਰਸਾ ਹੈ। ਇਨ੍ਹਾਂ ਗੱਲਾਂ ਕਰਕੇ **ਗੁਰ ਸੋਭਾ** ਅਠਾਰ੍ਹਵੀਂ ਸਦੀ ਵਿਚ ਸਿੱਖ ਰਾਜ ਦਾ ਮੈਨੀਫੈਸਟੋ ਬਣ ਜਾਂਦਾ ਹੈ।

ਗੁਰਬਿਲਾਸ ਦਸਵੀਂ ਪਾਤਸ਼ਾਹੀ ਸੁੱਖਾ ਸਿੰਘ ਦੀ ਕ੍ਰਿਤ ਹੈ ਜਿਹੜੀ ਕਿ ਸਿੱਖਾਂ ਦੇ ਬੀਰ ਕਾਲ ਦੇ ਸਮਾਪਤੀ ਸਮੇਂ ਦੀ ਹੈ। ਭਾਵੇਂ ਇਹ ਵਿਚਾਰਧਾਰਾ ਦੇ ਪੱਖ ਤੋਂ ਸਨਾਤਨੀ ਸਿੱਖ ਹੋਣ ਦੀ ਥਾਂ ਉਦਾਸੀ ਰਚਨਾ ਹੈ ਪਰ ਇਹ ਰਾਜਨੀਤੀ ਦੀ ਪ੍ਰਕ੍ਰਿਤੀ ਅਤੇ ਸਿੱਖਾਂ ਦੇ ਸਮਾਜਕ ਪ੍ਰੋਗਰਾਮ ਬਾਰੇ ਉੱਤਮ ਰਚਨਾ ਹੈ। ਸੁੱਖਾ ਸਿੰਘ ਦੇ ਖਾਲਸਾ ਪੰਥ ਦੇ ਚਿੱਤਰ ਵਿਚ ਏਨੀ ਨਵੀਨਤਾ ਹੈ ਕਿ ਇਸ ਦਾ ਸਮਕਾਲੀ ਅਨੁਬੰਧ ਬਣ ਜਾਂਦਾ ਹੈ। ਅਨਾਥ ਦੀ ਦੁਨੀਆਂ ਵਿਚ ਕੋਈ ਇੱਜ਼ਤ ਨਹੀਂ ਹੁੰਦੀ। ਖਾਲਸੇ ਦਾ ਜਨਮ ਪਰਮਾਤਮਾ, ਤਲਵਾਰ ਅਤੇ ਦੇਵੀ ਤੋਂ ਹੋਇਆ। ਖਾਲਸੇ ਵਿਚ ਦੇਵਤਿਆਂ, ਮਨੁੱਖਾਂ, ਭੂਤਾਂ, ਪਿਸ਼ਾਚਾਂ ਦੀ ਸਾਂਝੀ ਸ਼ਕਤੀ ਹੈ। ਖਾਲਸਾ ਇਸ ਗੱਲੋਂ ਲਾ-ਮਿਸਾਲ ਹੈ ਕਿ ਉਸ ਨੇ ਕਲਜੁਗ ਵਿਚ ਚੰਡੀ ਪ੍ਰਗਟਾਈ। ਖਾਲਸਾ ਵਾਹਿਗੁਰੂ ਤੋਂ ਜਨਮ ਲੈਣ ਕਾਰਣ ਅਜਿੱਤ ਹੈ। "ਆਦਿ ਅਕਾਲ ਨਾਥ ਕੀ ਮੂਰਤਿ, ਪਰ ਜੋਤਿ ਨਾਨਾ ਬਿਧ ਪੂਰਤ"।[13] ਵਾਹਿਗੁਰੂ ਜੀ ਕਾ ਖਾਲਸਾ ਹੋਣ ਕਰਕੇ ਵਾਹਿਗੁਰੂ ਜੀ ਕੀ ਫਤਹਿ ਹੈ। ਖਾਲਸਾ ਪੰਥ ਤਪ, ਸਿੱਧੀਆਂ ਅਤੇ ਚਾਰ ਪਦਾਰਥਾਂ ਦੀ ਖਾਣ ਹੈ। ਕਲ-ਜੁਗ ਵਿਚ ਖਾਲਸਾ ਪੰਥ ਹੀ ਸੰਤਾਂ ਦੀ ਸੰਸਥਾ ਹੈ। ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਤਲਵਾਰ ਦਾ ਬਾਣਾ ਦਿੱਤਾ ਹੈ।

ਦਸਵੇਂ ਗੁਰੂ ਨੇ ਦਲਿਤ ਲੋਕਾਂ ਨੂੰ ਆਪਣਾ ਧਰਮ ਦਿੱਤਾ। ਸੁੱਖਾ ਸਿੰਘ ਅਨੁਸਾਰ ਕਲਜੁਗ ਦਾ ਰਾਜ ਨੀਵੀਆਂ ਜਾਤਾਂ ਦਾ ਰਾਜ ਹੈ। ਤਲਵਾਰ ਦੇ ਧਰਮ ਤੋਂ ਬਿਨਾਂ ਕੋਈ ਧਰਮ ਨਹੀਂ। ਪੁਰਾਣੇ ਸੰਸਕਾਰਾਂ ਮਗਰ ਲੱਗੇ ਰਹਿਣ ਦਾ ਮਤਲਬ ਮੁਗਲ ਬਾਦਸ਼ਾਹਾਂ ਦੇ ਹੱਥਾਂ ਵਿਚ ਖੇਡਣਾ ਹੈ। ਕਲਜੁਗ ਨੇ ਵਰਨਸ਼ੰਕਰ ਕਰ ਦਿੱਤਾ ਸੀ ਜਿਸ ਕਰਕੇ ਗਿਆਨ ਦੀ ਪ੍ਰਾਪਤੀ ਅਸੰਭਵ ਹੋ ਗਈ। ਮੁਸਲਮਾਨੀ ਰਾਜ ਨੇ ਧਰਤੀ ਭ੍ਰਿਸ਼ਟ ਕਰ ਦਿੱਤੀ ਅਤੇ ਹਿੰਦੂ ਮਤ ਨ ਰਿਹਾ। ਧਰਤੀ ਨੂੰ ਚੁੱਕਣ ਵਾਲਾ ਧੌਲ ਵੀ ਕੰਬ ਰਿਹਾ ਸੀ। ਪਰੰਪਰਾਈ ਧਰਮ ਦੀ ਰੱਖਿਆ ਕਰਨ ਲਈ ਖੱਤਰੀ ਖ਼ਤਮ ਹੋ ਗਏ ਸਨ ਜਿਸ ਕਰਕੇ ਯੋਗ ਅਤੇ ਦਾਨ ਵਿਚ ਕੋਈ ਅਸਰ ਨਹੀਂ ਸੀ। ਸੁੱਖਾ ਸਿੰਘ ਨੂੰ ਪਤਾ ਹੈ ਕਿ ਬੰਦਾ ਆਪਣੀ ਸ਼ਕਤੀ ਅਨੁਸਾਰ ਹੀ ਧਰਮੀ ਹੁੰਦਾ ਹੈ। ਉਹਦੇ ਅਨੁਸਾਰ ਸਿੱਖ ਹੀ ਖੱਤਰੀ ਹਨ। "ਖਤ੍ਰੀ ਹੈ ਵਹਿ ਸਿੱਖ ਭਣੀਜੇ ਤਿਨ ਕਾਮਾ ਹੀ ਮੁਝੈ ਲਹੀਜੈ।"[14]

ਇਹ ਸੁੱਖਾ ਸਿੰਘ ਦੀ ਵਡਿਆਈ ਹੈ ਕਿ ਉਹ ਗੁਰੂ ਨਾਨਕ ਦੇ ਅਵਲੋਕਨ ਵਾਲੀ ਲੁਪਤ ਰਾਜਨੀਤੀ ਨੂੰ ਸਪੱਸ਼ਟ ਰੂਪ ਵਿਚ ਵਰਣਨ ਕਰਦਾ ਹੈ ਜਿਸ ਦਾ ਅਸਲ ਕਾਰਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਤਿਹਾਸ ਦੀ ਗਤੀ ਸੀ। ਉਹ ਰਾਜਯੋਗ ਦੇ ਪਦ ਨੂੰ ਨਵਾਂ ਅਰਥ ਦੇਂਦਾ ਹੈ ਜਿਹੜਾ ਕਿ ਪਹਿਲਾਂ ਨਹੀਂ ਸੀ। ਏਸੇ ਤਰ੍ਹਾਂ ਅਬਿਚਲ ਦੇ ਵਿਚਾਰ ਵਿਚ ਵੀ ਪਰਿਵਰਤਨ ਕਰਦਾ ਹੈ। ਅਬਿਚਲ ਦਾ ਪਹਿਲਾ ਅਰਥ ਸੀ ਕਿ ਗੁਰ ਗੱਦੀ ਅਬਿਚਲ ਹੈ ਅਤੇ ਫੇਰ ਅੰਮ੍ਰਿਤਸਰ ਅਬਿਚਲ ਨਗਰ ਬਣ ਗਿਆ। ਹੁਣ ਸਿੱਖ ਰਾਜ ਦੁਸ਼ਮਣ ਦੀ ਛਾਤੀ 'ਤੇ ਅਬਿਚਲ ਹੈ "ਸਤ੍ਰਨ ਕੀ ਛਤੀਅਨ ਕੇ ਊਪਰ ਨੀਵ ਪ੍ਰਭੂ ਅਬਿਚਲ ਸੁ ਡਾਰੀ।"[15] ਉਹ ਇਹ ਗੱਲ ਦੱਸਣਾ ਨਹੀਂ ਭੁਲਦਾ ਕਿ ਖਾਲਸਾ ਪੰਥ ਵਿਚ ਜੱਟ, ਤੇਲੀ, ਨਾਈ, ਬਾਹਮਣ, ਧੋਬੀ, ਸ਼ੂਦਰ, ਲਬਾਣੇ, ਅਰੋੜੇ, ਭੱਟ, ਤਰਖਾਣ, ਲੁਹਾਰ, ਸੁਨਿਆਰ, ਝੀਊਰ, ਕਮਾਰ, ਕੁਲਾਲ, ਚਮਾਰ, ਅਤੇ ਰੰਗਰੇਟੇ ਸਨ।

ਸੁੱਖਾ ਸਿੰਘ ਸਿੱਖ ਇਤਿਹਾਸ ਵਿਚ ਸੰਕਰਾਂਤੀ ਦੇ ਸਮੇਂ ਦਾ ਪ੍ਰਤਿਨਿਧੀ ਹੈ। ਉਸ ਨੇ ਗੁਰੂ ਗੋਬਿੰਦ ਸਿੰਘ ਪਾਸੋਂ ਇਸਲਾਮ ਦੀ ਵਿਆਖਿਆ ਸਿੱਖ ਦ੍ਰਿਸ਼ਟੀਕੋਣ ਤੋਂ ਕਾਰਵਾਈ ਹੈ ਜਿਹੜੀ ਕਿ ਇਸ ਗੱਲ ਦੀ ਸੂਚਕ ਹੈ ਕਿ ਸਿੱਖ ਰਾਜ ਨੂੰ ਹੁਣ ਮੁਸਲਮਾਨ ਰਿਆਇਆ ਨਾਲ ਨਜਿੱਠਣਾ ਪੈ ਰਿਹਾ ਹੈ। ਸੁੱਖਾ ਸਿੰਘ ਨੂੰ ਇਹ ਨਹੀਂ ਪਤਾ ਕਿ ਕੀ ਮਾਲਵਾ ਜਾਂ ਮਾਝਾ ਸਿੱਖ ਰਾਜ ਦਾ ਕੇਂਦਰੀ ਇਲਾਕਾ ਹੋਵੇਗਾ। ਕਰਤਾ ਨੂੰ ਗੁਰੂ ਪੰਥ ਦੇ ਸਿਧਾਂਤ ਬਾਰੇ ਵੀ ਦੁਬਿਧਾ ਹੈ ਜਿਸ ਦੇ ਸਦਕੇ ਸਿੱਖਾਂ ਨੇ ਸ਼ਕਤੀ ਨੂੰ ਗ੍ਰਹਿਣ ਕੀਤਾ ਸੀ। ਇਸ ਸਿਧਾਂਤ ਦੀ ਅਤੀਤ-ਮੁਖੀ ਅਪੀਲ ਤਾਂ ਹੈ ਪਰ ਇਹ ਨਵੇਂ ਰਾਜਿਆਂ ਲਈ ਖ਼ਤਰਨਾਕ ਅਤੇ ਵਿਅਰਥ ਸੀ। ਸੁੱਖਾ ਸਿੰਘ ਵਿਚ ਗੁਰੂਗ੍ਰੰਥ ਸਿਧਾਂਤ ਦਾ ਮੁੱਢਲਾ ਅਤੇ ਕੱਚਾ ਜਿਹਾ ਵਰਣਨ ਹੈ ਜਿਸ ਅਨੁਸਾਰ ਧਰਮ ਸਿੱਖਾਂ ਦਾ ਪ੍ਰਾਈਵੇਟ ਮਾਮਲਾ ਬਣ ਗਿਆ ਅਤੇ ਖਿੰਡੇਪੁੰਡੇ ਵਿਅਕਤੀਆਂ ਦਾ ਰਾਜਨੀਤਿਕ ਉੱਦੇਸ਼ ਸੀਮਿਤ ਹੋ ਗਿਆ।

ਗੁਰਬਿਲਾਸ ਅਜੇਹਾ ਰੂਪ ਹੈ ਜਿਸ ਦਾ ਸੰਬੰਧ ਸਮਾਜਕ ਪਰਿਵਰਤਨ ਦੀ ਤੀਖਣਤਾ ਅਤੇ ਰਾਜਨੀਤਿਕ ਪ੍ਰੋਗਰਾਮ ਨਾਲ ਹੈ। ਗੁਰਬਿਲਾਸ ਲਈ ਨ ਕੇਵਲ ਸਿੱਖ ਬ੍ਰਹਮਵਿਦਿਆ ਅਤੇ ਇਤਿਹਾਸ ਨਾਲ ਪੂਰੀ ਜਾਨਕਾਰੀ ਦੀ ਲੋੜ ਹੈ ਸਗੋਂ ਇਹ ਉਨ੍ਹਾਂ ਦੀ ਪੁਨਰ-ਵਿਆਖਿਆ ਦੀ ਮੰਗ ਵੀ ਕਰਦਾ ਹੈ। ਲਾਜ਼ਮੀ ਪੁਨਰਵਿਆਖਿਆ ਤੋਂ ਬਿਨਾ ਗੁਰਬਿਲਾਸ ਢਹਿ ਜਾਂਦਾ ਹੈ। ਗੁਰਬਿਲਾਸ ਕਾਲਪਨਿਕ ਰਚਨਾ ਦਾ ਉਹ ਰੂਪ ਹੈ ਜਿਸ ਦੇ ਨਾਲ ਸੰਗਰਾਮ ਵਿਚ ਚੇਤਨਾ ਦੀ ਉਸਾਰੀ ਹੁੰਦੀ ਹੈ। ਗੁਰਬਿਲਾਸ ਰਾਜਨੀਤੀ ਦੇ ਅਵਸਰ ਅਨੁਸਾਰ ਬੜੇ ਸ਼ਾਨਦਾਰ ਤਰੀਕੇ ਨਾਲ ਪੂਰਾ ਉਤਰਦਾ ਹੈ। ਇਹ ਅਵਸਰ-ਹਿਤ ਕਵਿਤਾ ਦਾ ਸਭ ਤੋਂ ਵਿਕਸਿਤ ਰੂਪ ਹੈ ਜਿਹੜੀ ਸਾਨੂੰ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਵਿਚ ਮਿਲਦੀ ਹੈ।

ਗੁਰ ਬਿਲਾਸ ਪਾਤਸ਼ਾਹੀ 10 ਕਰਤਾ ਕੋਇਰ ਸਿੰਘ ਅਤੇ **ਗੁਰ ਬਿਲਾਸ ਛੇਵੀਂ ਪਾਤਸ਼ਾਹੀ** ਕਰਤਾ ਸੋਹਣ ਕਵੀ ਸਿੱਖ ਰਾਜ ਦੇ ਸਮੇਂ ਦੀਆਂ ਬੁੜ-ਮੁੱਲੀਆਂ ਰਚਨਾਵਾਂ ਹਨ। **ਗੁਰ ਬਿਲਾਸ ਪਾਤਸ਼ਾਹੀ 10** ਦੀਆਂ ਅਤਿ ਹਿੰਦੂ ਧੁਨੀਆਂ ਹਨ। ਉਹਦੇ ਅਨੁਸਾਰ ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਬਿੰਦ ਸਿੰਘ ਆਪਣੇ ਆਪ ਨੂੰ ਗੁਰੂ ਨਹੀਂ ਸਮਝਦੇ ਸਨ। ਉਨ੍ਹਾਂ ਨੇ ਖਾਲਸਾ ਪੰਥ ਦੇਵੀ ਦੇ ਕਹਿਣ 'ਤੇ ਸਾਜਿਆ ਜਿਸ ਲਈ ਉਨ੍ਹਾਂ ਨੇ ਸੋਲ੍ਹਾਂ ਸਾਲਾਂ ਦੀ ਕੰਨਿਆਂ ਦੀ ਕੁਰਬਾਨੀ ਦਿੱਤੀ। ਇਸ ਤੋਂ ਮਗਰੋਂ ਸਵਾ ਲੱਖ ਸਿੱਖਾਂ ਦੀ ਬਲੀ ਦਿੱਤੀ। ਗੁਰੂ ਸਾਹਿਬ ਵੀ ਸ਼ਿਵ ਵਾਂਗ ਦੇਵੀ ਦੇ ਪੁੱਤਰ ਸਨ। ਗੁਰੂ ਸਾਹਿਬ ਦੀ ਅਜਿੱਤ ਸ਼ਕਤੀ ਬਣਾਉਣ ਲਈ ਦੇਵਤਿਆਂ ਨੇ ਆਪਣਾ ਆਪਣਾ ਹਿੱਸਾ ਪਾਇਆ। ਹਨੂੰਮਾਨ ਨੇ ਕਛਹਿਰਾ, ਵਿਸ਼ਨੂੰ ਨੇ ਵਾਲ ਅਤੇ ਦੇਵੀ ਨੇ ਹਥਿਆਰ ਦਿੱਤੇ। ਕਰਤਾ ਖਾਲਸੇ ਨੂੰ ਆਦਿ ਰੂਪ ਕਹਿੰਦਾ ਹੈ। ਸਿੱਖ ਧਰਮ ਦੇ ਉਲਟ ਕੋਇਰ ਸਿੰਘ ਅਨੁਸਾਰ ਹੁਣ ਕਲਯੁਗ ਦਾ ਭੈੜਾ ਅਸਰ ਵਿਅਪਕ ਹੈ। ਉਹਦੇ ਅਨੁਸਾਰ ਪੰਜ ਪਿਆਰੇ ਵੀ ਗੁਰੂ ਸਾਹਿਬ ਦੇ ਪੁਰਾਣੇ ਜਨਮ ਦੇ ਸਾਥੀ ਹਨ। ਗੁਰੂ ਸਾਹਿਬ ਦੀ ਪਟਨਾ ਤੋਂ ਰਵਾਨਗੀ ਦਾ ਵਰਣਨ ਰਾਮ ਚੰਦਰ ਦੇ ਅਯੁੱਧਿਆ ਛੱਡਣ ਦੇ ਚਿਤਰਣ ਵਰਗਾ ਹੈ। ਅਨੰਦਪੁਰ ਬਿੰਦਰਾਬਨ ਹੈ। ਮਾਤਾ ਗੁਜਰੀ ਸੀਤਾ ਵਾਂਗ ਧਰਤੀ ਵਿਚ ਅਲੋਪ ਹੋ ਗਏ ਸਨ।

ਬਦਲਦੀ ਰਾਜਨੀਤਿਕ ਸਥਿਤੀ ਨੇ ਕਰਤਾ ਤੋਂ ਇਹ ਅਖਵਾ ਦਿੱਤਾ ਹੈ ਕਿ ਇਸਲਾਮ ਸਿੱਖ ਧਰਮ ਜਿੰਨਾ ਚੰਗਾ ਹੈ। ਕੋਇਰ ਸਿੰਘ ਬਾਬੇ ਨਾਨਕ ਦੇ ਸਮੇਂ ਤੋਂ ਬਹੁਤ ਦੂਰ ਹੈ ਜਦੋਂ ਇਸਲਾਮ ਨੇ ਕਲਜੁਗ ਨੂੰ ਲਿਆਂਦਾ ਸੀ। ਲਿਖਾਰੀ ਗੁਰੂਪੰਥ ਦੇ ਸਿਧਾਂਤ ਨੂੰ ਕੁਰਬਾਨ ਕਰਦਾ ਹੋਇਆ ਗੁਰੂਗ੍ਰੰਥ ਦੇ ਮਤ ਦਾ ਸਮਰਥਕ ਹੈ ਜਿਸ ਨਾਲ ਰਾਜ ਸ਼੍ਰੇਣੀ ਦੀ ਹਮਾਇਤ ਕੀਤੀ ਜਾ ਸਕਦੀ ਹੈ। ਵਿਅੰਗ ਦੀ ਗੱਲ ਇਹ ਹੈ ਕਿ ਕੋਇਰ ਸਿੰਘ ਦੀ ਲੋਕਾਂ ਪ੍ਰਤਿ ਨਫ਼ਰਤ ਹੈ। ਅਜਿਹਾ ਘੋਰ ਪਾਪ ਅਠਾਰ੍ਹਵੀਂ ਸਦੀ ਦੇ ਸਿੱਖ ਨਹੀਂ ਕਰ ਸਕਦੇ ਸਨ :

> ਰੈਯਤ ਨਜਰ ਸਿੰਘ ਕੀ ਹੋਈ
> ਆਪਨਾ ਮਿਤ੍ਰ ਨ ਜਾਨੈ ਕੋਈ।[16]

ਕੋਇਰ ਸਿੰਘ ਮਾਲਵੇ ਦੇ ਸਿੱਖਾਂ ਨੂੰ ਬਾਵਰ ਕਹਿ ਕੇ ਭੰਡਦਾ ਹੈ। "ਮਾਝਾ ਰੋੜ ਸਿਖ ਜਗ ਰਾਜਾ, ਮਾਵਲ ਬਾਵਰ ਹੋ ਹੈ ਸਾਜਾ" (233) ਇਸ ਦੂਸ਼ਨ ਦਾ ਅਸਲ ਕਾਰਣ ਇਹ ਹੈ ਕਿ ਨਿਮਨ-ਸਤਲੁਜ ਸਿੱਖ ਰਿਆਸਤਾਂ ਨੇ ਅੰਗਰੇਜ਼ਾਂ ਦੀ ਅਧਿਰਾਜਗੀ ਮੰਨ ਲਈ ਹੈ। ਹੁਣ ਸਿੱਖਾਂ ਦੇ ਤੁਰਕਾਂ ਨਾਲ ਪਰੰਪਰਾਈ ਦੁਸ਼ਮਣੀ ਦੇ ਅਰਥ ਵੀ ਬਦਲ ਗਏ ਹਨ। ਲਿਖਾਰੀ ਅਨੁਸਾਰ ਕੇਵਲ ਜ਼ਾਲਮ ਦੁਸ਼ਮਣ ਹੀ ਤੁਰਕ ਹਨ।

ਗੁਰ ਬਿਲਾਸ ਪਾਤਸ਼ਾਹੀ 10 'ਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਛਾਪ ਹੈ। ਸਿੱਖ ਰਾਜ ਦੀ ਇਹ ਲੋੜ ਸੀ ਕਿ ਹਿੰਦੂਆਂ ਅਤੇ ਮੁਸਲਮਾਨਾਂ ਨਾਲ ਕੋਈ ਸੰਤੁਲਨ ਬਣਾਇਆ ਜਾਵੇ। ਸਿੱਖ ਰਾਜ ਵਿਚ ਸਿੱਖਾਂ ਨੂੰ ਹਿੰਦੂਆਂ ਦੇ ਲੀਡਰਾਂ ਵਾਂਗੂ ਪੇਸ਼ ਕੀਤਾ ਜਾ ਸਕਦਾ ਸੀ ਜਿਸ ਕਰ ਕੇ ਸਿੱਖ ਗੁਰੂ ਹਿੰਦੂ ਬਣ ਗਏ। ਕੇਵਲ ਇਸ ਸਮੇਂ ਹੀ ਲੋਕਾਂ ਨੂੰ ਗਾਲ੍ਹ ਦਿੱਤੀ ਜਾ ਸਕਦੀ ਸੀ ਕਿ ਉਨ੍ਹਾਂ ਦੇ ਪਾਪਾਂ ਨੇ ਕਲਯੁਗ ਲੈ ਆਂਦਾ ਹੈ। ਹੁਣ ਵਿਅਕਤੀ ਆਪਣੀ ਅ-ਰਾਜਨੀਤਿਕ ਚੇਤਨਾ ਵਿਚ ਕੇਵਲ ਗ੍ਰੰਥ ਨਾਲ ਜੁੜਨਾ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਫ਼ੀ ਸਮਝਦਾ ਸੀ। **ਗੁਰ ਬਿਲਾਸ ਛੇਵੀਂ ਪਾਤਸ਼ਾਹੀ** ਕਰਤਾ ਸੋਹਣ ਕਵੀ ਸਿੱਖ ਰਾਜ ਦੇ ਆਖ਼ਰੀ ਦਹਾਕਿਆਂ ਦੀ ਕ੍ਰਿਤ ਹੈ। ਲਿਖਾਰੀ ਇਸ ਗੱਲ ਦਾ ਜੁਆਬ ਦੇਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਅਤੇ ਗੁਰੂ ਹਰਗੋਬਿੰਦ ਸਾਹਿਬ ਨੇ ਕਿਉਂ ਹਥਿਆਰ ਚੁੱਕੇ ਜਦੋਂ ਕਿ ਪਹਿਲੇ ਗੁਰੂ ਸ਼ਾਂਤਮਈ ਸਨ। ਉਹ ਗੁਰੂ ਹਰਗੋਬਿੰਦ ਸਾਹਿਬ ਦਾ ਚਿੱਤਰ ਗੁਰੂ ਗੋਬਿੰਦ ਸਿੰਘ ਅਨੁਸਾਰ ਬਣਾਉਂਦਾ ਹੈ। ਲਿਖਾਰੀ ਖ਼ਾਲਸੇ ਦੇ ਸਾਰੇ ਗੁਣ ਗੁਰੂ ਹਰਗੋਬਿੰਦ ਸਮੇਂ ਹੀ ਦਰਸਾਉਂਦਾ ਹੈ ਅਤੇ ਗੁਰੂ ਸਿੱਖ ਦਾ ਸੰਬੰਧ ਵੀ ਦਸਵੀਂ ਪਾਤਸ਼ਾਹੀ ਵਾਲਾ ਹੈ।

ਗੁਰ ਬਿਲਾਸ ਛੇਵੀਂ ਪਾਤਸ਼ਾਹੀ ਅਨੁਸਾਰ ਅਕਾਲ ਤਖ਼ਤ ਦੀ ਪੂਜਾ ਹਰਿਮੰਦਰ ਦੀ ਪੂਜਾ ਨਾਲੋਂ 'ਸਵਾਈ' ਹੈ। ਉਹ ਸਿੱਖਾਂ ਨੂੰ ਵੱਖਰੇ ਵੱਖਰੇ ਗੁਰਦੁਆਰਿਆਂ ਤੋਂ ਵੱਖਰੀ ਵੱਖਰੀ ਸੁੱਖਣਾ ਲਈ ਜਾਣ ਨੂੰ ਕਹਿੰਦਾ ਹੈ। ਕਿਤੇ ਮੁਕਤੀ ਮਿਲਦੀ ਹੈ ਤੇ ਕਿਤੇ ਧੀਆਂ ਲਈ ਵਰ। ਭਿੰਨ ਭਿੰਨ ਬਾਣੀਆਂ ਵੀ ਰੋਗਾਂ ਦਾ ਇਲਾਜ ਹਨ। ਸਭ ਤੋਂ ਪਵਿੱਤਰ ਕੰਮ ਪ੍ਰਸਾਦਿ ਤਿਆਰ ਕਰਨਾ ਹੈ। ਇਸ ਰਚਨਾ ਦਾ ਹਰ ਅਧਿਆਇ ਪਾਠਕ ਦੀ ਕਿਸੇ ਨ ਕਿਸੇ ਗੱਲ ਵਿਚ ਮਦਦ ਕਰਦਾ ਹੈ। ਗੁਰੂ ਹਰਗੋਬਿੰਦ ਨੂੰ ਵੀ ਕਿਸੇ ਨਵੇਂ ਸਿੱਖ ਵਾਂਗੂੰ ਗੁਰਦੁਆਰਿਆਂ ਦੀ ਯਾਤਰਾ ਅਤੇ ਇਨ੍ਹਾਂ ਦੀ ਦੇਖ ਭਾਲ ਕਰਦਿਆਂ ਵਿਖਾਇਆ ਗਿਆ ਹੈ।

ਸੋਹਣ ਕਵੀ ਆਪਣੀ ਰਚਨਾ ਵਿਚ ਜੱਟਾਂ ਦਾ ਚਲਾਂਤ ਲੈ ਆਉਂਦਾ ਹੈ ਜਿਹੜਾ ਕਿ ਪਹਿਲਾਂ ਹੰਦਾਲੀਆਂ ਦਾ ਇਜਾਰਾ ਸੀ। ਬਾਬਾ ਬੁੱਢਾ ਬਾਬੇ ਨਾਨਕ ਦੇ ਪੰਜ ਉੱਤਰਾਧਿਕਾਰੀਆਂ ਨੂੰ ਗੁਰ-ਗੱਦੀ ਦੇਂਦਾ ਹੈ। ਇਹ ਗੁਰ ਸਾਹਿਬਾਨ ਦਾ ਬਹੁਤ ਨਜ਼ਦੀਕੀ ਸਾਲਾਹਕਾਰ ਸੀ। ਕਰਤਾ ਬਾਬੇ ਬੁੱਢੇ ਨੂੰ ਗੁਰੂ ਨਾਨਕ ਦੇ ਬਰਾਬਰ ਲੈ ਆਉਂਦਾ ਹੈ। ਬਾਬਾ ਬੁੱਢਾ ਹਰਿਮੰਦਰ ਸਾਹਿਬ ਦੀ ਰਹਿਤ ਮਰਯਾਦਾ ਦਾ ਬਾਨੀ ਹੈ। ਬਾਬੇ ਬੁੱਢੇ ਦੀ ਗੱਦੀ 'ਤੇ ਉਸ ਦਾ ਪੁੱਤਰ ਬੈਠਦਾ ਹੈ ਜਿਸ ਦੀ ਭਵਿੱਖ ਵਿਚ ਗੁਰੂ ਸਾਹਿਬਾਨ ਓਨੀ ਹੀ ਕਦਰ ਕਰਨਗੇ।

ਇਸ ਰਚਨਾ ਵਿਚ ਨ ਧਾਰਮਿਕ ਵਿਚਾਰਧਾਰਾ ਅਤੇ ਨ ਹੀ ਕੋਈ ਸਿਆਸੀ ਪ੍ਰੋਗਰਾਮ ਹੈ। ਇਹ ਜਨਮਸਾਖੀ ਅਤੇ ਗੁਰਬਿਲਾਸ ਨੂੰ ਰਲਾ ਕੇ ਬਣਾਇਆ ਦੋਗਲਾ ਰੂਪ ਹੈ। ਲੜਾਈ ਤੋਂ ਬਾਅਦ ਵਿਆਹ ਆ ਜਾਂਦਾ ਹੈ। ਗੁਰਗੱਦੀ ਤੋਂ ਬਾਅਦ ਬੁੱਚੜਾਂ ਦੇ ਮਾਰਨ ਦਾ ਵਰਣਨ ਹੈ। ਇਹ ਰਚਨਾ ਸਿੱਖ ਰਾਜ ਸਮੇਂ ਧਰਮ ਦੀ ਅਧੋਗਤੀ ਅਤੇ ਜਾਦੂ ਟੂਣੇ ਦੀ ਪ੍ਰਗਤੀ ਦੀ ਸੂਚਕ ਹੈ। ਇਹ ਸਿੱਖਾਂ ਦੀ ਅਧਿਰਾਜਗੀ ਦੇ ਸਮੇਂ ਦਾ ਪ੍ਰਤੀਬਿੰਬ ਹੈ। 'ਹਿੰਦੂ ਗੁਰੂ' ਹਿੰਦੂਆਂ ਦੀ ਹਮਾਇਤ ਹਾਸਿਲ ਕਰਨ ਲਈ ਜ਼ਰੂਰੀ ਸਨ। ਇੰਜ ਹੀ ਰਾਜ ਦੀ ਸਥਿਰਤਾ ਲਈ ਮੁਸਲਮਾਨਾਂ ਨੂੰ ਰਾਜ਼ੀ ਕਰਨਾ ਸੀ। ਜੱਟਾਂ ਦੀ ਸਮਾਜੀ ਸਰਲਤਾ ਸਿੱਖ ਧਰਮ ਦੇ ਮਿਥਿਹਾਸ 'ਚੋਂ ਲੱਭਦੀ ਹੈ। ਪੁਰਾਣੇ ਸੂਝਵਾਨ ਸਿੱਖ ਸ਼ਾਇਦ ਰੂਸ ਦੇ ਬਾਲਸ਼ਵਿਕਾਂ ਵਾਂਗੂੰ ਦੂਰ ਦੂਰ ਜਗੀਰਾਂ ਸੰਭਾਲਦੇ, ਪ੍ਰਸ਼ਾਸਨ ਨੂੰ ਚਲਾਉਂਦੇ ਅਤੇ ਜੰਗਾਂ ਦੀ ਜਰਨੈਲੀ ਕਰਦੇ ਖਿੰਡ ਪੁੰਡ ਗਏ ਸਨ। ਸਿੱਖ ਪਹਿਲਾਂ ਹੀ ਬਹੁਤ ਛੋਟੀ ਅਲਪ ਸੰਖਿਆ ਸਨ। ਜਦ ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੇ ਪੰਜਾਬ 'ਤੇ ਫੈਲ ਗਏ ਤਾਂ ਨਵੇਂ ਬਣੇ ਸਿੱਖਾ ਨੂੰ ਇਸ ਗੱਲ ਦਾ ਮੌਕਾ ਮਿਲ ਗਿਆ ਕਿ ਉਹ ਜਾਦੂ-ਟੂਣੇ ਦਾ ਭਾਵਕ ਸਾਜ਼-ਉ ਸਮਾਨ ਅਤੇ ਰੂੜ੍ਹੀਵਾਦੀ ਰੁਚੀਆਂ ਆਪਣੇ ਨਾਲ ਲੈ ਆਉਣ। ਰਾਜਸ਼੍ਰੇਣੀ ਵਿਚ ਦਾਖ਼ਿਲ ਹੋਣ ਨਾਲ ਸਿੱਖ ਜੀਵਨ ਦੀ ਪਦਾਰਥਕ ਹਾਲਤ ਅਜਿਹੀ ਸੀ ਇਸ ਨੇ ਗੁਰਬਿਲਾਸ ਰੂਪ ਨੂੰ ਢਾਹ ਦਿੱਤਾ।

ਹਵਾਲੇ ਤੇ ਟਿੱਪਣੀਆਂ

1. Peter L. Berger, *The Social Reality of Religion,* Penguins, 1973, 54.
2. R.H. Tawney, *Religion and the Rise of Capitalism*, Penguins 1975, 76.
3. J. S. Grewal, *Guru Nanak in History*, Panjab University, Chandigarh, 1969. Pp. 171 & 195.
4. R. H. Tawney, *Religion and the Rise of Capitalism.* p. 174.
5. Cf, *Sedh* (Panjabi monthly), New Delhi, June-July-August, 1976
6. "World of Janam Sakhis", *The Sunday Standard*, Feb. 1, 1981; Cf Gurpreet Kaur, *An Attempt to account for the popularity of Bala Janam Sakhi,* M. Phil. Dissertation, Department of History, Guru Nanak Dev University, Amritsar. 1982.
7. **ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਜਵਾਹਰ ਸਿੰਘ ਕ੍ਰਿਪਾਲ ਸਿੰਘ, 1956, 56.
8. **ਸ੍ਰੀ ਗੁਰ ਸੋਭਾ**, (ਸੰਪ. ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, 85.
9. ਉਹੀ, 95.
10. ਉਹੀ, 27.
11. ਉਹੀ, 128.
12. ਉਹੀ, 31.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

13. ਸੁੱਖਾ ਸਿੰਘ, **ਗੁਰ ਬਿਲਾਸ ਦਸਵੀਂ ਪਾਤਸ਼ਾਹੀ**, ਲਾਲ ਚੰਦ ਮਾਨਕ ਟਾਹਲਾ, ਲਾਹੌਰ 1912, 241.
14. ਉਹੀ, 455.
15. ਉਹੀ, 161, 162.
16. ਕੋਇਰ ਸਿੰਘ, **ਗੁਰ ਬਿਲਾਸ ਪਾਤਸ਼ਾਹੀ 10**, (ਸੰਪ. ਸ਼ਮਸ਼ੇਰ ਸਿੰਘ ਅਸ਼ੋਕ) ਪੰਜਾਬੀ ਯੂਨੀਵਰਸਿਟੀ, ਪਟਿਆਲਾ 1668, 217.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨਮਸਾਖੀ ਸਾਹਿਤ-ਰੂਪ*

ਜਨਮਸਾਖੀ ਮੌਲਿਕ ਸਾਹਿਤ ਰੂਪ (genre) ਹੈ। ਇਸ ਨੂੰ ਠੀਕ ਤਰ੍ਹਾਂ ਸਮਝਣਾ ਕਈ ਪੱਖਾਂ ਤੋਂ ਕਾਫ਼ੀ ਜ਼ਰੂਰੀ ਹੈ। ਇਕ ਸਾਹਿਤ ਰੂਪ ਨੂੰ ਦੂਜੇ ਸਾਹਿਤ ਰੂਪ ਦੀ ਕਸਵੱਟੀ 'ਤੇ ਪਰਖਣ ਨਾਲ ਉਹਦੀ ਸਮਝ ਖ਼ਤਮ ਹੋ ਜਾਂਦੀ ਹੈ। ਦੂਸਰੀ ਗੱਲ ਇਹ ਹੈ ਕਿ ਆਪਣੇ ਮੌਲਿਕ ਸਾਹਿਤ ਰੂਪਾਂ ਨੂੰ ਸਮਝਣ ਨਾਲ ਹੀ ਸਾਡੀ ਆਲੋਚਨਾ ਸੁਤੰਤਰ ਹੋ ਸਕਦੀ ਹੈ। ਸੋ ਪੰਜਾਬੀ ਦੇ ਮੌਲਿਕ ਸਾਹਿਤ ਰੂਪ ਨੂੰ ਸਮਝਣਾ ਜਿਥੇ ਸਾਡਾ ਕੌਮੀ ਫਰਜ਼ ਹੈ ਉਥੇ ਇਹ ਸਾਡੇ ਲਈ ਆਪਣੇ ਭੂਤਕਾਲ 'ਤੇ ਸਹੀ ਗੌਰਵ ਕਰਨ ਦਾ ਮੌਕਾ ਵੀ ਹੈ।

ਸਾਨੂੰ ਆਪਣ ਸਾਹਿਤ ਵਿਚੋਂ ਹੀ ਸਾਡੀ ਆਤਮਨੁਹਾਰ (identity) ਲੱਭ ਸਕਦੀ ਹੈ। ਆਰਥਿਕ-ਇਤਿਹਾਸਕ ਕਰਨਾ ਤੋਂ ਇਲਾਵਾ ਅਸੀਂ ਕਿਸੇ ਹੱਦ ਤੱਕ ਸਾਹਿਤ ਕਲਾ ਰਾਹੀਂ ਵੀ ਆਪਣੀ ਆਤਮਨੁਹਾਰ ਸਿਰਜਦੇ ਹਾਂ। ਸਾਹਿਤ ਆਤਮਾ ਦਾ ਸ਼ੀਸ਼ਾ ਹੈ ਅਤੇ ਭੂਤ-ਕਾਲ ਦੇ ਸ਼ੀਸ਼ੇ ਵਿਚੋਂ ਹੀ ਅਜੋਕਾ ਆਈਨਾ ਪੈਦਾ ਹੋਣਾ ਹੈ ਜਿਸ ਵਿਚੋਂ ਅਸੀਂ ਆਪਣੇ ਆਪ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਸਕਦੇ ਹਾਂ। ਜਨਮਸਾਖੀ ਰੂਪ ਜਹੀ ਕੋਈ ਚੀਜ਼ ਯੂਰਪੀ ਆਲੋਚਨਾ ਵਿਚ ਨਹੀਂ ਮਿਲਦੀ। ਮੈਂ ਆਪਣੀ ਅੰਗਰੇਜ਼ੀ ਨਾਲ ਵਾਕਫ਼ੀਅਤ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਇਹ ਰੂਪ ਯੂਰਪੀ ਸਾਹਿਤ ਵਿਚ ਨਹੀਂ ਮਿਲਦਾ। ਅਸੀਂ ਅੱਜ ਤਾਈਂ ਜਨਮਸਾਖੀ ਰੂਪ ਨੂੰ ਨਿੱਕੀ ਕਹਾਣੀ ਦੀ ਦ੍ਰਿਸ਼ਟੀ ਤੋਂ ਵੇਖਿਆ ਹੈ ਜਿਸ ਨਾਲ ਇਹਦੀ ਸਮਝ 'ਚ ਰੁਕਾਵਟ ਪੈਂਦੀ ਹੈ। ਜਾਂ ਅਸੀਂ ਜਨਮਸਾਖੀਆਂ ਵਿਚ ਲਿਖੀ ਵਾਰਤਕ ਦੀ ਮਹਿਮਾ ਕੀਤੀ ਹੈ। ਕਿਸੇ ਨੂੰ ਇੱਟਾਂ ਵਖਾ ਕੇ ਮਹਿਲ ਦੀ ਮਿ,ਹਮਾਰੀ (architecture) ਦਰਸਾਉਣੀ ਅਸੰਭਵ ਹੈ। ਇੰਝ ਹੀ ਜਨਮਸਾਖੀ ਵਾਰਤਕ ਦੀ ਬਹਿਸ ਇਹਦੇ ਰੂਪਾਤਮਕ ਪੱਖ ਨੂੰ ਨਹੀਂ ਦਰਸਾ ਸਕਦੀ।

ਇਹ ਤਾਂ ਪ੍ਰਤੱਖ ਹੈ ਕਿ ਸਾਖੀ ਨਾਵਲ ਦੇ ਤੁੱਲ ਨਹੀਂ। ਜੇ ਅਸੀਂ **ਪੰਚਤੰਤ੍ਰ** ਜਾਂ fable, ਹਕਾਇਤ, ਕਿੱਸਾ ਜਾਂ ਬਾਤ, ਅਤੇ ਨਿੱਕੀ ਕਹਾਣੀ ਦੇ ਗੁਣਾਂ ਨੂੰ ਵੇਖੀਏ ਤਾਂ ਵੀ

*__ਸਿਰਜਣਾ__, ਜੁਲਾਈ 1979

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਨੂੰ ਜਨਮਸਾਖੀ ਰੂਪ ਇਹਨਾਂ ਤੋਂ ਬਾਹਰ ਨਜ਼ਰ ਆਉਂਦਾ ਹੈ।

ਪੰਚਤੰਤ੍ਰ ਦੀ ਸਿਖਿਆ ਵਿਚੋਂ ਹੀ ਸਾਨੂੰ ਬੋਧ ਪ੍ਰਾਪਤ ਹੁੰਦਾ ਹੈ।

ਹਕਾਇਤ ਵਿਚ 'ਸਿਖਿਆ ਦੇ ਬੀਜ' ਗੁੱਝੇ ਹੁੰਦੇ ਹਨ ਜਿਹੜੇ ਇਹਦੇ ਵਿਚ ਵਿਆਪਕ ਖੁਸ਼ੀ ਜਾਂ ਗ਼ਮੀ ਅਤੇ ਸਾਡੇ ਪ੍ਰਤਿਕਰਮਾਂ ਵਿਚ ਚੰਗੀਆਂ ਰੁਚੀਆਂ ਨੂੰ ਵਧਾਵਾ ਦਿੰਦੇ ਹਨ। ਹਕਾਇਤ ਅਜਿਹੀ ਕਹਾਣੀ ਹੈ ਜਿਸ ਵਿਚ ਮਾਹ,ਨਿਆਂ ਦਾ ਭੂਤ ਆਉਂਦਾ ਰਹਿੰਦਾ ਹੈ। ਇਹ ਮਾਹ,ਨਿਆਂ ਦਾ ਭੂਤ ਹਕਾਇਤ ਨੂੰ ਅਮੀਰ ਅਤੇ ਅਰਥ ਪੂਰਨ ਕਰ ਦਿੰਦਾ ਹੈ ਪਰ ਪਾਠਕ ਨੂੰ ਆਪਣਾ ਭੇਤ ਨਹੀਂ ਦਿੰਦਾ। ਹਕਾਇਤ ਦਾ ਦਰਸ਼ਨ ਇਹਦੇ ਪਲਾਟ ਵਿਚ ਹੁੰਦਾ ਹੈ ਜਿਸਨੂੰ ਉਠਾਉਣਾ ਸਾਡੇ ਲਈ ਕੁਝ ਮੁਸ਼ਕਿਲ ਹੁੰਦਾ ਹੈ।

ਨਿੱਕੀ ਕਹਾਣੀ ਦੀ ਵਿਸ਼ੇਸ਼ਤਾ ਯਥਾਰਥ-ਵਰਤਾ ਹੋਣ ਵਿਚ ਹੈ। ਕਹਾਣੀ ਦੇ ਨਿਤਾਪ੍ਰਤੀ ਯਰਾਰਥ ਦਾ ਇਸ ਗੱਲ ਤੋਂ ਵੀ ਪਤਾ ਲੱਗ ਜਾਂਦਾ ਹੈ ਕਿ ਫਰਾਂਸੀਸੀ ਜ਼ੁਬਾਨ ਵਿਚ ਨਿੱਕੀ ਕਹਾਣੀ ਅਤੇ ਖ਼ਬਰ ਲਈ ਇਕੋ ਹੀ ਲਫ਼ਜ਼ nouvelle ਹੈ। ਫਰਾਂਸੀਸੀ ਕਹਾਣੀ ਦਾ ਸਿਰਕੱਢ ਹੋਣਾ ਵੀ ਨਿੱਕੀ ਕਹਾਣੀ ਦੀ ਉਪਰੋਕਤ ਆਂਸ਼ਿਕ ਪਰਿਭਾਸ਼ਾ ਦੀ ਕਾਫ਼ੀ ਪੁਸ਼ਟੀ ਕਰਦਾ ਹੈ। ਨਿੱਕੀ ਕਹਾਣੀ ਦਾ ਉੱਦੇਸ਼ ਜ਼ਿੰਦਗੀ ਦਾ ਖਰਵਾ, ਰੁੱਖਾ ਜਿਹਾ ਰਿਕਾਰਡ ਪੇਸ਼ ਕਰਨਾ ਹੈ। ਨਾ ਹੀ ਇਸ ਵਿਚ ਕੋਈ ਖ਼ਾਸ ਅਚਾਰਕ, ਆਦਰਸ਼ਕ, ਵਿਚਾਰਧਾਰਕ ਸੰਦੇਸ਼ ਹੁੰਦਾ ਹੈ। ਇਹਦੇ ਵਿਚ ਅਜਿਹਾ ਕਠੋਰ ਦੁਮੇਲਪਨ (horizontality) ਹੈ ਜਿਹੜਾ ਕਿਸੇ ਕਿਸਮ ਦੇ ਪਰਮਾਰਥ (transcendence) ਦਾ ਆਕਾਰ ਉਘੜਨ ਨਹੀਂ ਦਿੰਦਾ।

ਪਰੀ ਕਹਾਣੀ ਵਿਚ ਬਚਗਾਨਾ ਪਲਾਟ ਹੁੰਦਾ ਹੈ ਜਿਹੜੀ ਮਨੁੱਖ ਦੀਆਂ ਆਦਿਛਾਪਾਂ (archetypes) ਅਤੇ ਅਣਪਛਾਤੀ ਮਿੱਥਾ (myths) ਨੂੰ ਜੀਵਿਤ ਕਰਕੇ ਸਾਡੇ 'ਤੇ ਜਾਦੂ ਵਰਗਾ ਅਸਰ ਪਾਉਂਦੀ ਰਹਿੰਦੀ ਹੈ।

ਜਨਮਸਾਖੀ ਦੀਆਂ ਵੱਖ ਵੱਖ ਸਾਖੀਆਂ **ਪੰਚਤੰਤ੍ਰ**, ਹਕਾਇਤ, ਨਿੱਕੀ ਕਹਾਣ ਆਦਿ ਦਾ ਝਾਉਲਾ ਤਾਂ ਪਾ ਸਕਦੀਆਂ ਹਨ, ਅਸੀਂ ਇਹਨਾਂ ਨੂੰ ਜਨਮਸਾਖੀ ਦੇ ਟੁਟਵੇਂ ਬ੍ਰਿਤਾਂਤਕ (narrative) ਅੰਸ਼ ਵੀ ਕਹਿ ਸਕਦੇ ਹਾਂ ਪਰ ਇਹ ਜਨਮਸਾਖੀ ਰੂਪ ਬਾਰੇ ਚੁੱਪ ਤੋਂ ਵੱਧ ਕੁਝ ਨਹੀਂ ਧਾਰ ਸਕਦੀਆਂ।

ਜਨਮਸਾਖੀ ਰੂਪ ਨੂੰ ਸਮਝਣ ਲਈ ਇਹਦੇ ਮੰਤਵ ਨੂੰ ਸਮਝਣਾ ਜ਼ਰੂਰੀ ਹੈ। ਪੰਜਵੀਂ ਸਦੀ ਵਿਚ ਆਰੀਆ ਸੂਰਾ ਬੁੱਧ ਦੀ ਜਨਮਸਾਖੀ ਅਰਥਾਤ **ਜਾਤਕਮਾਲਾ** ਵਿਚ ਲਿਖਦਾ ਹੈ ਕਿ ਉਹਦਾ ਮਤਲਬ ਬੁੱਧ ਦੇ 'ਅਦਭੁਤ ਮਾ,ਰਕਿਆਂ' ਦਾ ਵਰਨਣ ਕਰਨਾ ਹੈ ਤਾਂ ਜੋ ਸੁਣਨ ਵਾਲਿਆਂ ਦੇ ਮਨ ਵਿਚ ਆਤਮਿਕ ਉਤਸ਼ਾਹ ਪੈਦਾ ਹੋ ਸਕੇ। ਸਾਖੀਆਂ ਨੂੰ ਸੁਣਕੇ ਕਠੋਰ ਚਿੱਤ ਵੀ ਨਰਮ ਹੋ ਜਾਂਦੇ ਹਨ ਜਿਸਦੇ ਸਦਕੇ ਉਹ ਧਾਰਮਿਕ ਸੰਦੇਸ਼ ਨੂੰ ਸੌਖਿਆਈ ਨਾਲ ਗ੍ਰਹਿਣ ਕਰ ਲੈਂਦੇ ਹਨ। ਉਹ ਮਹਾਤਮਾ ਬੁੱਧ ਬਾਰੇ ਤੱਥ ਵੀ 'ਗ੍ਰੰਥਾਂ ਅਤੇ ਪਰੰਪਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਨੁਸਾਰ' ਦਿੰਦਾ ਹੈ। ਉਹ ਆਪਣੀ ਕਿਰਤ ਨੂੰ ਮਹਾਤਮਾ ਬੁੱਧ, ਬੁੱਧ ਧਰਮ ਅਤੇ ਸੰਗਤ ਨੂੰ ਸਮਰਪਨ ਕਰਦਾ ਹੈ।

ਜੇ ਜਨਮਸਾਖੀ ਬ੍ਰਿਤਾਂਤ (narrative) ਗ੍ਰੰਥਾਂ ਅਨੁਸਾਰ ਲਿਖਣਾ ਹੈ ਤਾਂ ਇਹਦੇ ਵਿਚ ਵਿਸ਼ੇਸ਼ ਧਾਰਮਿਕ ਦਰਸ਼ਨ ਦਾ ਦਖਲ ਜ਼ਰੂਰੀ ਹੋ ਜਾਂਦਾ ਹੈ। ਕਿਉਂਕਿ ਜਨਮਸਾਖੀ ਬ੍ਰਿਤਾਂਤ 'ਪਰੰਪਰਾ' ਅਨੁਸਾਰ ਹੈ ਅਤੇ ਧਾਰਮਿਕ ਫੁੱਟ ਕਾਰਨ ਨਵੀਂ ਜਾਂ ਹੋਰ ਪਰੰਪਰਾਵਾਂ ਚਲ ਪੈਂਦੀਆਂ ਹਨ ਇਸ ਕਰਕੇ ਜਨਮਸਾਖੀ ਬ੍ਰਿਤਾਂਤ ਸੰਪਰਦਾਇਕ (sectarian) ਵੀ ਹੁੰਦਾ ਹੈ। ਬੁੱਧ-ਧਰਮ ਵਿਚ 377 ਪੂਰਵ ਈਸਵੀ ਵੈਸ਼ਾਲੀ ਕਾਨਫਰੰਸ 'ਤੇ ਫੁੱਟ ਪੈ ਗਈ ਸੀ ਜਿਸਦਾ ਨਤੀਜਾ ਇਹ ਹੋਇਆ ਕਿ ਮਹਾਤਮਾ ਬੁੱਧ ਬਾਰੇ ਸਾਖੀਆਂ ਵਿਚ ਵੀ ਫੁੱਟ ਪੈ ਗਈ ਅਤੇ ਜਾਤਕ canon ਨੂੰ ਭੰਨ ਲਿਆ ਗਿਆ। ਮਹਾਯਾਨ ਅਤੇ ਹੀਨਯਾਨ ਬੁੱਧ ਮੱਤ ਦੀਆਂ ਅੱਡੋ ਅੱਡ ਜਾਤਕਮਾਲਾਵਾਂ ਹਨ। ਇਹ ਗੱਲ ਸਪਸ਼ਟ ਹੈ ਕਿ ਜਨਮਸਾਖੀਆਂ ਸੰਪਰਦਾਇਕ ਸਿਧਾਂਤਾਂ ਦੀ ਪ੍ਰੋੜਤਾ ਵਿਚ ਲਿਖੀਆਂ ਜਾਂਦੀਆਂ ਹਨ ਅਤੇ ਇਹ ਆਪਣੀ ਆਪਣੀ ਸੰਪਰਦਾ ਦੀ ਹਮਾਇਤ ਕਰਦੀਆਂ ਹਨ। ਹਰ ਇਕ ਸੰਪਰਦਾ ਆਪਣੇ ਦਾ,ਵਿਆਂ ਦੇ ਹੱਕ ਵਿਚ ਜਨਮਸਾਖੀ ਨੂੰ ਸਬੂਤ ਵਜੋਂ ਪੇਸ਼ ਕਰਦੀ ਹੈ।

ਜਨਮਸਾਖੀਆਂ ਦਾ ਉੱਦੇਸ਼ ਆਪਣੀ ਆਪਣੀ ਸੰਪਰਦਾ ਦਾ ਮੱਤ ਪੇਸ਼ ਕਰਨਾ ਹੈ। ਕਈ ਸਾਖੀਆਂ ਤਾਂ ਕੇਵਲ ਗੁਰਸ਼ਬਦਾਂ ਬਾਰੇ ਗੋਸ਼ਟੀਆਂ ਹਨ। ਕਈਆਂ ਵਿਚ ਧਾਰਮਿਕ ਸੰਦੇਸ਼ ਅੰਸ਼-ਮਾਤਰ ਹੁੰਦਾ ਹੈ। ਸਾਖੀਆਂ ਵਿਚ ਧਰਮ ਦੇ ਸੰਦੇਸ਼ ਦਾ ਅਨੁਪਾਤ ਘਟਦਾ ਵਧਦਾ ਰਹਿੰਦਾ ਹੈ। ਦੂਸਰੇ, ਸਾਖੀਆਂ ਵਿਚ ਧਰਮ ਦੇ ਬਾਨੀ ਬਾਰੇ 'ਅਦਭੁਤ ਮਾ,ਰਕੇ' ਹੁੰਦੇ ਹਨ। ਜਨਮਸਾਖੀਆਂ ਵਿਚ ਗੁਰੂ ਨਾਨਕ ਸਾਹਿਬ ਦੈਵੀ ਸ਼ਕਤੀਆਂ, ਕਲਿਯੁਗ, ਕਾਲ ਆਦਿ ਨੂੰ ਹਰਾਉਂਦੇ ਹਨ ਅਤੇ ਉਹ ਦੂਸਰੇ ਧਰਮਾਂ, ਸੰਪਰਦਾਵਾਂ ਅਤੇ ਭੇਖਾਂ ਦੇ ਬਾਨੀਆਂ ਨੂੰ ਪਰਾਜਿਤ ਕਰਦੇ ਹਨ। ਸਨਾਤਨੀ ਜਨਮਸਾਖੀਆਂ ਵਿਚ ਬਾਬਾ ਨਾਨਕ ਸ਼੍ਰੋਮਣੀ ਭਗਤ ਹੈ ਪਰ ਬਾਲਾ ਅਤੇ ਹੰਦਾਲ ਜਨਮਸਾਖੀਆਂ ਉਹਨਾਂ ਨੂੰ ਅਜਿਹੀ ਪ੍ਰਸਿਧੀ ਨਹੀਂ ਦਿੰਦੀਆਂ। ਜਨਮਸਾਖੀ ਲਿਖਾਰੀ ਦੀ ਮੌਲਿਕਤਾ ਅਜਿਹਾ ਬ੍ਰਿਤਾਂਤ ਸਿਰਜਣ ਵਿਚ ਹੈ ਜਿਹੜਾ ਉਹਦੇ ਧਰਮ ਦਾ ਖੁਲਾਸਾ ਹੋਵੇ। ਜਨਮਸਾਖੀ ਦੇ ਮਹੱਤਵਪੂਰਨ ਅੰਸ਼ ਹਨ : (1) ਧਰਮ ਸਿਧਾਂਤ (2) ਗੁਰੂ ਦੇ ਮਾ,ਰਕੇ (3) ਸੰਪਰਦਾਇਕ ਪੱਖ-ਪਾਤ ਅਤੇ (4) ਬਿਰਤਾਂਤਕ ਮੌਲਿਕਤਾ।

ਸਾਖੀ ਦੀ ਕੋਈ ਨਿਸ਼ਚਿਤ ਜੁਗਤ ਨਹੀਂ ਹੈ। ਸਾਖੀ ਵਿਚ ਦਰਸ਼ਨ ਅਦਭੁਤ ਮਾ,ਰਕੇ, ਸੰਪਰਦਾਇਕ ਪੱਖ ਅਤੇ ਬਿਰਤਾਂਤ ਘਟਦੇ ਵਧਦੇ ਰਹਿੰਦੇ ਹਨ। ਜਨਮ ਸਾਖੀਆਂ ਵਿਚ ਬਹੁਤੀਆਂ ਸਾਖੀਆਂ ਬਾਬੇ ਨਾਨਕ ਦੇ ਅਦਭੁਤ ਮਾ,ਰਕਿਆਂ ਬਾਰੇ ਹਨ। ਪਰ ਗੌਹ ਨਾਲ ਪੜ੍ਹਣ ਤੇ ਇਹਨਾਂ ਵਿਚ ਸਨਾਤਨੀ ਸਿੱਖ ਸਿਧਾਂਤ ਵੀ ਨਜ਼ਰ ਆਉਣ ਲੱਗ ਜਾਂਦੇ ਹਨ। ਇਹਨਾਂ ਵਿਚ ਗੁਰੂ ਨਾਨਕ ਦੀ ਗੁਰਿਆਈ ਦੀ ਪ੍ਰਕਿਰਤੀ ਬਾਰੇ ਬਹਿਸ ਹੈ—ਉਹ ਗੁਰੂ ਤੋਂ ਬਿਨਾਂ ਹੀ ਕਿਵੇਂ ਗੁਰੂ ਹੋ ਗਏ ? ਉਹਨਾਂ ਦੀ ਗੁਰਿਆਈ ਦਾ ਵਾਹਿਗੁਰੂ ਨਾਲ ਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਬੰਧ ਹੈ ? ਗੁਰੂ ਨਾਨਕ ਨੇ ਅੰਗਦ ਨੂੰ ਕਿਵੇਂ ਗੁਰੂ ਮੰਨਿਆ ਅਤੇ ਬਣਾਇਆ ? ਗੁਰੂ ਨਾਨਕ ਦਾ ਉੱਤਰ-ਗੁਰੂਆਂ ਨਾਲ ਕੀ ਸੰਬੰਧ ਹੈ ? ਗੁਰੂ ਦਾ ਸਿੱਖ ਅਤੇ ਪੰਥ ਨਾਲ ਕੀ ਤੁਅੱਲਕ ਹੈ ? ਸਨਾਤਨੀ ਜਨਮਸਾਖੀਆਂ ਗੁਰੂਆਂ ਦੀ ਜੋਤ ਦੀ ਏਕਤਾ ਨੂੰ ਮੰਨਦੀਆਂ ਹਨ ਅਤੇ ਗੁਰ-ਪ੍ਰਣਾਲੀ ਦੀ ਮਾਨਤਾ ਦਾ ਪ੍ਰਚਾਰ ਕਰਦੀਆਂ ਹਨ।

ਅੱਜ ਕਲ ਗ਼ਲਤ ਹੀ ਇਕੱਲੀ ਇਕਹਿਰੀ ਸਾਖੀਆਂ 'ਤੇ ਜ਼ੋਰ ਦਿੱਤਾ ਜਾਂਦਾ ਹੈ। ਪਰ ਜਨਮਸਾਖੀ ਲਿਖਾਰੀ ਦਾ ਉਦੇਸ਼ ਪਾਠਕ 'ਤੇ ਸਮੁੱਚਾ ਪ੍ਰਭਾਵ ਪਾਉਣਾ ਹੈ ਜਿਸ ਵਿਚ ਸਤਿ-ਗੁਰ ਮਹਿਮਾ, ਧਰਮ ਸਿਧਾਂਤ, ਸੰਪਰਦਾਇਕਤਾ ਅਤੇ ਬਿਰਤਾਂਤ ਦੇ 'ਗੁੱਝੇ ਬੀਜ' ਇਕ-ਮਿਕ ਹੁੰਦੇ ਹਨ। ਜਨਮਸਾਖੀ ਕਲਾ ਬਿਰਤਾਂਤਕ mosaic ਦੀ ਕਲਾ ਹੈ ਜਿਸਦੀ ਇਕ ਮੋਜ਼ੇਕ ਅਰਥਾਤ ਇਕ ਸਾਖੀ ਬੇ-ਰਸ, ਮਹੱਤਵਹੀਣ ਅਤੇ ਲਘੂਮਾ ਭਰੀ ਹੋ ਸਕਦੀ ਹੈ ਪਰ ਜਨਮ-ਸਾਖੀ ਰਚਨਾ ਰੌਚਿਕ, ਮਹੱਤਵਪੂਰਨ ਅਤੇ ਮਹਿਮਾ-ਯੁਕਤ ਹੁੰਦੀ ਹੈ। ਕਿਸੇ ਇਕ ਸਾਖੀ ਵਿਚ ਦਰਸ਼ਨ ਹੋਣਾ ਜ਼ਰੂਰੀ ਨਹੀਂ ਪਰ ਜਨਮਸਾਖੀ ਵਿਚ ਧਰਮ-ਸਿਧਾਂਤ ਲਾਜ਼ਮੀ ਹੈ। ਸ਼ਾਇਦ ਕੋਈ ਵੀ ਸਾਖੀ ਕੇਵਲ ਸੰਪਰਦਾਇਕ ਪੱਖਪਾਤ ਬਾਰੇ ਨਾ ਹੋਵੇ ਪਰ ਸਮੁੱਚੀ ਜਨਮ-ਸਾਖੀ ਦੇ ਮਨੋਰਥਾਂ ਵਿਚ ਸੰਪਰਦਾਇਕਤਾ ਜ਼ਰੂਰੀ ਹੈ। ਕਿਸੇ ਕਿਸੇ ਸਾਖੀ ਵਿਚ ਦਿਲਚਸਪ ਬਿਰਤਾਂਤ ਮਿਲਦਾ ਹੈ ਪਰ ਜਨਮਸਾਖੀ ਨੂੰ ਬਿਰਤਾਂਤ, ਹਕਾਇਤ, ਕਹਾਣੀ, **ਪੰਚਤੰਤ੍ਰ** ਕਹਿਣਾ ਗ਼ਲਤੀ ਹੈ। ਸਾਖੀ ਜਨਮਸਾਖੀ ਰਚਨਾ ਦਾ ਪਦਾਰਥਕ (material) ਕਾਰਨ ਤਾਂ ਹੈ ਪਰ ਇਹਨੂੰ ਸਮਰੱਥ (**efficient**) ਕਾਰਨ ਨਹੀਂ ਕਿਹਾ ਜਾ ਸਕਦਾ। ਜਨਮਸਾਖੀ ਦੇ ਪ੍ਰਭਾਵ ਦਾ ਸਮਰੱਥ ਕਾਰਨ ਸਾਖੀਆਂ ਦਾ ਪੈਟਰਨ (pattern) ਹੈ। ਵੇਖਣ ਨੂੰ ਸਾਖੀ ਸਾਧਾਰਨ ਜਹੀ ਚੀਜ਼ ਹੈ ਪਰ ਜਨਮਸਾਖੀ ਸਿਰਜਣਾ ਬੜਾ ਮੁਸ਼ਕਿਲ ਕੰਮ ਹੈ ਜਿਸ ਲਈ ਲਿਖਾਰੀ ਨੂੰ ਸੁਘੜ ਚੇਤਨਤਾ (consciousness) ਦੀ ਅਵੱਸ਼ਕ ਲੋੜ ਹੈ। ਇਹੀ ਕਾਰਨ ਹੈ ਕਿ ਜਨਮਸਾਖੀ ਸਾਹਿਤ ਰੂਪ ਆਧੁਨਿਕ ਸਾਹਿਤ ਰੂਪਾਂ ਨਾਲੋਂ ਸੌਖਾ ਨਹੀਂ ਸਗੋਂ ਔਖਾ ਹੈ।

ਜਨਮਸਾਖੀ ਵਿਚ ਬਿਰਤਾਂਤਕ ਅੰਸ਼ ਮਾਮੂਲੀ ਗੁਣ ਨਹੀਂ ਸਗੋਂ ਇਹਦੀ ਆਤਮਾ ਹੈ। ਧਰਮ ਅਤੇ ਬਿਰਤਾਂਤ ਦਾ ਅਲੌਕਿਕ ਸੰਬੰਧ ਹੈ। ਹਰ ਧਰਮ ਦਾ ਆਪਣਾ ਵਿਸ਼ੇਸ਼ ਬਿਰਤਾਂਤ ਹੁੰਦਾ ਹੈ ਅਤੇ ਹਰ ਬਿਰਤਾਂਤ ਵਿਚ ਗੁੱਝੀ ਧਾਰਮਿਕ ਝਲਕ ਹੁੰਦੀ ਹੈ। ਇਹੀ ਕਾਰਨ ਹੈ ਕਿ ਇਕ ਧਰਮ ਦੇ ਬਿਰਤਾਂਤ ਜਾਂ ਇਕ ਸਭਿਅਤਾ ਦੀਆਂ ਕਹਾਣੀਆਂ ਦੂਸਰੇ ਧਰਮ ਦੀ ਸਭਿਅਤਾ ਵਿਚ ਜਾ ਕੇ ਬੇ-ਅਰਥ ਅਤੇ ਬੇਪਹਿਚਾਣ ਹੋ ਜਾਂਦੀਆਂ ਹਨ। ਵਿਦਿਆ-ਧਰ ਦੀਆਂ ਕਹਾਣੀਆਂ ਵਿਚ ਭਾਰਤੀ ਆਦਰਸ਼ ਦਾ ਬਿਰਤਾਂਤ ਹੈ ਕਿ ਸੂਮ ਨਾਲ ਆਤ-ਮਿਕਤਾ ਪ੍ਰਾਪਤ ਹੋ ਜਾਂਦੀ ਹੈ। ਵਿਦਿਆਧਰ ਦੀਆਂ ਕਹਾਣੀਆਂ ਅਰਬੀ ਦੇ 'ਚਹਾਰ ਦਰਵੇਸ਼' ਵਿਚ ਵੀ ਮਿਲਦੀਆਂ ਹਨ ਜਿਥੇ ਉਹ ਕਾਮਯਾਬ ਨਹੀਂ ਕਿਉਂਕਿ ਇਸਲਾਮ ਵਿਚ ਕਿਸੇ ਦਾ ਰੂਹਾਨੀਅਤ 'ਤੇ ਇਖ਼ਤਿਆਰ ਨਹੀਂ। ਇਹ ਤਾਂ ਅੱਲਾ ਦਾ ਫ਼ਜ਼ਲ ਹੈ।

ਇਸ ਤਰ੍ਹਾਂ ਜਨਮਸਾਖੀਆਂ ਵਿਚ ਮਿਲਦੇ ਉੱਤਮ, ਮੌਲਿਕ ਬਿਰਤਾਂਤਾਂ ਤੋਂ ਹੀ ਉਹਨਾਂ ਦੇ 'ਗੁੱਝੇ ਬੀਜ' ਅਰਥਾਤ ਉਹਨਾਂ ਦੇ ਸਿਧਾਂਤਾਂ ਦਾ ਅਨੁਮਾਨ ਲੱਗ ਸਕਦਾ ਹੈ। **ਆਦਿ**

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਖੀਆਂ ਦੀ [illegible]ਵੀਂ ਸਾਖੀ ਵਿਚ ਗੁਰੂ ਅੰਗਦ ਆਪ ਰਾਮ-ਲਛਮਣ ਅਤੇ ਵਸ਼ਿਸ਼ਟ ਦੀ ਸਾਖੀ ਸੁਣਾਉਂਦੇ ਹਨ। ਰਾਮ ਲਛਮਣ ਨੂੰ ਵਸ਼ਿਸ਼ਟ ਦੀ ਭਾਲ ਕਰਨ ਲਈ ਭੇਜਦਾ ਹੈ ਅਤੇ ਸਮਝਾਉਂਦਾ ਹੈ ਕਿ ਫਲਾਣੇ ਥਾਂ ਵਸ਼ਿਸ਼ਟ ਹੈ। ਉਹ ਕਿੰਨਾ ਵੀ ਵਿਕਰਾਲ ਰੂਪ ਕਿਉਂ ਨਾ ਧਾਰੇ ਡਰਨਾ ਨਹੀਂ। ਗੁਰੂ ਜੋ ਮਰਜ਼ੀ ਠੀਕ-ਗਲਤ ਕਹੇ ਮਨ 'ਚ ਸ਼ੰਕਾ ਨਹੀਂ ਲਿਆਉਣੀ। ਲਛਮਣ ਕਈ ਕਠਿਨ, ਵਿਕਰਾਲ, ਸੰਦਿਹਮਾਨ ਪਰੀਖਿਆਵਾਂ 'ਚੋਂ ਲੰਘਦਾ ਹੈ ਪਰ ਚਿੱਤ ਨਹੀਂ ਡੁਲਾਉਂਦਾ। ਇਹ ਸਨਾਤਨੀ ਸਿੱਖ ਅਤੇ ਮੌਲਿਕ ਬਿਰਤਾਂਤ ਹੈ ਜਿਹੜਾ ਗੁਰੂ-ਸਿੱਖ ਦੇ ਸੰਬੰਧ ਦੀ ਵਿਆਖਿਆ ਕਰਦਾ ਹੈ।

ਇੰਝ ਹੀ **ਬੀ-40** ਦਾ ਉੱਤਮ ਬਿਰਤਾਂਤ 50ਵੀਂ ਸਾਖੀ ਵਿਚ ਹੈ ਜਿਹੜੀ ਗੁਰਮੁੱਖ ਬਾਰੇ ਹੈ। ਕੋਈ ਪੁੱਛਦਾ ਹੈ ਕਿ ਗੁਰਮੁੱਖ ਮਿਲੇ ਦਾ ਕੀ ਲਾਭ **ਹੈ**? ਉਹਨੂੰ ਕਿਹਾ ਜਾਦਾ ਹੈ ਕਿ ਤੂੰ ਫੁਲਾਨੇ ਜੰਗਲ ਵਿਚ ਅਜਿਹੇ ਦਰਖ਼ਤ ਥੱਲੇ ਖੜ੍ਹਾ ਹੋ ਜਾਂਈਂ ਤੈਨੂੰ ਜਵਾਬ ਮਿਲ ਜਾਏਗਾ। ਉਹ ਗਿਆ, ਦਰਖ਼ਤ 'ਤੇ ਕਾਂ ਬੈਠੇ ਸੀ। ਉਹ ਨਿਰਾਸ਼ ਮੁੜ ਆਇਆ। ਪਰ ਉਹ ਦੂਸਰੇ ਦਿਨ ਫੇਰ ਜੰਗਲ 'ਚ ਚਲਾ ਗਿਆ। ਦਰਖ਼ਤ 'ਤੇ ਹੰਸ ਬੈਠੇ ਸੀ। ਉਹਨੂੰ ਆਪਣੇ ਪ੍ਰਸ਼ਨ ਦਾ ਉਤਰ ਨਾ ਮਿਲਿਆ। ਪਰ ਤੀਸਰੇ ਦਿਨ ਵੀ ਜੰਗਲ ਵਿਚ ਚਲਾ ਗਿਆ ਤਾਂ ਉਥੇ ਆਦਮੀ ਔਰਤ ਬੈਠੇ ਸੀ। ਇਹਨੇ ਕੋਈ ਗੱਲ ਨਾ ਕੀਤੀ, ਇਹ ਫੇਰ ਨਾ-ਉਮੀਦ ਮੁੜਣ ਲੱਗਾ। ਉਹ ਆਵਾਜ਼ ਮਾਰਕੇ ਕਹਿੰਦੇ ਕਿ ਅਸੀਂ ਤੇਰੇ ਦਰਸ਼ਨ ਕਰਕੇ ਕਾਵਾਂ ਤੋਂ ਹੰਸ, ਹੰਸਾਂ ਤੋਂ ਆਦਮੀ ਬਣ ਗਏ ਹਾਂ। ਇਹ **ਬੀ-40 ਜਨਮਸਾਖੀ** ਵਾਂਗੂੰ ਸਨਾਤਨੀ ਸਿੱਖ ਬ੍ਰਿਤਾਂਤ ਹੈ।

ਬਾਲਾ ਜਨਮਸਾਖੀ ਦੀ ਮਲਿਕ ਭਾਗੋ ਅਤੇ ਭਾਈ ਲਾਲੋ ਦੀ ਸਾਖੀ ਪ੍ਰਸਿੱਧ ਹੈ ਜਿਹੜੀ ਅੱਜਕਲ ਸਮਾਜਵਾਦੀ ਸੂਹਜ ਦਾ ਹਿੱਸਾ ਬਣਦੀ ਜਾ ਰਹੀ ਹੈ। ਪਰ ਇਹ ਅਵੈਦਿਕ (unorthodox) ਜਨਮਸਾਖੀ ਵਿਚੋਂ ਲਈ ਗਈ ਹੈ। ਹੰਦਾਲ ਜੱਟ ਸੀ ਅਤੇ ਨਿਰੰਜਨੀ ਮੱਤ ਕੰਮੀਆਂ ਦੀ ਅਲਮਬਰਦਾਰੀ ਕਰਦਾ ਸੀ ਅਤੇ ਵਾਜਿਬ ਤੌਰ 'ਤੇ ਖਤਰੀਆਂ ਬ੍ਰਹਮਣਾਂ ਦੇ ਖ਼ਲਾਫ ਸੀ। ਭਾਈ ਲਾਲੋ ਨਿਰੰਜਨੀ ਮੱਤ ਦਾ ਕੰਮੀ ਨਾਇਕ ਹੈ। ਇਸ ਜਨਮਸਾਖੀ ਵਿਚ ਕਲਪਲੋਕ (utopia) ਦਾ ਵੀ ਵਰਣਨ ਹੈ ਜਿਥੇ ਨਾ ਕੋਈ ਹਕੂਮਤ ਹੈ ਅਤੇ ਨਾ ਹੀ ਪੈਸਾ ਹੈ। ਉਥੇ ਕੇਵਲ ਜੱਟਾਂ ਨੂੰ ਕੰਮ ਕਰਨ ਦੀ ਲੋੜ ਨਹੀਂ।

ਬਾਲਾ ਜਨਮਸਾਖੀ ਦੇ ਰੂਪਾਤਮਕ ਪਤਨ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਜਨਮ-ਸਾਖੀ 'ਅਦਭੁਤ ਮਾ,ਰਕਿਆਂ' ਦੇ ਧਨੀ ਬਾਬੇ ਨਾਨਕ ਦੀ ਮਹਿਮਾ ਕਰਨ ਲਈ ਤਾਂ ਯੋਗ ਸਾਹਿਤ ਰੂਪ ਹੈ ਪਰ 'ਦੂਸ਼ਿਤ' ਲਘੂਮਾ ਦੇ ਵਰਣਨ ਲਈ ਠੀਕ ਨਹੀਂ ਹੈ। **ਪੁਰਾਤਨ ਜਨਮਸਾਖੀ** ਅਤੇ **ਭਾਈ ਮਨੀ ਸਿੰਘ ਵਾਲੀ ਜਨਮਸਾਖੀ** ਦੀ ਬ੍ਰਿਤਾਂਤਕ ਦੁਰਬਲਤਾ ਤੋਂ ਹੀ ਇਹਨਾਂ ਦੇ ਰਲਾਵਾਂ ਅਤੇ ਸਿਧਾਂਤਕ ਦੁਚਿਤੀਆਂ ਦਾ ਪਤਾ ਲੱਗ ਜਾਂਦਾ ਹੈ।

ਆਧੁਨਿਕ ਪੰਜਾਬੀ ਆਲੋਚਨਾ ਲਈ ਜਨਮਸਾਖੀ ਸਾਹਿਤ ਰੂਪ ਦਾ ਬਹੁਤ ਵੱਡਾ ਮਹੱਤਵ ਹੈ। ਇਹ ਸਾਹਿਤ ਰੂਪ ਸਾਡੀ ਅਲੋਚਨਾਤਮਕ ਸਮੱਸਿਆ ਦਾ ਬਹਿਸ ਰਾਹੀਂ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਗੋਂ ਪ੍ਰਾਪਤੀ ਰਾਹੀਂ ਹੱਲ ਪੇਸ਼ ਕਰਦਾ ਹੈ ਜਿਸਦੇ ਅਨੁਸਾਰ ਸਾਹਿਤ ਵਿਚ ਵਿਚਾਰਧਾਰਾ ਅਤੇ ਕਲਾ ਦੀ ਸ੍ਵੈਨੇਮਤਾ ਜਵੇ ਨਿਯਮਤਾ (autonomy) ਦਾ ਵਿਰੋਧ ਹੈ। ਜਨਮਸਾਖੀ ਸਾਹਿਤਕਾਰ ਲਈ ਵਿਚਾਰਧਾਰਾ ਔਕੜ ਤਾਂ ਕੀ ਹੋਣੀ ਹੈ ਸਗੋਂ ਅਵਸਰ ਸੀ ਕਿਉਂਕਿ ਰਚਨਹਾਰ ਵਲੋਂ ਦਰਸ਼ਨ ਨੂੰ ਕਲਾ ਵਿਚ ਬਦਲਣਾ ਹੀ ਉਹਦਾ ਮਨੋਰਥ ਅਤੇ ਪ੍ਰਾਪਤੀ ਸੀ। **ਆਦਿ ਸਾਖੀਆਂ** ਅਤੇ **ਬੀ-40** ਵਰਗੀਆਂ ਸਨਾਤਨੀ ਸਿੱਖ ਕਿਰਤਾਂ ਦਾ ਜ਼ਿਕਰ ਆ ਚੁੱਕਾ ਹੈ। **ਵੱਡੀ ਜਨਮਸਾਖੀ ਸ੍ਰੀ ਗੁਰੂ ਬਾਬਾ ਹੰਦਾਲ ਜੀ** ਸਿੱਖ ਧਰਮ ਦਾ ਵਿਰੋਧ ਕਰਦੀ ਹੈ ਅਤੇ ਅਜਿਹੇ ਮੱਤਾਂ ਦਾ ਪ੍ਰਚਾਰ ਕਰਦੀ ਹੈ ਜਿਸ ਦੀ ਸਿੱਖ ਧਰਮ ਨਾਲ ਕੋਈ ਸਾਂਝ ਨਹੀਂ। ਪਰ ਇਹ ਜਨਮਸਾਖੀ ਇਹਨਾ ਗੱਲਾ ਦੇ ਬਾਵਜੂਦ ਏਸ ਸਾਹਿਤ ਰੂਪ ਦੀ ਨਿਪੁੰਨ ਅਤੇ ਆਦਰਸ਼ਕ ਮਿਸਾਲ ਹੈ। ਇਹ ਵੱਖਰੀ ਗੱਲ ਹੈ ਕਿ ਅਸੀਂ ਆਪ ਵਿਚਾਰਧਾਰਾ ਅਤੇ ਸ੍ਵੈ-ਨੇਮਤਾ ਨੂੰ ਕਿਸ ਤਰੀਕੇ ਨਾਲ ਨਿਭਾਉਣਾ ਹੈ ਪਰ ਪੰਜਾਬੀ ਸਾਹਿਤ ਵਿਚੋਂ ਹੀ ਸਾਨੂੰ ਪਤਾ ਲੱਗ ਜਾਂਦਾ ਹੈ ਕਿ ਵਿਚਾਰਧਾਰਾ ਅਤੇ ਸ੍ਵੈਨੇਮਤਾ ਦਾ ਕੋਈ ਦੈਵੀ ਵਿਰੋਧ ਨਹੀਂ ਹੈ। ਜਨਮ-ਸਾਖੀ ਸਾਹਿਤ ਸ਼ਾਇਦ ਵਿਸ਼ਵ ਪੱਧਰ 'ਤੇ ਵੀ ਵਿਚਾਰਧਾਰਾ-ਸ੍ਵੈਨੇਮਤਾ ਦੀ ਸਮੱਸਿਆ ਨੂੰ ਅਖੌਤੀ ਸਮੱਸਿਆ ਸਿੱਧ ਕਰਦਾ ਹੈ। ਏਸ ਸਮੱਸਿਆ ਦੇ ਰੂਪਵਾਦੀ (formalist) ਦਾ,ਹਵੇਦਾਰਾਂ ਤੋਂ ਸਾਨੂੰ ਇਹ ਵੀ ਪਤਾ ਲੱਗਦਾ ਹੈ ਕਿ ਉਹ ਪੰਜਾਬੀ ਸਾਹਿਤ ਦੀ ਸੰਰਚਨਾ ਤੋਂ ਅਣਜਾਣ ਹਨ। ਸਾਨੂੰ ਰੂਪਵਾਦੀਆਂ 'ਤੇ ਨਾ ਕੋਈ ਰੰਜ ਹੈ ਅਤ ਨਾ ਹੀ ਸਾਨੂੰ ਕੋਈ ਹੈਰਾਨੀ ਹੁੰਦੀ ਹੈ। ਅੰਗਰੇਜ਼ੀ ਦੀ ਨਕਲ ਕਰਨ ਵਾਲਿਆਂ ਨੂੰ ਜਨਮਸਾਖੀ ਸਾਹਿਤ ਰੂਪ ਦਾ ਖਿਆਲ ਨਹੀਂ ਆ ਸਕਦਾ ਸੀ ਕਿਉਂਕਿ ਅੰਗਰੇਜ਼ੀ ਆਲੋਚਨਾ ਨੂੰ ਤਾਂ ਆਪ ਮਧਕਾਲੀ ਸਾਹਿਤ ਰੂਪਾਂ ਦਾ ਪਤਾ ਨਹੀਂ ਹੈ। ਮਧਕਾਲੀ ਸਾਹਿਤ ਰੂਪਾਂ ਦਾ ਜ਼ਿਕਰ ਤਾਂ ਕੈਰਲੀ ਐਰਿਕਸਨ ਵਰਗੇ ਇਤਿਹਾਸਕਾਰਾਂ ਨੇ ਹੀ ਕੀਤਾ ਹੈ।

ਜਨਮਸਾਖੀਆਂ ਇਤਿਹਾਸਕ ਕਿਰਤਾਂ ਨਹੀਂ ਸਗੋਂ ਸਾਹਿਤਕ ਰਚਨਾਵਾਂ ਹਨ। ਇਹ ਬਾਬੇ ਨਾਨਕ ਦਾ ਜੀਵਨ-ਬ੍ਰਿਤਾਂਤ ਨਹੀਂ ਹਨ। ਜਨਮਸਾਖੀ ਧਾਰਮਿਕ ਸਾਹਿਤ ਰੂਪ ਹੈ ਜਿਸ ਵਿਚ ਗੁਰੂ ਦੀ ਮਹਿਮਾ, ਮਜ਼ਬੀ ਉਤਸ਼ਾਹ, ਸਿਧਾਂਤ ਅਤੇ ਸੰਪਰਦਾਇਕ ਦਾਹਵੇ ਹੁੰਦੇ ਹਨ।

ਜਨਮਸਾਖੀਆਂ ਦੀ ਇਤਿਹਾਸਕਤਾ ਸਿੱਧੇ ਢੰਗ ਦੀ ਨਹੀਂ ਸਗੋਂ ਸਾਹਿਤ ਵਾਂਗੂੰ ਟੇਢੇ ਤਰੀਕੇ ਦੀ ਇਤਿਹਾਸਕਤਾ ਹੈ। **ਆਦਿ ਸਾਖੀਆਂ** ਵਿਚ ਪ੍ਰਬਲ ਅਹਿਸਾਸ ਹੈ ਕਿ ਸਿੱਖੀ ਵਿਦਰੋਹੀ (subversive) ਪ੍ਰਕ੍ਰਿਆ ਹੈ ਜਿਸ ਨੂੰ ਛੁਪਾਉਣ ਲਈ ਲਿਖਾਰੀ ਮੁਗਲ ਸਾਮਰਾਜ ਨੂੰ ਇਹ ਕਹਿ ਕੇ ਸਦੀਵੀ ਜਾਇਜ਼ਕਰਾਰੀ (legitimation) ਦਿੰਦਾ ਹੈ ਕਿ ਇਹ 'ਖਿੱਸਣਹਾਰ' ਨਹੀਂ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੇ ਇਹ ਫ਼ਰਕ ਪਾਇਆ ਕਿ ਅਗਲੀ ਜਨਮਸਾਖੀ **ਬੀ-40** ਵਿਚ ਇਹ ਫ਼ਰਕ ਪੈ ਗਿਆ ਕਿ 'ਪਾਤਿਸਾਹੀ ਚਿਰ ਤਾਈਂ ਚੱਲੇਗੀ' ਪਰ ਇਹ 'ਖਿੱਸਣਹਾਰ' ਹੋ ਗਈ। ਸਿੱਖਾਂ ਨੇ ਮੁਗਲ ਰਾਜ ਦਾ ਸਮਰਥਣ ਤਾਂ ਖ਼ਤਮ ਕਰ ਦਿੱਤਾ ਪਰ ਉਹ ਇਹਦੇ ਪੱਤਨ ਦੀ ਕਲਪਨਾ ਨਹੀਂ ਕਰ ਸਕਦੇ ਸਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰਾਤਨ ਜਨਮਸਾਖੀ ਇਸ ਤੋਂ ਬਾਦ ਦੀ ਹੈ ਕਿਉਂਕਿ ਇਹਦਾ ਇਕ ਪਾਠ (version) **ਬੀ-40** ਵਾਲਾ ਹੈ ਅਤੇ ਦੂਜਰਾ ਪਾਠ ਮੁਗ਼ਲਾਂ ਬਾਰੇ ਚੁੱਪ ਹੈ। **ਬਾਲਾ ਜਨਮਸਾਖੀ** ਅਤੇ **ਮਿਹਰਬਾਨ ਜਨਮਸਾਖੀ** ਦਾ ਮੁਗ਼ਲ ਸਰਕਾਰ ਨਾਲ ਹੋਈ ਸਰੋਕਾਰ ਨਹੀਂ ਅਤੇ ਨਾ ਹੀ ਇਹ ਗੁਰ-ਪ੍ਰਣਾਲੀ ਦਾ ਸਮਰਥਣ ਕਰਦੀਆਂ ਹਨ । **ਭਾਈ ਮਨੀ ਸਿੰਘ ਵਾਲੀ ਜਨਮਸਾਖੀ** ਸਿੱਖ ਰਾਜ ਦੀ ਸਥਾਪਤੀ ਤੋਂ ਬਾਦ ਦੀ ਹੈ ਕਿਉਂਕਿ ਮੁਗਲਾਂ ਨੂੰ ਹਕੂਮਤ ਬਾਬੇ ਨਾਨਕ ਦੀ ਦਾਤ ਵਜੋਂ ਮਿਲੀ ਸੀ ਜਿਹੜੀ ਫੇਰ ਬਾਬੇ ਨੇ ਗਿਲਜ਼ਈ ਅਫ਼ਗਾਨਾਂ ਨੂੰ ਬਖਸ਼ ਦਿੱਤੀ ਸੀ ਅਤੇ ਬਾਬੇ ਨਾਨਕ ਦੀ ਦਾਤ ਉਹਦੇ ਸਿੱਖ ਵਾਪਸ ਲੈ ਸਕਦੇ ਸਨ। ਇਸ ਗੱਲ ਦਾ ਵੀ ਇਤਿਹਾਸਕ ਮਹੱਤਵ ਹੈ ਕਿ ਗੁਰ-ਪ੍ਰਣਾਲੀ ਦੀ ਹਮਾਇਤ ਕਰਨ ਵਾਲੀਆਂ ਜਨਮਸਾਖੀਆਂ ਮੁਗ਼ਲ ਰਾਜ ਦਾ ਵਿਰੋਧ ਕਰਦੀਆਂ ਹਨ ਅਤੇ ਗੁਰ-ਪ੍ਰਣਾਲੀ ਤੇ ਸੰਦਹਿਮਾਨ ਜਨਮਸਾਖੀਆਂ ਤੋਂ ਹੀ ਸਿੱਖ ਪੰਥ ਦੇ ਇਤਿਹਾਸਿਕ ਖ਼ਾਸੇ ਦਾ ਪਤਾ ਲੱਗ ਜਾਂਦਾ ਹੈ।

ਜਨਮਸਾਖੀਆਂ ਸਿੱਧੀਆਂ ਇਤਿਹਾਸਕ ਰਚਨਾਵਾਂ ਨਹੀਂ। ਜਨਮਸਾਖੀ ਧਾਰਮਿਕ ਸਾਹਿਤ ਦਾ ਮੌਲਿਕ ਰੂਪ ਹੈ ਜਿਸਨੂੰ ਸਮਝਣਾ ਪੰਜਾਬੀ ਆਲੋਚਨਾ ਦੀ ਅੱਵਾਮੀ ਅਤੇ ਰਾਸ਼ਟ੍ਰੀ ਜ਼ਿਮਾਦਾਰੀ ਹੈ। **ਆਦਿ ਸਾਖੀਆਂ** ਵਿਚ ਗੁਰੂ ਅੰਗਦ ਰਾਮ-ਲਛਮਣ ਦਾ ਇਤਿਹਾਸ ਨਹੀਂ ਦੱਸ ਰਹੇ। ਨਾ ਹੀ ਮੈਕਸ ਮੀਊਲਰ ਅਨੁਸਾਰ ਬੋਧੀ ਇੰਨੇ ਬੇਵਕੂਫ ਸਨ ਕਿ ਉਹ ਜਾਤਕਾਂ ਨੂੰ ਪ੍ਰਾਚੀਨ ਇਤਿਹਾਸ ਸਮਝਦੇ ਹੋਣ। ਆਪਾਂ ਵੀ ਬੜੀ ਸਿਆਣਪ ਕਰਾਂਗੇ ਜੇ ਅਸੀਂ ਜਨਮਸਾਖੀਆਂ ਨੂੰ ਤਾਰੀਖਦਾਨਾਂ ਤੋਂ ਛੁੜਵਾ ਕੇ ਪੰਜਾਬੀ ਸਾਹਿਤ ਰੂਪਾਂ ਦੇ ਅਧਿਐਨ ਕਰਨ ਵਾਲਿਆਂ ਨੂੰ ਸੌਂਪ ਦੇਈਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਦਾ ਸੌਂਦਰਯ*

ਭੂਮਿਕਾ

ਗੁਰੂ ਨਾਨਕ ਦਾ ਸੌਂਦਰਯ ਆਪਣੇ ਆਪ 'ਚ ਮਹੱਤਵਪੂਰਨ ਵਿਸ਼ਾ ਹੈ। ਇਹਦੇ ਦੋ ਇਤਿਹਾਸਕ ਪੱਖ ਹਨ। ਈਸਾਈ ਧਰਮ ਨੇ ਵੀ ਆਪਣਾ rhetoric ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ[1]। ਦੂਸਰੇ, ਏਸ ਵਿਸ਼ੇ ਦਾ ਸਿੱਖ ਸਾਹਿਤ ਨਾਲ ਬਹੁਤ ਗੂੜ੍ਹਾ ਤੁਅੱਲਕ ਹੈ। ਸਿੱਖ ਸਾਹਿਤ ਦਾ ਸੌਂਦਰਯ ਗੁਰੂ ਨਾਨਕ ਦਾ ਸੌਂਦਰਯ ਹੈ। ਇਹ ਗੱਲ **ਗੁਰੂ ਗ੍ਰੰਥ ਸਾਹਿਬ**, ਜਨਮਸਾਖੀਆਂ ਅਤੇ ਗੁਰਬਿਲਾਸਾਂ ਵਿਚ ਵੇਖੀ ਜਾ ਸਕਦੀ ਹੈ[2]। ਤੀਸਰੇ ਗੁਰੂ ਨਾਨਕ ਸਾਹਿਬ ਆਪਣੇ ਸੌਂਦਰਯ ਬਾਰੇ ਮੱਤ ਹੀ ਨਹੀਂ ਪੇਸ਼ ਕਰਦੇ ਸਗੋਂ ਉਹ ਸਿਧਾਂਤ ਨੂੰ ਪੂਰਾ ਕਰਨ ਲਈ ਜੁਗਤ ਦੀਆਂ ਕਾਢਾਂ ਵੀ ਕੱਢਦੇ ਹਨ। ਗੁਰੂ ਨਾਨਕ ਸਾਹਿਬ ਦੀਆਂ ਬਹੁਤ ਸਾਰੀਆਂ ਕਾਵਿਕ ਜੁਗਤਾਂ ਦਾ **ਪਰੰਪਰਾ ਅਤੇ ਪ੍ਰਗਤੀਵਾਦ** ਵਿਚ ਵੇਰਵੇ ਸਾਹਿਤ ਵਰਣਨ ਹੈ। ਦਰ ਅਸਲ "ਗੁਰੂ ਨਾਨਕ ਦਾ ਸੌਂਦਰਯ" **ਪਰੰਪਰਾ ਅਤੇ ਪ੍ਰਗਤੀਵਾਦ** ਦਾ ਪਹਿਲਾ ਭਾਗ ਕਿਹਾ ਜਾ ਸਕਦਾ ਹੈ। ਦੂਜੇ ਭਾਗ ਵਿਚ ਸਿਧਾਂਤ ਦਾ ਨਿਭਾਉ ਹੈ।

ਮੇਰਾ ਅਨੁਮਾਨ ਹੈ ਕਿ ਆਮ ਪਾਠਕ ਨੂੰ ਸਿੱਖ ਸਾਹਿਤ ਲਈ ਗੁਰੂ ਨਾਨਕ ਦੇ ਸੌਂਦਰਯ ਦੇ ਬੰਧਨ ਅਤੇ ਇਹਦੀ ਇਹਦੇ ਨਾਲ ਪ੍ਰਤੀਬੱਧਤਾ ਦਾ ਬਹੁਤਾ ਖਿਆਲ ਨਹੀਂ। ਸ਼ਾਇਦ ਗੁਰੂ ਨਾਨਕ ਦੀ ਸੌਂਦਰਯਾਈ/ਜੁਗਤ ਪ੍ਰੇਰਨਾ ਸਦਕੇ ਹੀ ਗੁਰਬਿਲਾਸ ਸਾਹਿਤ ਰੂਪ ਦੀ ਉਪਜ ਹੋਈ ਜਿਹੜਾ ਕਿ ਸ਼ਾਇਦ ਕਿਸੇ ਹੋਰ ਧਰਮ ਦੇ ਸਾਹਿਤ 'ਚ ਨਹੀਂ ਮਿਲਦਾ। ਗੁਰਬਿਲਾਸ ਸਮਕਾਲੀ ਰਾਜਨੀਤਕ ਪ੍ਰੋਗਰਾਮ ਨੂੰ ਬ੍ਰਹਮਵਿਦਿਆ ਦੀ ਦਲੀਲ 'ਚ ਪੇਸ਼ ਕਰਦਾ ਹੈ।

ਬਾਬੇ ਨਾਨਕ ਦਾ ਸੌਂਦਰਯ 18ਵੀਂ ਸਦੀ ਦੀ ਸਿੱਖ ਚਿੱਤਰਕਲਾ ਵਿਚ ਵਖਾਈ ਦਿੰਦਾ ਹੈ। ਜਿਸਦੇ ਸਦਕੇ ਸਾਧਾਰਨ ਰਾਜਗੀਰੀ ਦਾ ਕੰਮ ਕਰਨ ਵਾਲਾ ਸ਼ਿਲਪੀ ਉੱਤਮ ਕਲਾਕਾਰ ਹੋ ਜਾਂਦਾ ਹੈ। **ਬੀ-40** ਚਿੱਤ੍ਰਕਾਰੀ ਜਿਹੀ ਮਿਸਾਲ ਦੁਨੀਆਂ ਦੀ ਮੁਸੱਵਰੀ

---

*ਪਰਖ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, Vol. I & II, 1989.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਚ ਬਹੁਤੀ ਨਹੀਂ ਮਿਲਦੀ ਜਦੋਂ ਤਸਵੀਰ ਵਿਚਾਰਧਾਰਾ ਪ੍ਰਗਟਾਉਣ ਲੱਗ ਜਾਂਦੀ ਹੈ। **ਬੀ-40** ਦੇ ਚਿੱਤਰਾਂ ਵਿਚ ਸਿੱਖ ਬ੍ਰਹਮਵਿਦਿਆ ਵਖਾਈ ਦਿੰਦੀ ਹੈ। ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਚਿੱਤਰਾਵਲੀ ਸਮਕਾਲੀ ਰਾਜਨੀਤੀ ਦਾ ਪੱਖ ਪੂਰਦੀ ਹੋਈ ਪੰਥ ਦੀ ਪ੍ਰੌੜ੍ਹਤਾ ਕਰਦੀ ਹੈ।

7798

ਲੇਖ ਦੀ ਵਿਧੀ

ਕਈ ਫਲਾਸਫਰ ਆਪਣਾ ਸੌਂਦਰਯ ਕਿਸੇ ਪਰਮਸੱਤ ਉੱਤੇ ਉਸਾਰ ਲੈਂਦੇ ਹਨ। ਉਹਨਾਂ ਦੀ ਦਾਰਸ਼ਨਿਕ ਲੱਭਤ ਪਹਿਲਾ ਆਉਂਦੀ ਹੈ ਅਤੇ ਸੌਂਦਰਯ ਇਸ ਤੋਂ ਅਖ਼ਜ਼ ਕੀਤਾ ਜਾਂਦਾ ਹੈ। ਉਹ ਆਪਣੀ ਦਾਰਸ਼ਨਿਕ ਲੱਭਤ ਤੋਂ ਨਿਗਮਨੀ (deductive) ਤਰੀਕੇ ਨਾਲ ਆਪਣੇ ਸੌਂਦਰਯ ਦਾ ਵਿਕਲਪ (concept) ਬਣਾਉਂਦੇ ਹਨ। ਬਹੁਤ ਸਾਰੇ ਅਜੋਕੇ ਸੌਂਦਰਯਕਾਰ ਕਿਸੇ ਦੀ ਰਚਨਾ ਤੋਂ ਹੀ ਉਹਦੇ ਰੂਪ ਦੇ ਵਿਕਲਪ ਦਾ ਅੰਦਾਜ਼ਾ ਲਾਉਂਦੇ ਹਨ। ਉਹਨਾਂ ਦਾ ਤਰੀਕਾ ਆਗਮਨੀ (inductive) ਹੁੰਦਾ ਹੈ।

ਨਿਗਮਨੀ ਸੌਂਦਰਯਕਾਰ ਬਾਬੇ ਨਾਨਕ ਦੇ ਰੂਪ ਦੇ ਵਿਕਲਪ ਦਾ ਅਨੁਮਾਨ ਕੁਝ ਇਸ ਤਰ੍ਹਾਂ ਲਾਉਣਗੇ? ਬਾਬੇ ਨਾਨਕ ਲਈ ਪਰਮਸੱਤ ਬ੍ਰਹਮ ਹੈ। ਬਾਬੇ ਨਾਨਕ ਦਾ ਬ੍ਰਹਮ ਦਾ ਵਿਕਲਪ ਇਹ ਹੈ। ਸੁੰਦਰਤਾ ਬ੍ਰਹਮ ਦਾ ਪ੍ਰਗਟ ਹੋਣਾ ਹੈ। ਇਸ ਲਈ ਗੁਰੂ ਨਾਨਕ ਸਾਹਿਬ ਦਾ ਸੁੰਦਰਤਾ ਦਾ ਇਹ ਵਿਕਲਪ ਹੈ।

ਨਿਗਮਨੀ ਬਹਿਸ ਦੇ ਕਈ ਘਾਟੇ ਹੁੰਦੇ ਹਨ ਜਿਹਨਾਂ ਵੱਲ 20ਵੀਂ ਸਦੀ ਦੇ ਦਰਸ਼ਨ-ਕਾਰਾਂ ਨੇ ਕਾਫ਼ੀ ਧਿਆਨ ਦਿੱਤਾ ਹੈ। ਕੋਈ ਵੀ ਪਰਿਭਾਸ਼ਾ ਯਥਾਰਥ ਨੂੰ ਪੂਰੀ ਤਰ੍ਹਾਂ ਬੰਨ੍ਹ ਨਹੀਂ ਸਕਦੀ। ਇਸ ਤਰ੍ਹਾਂ ਜਿਉਂ ਜਿਉਂ ਨਿਗਮਨੀ ਦਲੀਲ ਅੱਗੇ ਟੁਰਦੀ ਰਹਿੰਦੀ ਹੈ ਤਿਉਂ ਤਿਉਂ ਪਰਿਭਾਸ਼ਾ ਉੱਤੇ ਆਧਾਰਿਤ ਅਨੁਮਾਨ ਤੇ ਯਥਾਰਥ ਵਿੱਚ ਖੱਪਾ ਵਧਦਾ ਰਹਿੰਦਾ ਹੈ। ਬਹਿਸ ਦੇ ਪਰਿਣਾਮ ਕਿਸੇ ਅਜਿਹੇ ਯਥਾਰਥ ਨੂੰ ਨਹੀਂ ਫੜ ਸਕਦੇ ਜੋ ਪਰਿਭਾਸ਼ਾ ਤੋਂ ਬਾਹਰ ਰਹਿ ਗਿਆ ਹੋਵੇ। ਇਹ ਤਾਂ ਸਿਰਫ ਪਰਿਭਾਸ਼ਾ ਦੇ ਨਿਹਿਤਾਰਥਾਂ (implications) ਨੂੰ ਹੀ ਉਘਾੜ ਸਕਦੀ ਹੈ। ਨਿਗਮਨੀ ਬਹਿਸ ਚਾਹੇ ਕਿੰਨੀ ਵੀ ਪ੍ਰਭਾਵਸ਼ਾਲੀ ਅਤੇ ਲਾਹੇਵੰਦ ਕਿਉਂ ਨਾ ਹੋਵੇ; ਇਹ ਪਰਿਭਾਸ਼ਾ ਤੋਂ ਅੱਗੇ ਨਹੀਂ ਜਾ ਸਕਦੀ। ਦੂਸਰੇ, ਭਾਸ਼ਾ ਦੀ ਯੋਗਤਾ ਸੀਮਤ ਹੁੰਦੀ ਹੈ, ਕੋਈ ਵੀ ਭਾਸ਼ਾ ਸੰਪੂਰਨ ਨਹੀਂ ਹੈ। ਇਸ ਕਰਕੇ ਕਿਸੇ ਵਿਕਲਪ ਦੀ ਪਰਿਭਾਸ਼ਾ ਪੂਰਨ ਤੌਰ ਉਤੇ ਸਹੀ-ਸਹੀ (accurate) ਅਤੇ ਸੰਦਿਹ-ਰਹਿਤ (unambiguous) ਹੋਣੀ ਮੁਸ਼ਕਿਲ ਹੈ।

ਮਿਸਾਲ ਵਜੋਂ ਜੇ ਇਹ ਕਿਹਾ ਜਾਵੇ ਕਿ ਮਨੁੱਖ ਨਾਸ਼ਵੰਤ ਹੈ, 'ਅਮਰ ਸਿੰਘ ਮਨੁੱਖ ਹੈ', ਇਸ ਲਈ ਅਮਰ ਸਿੰਘ ਨਾਸ਼ਵੰਤ ਹੈ। ਉਪਰੋਕਿਤ ਨਿਗਮਨੀ ਦਲੀਲ ਤੋਂ ਇਹੀ ਸ਼ਪਸਟ ਹੁੰਦਾ ਹੈ ਕਿ ਨਾਸ਼ਵੰਤ ਹੋਣਾ ਮਨੁੱਖਤਾ ਦੇ ਵਿਕਲਪ ਵਿਚ ਹੀ ਸ਼ਾਮਿਲ ਹੈ ਅਤੇ ਅਮਰ ਸਿੰਘ ਵਿਚ ਜ਼ਰੂਰ ਹੀ ਉਹ ਨਿਮਨਤਮ ਸਾਂਝ ਹੈ ਜਿਸ ਕਰਕੇ ਉਹ ਮਨੁੱਖਤਾ ਵਿਚ ਆਉਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੰਨਿਆ ਗਿਆ ਹੈ। ਇਸ ਨਾਲ ਸਾਨੂੰ ਉਹਨਾਂ ਵਿਸ਼ਿਸ਼ਟਤਾਵਾਂ ਦਾ ਵੀ ਪਤਾ ਨਹੀਂ ਲੱਗਦਾ ਜਿਹਨਾਂ ਕਰਕੇ ਕੋਈ ਮਨੁੱਖ ਅਮਰ ਸਿੰਘ ਹੈ। ਨਾ ਹੀ ਇਸ ਵਿਚੋਂ ਸਾਨੂੰ ਮਨੁੱਖਤਾ ਦੇ ਹੋਰ ਪਹਿਲੂਆਂ ਦਾ ਪਤਾ ਲੱਗਦਾ ਹੈ।

ਸੋ ਪਹਿਲਾ ਉਜ਼ਰ ਤਾਂ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੇ ਬ੍ਰਹਮ ਦੇ ਵਿਕਲਪ ਦੀ ਪਰਿਭਾਸ਼ਾ ਪੂਰਨ, ਸਹੀ-ਸਹੀ ਅਤੇ ਸੰਦਹਿ-ਰਹਿਤ ਹੋਣੀ ਮੁਸ਼ਕਿਲ ਹੈ। ਦੂਸਰੇ ਅਜਿਹੀ ਪ੍ਰਸ਼ਨਯੋਗ ਬਹਿਸ ਦਾ ਅਜਿਹਾ ਆਧਾਰ (assumption) ਹੈ ਜਿਸ ਦੇ ਖੰਡਣ ਦੀ ਲੋੜ ਹੈ। ਇਹ ਆਧਾਰ ਹੈ ਕਿ ਬਾਬੇ ਨਾਨਕ ਦੀ ਸਾਰੀ ਦੀ ਸਾਰੀ ਰਚਨਾ ਅਨੁਭਵੀ ਦੀ ਥਾਉਂ ਨਿਆਯਸ਼ਾਲੀ (logical) ਹੈ ਅਤੇ ਬਾਬੇ ਨਾਨਕ ਦੀ ਰਚਨਾ ਦੇ ਸਾਰੇ ਭਾਗ, ਪੱਖ, ਅੰਸ਼ ਆਪੋ ਵਿਚੀ ਅਤੇ ਇਕ ਦੂਸਰੇ ਦੇ ਪ੍ਰਤੀਕੂਲ ਨਹੀਂ ਹਨ। ਪਰ ਇਸ ਆਧਾਰ ਦੀ ਕੋਈ ਬੁਨਿਆਦ ਨਹੀਂ। ਕੋਈ ਵੀ ਆਧਾਰ ਲਾਹੇਵੰਦ ਹੋਣ ਦੀ ਸੂਰਤ ਵਿਚ ਮੰਨਿਆ ਜਾ ਸਕਦਾ ਹੈ ਜੇ ਇਹਦੇ ਕਾਰਨ ਬਹਿਸ ਪ੍ਰਫੁੱਲਤ ਜਾਂ ਸਪਸ਼ਟ ਹੁੰਦੀ ਹੋਵੇ। ਪਰ ਬਾਬੇ ਨਾਨਕ ਦੀ ਰਚਨਾ ਨੂੰ ਨਿਆਯਸ਼ਾਲੀ ਮੰਨਣ ਦਾ ਆਧਾਰ ਨਾ ਤਾਂ ਠੀਕ ਹੈ ਅਤੇ ਨਾ ਹੀ ਲਾਹੇਵੰਦ ਹੈ। ਇਸ ਕਰਕੇ ਨਿਗਮਨੀ ਬਹਿਸ ਦਾ ਤਰੀਕਾ ਠੀਕ ਨਹੀਂ।

ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਦੀ ਮੂਲ ਅਨੁਭਵ ਹੈ ਨਿਆਯ ਨਹੀਂ। ਅਨੁਭਵ ਥੋੜਾ ਜਾਂ ਬਹੁਤਾ ਹੋ ਸਕਦਾ ਹੈ, ਇਹ ਡੂੰਘਾ ਜਾਂ ਪੇਤਲਾ ਹੁੰਦਾ ਹੈ, ਇਹ ਜ਼ਰੂਰੀ ਜਾਂ ਗੈਰਜ਼ਰੂਰੀ ਵੀ ਹੋ ਸਕਦਾ ਹੈ ਪਰ ਅਨੁਭਵ ਕਦੇ ਵੀ ਗ਼ਲਤ ਜਾਂ ਸਹੀ ਨਹੀਂ ਹੁੰਦਾ। ਗਲਤ ਨਿਆਯ ਦੀ ਯਥਾਰਥ ਵਿਚ ਅਣਹੋਂਦ ਹੁੰਦੀ ਹੈ ਅਤੇ ਠੀਕ ਨਿਆਯ ਦਾ ਯਥਾਰਥਕ ਹੋਣਾ ਜ਼ਰੂਰੀ ਨਹੀਂ, ਪਰ ਅਨੁਭਵ ਦੀ ਕੇਵਲ ਹੋਂਦ ਹੀ ਹੁੰਦੀ ਹੈ। ਅਨੁਭਵ ਦੀ ਅਣਹੋਂਦ ਨੂੰ ਮੰਨਣਾ ਭਾਸ਼ਾ ਦੀ ਦੁਰਵਰਤੋਂ ਹੈ। ਅਨੁਭਵ ਦੀ ਨੀਂਹ ਉੱਤੇ ਖੜ੍ਹਾ ਗੁਰੂ ਨਾਨਕ ਸਾਹਿਬ ਦਾ ਸੁੰਦਰਤਾ ਦਾ ਵਿਕਲਪ ਆਗਮਨੀ ਤਰੀਕੇ ਨਾਲ ਹੀ ਲੱਭਿਆ ਜਾ ਸਕਦਾ ਹੈ।

ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਸਾਡੇ ਬਹੁਤ ਸਾਰੇ ਬੁੱਧੀਮਾਨ ਧਰਮ ਨੂੰ ਮੱਲੋਜ਼ੋਰੀ ਪੱਛਮੀ ਆਦਰਸ਼ਵਾਦ ਨਾਲ ਜੋੜ ਦਿੰਦੇ ਹਨ। ਧਰਮ ਅਤੇ ਆਦਰਸ਼ਵਾਦ ਦਾ ਕੋਈ ਜ਼ਰੂਰੀ ਸੰਬੰਧ ਨਹੀਂ ਸਗੋਂ ਇਹ ਪੁਨਰ-ਜਾਗ੍ਰਿਤੀ (Renaissance) ਤੋਂ ਬਾਦ ਦਾ ਹੈ। ਪਦਾਰਥਵਾਦੀ (materialist) ਆਸਤਿਕ ਹੋ ਸਕਦਾ ਹੈ। ਯੋਗਮੱਤ ਅਤੇ ਬੁੱਧਮੱਤ ਦੇ ਮਨੋਵਿਗਿਆਨ ਵਿਚ ਪਦਾਰਥਵਾਦ ਬਹੁਤ ਹੈ। ਅੱਗੇ ਚੱਲ ਕੇ ਸਪੱਸ਼ਟ ਹੋ ਜਾਵੇਗਾ ਕਿ ਬਾਬੇ ਨਾਨਕ ਦੇ ਸ਼ੌਂਦਰਯ ਨੂੰ ਕਿਸੇ ਬਣੇ ਬਣਾਏ ਵਾਦ ਦੀ ਦ੍ਰਿਸ਼ਟੀ ਤੋਂ ਵੇਖਣਾ ਨਹੀਂ ਚਾਹੀਦਾ, ਸਗੋਂ ਗੁਰੂ ਨਾਨਕ ਸਾਹਿਬ ਦੀ ਸੁੰਦਰਤਾ ਬਾਰੇ ਗੱਲ ਸੁਣ ਕੇ ਕੋਈ ਵਿਚਾਰ ਬਣਾਉਣਾ ਚਾਹੀਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਤਰੀਕਾ ਅਪਣਾਇਆ ਹੈ

ਮੈਂ ਬਹਿਸ ਦਾ ਆਗਮਨੀ ਤਰੀਕਾ ਅਪਣਾਇਆ ਹੈ। ਆਪਣੇ ਵੱਲੋਂ ਪੂਰਾ ਤਾਣ ਲਾ ਕੇ ਅਜਿਹੇ ਹਵਾਲੇ ਇਕੱਠੇ ਕੀਤੇ ਗਏ ਹਨ ਜਿਹਨਾਂ ਵਿਚ ਬਾਬਾ ਨਾਨਕ ਕਿਸੇ ਚੀਜ਼, ਜਤਨ, ਮਨੁੱਖ ਆਦਿ ਨੂੰ ਸੁੰਦਰ ਕਹਿੰਦੇ ਹਨ। ਅਸੀਂ ਇਹਨਾਂ ਹਵਾਲਿਆਂ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਸੁੰਦਰਤਾ ਪ੍ਰਤੀ ਦ੍ਰਿਸ਼ਟੀਕੋਣ ਦਾ ਅੰਦਾਜ਼ਾ ਲਾ ਸਕਦੇ ਹਾਂ।

ਅਜਿਹਾ ਕਰਨ ਨਾਲ ਸਾਡੀ ਮੰਨੇ ਪਰਮੰਨੇ ਹਵਾਲਿਆਂ ਉੱਤੇ ਨਿਰਭਰਤਾ ਖ਼ਤਮ ਹੋ ਜਾਂਦੀ ਹੈ। ਜੇ ਸੁੰਦਰਤਾ ਬਾਰੇ ਬਾਬੇ ਨਾਨਕ ਦੇ ਸਾਰੇ ਦੇ ਸਾਰੇ ਹਵਾਲੇ ਧਿਆਨ ਵਿਚ ਰੱਖੇ ਜਾਣ ਤਾਂ ਅਸੀਂ ਉਹਨਾਂ ਦੇ ਵਿਚਾਰ ਦੇ ਕਿਸੇ ਵੀ ਪੱਖ ਦੀ ਅਣਗਿਹਲੀ ਨਹੀਂ ਕਰਾਂਗੇ। ਇਕ ਦੋ ਤੁਕਾਂ ਨੂੰ ਦਲੀਲ ਦਾ ਆਧਾਰ ਬਣਾਉਣ ਨਾਲ ਤਾਂ ਇਹ ਪਤਾ ਵੀ ਨਹੀਂ ਲੱਗਦਾ ਕਿ ਗੁਰੂ ਸਾਹਿਬ ਕਿਸੇ ਪੱਖ ਉੱਤੇ ਕਿੰਨਾ ਕੁ ਜ਼ੋਰ ਦਿੰਦੇ ਹਨ। ਥੋੜੀਆ ਜਿਹੀਆਂ ਤੁਕਾਂ ਉੱਤੇ ਉਸਾਰੀ ਬਹਿਸ ਤਾਂ ਸਾਡੇ ਕਿਸੇ ਮਨ-ਚਾਹੇ ਪੱਖ ਨੂੰ ਹੀ ਗੁਰੂ ਨਾਨਕ ਸਾਹਿਬ ਦਾ ਇੱਕੋ ਇਕ ਪੱਖ ਬਣਾ ਦਿੰਦੀ ਹੈ। ਅਜਿਹੇ ਬਹਿਸਕਾਰ, ਭਾਵੇਂ ਉਹ ਕੋਈ ਵੀ ਹੋਣ, ਆਂਸ਼ਿਕ ਰੂਪ (partially) ਵਿਚ ਸਹੀ ਹੋਣ ਕਰਕੇ ਕੁੱਲੀ ਰੂਪ (in totality) ਵਿਚ ਗ਼ਲਤ ਹੋ ਜਾਂਦੇ ਹਨ। ਬਾਕੀ ਆਂਸ਼ਿਕ ਬਹਿਸ ਬਹੁਤੀ ਅੱਗੇ ਨਹੀਂ ਚੱਲਦੀ।

ਉਪਰੋਕਤ ਵਿਧੀ ਅਨੁਸਾਰ ਅਸੀਂ ਗੁਰੂ ਨਾਨਕ ਸਾਹਿਬ ਦੇ ਸੁੰਦਰਤਾ ਬਾਰੇ ਵਿਚਾਰ ਦੇ ਸਾਰੇ ਪੱਖਾਂ ਵੱਲ ਧਿਆਨ ਦੇ ਸਕਾਂਗੇ। ਅਜਿਹਾ ਕਰਨ ਨਾਲ ਇਕ ਹੋਰ ਫ਼ਾਇਦਾ ਵੀ ਹੁੰਦਾ ਹੈ। ਸਾਡੇ ਆਲੋਚਕ ਗੁਰੂ ਸਾਹਿਬ ਦੇ ਵੱਖ ਵੱਖ ਪੱਖਾਂ ਤੋਂ ਵੱਖ ਵੱਖ ਪ੍ਰੇਰਨਾਵਾਂ ਲੈ ਸਕਦੇ ਹਨ। ਇਹ ਪ੍ਰੇਰਨਾਵਾਂ ਨਾ ਸਿਰਫ ਆਲੋਚਨਾ ਦਾ ਵਿਕਾਸ ਕਰ ਸਕਣਗੀਆਂ ਸਗੋਂ ਗੁਰੂ ਨਾਨਕ ਸਾਹਿਬ ਦੇ ਸੁੰਦਰਤਾ ਦੇ ਵਿਕਲਪ ਨੂੰ ਵੀ ਹੋਰ ਡੂੰਘੀ ਤਰ੍ਹਾਂ ਸਮਝਣ 'ਚ ਸਹਾਈ ਹੋਣਗੀਆਂ। ਇਹਨਾਂ ਦੀ ਭਿੰਨਤਾ ਸਾਡੇ ਵਿਕਾਸ ਦੀ ਜ਼ਾਮਿਨ ਹੋ ਸਕਦੀ ਹੈ।

ਆਗਮਨੀ ਵਿਧੀ ਇਕ ਹੋਰ ਵਜਾਹ ਕਰਕੇ ਵੀ ਜ਼ਰੂਰੀ ਹੈ। ਗੁਰੂ ਨਾਨਕ ਸਾਹਿਬ ਵਿਚ ਸੁੰਦਰਤਾ ਦੇ ਵਿਕਲਪ ਬਾਰੇ ਸਿੱਧੇ ਤੌਰ ਉੱਤੇ ਕੋਈ ਕਥਨ ਨਹੀਂ ਹੈ। ਉਹਨਾਂ ਦੇ ਸਮੇਂ ਸੌਂਦਰਯ ਉੱਤੇ ਬਹਿਸ ਨਹੀਂ ਹੁੰਦੀ ਸੀ ਅਤੇ ਨਾ ਹੀ ਇਹਦੇ ਪ੍ਰਤੀ ਕਿਸੇ ਨੂੰ ਨਿਸ਼ਚਿਤ ਰਵੱਈਆ ਬਣਾਉਣ ਦੀ ਲੋੜ ਸੀ। ਇਸ ਵਿਸ਼ੇ ਦਾ ਨਾ ਹੀ ਇੰਨਾ ਮਹੱਤਵ ਸੀ ਅਤੇ ਨਾ ਹੀ ਇਸੇ ਵਿਚ ਕਿਸੇ ਵਾਦ-ਵਿਵਾਦ ਦੀ ਗੁੰਜਾਇਸ਼ ਸਮਝੀ ਜਾਂਦੀ ਸੀ। ਯੂਰਪ ਵਿਚ ਵੀ ਇਸ ਵਿਸ਼ੇ ਤੇ ਬਹਿਸ਼ ਬਾਬੇ ਨਾਨਕ ਤੋਂ ਦੋ ਸੌ ਸਾਲ ਬਾਦ ਹੋਈ ਹੈ। ਇਸੇ ਕਰਕੇ ਅਸੀਂ ਗੁਰੂ ਨਾਨਕ ਸਾਹਿਬ ਦੇ ਸੌਂਦਰਯ ਦਾ ਪਤਾ ਉਹਨਾਂ ਦੀਆਂ ਰਚਨਾਵਾਂ ਤੋਂ ਲਾ ਸਕਦੇ ਹਾਂ ਜਿਥੇ ਉਹ ਸੁੰਦਰ ਚੀਜ਼ਾਂ, ਜਤਨਾਂ, ਮਨੁੱਖਾਂ ਅਤੇ ਮਨੋਕ੍ਰਿਆਵਾਂ (faculties) ਦਾ ਜ਼ਿਕਰ ਕਰਦੇ ਹਨ।

ਜੇ ਸੁੰਦਰਤਾ ਬਾਰੇ ਕਿਸੇ ਹਵਾਲੇ ਦਾ ਖ਼ੇਤਰ (scope) ਇੱਕੋ ਤੁਕ ਵਿਚ ਮੁੱਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਹੈ ਤਾਂ ਮੈਂ ਇੱਕੋ ਤੁਕ ਦਾ ਹੀ ਹਵਾਲਾ ਦਿੱਤਾ ਹੈ। ਜੇ ਕੋਈ ਨੁੱਕਤਾ ਪੂਰੇ ਬੰਦ ਵਿਚ ਆਉਂਦਾ ਹੈ ਤਾਂ ਸਾਰੇ ਦਾ ਸਾਰਾ ਬੰਦ ਪੇਸ਼ ਕੀਤਾ ਗਿਆ ਹੈ। ਇਕ ਦੋ ਪੂਰੇ ਦੇ ਪੂਰੇ ਸ਼ਬਦ ਵੀ ਆਏ ਹਨ। ਮੈਂ ਕਈ ਥਾਵਾਂ ਉੱਤੇ ਇਹਨਾਂ ਦਾ ਸਾਹਿਤਕ ਵਿਸ਼ਲੇਸ਼ਣ ਵੀ ਕੀਤਾ ਹੈ ਤਾਂ ਜੋ ਪਾਠਕਾਂ ਸਾਹਮਣੇ ਵਿਸ਼ੇ ਦੀ ਬਾਰੀਕੀ ਅਤੇ ਵਿਸ਼ਿਸ਼ਟਤਾ ਲਿਆਈ ਜਾ ਸਕੇ।

ਮੈਂ ਪੱਖਪਾਤ ਅਤੇ ਪੂਰਬ-ਕਲਪਿਤ (pre-conceived) ਵਿਆਖਿਆ (explanation) ਦੇ ਦੋਸ਼ ਤੋਂ ਬਚਣ ਲਈ ਭਾਈ ਸਾਹਿਬ ਭਾਈ ਸਾਹਿਬ ਸਿੰਘ ਜੀ ਦੇ **ਸ੍ਰੀ ਗੁਰੂ ਗ੍ਰੰਥ ਦਰਪਨ** ਵਾਲੇ ਅਰਥ ਸਹੀ ਮੰਨੇ ਹਨ। ਮੈਂ ਉਹਨਾਂ ਦੀ ਮਹਾਨ ਘਾਲਣਾ ਦਾ ਰਿਣੀ ਹਾਂ।

ਮੈਂ ਲੇਖ ਵਿਚ ਕਿਸੇ ਦੇਸ਼ੀ ਵਿਦੇਸ਼ੀ ਵਿਦਵਾਨ ਦੀ ਉਕਤੀ ਨਹੀਂ ਦਿੱਤੀ। ਇਹਦੇ ਕਈ ਕਾਰਨ ਹਨ। ਇਕ ਤਾਂ ਇਹ ਕਿ ਕਿਸੇ ਵਿਦੇਸ਼ੀ ਵਿਦਵਾਨ ਨੇ ਇਸ ਵਿਸ਼ੇ ਬਾਰੇ ਪ੍ਰਬੰਧਸ਼ਾਲੀ (systematic) ਧਿਆਨ ਨਹੀਂ ਦਿੱਤਾ। ਦੂਜੇ ਵਿਦੇਸ਼ੀ ਹਵਾਲੇ ਵਿਸ਼ੇ ਨੂੰ ਖਾਸ ਤਰੀਕੇ ਨਾਲ ਸੀਮਤਿ ਕਰ ਦਿੰਦੇ ਹਨ। ਤੀਜੇ, ਆਗਮਨੀ ਬਹਿਸ ਵਿਚ ਅਧਿਕਾਰੀਆਂ ਦੀ ਗਵਾਹੀ ਦੀ ਲੋੜ ਨਹੀਂ ਹੁੰਦੀ।

ਮੈਨੂੰ ਇਕ ਹੋਰ ਗੱਲ ਦਾ ਵੀ ਖ਼ਿਆਲ ਹੈ। ਅਧਿਕਾਰੀਆਂ ਦੀ ਰਾਏ ਪੇਸ਼ ਕਰਨ ਵਾਲੇ ਸਾਡੇ ਅਕਸਰ ਲਿਖਾਰੀ ਇਹੀ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਦੇ ਵਿਚਾਰ ਫਲਾਣੇ ਚਿੰਤਕ ਨਾਲ ਰਲਦੇ ਹਨ । ਅਜਿਹਾ ਕਰਨ ਨਾਲ ਬਾਬੇ ਨਾਨਕ ਦੀ ਮਹਿਮਾ ਨਹੀਂ ਹੁੰਦੀ ਸਗੋਂ ਟੁੱਟੇ ਭੱਜੇ ਦਾਰਸ਼ਨਿਕ ਦੀ ਕੀਰਤੀ ਹੁੰਦੀ ਹੈ।

ਇਹਦੀ ਇਕ ਹੋਰ ਵੀ ਵਜਾਹ ਹੈ। ਜੇ ਅਸੀਂ ਆਪਣੇ ਵਿਸ਼ੇ ਉੱਤੇ ਆਪਣਿਆਂ ਵਾਗੂੰ ਆਪਣੇ ਲਈ ਬਹਿਸ ਕਰਨੀ ਹੈ ਤਾਂ ਅਸੀਂ ਵਿਦੇਸ਼ੀ ਵਿਦਵਾਨਾਂ ਦਾ ਸਹਾਰਾ ਨਹੀਂ ਲੈ ਸਕਦੇ। ਅਸੀਂ ਪਰਾਧੀਨ ਵਿਦਵਤਾ ਨੂੰ ਖ਼ਤਮ ਕਰ ਕੇ ਹੀ ਕਿਸੇ ਦ੍ਰਿਸ਼ਟੀ ਦੇ ਯੋਗ ਹੋ ਸਕਦੇ ਹਾਂ। ਰਾਸ਼ਟਰੀ ਚਿੰਤਨ ਵਿਚ ਬੇਗਾਨੀਆਂ ਦਲੀਲਾਂ ਜਾਂ ਤਾਂ ਸਿਰਫ ਸਜਾਵਟ ਹੁੰਦੀਆਂ ਹਨ ਜਾਂ ਫਿਰ ਉੱਕਾ ਹੀ ਗ਼ਲਤ। ਸਾਨੂੰ ਬਾਲਗ (adult) ਸੋਚ ਦੀ ਲੋੜ ਹੈ। ਆਰੰਭ ਵਿਚ ਚਾਹੇ ਰਾਸ਼ਟਰੀ ਚਿੰਤਨ ਦਾ ਪੱਧਰ ਮਾਮੂਲੀ ਹੋਵੇਗਾ ਪਰ ਸੰਭਾਵਨਾਂ ਕੇਵਲ ਰਾਸ਼ਟਰੀ ਚਿੰਤਨ ਦੀ ਹੀ ਹੈ । ਸਵਤੰਤਰ ਚਿੰਤਨ ਲਈ ਗੁਰੂ ਨਾਨਕ ਸਾਹਿਬ ਦੇ ਕਿਸੇ ਵਿਸ਼ੇ ਨੂੰ ਛੁਹਣਾ ਹੋਰ ਵੀ ਸ਼ੋਭਾ ਦਿੰਦਾ ਹੈ।

1. ਸੁਭਾਵਿਕ ਸੁੰਦਰਤਾ

ਗੁਰੂ ਨਾਨਕ ਸਾਹਿਬ ਦੀ ਸੁੰਦਰਤਾ ਦਾ ਵਿਕਲਪ ਨਿਰੀਪੂਰੀ ਵਿਚਾਰਧਾਰਾ ਜਾਂ ਉਹਨਾਂ ਦੀ ਧਾਰਮਿਕ ਦ੍ਰਿਸ਼ਟੀ ਉਤੇ ਹੀ ਨਿਰਭਰ ਨਹੀਂ ਹੈ। ਉਹ ਆਪਣੇ ਵਿਚਾਰਾਂ ਤੋਂ ਵੀ ਨਿਵੇਕਲੇ ਹੋ ਕੇ ਸਾਧਾਰਨ ਚੀਜ਼ਾਂ ਦੀ ਕ਼ਦਰ ਕਰਨਾ ਜਾਣਦੇ ਹਨ। ਉਹਨਾਂ ਦੀ ਆਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਲੋਕਾਂ ਨਾਲ ਸਾਂਝ ਹੈ ਜਿਹੜੇ ਅਣਭੋਲ ਹੀ ਕਈ ਸ਼ੈਆਂ ਆਦਿ ਨੂੰ ਸੁਹਣਾ ਮਿੱਥਦੇ ਹਨ ।

ਆਪਣੇ ਮਨਚਾਹੇ ਵਿਕਲਪ ਦੇ ਅਧੀਨ ਸੁੰਦਰਤਾ ਦੀ ਪਰਿਭਾਸ਼ਾ ਕਰਨੀ ਨਿਗਮਨੀ ਸ਼ੌਂਦਰਯ ਸ਼ਾਸਤਰੀਆਂ ਦੀ ਗ਼ਲਤੀ ਹੁੰਦੀ ਹੈ । ਉਹ ਅਜਿਹੀ ਸੁੰਦਰਤਾ ਨੂੰ 'ਅਸਲੀ' ਸੁੰਦਰਤਾ ਨਹੀਂ ਮੰਨਦੇ ਜਿਹੜੀ ਉਹਨਾਂ ਦੀ ਦ੍ਰਿਸ਼ਟੀ ਤੋਂ ਪਰੇ ਰਹਿ ਜਾਂਦੀ ਹੈ । ਉਹ ਵਿਸ਼ੇਸ਼ ਸੁੰਦਰਤਾ ਦੀ ਵਿਆਖਿਆ ਕਰਦੇ ਸਾਧਾਰਨ ਸੁੰਦਰਤਾਵਾਂ ਦੀ ਕਚ-ਵਿਆਖਿਆ (explain away) ਕਰ ਦਿੰਦੇ ਹਨ । ਉਹ ਕਹਿ ਦਿੰਦੇ ਹਨ ਕਿ ਭਾਵੇਂ ਸਾਧਾਰਨ ਸੁੰਦਰਤਾ ਸਾਨੂੰ ਸੁੰਦਰਤਾ ਪ੍ਰਤੀਤ ਹੁੰਦੀ ਹੈ ਪਰ ਇਹ ਭੁੱਲ ਹੈ ।

ਗੁਰੂ ਨਾਨਕ ਦੀਆਂ ਰਚਨਾਵਾਂ ਵਿਚ ਅਜਿਹੀ ਝਲਕ ਕਿਤੇ ਨਹੀਂ ਮਿਲਦੀ ਕਿ ਧਾਰਮਿਕ ਸੁੰਦਰਤਾ ਹੀ ਸੁੰਦਰਤਾ ਹੁੰਦੀ ਹੈ । ਉਹ ਨਾਮ ਦੀ ਮਸਤੀ ਵਿਚ ਸਧਾਰਨ ਜੀਵਨ ਦੀ ਸੁੰਦਰਤਾ ਨੂੰ ਅੱਖੋਂ ਉਹਲੇ ਨਹੀਂ ਕਰਦੇ । ਇਹ ਬਾਬੇ ਨਾਨਕ ਦੀ ਵਿਸ਼ਾਲ ਦ੍ਰਿਸ਼ਟੀ ਅਤੇ ਸੁਭਰ ਹਮਦਰਦੀ ਦਾ ਨਤੀਜਾ ਹੈ । ਉਹ ਕਈ ਸ਼ੈਆਂ ਦੀ ਪ੍ਰਮਾਨਿਤ ਸੁੰਦਰਤਾ ਦਾ ਬਾਰ ਬਾਰ ਜ਼ਿਕਰ ਕਰਦੇ ਹਨ ਭਾਵੇਂ ਇਸ ਸੁੰਦਰਤਾ ਦਾ ਮੁੱਲ (value) ਸ਼ਾਇਦ ਬਹੁਤਾ ਨਹੀਂ ।

ਜਿਨ ਸਿਰਿ ਸੋਹਨਿ ਪਟੀਆ
ਮਾਗੀ ਪਾਇ ਸੰਧੂਰ

(ਆਸਾ ਅਸ਼ਟ 11, ਪੰਨਾ 417)

ਜਿਨ੍ਹਾਂ (ਸੁੰਦਰੀਆਂ) ਦੇ ਸਿਰ ਉਤੇ ਕੇਸਾਂ ਦੇ ਵਿਚਕਾਰਲੇ ਚੀਰ ਵਿਚ ਸੰਧੂਰ ਪਾ ਕੇ (ਕਾਲੇ ਕੇਸਾਂ ਦੀਆਂ) ਪੱਟੀਆਂ (ਹੁਣ ਤਕ) ਸੋਭਦੀਆਂ ਆ ਰਹੀਆਂ ਹਨ ।

ਜਦਹੁ ਸੀਆ ਵੀਆਹੀਆ
ਲਾੜੇ ਸੋਹਨਿ ਪਾਸਿ
ਹੀ ਡੋਲੀ ਚੜਿ ਆਈਆ
ਦੰਦ ਖੰਡ ਕੀਤੇ ਰਾਸਿ
ਉਪਰਹੁ ਪਾਣੀ ਵਾਰੀਐ
ਝਲੇ ਝਿਮਕਨਿ ਪਾਸਿ

(ਆਸਾ ਅਸ਼ਟ 11, ਪੰਨਾ 417)

ਜਦੋਂ ਉਹ ਸੁੰਦਰੀਆਂ ਵਿਆਹੀਆਂ ਆਈਆਂ ਸਨ, ਉਹਨਾਂ ਦੇ ਕੋਲ ਉਹਨਾਂ ਦੇ ਲਾੜੇ ਸੋਹਣੇ ਲੱਗ ਰਹੇ ਸਨ, ਉਹ ਪਾਲਕੀਆਂ ਵਿਚ ਚੜ੍ਹ ਕੇ ਆਈਆਂ ਸਨ, (ਉਹਨਾਂ ਦੀਆਂ ਬਾਹਾਂ ਉੱਤੇ) ਹਾਥੀ ਦੰਦ ਦੇ ਚੂੜੇ ਸਜੇ ਹੋਏ ਸਨ (ਸਹੁਰੇ-ਘਰ ਆਈਆਂ ਦੇ) ਉਤੋਂ ਦੀ (ਸ਼ਗਨਾਂ ਦਾ) ਪਾਣੀ ਵਾਰਿਆ ਜਾਂਦਾ ਸੀ, (ਸ਼ੀਸ਼ਿਆਂ ਜੜੇ ਪੱਖੇ) ਉਹਨਾਂ ਦੇ ਹੱਥਾਂ ਵਿਚ ਲਿਸ਼ਕ ਰਹੇ ਸਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਮਾਨਿਤ ਸੁੰਦਰਤਾਵਾਂ ਸਾਧਾਰਨ ਜੀਵਨ ਦੇ ਪੱਧਰ ਉਤੇ ਤਾਂ ਠੀਕ ਹਨ ਪਰ ਇਹਨਾਂ ਦੀ ਪਾਇਆਂ ਬਹੁਤੀ ਨਹੀਂ ਹੈ ।

ਰੂਪੁ ਨ ਜਾਣੈ ਸੋਹਣੀਐ
ਹੁਕਮਿ ਬਧੀ ਸਿਰਿ ਕਾਰੇ

(ਵਡਹੰਸ ਅਲਾਹਣੀਆਂ 3, ਪੰਨਾ 580)

ਕੋਈ ਜਮ ਕਿਸੇ ਸੁੰਦਰੀ ਦੇ ਰੂਪ ਦੀ ਪਰਵਾਹ ਨਹੀਂ ਕਰ ਸਕਦਾ (ਕਿ ਇਸ ਸੁੰਦਰੀ ਦੀ ਮੌਤ ਨਾਹ ਲਿਆਵਾਂ)

ਖਾਰ ਸਮੁਦ੍ਰ ਢੰਢੋਲੀਐ
ਇਕੁ ਮਣੀਆ ਪਾਵੈ
ਦੁਇ ਦਿਨ ਚਾਰਿ ਸੁਹਾਵਣਾ
ਮਾਟੀ ਤਿਸੁ ਖਾਵੈ

(ਮਾਰੂ ਅਸ਼ਟ 6, ਪੰਨਾ 1012)

(ਇਸ ਗੱਲ ਦੀ ਬੜੀ ਵਡਿਆਈ ਕੀਤੀ ਜਾਂਦੀ ਹੈ ਕਿ ਦੇਵਤਿਆਂ ਨੇ ਸਮੁੰਦਰ ਰਿੜਕਿਆ ਤੇ ਉਸ ਵਿਚੋਂ ਚੌਦਾਂ ਰਤਨ ਨਿਕਲੇ, ਭਲਾ) ਜੇ ਖਾਰਾ ਸਮੁੰਦਰ ਰਿੜਕਿਆ ਜਾਏ ਤੇ ਉਸ ਵਿਚੋਂ ਕੋਈ ਮਨੁੱਖ ਇਕ ਰਤਨ ਲੱਭ ਲਏ (ਤਾਂ ਭੀ ਆਖਰ ਕਿਹੜੀ ਮੱਲ ਮਾਰ ਲਈ ? ਉਹ ਰਤਨ) ਦੋ ਚਾਰ ਦਿਨ ਹੀ ਸੋਹਣਾ ਲੱਗਦਾ ਹੈ (ਅੰਤ) ਉਸ ਰਤਨ ਨੂੰ ਮਿੱਟੀ ਹੀ ਖਾ ਜਾਂਦੀ ਹੈ ।

ਕਾਇਆ ਹੰਸ ਪ੍ਰੀਤਿ ਬਹੁ ਧਾਰੀ
ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ
ਅਹਿਨਿਸਿ ਭੋਗੈ ਚੋਜ ਬਿਨੋਦੀ
ਉਠਿ ਚਲਤੈ ਮਤਾ ਨ ਕੀਨਾ ਹੇ

(ਮਾਰੂ ਸੋਹਲੇ 8, ਪੰਨਾ 1028)

ਇਹ ਜੀਵ ਆਤਮਾ (ਮਾਨੋ) ਇਕ ਜੋਗੀ ਹੈ (ਜੋ ਜੋਗੀ ਵਾਲੀ ਫੇਰੀ ਪਾ ਕੇ ਜਗਤ ਤੋਂ ਚਲਾ ਜਾਂਦਾ ਹੈ) ਇਹ ਕਾਇਆ (ਮਾਨੋ) ਇਕ ਸੁੰਦਰ ਇਸਤ੍ਰੀ ਹੈ (ਪਰ ਜਗਤ ਵਿਚ ਆ ਕੇ) ਪੰਛੀ-ਜੀਵਾਤਮਾ ਕਾਇਆ-ਨਾਰ ਨਾਲ ਬੜੀ ਪ੍ਰੀਤ ਬਣਾ ਲੈਂਦਾ ਹੈ । ਰੰਗ ਰਲੀਆਂ ਵਿਚ ਮਸਤ ਜੋਗੀ-ਜੀਵਾਤਮਾ ਦਿਨ ਰਾਤ ਕਾਇਆ ਨੂੰ ਭੋਗਦਾ ਹੈ (ਦਰਗਾਹੋਂ ਸੱਦਾ ਆਉਣ ਤੇ) ਤੁਰਨ ਵੇਲੇ ਜੋਗੀ-ਜੀਵ ਕਾਇਆ ਨਾਰ ਨਾਲ ਸਲਾਹ ਭੀ ਨਹੀਂ ਕਰਦਾ ।

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ

(ਤੁਖਾਰੀ ਛੰਤ ਬਾਰਾਮਾਹ 4, ਪੰਨਾ 1107)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਜਿਸ ਜੀਵ-ਇਸਤ੍ਰੀ ਹਿਰਦੇ-ਘਰ ਵਿਚ) ਪ੍ਰਭੂ ਦੀ ਸਿਫਤਿ-ਸਲਾਹ ਦੀਆਂ ਸੁਹਾਵਣੀਆਂ ਬੂੰਦਾਂ ਦੀ ਧਾਰ ਵਰਦੀ ਹੈ।

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ
ਬੰਨ ਫੂਲੇ ਮੰਝ ਬਾਰਿ
ਮੈਂ ਪਿਰੁ ਘਰਿ ਬਾਹੁੜੈ

(ਤੁਖਾਰੀ ਛੰਤ ਬਾਰਾਮਾਹ 5, ਪੰਨਾ 1108)

ਚੇਤ (ਦਾ ਮਹੀਨਾ) ਚੰਗਾ ਲੱਗਦਾ ਹੈ, (ਚੇਤ ਵਿਚ) ਬਸੰਤ (ਦਾ ਮੌਸਮ ਭੀ) ਪਿਆਰਾ ਲੱਗਦਾ ਹੈ, (ਇਸ ਮਹੀਨੇ) ਖੁੱਲ੍ਹੀ ਜੂਹ ਵਿਚ ਬਨਾਸਪਤੀ ਨੂੰ ਫੁੱਲ ਲੱਗ ਪੈਂਦੇ ਹਨ, ਤੇ (ਫੁੱਲਾਂ ਉਤੇ ਬੈਠੇ ਹੋਏ) ਭੰਵਰ ਸੋਹਣੇ ਲੱਗਦੇ ਹਨ। (ਮੇਰੇ ਹਿਰਦੇ ਦਾ ਕੌਲ-ਫੁੱਲ ਭੀ ਖਿੜ ਪਏ, ਜੇ) ਮੇਰਾ ਪਤੀ-ਪ੍ਰਭੂ ਮੇਰੇ ਹਿਰਦੇ-ਘਰ ਵਿਚ ਆ ਵੱਸੇ।

ਕਾਮਨਿ ਚਾਹੈ ਸੁੰਦਰਿ ਭੋਗੁ
ਪਾਨ ਫੂਲ ਮੀਠੇ ਰਸ ਰੋਗ
ਖੀਲੈ ਬਿਗਸੈ ਤੇਤੋ ਸੋਗ
ਪ੍ਰਭ ਸਰਨਾਗਤਿ ਕੀਨਸਿ ਹੋਗ

(ਬਸੰਤ ਅਸ਼ਟ 1, ਪੰਨਾ 1187)

ਸੁੰਦਰ ਜੀਵ-ਇਸਤਰੀ ਦੁਨੀਆਂ ਦੇ ਚੰਗੇ ਪਦਾਰਥਾਂ ਦਾ ਭੋਗ ਲੋੜਦੀ ਹੈ, ਪਰ ਇਹ ਪਾਨ ਫੁੱਲ ਵਿਕਾਰ ਤੇ ਰੋਗ ਹੀ ਪੈਦਾ ਕਰਦੇ ਹਨ। ਜਿਤਨਾ ਹੀ ਵਧੀਕ ਉਹ ਇਹਨਾਂ ਭੋਗਾਂ ਵਿਚ ਖਿੱਲੀਆਂ ਮਾਰਦੀ ਹੈ ਤੇ ਖ਼ੁਸ਼ ਹੁੰਦੀ ਹੈ ਉਤਨਾ ਹੀ ਵਧੀਕ ਦੁੱਖ-ਰੋਗ ਵਿਆਪਦਾ ਹੈ। ਪਰ ਜੇਹੜੀ ਜੀਵ-ਇਸਤ੍ਰੀ ਪ੍ਰਭੂ ਦੀ ਸ਼ਰਨ ਆ ਜਾਂਦੀ ਹੈ (ਉਹ ਰਜ਼ਾ ਵਿਚ ਤੁਰਦੀ ਹੈ) ਉਸ ਨੂੰ ਨਿਸ਼ਚਾ ਹੁੰਦਾ ਹੈ ਕਿ ਜੋ ਕੁਝ ਪ੍ਰਭੂ ਕਰਦਾ ਹੈ ਉਹੀ ਹੁੰਦਾ ਹੈ।

ਇੰਦੁ ਵਰਸੈ ਧਰਤਿ ਸੁਹਾਵੀ
ਘਟਿ ਘਟਿ ਜੋਤਿ ਸਮਾਣੀ

(ਮਲਾਰ ਅਸ਼ਟ 4, ਪੰਨਾ 1275)

ਉਹਨਾਂ ਉੱਤੇ ਗੁਰੂ-ਬੱਦਲ (ਪ੍ਰਭੂ ਦੀ ਰਹਿਮਤ ਦੀ) ਵਰਖਾ ਕਰਦਾ ਹੈ ਜਿਸ ਕਰ ਕੇ ਉਹਨਾਂ ਦੇ ਹਿਰਦੇ ਦੀ ਧਰਤੀ ਸੁਹਾਵਣੀ ਬਣ ਜਾਂਦੀ ਹੈ, ਉਹਨਾਂ ਨੂੰ ਹਰੇਕ ਸਰੀਰ ਵਿਚ ਪਰਮਾਤਮਾ ਦੀ ਜੋਤਿ ਵਿਆਪਕ ਦਿਸਦੀ ਹੈ।

ਪੱਟੀਆਂ, ਸੰਧੂਰ, ਲਾੜੇ, ਡੋਲੀ, ਚੂੜੇ, ਸ਼ੀਸ਼ਿਆਂ ਵਾਲੀਆਂ ਪੱਖੀਆਂ, ਮਣੀ, ਮਾਇਆ, ਮੀਂਹ, ਚੇਤ, ਬਸੰਤ, ਫੁੱਲ, ਭੌਰੇ, ਭੋਗ, ਪਾਨ ਆਦਿ ਸੁਭਾਵਿਕ ਹੀ ਸੁੰਦਰ ਹਨ। ਸਭ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਨੂੰ ਅਚੇਤ ਹੀ ਸੁਹਣੇ ਸਮਝਦੇ ਹਨ । ਇਹ ਸਾਡੇ ਜੀਵਨ ਦੇ ਮਾਮੂਲੀ ਅੰਸ਼ ਹਨ । ਇਹਨਾਂ ਵਿਚ ਹੀ ਸਾਡੇ ਜੀਵਨ ਦੀਆਂ ਸਾਧਾਰਨ ਸੁੰਦਰਤਾਵਾਂ ਹਨ । ਬਾਬਾ ਨਾਨਕ ਆਮ ਬੰਦੇ ਦੀ ਸੁਹਜ ਦੀ ਕਦਰ ਕਰਦਾ ਹੈ ਕਿਉਂਕਿ ਸਾਧਾਰਨ ਰੂਪ ਵਿਚ ਸੁਹਣੀਆਂ ਚੀਜ਼ਾਂ ਦਾ ਅਪਨਾ ਮੁੱਲ ਹੁੰਦਾ ਹੈ । ਆਮ ਜ਼ਿੰਦਗੀ ਵਿਚ ਸੌ ਆਰਥਿਕ ਮੁਸ਼ਕਲਾਂ ਅਤੇ ਅਨੇਕਾਂ ਆਚਾਰਿਕ ਊਣਤਾਈਆਂ ਹੁੰਦੀਆਂ ਹਨ ਪਰ ਜ਼ਿੰਦਗੀ ਇਹਨਾਂ ਘਾਟਿਆਂ ਦੇ ਹੁੰਦਿਆਂ ਹੋਇਆਂ ਵੀ ਰੁੱਖੀ ਅਤੇ ਰੂਪਹੀਣ ਨਹੀਂ ਹੈ ।

ਸਾਧਾਰਨ ਸੁੰਦਰਤਾਵਾਂ ਸਾਡੀ ਅਚੇਤ ਸੁਹਜ ਦੀਆਂ ਸੂਚਕ ਹਨ ਜਿਹਨਾਂ ਦੀ ਸਾਨੂੰ ਬਹੁਤ ਘੱਟ ਚੇਤਨਾ ਹੁੰਦੀ ਹੈ ਅਤੇ ਜਿਹਨਾਂ ਦਾ ਚਿੰਤਨ ਵੀ ਅਸੀਂ ਬਹੁਤ ਥੋੜਾ ਕਰਦੇ ਹਾਂ । ਜੇ ਮਨੁੱਖ ਅਚੇਤ ਸੁਹਜ ਦੀਆਂ ਸੁੰਦਰਤਾਵਾਂ ਪ੍ਰਤੀ ਸੁਚੇਤ ਹੋ ਜਾਵੇ ਤਾਂ ਕੀ ਹੋਵੇਗਾ ? ਜੇ ਉਹ ਇਹਨਾਂ ਦਾ ਚਿੰਤਨ ਕਰਨਾ ਸ਼ੁਰੂ ਕਰੇ ਤਾਂ ਇਸਦਾ ਨਤੀਜਾ ਕੀ ਹੋਵੇਗਾ ?

ਗੁਰੂ ਨਾਨਕ ਸਾਹਿਬ ਦੂਸਰੇ ਸਵਾਲ ਦਾ ਜਵਾਬ ਦਿੰਦੇ ਹਨ ।

2. ਸੁਭਾਵਿਕ ਸੁੰਦਰਤਾ ਕਾਫੀ ਨਹੀਂ ਹੈ

ਗੁਰੂ ਨਾਨਕ ਸਾਹਿਬ ਸਾਧਾਰਨ ਸੁੰਦਰਤਾ ਨੂੰ ਕਾਫੀ ਨਹੀਂ ਸਮਝਦੇ । ਇਹ ਬੇ-ਸੋਚੇ-ਸਮਝੇ ਜੀਵਨ ਦੀ ਨਿਸ਼ਾਨੀ ਹੈ ਜਿਸ ਵਿਚ ਆਤਮਿਕ ਅਵੇਸਲਾਪਨ ਭਾਸਦਾ ਹੈ । ਸਾਧਾਰਨ ਸੁੰਦਰਤਾ ਉਤੇ ਸਬਰ ਕਰ ਲੈਣਾ ਰੂਹਾਨੀ ਤੌਰ ਤੇ ਖ਼ਤਰਨਾਕ ਹੈ । ਮਨੁੱਖ ਲਈ ਸਾਧਾਰਨ ਸੁੰਦਰਤਾਵਾਂ ਤੋਂ ਕਿਤੇ ਜ਼ਿਆਦਾ ਉੱਚੀਆਂ ਸੁੰਦਰਤਾਵਾਂ ਬਣੀਆਂ ਹਨ ।

ਧਨੁ ਜੋਬਨੁ ਅਰੁ ਫੁਲੜਾ
ਨਾਠੀਅੜੇ ਦਿਨ ਚਾਰਿ
ਪਬਣਿ ਕੇਰੇ ਪਤ ਜਿਉ
ਢਲਿ ਢੁਲਿ ਜੁੰਮਣਹਾਰ । 1 ।
ਰੰਗੁ ਮਾਣਿ ਲੈ ਪਿਆਰਿਆ
ਜਾ ਜੋਬਨੁ ਨਉਹੁਲਾ
ਦਿਨ ਥੋੜੜੇ ਥਕੇ
ਭਇਆ ਪੁਰਾਣਾ ਚੋਲਾ । 1 । ਰਹਾਉ
ਸਜਣ ਮੇਰੇ ਰੰਗੁਲੇ
ਜਾਇ ਸੁਤੇ ਜੀਰਾਣਿ
ਹੰਭੀ ਵੰਞਾ ਡੁਮਣੀ
ਰੋਵਾ ਝੀਣੀ ਬਾਣਿ । 2 ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀ ਨ ਸੁਣੇਹੀ ਗੋਰੀਏ
ਆਪਣ ਕੰਨੀ ਸੋਇ
ਲਗੀ ਆਵਹਿ ਸਾਹੁਰੈ
ਨਿਤ ਨ ਪੇਈਆ ਹੋਇ । 3 ।
ਨਾਨਕ ਸੁਤੀ ਪੇਈਐ
ਜਾਣੁ ਵਿਰਤੀ ਸੰਨਿ
ਗੁਣਾ ਗਵਾਈ ਗੰਠੜੀ
ਅਵਗਣ ਚਲੀ ਬੰਨਿ । 4 ।

(ਸਿਰੀ 24, ਪੰਨਾ 23)

ਧਨ, ਜੁਆਨੀ ਅਤੇ ਨਿੱਕਾ ਜਿਹਾ ਫੁੱਲ—ਇਹ ਚਾਰ ਦਿਨਾਂ ਦੇ ਹੀ ਪਰਾਹੁਣੇ ਹੁੰਦੇ ਹਨ । ਜਿਵੇਂ ਚੌਂਪਤੀ ਦੇ ਪੱਤਰ (ਪਾਣੀ ਦੇ) ਢਲ ਜਾਣ ਨਾਲ ਸੁੱਕ ਕੇ ਨਾਸ ਹੋ ਜਾਂਦੇ ਹਨ, ਤਿਵੇਂ ਇਹ ਭੀ ਨਾਸ ਹੋ ਜਾਂਦ ਹਨ । 1 ।

ਹੇ ਪਿਆਰੇ ਜਦ ਤਕ ਨਵੀਂ ਜੁਆਨੀ ਹੈ ਤਦ ਤਕ ਆਤਮਕ ਆਨੰਦ ਲੈ ਲੈ; ਜਦੋਂ ਉਮਰ ਦੇ ਦਿਨ ਥੋੜੇ ਰਹਿ ਗਏ, ਸਰੀਰਕ ਚੋਲਾ ਪੁਰਾਣਾ ਹੋ ਜਾਇਗਾ (ਫਿਰ ਸਿਮਰਨ ਨਹੀਂ ਹੋ ਸਕੇਗਾ) । 1 । ਰਹਾਉ ।

ਮੇਰੇ ਪਿਆਰੇ ਸੱਜਣ ਕ਼ਬਰਸਤਾਨ ਵਿਚ ਜਾ ਸੁੱਤੇ ਹਨ, ਮੈਂ (ਉਹਨਾਂ ਦੇ ਵਿਛੋੜੇ ਵਿਚ) ਧੀਮੀ ਆਵਾਜ਼ ਨਾਲ ਰੋ ਰਹੀ ਹਾਂ (ਪਰ ਮੈਨੂੰ ਇਹ ਸਮਝ ਨਹੀਂ ਆ ਰਹੀ ਕਿ) ਮੈਂ ਭੀ ਦੋਚਿੱਤੀ ਹੋ ਕੇ (ਉਧਰ ਨੂੰ ਹੀ) ਚਲ ਪਵਾਂਗੀ । 2 ।

ਹੇ ਸੁੰਦਰ ਜੀਵ-ਇਸਤ੍ਰੀ ਤੂੰ ਧਿਆਨ ਨਾਲ ਇਹ ਖ਼ਬਰ ਕਿਉਂ ਨਹੀਂ ਸੁਣਦੀ ਕਿ ਪੇਕਾ-ਘਰ (ਇਸ ਲੋਕ ਦਾ ਵਸੇਬਾ) ਸਦਾ ਨਹੀਂ ਰਹਿ ਸਕਦਾ, ਸਹੁਰੇ ਘਰ ਪਰਲੋਕ ਵਿਚ ਜ਼ਰੂਰ ਜਾਣਾ ਪਵੇਗਾ । 3 ।

ਹੇ ਨਾਨਕ ਜੇਹੜੀ ਜੀਵ-ਇਸਤ੍ਰੀ ਪੇਕੇ-ਘਰ (ਇਸ ਲੋਕ ਦੀ ਗ਼ਫਲਤ ਦੀ ਨੀਂਦ ਵਿਚ) ਸੁੱਤੀ ਰਹੀ ਇਉਂ ਜਾਣੋ ਕਿ (ਉਸ ਦੇ ਗੁਣਾਂ ਨੂੰ) ਦਿਨ ਦਿਹਾੜੇ ਹੀ ਸੰਨ੍ਹ ਲੱਗੀ ਰਹੀ । ਉਸ ਨੇ ਗੁਣਾਂ ਦੀ ਗੰਢੜੀ ਗਵਾ ਲਈ, ਉਹ (ਇਥੋਂ) ਔਗਣਾਂ ਦੀ ਪੰਡ ਬੰਨ੍ਹ ਕੇ ਲੈ ਤੁਰੀ । 4 ।

ਅਰੁ = ਅਤੇ — ਨਾਠੀਅੜੇ = ਪਰਾਹੁਣੇ
ਪਬਣਿ = ਪਾਣੀ ਦੇ ਕੰਢੇ ਉੱਗੀ ਚੌਂਪੱਤੀ
ਕੇਰੇ = ਦੇ — ਢਲਿ ਢੁਲਿ = ਕੁਮਲਾ ਕੇ
ਜੰਮਣਹਾਰ = (ਸਿੱਧੀ) ਤੁਰ ਜਾਣ ਵਾਲੇ
ਨਉਹੁਲਾ = ਨਵਾਂ — ਜੀਰਾਣਿ = ਕ਼ਬਰਸਤਾਨ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੰਭੀ = ਹਉ ਭੀ, ਸੋ ਭੀ
ਡੁਮਣੀ = ਦੁਮਨੀ, ਦੁਚਿੱਤੀ
ਬਾਣਿ = ਆਵਾਜ਼
ਵਿਰਤੀ = ਵਿ-ਰਾਤ੍ਰੀ, ਦਿਨ ਦਿਹਾੜੇ

ਵੰਞਾ = ਜਾਵਾਂਗੀ
ਝੀਣੀ = ਮੱਧਮ
ਸੋਇ = ਖ਼ਬਰ

ਸਾਨੂੰ ਕਿਸੇ ਸ਼ਬਦ ਦੇ ਲਫ਼ਜ਼ੀ ਅਰਥਾਂ ਤੋਂ ਬਾਦ ਹੀ ਅਲੰਕਾਰਿਕ ਜਾਂ ਰਹੱਸਮਈ ਮਾਅਨੇ ਸੋਚਣੇ ਚਾਹੀਦੇ ਹਨ। ਉਪਰੋਕਤ ਸ਼ਬਦ ਵਿਚ 'ਕੀ ਨ ਸੁਣੇਹੀ ਗੋਰੀਏ' ਤੁਕ ਨਾਲ ਭਾਵਕ ਮੋੜ ਆਉਂਦਾ ਹੈ। ਬੰਦ ਨੰਬਰ 3 ਅਤੇ 4, ਰਹਾਉ ਤਕ ਦੀਆਂ ਤੁਕਾਂ ਦੇ ਪ੍ਰਤੀਪੱਖ ਹਨ। ਇਹਨਾਂ ਦੇ ਵਿਰੋਧ ਵਿਚਕਾਰ 'ਰੰਗੁਲੇ ਸਜਣ' ਵਰਗਿਆਂ ਦੀ 'ਜੀਰਾਣਿ' ਜਾ ਕੇ ਸੌਂ ਜਾਣਾ ਹੈ। ਮਨੁੱਖੀ ਜ਼ਿੰਦਗੀ 'ਡੁਮਣੀ' ਦੀ 'ਝੀਣੀ ਬਾਣਿ' ਹੈ। ਜਿਵੇਂ 'ਰੰਗੁਲੇ ਸਜਣ' ਦਾ 'ਜੀਰਾਣਿ' ਪ੍ਰਤੀਪੱਖ ਹੈ ਇੰਝ ਹੀ ਬੰਦ ਨੰਬਣ 3 ਅਤੇ 4 ਮੁਕ਼ਾਬਲੇ (contrast) ਵਿਚ ਖੜੇ ਹਨ।

'ਡੁਮਣੀ' ਅਤੇ 'ਝੀਣੀ ਬਾਣਿ' ਸਾਡੀ ਸਾਧਾਰਨ ਜ਼ਿੰਦਗੀ ਦਾ ਵਰਣਨ ਹੈ ਜਿਸ ਵਿਚ ਅਸੀਂ 'ਪਬਣਿ, ਰੰਗ ਨੁਉਹੁਲਾ ਜੋਬਨ, ਧਨੁ, ਫੁਲੜਾ' ਆਦਿ ਵਿਚ ਭੁੱਲੇ ਰਹਿੰਦੇ ਹਾਂ। ਵੱਡੀ ਉਮਰ ਵਿਚ ਅਸੀਂ ਇੰਨਾ ਕਰਨ ਜੋਗੇ ਵੀ ਨਹੀਂ ਰਹਿੰਦੇ। ਸਾਡੀ 'ਸੁਤੀ, ਪੇਈਐ ਵਿਰਤੀ ਸੰਨਿ' ਵਾਲੀ ਹਾਲਤ ਹੈ। ਸਾਨੂੰ ਕੋਈ 'ਸੋਇ' ਨਹੀਂ ਸੁਣਦੀ ਅਤੇ ਅਸੀਂ 'ਲਗੀ ਆਵਹਿ ਸਾਹੁਰੇ' ਤੋਂ ਬੇਖ਼ਬਰ ਹੁੰਦੇ ਹਾਂ।

ਅਕਸਰ ਆਦਮੀ ਸਾਧਾਰਨ ਸੁੰਦਰਤਾਵਾਂ ਅਰਥਾਤ ਧਨ, ਜੋਬਨੁ, ਰੰਗ, ਫੁਲੜਾ, ਨਾਠੀਅੜੇ, ਪਬਣਿ ਵਿਚ ਹੀ ਭੁੱਲੇ ਰਹਿੰਦੇ ਹਨ। ਉਹਨਾਂ ਨੂੰ ਇਹ ਪਤਾ ਵੀ ਨਹੀਂ ਰਹਿੰਦਾ ਕਿ ਸਾਧਾਰਨ ਸੁੰਦਰਤਾ ਵਿਚ ਮਸਤ ਰਹਿਣ ਨਾਲ 'ਗੁਣਾ ਗਵਾਈ ਗੰਠੜੀ' ਦੀ ਹਾਲਤ ਹੋ ਜਾਂਦੀ ਹੈ। ਸਾਧਾਰਨ ਸੁੰਦਰਤਾ ਵ਼ਿਚ ਖੁੱਭ ਕੇ ਇਹ ਹੋ ਸਕਦਾ ਹੈ ਕਿ ਸਾਡੀ 'ਵਿਰਤੀ ਸੰਨਿ' ਵਾਲੀ ਆਤਮਕ ਦਸ਼ਾ ਹੋ ਜਾਵੇ। ਇਹਨਾਂ ਕਾਰਨ ਅਸੀਂ 'ਸਾਹੁਰੈ' ਨੂੰ ਭੁੱਲ ਜਾਂਦੇ ਹਾਂ।

ਸਾਧਾਰਨ ਸੁੰਦਰਤਾ ਵਿਚ ਰੂਹਾਨੀ ਅਵੇਸਲਾਪਨ ਲੁਪਤ ਹੈ। ਇਹਦਾ ਮਤਲਬ ਇਹ ਹੈ ਕਿ ਅਸੀਂ ਆਤਮਿਕ ਅਵੇਸਲਾਪਨ ਛੱਡ ਕੇ 'ਸੋਇ' ਸੁਣ ਸਕਦੇ ਹਾਂ ਅਤੇ ਸਾਨੂੰ 'ਸਾਹੁਰੈ.. ਪੇਈਆ' ਘਰਾਂ ਦਾ ਪਤਾ ਹੋ ਸਕਦਾ ਹੈ। 'ਅਸੀਂ 'ਵਿਰਤੀ ਸੰਨ' ਦੀ ਰੋਕਥਾਮ ਕਰ ਸਕਦੇ ਤਾਂ ਜੋ ਸਾਡੀ 'ਗੁਣਾ ਗੰਠੜੀ' ਸਾਡੇ ਕੋਲ ਹੀ ਰਹੇ ਅਤੇ ਅਸੀਂ ਸਫਲ ਜੀਵਨ ਦੇ ਗੁਣ ਬੰਨ੍ਹ ਕੇ ਲੈ ਜਾਈਏ।

ਅਜਿਹੇ ਅਰਥ ਕਰਨ ਨਾਲ ਸ਼ਬਦ ਦੀਆਂ ਪਿਛਲੀਆਂ ਅੱਠ ਤੁਕਾਂ ਪਹਿਲੀਆਂ ਅੱਠ ਪਾਲਾਂ ਦਾ ਪ੍ਰਤੀਪੱਖ ਹੋਣ ਦੀ ਥਾਂ ਸਮਰੂਪ (identical) ਹੋ ਜਾਣਗੀਆਂ। ਅਤੇ ਇਹ ਰੂਹਾਨੀ ਅਵੇਸਲੇਪਨ ਦੀ ਥਾਂ ਆਤਮਿਕ ਜਾਗ੍ਰਿਤੀ ਦੀਆਂ ਸੂਚਕ ਹੋਣਗੀਆਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਤੋਂ ਸਪਸ਼ਟ ਹੈ ਕਿ ਸਾਧਾਰਨ ਸੁੰਦਰਤਾ ਦਾ ਸਾਡੇ ਜੀਵਨ ਵਿਚ ਸਥਾਨ ਹੈ ਪਰ ਸਾਡੇ ਲਈ ਇੰਨੇ 'ਤੇ ਸਬਰ ਕਰਨਾ ਖ਼ਤਰਨਾਕ ਹੈ । ਅਜਿਹੀਆਂ ਸੁੰਦਰਤਾਵਾਂ ਕਿਤੇ ਜ਼ਿਆਦਾ ਮੁੱਲ-ਪੂਰਨ (valuable) ਹਨ ਜਿਹਨਾਂ ਵਿਚ ਬਾਡੀ ਆਤਮਿਕ ਜਾਗ੍ਰਿਤੀ ਅਤੇ ਮਨੁੱਖੀ ਚੇਤਨਾ ਦੀ ਝਲਕ ਪੈਂਦੀ ਹੈ ।

ਮੇਰੀ ਸਨਿੰਮਰ ਬੇਨਤੀ ਹੈ ਕਿ ਭਾਈ ਸਾਹਿਬ ਦੀ ਰਹਾਉ ਵਾਲੇ ਬੰਦ ਦੀ ਵਿਆਖਿਆ ਵਿਚ 'ਆਤਮਕ...ਫਿਰ ਸਿਮਰਨ ਨਹੀਂ ਹੋ ਸਕੇਗਾ' ਦੀ ਲੋੜ ਨਹੀਂ ਕਿਉਂ ਕਿ ਅਜਿਹਾ ਕਰਨ ਨਾਲ ਸ਼ਬਦ ਦੀ ਭਾਵੁਕ ਸ਼ਕਤੀ ਨਿਰਕੇਂਦਰ (unfocus) ਹੋ ਜਾਂਦੀ ਹੈ । ਨੰਬਰ 2 ਬੰਦ ਵਿਚ 'ਮੈਂ ਭੀ ਦੁਚਿੱਤੀ ਹੋ ਕੇ (ਉਪਰ ਨੂੰ ਹੀ) ਚਲ ਪਵਾਂਗੀ' ਦਾ ਭਵਿਖਤ ਕਾਲ ਵੀ ਮੂਲ ਸ਼ਬਦ ਵਿਚ ਨਹੀਂ ਹੈ । ਇਹਦੇ ਅਰਥ 'ਮੇਰੀ ਵੀ, ਉਧਰ ਨੂੰ ਜਾਂਦਿਆਂ ਦੁਚਿੱਤੀ ਜਾਣੀ ਨਹੀਂ' ਹੈ ।

3. ਪ੍ਰਭੂ ਸੁੰਦਰ ਹੈ

ਗੁਰੂ ਨਾਨਕ ਸਾਹਿਬ ਦੇ ਸੁੰਦਰਤਾ ਦੇ ਵਿਕਲਪ ਦੇ ਅਧਿਅਨ ਤੋਂ ਬਾਅਦ ਸਾਨੂੰ ਕੋਈ ਹੈਰਾਨੀ ਨਹੀਂ ਹੁੰਦੀ ਕਿ ਬਾਬੇ ਨਾਨਕ ਲਈ ਪਰਮਾਤਮਾ ਅਤਿ ਸੁੰਦਰ ਹੈ । ਕਈ ਫਲਾਸਫਰਾਂ ਨੇ ਪ੍ਰਭੂ ਦੇ ਸੱਤ, ਚਿੱਤ ਜਾਂ ਆਨੰਦ ਹੋਣ ਉਤੇ ਜ਼ੋਰ ਦਿੱਤਾ ਹੈ । ਪਰ ਗੁਰੂ ਸਾਹਿਬ ਪਰਮਾਤਮਾ ਨੂੰ ਰੂਪਵਾਨ ਹੀ ਕਹਿੰਦੇ ਹਨ ਅਤੇ ਇਸੇ ਚੀਜ਼ ਦਾ ਬਾਰ ਬਾਰ ਜ਼ਿਕਰ ਕਰਦੇ ਹਨ । ਵੈਸੇ ਇਹ ਗੱਲ ਹੈ ਵੀ ਸੁਭਾਵਿਕ । ਗੁਰੂ ਨਾਨਕ ਸਾਹਿਬ ਲਈ ਪ੍ਰਭੂ-ਪ੍ਰਾਪਤੀ ਮਨੁੱਖੀ ਜੀਵਨ ਦਾ ਉੱਦੇਸ਼ ਹੈ । ਪ੍ਰਭੂ ਪ੍ਰਾਪਤੀ ਦਾ ਆਦਰਸ਼ ਹੀ ਮਨੁੱਖ ਨੂੰ ਆਵਾਗੌਣ 'ਚੋਂ ਕੱਢ ਸਕਦਾ ਹੈ । ਇਸ ਲਈ ਬਾਝੇ ਨਾਨਕ ਵੱਲੋਂ ਪਰਮਾਤਮਾ ਨੂੰ ਸੁੰਦਰ ਕਹਿਣਾ ਕੋਈ ਅਣਹੋਣੀ ਗੱਲ ਨਹੀਂ ਹੈ ।

ਸਾਲਾਹੀ ਸਾਲਾਹਿ
ਏਤੀ ਸੁਰਤਿ ਨ ਪਾਈਆ

(ਜਪੁ 23, ਪੰਨਾ 5)

ਸਾਲਾਹੁਣ-ਜੋਗ ਅਕਾਲ ਪੁਰਖ ਦੀਆਂ ਵਡਿਆਈਆਂ ਆਖ ਆਖ ਕੇ ਕਿਸੇ ਮਨੁੱਖ ਨੂੰ ਇਤਨੀ ਸਮਝ ਨਹੀਂ ਪਈ ਕਿ ਅਕਾਲ ਪੁਰਖ ਕੇਡਾ ਵੱਡਾ ਹੈ (ਸਿਫਤਿ ਸਾਲਾਹ ਕਰਨ ਵਾਲੇ ਮਨੁੱਖ ਉਸ ਅਕਾਲ ਪੁਰਖ ਦੇ ਵਿਚ ਲੀਨ ਹੋ ਜਾਂਦੇ)...ਹਨ ।

ਗੁਰੂ ਸਾਹਿਬ ਪਰਮਾਤਮਾ ਨੂੰ ਸਾਲਾਹਣ-ਯੋਗ ਸਮਝਦੇ ਹਨ । ਹਰ ਸੁੰਦਰ ਚੀਜ਼ ਸਾਲਾਹਣ-ਯੋਗ ਹੁੰਦੀ ਹੈ । ਪਰ ਇਹ ਜ਼ਰੂਰੀ ਨਹੀਂ ਕਿ ਹਰ ਸਾਲਾਹਣ-ਯੋਗ ਚੀਜ਼ ਸੁੰਦਰ ਹੋਵੇ, ਮਸਲਨ ਰਾਜਨੀਤੀ । ਸਾਲਾਹਣ-ਯੋਗ ਆਕਾਲ ਪੁਰਖ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਉਹ ਸੁੰਦਰ ਵੀ ਹੈ । ਏਸ ਹਵਾਲੇ ਤੋਂ ਇੰਨਾ ਪਤਾ ਲੱਗਦਾ ਹੈ ਕਿ ਪਰਮਾਤਮਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁੰਦਰ ਹੋ ਸਕਦਾ ਹੈ । ਇਹ ਗੱਲ ਆਉਣ ਵਾਲਿਆਂ ਹਵਾਲਿਆਂ ਤੋਂ ਸਪਸ਼ਟ ਹੋ ਜਾਂਦੀ ਹੈ।

ਕੇਤੇ ਤੇਰੇ ਰੂਪ ਰੰਗ
ਕੇਤੇ ਜਾਤਿ ਅਜਾਤਿ

(ਸਿਰੀ 10, ਪੰਨਾ 18)

ਤੇਰੇ ਬੇਅੰਤ ਹੀ ਰੂਪ ਰੰਗ ਹਨ, ਤੇਰੇ ਪੈਦਾ ਕੀਤੇ ਬੇਅੰਤ ਜੀਵ ਹਨ, ਜੋ ਕੋਈ ਉੱਚੀਆਂ ਤੇ ਕੋਈ ਨੀਵੀਆਂ ਜਾਤਾਂ ਵਿਚ ਹਨ ।

ਇਸ ਤੁਕ ਦੇ ਦੋ ਅਰਥ ਹੋ ਸਕਦੇ ਹਨ। ਤੇਰੇ ਆਪਣੇ ਬੇਅੰਤ ਰੂਪ ਰੰਗ ਹਨ, ਜਾਂ ਦੁਨੀਆਂ ਵਿਚ ਤੇਰੇ ਬੇਅੰਤ ਰੂਪ ਰੰਗ ਹਨ। ਮੈਂ ਤੁਕ ਨੂੰ ਦੋਵੇਂ ਅਰਥਾਂ ਵਿਚ ਲੈਂਦਾ ਹਾਂ :

ਰੋੜੇ ਠਾਕੁਰ ਮਾਹਰੋ
ਰੂੜੀ ਗੁਰਬਾਣੀ

(ਆਸ਼ਾ ਅਸ਼ਟ 19, ਪੰਨਾ 421)

ਹੇ ਠਾਕੁਰ, ਤੂੰ ਸੁੰਦਰ ਹੈ, ਤੂੰ ਸਿਆਣਾ ਹੈ। ਗੁਰੂ ਦੀ ਸੁੰਦਰ ਬਾਣੀ ਦੇ ਰਾਹੀਂ ਤੇਰੀ ਪਰਾਪਤੀ ਹੋ ਸਕਦੀ ਹੈ :

ਹਿੰਦੂ ਸਾਲਾਹੀ ਸਾਲਾਹਨਿ
ਦਰਸਨ ਰੂਪਿ ਅਪਾਰੁ

(ਆਸਾ ਦੀ ਵਾਰ, ਪੰਨਾ 465)

ਹਿੰਦੂ ਸ਼ਾਸਤਰ ਦੁਆਰਾ ਹੀ ਸਾਲਾਹੁਣਯੋਗ ਸੁੰਦਰ ਅਤੇ ਬੇਅੰਤ ਹਰੀ ਨੂੰ ਸਲਾਹੁੰਦੇ ਹਨ :

ਤੂੰ ਸਚਾ ਸਾਹਿਬ ਸਿਫਤਿ ਸੁਆਲਿਉ
ਜਿਨਿ ਕੀਤੀ ਸੋ ਪਾਰਿ ਪਇਆ

(ਆਸਾ ਦੀ ਵਾਰ, ਪੰਨਾ 469)

ਹੇ ਪ੍ਰਭੂ ਤੂੰ ਸਚਾ ਖਿਰ ਰਹਿਣ ਵਾਲਾ ਹੈਂ, ਤੇਰੀਆਂ ਸੋਹਣੀਆਂ ਵਡਿਆਈਆਂ ਹਨ। ਜਿਸ ਜਿਸ ਨੇ ਤੇਰੇ ਗੁਣ ਗਾਏ ਹਨ, ਉਹ ਇਸ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ :

ਜਿਨਿ ਕਿਛੁ ਕੀਆ ਸੋਈ ਜਾਣੈ
ਤਾ ਕਾ ਰੂਪੁ ਆਪਾਰੋ

(ਵਡਹੰਸ ਅਲਾਹਣੀਆਂ 2, ਪੰਨਾ 580)

ਜਿਸ ਪ੍ਰਭੂ ਨੇ ਇਹ ਜਗਤ ਰਚਨਾ ਕੀਤੀ ਹੋਈ ਹੈ ਉਹੀ ਇਸ ਦੀਆਂ ਲੋੜਾਂ ਜਾਣਦਾ ਹੈ ਉਸ ਪ੍ਰਭੂ ਦਾ ਸਰੂਪ ਬੇਅੰਤ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਰਿ ਘਰਿ ਕੰਤੁ ਮਹੇਲੀਆ
ਰੂੜੇ ਹੇਤਿ ਪਿਆਰੇ

(ਵਡਹੰਸ ਅਲਾਹਣੀਆ 3, ਪੰਨਾ 581)

ਖਸਮ ਪ੍ਰਭੂ ਤਾਂ ਹਰੇਕ ਜੀਵ-ਇਸਤ੍ਰੀ ਦੇ ਹਿਰਦੇ ਵਿਚ ਵੱਸ ਰਿਹਾ ਹੈ। ਉਸ ਦੀਆਂ ਅਸਲ ਇਸਤ੍ਰੀਆਂ ਉਹੀ ਹਨ ਜੋ ਉਸ ਸੁੰਦਰ ਪ੍ਰਭੂ ਦੇ ਪਿਆਰ ਵਿਚ ਪ੍ਰੇਮ ਵਿਚ ਮਗਨ ਰਹਿੰਦੀਆਂ ਹਨ :

ਰੂੜੌ ਰੂੜੌ ਆਖੀਐ ਭਾਈ
ਰੂੜੌ ਲਾਲ ਚਲੂਲ

(ਸੋਰਠਿ ਅਸ਼ਟ 4, ਪੰਨਾ 637)

ਹੇ ਭਾਈ ਪ੍ਰਮਾਤਮਾ ਸੁੰਦਰ ਸਰੂਪ ਹੈ ਉਸ ਨੂੰ (ਮਾਨੋਂ ਪਿਆਰ ਦਾ) ਗੂੜ੍ਹਾ ਲਾਲ ਰੰਗ ਚੜ੍ਹਿਆ ਰਹਿੰਦਾ ਹੈ :

ੜਾੜੈ, ਰੂੜਾ ਹਰਿ ਜੀਉ ਸੋਈ

(ਰਾਮਕਲੀ ਓਅੰਕਾਰ, 47, ਪੰਨਾ 936)

ਉਹ ਪ੍ਰਭੂ ਹੀ (ਸਭ ਤੋਂ ਵਧੀਕ) ਸੁੰਦਰ ਹੈ :

ਪ੍ਰੀਤਮ ਗੁਣ ਅੰਕੇ, ਸੁਣਿ ਪ੍ਰਭ ਬੰਕੇ
ਤੁਧੁ ਭਾਵਾ ਸਰਿ ਨਾਵਾ

(ਤੁਖਾਰੀ ਛੰਤ ਬਾਰਾਮਾਹਾ, 15, ਪੰਨਾ 1109)

ਹੇ ਸੋਹਣੇ ਪ੍ਰੀਤਮ ਪ੍ਰਭੂ ਜੇ ਤੇਰੇ ਗੁਣ ਮੈਂ ਆਪਣੇ ਹਿਰਦੇ ਵਿਚ ਵਸਾ ਕੇ ਤੇਰੀ ਸਿਫ਼ਤਿ-ਸਾਲਾਹ ਸੁਣ ਕੇ ਤੈਨੂੰ ਚੰਗੀ ਲੱਗਣ ਲੱਗ ਪਵਾਂ, ਤਾਂ ਮੈਂ ਤੀਰਥ ਉਤੇ ਇਸ਼ਨਾਨ ਕਰ ਲਿਆ (ਸਮਝਦੀ ਹਾਂ) ;

ਮੋਹਨਿ ਮੋਹਿ ਲੀਆ ਮਨੁ ਮੋਹਿ

(ਬਸੰਤ ਅਸ਼ਟ 1, ਪੰਨਾ 1187)

ਹੇ ਨਾਨਕ (ਅਰਦਾਸ ਕਰ ਤੇ ਆਖ) ਤੈਂ ਮੋਹਨ ਨੇ (ਆਪਣੇ ਕੌਤਕਾਂ ਨਾਲ) ਮੇਰਾ ਮਨ ਮੋਹ ਲਿਆ ਹੈ :

ਮੋਹਨਿ ਮੋਹਿ ਲੀਆ ਮਨੁ ਮੇਰਾ
ਸਮਝਸਿ ਸਬਦੁ ਬੀਚਾਰੇ

(ਸਾਰੰਗ 1, ਪੰਨਾ 1197)

ਜਦੋਂ ਦਾ ਮੋਹਨ-ਪ੍ਰਭੂ ਨੇ ਮੇਰਾ ਮਨ (ਆਪਣੇ ਪਿਆਰ ਵਿਚ) ਮੋਹ ਲਿਆ ਹੈ ਤਦੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੋਂ ਮੇਰਾ ਮਨ ਗੁਰੂ ਦਾ ਸ਼ਬਦ ਵਿਚਾਰ ਵਿਚਾਰ ਕੇ ਇਹ ਸਮਝ ਰਿਹਾ ਹੈ :

ਜਬ ਕੀ ਰਾਮ ਰੰਗੀਲੈ ਰਾਤੀ
ਰਾਮੁ ਜਪਤ ਮਨੁ ਧੀਰੇ

(ਸਾਰੰਗ 1, ਪੰਨਾ 1197)

ਪਰ ਜਦੋ ਤੋਂ ਮੈਂ ਰੰਗੀਲੇ ਰਾਮ (ਦੇ ਪਿਆਰ) ਵਿਚ ਰੰਗੀ ਗਈ ਹਾਂ, ਮੇਰਾ ਮਨ ਉਸ ਰਾਮ ਨੂੰ ਸਿਮਰ ਸਿਮਤ ਕੇ ਧੀਰਜ ਵਾਲਾ ਹੁੰਦਾ ਜਾ ਰਿਹਾ ਹੈ :

ਮੋਹਨਿ ਮੋਹਿ ਲੀਆ ਮਨ ਮੇਰਾ
ਬਡੈ ਭਾਗ ਲਿਵ ਲਾਗੀ

(ਸਾਰੰਗ ਅਸ਼ਟ 2, ਪੰਨਾ 1233)

ਮੇਰੇ ਚੰਗੇ ਭਾਗਾਂ ਨੂੰ (ਗੁਰੂ ਦੀ ਕਿਰਪਾ ਨਾਲ) ਮੇਰੀ ਲਿਵ (ਪ੍ਰਭੂ ਚਰਨਾਂ ਵਿਚ) ਲੱਗ ਗਈ ਹੈ, ਮਨ ਨੂੰ ਮੋਹ ਲੈਣ ਵਾਲੇ ਪ੍ਰਭੂ ਨੇ ਮੇਰਾ ਮਨ (ਆਪਣੇ ਪ੍ਰੇਮ ਵਿਚ) ਮੋਹ ਲਿਆ ਹੈ :

ਮੇਰਾ ਪ੍ਰਭ ਰਾਂਗਿ ਘਣੌ, ਅਤਿ ਰੂੜੌ
ਦੀਨ ਦਇਆਲੁ ਪ੍ਰੀਤਮ ਮਨਮੋਹਨੁ
ਅਤਿ ਰਸ ਲਾਲ ਸਗੂੜੌ

(ਪ੍ਰਭਾਤੀ 15, ਪੰਨਾ 1331)

ਮੇਰਾ ਪ੍ਰਭੂ ਗੂੜੇ ਪ੍ਰੇਮ-ਰੰਗ ਨਾਲ ਬੜਾ ਮੋਹਣਾ ਹੈ, ਦੀਨਾਂ ਉੱਤੇ ਦਇਆ ਕਰਨ ਵਾਲਾ ਹੈ, ਸਭ ਦਾ ਪਿਆਰਾ ਹੈ, ਸਭ ਦੇ ਮਨ ਨੂੰ ਮੋਹਣ ਵਾਲਾ ਹੈ, ਪ੍ਰੇਮ ਦਾ ਸੋਮਾ ਹੈ ਪ੍ਰੇਮ ਦੇ ਗੂੜ੍ਹੇ ਲਾਲ ਰੰਗ ਵਿਚ ਰੰਗਿਆ ਹੋਇਆ ਹੈ :

ਓੜੁ ਨ ਕਥਨੈ ਸਿਫਿਤਿ ਸਜਾਈ
ਜਿਉ ਤੁਧੁ ਭਾਵਹਿ ਰਹਹਿ ਰਜਾਈ

(ਮਾਰੂ ਸੋਲਹੇ 12, ਪੰਨਾ 1033)

ਹੇ ਪ੍ਰਭੂ ਤੇਰੇ ਭਗਤ ਜਿਵੇਂ ਤੈਨੂੰ ਚੰਗੇ ਲੱਗਦੇ ਹਨ ਤੇਰੀ ਰਜ਼ਾ ਵਿਚ ਰਹਿੰਦੇ ਹਨ, ਉਹ ਤੇਰੀਆਂ ਸੋਹਣੀਆਂ ਸਿਫਤਾਂ ਕਰਦੇ ਰਹਿੰਦੇ ਹਨ ।

ਬਾਬੇ ਨਾਨਕ ਨੂੰ ਪ੍ਰੇਮ ਦੇ ਸਦਕੇ ਅਤੇ ਭਗਤੀ ਮਾਰਗ ਉਤੇ ਚੱਲਣ ਕਰਕੇ ਪਰਮਾਤਮਾ ਸੁੰਦਰ ਲੱਗਦਾ ਹੈ । ਇਹ ਗੁਰੂ ਸਾਹਿਬ ਦਾ ਭਾਵੁਕ ਪ੍ਰਤੀਕਰਮ ਹੈ ਜਿਸ ਕਰਕੇ ਪ੍ਰਭੂ ਸੋਹਣਾ ਹੈ । ਸੁੰਦਰਤਾ ਦਾ ਆਧਾਰ ਹੀ ਸਾਵੇਦ ਪ੍ਰਤੀਉੱਤਰ (affective response) ਹੁੰਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਪ੍ਰਭੂ ਦਾ ਸਥਾਨ ਸੁਹਣਾ ਹੈ

ਗੁਰੂ ਨਾਨਕ ਸਾਹਿਬ ਲਈ ਪਰਮਾਤਮਾ ਨਾਲ ਸੰਬੰਧਿਤ ਸਾਰੀਆਂ ਚੀਜ਼ਾਂ ਸੁਹਣੀਆਂ ਹਨ । ਇਸ ਕਰਕੇ ਪ੍ਰਭੂ ਦਾ ਆਪਣਾ ਸਥਾਨ ਤਾਂ ਅਵੱਸ਼ ਹੀ ਸੁੰਦਰ ਹੈ ।

ਪ੍ਰਭੂ ਹਰਿ ਮੰਦਰੁ ਸੋਹਣਾ
ਤਿਸ ਮਹਿ ਮਾਣਕ ਲਾਲ
ਮੋਤੀ ਹੀਰਾ ਨਿਰਮਲਾ
ਕੰਚਨ ਕੋਟ ਰੀਸਾਲ

(ਸਿਰੀ 9, ਪੰਨਾ 17)

ਹਰੀ ਪਰਮਾਤਮਾ (ਮਾਨੋ) ਇਕ ਸੋਹਣਾ ਮੰਦਰ ਹੈ ਜਿਸ ਵਿਚ ਮਾਣਕ ਲਾਲ ਮੋਤੀ ਤੇ ਚਮਕਦੇ ਹੀਰੇ (ਜਿਸ ਦੇ ਦੁਆਲੇ) ਸੋਨੇ ਦੇ ਸੁੰਦਰ ਕਿਲ੍ਹੇ ਹਨ :

ਪੂਰੋ ਪੂਰੋ ਆਖੀਐ
ਪੂਰੇ ਤਖਤਿ ਨਿਵਾਸ
ਪੂਰੇ ਥਾਨਿ ਸੁਹਾਵਣੈ
ਪੂਰੇ ਆਸ ਨਿਟਾਸ

(ਸਿਰੀ 9, ਪੰਨਾ 17)

ਹਰ ਕੋਈ ਆਖਦਾ ਹੈ ਕਿ ਪਰਮਾਤਮਾ ਵਿਚ ਕੋਈ ਉਕਾਈ ਨਹੀਂ ਹੈ, ਉਸ ਦਾ ਨਿਵਾਸ ਭੀ ਐਸੇ ਤਖ਼ਤ ਉੱਤੇ ਹੈ ਜਿਸ ਵਿਚ ਕੋਈ ਘਾਟ ਨਹੀਂ ਹੈ । ਉਹ ਪੂਰਾ ਪ੍ਰਭੂ ਸੋਹਣੇ ਉਕਾਈ-ਹੀਣ ਥਾਂ ਤੇ ਬੈਠਾ ਹੋਇਆ ਹੈ :

ਹਰਿ ਕਾ ਮੰਦਰੁ ਸੋਹਣਾ
ਕੀਆ ਕਰਣੈ ਹਾਰਿ
ਰਵਿ ਸਸਿ ਦੀਪ ਅਨੂਪ ਜੋਤਿ
ਤ੍ਰਿਭਵਣਿ ਜੋਤਿ ਅਪਾਰ

(ਸਿਰੀ ਅਸ਼ਟ 7, ਪੰਨਾ 57)

ਜਿਸ ਮਨੁੱਖ ਉੱਤੇ ਗੁਰੂ ਤੁਠਦਾ ਹੈ, ਉਸ ਦੇ ਹਿਰਦੇ ਨੂੰ ਸ੍ਰਿਸ਼ਟੀ ਦੇ ਰਚਨਹਾਰ ਕਰਤਾਰ ਨੇ (ਆਪਣੇ ਰਹਿਣ ਲਈ) ਸੋਹਣਾ ਮਹਲ ਬਣਾ ਲਿਆ ਹੈ, ਤਿੰਨਾਂ ਭਵਨਾਂ ਵਿਚ ਵਿਆਪਕ ਬੇਅੰਤ ਪ੍ਰਭੂ ਦੀ ਅਨੂਪ ਜੋਤਿ ਉਸ ਦੇ ਅੰਦਰ ਜਗ ਪੈਂਦੀ ਹੈ, ਉਸ ਦੇ ਅੰਦਰ ਸੂਰਜ ਤੇ ਚੰਦ (ਮਾਨੋ) ਦੀਵੇ ਜਗ ਪੈਂਦੇ ਹਨ (ਭਾਵ, ਉਸ ਦੇ ਅੰਦਰ ਅਗਿਆਨਤਾ ਦਾ ਹਨੇਰਾ ਦੂਰ ਕਰਨ ਵਾਲਾ ਗਿਆਨ ਸੂਰਜ ਅਤੇ ਕਾਮ, ਕ੍ਰੋਧ ਆਦਿਕ ਦੀ ਤਪਸ਼ ਨੂੰ ਬੁਝਾਉਣ ਵਾਲੀ ਸ਼ਾਂਤ ਅਵਿਸਥਾ ਦਾ ਚੰਦ ਚੜ੍ਹ ਪੈਂਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸ ਸ਼ਬਦ ਦੇ ਸ਼ਾਬਦਿਕ ਅਤੇ ਅਲੰਕਾਰਿਕ ਅਰਥ ਹਨ। ਭਾਈ ਸਾਹਿਬ ਸਿੰਘ ਜੀ ਨੇ ਅਲੰਕਾਰਿਕ ਅਰਥ ਦਿੱਤੇ ਹਨ ਅਤੇ ਸ਼ਾਬਦਿਕ ਅਰਥ ਕੁਝ ਇਸ ਤਰ੍ਹਾਂ ਹੋਣਗੇ: ਕਰਨਹਾਰ ਨੇ ਆਪਣਾ ਸੁਹਣਾ ਮੰਦਰ ਬਣਾਇਆ ਹੈ। ਇਸ ਵਿਚ ਰਵਿ (ਸੂਰਜ) ਅਤੇ ਸਸਿ (ਚੰਦਰਮਾ) ਦੀਆਂ ਅਨੂਪ ਜੋਤਾਂ ਹਨ। ਪਰ ਕਰਨ ਹਾਰ ਆਪ ਤ੍ਰਿਭਵਨ ਦੀ ਜੋਤ ਹੈ।

ਪ੍ਰਭੂ ਤ੍ਰਿਭਵਨ ਦੀ ਜੋਤ ਹੈ ਪਰ ਉਹਨੇ ਆਪਣੇ ਮੰਦਰ ਲਈ ਸੂਰਜ ਅਤੇ ਚੰਦ ਦੀਆਂ ਜੋਤਾਂ ਬਣਾਈਆਂ ਹਨ। ਅਰਥਾਤ ਪ੍ਰਭੂ ਦਾ ਪ੍ਰਕਾਸ਼ ਉਹਦੇ ਮਹਿਲ ਵਿਚ ਵੀ ਹੈ ਅਤੇ ਇਸ ਤੋਂ ਬਾਹਰ ਵੀ। ਇੰਞ ਇਹਨਾਂ ਤੁਕਾਂ ਵਿਚ ਅੰਦਰ ਤੋਂ ਸ਼ੁਰੂ ਹੋਈ ਗਤੀ ਤ੍ਰਿਭਵਨ ਵਿਚ ਖ਼ਤਮ ਹੁੰਦੀ ਹੈ। ਸਾਨੂੰ ਪਰਮਾਤਮਾ ਦੀ ਜੋਤ ਦੀ ਦਿਗ (space) ਵਿਚ ਗਤੀ ਪ੍ਰਤੀਤ ਹੁੰਦੀ ਹੈ। ਸਥਾਨ ਵਿਚ ਗਤੀ ਦਾ ਪ੍ਰਭਾਵ ਵਿਰੋਧਵਾਚਕ (paradoxical) ਹੈ। ਇਹ ਵਿਰੋਧਾਰਥ ਸ਼ਾਇਦ ਪਰਮਾਤਮਾ ਦੇ ਰਹੱਸ ਦੀ ਨਿਸ਼ਾਨੀ ਹੈ। ਪ੍ਰਭੂ ਦਾ ਮੰਦਰ ਸੁਹਣਾ ਹੈ ਪਰ ਪ੍ਰਭੂ ਦੀ ਵਿਆਪਕਤਾ ਕਾਰਨ ਬਾਕੀ ਸ੍ਰਿਸ਼ਟੀ ਵੀ ਸੁਹਣੀ ਹੋ ਗਈ ਹੈ। ਸਿਰੀ 9 ਦੇ ਉਪਰੋਕਤ ਹਵਾਲੇ ਵਿਚ ਵੀ ਰਹੱਸ ਦਾ ਅਨੁਭਵ ਹੈ ਹਰੀ ਪਰਮਾਤਮਾ (ਮਾਨੋ) ਇਕ ਸੋਹਣਾ ਮੰਦਰ ਹੈ।

ਪ੍ਰਭੂ ਦੇ ਸਥਾਨ ਦੀ ਸੁੰਦਰਤਾ ਨੂੰ ਸਮਝਣਾ ਕੋਈ ਮੁਸ਼ਕਲ ਗੱਲ ਨਹੀਂ। ਇਸ ਵਿਚ ਸੰਗਤ (association) ਦੀ ਸੁੰਦਰਤਾ ਹੈ। ਇਸੇ ਚੀਜ਼ ਦਾ ਚੌਥੇ ਪਾਤਸ਼ਾਹ ਸ਼ਪੱਸ਼ਟ ਜ਼ਿਕਰ ਕਰਦੇ ਹਨ।

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ

(ਆਸਾ ਮ. 4 ਛੰਤ 19, ਪੰਨਾ 450)

5. ਰੱਬ ਦੇ ਭਗਤ ਸੁਹਣੇ ਹਨ

ਤਿਥੈ ਸੋਹਨਿ ਪੰਚ ਪਰਵਾਣੁ
ਨਦਰੀ ਕਰਮਿ ਪਵੈ ਨੀਸਾਣੁ

(ਜਪੁ 34, ਪੰਨਾ 7)

ਉਸ ਦਰਬਾਰ ਵਿਚ ਸੰਤ ਜਨ ਪਰਤੱਖ ਤੌਰ ਤੇ ਸੋਭਦੇ ਹਨ ਅਤੇ ਮਿਹਰ ਦੀ ਨਜ਼ਰ ਕਰਨ ਵਾਲੇ ਅਕਾਲ-ਪੁਰਖ ਦੀ ਬਖਸ਼ਿਸ਼ ਨਾਲ (ਉਹਨਾਂ ਸੰਤ ਜਨਾਂ ਦੇ ਮੱਥੇ ਉੱਤੇ) ਵਡਿਆਈ ਦੇ ਨਿਸ਼ਾਨ ਚਮਕ ਪੈਂਦਾ ਹੈ।

ਗਾਵਨਿ ਤੁਧ ਨੋ ਈਸਰ ਬ੍ਰਹਮਾ ਦੇਵੀ
ਸੋਹਨਿ ਤੇਰੇ ਸਦਾ ਸਵਾਰੇ

(ਸੋਦਰ 1, ਪੰਨਾ 8)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇ ਪ੍ਰਭੂ ਅਨੇਕਾਂ ਦੇਵੀਆਂ, ਸ਼ਿਵ ਅਤੇ ਬ੍ਰਹਮਾ (ਆਦਿਕ ਦੇਵਤੇ) ਜੋ ਤੇਰੇ ਸਵਾਰੇ ਹੋਏ ਹਨ ਸਦਾ (ਤੇਰੇ ਦਰ ਤੇ) ਸੋਭ ਰਹੇ ਹਨ। ਤੈਨੂੰ ਗਾ ਰਹੇ ਹਨ (ਤੇਰੇ ਗੁਣ ਗਾ ਰਹੇ ਹਨ)।

ਨਾਰਿ ਅੰਦਰਿ ਸੋਹਣੀ
ਮਸਤਕਿ ਮਣੀ ਪਿਆਰੁ
ਸੋਭਾ ਸੁਰਤਿ ਸੁਹਾਵਣੀ
ਸਾਚੈ ਪ੍ਰੇਮਿ ਅਪਾਰ
ਬਿਨੁ ਪਿਰ ਪੁਰਖੁ ਨ ਜਾਣਦੀ
ਸਾਚੇ ਗੁਰ ਕੈ ਹੇਤਿ ਪਿਆਰਿ

(ਸਿਰੀ ਅਸ਼ਟ 2, ਪੰਨਾ 56)

ਜਿਸ ਨੇ ਆਪਣੇ ਮੱਥੇ ਉਤੇ ਪ੍ਰਭੂ ਦੇ ਪਿਆਰ ਦਾ ਜੜਾਊ ਟਿੱਕਾ ਲਾਇਆ ਹੋਇਆ ਹੈ, ਜਿਸ ਨੇ ਸਦਾ ਥਿਰ ਰਹਿਣ ਵਾਲੇ ਬੇਅੰਤ ਪ੍ਰਭੂ ਦੇ ਪ੍ਰੇਮ ਵਿਚ ਆਪਣੀ ਸੁਰਤਿ (ਜੋੜ ਕੇ) ਸੋਹਣੀ ਬਣਾ ਲਈ ਹੈ (ਤੇ, ਇਸ ਨੂੰ ਉਹ ਆਪਣੀ) ਸੋਭਾ (ਸਮਝਦੀ ਹੈ), ਉਹ ਜੀਵ ਇਸਤ੍ਰੀ ਹੋਰ ਜੀਵ ਇਸਤ੍ਰੀਆਂ ਵਿਚ (ਮੰਨੀ ਪ੍ਰਮੰਨੀ) ਸੋਹਣੀ ਹੈ, ਉਹ ਆਪਣੇ ਗੁਰੂ ਦੇ ਸ਼ਬਦ ਦੇ ਪ੍ਰੇਮ ਪਿਆਰ ਵਿਚ ਰਹਿ ਕੇ ਸਦਾ-ਥਿਰ ਸਰਬ-ਵਿਆਪਕ ਪ੍ਰਭੂ ਪਤੀ ਤੋਂ ਬਿਨਾਂ ਹੋਰ ਕਿਸੇ ਨਾਲ ਜਾਣ-ਪਛਾਣ ਨਹੀਂ ਪਾਂਦੀ।

ਪਿਰੁ ਸਾਲਾਹੀ ਆਪਣਾ
ਸਖੀ ਸਹੇਲੀ ਨਾਲਿ
ਤਨਿ ਸੋਹੈ, ਮਨੁ ਮੋਹਿਆ
ਰਤੀ ਰੰਗਿ ਨਿਹਾਲਿ
ਸਬਦਿ ਸਵਾਰੀ ਸੋਹਣੀ
ਪਿਰੁ ਰਾਵੈ ਗੁਣ ਨਾਲਿ

(ਸਿਰੀ ਅਸ਼ਟ 5, ਪੰਨਾ 54)

ਹੇ ਜੀਵ ਇਸਤ੍ਰੀ ਤੂੰ ਸਖੀਆਂ ਸਹੇਲੀਆਂ ਨਾਲ ਮਿਲ ਕੇ (ਭਾਵ, ਸਾਧ ਸੰਗਤਿ ਵਿਚ ਬੈਠ ਕੇ) ਆਪਣੇ ਪਤੀ ਪ੍ਰਭੂ ਦੀ ਸਿਫਤਿ-ਸਾਲਾਹਿ ਕਰ। (ਜਿਹੜੀ ਜੀਵ-ਇਸਤ੍ਰੀ ਸਿਫਤਿ-ਸਾਲਾਹਿ ਕਰਦੀ ਹੈ, ਉਸ ਦੇ) ਹਿਰਦੇ ਵਿਚ ਪ੍ਰਭੂ ਪ੍ਰਗਟ ਹੋ ਜਾਂਦਾ ਹੈ, ਉਸ ਦਾ ਮਨ (ਪ੍ਰਭੂ ਦੇ ਪ੍ਰੇਮ ਵਿਚ) ਮੋਹਿਆ ਜਾਂਦਾ ਹੈ, ਉਹ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗੀ ਹੋਈ ਉਸ ਦਾ ਦਰਸ਼ਨ ਕਰਦੀ ਹੈ। ਗੁਰੂ ਦੇ ਸ਼ਬਦ (ਦੀ ਬਰਕਤਿ) ਨਾਲ ਉਸ ਦਾ ਜੀਵਨ ਸੰਵਰ ਜਾਂਦਾ ਹੈ, ਗੁਣਾਂ ਨਾਲ ਉਹ ਸੋਹਣੀ ਬਣ ਜਾਂਦੀ ਹੈ, ਤੇ ਪਤੀ ਪ੍ਰਭੂ ਉਸ ਨੂੰ ਪਿਆਰ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਪਰੋਕਿਤ ਹਵਾਲਿਆਂ ਤੋਂ ਇਕ ਦੋ ਹੋਰ ਗੱਲਾਂ ਵੀ ਸਪੱਸ਼ਟ ਹੁੰਦੀਆਂ ਹਨ। ਪ੍ਰਭੂ ਦੇ ਪਿਆਰਿਆਂ ਦੀ ਸੁੰਦਰਤਾ ਕਿਸੇ ਵਿਸ਼ੇਸ਼ ਅਨੁਪਾਤ ਜਾਂ ਰੂਪਕ ਪੱਖ ਦੀ ਨਹੀਂ ਹੈ। ਨਾ ਹੀ ਉਹਨਾਂ ਦੀ ਸੁੰਦਰਤਾ ਕਿਸੇ ਪਦਾਰਥਿਕ ਤੱਤ ਕਾਰਨ ਹੈ ਜਿਸ ਦੀ ਹੋਂਦ ਕਾਰਨ ਉਹ ਸੁੰਦਰ ਬਣ ਗਏ ਹਨ। ਉਹ ਤਾਂ ਕੇਵਲ ਪ੍ਰਭੂ-ਪਿਆਰ ਸਦਕੇ ਹੀ ਸੁਹਣੇ ਹਨ।

ਇੰਵ ਮਨੁੱਖ ਵਿਚ ਪ੍ਰਭੂ-ਪਿਆਰ ਰਾਹੀਂ ਸੁੰਦਰ ਸਰੂਪ ਹੋਣ ਦੀ ਸੰਭਾਵਨਾ ਹੈ। ਇਹ ਮਨੁੱਖੀ ਸੰਭਾਵਨਾ ਖ਼ਤਮ ਨਹੀਂ ਹੁੰਦੀ। ਪਰ ਜੇ ਕੋਈ ਆਦਮੀ ਆਪਣੀਆਂ ਸੰਭਾਵਨਾਵਾਂ ਦਾ ਹੀ ਵੈਰੀ ਹੋ ਜਾਏ ਤਾਂ ਉਹ ਕਸੁਹਣਾ ਹੋ ਜਾਂਦਾ ਹੈ। ਜਿਵੇਂ ਭਗਤਾਂ ਦੀ ਸੁਹਜ ਉਹਨਾਂ ਦੇ ਪ੍ਰਭੂ-ਪ੍ਰੇਮ ਦਾ ਸਿੱਟਾ ਹੈ, ਇੰਵ ਆਪਣੇ ਆਪੇ ਦੇ ਵੈਰੀ ਦਾ ਕੁਹਜ ਵੀ ਉਹਦੀ ਜ਼ਿੰਦਗੀ ਦੀ ਉਪਜ ਹੈ।

ਪਿਰ ਕੀ ਨਾਰਿ ਸੁਹਾਵਣੀ
ਮੁਤੀ ਸੋ ਕਿਤੁ ਸਾਦਿ
ਪਿਰ ਕੈ ਕਾਮਿ ਨ ਆਵਈ
ਬੋਲੇ ਫਾਦਿਲੁ ਬਾਦਿ
ਦਰਿ ਘਰਿ ਢੋਈ ਨ ਲਹੈ
ਛੂਟੀ ਦੂਜੈ ਸਾਦਿ

(ਸਿਰੀ ਅਸ਼ਟ 5, ਪੰਨਾ 56)

ਪਰ ਉਹ ਪਤੀ-ਪ੍ਰਭੂ ਦੀ ਸੋਹਣੀ ਨਾਰ ਸੀ, ਉਹ ਕਿਸ ਸੁਆਦ ਵਿਚ (ਫਸਣ ਕਰਕੇ) ਛੁੱਟੜ ਹੋ ਗਈ ? ਉਹ ਕਿਉਂ ਵਿਅਰਥ ਫਜ਼ੂਲ ਬੋਲ ਬੋਲਦੀ ਹੈ ਜੋ ਪਤੀ-ਪ੍ਰਭੂ ਨਾਲ ਮਿਲਾਪ ਵਾਸਤੇ ਕੰਮ ਨਹੀਂ ਦੇ ਸਕਦਾ ?

ਉਹ ਜੀਵ-ਇਸਤ੍ਰੀ (ਪ੍ਰਭੂ ਨੂੰ ਭੁਲਾ ਕੇ) ਮਾਇਆ ਦੇ ਸੁਆਦ ਵਿਚ (ਫਸਣ ਕਰਕੇ) ਛੁੱਟੜ ਹੈ, (ਤਾਹੀਏਂ ਉਸ ਨੂੰ) ਪ੍ਰਭੂ ਦੇ ਦਰ ਤੋਂ ਪ੍ਰਭੂ ਦੇ ਮਹਲ ਵਿਚ (ਟਿਕਣ ਲਈ) ਆਸਰਾ ਨਹੀਂ ਮਿਲਦਾ (ਮਾਇਆ ਦਾ ਮੋਹ ਉਸ ਨੂੰ ਭਟਕਣਾ ਵਿਚ ਪਾਈ ਰੱਖਦਾ ਹੈ) :

ਮਨਹੁ ਜਿ ਅੰਧੇ ਘੂਪ ਕਹਿਆ
ਬਿਰਦ ਨ ਜਾਣਨੀ
ਮਨਿ ਅੰਧੈ ਊਧੈ ਕਵਲਿ
ਦਿਸਨਿ ਖਰੇ ਕਰੂਪ
ਇਕ ਕਹਿ ਜਾਣਨਿ ਕਹਿਆ ਬੁਝਨੀ
ਤੇ ਨਰ ਸੁਘੜ ਸਰੂਪ

(ਸਲੋਕ ਵਾਰਾਂ ਤੇ ਵਧੀਕ 15, ਪੰਨਾ 1411)

ਹੇ ਭਾਈ ਜਿਹੜੇ ਮਨੁੱਖ ਮਨੋਂ ਘੁਪ ਅੰਨ੍ਹੇ ਹਨ (ਪੂਜ ਕੇ ਮੂਰਖ ਹਨ) ਉਹ ਦੱਸਿਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੀ (ਇਨਸਾਨੀ) ਫਰਜ਼ ਨਹੀਂ ਜਾਣਦੇ। ਮਨ ਅੰਨ੍ਹਾ ਹੋਣ ਕਰਕੇ, ਹਿਰਦਾ ਕੰਵਲ (ਧਰਮ ਵੱਲੋਂ) ਉਲਟਿਆ ਹੋਇਆ ਹੋਣ ਦੇ ਕਾਰਨ ਉਹ ਬੰਦੇ ਬਹੁਤ ਕੋਝੇ (ਕੋਝੇ ਜੀਵਨ ਵਾਲੇ) ਲੱਗਦੇ ਹਨ। ਕਈ ਮਨੁੱਖ ਐਸੇ ਹੁੰਦੇ ਹਨ ਜੋ (ਆਪ) ਗੱਲ ਕਰਨੀ ਭੀ ਜਾਣਦੇ ਹਨ, ਤੇ ਕਿਸੇ ਦੀ ਆਖੀ ਸਮਝਦੇ ਭੀ ਹਨ, ਉਹ ਮਨੁੱਖ ਸੁਚੱਜੇ ਤੇ ਸੋਹਣੇ ਜਾਪਦੇ ਹਨ।

ਮੇਰੀ ਤੁੱਛ ਬੁੱਧੀ ਅਨੁਸਾਰ ਇਹਨਾ ਤੁਕਾਂ ਦਾ ਮਤਲਬ ਕੁਝ ਇੰਝ ਹੋਣਾ ਚਾਹੀਦਾ ਹੈ : ਜਿਹਨਾਂ ਮਨੁੱਖਾਂ ਦੇ ਦਿਲਾਂ ਵਿਚ ਪ੍ਰਭੂ-ਪ੍ਰੇਮ ਦਾ ਪ੍ਰਕਾਸ਼ ਨਹੀਂ ਹੈ ਉਹਨਾਂ ਦੇ ਦਿਲ ਸਿੱਧੇ ਖਿੜੇ ਫੁੱਲਾਂ ਵਾਗੂੰ ਨਹੀਂ ਹੁੰਦੇ ਸਗੋਂ ਉਲਟੇ ਕੌਲ ਫੁੱਲ ਵਾਂਗੂੰ ਹੋ ਜਾਂਦੇ ਹਨ। ਉਹ ਨਾ ਤਾਂ ਗੁਰੂ ਸ਼ਬਦ ਦੇ ਭੇਤ ਨੂੰ ਜਾਣਦੇ ਹਨ ਅਤੇ ਨਾ ਹੀ ਦੱਸਣ ਉੱਤੇ ਇਹਦੇ ਰਹੱਸ ਨੂੰ ਸਮਝਦੇ ਹਨ। ਅਜਿਹੇ ਕਸੂਹਣੇ ਬੰਦੇ ਰਹੱਸ ਨੂੰ ਸਮਝਦੇ ਨਹੀਂ। ਅਜਿਹੇ ਬੰਦੇ ਬਹੁਤ ਕਸੂਹਣੇ ਹੋ ਜਾਦੇ ਹਨ। ਉਹ ਮੂਲ-ਰੂਪ ਵਿਚ ਕਸੂਹਣੇ ਨਹੀਂ ਸਨ। ਮਨੁੱਖ ਪ੍ਰਭੂ ਦੀ ਲਗਨ ਨੂੰ ਭੁੱਲ ਕੇ ਆਪਣੇ ਆਪ ਨੂੰ ਕੁਹਜਾ ਬਣਾ ਲੈਂਦਾ ਹੈ। ਮਨੁੱਖ ਦਾ ਸੁਹਜ ਅਤੇ ਸੁੰਦਰਤਾ ਇਕ ਤਰੀਕੇ ਨਾਲ ਉਹਦੇ ਇਖ਼ਤਿਆਰ ਦੀ ਗੱਲ ਹੈ। ਕਿਸੇ ਦੀ ਸੁੰਦਰਤਾ ਉਹਦੇ ਆਪਣੇ ਜੀਵਨ ਦਾ ਸਿੱਟਾ ਹੈ :

ਸਾਧਨ ਖਰੀ ਸੁਹਾਵਣੀ
ਜਿਨਿ ਪਿਰੁ ਜਾਤਾ ਸੰਗਿ

(ਸਿਰੀ ਅਸ਼ਟ 6, ਪੰਨਾ 57)

(ਗੁਰੂ ਦੀ ਸ਼ਰਨ ਪੈ ਕੇ) ਜਿਸ ਜੀਵ ਇਸਤ੍ਰੀ ਨੇ ਪਤੀ-ਪ੍ਰਭੂ ਨੂੰ ਆਪਣੇ ਅੰਗ ਸੰਗ ਸਮਝਿਆ ਹੈ, ਉਹ ਜੀਵ-ਇਸਤ੍ਰੀ ਸਚਮੁੱਚ ਸੋਹਣੀ (ਸੋਹਣੇ ਜੀਵਨ ਵਾਲੀ) ਹੋ ਜਾਂਦੀ ਹੈ :

ਨਾਨਕ ਨਿਰਮਲ ਉਜ਼ਲੇ
ਜੋ ਰਾਤੇ ਹਰਿ ਨਾਇ

(ਸਿਰੀ, ਅਸ਼ਟ 7, ਪੰਨਾ 57)

ਹੇ ਨਾਨਕ ਜੇਹੜੇ ਮਨੁੱਖ ਪ੍ਰਭੂ ਦੇ ਨਾਮ-ਰੰਗ ਵਿਚ ਰੰਗੇ ਜਾਂਦੇ ਹਨ, ਉਹਨਾਂ ਦੇ ਜੀਵਨ ਪਵਿੱਤ੍ਰ ਤੇ ਰੋਸ਼ਨ ਹੋ ਜਾਂਦੇ ਹਨ :

ਕੀਰਤਿ ਸੂਰਤਿ ਮੁਕਤਿ ਇਕ ਨਾਈ

(ਗਉੜੀ ਅਸ਼ਟ 2, ਪੰਨਾ 221)

ਜਿਸ ਹਿਰਦੇ ਵਿਚ ਪਰਮਾਤਮਾ ਦੀ ਸਿਫਤਿ-ਸਾਲਾਹ ਹੈ, ਉੱਥੇ ਸੋਭਾ ਹੈ, ਉੱਥੇ ਸੁੰਦਰਤਾ ਹੈ :

ਗੁਣਮੁਖਿ ਨਾਮੁ ਜਪੈ ਮਨੁ ਰੂੜਾ

(ਆਸ਼ਾ ਅਸ਼ਟ 8, ਪੰਨਾ 415)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੇਹੜਾ ਮਨੁੱਖ ਗੁਰੂ ਦੇ ਸਨਮੁਖ ਹੋ ਕੇ ਪ੍ਰਭੂ ਦਾ ਨਾਮ ਜਪਦਾ ਹੈ ਉਸ ਦਾ ਮਨ ਸੁੰਦਰ (ਘਾੜਤ ਵਾਲਾ ਬਣ ਜਾਂਦਾ ਹੈ)।

ਉਪਰੋਕਤ ਨਾਲ ਇਹ ਗੱਲ ਚਲਦੀ ਰਹਿੰਦੀ ਹੈ ਕਿ ਪਰਮਾਤਮਾ ਨੂੰ ਭੁੱਲਣ ਵਾਲਾ ਬੰਦਾ ਆਪਣਾ ਮੂੰਹ ਆਪ ਹੀ ਕਾਲਾ ਕਰ ਲੈਂਦਾ ਹੈ :

ਭੈ ਭਉ ਘੜੀਐ ਸਬਦਿ ਸਵਾਰਿ
ਭੈ ਬਿਨੁ ਘਾੜਤ ਕਚ ਨਿਕਚ

(ਗਉੜੀ ਗੁਆਰੇਰੀ, ਪੰਨਾ 151)

ਗੁਰੂ ਦੇ ਸ਼ਬਦ ਦੀ ਰਾਹੀਂ (ਆਤਮਕ ਜੀਵਨ ਨੂੰ) ਸੋਹਣਾ ਬਣਾ ਕੇ ਜਿਉਂ ਜਿਉਂ ਇਸ ਯਕੀਨ ਵਿਚ ਜੀਵੀਏ ਕਿ ਪ੍ਰਭੂ ਸਾਡੇ ਅੰਦਰ ਹੈ ਤੇ ਸਭ ਦੇ ਅੰਦਰ ਮੌਜੂਦ ਹੈ ਇਹ ਤਾਂਘ ਵਧੀਕ ਤੇਜ਼ ਹੁੰਦੀ ਜਾਂਦੀ ਹੈ। ਪ੍ਰਭੂ ਦਾ ਡਰ-ਅਦਬ ਰੱਖਣ ਤੋਂ ਬਿਨਾਂ (ਸਾਡੀ ਜੀਵਨ ਉਸਾਰੀ) ਸਾਡੇ ਮਨ ਦੀ ਘਾੜਤ ਹੋਛੀ ਹੋ ਜਾਂਦੀ ਹੈ, ਬਿਲਕੁਲ ਹੋਛੀ ਹੋ ਜਾਂਦੀ ਹੈ :

ਭਗਤੀ ਭਾਇ ਵਿਹੂਣਿਆ
ਮੁਹੁ ਕਾਲਾ ਪਤਿ ਖੋਇ

(ਸਿਰੀ ਅਸ਼ਟ 7, ਪੰਨਾ 57)

ਪਰਮਾਤਮਾ ਦੀ ਭਗਤੀ ਅਤੇ ਪਿਆਰ ਤੋਂ ਵਾਂਝੇ ਬੰਦਿਆਂ ਦਾ ਮੂੰਹ (ਉਸ ਦੀ ਹਜ਼ੂਰੀ ਵਿਚ) ਕਾਲਾ ਦਿਸਦਾ ਹੈ, ਉਹ ਆਪਣੀ ਇੱਜ਼ਤ ਗਵਾ ਕੇ (ਜਾਂਦੇ ਹਨ)।

ਅਜਿਹੇ ਕਲਮੂੰਹੇ ਬੰਦਿਆਂ ਦਾ ਮੂੰਹ ਪਰਮਾਤਮਾ ਦੀ ਹਜ਼ੂਰੀ ਵਿਚ ਹੀ ਕਾਲਾ ਨਹੀਂ ਸਗੋਂ ਉਹ ਏਸ ਜਗਤ ਵਿਚ ਵੀ ਕਲਮੂੰਹੇ ਵਿਖਾਈ ਦਿੰਦੇ ਹਨ। ਇਹ ਸਾਰੇ ਦਾ ਸਾਰਾ ਜਗਤ ਪਰਮਾਤਮਾ ਦੀ ਹਜ਼ੂਰੀ ਵਿਚ ਖਲੋਤਾ ਕਿਹਾ ਜਾ ਸਕਦਾ ਹੈ। ਉਹ ਭਗਤੀ-ਭਾਵ ਤੋਂ ਵਾਂਝੇ ਹੋਣ ਕਰਕੇ ਕਲਮੂੰਹੇ ਹਨ। ਐਨ ਇਹੀ ਗੱਲ ਗਉੜੀ ਅਸ਼ਟਪਦੀ ਵਿਚ ਆਉਂਦੀ ਹੈ।

ਮਨਮੁੱਖ ਕੁਚੀਲ ਕੁਛਤਿ ਬਿਕਰਾਲਾ

(ਗਉੜੀ ਅਸ਼ਟ 4, ਪੰਨਾ 222)

ਮਨ ਦੇ ਮੁਰੀਦ ਮਨੁੱਖ ਦਾ ਜੀਵਨ ਗੰਦਾ, ਭੈੜਾ ਤੇ ਡਰਾਉਣਾ ਬਣ ਜਾਂਦਾ ਹੈ। ਅਤੇ ਇਸ ਦੇ ਉਲਟ :

ਨਾਮ ਲੈਨਿ ਸਿ ਸੋਹਹਿ, ਤਿੰਨ ਸੁਖ ਫਲ ਹੋਵਹਿ
ਮਾਨਹਿ ਸੇ ਜਿਣਿ ਜਾਹਿ ਜੀਉ

(ਆਸਾ ਛੰਤ 4, ਪੰਨਾ 438)

ਜੇਹੜੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ ਉਹ ਲੋਕ ਪਰਲੋਕ ਵਿਚ ਸੋਭਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਂਦੇ ਹਨ, ਉਹਨਾਂ ਨੂੰ ਆਤਮਕ ਆਨੰਦ-ਰੂਪ ਫਲ ਮਿਲਦਾ ਹੈ, (ਹਰ ਥਾਂ) ਆਦਰ ਪਾਂਦੇ ਨਹ, ਉਹ (ਮਨੁੱਖ-ਜਨਮ ਦੀ ਬਾਜ਼ੀ) ਜਿੱਤ ਕੇ (ਇਥੋਂ) ਜਾਂਦੇ ਹਨ :

ਭਗਤ ਤੇਰੇ ਮਨ ਭਾਵਦੇ
ਦਰਿ ਸੋਹਨਿ ਕੀਰਤਿ ਗਾਵਦੇ

(ਆਸਾ ਦੀ ਵਾਰ, ਪੰਨਾ 468)

ਹੇ ਪ੍ਰਭੂ ਤੈਨੂੰ ਆਪਣੇ ਮਨ ਵਿਚ ਭਗਤ ਪਿਆਰੇ ਲੱਗਦੇ ਹਨ ਜੋ ਤੇਰੀ ਸਿਫਤ ਸਾਲਾਹ ਕਰ ਰਹੇ ਹਨ ਤੇ ਤੇਰੇ ਦਰ ਉੱਤੇ ਸੋਭ ਰਹੇ ਹਨ :

ਹਰਿ ਭਗਤਿ ਸੁਹਾਵੀ, ਸਾਚੇ ਭਾਵੀ
ਭਾਇ ਭਗਤਿ ਪ੍ਰਭ ਰਾਤੀ

(ਧਨਾਸਰੀ ਛੰਤ 3, ਪੰਨਾ 689)

ਜੇਹੜੀ ਜੀਵ-ਇਸਤ੍ਰੀ ਪ੍ਰਭੂ ਦੀ ਭਗਤੀ ਨਾਲ ਆਪਣਾ ਜੀਵਨ ਸੋਹਣਾ ਬਣਾ ਲੈਂਦੀ ਹੈ ਉਹ ਸਦਾ ਥਿਰ ਪ੍ਰਭੂ ਨੂੰ ਪਿਆਰੀ ਲੱਗਦੀ ਹੈ :

ਮੇਰੇ ਪ੍ਰਭ ਭਾਵਨਿ ਸੇ ਊਜਲੇ
ਸਭ ਮੈਲ ਭਰੀਜੈ
ਮੈਲਾ ਊਜਲ ਤਾ ਥੀਐ
ਪਾਰਸ ਸੰਗ ਭੀਜੈ
ਵੰਨੀ ਸਚੇ ਲਾਲ ਕੀ
ਕਿਨਿ ਕੀਮਤਿ ਕੀਜੈ

(ਮਾਰੂ ਅਸ਼ਟ 6, ਪੰਨਾ 1012)

ਸਾਰੀ ਲੋਕਾਈ (ਮਾਇਆ ਦੇ ਮੋਹ ਦੀ) ਮੈਲ ਨਾਲ ਭਰੀ ਹੋਈ ਹੈ, ਸਿਰਫ ਉਹ ਬੰਦੇ ਸਾਫ ਸੁਥਰੇ ਹਨ ਜਿਹੜੇ ਪਰਮਾਤਮਾ ਨੂੰ ਪਿਆਰੇ ਲੱਗਦੇ ਹਨ। (ਮਾਇਆ ਦੇ ਮੋਹ ਨਾਲ) ਮਲੀਨ-ਮਨ ਹੋਇਆ ਬੰਦਾ ਤਦੋਂ ਹੀ ਪਵਿੱਤ੍ਰ ਹੋ ਸਕਦਾ ਹੈ ਜਦੋਂ ਉਹ ਗੁਰੂ-ਪਾਰਸ ਦੀ ਸੰਗਤਿ ਵਿਚ ਰਹਿ ਕੇ (ਪਰਮਾਤਮਾ ਦੇ ਨਾਮ-ਅੰਮ੍ਰਿਤ ਨਾਲ) ਭਿੱਜਦਾ ਸਦਾ-ਥਿਰ ਪ੍ਰਭੂ-ਲਾਲ ਦਾ ਨਾਮ-ਰੰਗ ਉਸ ਨੂੰ ਐਸਾ ਚੜ੍ਹਦਾ ਹੈ ਕਿ ਕਿਸੇ ਪਾਸੋਂ ਉਸ ਦਾ ਮੁੱਲ ਨਹੀਂ ਪੈ ਸਕਦਾ :

ਸੋਹਨਿ ਭਗਤ ਪ੍ਰਭੂ ਦਰਬਾਰੇ

(ਮਾਰੂ ਸੋਹਲੇ 14, ਪੰਨਾ 1034)

ਹੇ ਪ੍ਰਭੂ ਤੇਰੇ ਭਗਤ ਤੇਰੇ ਦਰਬਾਰ ਵਿਚ ਸੋਹਣੇ ਲੱਗਦੇ ਹਨ :

ਨਉਤਨ ਪ੍ਰੀਤਿ ਸਦਾ ਠਾਕੁਰ ਸਿਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨਦਿਨੁ ਭਗਤਿ ਸੁਭਾਵੀ

(ਮਲਾਰ 4, ਪੰਨਾ 1255)

ਉਹ ਸਦਾ ਪਰਮਾਤਮਾ ਦੀ ਭਗਤੀ ਕਰਦੇ ਤੇ ਸੋਭਾ ਖੱਟਦੇ ਹਨ, ਪ੍ਰਭੂ ਨਾਲ ਸਦਾ ਉਹਨਾਂ ਦੀ ਨਵੀਂ ਪ੍ਰੀਤ ਬਣੀ ਰਹਿੰਦੀ ਹੈ।

ਉਪਰੋਕਤ ਤੋਂ ਜ਼ਾਹਿਰ ਹੁੰਦਾ ਕਿ ਭਗਤਾਂ ਦੀ ਸੁੰਦਰਤਾ ਦੇ ਕਈ ਅੰਸ਼ ਹਨ। ਉਹ ਇਸ ਕਰਕੇ ਸੁਹਣੇ ਹਨ ਕਿਉਂਕਿ ਉਹਨਾਂ ਦਾ ਪ੍ਰਭੂ ਨਾਲ ਪ੍ਰੇਮ ਹੈ, ਉਹ ਨਾਮ ਸਿਮਰਦੇ ਹਨ, ਉਹ ਪਰਮਾਤਮਾ ਨਾਲ ਭਿੱਜ ਗਏ ਹਨ, ਉਹਨਾਂ ਉਤੇ ਮਾਇਆ ਦੀ ਮੈਲ ਨਹੀਂ ਚੜ੍ਹਦੀ, ਉਹ ਰੱਬ ਦੀ ਰਜ਼ਾ ਵਿਚ ਰਹਿੰਦੇ ਹਨ। ਉਹਨਾਂ ਦੀ ਆਤਮਾ ਇੰਝ ਕਰਮਸ਼ੀਲ ਹੈ, ਜਾਂ ਉਹਨਾਂ ਦੇ ਵਿਅਕਤਿਤਵ ਦੀ ਕਾਰਜਤਾ (functionality) ਅਜਿਹੀ ਹੈ ਕਿ ਉਹ ਸੁੱਘੜ ਅਤੇ ਸਰੂਪ ਵਿਖਾਈ ਦਿੰਦੇ ਹਨ।

ਸੁੰਦਰਤਾ ਕੋਈ ਇਕ ਭਾਂਤ ਦੀ ਨਹੀਂ। ਇਹਦੀ ਆਪਣੀ ਵੰਨਗੀ ਹੈ। ਦਰਅਸਲ ਬਾਬੇ ਨਾਨਕ ਲਈ ਗੁਣ, ਪ੍ਰਣਾਮ, ਕਾਰਜਤਾ ਆਦਿ ਤੋਂ ਪੈਦਾ ਹੋਈ ਸੁੰਦਰਤਾ ਪ੍ਰਭੂ-ਪ੍ਰੇਮ ਦੇ ਵੱਖੋ ਵੱਖਰੇ ਪੱਖਾਂ ਦੀ ਸੁੰਦਰਤਾ ਹੈ। ਪ੍ਰਭੂ-ਪ੍ਰੇਮ ਕਲਿਆਣ ਦਾ ਮਾਰਗ ਹੈ। ਇਸ ਲਈ ਇਹਨਾਂ ਸੁੰਦਰਤਾਵਾਂ ਨੂੰ ਮਨੁੱਖੀ ਕਲਿਆਨ ਦੇ ਵੱਖੋ ਵੱਖਰੇ ਪੜਾਵਾਂ ਦੀ ਸੁੰਦਰਤਾ ਵੀ ਕਿਹਾ ਜਾ ਸਕਦਾ ਹੈ। ਇਹ ਗੱਲ ਹੇਠਲੇ ਸ਼ਬਦ ਤੋਂ ਸਪੱਸ਼ਟ ਹੋ ਜਾਂਦੀ ਹੈ :

ਲਬੁ ਕੁਤਾ ਕੂੜੁ ਚੂਹੜਾ
ਠਗਿ ਖਾਧਾ ਮੁਰਦਾਰੁ
ਪਰਨਿੰਦਾ ਪਰਮਲੁ ਮੁਖਿ ਸੁਧੀ
ਅਗਨਿ ਕ੍ਰੋਧੁ ਚੰਡਾਲੁ
ਰਸ ਕਸ ਆਪੁ ਸਲਾਹਣਾ
ਏ ਕਰਮ ਮੇਰੇ ਕਰਤਾਰ ।1।
ਬਾਬਾ ਬੋਲੀਐ ਪਤਿ ਹੋਇ
ਊਤਮ ਸੇ ਦਰਿ ਊਤਮ ਕਹੀਅਹਿ
ਨੀਚ ਕਰਮ ਬਹਿ ਰੋਇ ।1। ਰਹਾਉ ।
ਰਸੁ ਸੁਇਨਾ, ਰਸੁ ਰੁਪਾ ਕਾਮਣਿ
ਰਸੁ ਪਰਮਲ ਕੀ ਵਾਸੁ
ਰਸੁ ਘੋੜੇ ਰਸੁ ਸੇਜਾ ਮੰਦਰ
ਰਸੁ ਮੀਠਾ ਰਸੁ ਮਾਸੁ
ਏਤੇ ਰਸ ਸਰੀਰ ਕੇ
ਕੈ ਘਟਿ ਨਾਮ ਨਿਵਾਸੁ ।2।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਤ ਬੋਲਿਐ ਪਤਿ ਪਾਈਐ
ਸੋ ਬੋਲਿਆ ਪਰਵਾਣੁ
ਫਿਕਾ ਬੋਲਿ ਵਿਗੁਚਣਾ
ਸੁਣਿ ਮੂਰਖ ਮਨ ਅਜਾਣ
ਜੋ ਤਿਸੁ ਭਾਵਹਿ ਸੇ ਭਲੇ
ਹੋਰਿ ਕਿ ਕਹਣ ਵਖਾਣ । 3 ।
ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ
ਜਿਨ ਹਿਰਦੈ ਰਹਿਆ ਸਮਾਇ
ਤਿਨ ਕਾ ਕਿਆ ਸਾਲਾਹਣਾ
ਅਵਰ ਸੁਆਲਿਹੁ ਕਾਇ
ਨਾਨਕ ਨਦਰੀ ਬਾਹਰੇ
ਰਾਚਹਿ ਦਾਨਿ ਨ ਨਾਇ । 4 ।

(ਸਿਰੀ 4, ਪੰਨਾ 15)

ਹੇ ਮੇਰੇ ਕਰਤਾਰ ਮੇਰੀਆਂ ਤਾਂ ਇਹ ਕਰਤੂਤਾਂ ਹਨ—

ਖਾਣ ਦਾ ਲਾਲਚ (ਮੇਰੇ ਅੰਦਰ) ਕੁੱਤਾ ਹੈ (ਜੋ ਹਰ ਵੇਲੇ ਖਾਣ ਨੂੰ ਮੰਗਦਾ ਹੈ ਭੌਂਕਦਾ ਹੈ), ਝੂਠ (ਬੋਲਣ ਦੀ ਵਾਦੀ ਮੇਰੇ ਅੰਦਰ) ਚੂਹੜਾ ਹੈ (ਜਿਸ ਨੇ ਮੈਨੂੰ ਬਹੁਤ ਨੀਵਾਂ ਕਰ ਦਿੱਤਾ ਹੈ) ਦੂਜਿਆਂ ਨੂੰ ਠੱਗ ਕੇ ਖਾਣਾ (ਮੇਰੇ ਅੰਦਰ) ਮੁਰਦਾਰ ਹੈ (ਜੋ ਸੁਆਰਥ ਦੀ ਬਦਬੂ ਵਧਾ ਰਿਹਾ ਹੈ) ਪਰਾਈ ਨਿੰਦਿਆ ਮੇਰੇ ਮੂੰਹ ਵਿਚ ਸਮੂਲਚੀ ਪਰਾਈ ਮੈਲ ਹੈ, ਕ੍ਰੋਧ-ਅੱਗ (ਮੇਰੇ ਅੰਦਰ) ਚੰਡਾਲ (ਬਣੀ ਪਈ ਹੈ) ਮੈਨੂੰ ਕਈ ਚਸਕੇ ਹਨ, ਮੈਂ ਆਪਣੇ ਆਪ ਨੂੰ ਵਡਿਆਉਂਦਾ ਹਾਂ । 1 ।

ਹੇ ਭਾਈ ਉਹ ਬੋਲ ਬੋਲਣਾ ਚਾਹੀਦਾ ਹੈ, (ਜਿਸ ਨਾਲ ਪ੍ਰਭੂ ਦੀ ਹਜ਼ੂਰੀ ਵਿਚ) ਇੱਜ਼ਤ ਮਿਲੇ । ਉਹ ਮਨੁੱਖ (ਅਸਲ ਵਿਚ) ਚੰਗੇ ਹਨ, ਜੋ ਪ੍ਰਭੂ ਦੀ ਹਜ਼ੂਰੀ ਵਿਚ ਚੰਗੇ ਆਖੇ ਜਾਂਦੇ ਹਨ, ਮੰਦ-ਕਰਮੀ ਬੰਦੇ ਬੈਠੇ ਝੂਰਦੇ ਹੀ ਹਨ । 1 । ਰਹਾਉ ।

ਸੋਨਾ ਚਾਂਦੀ (ਇਕੱਠਾ ਕਰਨ) ਦਾ ਚਸਕਾ, ਇਸਤ੍ਰੀ (ਭਾਵ, ਕਾਮ) ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜਿਆਂ (ਦੀ ਸਵਾਰੀ) ਦਾ ਸ਼ੌਕ (ਨਰਮ ਨਰਮ) ਸੇਜਾਂ ਤੇ (ਸੋਹਣੇ) ਮਹਲ-ਮਾੜੀਆਂ ਦੀ ਲਾਲਸਾ, (ਸੁਆਦਲੇ) ਮਿੱਠੇ ਪਦਾਰਥ ਤੇ ਮਾਸ (ਖਾਣ) ਦਾ ਚਸਕਾ । ਜੇ ਮਨੁੱਖੀ ਸਰੀਰ ਨੂੰ ਇਤਨੇ ਚਸਕੇ ਲੱਗੇ ਹੋਏ ਹੋਣ, ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਕਿਸ ਹਿਰਦੇ ਵਿਚ ਹੋ ਸਕਦਾ ਹੈ । 2 ।

ਉਹ ਬੋਲ ਬੋਲਿਆ ਹੋਇਆ ਸੁਚੱਜਾ ਹੈ ਜਿਸ ਦੇ ਬੋਲਣ ਨਾਲ (ਪ੍ਰਭੂ ਦੀ ਹਜ਼ੂਰੀ ਵਿਚ) ਆਦਰ ਮਿਲਦਾ ਹੈ । ਹੇ ਮੂਰਖ ਅੰਞਾਣ ਮਨ ਸੁਣ, ਫਿੱਕਾ (ਨਾਮ ਰਸ ਤੋਂ ਸੱਖਣਾ) ਬੋਲ ਬੋਲਿਆਂ ਖੁਆਰ ਹੋਈਦਾ ਹੈ (ਭਾਵ ਜੇ ਸਾਰੀ ਉਮਰ ਨਿਰੀਆਂ ਉਹੀ ਗੱਲਾਂ ਕਰਦੇ ਰਹੀਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਪ੍ਰਭੂ ਦੀ ਯਾਦ ਤੋਂ ਖਾਲੀ ਹੋਣ ਤਾਂ ਦੁਖੀ ਹੀ ਰਹੀਦਾ ਹੈ) ਪ੍ਰਭੂ ਦੀ ਸਿਫਤਿ ਸਾਲਾਹ ਤੋਂ ਬਿਨਾਂ ਹੋਰ ਗੱਲਾਂ ਵਿਅਰਥ ਹਨ। ਜੋ ਮਨੁੱਖ (ਪ੍ਰਭੂ ਦੀ ਸਿਫ਼ਤਿ ਸਾਲਾਹ ਕਰ ਕੇ) ਉਸ ਪ੍ਰਭੂ ਨੂੰ ਪਿਆਰੇ ਲੱਗਦੇ ਹਨ ਉਹ ਚੰਗੇ ਹਨ। 3।

ਜਿਨ੍ਹਾਂ ਬੰਦਿਆਂ ਦੇ ਹਿਰਦੇ ਵਿਚ ਪ੍ਰਭੂ ਹਰ ਵੇਲੇ ਵੱਸ ਰਿਹਾ ਹੈ, ਉਹ ਅਕਲ ਵਾਲੇ ਹਨ, ਇੱਜ਼ਤ ਵਾਲੇ ਹਨ। ਐਸੇ ਭਲੇ ਮਨੁੱਖਾਂ ਦੀ ਸਿਫ਼ਤਿ ਕੀਤੀ ਨਹੀਂ ਜਾ ਸਕਦੀ। ਉਹਨਾਂ ਵਰਗਾ ਸੋਹਣਾ ਹੋਰ ਕੋਈ ਕੌਣ ਹੈ ? ਹੇ ਨਾਨਕ ਪ੍ਰਭੂ ਦੀ ਮਿਹਰ ਦੀ ਨਜ਼ਰ ਤੋਂ ਵਾਂਝੇ ਬੰਦੇ ਉਸ ਦੇ ਨਾਮ ਵਿਚ ਨਹੀਂ ਜੁੜਦੇ, ਉਸ ਦੇ ਦਿੱਤੇ ਧਨ ਪਦਾਰਥ ਵਿਚ ਮਸਤ ਰਹਿੰਦੇ ਹਨ। 4।

ਇਸ ਤੋਂ ਬਾਦ ਇਸ ਗੱਲ ਦੀ ਕੋਈ ਸ਼ੰਕਾ ਨਹੀਂ ਰਹਿੰਦੀ ਕਿ ਬਾਬੇ ਨਾਨਕ ਲਈ ਉਹ ਆਦਮੀ ਸੁਹਣੇ ਹਨ, ਜਿਨ੍ਹਾਂ ਬੰਦਿਆਂ ਦੇ ਹਿਰਦੇ ਵਿਚ ਪ੍ਰਭੂ ਹਰ ਵੇਲੇ ਵੱਸ ਰਿਹਾ ਹੈ... ਐਸੇ ਭਲੇ ਮਨੁੱਖਾਂ ਦੀ ਸਿਫ਼ਤਿ ਕੀਤੀ ਨਹੀਂ ਜਾ ਸਕਦੀ। ਉਹਨਾਂ ਵਰਗਾ ਸੋਹਣਾ ਹੋਰ ਕੌਣ ਹੈ ? ਅਰਥਾਤ ਉਹਨਾਂ ਵਰਗਾ ਸੁਹਣਾ ਹੋਰ ਕੋਈ ਨਹੀਂ ਹੋ ਸਕਦਾ। 'ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਹੁ ਕਾਇ'।

ਇਸ ਸ਼ਬਦ ਤੋਂ ਇਹ ਵੀ ਪ੍ਰਤੱਖ ਹੈ ਕਿ ਸੁੰਦਰਤਾ ਪ੍ਰਭੂ-ਮਿਲਾਪ ਦੇ ਯਤਨਾਂ ਦਾ ਪ੍ਰਣਾਮ ਹੈ। ਜਿਹੜੇ ਗੁਣ, ਤੱਤ, ਅੰਸ਼, ਪ੍ਰਕਿਰਿਆ, ਸਥਿਤੀ, ਕਾਰਜਤਾ ਆਦਿ ਪ੍ਰਭੂ ਪ੍ਰਾਪਤੀ ਵਿਚ ਸਹਾਈ ਹੁੰਦੇ ਹਨ ਉਹ ਸੁੰਦਰ ਹਨ। ਸੁੰਦਰਤਾ ਦਾ ਪਦਭਵ (category) ਨਹੀਂ ਸਗੋਂ ਇਹਦੇ ਕਈ ਵਰਗ ਹਨ।

6. ਪ੍ਰਭੂ-ਪ੍ਰਾਪਤੀ ਦੇ ਸਾਧਨ ਸੁੰਦਰ ਹਨ

ਇਹ ਚੀਜ਼ ਐਨ ਸੁਭਾਵਿਕ ਹੈ ਕਿ ਪ੍ਰਭੂ ਦੀ ਸੁੰਦਰਤਾ ਕਾਰਨ ਸਾਨੂੰ ਪ੍ਰਭੂ-ਪ੍ਰਾਪਤੀ ਦੇ ਸਾਧਨ ਵੀ ਸੁਹਣੇ ਨਜ਼ਰ ਆਉਣ। ਗੁਰੂ ਨਾਨਕ ਸਾਹਿਬ ਲਈ ਪ੍ਰਭੂ-ਪ੍ਰਾਪਤੀ ਕੋਈ ਫ਼ੌਰੀ ਅਮਲ ਨਹੀਂ ਹੈ। ਇਸ ਨੂੰ ਹਾਸਲ ਕਰਨ ਲਈ ਮਨੁੱਖ ਨੂੰ ਪਰਿਸ਼ਰਮ ਕਰਨਾ ਪੈਂਦਾ ਹੈ। ਇਸ ਦੇ ਨਤੀਜੇ ਵਜੋਂ ਬਾਬੇ ਨਾਨਕ ਲਈ ਪ੍ਰਭੂ ਪ੍ਰਾਪਤੀ ਦੇ ਰਾਹ ਵਿਚ ਆਉਂਦੇ ਪੜਾ ਵੀ ਸੁੰਦਰ ਹਨ :

ਸਰਮ ਖੰਡ ਕੀ ਬਾਣੀ ਰੂਪੁ
ਤਿਥੈ ਘਾੜਤਿ ਘੜੀਐ ਬਹੁਤੁ ਅਨੂਪ
ਤਾ ਕੀਆ ਗਲਾ ਕਥੀਆ ਨ ਜਾਹਿ
ਜੇ ਕੋ ਕਹੈ ਪਿਛੈ ਪਛੁਤਾਇ

ਉੱਦਮ ਅਵਸਥਾ ਦੀ ਬਨਾਵਟ ਸੁੰਦਰਤਾ ਹੈ (ਭਾਵ ਇਸ ਅਵਸਥਾ ਵਿਚ ਆ ਕੇ ਮਨ ਦਿਨੋ ਦਿਨ ਸੋਹਣਾ ਬਨਣਾ ਸ਼ੁਰੂ ਹੋ ਜਾਂਦਾ ਹੈ)। ਇਸ ਅਵਸਥਾ ਵਿਚ ਨਵੀਂ ਘਾੜਤ ਦੇ ਕਾਰਨ ਮਨ ਬਹੁਤ ਸੋਹਣਾ ਘੜਿਆ ਜਾਂਦਾ ਹੈ। ਉਸ ਅਵਸਥਾ ਦੀਆਂ ਗੱਲਾਂ ਬਿਆਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਕੀਤੀਆਂ ਜਾ ਸਕਦੀਆਂ। ਜੇ ਕੋਈ ਮਨੁੱਖ ਬਿਆਨ ਕਰਦਾ ਹੈ ਤਾਂ ਪਿਛੋਂ ਪਛਤਾਉਂਦਾ ਹੈ (ਕਿਉਂਕਿ ਉਹ ਬਿਆਨ ਕਰਨ ਤੋਂ ਅਸਮਰਥ ਰਹਿੰਦਾ ਹੈ)।

ਕਰਮ ਖੰਡ ਕੀ ਬਾਣੀ ਜੋਰੁ
ਤਿਥੈ ਹੋਰੁ ਨ ਕੋਈ ਹੋਰੁ
... ...
ਤਿਥੈ ਸੀਤੋ ਸੀਤਾ ਮਹਿਮਾ ਮਾਹਿ
ਤਾ ਕੇ ਰੂਪ ਨ ਕਥਨੇ ਜਾਹਿ

(ਜਪੁ 37, ਪੰਨਾ 8)

ਬਖਸ਼ਸ਼ ਵਾਲੀ ਅਵਸਥਾ ਦੀ ਬਨਾਵਟ ਬਲ ਹੈ, (ਭਾਵ, ਜਦੋਂ ਮਨੁੱਖ ਉੱਤੇ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਹੁੰਦੀ ਹੈ ਤਾਂ ਉਸ ਦੇ ਅੰਦਰ ਅਜਿਹਾ ਬਲ ਪੈਦਾ ਹੁੰਦਾ ਹੈ ਕਿ ਵਿਸ਼ੇ ਵਿਕਾਰ ਉਸ ਉੱਤੇ ਆਪਣਾ ਪਰਭਾਵ ਨਹੀਂ ਪਾ ਸਕਦੇ), ਕਿਉਂਕਿ ਉਸ ਅਵਸਥਾ ਵਿਚ (ਮਨੁੱਖ ਦੇ ਅੰਦਰ ਅਕਾਲ ਪੁਰਖ ਤੋਂ ਬਿਨਾਂ ਕੋਈ ਦੂਜਾ ਉੱਕਾ ਹੀ ਨਹੀਂ ਰਹਿੰਦਾ।...ਬਖਸ਼ਸ਼ ਅਵਸਥਾ ਵਿਚ ਅਪੜੇ ਹੋਏ ਮਨੁੱਖਾਂ ਦੇ ਮਨ ਨਿਰੋਲ ਅਕਾਲ-ਪੁਰਖ ਦੀ ਵਡਿਆਈ ਵਿਚ ਪਰੋਤੇ ਰਹਿੰਦੇ ਹਨ (ਉਹਨਾ ਦੇ ਸਰੀਰ ਅਜਿਹੇ ਕੰਚਨ ਦੀ ਵੰਨੀ ਵਾਲੇ ਹੋ ਜਾਂਦੇ ਹਨ ਕਿ) ਉਹਨਾਂ ਦੇ ਸੋਹਣੇ ਰੂਪ ਵਰਣਨ ਨਹੀਂ ਕੀਤੇ ਜਾ ਸਕਦੇ ਉਹਨਾਂ ਦੇ ਮੂੰਹ ਉੱਤੇ ਨੂਰ ਹੀ ਨੂਰ ਲਿਸ਼ਕਦਾ ਹੈ :

ਰੂੜੀ ਬਾਣੀ ਹਰਿ ਪਾਇਆ
ਗੁਰ ਸਬਦੀ ਬੀਚਾਰਿ

(ਰਾਮਕਲੀ ਦਖਣੀ ਓਅੰਕਾਰ 47, ਪੰਨੇ 936-37)

(ਜਿਸ ਕਿਸੇ ਨੂੰ ਮਿਲਿਆ ਹੈ) ਸਤਿਗੁਰੂ ਦੀ ਸੁੰਦਰ ਬਾਣੀ ਦੇ ਰਾਹੀਂ ਹੀ, ਗੁਰੂ ਦੇ ਸ਼ਬਦ ਦੇ ਵਿਚਾਰ ਦੇ ਰਾਹੀਂ ਹੀ ਪ੍ਰਭੂ ਮਿਲਿਆ ਹੈ :

ਲਾਲੇ ਗੋਲੇ ਮਤਿ ਖਰੀ
ਗੁਰ ਕੀ ਮਤਿ ਨੀਕੀ
ਸਾਚੀ ਸੁਰਤਿ ਸੁਹਾਵਣੀ
ਮਨਮੁਖ ਮਤਿ ਫੀਕੀ

(ਮਾਰੂ ਅਸ਼ਟ 4, ਪੰਨਾ 1011)

ਗੁਰੂ ਦੀ ਸੋਹਣੀ ਮੱਤ ਲੈ ਕੇ ਸੇਵਕ-ਗੁਲਾਮ ਦੀ ਅਕਲ ਭੀ ਚੰਗੀ ਹੋ ਜਾਂਦੀ ਹੈ, ਉਸ ਦੀ ਸੁਰਤਿ ਸਦਾ-ਥਿਰ ਭਗਤੀ ਵਿਚ ਟਿਕ ਕੇ ਸੋਹਣੀ ਹੋ ਜਾਂਦੀ ਹੈ। ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦੀ ਮਤਿ ਉਸ ਨੂੰ ਫਿੱਕ ਵਾਲੇ ਰਾਹ ਹੀ ਪਾਉਣ ਵਾਲੀ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਓੜੁ ਨ ਕਥਨੈ ਸਿਫਤਿ ਸਜਾਈ

(ਮਾਰੂ ਸੋਹਲੇ 12, ਪੰਨਾ 1033)

(ਹੇ ਪ੍ਰਭੂ ਤੇਰੇ ਭਗਤ...ਤੇਰੀਆਂ ਸੋਹਣੀਆਂ ਸਿਫਤਾਂ ਕਰਦੇ ਰਹਿੰਦੇ ਹਨ। ਉਹਨਾਂ ਦੇ ਇਸ ਉਦਮ ਦਾ ਖ਼ਾਤਮਾ ਨਹੀਂ ਹੁੰਦਾ)।

ਹੋਰ ਗੱਲਾਂ ਤੋਂ ਬਿਨਾਂ ਪ੍ਰਭੂ ਦੀਆਂ ਸਿਫ਼ਤਾਂ ਇਸ ਕਰਕੇ ਵੀ ਸੋਹਣੀਆਂ ਹਨ ਕਿਉਂਕਿ ਅਸੀਂ ਉਹਦੀਆਂ ਸਿਫਤਾਂ ਕਰ ਕਰ ਕੇ ਮੁਕਤੀ ਪ੍ਰਾਪਤ ਕਰ ਲੈਂਦੇ ਹਾਂ।

ਸਾਨੂੰ ਪ੍ਰਭੂ-ਪ੍ਰਾਪਤੀ ਦੇ ਸਾਧਨ ਸੁੰਦਰ ਮਾਲੂਮ ਹੁੰਦੇ ਹਨ। ਇਹਨਾਂ ਸਾਧਨਾਂ ਦੀ ਵਰਤੋਂ ਦਾ ਕੋਈ ਨਾ ਕੋਈ ਪ੍ਰਣਾਮ ਅਵੱਸ਼ ਹੈ। ਸਾਡੇ ਲਈ ਇਹ ਵੀ ਸੁਭਾਵਿਕ ਹੈ ਕਿ ਸਾਨੂੰ ਇਹ ਪ੍ਰਣਾਮ ਵੀ ਸੁਹਣਾ ਲੱਗੇ।

ਰੂਪੁ ਰੰਗੁ ਪਿਆਰੁ ਹਰਿ ਜਿਉ
ਹਰਿ ਆਪਿ ਕਿਰਪਾ ਧਾਰਏ

(ਤੁਖਾਰੀ ਛੰਤ 6, ਪੰਨਾ 1113)

ਜਿਸ ਮਨੁੱਖ ਉੱਤੇ ਪਰਮਾਤਮਾ ਆਪ ਕਿਰਪਾ ਕਰਦਾ ਹੈ ਉਸਦਾ (ਸੋਹਣਾ ਆਤਮਕ) ਰੂਪ ਹੋ ਜਾਦਾ ਹੈ। (ਸੋਹਣਾ ਆਤਮਕ) ਰੰਗ ਹੋ ਜਾਂਦਾ ਹੈ, ਪਰਮਾਤਮਾ ਨਾਲ ਉਸ ਦਾ ਪਿਆਰ ਬਣ ਜਾਂਦਾ ਹੈ।

ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ
ਦੂਤ ਮੁਏ ਬਿਖੁ ਖਾਈ
ਜਬ ਕੀ ਉਪਜੀ ਤਬ ਕੀ ਤੈਸੀ
ਰੰਗੁਲ ਭਈ ਮਨਿ ਭਾਈ

(ਸਾਰੰਗ ਅਸ਼ਟ 1, ਪੰਨਾ 1232)

ਹੇ ਸਹੇਲੀਏ (ਹੇ ਸਤਸੰਗੀ ਸੱਜਣ) ਸੁਣ (ਗੁਰੂ ਦੀ ਕਿਰਪਾ ਨਾਲ) ਮੇਰੇ ਮਨ ਵਿਚ ਪ੍ਰੀਤਮ ਪ੍ਰਭੂ ਪਿਆਰਾ ਲੱਗ ਰਿਹਾ ਹੈ, ਮੈਂ ਉਸ ਦੇ ਪ੍ਰੇਮ ਵਿਚ ਰੰਗੀ ਗਈ ਹਾਂ, ਜਦੋਂ ਦੀ (ਪ੍ਰਭੂ-ਚਰਨਾਂ ਵਿਚ ਪ੍ਰੀਤ) ਪੈਦਾ ਹੋਈ ਹੈ ਤਦੋਂ ਦੀ ਉਹੋ ਜਹੀ ਕਾਇਮ ਹੈ (ਘਟੀ ਨਹੀਂ), ਮੇਰੀ ਜਿੰਦ ਪ੍ਰੀਤਮ-ਪ੍ਰਭੂ ਨਾਲ ਇਕ-ਮਿਕ ਹੋ ਗਈ ਹੈ, ਕਾਮਾਦਿਕ ਵੈਰੀ (ਮੇਰੀ ਭਾ ਦੀ) ਮਰ ਗਏ ਹਨ, ਉਹਨਾਂ (ਮਾਨੋ ਜ਼ਹਰ ਖਾ ਲਈ ਹੈ)।

ਨਾਨਕ ਰੁਤਿ ਸੁਹਾਵੀ ਸਾਈ
ਬਿਨ ਨਾਵੈ ਰੁਤਿ ਕੇਹੀ

(ਮਲਾਰ 1, ਪੰਨਾ 1254)

ਹੇ ਨਾਨਕ ਮਨੁੱਖ ਵਾਸਤੇ ਉਹੀ ਰੁੱਤ ਸੋਹਣੀ ਹੈ (ਜਦੋਂ ਇਹ ਨਾਮ ਸਿਮਰਦਾ ਹੈ) ਨਾਮ ਸਿਮਰਨ ਤੋਂ ਬਿਨਾਂ (ਕੁਦਰਤ ਦੀ ਬਦਲਦੀ ਹੋਈ ਭੀ) ਰੁੱਤ ਇਸ ਨੂੰ ਲਾਭ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸਕਦੀ ।

ਮਨਿ ਭਾਵੈ ਸਬਦੁ, ਸੁਹਾਇਆ

(ਮਲਾਰ 3, ਪੰਨਾ 1255)

ਜਿਨ੍ਹਾਂ ਦੇ ਮਨ ਵਿਚ (ਪ੍ਰਭੂ ਦੀ ਸਿਫ਼ਤਿ ਸਾਲਾਹ ਦੀ) ਬਾਣੀ ਪਿਆਰੀ ਲੱਗਦੀ ਹੈ ਉਹਨਾਂ ਦਾ ਜੀਵਨ ਸੋਹਣਾ ਹੋ ਜਾਂਦਾ ਹੈ ।

ਨਾਮੁ ਸਮ੍ਹਾਲਸਿ ਰੂੜ੍ਹੀ ਬਾਣਿ

(ਮਲਾਰ ਅਸ਼ਟ 4, ਪੰਨਾ 1275)

ਉਹ ਸਤਿਗੁਰੂ ਦੀ ਸੁੰਦਰ ਬਾਣੀ ਦੇ ਰਾਹੀਂ ਪਰਮਾਤਮਾ ਦਾ ਨਾਮ (ਹਿਰਦੇ ਵਿਚ) ਵਸਾਂਦਾ ਹੈ ।

ਗੁਰੂ ਨਾਨਕ ਸਾਹਿਬ ਲਈ ਸੁੰਦਰਤਾ ਕੋਈ ਓਪਰੀ, ਵਾਧੂ ਜਾਂ ਬੇਗਾਨੀ ਚੀਜ਼ ਨਹੀਂ ਹੈ । ਇਹਦੀ ਸ਼ੈਆਂ, ਯਤਨਾਂ ਅਤੇ ਨਤੀਜਿਆਂ ਆਦਿ ਨਾਲ ਅੰਗ-ਸਾਂਝ ਹੈ, ਬਾਬੇ ਨਾਨਕ ਲਈ ਸੁੰਦਰਤਾ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਲਈ ਸਹਾਈ ਹੋ ਸਕਦੀ ਹੈ ਅਤੇ ਪ੍ਰਭੂ ਪ੍ਰਾਪਤੀ ਦੇ ਆਦਰਸ਼ ਲਈ ਮਨੁੱਖ ਜੋ ਯਤਨ, ਆਚਾਰ, ਸਿਧਾਂਤ ਆਦਿ ਦੀ ਸਮਗਰੀ ਇਕੱਠੀ ਕਰਦਾ ਹੈ ਉਹ ਇਸੇ ਆਦਰਸ਼ ਸਦਕੇ ਹੀ ਸੁਹਣੀ ਹੈ । ਗੁਰੂ ਸਾਹਿਬ ਲਈ ਸੁੰਦਰਤਾ ਕਲਿਆਣਕਾਰੀ ਹੈ ।

7. ਕਲਿਆਣਕਾਰੀ ਸੁੰਦਰਤਾ

ਗੁਰੂ ਨਾਨਕ ਦੀਆਂ ਰਚਨਾਵਾਂ ਵਿਚ ਪ੍ਰਭੂ-ਪ੍ਰਾਪਤੀ ਦੇ ਸਾਧਨ ਸੁੰਦਰ ਹਨ । ਸਾਧਨ ਕਿਸੇ ਕਾਰਜ ਲਈ ਹੁੰਦੇ ਹਨ ਅਤੇ ਇਹਨਾਂ ਦਾ ਕੋਈ ਪ੍ਰਯੋਜਨ (end) ਹੁੰਦਾ ਹੈ । ਪ੍ਰਯੋਜਨ ਉੱਤੇ ਪਹੁੰਚ ਕੇ ਸਾਰੀ ਸਥਿਤੀ ਬਦਲ ਜਾਂਦੀ ਹੈ । ਇਸ ਤਰ੍ਹਾਂ ਸਾਧਨ ਅਤੇ ਪ੍ਰਯੋਜਨ ਦਾ ਕੋਈ ਨਿਆਯਸ਼ਾਲੀ ਸਬੰਧ ਨਹੀਂ ਹੈ ਪਰ ਇਹਨਾਂ ਦਾ ਯਥਾਰਥ ਵਿਚ ਰਿਸ਼ਤਾ ਹੁੰਦਾ ਹੈ ।

ਵੇਖਣਯੋਗ ਗੱਲ ਇਹ ਹੈ ਕਿ ਗੁਰੂ ਨਾਨਕ ਸੁੰਦਰਤਾ ਦੀ ਕਾਰਜਤਾ ਨਾਲੋਂ ਇਹਦੀ ਕਾਇਆ-ਕਲਪ (transformation) ਕਰਨ ਦੀ ਸੰਭਾਵਨਾ ਉੱਤੇ ਵਧੇਰੇ ਜ਼ੋਰ ਦਿੰਦੇ ਹਨ । ਇਹ ਗੱਲ ਮੁੜ ਦਰਸਾਉਂਦੀ ਹੈ ਕਿ ਬਾਬੇ ਨਾਨਕ ਲਈ ਪ੍ਰਭੂ-ਪ੍ਰਾਪਤੀ ਪਰਮ-ਹਿਤ (highest good) ਹੈ ਅਤੇ ਮਨੁੱਖ ਨੂੰ ਪ੍ਰਭੂ-ਪ੍ਰਾਪਤੀ ਦੇ ਕਾਰਜਾਂ ਵਿਚ ਹੀ ਭੁੱਲਣਾ ਨਹੀਂ ਚਾਹੀਦਾ ।

ਗੁਰੂ ਨਾਨਕ ਵਿਚ ਇਹ ਵੀ ਸਪਸ਼ਟ ਹੈ ਕਿ ਸੁੰਦਰਤਾ ਆਪਣੇ ਆਪ ਵਿਚ ਕਲਿਆਣਕਾਰੀ ਨਹੀਂ । ਇਹ ਧਾਰਮਕ ਉੱਦਮ ਅਤੇ ਰੂਹਾਨੀ ਪ੍ਰਗਤੀ ਨਾਲ ਰਲ ਕੇ ਹੀ ਕਾਇਆ-ਕਲਪ ਕਰਦੀ ਹੈ ਤਾਂ ਫਿਰ ਕਲਿਆਣਕਾਰੀ ਸੁੰਦਰਤਾ ਮਨੁੱਖ ਦੀ ਪੁਨਰ-ਸੁਰਜੀਤੀ ਦਾ ਪੱਖ ਬਣ ਜਾਂਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇਠਲੇ ਸ਼ਬਦ ਵਿਚ ਆਤਮਿਕ ਸ਼ਿੰਗਾਰ ਦਾ ਸਾਧਾਰਨ ਗਹਿਣਿਆਂ ਵਾਂਗ ਵਰਣਨ ਹੈ। ਜਿਵੇਂ ਸਰੀਰਕ ਪੱਧਰ ਉੱਤੇ ਜ਼ੇਵਰ ਹੁੰਦੇ ਹਨ ਉਂਝ ਹੀ ਰੂਹਾਨੀ ਸਤਰ ਉੱਤੇ ਆਤਮਿਕ ਗੁਣ ਹਨ। ਇਸ ਸ਼ਬਦ ਦੀ ਕਾਵਿਕ ਜੁਗਤ ਤਮਸੀਲ (allegory) ਵਾਲੀ ਹੈ। ਇਸ ਸ਼ਬਦ ਦੇ ਇਕੋ ਵੇਲੇ ਦੋ ਪੱਧਰਾਂ ਉੱਤੇ ਅਰਥ ਚਲਦੇ ਹਨ। ਰੂਹਾਨੀ ਖੂਬੀਆਂ ਆਮ ਗਹਿਣਿਆਂ ਵਾਂਗੂੰ ਮਨਮੋਹਣੀਆਂ ਹਨ। ਗਹਿਣੇ ਪਾਉਣ ਦੇ ਪ੍ਰਯੋਜਨ ਵਾਂਗ ਰੂਹਾਨੀ ਖੂਬੀਆਂ ਦਾ ਅੰਤ ਪ੍ਰਭੂ-ਪ੍ਰਾਪਤੀ ਵਿਚ ਹੁੰਦਾ ਹੈ, ਜਿਸ ਨਾਲ ਮਨੁੱਖ ਹੋਰ ਦਾ ਹੋਰ ਹੋ ਜਾਂਦਾ ਹੈ।

ਮਨ ਮੋਤੀ ਜੇ ਗਹਣਾ ਹੋਵੈ
ਪਉਣੁ ਹੋਵੈ ਸੂਤ ਧਾਰੀ
ਖਿਮਾ ਸੀਗਾਰ ਕਾਮਣਿ ਤਨਿ ਪਹਿਰੈ
ਰਾਵੈ ਲਾਲ ਪਿਆਰੀ । 1 ।

ਲਾਲ ਬਹੁ ਗੁਣਿ ਕਾਮਣਿ ਮੋਹੀ
ਤੇਰੇ ਗੁਣ ਹੋਹਿ ਨ ਅਵਰੀ । 1 । ਰਹਾਉ ।
ਹਰਿ ਹਰਿ ਹਾਰੁ ਕੰਠਿ ਲੈ ਪਹਿਰੈ
ਦਾਮੋਦਰੁ ਦੰਤੁ ਲੇਈ
ਕਰਿ ਕਰਤਾ ਕੰਗਨ ਪਹਿਰੈ
ਇਨ ਬਿਧਿ ਚਿਤੁ ਧਰੇਈ । 2 ।

ਮਧੁਸੂਦਨ ਕਰ ਮੁੰਦਰੀ ਪਹਿਰੈ
ਪਰਮੇਸਰੁ ਪਟੁ ਲੇਈ
ਧੀਰਜੁ ਧੜੀ ਬੰਧਾਵੈ ਕਾਮਣਿ
ਸ੍ਰੀ ਰੰਗੁ ਸੁਰਮਾ ਦੇਈ । 3 ।

ਮਨ ਮੰਦਰਿ ਜੇ ਦੀਪਕੁ ਜਾਲੇ
ਕਾਇਆ ਸੇਜ ਕਰੇਈ
ਗਿਆਨ ਰਾਉ ਜਬ ਸੇਜੈ ਆਵੈ
ਨਾਨਕ ਭੋਗੁ ਕਰੇਈ । 4 ।

(ਆਸਾ 35, ਪੰਨਾ 359)

ਨੋਟ : ਇਸਤ੍ਰੀ ਆਪਣੇ ਪਤੀ ਨੂੰ ਮਿਲਣ ਦੀ ਆਸ ਤੇ ਆਪਣਾ ਸਰੀਰ ਸਿੰਗਾਰਦੀ ਹੈ ਤਾਂ ਕਿ ਪਤੀ ਨੂੰ ਉਸ ਦਾ ਸਰੀਰ ਚੰਗਾ ਲੱਗੇ। ਜੀਵ-ਇਸਤ੍ਰੀ ਤੇ ਪਰਮਾਤਮਾ-ਪਤੀ ਦਾ ਆਤਮਕ ਮੇਲ ਹੀ ਹੋ ਸਕਦਾ ਹੈ, ਜੇ ਜੀਵ-ਇਸਤ੍ਰੀ ਆਪਣੀ ਆਤਮਾ ਨੂੰ ਸੁੰਦਰ ਬਣਾਏ। ਆਤਮਾ ਦੀ ਖੂਬਸੂਰਤੀ ਵਾਸਤੇ ਇਸ ਸ਼ਬਦ ਵਿਚ ਹੇਠ ਲਿਖੇ ਆਤਮਕ ਗਹਿਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੱਸੇ ਗਏ ਹਨ—ਪਵਿਤ੍ਰ ਆਚਰਨ, ਸੁਆਸ ਸੁਆਸ ਨਾਮ ਦਾ ਜਾਪ, ਖਿਮਾ, ਧੀਰਜ, ਗਿਆਨ ਆਦਿਕ ।

ਅਰਥ : ਹੇ ਬਹੁ-ਗੁਣੀ ਲਾਲ ਪ੍ਰਭੂ ਜੇਹੜੀ ਜੀਵ-ਇਸਤ੍ਰੀ ਤੇਰੇ ਗੁਣਾਂ ਵਿਚ ਸੁਰਤਿ ਜੋੜਦੀ ਹੈ, ਉਸ ਨੂੰ ਤੇਰੇ ਵਾਲੇ ਗੁਣ ਕਿਸੇ ਹੋਰ ਵਿਚ ਨਹੀਂ ਦਿੱਸਦੇ (ਉਹ ਤੈਨੂੰ ਵਿਸਾਰ ਕੇ ਕਿਸੇ ਹੋਰ ਪਾਸੇ ਪ੍ਰੀਤ ਨਹੀਂ ਜੋੜਦੀ) । 1 । ਰਹਾਉ ।

ਜੇ ਜੀਵ-ਇਸਤ੍ਰੀ ਆਪਣੇ ਮਨ ਨੂੰ ਸੁੱਚੇ ਮੋਤੀ ਵਰਗਾ ਗਹਿਣਾ ਬਣਾ ਲਏ (ਮੋਤੀਆਂ ਦੀ ਮਾਲਾ ਬਣਾਨ ਲਈ ਧਾਗੇ ਦੀ ਲੋੜ ਪੈਂਦੀ ਹੈ) ਜੇ ਸੁਆਸ ਸੁਆਸ (ਦਾ ਸਿਮਰਨ ਮੋਤੀ ਪ੍ਰੋਣ ਲਈ) ਧਾਗਾ ਬਣੇ, ਜੇ ਦੁਨੀਆਂ ਦੀ ਵਧੀਕੀ ਨੂੰ ਸਹਾਰ ਲੈਣ ਦੇ ਸੁਭਾਵ ਨੂੰ ਜੀਵ-ਇਸਤ੍ਰੀ ਸਿੰਗਾਰ ਬਣਾ ਕੇ ਆਪਣੇ ਸਰੀਰ ਉੱਤੇ ਪਹਿਨ ਲਏ, ਤਾਂ ਪਤੀ-ਪ੍ਰਭੂ ਦੀ ਪਿਆਰੀ ਹੋ ਕੇ ਉਸ ਨੂੰ ਮਿਲ ਪੈਂਦੀ ਹੈ । 1 ।

ਜੇ ਜੀਵ-ਇਸਤ੍ਰੀ ਪਰਮਾਤਮਾ ਦੀ ਹਰ ਵੇਲੇ ਯਾਦ ਨੂੰ ਹਾਰ ਬਣਾ ਕੇ ਆਪਣੇ ਗਲ ਵਿਚ ਪਾ ਲਏ, ਜੇ ਪ੍ਰਭੂ ਸਿਮਰਨ ਨੂੰ (ਦੰਦਾਂ ਦਾ) ਦੰਦਾਸਾ ਵਰਤੇ, ਜੇ ਕਰਤਾਰ ਦੀ ਭਗਤੀ ਸੇਵਾ ਨੂੰ ਕੰਗਣ ਬਣਾ ਕੇ ਹੱਥੀਂ ਪਾ ਲਏ, ਤਾਂ ਉਸ ਤਰ੍ਹਾਂ ਉਸ ਦਾ ਚਿੱਤ ਪ੍ਰਭੂ ਚਰਨਾਂ ਵਿਚ ਟਿਕਿਆ ਰਹਿੰਦਾ ਹੈ । 2 ।

ਜੇ ਜੀਵ-ਇਸਤ੍ਰੀ ਹਰੀ-ਭਜਨ ਦੀ ਮੁੰਦਰੀ ਬਣਾ ਕੇ ਹੱਥ ਦੀ ਉਂਗਲੀ ਵਿਚ ਪਾ ਲਏ, ਪ੍ਰਭੂ ਨਾਮ ਦੀ ਓਟ ਨੂੰ ਆਪਣੀ ਪਤ ਦਾ ਰਾਖਾ ਰੇਸ਼ਮੀ ਕਪੜਾ ਬਣਾਏ (ਸਿਮਰਨ ਦੀ ਬਰਕਤਿ ਨਾਲ ਪ੍ਰਾਪਤ ਕੀਤੀ) ਗੰਭੀਰਤਾ ਨੂੰ ਪੱਟੀਆਂ ਸਜਾਣ ਹਿਤ ਵਰਤੇ, ਲਛਮੀ-ਪਤੀ ਪ੍ਰਭੂ ਦੇ ਨਾਮ ਦਾ (ਅੱਖਾਂ ਵਿਚ) ਸੁਰਮਾਂ ਪਾਏ । 3 ।

ਜੇ ਜੀਵ-ਇਸਤ੍ਰੀ ਆਪਣੇ ਮਨ ਦੇ ਮਹਿਲ ਵਿਚ ਗਿਆਨ ਦਾ ਦੀਵਾ ਜਗਾਏ, ਹਿਰਦੇ ਨੂੰ (ਪ੍ਰਭੂ ਮਿਲਾਪ ਵਾਸਤੇ) ਸੇਜ ਬਣਾਏ, ਹੇ ਨਾਨਕ (ਉਸ ਦੇ ਇਸ ਸਾਰੇ ਆਤਮਕ ਸ਼ਿੰਗਾਰ ਉੱਤੇ ਰੀਝ ਕੇ) ਜਦੋਂ ਗਿਆਨ-ਦਾਤਾ ਪ੍ਰਭੂ ਉਸ ਦੀ ਹਿਰਦੇ-ਸੇਜ ਉੱਤੇ ਪ੍ਰਗਟ ਹੁੰਦਾ, ਤਾਂ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ । 4 ।

ਪਉਣ	=	ਹਵਾ, ਸੁਆਸ	ਕਾਮਣਿ	=	ਇਸਤ੍ਰੀ
ਰਾਵੈ	=	ਮਾਣਦੀ ਹੈ	ਹੋਹਿ ਨ	=	ਨਹੀਂ ਹਨ
ਅਵਰੀ	=	ਕਿਸੇ ਹੋਰ ਵਿਚ	ਦੰਤ	=	ਦੰਦਾਸਾ
ਦਾਮੋਦਰ		ਪਰਮਾਤਮਾ (ਜਿਸ ਦੇ ਲੱਕ ਦੁਆਲੇ ਤੜਾਗੀ ਹੈ)			
ਕਰ	=	ਹੱਥਾਂ ਵਿਚ	ਕਰਿ	=	ਕਰ ਕੇ
ਮਧੁਸੂਦਨ	=	ਪਰਮਾਤਮਾ	ਪਟੁ	=	ਰੇਸ਼ਮੀ ਕਪੜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧੜੀ	=	ਮਾਂਗ, ਪੱਟੀ	ਸ੍ਰੀ ਰੰਗ	=	ਲਛਮੀ ਦਾ ਪਤੀ ਪਰਮਾਤਮਾ
ਕਾਇਆ	=	ਸਰੀਰ ਹਿਰਦਾ	ਗਿਆਨ ਰਾਉ	=	ਗਿਆਨ ਦਾ ਰਾਜਾ

ਇਸ ਸ਼ਬਦ ਤੋਂ ਸਪਸ਼ਟ ਹੈ ਕਿ ਸੁੰਦਰਤਾ ਦਾ ਮਨੋਰਥ ਕਾਇਆ-ਕਲਪ ਕਰਨਾ ਹੈ। ਭਾਵੇਂ ਇਹ ਗੱਲ ਇਸ ਚੀਜ਼ ਵਿਚ ਨਿਹਿਤ (implicit) ਹੈ ਕਿ ਸੁੰਦਰਤਾ ਪ੍ਰਭੂ ਪ੍ਰਾਪਤੀ ਲਈ ਹੈ ਪਰ ਇਸ ਦਾ ਪ੍ਰਤੱਖ ਵਰਣਨ ਸਾਡੇ ਲਈ ਹੋਰ ਵੀ ਸਹਾਈ ਹੁੰਦਾ ਹੈ। ਗੁਰੂ ਨਾਨਕ ਦੇ ਇਸ ਵਿਚਾਰ ਦਾ ਅਮਲੀ ਮਹੱਤਵ ਵੀ ਹੈ। ਕਲਿਆਣਕਾਰੀ ਸੁੰਦਰਤਾ ਮਨੁੱਖ ਵਿਚ ਅਜਿਹੇ ਪਰਿਵਰਤਨ ਲਿਆਉਂਦੀ ਹੈ ਜਿਹੜੇ ਉਸ ਨੂੰ ਆਪਣੇ ਕਲਿਆਣ ਦੇ ਹੋਰ ਵੀ ਨੇੜੇ ਲੈ ਜਾਂਦੇ ਹਨ। ਗੁਰੂ ਨਾਨਕ ਅਨੁਸਾਰ ਸੁੰਦਰਤਾ ਕਰਮਸ਼ੀਲ ਨਿਯਮ (active principle) ਹੈ।

7. ਆਦਰਸ਼-ਹੀਣਤਾ ਕੁਸੁਹਣੀ ਹੈ

ਗੁਰੂ ਨਾਨਕ ਸਾਹਿਬ ਲਈ ਪ੍ਰਭੂ-ਪ੍ਰਾਪਤੀ ਦਾ ਆਦਰਸ਼ ਹੈ ਅਤੇ ਉਹਨਾਂ ਦੀਆਂ ਰਚਨਾਵਾਂ ਵਿਚ ਕੇਵਲ ਸੁੰਦਰਤਾ ਦੇ ਆਦਰਸ਼ ਦੀ ਕੋਈ ਝਲਕ ਨਹੀਂ। ਉਹਨਾਂ ਲਈ ਸੁੰਦਰਤਾ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਪ੍ਰਤੀ ਸਾਡਾ ਪ੍ਰਤੀਕਰਮ ਹੈ। ਪ੍ਰਭੂ-ਪ੍ਰਾਪਤੀ ਦੀ ਸਮਗਰੀ ਇਸ ਦੇ ਸਾਧਨ, ਇਹਦੀ ਕਾਰਜਤਾ ਸੁੰਦਰ ਹੈ। ਸਾਧਾਰਨ ਸੁੰਦਰਤਾ ਉੱਤੇ ਸਬਰ ਕਰਨਾ ਆਤਮਿਕ ਅਵੇਸਲੇਪਣ ਦੇ ਬਰਾਬਰ ਹੈ। ਇਸੇ ਕਰਕੇ ਆਦਰਸ਼ਹੀਨਤਾ ਕੁਹਜ ਹੈ।

ਭਗਤੀ ਭਾਇ ਵਿਹੂਣਿਆ
ਮੂਹੁ ਕਾਲਾ ਪਤਿ ਖੋਇ

(ਸਿਰੀ ਅਸ਼ਟ 7, ਪੰਨਾ 57)

ਪਰਮਾਤਮਾ ਦੀ ਭਗਤੀ ਤੇ ਪਿਆਰ ਤੋਂ ਵਾਂਝੇ ਬੰਦਿਆਂ ਦਾ ਮੂੰਹ (ਉਸ ਦੀ ਹਜ਼ੂਰੀ ਵਿਚ) ਕਾਲਾ (ਦਿਸਦਾ ਹੈ), ਉਹ ਆਪਣੀ ਇੱਜ਼ਤ ਗੁਵਾ ਕੇ (ਜਾਂਦੇ ਹਨ)।

ਭੈ ਬਿਨੁ ਘਾੜਤ ਕਚੁ ਨਿਕਚ

(ਗਉੜੀ 1, ਪੰਨਾ 151)

ਪ੍ਰਭੂ ਦਾ ਡਰ-ਅਦਬ ਰੱਖਣ ਤੋਂ ਬਿਨਾਂ (ਸਾਡੀ ਜੀਵਨ ਉਸਾਰੀ) ਸਾਡੇ ਮਨ ਦੀ ਘਾੜਤ ਹੋਛੀ ਹੋ ਜਾਂਦੀ ਹੈ, ਬਿਲਕੁਲ ਹੋਛੀ ਬਣ ਜਾਂਦੀ ਹੈ।

ਮਨਮੁਖ ਕੁਚੀਲ ਕੁਛਿਤ ਬਿਕਰਾਲਾ

(ਗਉੜੀ ਅਸ਼ਟ 4, ਪੰਨਾ 222)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਨ ਦੇ ਮੁਰੀਦ ਮਨੁੱਖ ਦਾ ਜੀਵਨ ਗੰਦਾ ਭੈੜਾ ਤੇ ਡਰਾਉਣਾ ਬਣ ਜਾਂਦਾ ਹੈ ।

ਕੁਚਿਲ ਕੁਰੂਪਿ ਕੁਨਾਰਿ ਕੁਲਖਨੀ
ਪਿਰ ਕਾ ਸਹਜੁ ਨ ਜਾਨਿਆ
ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ
ਦੁਰਮਤਿ ਦੂਖ ਸਮਾਨਿਆ

(ਸਾਰੰਗ 2, ਪੰਨਾ 1197)

(ਪਰ ਜਿਸ ਜੀਵ-ਇਸਤ੍ਰੀ ਨੇ) ਪਤੀ-ਪ੍ਰਭੂ ਦੇ ਮਿਲਾਪ ਦਾ ਆਨੰਦ ਨਹੀਂ ਮਾਣਿਆ, ਉਹ ਗੰਦੀ ਰਹਿਤ-ਬਹਿਤ ਵਾਲੀ, ਕੋਝੇ ਰੂਪ ਵਾਲੀ, ਭੈੜੀ ਤੇ ਭੈੜੇ ਲੱਛਣਾਂ ਵਾਲੀ ਹੀ ਰਹਿੰਦੀ ਹੈ । ਜਿਸ ਦੀ ਜੀਭ ਪ੍ਰਭੂ ਦੇ ਆਨੰਦ ਦੇ ਰੰਗ ਵਿਚ (ਰਚ ਕੇ) ਚਸਕਿਆਂ ਵੱਲੋਂ ਨਹੀਂ ਪਰਤੀ, ਉਹ ਜੀਵ-ਇਸਤ੍ਰੀ ਭੈੜੀ ਮੱਤੇ ਲੱਗਣ ਕਰਕੇ ਦੁੱਖਾਂ ਵਿਚ ਹੀ ਗ੍ਰਸੀ ਰਹਿੰਦੀ ਹੈ ।

ਨੈਨੀ ਦ੍ਰਿਸ਼ਟਿ ਨਹੀ, ਤਨੁ ਹੀਨਾ
ਜਰਿ ਜੀਤਿਆ ਸਿਰਿ ਕਾਲੋ
ਰੂਪ ਰੰਗੁ ਰਹਸੁ ਨਹੀ ਸਾਚਾ
ਕਿਉ ਛੋਡੈ ਜਮ ਜਾਲੋ

(ਭੈਰਉ 3, ਪੰਨੇ 1125-26)

ਹੇ ਪ੍ਰਾਣੀ ਤੇਰੀਆਂ ਅੱਖਾਂ ਵਿਚ ਵੇਖਣ ਦੀ (ਪੂਰੀ) ਤਾਕਤ ਨਹੀਂ ਰਹੀ, ਤੇਰਾ ਸਰੀਰ ਲਿੱਸਾ ਹੋ ਗਿਆ ਹੈ (ਬੁਢੇਪੇ ਨੇ ਜ਼ੋਰ ਪਾ ਦਿੱਤਾ ਹੈ)। ਤੇਰੇ ਸਿਰ ਉੱਤੇ ਹੁਣ ਮੌਤ ਕੂਕ ਰਹੀ ਹੈ । ਨਾਹ ਤੇਰਾ ਰੱਬੀ ਰੂਪ ਬਣਿਆ, ਨਾਹ ਤੈਨੂੰ ਰੱਬੀ ਰੰਗ ਚੜ੍ਹਿਆ, ਨਾਹ ਤੇਰੇ ਅੰਦਰ ਰੱਬੀ ਖੇੜਾ ਆਇਆ, (ਦੱਸ) ਜਮ ਦਾ ਜਾਲ ਤੈਨੂੰ ਕਿਵੇਂ ਛੱਡੇਗਾ ?

ਕਈ ਆਦਮੀ ਰੂਪ ਰੰਗ ਰਹੱਸ ਜਾਨਣ ਤੋਂ ਬਿਨਾਂ ਹੀ ਬੁਢੇਪੇ 'ਚ ਪਹੁੰਚ ਜਾਂਦੇ ਹਨ ਅਤੇ ਆਪਣਾ ਆਹਲਾ ਜਨਮ ਗੁਆ ਲੈਂਦੇ ਹਨ । ਉਹ ਝੂਠੇ ਰੂਪ ਰੰਗ ਵਿਚ ਹੀ ਰੁੱਝੇ ਰਹਿੰਦੇ ਹਨ । ਉਹਨਾਂ ਨੂੰ ਉੱਚੀ ਆਤਮਿਕ ਸੁੰਦਰਤਾ ਦਾ ਅਨੁਭਵ ਨਹੀਂ ਹੁੰਦਾ ।

ਕੂੜੁ ਸੁਇਨਾ ਕੂੜੁ ਰੁਪਾ
ਕੂੜੁ ਪੈਨਣ੍ਹਾਰੁ
ਕੂੜੁ ਕਾਇਆ ਕੂੜੁ ਕਪੜੁ
ਕੂੜੁ ਰੂਪੁ ਅਪਾਰੁ

(ਆਸਾ ਦੀ ਵਾਰ, ਪੰਨਾ 468)

ਸੋਨਾ, ਚਾਂਦੀ ਅਤੇ ਸੋਨੇ ਚਾਂਦੀ ਨੂੰ ਪਹਿਨਣ ਵਾਲੇ ਭੀ ਭਰਮ ਰੂਪ ਹੀ ਹਨ, ਇਹ ਸਰੀਰਕ ਆਕਾਰ (ਸੋਹਣੇ ਸੋਹਣੇ) ਕਪੜੇ ਅਤੇ (ਸਰੀਰਾਂ ਦਾ) ਬੇਅੰਤ ਸੋਹਣਾ ਰੂਪ ਇਹ ਭੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੇ ਛਲ ਹੀ ਹਨ ।

ਜਿਹੜੇ ਆਦਮੀ ਦੁਨਿਆਵੀ ਸ਼ੈਆ ਦੇ ਰੂਪ ਵਿਚ ਮਸਤ ਰਹਿੰਦੇ ਹਨ ਉਹ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਤੋਂ ਖੁੰਝ ਜਾਂਦੇ ਹਨ। ਉਹਨਾਂ ਦੀ ਆਦਰਸ਼ਹੀਣ ਜ਼ਿੰਦਗੀ ਉਹਨਾਂ ਦੇ ਸਰੀਰ ਨੂੰ 'ਸੁੰਞੀ ਦੇਹ' ਬਣਾ ਦਿੰਦੀ ਹੈ ਜਿਸ ਤੋਂ ਡਰ ਆਉਂਦਾ ਹੈ। ਉਹਨਾਂ ਦੀ ਦੁਨੀਆਦਾਰੀ ਵਿਚ ਭੁੱਲਿਆਂ ਦੀ ਆਤਮਿਕ ਸੰਪਤੀ ਇਸ ਤਰ੍ਹਾਂ ਜਲ ਗਈ ਕਿ ਇਹਦਾ ਧੂੰਆਂ ਵੀ ਨਾ ਨਿਕਲਿਆ ਅਤੇ ਉਹਨਾਂ ਨੂੰ ਇਸ ਦੀ ਖਬਰ ਤਕ ਨਾ ਹੋਈ ।

ਸੁੰਞੀ ਦੇਹ ਡਰਾਵਣੀ
ਜਾ ਜੀਉ ਵਿਚਹੁ ਜਾਇ
ਭਾਹਿ ਬਲੰਦੀ ਵਿਝਵੀ
ਧੂਉ ਨ ਨਿਕਸਿਓ ਕਾਇ
ਪੰਚੇ ਰੁੰਨੇ ਦੁਖਿ ਭਰੇ
ਬਿਨਸੇ ਦੂਜੈ ਭਾਇ । 1 ।

(ਸਿਰੀ 14, ਪੰਨਾ 19)

ਜਦੋਂ ਜਿੰਦ ਸਰੀਰ ਵਿਚੋਂ ਨਿਕਲ ਜਾਂਦੀ ਹੈ ਤਾਂ ਇਹ ਸਰੀਰ ਉਜੜ ਜਾਂਦਾ ਹੈ, ਇਸ ਤੋਂ ਡਰ ਲੱਗਣ ਲੱਗ ਪੈਂਦਾ ਹੈ। ਜੇਹੜੀ ਜੀਵਨ-ਅਗਨੀ...ਬਲਦੀ ਸੀ ਉਹ ਬੁਝ ਜਾਂਦੀ ਹੈ...ਕੋਈ ਭੀ ਸਾਹ ਨਹੀਂ ਆਉਂਦਾ ਜਾਂਦਾ...ਜੇਹੜੇ ਪੰਜ ਗਿਆਨ-ਇੰਦਰੇ... ਮਾਇਕ ਮੋਹ ਵਿਚ ਹੀ ਨਾਸ ਹੁੰਦੇ ਰਹੇ ਉਹ ਭੀ ਦੁਖੀ ਹੋ ਹੋ ਕੇ ਰੋਏ. .।

ਮੇਰੇ ਤੁਛ ਵਿਚਾਰ ਅਨੁਸਾਰ ਇਹ ਮਰੇ ਬੰਦੇ ਦੇ ਵਰਣਨ ਨਾਲੋਂ ਸਾਧਾਰਨ ਆਦਮੀ ਦੀ ਸਥਿਤੀ ਦਾ ਵਧੇਰੇ ਚਿਤ੍ਰਨ ਹੈ ਜਿਹੜਾ ਆਦਰਸ਼ਹੀਣ ਹੈ। ਆਦਰਸ਼ਹੀਣਤਾ ਕਾਰਨ ਉਹ 'ਬਿਕਰਾਲ' ਹੋ ਜਾਂਦਾ ਹੈ। ਉਸ ਨੂੰ ਆਪਣੀ ਆਤਮਿਕ ਜੋਤ ਦੇ ਬੁਝਣ ਦਾ ਪਤਾ ਤਕ ਨਾ ਲਗਿਆ। ਚਾਹੀਦਾ ਤਾਂ ਇਹ ਸੀ ਕਿ ਉਹਦੀਆਂ ਗਿਆਨ ਇੰਦਰੀਆਂ ਉਹਦੇ ਜੀਂਦੇ-ਜੀ ਮਰ ਜਾਂਦੀਆਂ ਅਰਥਾਤ ਦੁਨਿਆਵੀ ਪਦਾਰਥਾਂ ਵਿਚ ਉਲਝਣ ਤੋਂ ਬੱਚ ਜਾਂਦੀਆਂ। ਪਰ ਇਹ ਮਰੀਆਂ ਮਨੁੱਖ ਦੀ ਮੌਤ ਦੇ ਬਾਦ ਹੀ। ਇਹ ਗੱਲ ਸ਼ਬਦ ਦੀ ਰਹਾਉ ਦੀ ਹੁਕਮੀ (imperative) ਤੁਕ ਤੋਂ ਵੀ ਸਪਸ਼ਟ ਹੈ ਕਿ ਇਹ ਜੀਂਦੇ ਜਾਗਦੇ ਪਰ ਆਦਰਸ਼ਹੀਣ ਆਦਮੀ ਦੀ ਹਾਲਤ ਦਾ ਨਕਸ਼ਾ ਹੈ।

ਮੂੜੇ ਰਾਮੁ ਜਪਹੁ ਗੁਣ ਸਾਰਿ
ਹਉਮੈ ਮਮਤਾ ਮੋਹਣੀ
ਸਭ ਮੁਠੀ ਅਹੰਕਾਰਿ । 1 । ਰਹਾਉ ।

(ਸਿਰੀ 14, ਪੰਨਾ 19)

ਹੇ ਮੂਰਖ ਜੀਵ...ਪਰਮਾਤਮਾ ਦੇ ਗੁਣ ਚੇਤੇ ਕਰ, ਪ੍ਰਭੂ ਦਾ ਨਾਮ ਜਪ। ਸਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ੍ਰਿਸ਼ਟੀ.. ਮੋਹਣੀ ਮਾਇਆ ਦੀ ਮਮਤਾ ਵਿਚ ਹਉਮਾ ਵਿਚ ਤੇ ਅਹੰਕਾਰ ਵਿਚ ਠਗੀ ਜਾ ਰਹੀ ਹੈ । 1 । ਰਹਾਉ ।

ਸ਼ਬਦ ਦੇ ਦੂਸਰੇ ਬੰਦ ਵਿਚ 'ਤਿਸਨਾ ਅਗਿ' ਦਾ ਜ਼ਿਕਰ ਹੈ ਜਿਹੜੀ ਪਹਿਲੇ ਬੰਦ ਦੀ 'ਭਾਇ ਬਲੰਦੀ' ਨਾਲ ਜੁੜ ਜਾਂਦੀ ਹੈ । ਨਿਹਿਤਾਰਥ (implication) ਅਨੁਸਾਰ ਕਿਹਾ ਗਿਆ ਹੈ ਕਿ ਆਦਰਸ਼-ਹੀਣ ਜੀਵਨ ਦੀ 'ਤਿਸਨਾ ਅਗਿ' ਅਤੇ 'ਭਾਇ' ਬੁਝਣੀ ਚਾਹੀਦੀ ਸੀ ਤਾਂ ਜੋ ਪ੍ਰਭੂ-ਪ੍ਰਾਪਤੀ ਦਾ ਅਵਸਰ ਬਣ ਸਕਦਾ ।

ਜਿਨਿ ਨਾਮੁ ਵਿਸਾਰਿਆ
ਦੂਜੀ ਕਾਰੈ ਲਗਿ
ਦੁਬਿਧਾ ਲਾਗੇ ਪਚਿ ਮੁਏ
ਅੰਤਰਿ ਤਿਸਨਾ ਅਗਿ
ਗੁਰ ਰਾਖੇ ਸੇ ਉਬਰੇ
ਹੋਰ ਮੁਠੀ ਧੰਧੇ ਠਗਿ । 2 ।

(ਸਿਰੀ 14, ਪੰਨਾ 19)

ਜਿਨਾਂ ਬੰਦਿਆਂ ਨੇ ਹੋਰ ਹੋਰ ਨਿਰੀ ਦੁਨਿਆਵੀ ਕਾਰ ਵਿਚ ਲੱਗ ਕੇ ਪਰਮਾਤਮਾ ਦਾ ਨਾਮ ਭੁਲਾ ਦਿੱਤਾ ਹੈ, ਉਹ ਸਦਾ ਮੇਰ-ਤੇਰ ਵਿਚ ਫਸੇ ਰਹੇ, ਉਹਨਾਂ ਦੇ ਅੰਦਰ ਤ੍ਰਿਸ਼ਨਾ ਦੀ ਅੱਗ ਭੜਕਦੀ ਰਹੀ...ਜਿੰਨਾਂ ਦੀ ਰਾਖੀ ਗੁਰੂ ਨੇ ਕੀਤੀ ਉਹ ਤ੍ਰਿਸ਼ਨਾ ਅੱਗ ਤੋਂ ਬਚ ਗਏ ..

'ਭਾਇ ਬਲੰਦੀ' ਅਤੇ 'ਤਿਸਨਾ ਅਗਿ' ਦੇ ਬੁਝਣ ਦੀ ਲੋੜ ਤੀਸਰੇ ਬੰਦ ਤੋਂ ਹੋਰ ਵੀ ਸਪਸ਼ਟ ਹੋ ਜਾਂਦੀ ਹੈ ਅਤੇ ਮਨੁੱਖ ਨੂੰ ਆਪਣੀ ਆਦਰਸ਼-ਪ੍ਰਾਪਤੀ ਲਈ ਇਹ ਕੁੱਝ ਕਰਨਾ ਚਾਹੀਦਾ ਹੈ ।

ਮੁਈ ਪੀਰਤਿ ਪਿਆਰੁ ਗਇਆ
ਮੁਆ ਵੈਰੁ ਵਿਰੋਧੁ
ਧੰਧਾ ਥਕਾ ਹਉ ਮੁਈ
ਮਮਤਾ ਮਾਇਆ ਕ੍ਰੋਧੁ
ਕਰਮਿ ਮਿਲੈ ਸਚੁ ਪਾਈਐ
ਗੁਰਮੁਖਿ ਸਦਾ ਨਿਰੋਧੁ । 3 ।

(ਸਿਰੀ 14, ਪੰਨਾ 19)

ਪਰ ਜੋ ਗੁਰਮੁਖਿ ਗਿਆਨ ਇੰਦ੍ਰੀਆਂ ਨੂੰ ਸਦਾ ਰੋਕ ਕੇ ਰੱਖਦਾ ਹੈ ਉਸ ਨੂੰ ਪ੍ਰਭੂ ਦੀ ਕਿਰਪਾ ਨਾਲ ਉਸ ਪ੍ਰਭੂ ਦਾ ਮਿਲਾਪ ਹੋ ਜਾਂਦਾ ਹੈ, ਉਸ ਦੀ ਦੁਨਿਆਵੀ ਪ੍ਰੀਤ ਮੁੱਕ ਜਾਂਦੀ ਹੈ । ਉਸ ਦਾ ਮਾਇਕ ਪਦਾਰਥਾਂ ਨਾਲ ਪਿਆਰ ਖ਼ਤਮ ਹੋ ਜਾਂਦਾ ਹੈ, ਉਸ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਿਸੇ ਨਾਲ ਵੈਰ ਵਿਰੋਧ ਨਹੀਂ ਰਹਿ ਜਾਂਦਾ ਹੈ। ਉਸ ਦੀ ਮਾਇਆ ਦੀ ਦੌੜ-ਭੱਜ ਮੁੱਕ ਜਾਂਦੀ ਹੈ, ਹਉਮੈ ਮਰ ਜਾਂਦੀ ਹੈ, ਮਾਇਆ ਦੀ ਮਮਤਾ ਖ਼ਤਮ ਹੋ ਜਾਂਦੀ ਹੈ, ਤੇ ਕ੍ਰੋਧ ਭੀ ਮਰ ਜਾਂਦਾ ਹੈ। 3।

ਕਿਉਂਕਿ ਲੋੜ ਵਿਕਾਰਾਂ ਵੱਲੋਂ ਰੋਕ ਅਰਥਾਤ 'ਨਰੋਧ' ਦੀ ਹੈ, ਇਸ ਲਈ 'ਪਰੀਤਿ ਮੁਈ' 'ਪਿਆਰੁ ਗਇਆ', 'ਵੈਰ ਮੂਆ' 'ਧੰਧਾ ਥਕਾ', 'ਹਉ ਮੁਈ' ਅਤੇ 'ਮਮਤਾ ਮਾਇਆ' 'ਕ੍ਰੋਧ' ਦਾ ਖ਼ਤਮ ਹੋਣਾ ਵੀ ਜ਼ਰੂਰੀ ਸੀ। ਇਹ ਗੱਲਾਂ ਮੁਇਆ ਨਾਲੋਂ ਜ਼ਿਆਦਾ ਜੀਂਦਿਆਂ ਨੂੰ ਆਖੀਆਂ ਜਾ ਸਕਦੀਆਂ ਹਨ। ਜਿੱਥੇ ਜੀਂਦਿਆਂ ਨੂੰ ਇਹ ਗੱਲਾਂ ਕਹਿਣੀਆਂ ਪੁਰਸ਼ਾਰਥ ਹੈ ਉੱਥੇ ਲਾਸ਼ ਨੂੰ ਇਹ ਗੱਲਾਂ ਕਹਿਣੀਆਂ ਬਣਦੀਆਂ ਨਹੀਂ ਹਨ। ਇੱਸੇ ਕਰਕੇ ਆਖ਼ਰੀ ਬੰਦ ਦਾ ਕੇਵਲ ਵਰਤਮਾਨ ਨਾਲ ਹੀ ਸੰਬੰਧ ਹੈ।

ਸਚੀ ਕਾਰੈ ਸਚੁ ਮਿਲੈ
ਗੁਰਮਤਿ ਪਲੈ ਪਾਇ
ਸੋ ਨਰੁ ਜੰਮੇ ਨ ਮਰੈ
ਨਾ ਆਵੈ ਨਾ ਜਾਇ

ਏਸ ਸ਼ਬਦ ਦੇ ਦੋ ਧੁਰੇ (poles) ਹਨ। ਇਕ ਪਾਸੇ ਤਾਂ 'ਸੁੰਞੀ ਦੇਹ ਡਰਾਵਣੀ' ਮਿਰਤਕ ਦਾ ਵਰਣਨ ਹੈ। ਪਰ ਦੂਸਰੇ ਪਾਸੇ ਇਹ ਆਦਰਸ਼ਹੀਣ ਪ੍ਰਭੂ ਤੋਂ ਬੇਮੁੱਖ, ਆਦਮੀ ਦੀ ਅੰਤਮ ਗਿਰਾਵਟ ਦਾ ਹਾਲ ਹਵਾਲ ਹੈ। ਜਦ ਆਦਰਸ਼ਹੀਣ ਮਨੁੱਖ ਦੀ ਹਾਲਤ ਬਹੁਤ ਬਿਗੜ ਜਾਂਦੀ ਹੈ ਤਾਂ ਉਹਦੀ 'ਦੇਹ ਸੁੰਞੀ' ਹੋ ਜਾਂਦੀ ਹੈ ਅਤੇ ਉਸ ਤੋਂ ਡਰ ਆਉਂਦਾ ਹੈ। ਆਦਰਸ਼ਹੀਣ ਮਨੁੱਖ ਤੋਂ ਭੈ ਆਉਂਦੀ ਹੈ। ਇਹ ਉੱਦਾਤ (sublime) ਦਾ ਭੈ ਨਹੀਂ ਸਗੋਂ ਕੁਹਜ ਦਾ ਭੈ ਹੈ।

ਨਾਨਕ ਦਰ ਪਰਧਾਨੁ ਸੋ
ਦਰਗਹਿ ਪੈਧਾ ਜਾਇ। 4।

(ਸਿਰੀ 14, ਪੰਨਾ 19)

ਜੇਹੜਾ ਮਨੁੱਖ (ਸਿਮਰਨ ਦੀ) ਸਦਾ-ਟਿਕੀ ਰਹਿਣ ਵਾਲੀ ਕਾਰ ਵਿਚ ਲੱਗਾ ਰਹਿੰਦਾ ਹੈ। ਉਸ ਨੂੰ ਸਦਾ-ਥਿਰ ਪ੍ਰਭੂ ਮਿਲ ਪੈਂਦਾ ਹੈ, ਉਸ ਨੂੰ ਗੁਰੂ ਦੀ ਸਿਖਿਆ ਪ੍ਰਾਪਤ ਹੋ ਜਾਂਦੀ ਹੈ। ਉਹ ਮਨੁੱਖ ਮੁੜ ਮੁੜ ਜੰਮਦਾ ਮਰਦਾ ਨਹੀਂ ਰਹਿੰਦਾ, ਉਹ ਜਨਮ ਮਰਨ ਦੇ ਗੇੜ ਤੋਂ ਬਚ ਜਾਂਦਾ ਹੈ। ਹੇ ਨਾਨਕ ਉਹ ਮਨੁੱਖ ਪ੍ਰਭੂ ਦੇ ਦਰ ਤੇ ਸੁਰਖਰੂ ਹੁੰਦਾ ਹੈ, ਉਹ ਪ੍ਰਭੂ ਦੀ ਹਜ਼ੂਰੀ ਵਿਚ ਸਰੋਪਾ ਲੈ ਕੇ ਜਾਂਦਾ ਹੈ। 4।

ਪਰਧਾਨੁ = ਸੁਰਖਰੂ   ਪੈਧਾ = ਸਰੋਪਾ ਲੈ ਕੇ

ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਜਿੱਥੇ ਗੁਰੂ ਨਾਨਕ ਲਈ ਪ੍ਰਭੂ-ਪ੍ਰਾਪਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਹਣੀ ਹੈ। ਉੱਥੇ ਇਹਦਾ ਪ੍ਰਤੀਪੱਖ ਕੋਝ ਹੈ। ਪ੍ਰਭੂ ਆਦਰਸ਼ ਤੋਂ ਵੰਚਿਤ ਹੋਣਾ ਬਿਗੜ-ਰੂਪ ਹੋਣਾ ਹੈ।

8. ਕਲਿਆਣ-ਵਿਰੋਧੀ ਸੁੰਦਰਤਾ

ਸਾਨੂੰ ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਵਿਚ ਕਲਿਆਣਕਾਰੀ ਸੁੰਦਰਤਾ ਦਾ ਵਿਕਲਪ ਮਿਲਦਾ ਹੈ। ਸਾਡੇ ਵਾਸਤੇ ਇਹ ਸਵਾਲ ਸੁਭਾਵਿਕ ਹੈ ਕੀ ਕੋਈ ਸੁੰਦਰਤਾ ਕਲਿਆਣ-ਵਿਰੋਧੀ ਵੀ ਹੁੰਦੀ ਹੈ? ਬਾਬੇ ਨਾਨਕ ਦੀ ਬਾਣੀ ਵਿਚੋਂ ਸਾਨੂੰ ਪਤਾ ਲੱਗਦਾ ਹੈ ਕਿ ਕਈ ਸੁੰਦਰਤਾਵਾਂ ਕਲਿਆਣ-ਵਿਰੋਧੀ ਹੁੰਦੀਆਂ ਹਨ। ਗੁਰੂ ਨਾਨਕ ਸਾਹਿਬ ਕਲਿਆਣਕਾਰੀ ਸੁੰਦਰਤਾ ਤੋਂ ਕਿਤੇ ਜ਼ਿਆਦਾ ਕਲਿਆਣ ਵਿਰੋਧੀ ਸੁੰਦਰਤਾ ਤੋਂ ਸਾਨੂੰ ਸੁਚੇਤ ਕਰਦੇ ਹਨ।

ਜੇ ਸੁੰਦਰਤਾ ਪ੍ਰਭੂ-ਪ੍ਰਾਪਤੀ ਦਾ ਹੀ ਪੱਖ ਹੈ ਤਾਂ ਅਵੱਸ਼ ਹੀ ਅਜਿਹੇ ਤੱਤ ਕੁਸੁਹਣੇ ਹਨ ਜਿਹੜੇ ਸਾਨੂੰ ਪਰਮ ਮਨੋਰਥ ਤੋਂ ਦੂਰ ਲੈ ਜਾਂਦੇ ਹਨ।

ਮਾਲ ਕੈ ਮਾਣੈ ਰੂਪ ਕੀ ਸੋਭਾ
ਇਤੁ ਬਿਧੀ ਜਨਮ ਗਵਾਇਆ

(ਸਿਰੀ 27, ਪੰਨਾ 24)

ਜੇ (ਬੇਈਮਾਨੀਆਂ ਕਰ ਕੇ ਇਕੱਠੇ ਕੀਤੇ ਹੋਏ) ਧਨ ਦੇ ਅਹੰਕਾਰ ਵਿਚ ਟਿਕੇ ਰਹੇ, ਜੇ (ਕਾਮਾਤਰੁ ਹੋ ਕੇ) ਰੂਪ ਦੀ ਸੋਭਾ ਵਿਚ (ਮਨ ਜੁੜਿਆ ਰਿਹਾ) ਤਾਂ (ਬਾਹਰੋਂ ਮਜ਼ਹਬ ਦੀਆਂ ਗੱਲਾ ਕੁੱਝ ਨਹੀਂ ਸਵਾਰ ਸਕਦੀਆਂ) ਇਸ ਤਰ੍ਹਾਂ ਮਨੁੱਖਾ ਜਨਮ ਅਜਾਈਂ ਚਲਾ ਜਾਂਦਾ ਹੈ।

ਇਹਨਾਂ ਤੁਕਾਂ ਦੇ ਅਰਥਾ ਬਾਰੇ ਮੇਰਾ ਪ੍ਰੋ. ਸਾਹਿਬ ਸਿੰਘ ਜੀ ਨਾਲ ਸਤਿਕਾਰ ਸਹਿਤ ਮੱਤਭੇਦ ਹੈ। (ਬੇਈਮਾਨੀਆਂ ਕਰਕੇ), (ਕਾਮਾਤੁਰ ਹੋ ਕੇ) (ਬਾਹਰੋਂ ਮਜ਼ਹਬ ਦੀਆਂ ਗੱਲਾਂ ਕੁਝ ਨਹੀਂ ਸਵਾਰ ਸਕਦੀਆਂ) ਬੇਲੋੜੀ ਵਿਆਖਿਆ ਹੈ ਜਿਸ ਨਾਲ ਸ਼ਬਦ ਦਾ ਪ੍ਰਭਾਵ ਕਮਜ਼ੋਰ ਹੋ ਜਾਂਦਾ ਹੈ। ਇਸ ਸ਼ਬਦ ਵਿਚ 'ਤੀਹ ਕਰਿ ਰੱਖੇ, ਪੰਜਿ ਕਰਿ ਸਾਥੀ, ਨਾਉ ਸ਼ੈਤਾਨੁ ਮਤੁ ਕਟਿ ਜਾਇ' ਅਤੇ 'ਮਤੁ ਜਾਣ ਸਹਿ ਗਲੀ ਪਾਇਆ' ਵੀ ਤੁਕਾਂ ਹਨ, ਜਿਹੜੀਆਂ ਸਮਕਾਲੀ ਮੁਸਲਮਾਨ ਹੁਕਮਰਾਨ ਦੀ ਆਦਤ ਵੱਲ ਇਸ਼ਾਰਾ ਕਰਦੀਆਂ ਹਨ। ਉਹ ਆਪਣੇ ਧਰਮ ਦੀ ਬਰਤਰੀ ਦੀ ਰੱਟ ਲਾਈ ਰੱਖਦਾ ਹੈ ਜਿਵੇਂ ਕਿ ਹਰ ਹੁਕਮਰਾਨ ਕਰਦਾ ਹੁੰਦਾ ਹੈ। ਵਿਸ਼ੇਸ਼ਯ (particular) ਵਿਆਖਿਆ ਤੋਂ ਬਾਦ ਹੀ ਸਾਮਾਨਯ (universal) ਅਰਥਾਂ ਵੱਲ ਧਿਆਨ ਦਿੱਤਾ ਜਾ ਸਕਦਾ ਹੈ। ਇਹ ਸ਼ਬਦ ਪਹਿਲਾਂ ਮੁਸਲਮਾਨ ਹਾਕਮ ਦੇ ਸੁਭਾਉ 'ਮਾਲ ਕੈ ਮਾਣੈ' 'ਰੂਪ ਕੀ ਸੋਭਾ' ਦਾ ਵਰਣਨ ਕਰਦਾ ਹੈ ਅਤੇ ਫੇਰ ਸਮੁੱਚੇ ਮਨੁੱਖ ਦਾ। ਇਤਿਹਾਸਿਕ ਪ੍ਰਸੰਗ ਵਿਚ ਇਹ ਤੁਕਾਂ ਹੋਰ ਵੀ ਅਰਥਸ਼ਾਲੀ ਹੋ ਜਾਂਦੀਆਂ ਹਨ।[3] ਪਰ ਸਾਧਾਰਨ ਰੂਪ ਵਿਚ ਵੀ 'ਜੇ...ਧਨ ਦੇ ਅਹੰਕਾਰ ਵਿਚ ਟਿਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੇ, 'ਜੇ...ਰੂਪ ਦੀ ਸੋਭਾ ਵਿਚ, ਮਨ ਜੁੜਿਆ ਰਿਹਾ, ਤਾਂ ਮਨੁੱਖਾ ਜਨਮ ਅਜਾਈਂ ਚਲਾ ਜਾਂਦਾ ਹੈ।'

ਬਿਨੁ ਪਿਰ ਧਨ ਸੀਗਾਰੀਐ
ਜੋਬਨੁ ਬਾਦਿ ਖੁਆਰੁ
ਨਾ ਮਾਣੇ ਸੁਖਿ ਸੇਜੜੀ
ਬਿਨੁ ਪਿਰ ਬਾਦਿ ਸੀਗਾਰੁ
ਦੂਖੁ ਘਣੋ ਦੋਹਾਗਣੀ
ਨਾ ਘਰਿ ਸੇਜ ਭਤਾਰੁ

(ਸਿਰੀ ਅਸ਼ਟ 9, ਪੰਨਾ 58)

(ਜੇ ਇਸਤ੍ਰੀ ਗਹਣਿਆਂ ਆਦਿਕ ਨਾਲ) ਆਪਣੇ ਆਪ ਨੂੰ ਸਜਾ ਲਏ, ਪਰ ਉਸ ਨੂੰ ਪਤੀ ਨਾ ਮਿਲੇ, ਤਾਂ ਉਸ ਦੀ ਜੁਆਨੀ ਵਿਅਰਥ ਜਾਂਦੀ ਹੈ, ਉਸ ਦੀ ਆਤਮਾ ਭੀ ਦੁਖੀ ਹੁੰਦੀ ਹੈ, ਕਿਉਂਕਿ ਉਹ ਆਨੰਦ ਨਾਲ ਪਤੀ ਦੀ ਸੋਹਣੀ ਸੇਜ ਮਾਣ ਨਹੀਂ ਸਕਦੀ, ਪਤੀ-ਮਿਲਾਪ ਤੋਂ ਬਿਨਾਂ ਉਸ ਦਾ ਸ਼ਿੰਗਾਰ ਵਿਅਰਥ ਜਾਂਦਾ ਹੈ। ਉਸੇ ਭਾਗ-ਹੀਣ ਇਸਤ੍ਰੀ ਨੂੰ ਬਹੁਤ ਦੁੱਖ ਵਿਆਪਦਾ ਹੈ, ਉਸ ਦੇ ਘਰ ਵਿਚ ਸੇਜ ਦਾ ਮਾਲਕ ਖਸਮ ਨਹੀਂ ਆਉਂਦਾ (ਜੀਵ-ਇਸਤ੍ਰੀ ਦੇ ਸਾਰੇ ਬਾਹਰ-ਮੁਖੀ ਧਾਰਮਿਕ ਉੱਦਮ ਵਿਅਰਥ ਜਾਂਦੇ ਹਨ, ਜੇ ਹਿਰਦੇ ਸੇਜ ਦਾ ਮਾਲਕ-ਪ੍ਰਭੂ ਹਿਰਦੇ ਵਿਚ ਪਰਗਟ ਨਾਹ ਹੋਵੇ)।

ਮੇਰੇ ਤੁਛ ਖਿਆਲ ਅਨੁਸਾਰ ਇੱਥੇ ਵੀ ਪ੍ਰੋ. ਸਾਹਿਬ ਸਿੰਘ ਜੀ ਦੀ ਵਿਆਖਿਆ ਵਿਚ ਉਕਾਈ ਰਹਿ ਗਈ ਹੈ, ਜਿਸ ਨਾਲ ਦਲੀਲ ਹੀ ਬਦਲ ਜਾਂਦੀ ਹੈ; ਉਹਨਾਂ ਅਨੁਸਾਰ ਇਸਤ੍ਰੀ ਦਾ ਸ਼ਿੰਗਾਰ ਤਾਂ ਠੀਕ ਸੀ ਪਰ ਦੁੱਖ ਪਤੀ-ਮਿਲਾਪ ਤੋਂ ਵਾਂਝੇ ਰਹਿਣ ਕਰਕੇ ਹੋਇਆ ਅਰਥਾਤ ਪ੍ਰਕਿਰਿਆ (process) ਵਿਚ ਖੜੋਤ ਆਉਣੀ ਗਲਤ ਸੀ। ਦਰਅਸਲ ਤੁਕ ਦੇ ਅਰਥ ਹਨ ਕਿ ਜੇ ਕੋਈ ਪ੍ਰਕਿਰਿਆ ਨੂੰ ਭੁੱਲ ਕੇ ਸੁੰਦਰਤਾ ਵਿਚ ਰੁਝਿਆ ਰਹੇ ਤਾਂ ਇਹ ਮਾਨਸਿਕ ਖ਼ਰਾਬੀ ਬਣ ਜਾਂਦੀ ਹੈ। ਅਰਥਾਤ ਇਸਤ੍ਰੀ ਪਤੀ ਦੇ ਨਾ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਸਿੰਗਾਰੇ ਤਾਂ ਉਸ ਦੀ ਜੁਆਨੀ ਉਸ ਨੂੰ ਹੋਰ ਵੀ ਖੁਆਰ ਕਰਦੀ ਹੈ।

ਸੁਤੰਤਰ ਸੁੰਦਰਤਾ ਦਾ ਖਿਆਲ ਹੀ ਮਨੁੱਖ ਨੂੰ ਅਜ਼ਾਬ ਵਿਚ ਪਾਉਣ ਵਾਲਾ ਹੈ। ਉਦੇਸ਼ਾਂ ਨੂੰ ਭੁਲਾ ਕੇ ਸੁਤੰਤਰ ਸੁੰਦਰਤਾ ਨੂੰ ਲੋਚਣ ਨਾਲ ਕੇਵਲ ਦੁੱਖ ਦਾ ਅਨੁਭਵ ਰਹਿ ਜਾਂਦਾ ਹੈ ਜਿਵੇਂ ਕਿ ਅਜੋਕੀ ਯੂਰਪੀ ਕਲਾ ਤੋਂ ਪ੍ਰਤੱਖ ਹੈ। ਐਨ ਇਸ ਗੱਲ ਨੂੰ ਗੁਰੂ ਨਾਨਕ ਸਾਹਿਬ ਵਾਜ਼ਿਹ ਤਰੀਕੇ ਨਾਲ ਕਹਿੰਦੇ ਹਨ।

ਅੰਤਰਿ ਸਹਸਾ ਬਾਹਰਿ ਮਾਇਆ
ਨੈਣੀ ਲਾਗਸਿ ਬਾਣੀ

(ਰਾਮਕਲੀ 2, ਪੰਨਾ 877)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇ ਜੀਵ ਜਿਤਨਾ ਚਿਰ ਤੇਰੀਆਂ ਅੱਖਾਂ ਵਿਚ ਬਾਹਰਲੀ (ਦਿਸਦੀ) ਮਾਇਆ ਦੀ ਸੁੰਦਰਤਾ ਖਿਚ ਪਾ ਰਹੀ ਹੈ ਤੇਰੇ ਅੰਦਰ ਸਹਿਮ ਬਣਿਆ ਰਹੇਗਾ ਅਤੇ ਤੂੰ ਸਦਾ ਦੁੱਖੀ ਰਹੇਗੀ।

ਇਸ ਤੁਕ ਦੀ ਵਿਆਖਿਆ ਦੁਹਰਾਉਣਯੋਗ ਹੈ। ਪ੍ਰੋ. ਸਾਹਿਬ ਸਿੰਘ ਜੀ ਦੇ ਹੀ ਸ਼ਬਦਾਂ ਵਿਚ 'ਜਿਤਨਾ ਚਿਰ...ਬਾਹਰਲੀ ਮਾਇਆ ਦੀ ਸੁੰਦਰਤਾ ਖਿੱਚ ਪਾ ਰਹੀ ਹੈ ਤੇਰੇ ਅੰਦਰ ਸਹਿਮ ਬਣਿਆ ਰਹੇਗਾ ਅਤੇ ਤੂੰ...ਦੁੱਖੀ ਰਹੇਂਗਾ। ਅਜਿਹੀ ਸੁੰਦਰਤਾ ਮਨੁੱਖ ਦੀ ਵੈਰਣ ਹੁੰਦੀ ਹੈ।

ਰਾਜੰ ਰੰਗੰ ਰੂਪੰ ਮਾਲੰ
ਜੋਬਨੁ ਤੇ ਜੂਆਰੀ
ਹੁਕਮੀ ਬਾਧੇ ਪਾਸੈ ਖੇਲਹਿ
ਚਉਪੜਿ ਏਕਾ ਸਾਰੀ

(ਮਾਰੂ ਕਾਫੀ ਅਸ਼ਟ 11, ਪੰਨਾ 1015)

ਜੇਹੜੇ ਬੰਦੇ ਰਾਜ, ਰੰਗ-ਤਮਾਸ਼ੇ, ਰੂਪ, ਮਾਲ-ਧਨ ਤੇ ਜਵਾਨੀ—ਸਿਰਫ ਇਹੀ ਵਿਹਾਝਦੇ ਰਹਿੰਦੇ ਹਨ, ਉਹਨਾਂ ਨੂੰ ਜੂਆਰੀਏ ਸਮਝੋ। (ਪਰ ਉਹਨਾਂ ਦੇ ਭੀ ਕੀ ਵੱਸ ?) ਪ੍ਰਭੂ ਦੇ ਹੁਕਮ ਵਿਚ ਬੱਝੇ ਹੋਏ ਉਹ (ਮਾਇਕ ਪਦਾਰਥਾਂ ਦੀ) ਚਉਪੜ ਦੀ ਖੇਡ ਖੇਡਦੇ ਰਹਿੰਦੇ ਹਨ, ਇਕੋ ਮਾਇਆ ਦੀ ਤ੍ਰਿਸ਼ਨਾਂ ਹੀ ਉਹਨਾਂ ਦੀ ਨਰਦ ਹੈ।

ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ
ਪਰ ਪਿਰ ਰਾਤੀ ਖਸਮੁ ਵੀਸਾਰਾ
ਜਿਉ ਬੇਸੁਆ ਪੂਤ ਬਾਪ ਕੋ ਕਹੀਐ
ਤਿਉ ਫੋਕਟ ਕਾਰ ਵਿਕਾਰਾ ਹੇ।

(ਮਾਰੂ ਸੋਹਲੇ 9, ਪੰਨਾ 1028)

ਜੇਹੜੀ ਇਸਤ੍ਰੀ ਪਤੀ ਤੋਂ ਵਿਛੜੀ ਹੋਈ ਹੋਵੇ ਉਸ ਦਾ ਹਾਰ ਸ਼ਿੰਗਾਰ ਕਿਸ ਅਰਥ ? ਉਸ ਨੇ ਤਾਂ ਆਪਣਾ ਖ਼ਸਮ ਵਿਸਾਰ ਰੱਖਿਆ ਹੈ ਤੇ ਉਹ ਪਰਾਏ ਮਰਦ ਨਾਲ ਰੰਗ-ਰਲੀਆਂ ਮਾਣਦੀ ਹੈ। (ਇਹ ਹਾਰ ਸਿੰਗਾਰ ਉਸ ਨੂੰ ਹੋਰ ਹੋਰ ਨਰਕ ਵਿਚ ਪਾਂਦਾ ਹੈ) ਜਿਵੇਂ ਕਿਸੇ ਵੇਸੁਆ ਦੇ ਪੁੱਤਰ ਦੇ ਪਿਉ ਦਾ ਨਾਮ ਨਹੀਂ ਦੱਸਿਆ ਜਾ ਸਕਦਾ ਹੈ (ਉਹ ਜਗਤ ਵਿਚ ਹਾਸੋ-ਹੀਣਾ ਹੀ ਹੁੰਦਾ ਹੈ, ਇਸੇ ਤਰ੍ਹਾਂ ਪਤੀ-ਪ੍ਰਭੂ ਤੋਂ ਵਿਛੜੀ ਜੀਵ ਇਸਤ੍ਰੀ ਦੇ) ਹੋਰ ਹੋਰ ਕਰਮ ਫੋਕੇ ਤੇ ਵਿਕਾਰ ਹੀ ਹਨ (ਇਹਨਾਂ ਵਿਚੋਂ ਨਮੋਸ਼ੀ ਹੀ ਮਿਲਦੀ ਹੈ)।

ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੇ ਤਾਪੈ
ਕਾਪਰੁ ਅੰਗਿ ਨ ਸੁਹਾਈ

(ਮਲਾਰ ਅਸ਼ਟ 3, ਪੰਨਾ 1274)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇ ਮਾਂ, ਹੁਣ ਮੈਂ ਮਹਿਸੂਸ ਕਰਦੀ ਹਾਂ ਕਿ (ਪਿਆਰ ਪ੍ਰਭੂ-ਪਤੀ ਤੋਂ ਬਿਨਾਂ ਮੈਂ ਜਿਤਨਾ ਭੀ ਸ਼ਿੰਗਾਰ ਕਰਦੀ ਹਾਂ ਉਹਨਾਂ ਹੀ (ਵਧੀਕ) ਮੇਰਾ ਸਰੀਰ (ਸੁਖੀ ਹੋਣ ਦੀ ਥਾਂ) ਤਪਦਾ ਹੈ। (ਚੰਗੇ ਤੋਂ ਚੰਗਾ ਭੀ) ਕਪੜਾ (ਮੈਨੂੰ ਆਪਣੇ) ਸਰੀਰ ਉੱਤੇ ਸੁਖਾਂਦਾ ਨਹੀਂ ਹੈ।

ਸੋ ਬਾਬੇ ਨਾਨਕ ਅਨੁਸਾਰ ਸੁੰਦਰਤਾ ਪ੍ਰਭੂ-ਪ੍ਰਾਪਤੀ ਦਾ ਪੱਖ ਹੈ। ਜਿਹੜੀ ਸੁੰਦਰਤਾ ਪ੍ਰਭੂ-ਪ੍ਰਾਪਤੀ ਦੀ ਪ੍ਰਕਿਰਿਆ ਵਿਚ ਹਿੱਸਾ ਨਹੀਂ ਪਾਉਂਦੀ ਉਹ ਮਨੁੱਖ ਨੂੰ ਦੁੱਖ ਦਿੰਦੀ ਹੈ। ਸੁਤੰਤਰ ਸੁੰਦਰਤਾ ਦਾ ਚਿੰਤਨ ਹੀ ਆਤਮਿਕ ਤੌਰ ਤੇ ਹਾਨੀਕਾਰਕ ਹੈ।

9. ਪੰਥ ਸੁਹਣਾ ਹੈ

ਪ੍ਰਭੂ-ਪ੍ਰਾਪਤੀ ਕੋਈ ਆਸਾਨ ਕੰਮ ਨਹੀਂ ਹੈ। ਇਸ ਲਈ ਆਚਾਰਿਕ ਉੱਦਮ ਅਤੇ ਸਾਧ ਸੰਗਤ ਦੀ ਲੋੜ ਹੈ। ਇਹ ਅਜਿਹੀ ਕਿਰਿਆ ਹੈ ਜਿਸ ਦਾ ਲੋੜੀਂਦਾ ਅੰਤ ਵਾਹਿਗੁਰੂ ਦੀ ਨਦਰ ਨਾਲ ਹੁੰਦਾ ਹੈ।

ਪ੍ਰਭੂ-ਪ੍ਰਾਪਤੀ ਦੇ ਕੋਈ ਸਾਧਨ ਹਨ ਅਤੇ ਮਨੁੱਖ ਲਈ ਇਹਨਾਂ ਸਾਧਨਾਂ ਨੂੰ ਅਪਨਾਉਣਾ ਜ਼ਰੂਰੀ ਹੈ। ਇਸ ਦੇ ਨਾਲ ਇਕ ਹੋਰ ਮਹੱਤਵਪੂਰਨ ਗੱਲ ਜੁੜੀ ਹੋਈ ਹੈ। ਸਾਧਨ ਅਤੇ ਉੱਦੇਸ਼ ਦਾ ਤਰਕਸ਼ਾਲੀ ਸਬੰਧ ਨਹੀਂ ਹੁੰਦਾ। ਵਿਅਕਤੀ ਕੇਵਲ ਤਰਕ ਦੇ ਸਹਾਰੇ ਹੀ ਉੱਦਮ ਨਹੀਂ ਕਰ ਸਕਦਾ ਹੈ। ਕਿਸੇ ਉੱਦਮ ਪਿੱਛੇ ਭਾਵੁਕ ਸ਼ਕਤੀ ਹੋਣੀ ਜ਼ਰੂਰੀ ਹੈ ਜਿਵੇਂ ਕਿ ਪ੍ਰਭੂ-ਪ੍ਰਾਪਤੀ ਦੇ ਉੱਦਮ ਵਾਸਤੇ ਅਸਤਿਤਵ ਦਾ ਤਾਪ (fever of existence) ਹੁੰਦਾ ਹੈ।

ਮਨੁੱਖ ਦੀਆਂ ਭਾਵਨਾਵਾਂ ਦੀ ਵਿਸ਼ੇਸ਼ਤਾ ਹੈ ਕਿ ਇਹ ਸਾਂਝੀਆਂ ਹੁੰਦੀਆਂ ਹਨ। ਚਾਹੇ ਭਾਵ ਨਿੱਜੀ ਪ੍ਰਤੀਤ ਹੁੰਦੇ ਹਨ ਪਰ ਇਹਨਾਂ ਦਾ ਮੂਲ ਸਾਂਝੇ ਜੀਵਨ ਵਿਚ ਹੈ। ਕਿਸੇ ਉੱਦਮ ਲਈ ਲੋੜੀਂਦੀ ਭਾਵੁਕ ਸ਼ਕਤੀ ਦੀ ਸਾਂਝੀਂ ਭੋਂਇ ਰੁਝੇਵਿਆਂ, ਸੰਸਿਆ, ਚਿਤਾਵਾਂ, ਆਸਾਂ, ਮੁਰਾਦਾਂ ਅਤੇ ਯਤਨਾਂ ਵਾਲੀ ਹੁੰਦੀ ਹੈ। ਵਿਅਕਤੀਗਤ ਕੋਸ਼ਿਸ਼ ਲਈ ਵੀ ਦੂਸਰਿਆਂ ਦੇ ਭਾਵੁਕ ਸਮਰਥਨ ਦੀ ਲੋੜ ਪੈਂਦੀ ਹੈ।

ਗੁਰੂ ਨਾਨਕ ਸਾਹਿਬ ਅਨੁਸਾਰ ਪ੍ਰਭੂ-ਪ੍ਰਾਪਤੀ ਲਈ ਗੁਰਮੁਖ ਹੋਣਾ ਜ਼ਰੂਰੀ ਹੈ ਉਹ ਸਾਧ ਸੰਗਤ 'ਚ ਰਲਿਆ ਗੁਰੂ ਦੇ ਦੁਆਰੇ ਆਉਂਦਾ ਹੈ। ਬਾਬੇ ਨਾਨਕ ਨੂੰ ਪੰਥ ਵਰਗੀਆਂ ਹੋਰ ਕੋਈ ਸਮਕਾਲੀ ਸੰਸਥਾਵਾਂ ਨਜ਼ਰ ਆਉਂਦੀਆਂ ਸਨ। ਇਹ ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ ਪ੍ਰਭੂ-ਪ੍ਰਾਪਤੀ ਦੇ ਯੋਗ ਨਹੀਂ ਸਨ। ਨਾ ਹੀ ਇਹਨਾਂ ਦੇ ਦਰਸ਼ਨਾਂ ਦਾ ਕੋਈ ਮੁੱਲ ਸੀ।

ਪੀਪਾ ਪੂਜ ਪੂਜ ਜਗ ਖੀਨਾ
ਕੋ ਪਾਥਰ ਕੋ ਪਾਣੀ[4]

ਬਾਬੇ ਨਾਨਕ ਲਈ ਪ੍ਰਭੂ-ਪ੍ਰਾਪਤੀ ਦੀ ਸ਼ਰੋਮਣੀ ਸੰਸਥਾ ਸਿੱਖ ਪੰਥ ਹੈ ਅਤੇ ਪੰਥ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਨੀਆਂ ਦੀ ਸਭ ਤੋਂ ਸੁੰਦਰ ਚੀਜ਼ ਹੈ। ਇਸੇ ਕਰਕੇ ਬਾਬਾ ਨਾਨਕ ਨੇ ਪੰਥ ਦੇ ਮੁੱਖੀ ਅਰਥਾਤ ਗੁਰੂ ਦੀ ਸਭ ਤੋਂ ਜ਼ਿਆਦਾ ਵਾਹ ਵਾਹ ਕੀਤੀ ਹੈ ਅਤੇ ਇੰਨੀ ਵਾਹ ਵਾਹ ਉਹਨਾਂ ਹੋਰ ਕਿਸੇ ਚੀਜ਼ ਦੀ ਨਹੀਂ ਕੀਤੀ। ਉਹਨਾਂ ਦੀ ਬਾਣੀ ਇਸ ਗੱਲ ਦੀ ਗਵਾਹ ਹੈ।

ਹਠੁ ਕਰਿ ਮਰੈ ਨ ਲੇਖੈ ਪਾਵੈ
ਵੇਸ ਕਰੈ ਬਹੁ ਭਸਮ ਲਗਾਵੈ
ਨਾਮੁ ਵਿਸਾਰ ਬਹੁਰਿ ਪਛੁਤਾਵੈ। 1।
ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ
ਨਾਮੁ ਬਿਸਾਰਿ ਸਹਹਿ ਜਮ ਦੂਖ (ਰਹਾਉ)
ਚੋਆ ਚੰਦਨ ਅਗਰ ਕਪੂਰਿ
ਮਾਇਆ ਮਗਨੁ ਪਰਮ ਪਦੁ ਦੂਰਿ
ਨਾਮਿ ਬਿਸਾਰਿਐ ਸਭੁ ਕੂੜੋ ਕੂਰਿ। 2।
ਨੇਜੇ ਵਾਜੇ ਤਖਤਿ ਸਲਾਮੁ
ਅਧਕੀ ਤ੍ਰਿਸ਼ਨਾ ਵਿਆਪੈ ਕਾਮੁ
ਬਿਨੁ ਹਰਿ ਜਾਚੇ ਭਗਤਿ ਨ ਨਾਮੁ। 3।
ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ
ਮਨੁ ਦੇ ਪਾਵਹਿ ਨਾਮੁ ਸੁਹੇਲਾ
ਦੂਜੈ ਭਾਇ ਅਗਿਆਨੁ ਦੁਹੇਲਾ। 4।
ਬਿਨੁ ਦਮ ਕੇ ਸਉਦਾ ਨਹੀ ਹਾਟ
ਬਿਨੁ ਬੋਹਿਥ ਸਾਗਰ ਨਹੀ ਵਾਟ
ਬਿਨੁ ਗੁਰ ਸੇਵੇ ਘਾਟੇ ਘਾਟਿ। 5।
ਤਿਸ ਕਾਉ ਵਾਹੁ ਵਾਹੁ ਜਿ ਮੇਲ ਮਿਲਾਵੈ
ਤਿਸ ਕਉ ਵਾਹੁ ਵਾਹੁ ਜਿ ਸ਼ਬਦ ਸੁਣਾਵੈ
ਤਿਸੁ ਕਉ ਵਾਹੁ ਵਾਹੁ ਜਿ ਸ਼ਬਦ ਸੁਣਾਵੈ। 6।
ਵਾਹੁ ਵਾਹੁ ਤਿਸ ਕਉ ਜਿਸ ਕਾ ਇਹੁ ਜੀਉ
ਗੁਰ ਸਬਦੀ ਮਥਿ ਅੰਮ੍ਰਿਤ ਪੀਉ
ਨਾਮ ਵਡਾਈ ਤੁਧੁ ਭਾਵੈ ਦੀਉ। 7।
ਨਾਮ ਬਿਨਾ ਕਿਉ ਜੀਵਾ ਮਾਇ
ਅਨਦਿਨੁ ਜਪਤੁ ਰਹਉ ਤੇਰੀ ਸਰਣਾਇ
ਨਾਨਕ ਨਾਮਿ ਰਤੇ ਪਤਿ ਪਾਇ। 8।

(ਗਉੜੀ ਅਸ਼ਟ 12, ਪੰਨਾ 226)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਹੇ ਭਾਈ) ਤੂੰ (ਆਪਣੇ) ਮਨ ਵਿਚ ਪ੍ਰਭੂ ਜੀ ਨੂੰ (ਵਸਾ ਲੈ, ਤੇ ਇਸ ਤਰ੍ਹਾਂ ਤੂੰ (ਆਪਣੇ) ਮਨ ਵਿਚ (ਆਤਮਕ) ਆਨੰਦ (ਮਾਣ) (ਚੇਤੇ ਰੱਖ) ਪਰਮਾਤਮਾ ਦੇ ਨਾਮ ਨੂੰ ਭੁਲਾ ਕੇ ਤੂੰ ਜਮਾਂ ਦਾ ਦੁੱਖ ਸਹਾਰੇਂਗਾ । 1 । ਰਹਾਉ ।

(ਜੇ ਮਨੁੱਖ ਮਨ ਦਾ ਹਠ ਕਰ ਕੇ ਧੂਣੀਆਂ ਆਦਿਕ ਤਪਾ ਕੇ) ਸਰੀਰਕ ਔਖ ਸਹਾਰਦਾ ਹੈ, ਤਾਂ ਉਸ ਦਾ ਇਹ ਕਸ਼ਟ ਸਹਾਰਨਾ ਕਿਸੇ ਗਿਣਤੀ ਵਿਚ ਨਹੀਂ ਗਿਣਿਆ ਜਾਂਦਾ । ਜੇ ਕੋਈ ਮਨੁੱਖ (ਪਿੰਡੇ ਉੱਤੇ) ਸੁਆਹ ਮਲਦਾ ਹੈ ਤੇ (ਜੋਗ ਆਦਿਕ ਦੇ ਲਈ) ਭੇਖ ਕਰਦਾ ਹੈ (ਇਹ ਭੀ ਵਿਅਰਥ ਜਾਂਦੇ ਹਨ)। ਪਰਮਾਤਮਾ ਦਾ ਨਾਮ ਭੁਲਾ ਕੇ ਉਹ ਅੰਤ ਨੂੰ ਪਛਤਾਂਦਾ ਹੈ ਕਿ ਇਹਨਾਂ ਉੱਦਮਾਂ ਵਿਚ ਵਿਅਰਥ ਜੀਵਨ ਗੁਆਇਆ । 1 ।

(ਦੂਜੇ ਪਾਸੇ ਜੇ ਕੋਈ ਮਨੁੱਖ) ਅਤਰ ਚੰਦਨ ਅਗਰ ਕਪੂਰ ਆਦਿਕ ਸੁਗੰਧੀਆਂ (ਦੇ ਵਰਤਣ) ਵਿਚ ਮਸਤ ਹੈ, ਮਾਇਆ ਦੇ ਮੋਹ ਵਿਚ ਮਸਤ ਹੈ, ਤਾਂ ਉੱਚੀ ਆਤਮਕ ਅਵਸਥਾ (ਉਸ ਤੋਂ ਭੀ) ਦੂਰ ਹੈ । ਜੇ ਪ੍ਰਭੂ ਦਾ ਨਾਮ ਭੁਲਾ ਦਿੱਤਾ ਜਾਏ ਤਾਂ ਇਹ ਸਾਰਾ (ਦੁਨੀਆਂ ਵਾਲੀ ਐਸ਼ ਭੀ) ਵਿਅਰਥ ਹੈ (ਸੁੱਖ ਨਹੀਂ ਮਿਲਦਾ, ਮਨੁੱਖ ਸੁੱਖ ਦੇ) ਵਿਅਰਥ ਜਤਨਾਂ (ਵਿਚ ਹੀ ਰਹਿੰਦਾ ਹੈ) । 2 ।

(ਜੇ ਕੋਈ ਮਨੁੱਖ ਰਾਜਾ ਭੀ ਬਣ ਜਾਏ) ਤਖਤ ਉੱਤੇ (ਬੈਠੇ ਹੋਏ ਨੂੰ) ਨੇਜ਼ਾਬਰਦਾਰ ਤੇ ਫੌਜੀ ਵਾਜੇ ਵਾਲੇ ਸਲਾਮ ਕਰਨ, ਤਾਂ ਭੀ ਮਾਇਆ ਦੀ ਤ੍ਰਿਸ਼ਨਾ ਹੀ ਵਧਦੀ ਹੈ, ਕਾਮ-ਵਾਸਣਾ ਜ਼ੋਰ ਪਾਂਦੀ ਹੈ (ਇਹਨਾਂ ਵਿਚ ਆਤਮਕ ਸੁੱਖ ਨਹੀਂ ਹੈ । ਸੁੱਖ ਹੈ ਕੇਵਲ ਪ੍ਰਭੂ ਦੇ ਨਾਮ ਵਿਚ ਭਗਤੀ ਵਿਚ) ਪਰ ਪ੍ਰਭੂ ਦੇ ਦਰ ਤੋਂ ਮੰਗਣ ਤੋਂ ਬਿਨਾਂ ਨਾਹ ਭਗਤੀ ਮਿਲਦੀ ਹੈ ਨਾਹ ਨਾਮ ਮਿਲਦਾ ਹੈ । 3 ।

ਵਿਦਿਆ ਦੇ ਬਲ ਨਾਲ ਧਾਰਮਿਕ ਪੁਸਤਕਾਂ ਦੀ ਚਰਚਾ ਦੇ ਝਗੜੇ ਵਿਚ (ਪਿਆ) (ਤੇ ਵਿਦਿਆ ਦੇ) ਅਹੰਕਾਰ ਵਿਚ (ਭੀ) ਪਰਮਾਤਮਾ ਦਾ ਮਿਲਾਪ ਨਹੀਂ ਹੁੰਦਾ । (ਹੇ ਭਾਈ) ਆਪਣਾ ਮਨ ਦੇ ਕੇ (ਹੀ, ਅਹੰਕਾਰ ਗਵਾ ਕੇ ਹੀ) ਸੁੱਖਾਂ ਦਾ ਸੋਮਾ ਪ੍ਰਭੂ-ਨਾਮ ਪ੍ਰਾਪਤ ਕਰੇਂਗਾ । (ਪ੍ਰਭੂ ਨੂੰ ਵਿਸਾਰ ਕੇ) ਹੋਰ ਹੋਰ ਪਿਆਰ ਵਿਚ ਰਿਹਾ ਤਾਂ ਦੁਖਦਾਈ ਅਗਿਆਨ ਹੀ (ਵਧੇਗਾ) । 4 ।

ਜਿਵੇਂ ਰਾਸ-ਪੂੰਜੀ ਤੋਂ ਬਿਨਾਂ ਹੱਟੀ ਦਾ ਸੌਦਾ-ਸੂਤ ਨਹੀਂ ਆ ਸਕਦਾ, ਜਿਵੇਂ ਜਹਾਜ਼ ਤੋਂ ਬਿਨਾਂ ਸਮੁੰਦਰ ਦਾ ਸਫਰ ਨਹੀਂ ਹੋ ਸਕਦਾ, ਤਿਵੇਂ ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ (ਜੀਵਨ-ਸਫਰ ਇਕ ਆਤਮਕ ਰਾਸ-ਪੂੰਜੀ ਵੱਲੋਂ) ਘਾਟੇ ਹੀ ਘਾਟੇ ਵਿਚ ਰਹੀਦਾ ਹੈ । 5 ।

(ਹੇ ਭਾਈ) ਉਸ ਪੂਰੇ ਗੁਰੂ ਨੂੰ ਧੰਨ ਧੰਨ ਆਖ ਜਿਹੜਾ ਸਹੀ ਜੀਵਨ-ਰਸਤਾ ਵਖਾਉਂਦਾ ਹੈ ਜੇਹੜਾ ਪਰਮਾਤਮਾ ਦੀ ਸਿਫਤਿ-ਸਾਲਾਹ ਦਾ ਸ਼ਬਦ ਸੁਣਾਂਦਾ ਹੈ, ਤੇ (ਇਸ ਤਰ੍ਹਾਂ) ਜੇਹੜਾ ਪਰਮਾਤਮਾ ਦੇ ਮਲਾਪ ਵਿਚ ਮਿਲਾ ਦੇਂਦਾ ਹੈ । 6 ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਹੇ ਭਾਈ !) ਉਸ ਪਰਮਾਤਮਾ ਦੀ ਸਿਫਤਿ-ਸਾਲਾਹ ਕਰ ਜਿਸ ਦੀ (ਦਿੱਤੀ ਹੋਈ) ਇਹ ਜਿੰਦ ਹੈ। ਗੁਰੂ ਦੇ ਸ਼ਬਦ ਦੇ ਰਾਹੀਂ (ਪਰਮਾਤਮਾ ਦੇ ਗੁਣਾਂ ਨੂੰ) ਮੁੜ ਵਿਚਾਰ ਕੇ ਆਤਮਕ ਜੀਵਨ ਦੇਣ ਵਾਲਾ ਨਾਮ ਰਸ ਪੀ। ਉਹ ਪ੍ਰਭੂ ਤੈਨੂੰ ਆਪਣੀ ਰਜ਼ਾ ਵਿਚ ਨਾਮ ਜਪਣ ਦੀ ਵਡਿਆਈ ਦੇਵੇਗਾ। 7।

ਹੇ ਮੇਰੀ ਮਾਂ, ਪਰਮਾਤਮਾ ਦੇ ਨਾਮ ਤੋਂ ਬਿਨਾਂ ਮੈਂ (ਆਤਮਕ ਜੀਵਨ) ਜੀਊ ਨਹੀਂ ਸਕਦੀ।

ਹੇ ਪ੍ਰਭੂ ਮੈਂ ਤੇਰੀ ਸ਼ਰਨ ਆਇਆ ਹਾਂ (ਮਿਹਰ ਕਰ) ਮੈਂ ਦਿਨ ਰਾਤ ਤੇਰਾ ਹੀ ਨਾਮ ਜਪਦਾ ਰਹਾਂ।

ਹੇ ਨਾਨਕ ਜੇ ਪ੍ਰਭੂ ਦੇ ਨਾਮ-ਰੰਗ ਵਿਚ ਰੰਗੇ ਰਹੀਏ, ਤਾਂ (ਲੋਕ ਪਰਲੋਕ ਵਿਚ) ਇੱਜ਼ਤ ਮਿਲਦੀ ਹੈ। 9।

ਚੋਆ	=	ਅਤਰ	ਅਧਕੀ	=	ਬਹੁਤੀ
ਸੁਹੇਲਾ	=	ਸੁਖ ਦਾ ਘਰ	ਦੁਹੇਲਾ	=	ਦੁਖ ਦਾ ਘਰ
ਦਮ	=	ਧਨ	ਬੋਹਿਥ	=	ਜਹਾਜ਼
ਸਾਗਰ ਵਾਟ	=	ਸਮੁੰਦਰ ਦਾ ਸਫਰ	ਮਥਿ	=	ਰਿੜਕ ਕੇ
ਅਨਦਿਨੁ	=	ਹੋਰ ਰੋਜ਼	ਪਤਿ	=	ਇੱਜ਼ਤ

ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਕਈ ਮੂੱਲਾਂ ਜਾਂ ਕੀਮਤਾਂ ਨੂੰ ਰੱਦ ਕਰਦੇ ਹਨ। ਹਠ, ਭਸਮ, ਸੁਗੰਧੀਆਂ, ਮਾਇਆ, ਨੇਜੇ ਵਾਜੇ, ਵਾਦ ਅਹੰਕਾਰ ਵਿਚ ਕੁੱਝ ਨਹੀਂ ਹੈ। ਜੋਗ, ਤਪੱਸਿਆ, ਐਸ਼ ਇਸ਼ਰਤ, ਹੁਕਮਰਾਨੀ ਰੁਅਬ ਅਤੇ ਵਿਦਵਾਨੀ ਅਹੰਕਾਰ ਅਜਿਹੀਆਂ ਗੱਲਾਂ ਹਨ ਜਿਹਨਾਂ ਦਾ ਪ੍ਰਭੂ-ਪ੍ਰਾਪਤੀ ਨਾਲ ਵਿਰੋਧ ਹੈ। ਇਹਨਾਂ ਕੀਮਤਾਂ ਦੀ ਕੋਈ ਵੱਟਤ ਨਹੀਂ ਅਤੇ ਜਿਹਨਾਂ ਸੰਸਥਾਵਾਂ ਵਿਚ ਇਹ ਕੀਮਤਾਂ ਵਿਅਕਤ ਹੁੰਦੀਆਂ ਹਨ ਉਹ ਵੀ ਕਿਸੇ ਪ੍ਰਸੰਸਾਯੋਗ ਨਹੀਂ ਹਨ। ਇਹਨਾਂ ਦੇ ਮੁਕਾਬਲੇ ਵਿਚ ਪ੍ਰਭੂ ਦਾ ਨਾਮ ਹੈ। ਗੁਰੂ ਤੋਂ ਨਾਮ ਮਿਲਦਾ ਹੈ। ਗੁਰੂ ਹੀ ਪ੍ਰਭੂ-ਪ੍ਰਾਪਤੀ ਦਾ ਰਾਹ ਵਖਾਉਂਦਾ ਹੈ ਅਤੇ ਗੁਰੂ ਹੀ ਪਰਮਾਤਮਾ ਨਾਲ ਮੇਲ ਕਰਵਾ ਦਿੰਦਾ ਹੈ। ਇਸ ਕਰਕੇ ਬਾਬੇ ਨਾਨਕ ਨੇ ਗੁਰੂ ਦੀ ਸਭ ਤੋਂ ਜ਼ਿਆਦਾ ਮਹਿਮਾ ਕੀਤੀ ਹੈ। ਇੰਝ ਗੁਰੂ ਸੁੰਦਰਤਾ ਦਾ ਪੁੰਜ ਹੈ।

ਕਿਉਂਕਿ ਗੁਰੂ ਨਾਨਕ ਸਾਹਿਬ ਦਾ ਗੁਰੂ ਦੀ ਸੰਸਥਾ ਨੂੰ ਕਾਇਮ ਰੱਖਣ ਦਾ ਖਿਆਲ ਸੀ ਇਸ ਕਰਕੇ ਉਹਨਾਂ ਜਿੱਥੇ ਮਨੁੱਖੀ ਗੁਰੂ ਦੀ ਵਡਿਆਈ ਕੀਤੀ ਹੈ ਉੱਥੇ ਗੁਰੂ ਦੀ ਸੰਸਥਾ ਦੀ ਵੀ ਕੀਰਤੀ ਕੀਤੀ ਹੈ। ਤੀਜੇ ਪਾਤਸ਼ਾਹ ਸੰਸਥਾਈ ਗੁਰੂ ਦੀ ਮਹੱਤਾ ਨੂੰ 'ਇਸ ਜੁਗ ਕਾ ਧਰਮੁ ਪੜਹੁ ਤੁਮ ਭਾਈ' ਅਤੇ 'ਪੂਰਾ ਥਾਟੁ ਬਣਾਇਆ' ਵਿਚ ਦਰਸਾਉਂਦੇ ਹਨ।[5]

ਮਾਮੂਲੀ ਪੁਨਰ-ਉਸਾਰੀ (reconstruction) ਤੋਂ ਬਾਦ ਸਾਡੇ ਲਈ ਇਹ ਵੇਖਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਸ਼ਕਿਲ ਨਹੀਂ ਹੈ ਕਿ ਜਦੋਂ ਗੁਰਿਆਈ ਪੰਥ ਵਿਚ ਸਮਾ ਗਈ ਤਾਂ ਇਹ ਸਾਰੇ ਪੰਥ ਦੀ ਪ੍ਰਸ਼ੰਸਾ ਹੋ ਗਈ।

ਜਿਹੜੇ ਵਿਕਲਪ ਗੁਰੂ ਨਾਨਕ ਵਿਚ ਨਿਹਤ ਸਨ ਉਹ ਇਤਿਹਾਸ ਨੇ 18-ਵੀਂ ਸਦੀ ਵਿਚ ਸੁਤੇਸਿੱਧ ਕਰ ਦਿੱਤੇ। ਪੰਥ ਦੀ ਸੁੰਦਰਤਾ ਬੇਮਿਸਾਲ ਹੈ। 'ਖਾਲਸਾ ਸਰੂਪ, ਅਨੂਪ ਰੂਪ'। ਇਹੀ ਮੁਕਤੀ ਦਾ ਸਾਧਨਾ ਹੈ 'ਖ਼ਾਲਸੇ ਮੇ ਸਫਲ ਸੇਵ, ਕਰਤ ਹੈ ਸਕਲ ਦੇਵ, ਐਸੋ ਬਤਾਯੋ ਭੇਵ ਉਪਜਤ ਅਨੰਦ ਹੈ', 'ਜੀ ਖਾਲਸਾ ਸਰਨਿ ਦੁਆਰ, ਕਰੋ ਨਿਸਤਰੀਆ', ਖਾਲਸਾ ਬਿਸਾਰਿ ਕੇ ਉਧਾਰੁ ਕੀਉ ਚਾਹਤ ਹੈ, ਸੋ ਤੋ ਅਬ ਕਹੂ ਨਾਹਿ ਐਸੇ ਕਰਿ ਜਾਨੀਐ।' ਪੰਥ ਅਤੇ ਗੁਰੂ ਵਿਚ ਫਰਕ ਨਹੀਂ ਹੈ 'ਖਾਲਸ ਮੇਰੋ ਰੂਪ ਹੈ, ਹੌਂ ਖਾਲਸ ਕੇ ਪਾਸਿ/ਆਦਿ ਅੰਤਿ ਹੀ ਹੋਤ ਹੈ ਖਾਲਸ ਮੈ ਪ੍ਰਗਾਸ'।[6]

ਇੰਞ ਬਾਬੇ ਨਾਨਕ ਦਾ ਸੁੰਦਰਤਾ ਦਾ ਵਿਕਲਪ ਕਿਸੇ ਇੱਕਾ-ਦੁੱਕਾ ਗੱਲ, ਸ਼ੈਅ, ਕਿਰਤ ਕਰਮ, ਕਾਰਜ, ਸਾਧਨ, ਮੁੱਲ, ਪਰਿਣਾਮ, ਪ੍ਰਾਪਤੀ ਤਕ ਹੀ ਸੀਮਤ ਨਹੀਂ ਹੈ। ਇਸ ਵਿਚ ਸੰਸਥਾ ਦਾ ਦਖ਼ਲ ਹੈ ਜਿਹੜੀ ਪ੍ਰਭੂ-ਪ੍ਰਾਪਤੀ ਦੇ ਆਦਰਸ਼ ਤਕ ਸਾਕਾਰ ਕਰਦੀ ਹੈ। ਸਾਨੂੰ ਪੰਥ ਵਿਚ ਪਰਬਲ ਸੁੰਦਰਤਾ ਦੀ ਹੋਂਦ ਪ੍ਰਤੀਤ ਹੁੰਦੀ ਹੈ। ਪੰਥ ਨਾਲ ਸਬੰਧਿਤ ਹੋਣ ਕਾਰਣ ਸੁੰਦਰਤਾ ਦੇ ਵਿਕਲਪ ਵਿਚ ਇਤਿਹਾਸ, ਸਮਾਜ, ਅਤੇ ਭਵਿੱਖ ਵੀ ਆ ਜਾਂਦਾ ਹੈ।

10. ਕਈਆਂ ਦੀ ਸੁੰਦਰਤਾ ਦੀ ਸੋਝੀ ਹੀ ਖਤਮ ਹੋ ਜਾਂਦੀ ਹੈ

ਗੁਰੂ ਨਾਨਕ ਸਾਹਿਬ ਅਨੁਸਾਰ ਪੰਥ ਸਭ ਤੋਂ ਸੋਹਣੀ ਚੀਜ਼ ਹੈ ਅਤੇ ਇਹਦੇ ਵਾਲੀ ਸੁੰਦਰਤਾ ਦੁਨੀਆਂ ਵਿਚ ਹੋਰ ਕਿਸੇ ਥਾਂ ਨਹੀਂ ਮਿਲਦੀ। ਤਰਕ ਅਨੁਸਾਰ ਅਸੀਂ ਇਹਦੇ ਪ੍ਰਤੀਪੱਖ (opposite) ਦੀ ਕਲਪਨਾ ਕਰ ਸਕਦੇ ਹਾਂ।

ਜਿਹੜੇ ਆਦਮੀ ਪੰਥ ਦੇ ਨਿੰਦਕ ਹਨ ਅਤੇ ਪੰਥਕ ਉੱਦੇਸ਼ ਅਰਥਾਤ ਪ੍ਰਭੂ-ਪ੍ਰਾਪਤੀ ਦੇ ਦੁਸ਼ਮਣ ਹਨ, ਜਿਹੜੇ ਕਿਸੇ ਮਹਾਨ ਸੰਸਥਾ ਵਿਚ ਸ਼ਾਮਿਲ ਹੋਣ ਦੇ ਯੋਗ ਨਹੀਂ ਅਤੇ ਆਪਣੇ ਜੀਵਨ ਨੂੰ ਕਿਸੇ ਮਿਸ਼ਨ (mission) ਲਈ ਸਮਰਪਣ ਕਰਨ ਤੋਂ ਅਸਮਰੱਥ ਹਨ, ਉਹਨਾਂ ਦਾ ਕੀ ਹਾਲ ਹੈ? ਉਹਨਾਂ ਵਿਚ ਸੁੰਦਰਤਾ ਰਹਿ ਸਕਦੀ ਹੈ? ਕੀ ਉਹਨਾਂ ਵਿਚ ਸੁੰਦਰਤਾ ਦੀ ਸੂਝ ਹੁੰਦੀ ਹੈ? ਗੁਰੂ ਸਾਹਿਬ ਅਜਿਹੇ ਮਨੁੱਖ ਦਾ ਵਰਣਨ ਕਰਦੇ ਹਨ।

ਮਨਹੁ ਜਿ ਅੰਧੇ ਘੂਪ ਕਹਿਆ
ਬਿਰਦ ਨ ਜਾਣਨੀ
ਮਨਿ ਅੰਧੇ ਉਂਧੈ ਕਵਲਿ
ਦਿਸਨਿ ਖਰੇ ਕਰੂਪ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਕ ਕਹਿ ਜਾਣਨਿ ਕਹਿਆ ਬੁਝਨਿ
ਤੇ ਨਰ ਸੁਘੜ ਸਰੂਪ
ਇਕਨਾ ਨਾਦੁ ਨ ਬੇਦੁ ਨ ਗੀਅ ਰਸ
ਰਸੁ ਕਸੁ ਨ ਜਾਣੰਤਿ
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ
ਅਖਰ ਕਾ ਭੇਉ ਨ ਲਹੰਤਿ
ਨਾਨਕ ਤੇ ਨਰ ਅਸਲਿ ਖਰ
ਜੋ ਬਿਨੁ ਗੁਣ ਗਰਬੁ ਕਰੰਤ

(ਸਲੋਕ ਵਾਰਾਂ ਤੇ ਵਧੀਕ 15, ਪੰਨਾ 1411)

ਹੇ ਭਾਈ ਜਿਹੜੇ ਮਨੁੱਖ ਮਨੋਂ ਘੁੱਪ ਅੰਨ੍ਹੇ ਹਨ (ਪੁੱਜ ਕੇ ਮੂਰਖ ਹਨ) ਉਹ ਦੱਸਿਆਂ ਭੀ (ਇਨਸਾਨੀ) ਫਰਜ਼ ਨਹੀਂ ਜਾਣਦੇ। ਮਨ ਅੰਨ੍ਹਾ ਹੋਣ ਕਰਕੇ, ਹਿਰਦਾ ਕੰਵਲ (ਧਰਮ ਵੱਲੋਂ) ਉਲਟਿਆ ਹੋਣ ਦੇ ਕਾਰਣ ਉਹ ਬੰਦੇ ਬਹੁਤ ਕੋਝੇ (ਕੋਝੇ ਜੀਵਨ ਵਾਲੇ) ਲਗਦੇ ਹਨ। ਕਈ ਮਨੁੱਖ ਐਸੇ ਹੁੰਦੇ ਹਨ ਜੋ (ਆਪ) ਗੱਲ ਕਰਨੀ ਭੀ ਜਾਣਦੇ ਹਨ, ਤੇ ਕਿਸੇ ਦੀ ਆਖੀ ਸਮਝਦੇ ਭੀ ਹਨ, ਉਹ ਮਨੁੱਖ ਸੁਚੱਜੇ ਤੇ ਸੋਹਣੇ ਜਾਪਦੇ ਹਨ।

ਕਈ ਬੰਦਿਆਂ ਨੂੰ ਨਾਹ ਜੋਗੀਆਂ ਦੇ ਨਾਦ ਦਾ ਰਸ, ਨਾਹ ਵੇਦ ਦਾ ਸ਼ੌਕ, ਨਾਹ ਰਾਗ ਦੀ ਖਿਚ, (ਕਿਸੇ ਤਰ੍ਹਾਂ ਦੇ ਕੋਮਲ ਉਨਰ ਵਲ ਰੁਚੀ ਨਹੀਂ ਹੈ) ਨਾਹ (ਵਿਚਾਰ ਵਿਚ) ਸਫਲਤਾ, ਨਾਹ ਸੁਚੱਜੀ ਬੁੱਧੀ, ਨਾਹ ਅਕਲ ਦੀ ਸਾਰ ਹੈ, ਤੇ ਇਕ ਅੱਖਰ ਭੀ ਪੜ੍ਹਨਾ ਨਹੀਂ ਜਾਣਦੇ (ਫਿਰ ਭੀ, ਆਕੜ ਹੀ ਆਕੜ ਵਿਖਾਲਦੇ ਹਨ)। ਹੇ ਨਾਨਕ ਜਿਨ੍ਹਾਂ ਵਿਚ ਕੋਈ ਗੁਣ ਨਾਹ ਹੋਵੇ ਤੇ ਅਹੰਕਾਰ ਕਰੀ ਜਾਣ, ਉਹ ਮਨੁੱਖ ਨਿਰੇ ਖੋਤੇ ਹਨ।

ਬਿਰਦ	= ਇਨਸਾਨੀ ਫ਼ਰਜ਼	ਸਰ	= ਸਾਰ, ਸਮਝ
ਭੇਉ	= ਭੇਤ	ਗਰਬ	= ਅਹੰਕਾਰ

ਮੇਰਾ ਖਿਆਲ ਹੈ ਕਿ 'ਕਹਿ ਜਾਣਨਿ' 'ਕਹਿਆ ਬੁਝਨਿ' ਦਾ 'ਅਖਰ' ਨਾਲ ਸਬੰਧ ਹੈ ਜਿਸ ਦਾ ਆਪਣਾ 'ਭੇਉ' ਹੈ। ਇਹ 'ਅਖਰ' ਅਲੰਕਾਰਿਕ ਰੂਪ ਵਿਚ ਪਹੁੰਚੇ ਆਦਮੀ ਦੀ ਰਮਜ਼ ਅਤੇ ਗੁਰਬਾਣੀ ਹੈ। ਇਸ ਕਰਕੇ ਪਹਿਲੀਆਂ ਤਿੰਨ ਤੁਕਾਂ ਦੇ ਅਰਥ ਹਨ—ਕਈ ਮਨੁੱਖ ਐਸੇ ਹੁੰਦੇ ਹਨ ਜੋ ਬਾਣੀ ਨੂੰ ਸਮਝਦੇ ਬੁਝਦੇ ਹਨ। ਪਰ ਜਿਹੜੇ ਆਦਮੀ ਪਰਮਾਰਥ ਦੀਆਂ ਰਮਜ਼ਾਂ ਨਹੀਂ ਸਮਝਦੇ ਉਹਨਾਂ ਦੇ ਮਨ ਅੰਨ੍ਹੇ ਖੂਹਾਂ ਵਰਗੇ ਹੁੰਦੇ ਹਨ। ਉਹ ਆਪਣੇ ਪ੍ਰਭੂ-ਪ੍ਰਾਪਤੀ ਦੇ ਉੱਦੇਸ਼ ਨੂੰ ਭੁੱਲ ਬੈਠੇ ਹਨ ਅਤੇ ਉਹਨਾਂ ਦੇ ਹਿਰਦੇ-ਕੰਵਲ ਉਲਟੇ ਹੋ ਜਾਂਦੇ ਹਨ। ਉਹਨਾਂ ਦਾ ਅੰਤਰੀ ਕੁਹਜ ਬਾਹਰ ਵੀ ਪ੍ਰਤੱਖ ਨਜ਼ਰ ਆਉਂਦਾ ਹੈ।

ਮੇਰੇ ਤੁਛ ਵਿਚਾਰ ਅਨੁਸਾਰ 'ਨਾਦ' ਦਾ ਜੋਗੀ ਨਾਲ ਕੋਈ ਤੁਅਲਕ ਨਹੀਂ ਹੈ। ਭਾਈ ਸਾਹਿਬ ਸਿੰਘ ਜੀ ਨੇ ਆਪਣੀ ਵਿਆਖਿਆ ਵਿਚ 'ਵੇਦਾਂ ਦਾ ਸ਼ੌਕ' ਵੀ ਲਿਖਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਪਰ ਗੁਰੂ ਨਾਨਕ ਸਾਹਿਬ ਜੋਗੀਆਂ ਅਤੇ ਵੇਦਾਂ ਦਾ ਬਾਰ ਬਾਰ ਖੰਡਨ ਕਰਦੇ ਹਨ। ਭਾਈ ਸਾਹਿਬ ਸਿੰਘ ਜੀ ਪਾਸੋਂ 'ਰਸੁ ਕਸੁ ਨ ਜਾਣੰਤਿ' ਦੀ ਵਿਆਖਿਆ ਰਹਿ ਗਈ ਹੈ। ਇਸ ਤੁਕ ਦੇ ਵਿਸ਼ਰਾਮ ਤੋਂ ਪਹਿਲੇ 'ਰਸੁ' ਦਾ ਮਤਲਬ ਅਲੰਕਾਰਿਕ ਰੂਪ ਵਿਚ ਕੋਮਲ ਹੁਨਰ ਹੋ ਸਕਦਾ ਹੈ ਪਰ ਵਿਸ਼ਰਾਮ ਤੋਂ ਬਾਦ ਦੇ 'ਕਸੁ' ਦੇ ਇਹ ਅਰਥ ਨਹੀਂ ਹੋ ਸਕਦੇ। ਇਥੇ 'ਕਸੁ' 'ਕੋਮਲ ਹੁਨਰ' ਦਾ ਪ੍ਰਤੀਪੱਖ ਨਹੀਂ ਹੈ ਅਤੇ ਨਾ ਹੀ ਯਥਾਰਥ ਵਿਚ 'ਕੋਮਲ ਹੁਨਰ ਦੀ ਰੁਚੀ' ਦਾ ਕੋਈ ਪ੍ਰਤੀ-ਪੱਖ ਹੁੰਦਾ ਹੈ। ਇਥੇ 'ਰਸੁ ਕਸੁ' ਦਾ ਅਰਥ ਨੇਕੀ ਬਦੀ ਹੀ ਹੋ ਸਕਦਾ ਹੈ। 'ਗੀਅ' 'ਨਾਦ' ਦਾ ਹੀ ਰੂਪ ਹੁੰਦਾ ਹੈ। ਇਸ ਕਰਕੇ ਪਿਛਲੀਆਂ ਤਿੰਨ ਤੁਕਾਂ ਦੇ ਅਰਥ ਹਨ, ਕਈ ਆਦਮੀ ਨਾ ਕਲਾ ਨਾ ਅਧਿਆਤਮ ਨੂੰ ਸਮਝਦੇ ਹਨ; ਉਹ ਨੇਕੀ ਬਦੀ ਦੀ ਪਹਿਚਾਣ ਨੂੰ ਵੀ ਭੁੱਲ ਗਏ ਹਨ। ਉਹਨਾਂ ਨੂੰ ਕੋਈ ਅਕਲ ਸਾਰ ਨਹੀਂ ਹੁੰਦੀ। ਉਹ ਬਾਣੀ ਦੇ ਰਹੱਸ ਨੂੰ ਸਮਝਦੇ ਨਹੀਂ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਜਿਹੇ ਆਦਮੀ ਹੀ ਆਪਣੇ ਆਪ ਉੱਤੇ ਮਾਣ ਕਰਨੋਂ ਰਹਿ ਨਾ ਸਕਣ ਕਾਰਨ ਨਿਰੇ ਪੂਰੇ ਗਧੇ ਮਾਲੂਮ ਹੁੰਦੇ ਹਨ।

ਭਾਵੇਂ ਇਸ ਗੱਲ ਦੀ ਕੋਈ ਤਾਰਕਿਕ ਅਵੱਸ਼ਕਤਾ (rational necessity) ਨਹੀਂ ਕਿ ਉਪਰੋਕਤ ਤਰੁੱਟੀਆਂ ਵਾਲੇ ਮਨੁੱਖ ਗਰਬ ਵੀ ਕਰਨ ਪਰ ਇਹ ਗੱਲ ਵਿਵਹਾਰਿਕ (empirically) ਰੂਪ ਵਿਚ ਸਹੀ ਹੈ। ਗੁਰੂ ਸਾਹਿਬ ਪੰਥ ਜਾਂ ਮਹਾਨ ਸੰਸਥਾ ਤੋਂ ਵੰਚਿਤ (alienated) ਆਦਮੀ ਦਾ ਜ਼ਿਕਰ ਕਰਦੇ ਹਨ ਜਿਹੜਾ ਗੁਰਮੁੱਖ ਦਾ ਪ੍ਰਤੀਪੱਖ ਬਣ ਜਾਂਦਾ ਹੈ। ਉਹਦੇ ਕੁਹਜ ਦੀ ਕੋਈ ਹੱਦ ਨਹੀਂ ਰਹਿੰਦੀ, ਉਹ ਮਨੁੱਖ ਤੋਂ ਪਸ਼ੂ ਹੋ ਜਾਂਦਾ ਹੈ, ਉਹਨੂੰ ਰਸ ਕਸ ਦਾ ਪਤਾ ਨਹੀਂ ਹੁੰਦਾ, ਉਹਦੀ ਸੁੰਦਰਤਾ ਦੀ ਸੂਹਜ ਹੀ ਮਾਰੀ ਜਾਂਦੀ ਹੈ।

11. ਮਇਆਰ-ਇ ਜ਼ਿੰਦਗੀ ਜਾਂ ਤਰਜ਼-ਇ ਜ਼ਿੰਦਗੀ

ਮਨੁੱਖ ਨੂੰ ਸੁੰਦਰਤਾ ਦਾ ਅਨੁਭਵ ਕੇਵਲ ਸੂਖਮ ਕਲਾਵਾਂ ਵਿਚ ਹੀ ਪ੍ਰਗਟ ਨਹੀਂ ਹੁੰਦਾ। ਇਹ ਸ਼ਿਲਪਾਂ ਵਿਚ ਮੂਰਤੀਮਾਨ ਹੁੰਦਾ ਇਸ ਤੋਂ ਅੱਗੇ ਵੀ ਚਲਾ ਜਾਂਦਾ ਹੈ। ਸੁਹਣਾ ਖਾਣਾ, ਚੰਗਾ ਪੀਣਾ, ਵਧੀਆ ਪਹਿਨਣਾ, ਆਹਲਾ ਸਵਾਰੀ, ਆਰਾਮ ਦਾ ਨਿਵਾਸ, ਅੱਛੀ ਸੁਹਬਤ, ਭਾਵੁਕ ਪ੍ਰੇਮ ਆਦਿ ਅਜਿਹੀਆਂ ਕ੍ਰਿਆਵਾਂ ਹਨ ਜਿਹਨਾਂ ਰਾਹੀਂ ਮਨੁੱਖ ਵੰਨ ਸੁਵੰਨੀ ਸੁੰਦਰਤਾ ਨੂੰ ਮਾਣਦਾ ਹੈ। ਇਸ ਤੋਂ ਅੱਗੇ ਕਈ ਹੋਰ ਸ਼ੌਕ ਮਸ਼ਗਲੇ ਹਨ। ਇਹਨਾਂ ਸਭ ਗੱਲਾਂ ਦਾ ਸਿਖਰ ਉਹ ਆਦਰਸ਼ ਹੈ ਜਦੋਂ ਆਦਮੀ ਕਿਸੇ ਸੌਂਦਰਯਵਾਨ (aesthete) ਵਾਂਗੂੰ ਆਪਣੇ ਜੀਵਨ ਨੂੰ ਹੀ ਸ਼ਾਹਕਾਰ ਬਣਾ ਲੈਂਦਾ ਹੈ। ਇੰਝ ਸੌਂਦਰਯ ਦਾ ਵਿਸ਼ਵ-ਸਥਿਤੀ ਨਾਲ ਸਬੰਧ ਹੈ।

ਸ਼ਾਹਕਾਰੀ ਜੀਵਨ ਆਦਰਸ਼ ਦਾ ਬਿਗੜਿਆ ਰੂਪ ਹੈ। ਇਸ ਵਿਚ ਬੰਦਾ ਚੰਗੇ ਖਾਣ-ਪੀਣ ਅਤੇ ਵਧੀਆ ਰਿਹਾਇਸ਼ ਉੱਤੇ ਜ਼ੋਰ ਦਿੰਦਾ ਹੈ ਪਰ ਨਿੱਜੀ ਸੁੰਦਰਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਾ ਅੰਸ਼ ਬਣ ਜਾਣ ਲੱਗਦਾ ਹੈ। ਅਜਿਹੇ ਆਦਮੀ ਨੂੰ ਸ਼ੈਆਂ ਸੁਹਣੀਆਂ ਜਾਪਦੀਆਂ ਹਨ ਅਤੇ ਆਦਰਸ਼ ਖਪਤ ਵਿਚ ਬਦਲ ਜਾਂਦਾ ਹੈ। ਇਹ ਮਇਆਰ-ਇ ਜ਼ਿੰਦਗੀ ਹੈ।

ਭਾਵੇਂ ਮਾਇਆਰ-ਇ ਜ਼ਿੰਦਗੀ ਦੀ ਤਰਜ਼-ਇ ਜ਼ਿੰਦਗੀ ਨਾਲ ਕੋਈ ਤਰਕਸ਼ੀਲ (rational) ਵਿਰੋਧਤਾ ਨਹੀਂ ਹੈ; ਬਹੁਤ ਹੱਦ ਤੱਕ ਤਰਜ਼-ਇ-ਜ਼ਿੰਦਗੀ ਮਇਆਰ-ਇ ਜ਼ਿੰਦਗੀ ਉੱਤੇ ਨਿਰਭਰ ਹੁੰਦੀ ਹੈ। ਪਰ ਇਹ ਸੰਭਵ ਹੈ, ਅਤੇ ਮੇਰੇ ਅਨੁਸਾਰ, ਅਜੋਕੇ ਜਗਤ ਦੀ ਸਥਿਤੀ ਐਸੀ ਹੈ ਕਿ ਮਾਇਆਰ-ਇ ਜ਼ਿੰਦਗੀ ਦਾ ਤਰਜ਼-ਇ ਜ਼ਿੰਦਗੀ ਨਾਲ ਵਿਰੋਧ ਹੈ। ਮਾਇਆਰ-ਇ ਜ਼ਿੰਦਗੀ ਦੇ ਦਿਲਦਾਦਾ ਉਚੇਰੀਆਂ ਕੀਮਤਾਂ (higher values) ਤੋਂ ਕਾਫੀ ਦੂਰ ਹਨ।

ਇਹਦੇ ਉਲਟ ਤਰਜ-ਇ ਜ਼ਿੰਦਗੀ ਦਾ ਉੱਦੇਸ਼ ਵਸਤੂਆਂ ਨਾਲੋਂ ਮੁੱਲਾਂ ਉੱਤੇ ਜ਼ਿਆਦਾ ਜ਼ੋਰ ਜ਼ਿੰਦਾ ਹੈ। ਮਨੁੱਖੀ ਜੀਵਨ ਚਾਹੇ ਵਸਤਾਂ ਉੱਤੇ ਨਿਰਭਰ ਹੈ ਪਰ ਬੰਦੇ ਦੀ ਆਤਮਾ ਮੁੱਲਾਂ ਨਾਲ ਸਿਰਜਦੀ ਹੈ। ਤਰਜ਼-ਇ ਜ਼ਿੰਦਗੀ ਵਾਲੇ ਵਸਤਾਂ ਨੂੰ ਮੁੱਲਾਂ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਹਨ।

ਜਿੱਥੇ ਮਇਆਰ-ਇ ਜ਼ਿੰਦਗੀ ਦਾ ਉੱਦੇਸ਼ ਮਨੁੱਖ ਦੀ ਲਾਲਸਾ ਨੂੰ ਅਪੀਲ ਕਰਦਾ ਹੈ ਉੱਥੇ ਤਰਜ਼-ਇ-ਜ਼ਿੰਦਗੀ ਦਾ ਸੰਕਲਪ ਸਭਿਆਚਾਰਕ ਕੀਮਤਾਂ ਅਤੇ ਸਮਾਜੀ ਕਲਿਆਣ ਉੱਤੇ ਜ਼ੋਰ ਦਿੰਦਾ ਮਨੁੱਖ ਦੇ ਆਦਰਸ਼ਵਾਦ ਨੂੰ ਉਤਸ਼ਾਹਤ ਕਰਦਾ ਹੈ। ਕਈ ਅਜਿਹੇ ਆਦਮੀ ਹਨ ਜਿਹੜੇ ਖਪਤਕਾਰੀ ਤੋਂ ਲਾਂਭੇ ਹੋ ਕੇ ਆਪਣੇ ਆਪ ਨੂੰ ਸੌਂਦਰਯਵਾਨ ਬਣਾਉਣਾ ਚਾਹੁੰਦੇ ਹਨ। ਤਰਜ਼-ਇ ਜ਼ਿੰਦਗੀ ਦਾ ਸ਼ੌਂਦਰਯਵਾਨ ਮਨੁੱਖ ਪੁਰਸ਼ੋਤਮ ਹੋ ਸਕਦਾ ਹੈ। ਕੀ ਮਨੁੱਖਤਾ ਨੇ ਖਪਤਕਾਰਾਂ ਦਾ ਸਮੂਹ ਹੀ ਰਹਿਣਾ ਹੈ ਜਾਂ ਆਪਣੇ ਆਪ ਨੂੰ ਪਰਮ-ਮਨੁੱਖਾਂ ਦੇ ਲੋਕ ਵਿਚ ਬਦਲ ਲੈਣਾ ਹੈ ?

ਇਹਨਾਂ ਵਿਰੋਧੀ ਉੱਦੇਸ਼ਾਂ ਦਾ ਤਨਾਓ ਆਧੁਨਿਕ ਯੁਗ ਦੀ ਵਿਸ਼ਵ ਰਾਜਨੀਤੀ ਦਾ ਮੂਲ ਹੈ। ਪੱਛਮ ਦੇ ਦੇਸ਼ਾਂ ਵਿਚ ਮਇਆਰ-ਇ ਜ਼ਿੰਦਗੀ ਦੀ ਇੰਨੀ ਚੜ੍ਹਤ ਹੈ ਕਿ ਇਸ ਨੂੰ ਕਿਸੇ ਪਾਸੇ ਤੋਂ ਵੰਗਾਰ ਦੀ ਸੰਭਾਵਨਾ ਪ੍ਰਤੀਤ ਨਹੀਂ ਹੁੰਦੀ। ਵਧੇਰੇ ਉਤਪਾਦਨ ਅਤੇ ਹੋਰ ਜ਼ਿਆਦਾ ਖਪਤ ਪੱਛਮੀ ਸਰਕਾਰਾਂ ਲਈ ਪਰਮ-ਆਦੇਸ਼ ਦੇ ਬਰਾਬਰ ਹਨ। ਪੱਛਮ ਦੀ 'ਆਦਰਸ਼ਹੀਣਤਾ' ਕਾਰਨ ਉੱਥੋਂ ਦੀ ਕਲਾ ਵਿਚ ਦੁੱਖ ਅਤੇ ਜੀਵਨ ਵਿਚ ਭੈਅ ਦਾ ਅਹਿਸਾਸ ਹੈ। ਉਹਨਾਂ ਦਾ ਤਰਜ਼-ਇ ਜ਼ਿੰਦਗੀ ਨਾਲ ਤੁਅੱਲਕ ਕੇਵਲ ਸਾਂਸਕ੍ਰਿਤਕ ਖੇਤਰ (cultural life) ਵਿਚ ਹੈ ਅਤੇ ਇਹਦੀਆਂ ਨਿਰਮਾਣਕਾਰੀ ਸੰਭਾਵਨਾਵਾਂ ਬਾਰੇ ਕੇਵਲ ਅਤਿਭਾਵੁਕਤਾ ਵਿਖਾਈ ਜਾਂਦੀ ਹੈ।

ਸਮਾਜਵਾਦੀ ਦੇਸ਼ਾਂ ਦੀ ਦੌੜ ਪੱਛਮ ਦੇ ਬਰਾਬਰ ਹੋਣ ਦੀ ਹੈ। ਉਹ ਕਦੇ ਤਾਂ ਆਪਣੇ ਲੋਕਾਂ ਨੂੰ ਤਰਜ਼-ਇ-ਜ਼ਿੰਦਗੀ ਦੇ ਆਦਰਸ਼ ਨਾਲ ਉਤਸ਼ਾਹਿਤ ਕਰਦੇ ਹਨ, ਕਦੇ ਮਇਆਰ-ਇ-ਜ਼ਿੰਦਗੀ ਦੇ ਲਾਲਚ ਨਾਲ, ਅਤੇ ਕਦੇ ਦਮਨ ਨਾਲ ਉਹਨਾਂ ਵਿਚ ਉੱਦਮ ਭਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ। ਸਮਾਜਵਾਦੀ ਦੇਸ਼ਾ ਦੀਆਂ ਬਦਲਦੀਆਂ ਨੀਤੀਆਂ ਦਰ ਅਸਲ ਪਛੜੇਪਨ ਨੂੰ ਖ਼ਤਮ ਕਰਨ ਦੇ ਯਤਨਾਂ ਵਿਚ ਤਣਾਓ ਅਤੇ ਲਾਚਾਰਗੀ ਦੀਆਂ ਨਸ਼ਾਨੀਆਂ ਹਨ।

ਤੀਸਰੇ ਜਗਤ ਦੇ ਦੇਸ਼ ਜੀਉਂਦੇ ਰਹਿਣ ਦੀ ਦੌੜ ਵਿਚ ਕਦੇ (ਪ੍ਰਾਚੀਨ) ਸੰਸਕ੍ਰਿਤੀ ਦਾ ਸਹਾਰਾ ਲੈਂਦੇ ਹਨ, ਕਦੇ ਪੱਛਮ ਵਰਗੇ ਹੋਣ ਦੇ ਉਪਰਾਲੇ ਕਰਦੇ ਹਨ। ਦਮਨ-ਪੀੜਤ ਸ਼ਰੇਣੀਆਂ ਅਤੇ ਪਛੜੇ ਦੇਸ਼ਾਂ ਲਈ ਮਇਆਰ-ਇ ਜ਼ਿੰਦਗੀ ਦਾ ਆਦਰਸ਼ ਹਾਸੋਹੀਣਾ ਹੈ। ਇਸ ਲਈ ਸਾਡੇ ਵਾਸਤੇ ਕੇਵਲ ਤਰਜ਼-ਇ ਜ਼ਿੰਦਗੀ ਦਾ ਉੱਦੇਸ਼ ਹੀ ਹੋ ਸਕਦਾ ਹੈ। ਸਾਡੀ ਪਦਾਰਥਿਕ ਜ਼ਿੰਦਗੀ ਸੌੜੀ ਹੈ ਅਤੇ ਸਾਂਸਕ੍ਰਿਤਕ ਜੀਵਨ ਸੱਖਣਾ। ਅਸੀਂ ਤਰਜ਼-ਇ ਜ਼ਿੰਦਗੀ ਦੇ ਪ੍ਰਵਰਤਕ ਉੱਦਮ ਨਾਲ ਹੀ ਕਿਸੇ ਸਫ ਵਿਚ ਖੜ੍ਹੇ ਹੋ ਸਕਦੇ ਹਾਂ।

ਆਧੁਨਿਕ ਸਥਿਤੀ ਸਾਧਾਰਨ ਮਨੁੱਖ ਤੋਂ ਓਪਰੀ ਨਹੀਂ ਸਗੋਂ ਇਸ ਦਾ ਉਹਦੇ ਸੁੰਦਰਤਾ ਦੇ ਅਨੁਭਵ ਅਤੇ ਵਿਕਲਪ ਨਾਲ ਰਿਸ਼ਤਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ :

ਸਭਿ ਰਸ ਮਿਠੇ ਮੰਨਿਐ
ਸੁਣਿਐ ਸਾਲੋਣੇ
ਖਟ ਤੁਰਸ਼ੀ ਮੁਖਿ ਬੋਲਣਾ
ਮਾਰਣ ਨਾਦ ਕੀਏ
ਛਤੀਹ ਅੰਮ੍ਰਿਤ ਭਾਉ ਏਕੁ
ਜਾ ਕਉ ਨਦਰ ਕਰੇਇ। 1।
ਬਾਬਾ ਹੋਰੁ ਖਾਣਾ ਖੁਸੀ ਖੁਆਰੁ
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ। 1। ਰਹਾਉ।
ਰਤਾ ਪੈਨਣੁ ਮਨੁ ਰਤਾ
ਸੁਪੇਦੀ ਸਤੁ ਦਾਨੁ
ਨੀਲੀ ਸਿਆਹੀ ਕਦਾ ਕਰਣੀ
ਪਹਿਰਣੁ ਪੈਰ ਧਿਆਨੁ
ਕਮਰਬੰਦੁ ਸੰਤੋਖ ਕਾ
ਧਨੁ ਜੋਬਨੁ ਤੇਰਾ ਨਾਮੁ। 2।
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ
ਜਿਤੁ ਪੈਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ। 1। ਰਹਾਉ।
ਘੋੜੇ ਪਾਖਰ ਸੁਇਨੇ ਸਾਖਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੂਝਣੁ ਤੇਰੀ ਵਾਟ
ਤਰਕਸ ਤੀਰ ਕਮਾਣ ਸਾਂਗ
ਤੇਗ ਬੰਦ ਗੁਣ ਧਾਤੁ
ਵਾਜਾ ਨੇਜਾ ਪਤਿ ਸਿਉ ਪਰਗਟੁ
ਕਰਮੁ ਤੇਰਾ ਮੇਰੀ ਜਾਤਿ । 3 ।
ਬਾਬਾ ਹੋਰੁ ਚੜਣਾ ਖੁਸੀ ਖੁਆਰੁ
ਜਿਤੁ ਚੜਿਐ ਤਨੁ ਪੀੜੀਐ
ਮਨਿ ਮਹਿ ਚਲਹਿ ਵਿਕਾਰ । 1 । ਰਹਾਉ ।

ਘਰ ਮੰਦਰ ਖੁਸ਼ੀ ਨਾਮ ਕੀ
ਨਦਰਿ ਤੇਰੀ ਪਰਵਾਰੁ
ਹੁਕਮੁ ਸੋਈ ਤੁਧੁ ਭਾਵਸੀ
ਹੋਰੁ ਆਖਣੁ ਬਹੁਤੁ ਅਪਾਰੁ
ਨਾਨਕ ਸਚਾ ਪਾਤਿਸਾਹੁ
ਪੂਛਿ ਨ ਕਰੇ ਬੀਚਾਰੁ । 4 ।
ਬਾਬਾ ਹੋਰੁ ਸਉਣਾ ਖੁਸੀ ਖੁਆਰੁ
ਜਿਤ ਸੁਤੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ । 1 । ਰਹਾਉ ।

(ਸਿਰੀ ਰਾਗ 7, ਪੰਨੇ 16-17)

ਜੇ ਮਨ ਪ੍ਰਭੂ ਦੀ ਯਾਦ ਵਿਚ ਪਰਚ ਜਾਏ, ਤਾਂ ਇਸ ਨੂੰ (ਦੁਨੀਆਂ ਦੇ) ਸਾਰੇ ਮਿੱਠੇ ਸੁਆਦ ਵਾਲੇ ਪਦਾਰਥ ਸਮਝੋ । ਜੇ ਸੁਰਤੀ ਹਰੀ ਦੇ ਨਾਮ ਵਿਚ ਜੁੜਨ ਲੱਗ ਪਏ, ਤਾਂ ਇਸ ਨੂੰ ਲੂਣ ਵਾਲੇ ਪਦਾਰਥ ਸਮਝੋ । ਪਰਮਾਤਮਾ ਦੀ ਸਿਫਤਿ ਸਾਲਾਹ ਦਾ ਕੀਰਤਨ ਮਸਾਲੇ ਜਾਣੋ । ਪਰਮਾਤਮਾ ਨਾਲ ਇਕ-ਰਸ ਪ੍ਰੇਮ ਛੱਤੀ ਕਿਸਮਾਂ ਦੇ ਸੁਆਦਲੇ ਭੋਜਨ ਹਨ । (ਪਰ ਇਹ ਉੱਚੀ ਦਾਤਿ ਉਸੇ ਨੂੰ ਮਿਲਦੀ ਹੈ) ਜਿਸ ਉੱਤੇ (ਪ੍ਰਭੂ ਮਿਹਰ ਦੀ) ਨਜ਼ਰ ਕਰਦਾ ਹੈ । 1 ।

ਹੇ ਭਾਈ ਜਿੰਨਾਂ ਪਦਾਰਥਾਂ ਦੇ ਖਾਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ ਅਤੇ ਮਨ ਵਿਚ (ਭੀ ਕੋਈ) ਮੰਦੇ ਖਿਆਲ ਤੁਰ ਪੈਂਦੇ ਹਨ, ਉਹਨਾਂ ਪਦਾਰਥਾਂ ਨੂੰ ਖਾਣ ਨਾਲ ਖੁਆਰ ਹੋਈਦਾ ਹੈ । 1 । ਰਹਾਉ ।

ਪ੍ਰਭੂ-ਪ੍ਰੀਤ ਵਿਚ ਮਨ ਰੰਗਿਆ ਜਾਏ, ਇਹ ਲਾਲ ਪੁਸ਼ਾਕ (ਸਮਾਨ) ਹੈ, ਦਾਨ-ਪੁੰਨ ਕਰਨਾ (ਲੋੜਵੰਦਿਆਂ ਦੀ ਸੇਵਾ ਕਰਨੀ) ਇਹ ਚਿੱਟੀ ਪੋਸ਼ਾਕ ਸਮਝੋ । ਆਪਣੇ ਮਨ ਵਿਚੋਂ ਕਾਲਖ ਕਟ ਦੇਣੀ ਨੀਲੇ ਰੰਗ ਦੀ ਪੋਸ਼ਾਕ ਜਾਣੋ । ਪ੍ਰਭੂ-ਚਰਨਾਂ ਦਾ ਧਿਆਨ ਚੰਗਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੇ ਪ੍ਰਭੂ ਸੰਤੋਖ ਨੂੰ ਮੈਂ ਆਪਣੇ ਲੱਕ ਦਾ ਪਟਕਾ ਬਣਾਇਆ ਹੈ, ਤੇਰਾ ਨਾਮ ਹੀ ਮੇਰਾ ਧਨ ਹੈ। ਮੇਰੀ ਜੁਆਨੀ ਹੈ।2।

ਹੇ ਭਾਈ, ਜਿਸ ਪਹਿਨਣ ਨਾਲ ਸਰੀਰ ਦੁਖੀ ਹੋਵੇ, ਤੇ ਮਨ ਵਿਚ ਭੈੜੇ ਖਿਆਲ ਤੁਰ ਪੈਣ, ਇਹੋ ਜੇਹਾ ਪਹਿਨਣ ਦਾ ਸ਼ੌਕ ਤੇ ਚਾਉ ਖੁਆਰ ਕਰਦਾ ਹੈ।1।ਰਹਾਉ।

ਹੇ ਪ੍ਰਭੂ ਤੇਰੇ ਚਰਨਾਂ ਵਿਚ ਜੁੜਣ ਦਾ ਜੀਵਨ-ਰਾਹ ਸਮਝਣਾ (ਮੇਰੇ ਵਾਸਤੇ) ਸੋਨੇ ਦੀ ਦੁਮਚੀ ਵਾਲੇ ਤੇ (ਸੋਹਣੀ) ਕਾਠੀ ਵਾਲੇ ਘੋੜਿਆਂ ਦੀ ਸਵਾਰੀ ਹੈ। ਤੇਰੀ ਸਿਫਤਿ ਸਾਲਾਹ ਦਾ ਉੱਦਮ ਕਰਨਾ (ਮੇਰੇ ਵਾਸਤੇ) ਭੱਥੇ, ਤੀਰ, ਕਮਾਨ, ਬਰਛੀ ਤੇ ਤਲਵਾਰ ਦਾ ਗਾਤ੍ਰਾ ਹੈ (ਤੇਰੇ ਦਰ ਤੇ) ਸਿੱਜ਼ਤ ਨਾਲ ਸੁਰਖਰੂ ਹੋਣਾ (ਮੇਰੇ ਵਾਸਤੇ) ਵਾਜਾ ਤੇ ਨੇਜਾ ਹਨ, ਤੇਰੀ ਮਿਹਰ (ਦੀ ਨਜ਼ਰ) ਮੇਰੇ ਲਈ ਉੱਚੀ ਕੁਲ ਹੈ।3।

ਹੇ ਭਾਈ ਜਿਸ ਘੋੜ-ਸਵਾਰੀ ਕਰਨ ਨਾਲ ਸਰੀਰ ਔਖਾ ਹੋਵੇ, ਮਨ ਵਿਚ ਭੀ (ਅਹੰਕਾਰ ਆਦਿਕ ਦੇ) ਕਈ ਵਿਕਾਰ ਪੈਦਾ ਹੋ ਜਾਣ, ਉਹ ਘੋੜ-ਸਵਾਰੀ ਤੇ ਉਸ ਦਾ ਚਾਉ ਖੁਆਰ ਕਰਦਾ ਹੈ।1।ਰਹਾਉ।

ਮਹਲ-ਮਾੜੀਆਂ ਦਾ ਵਸੇਬਾ (ਮੇਰੇ ਵਾਸਤੇ) ਤੇਰਾ ਨਾਮ ਜਪਣ ਤੋਂ ਪੈਦਾ ਹੋਈ ਖੁਸ਼ੀ ਹੀ ਹੈ। ਤੇਰੀ ਮਿਹਰ ਦੀ ਨਜ਼ਰ ਮੇਰਾ ਕੁਟੰਬ ਹੈ (ਜੋ ਖੁਸ਼ੀ ਮੈਨੂੰ ਆਪਣਾ ਪਰਿਵਾਰ ਵੇਖ ਕੇ ਹੁੰਦੀ ਹੈ, ਉਹੀ ਤੇਰੀ ਮਿਹਰ ਦੀ ਨਜ਼ਰ ਵਿਚੋਂ ਮਿਲੇਗੀ)। (ਦੂਜਿਆਂ ਪਾਸੋਂ ਆਪਣਾ) ਹੁਕਮ (ਮਨਾਣਾ) ਤੇ (ਹੁਕਮ ਦੇ) ਹੋਰ ਬੋਲ ਬੋਲਣੇ (ਤੇ ਇਸ ਵਿਚ ਖੁਸ਼ੀ ਮਹਿਸੂਸ ਕਰਨੀ ਮੇਰੇ ਵਾਸਤੇ) ਤੇਰੀ ਰਜ਼ਾ ਵਿਚ ਰਾਜ਼ੀ ਰਹਿਣਾ ਹੈ।

ਹੇ ਨਾਨਕ ਸਦਾ-ਥਿਰ ਪ੍ਰਭੂ ਪਾਤਿਸ਼ਾਹ ਐਸੇ ਜੀਵਨ ਵਾਲੇ ਦੀ ਪੁੱਛ-ਵਿਚਾਰ ਨਹੀਂ ਕਰਦਾ (ਭਾਵ, ਉਸ ਦਾ ਜੀਵਨ ਉਸ ਦੀਆਂ ਨਜ਼ਰਾਂ ਵਿਚ ਪਰਵਾਨ ਹੈ)।4।

ਹੇ ਭਾਈ (ਪ੍ਰਭੂ ਦੀ ਸਿਫਤਿ-ਸਾਲਾਹ ਦੀ ਖੁਸ਼ੀ ਛੱਡ ਕੇ) ਹੋਰ-ਐਸ਼ ਇਸ਼ਰਤ ਸਰੀਰ ਨੂੰ ਰੋਗੀ ਕਰਦੀ ਹੈ ਤੇ ਮਨ ਵਿਚ ਭੀ ਵਿਕਾਰ ਚਲ ਪੈਂਦੇ ਹਨ।1।ਰਹਾਉ।

ਸਭਿ	=	ਸਾਰੇ	ਰਸ		ਸੁਆਦ
ਮੰਨਿਐ	=	(ਮਨ) ਮਨਿ ਜਾਏ	ਮੁਖਿ	=	ਮੂੰਹ ਸੁਆਦ
ਮਾਰਣ	=	ਮਸਾਲੇ	ਨਾਦ	=	ਰਾਗ
ਜਿਤੁ	=	ਜਿਸ ਦੇ ਰਾਹੀਂ	ਰਤਾ	=	ਰੰਗਿਆ ਹੋਇਆ
ਸੁਪੇਦੀ	=	ਚਿੱਟਾ ਕੱਪੜਾ	ਸਤੁ	=	ਦਾਨ
ਨੀਲੀ	=	ਨੀਲੀ ਪੋਸ਼ਾਕ	ਸਿਆਹੀ	=	ਮਨ ਦੀ ਕਾਲਖ
ਕਦਾ ਕਰਨੀ	=	ਕੱਟ ਦੇਣੀ	ਪਹਿਰਣ	=	ਜਾਮਾ
ਪਾਖਰ	=	ਕਾਠੀ	ਸਾਖਤਿ	=	ਦੁਮਚੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਗ	= ਬਰਛੀ	ਤੇਗਬੰਦ	= ਗਾਤਰਾ
ਤੇਰੀ ਵਾਟ	= ਤੇਰੇ ਚਰਨਾਂ ਤਕ ਅਪੜਣ ਦਾ ਰਸਤਾ		
ਪਤਿ	= ਇੱਜ਼ਤ	ਕਰਮੁ	= ਬਖ਼ਸ਼ਸ਼
ਪੂਛਿ	= ਪੁੱਛ ਕੇ	ਤੁਧ ਭਾਵਸੀ	= ਤੇਰੀ ਰਜ਼ਾ ਵਿਚ ਰਹਿਣਾ
ਹੋਰ ਆਖਣੁ	= ਹੋਰ ਹੁਕਮ ਕਰਨ ਦਾ ਬਚਨ		
ਸਾਉਣ	= ਦੁਨਿਆਵੀ ਮੌਜਾਂ ਮਾਨਣੀਆਂ		

ਗੁਰੂ ਨਾਨਕ ਸਾਹਿਬ 'ਮਿੱਠੇ ਸਾਲੋਣੇ ਰਸ', 'ਮਾਰਣ', 'ਛਤੀਹ ਅੰਮ੍ਰਿਤ', 'ਰਤਾ ਪੈਨਣੁ', 'ਸੁਪੇਦੀ', 'ਨੀਲੀ', 'ਪਹਿਰਣ', 'ਕਰਮਬੰਦ', ਧਨੁ ਜੋਬਨੁ, 'ਘੋੜੇ ਪਾਖਰ ਸੁਇਨੇ ਸਾਖਤਿ', 'ਤਰਕਸ ਤੀਰ ਕਮਾਣ ਸਾਂਗ', 'ਵਾਜਾ ਨੇਜਾ', 'ਘਰਿ ਮੰਦਿਰ', 'ਪਰਵਾਰ', 'ਹੁਕਮੁ', 'ਹੋਰ ਆਖਣੁ', ਅਰਥਾਤ ਚੰਗੇ ਖਾਣ, ਸੁਹਣੇ ਪਹਿਨਣ, ਵਧੀਆ ਸਵਾਰੀ, ਅਫਸਰੀ ਰੁਹਬ ਦਾਬ ਅਤੇ ਹੁਕਮਰਾਨੀ ਤੋਂ ਉਪਰੰਤ ਕਿਸੇ ਹੋਰ ਚੀਜ਼ ਦੀ ਜ਼ਰੂਰਤ ਸਮਝਦੇ ਹਨ। ਉਹਨਾਂ ਲਈ ਅਮੀਰ ਸ਼ਕਤੀ ਦਾ ਮਇਆਰ-ਇ ਜ਼ਿੰਦਗੀ ਊਣਾ ਸਖਣਾ ਹੈ। ਇਸ ਵਿਚ ਪ੍ਰਭੂ-ਪ੍ਰੇਮ ਰਲ ਜਾਵੇ ਤਾਂ ਹੀ ਇਸ ਨੂੰ ਯੋਗ ਸਮਝਿਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਤਰਜ਼-ਇ ਜ਼ਿੰਦਗੀ ਨੂੰ ਪਹਿਲ ਦਿੰਦੇ ਹਨ। ਉਹਨਾਂ ਲਈ 'ਕੂੜ ਸੁਇਨਾ, ਕੂੜ ਰੁਪਾ' ਹੈ।

ਸਾਨੂੰ ਇਸ ਗੱਲ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿ ਅਸੀਂ ਗੁਰੂ ਨਾਨਕ ਸਾਹਿਬ ਦੀ ਰਚਨਾ ਤੋਂ ਕੋਈ ਅਜਿਹਾ ਨਤੀਜਾ ਨਾ ਕੱਢੀਏ ਜਿਹੜਾ ਨਾਜਾਇਜ਼ ਹੋਵੇ। ਗੁਰੂ ਸਾਹਿਬ ਦੀਆਂ ਰਚਨਾਵਾਂ ਵਿਚ ਕਿਧਰੇ ਝਲਕ ਨਹੀਂ ਮਿਲਦੀ ਕਿ ਅਮੀਰ ਆਦਮੀ ਤਰਜ਼-ਇ ਜ਼ਿੰਦਗੀ ਜੀਊਂ ਨਹੀਂ ਸਕਦਾ। ਭਾਵੇਂ ਗੁਰੂ ਸਾਹਿਬ ਕਹਿੰਦੇ ਹਨ ਕਿ ਦੌਲਤ 'ਪਾਪਾ ਬਾਝਹੁ ਹੋਵੇ ਨਾਹੀ, ਮੋਇਆ ਸਾਥਿ ਨ ਜਾਈ' ਅਤੇ ਸਰਕਾਰ 'ਰਾਜੇ ਸੀਹ ਮੁਕਦਮ ਕੁਤੇ' ਵਾਲੀ ਹੈ ਪਰ ਉਹ ਕਿਤੇ ਵੀ ਸ਼ਰੇਣੀ ਵੰਡ ਅਤੇ ਰਿਆਸਤ (state) ਦੇ ਖਿਲਾਫ਼ ਨਹੀਂ ਹਨ ਕਿਉਂਕਿ ਇਹ ਪਰਮਾਤਮਾ ਨੇ ਬਣਾਈਆਂ ਹਨ ਅਤੇ ਪਰਮਾਤਮਾ ਦੀ ਬਣਾਈ ਚੀਜ਼ ਵਿਚ ਉਕਾਈ ਨਹੀਂ ਹੋ ਸਕਦੀ। ਮਇਆਰ-ਇ ਜ਼ਿੰਦਗੀ ਅਤੇ ਤਰਜ਼-ਇ ਜ਼ਿੰਦਗੀ ਵਿਚ ਕੋਈ ਨਿਆਯ ਦੀ ਵਿਰੋਧਤਾ ਨਹੀਂ। ਵਿਹਾਰਿਕ ਰੂਪ ਵਿਚ ਇਹਨਾਂ ਦਾ ਮੇਲ ਅਲਪ ਅਤੇ ਮੁਸ਼ਕਿਲ ਹੈ। ਇਤਿਹਾਸ ਵਿਚ ਕਈ ਕਾਲ ਅਜਿਹੇ ਹੁੰਦੇ ਹਨ ਜਦੋਂ ਦੋਵੇਂ ਉਦੇਸ਼ਾਂ ਦੀ ਨਾਲੋਂ ਨਾਲ ਪੂਰਤੀ ਸੰਭਵ ਹੁੰਦੀ ਹੈ, ਜਿਵੇਂ ਕੁਝ ਸਮੇਂ 18ਵੀਂ ਸਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਸਿੱਖਾਂ ਲਈ ਸੀ 'ਯਥਾ ਸ਼ਕਤ ਹੈ ਸਭ ਹੀ ਧਰਮ' ।[7]

12. ਆਦਰਸ਼ ਦੀ ਕਲਾ

ਮਹਾਨ ਆਦਰਸ਼ ਹੀ ਯੁੱਗ ਪਲਟਣ ਦੇ ਸਮਰੱਥ ਹੁੰਦੇ ਹਨ। ਇਸ ਦੇ ਕਾਰਨ ਹੀ ਪਰਬਲ ਭਾਵਨਾਵਾਂ ਅਤੇ ਅਥਾਹ ਯਤਨ ਸਾਹਮਣੇ ਆਉਂਦੇ ਹਨ ਜਿਹੜੇ ਸਮਕਾਲੀ ਆਦਮੀਆਂ ਨੂੰ ਅਸੰਭਵ ਦੀ ਪ੍ਰਾਪਤੀ ਤਕ ਲੈ ਜਾਂਦੇ ਹਨ। ਆਦਰਸ਼ ਹੀ ਬੀਰ ਕਾਲ ਦਾ ਨਿਰਮਾਤਾ ਹੈ। ਵਿਹਾਰਕ ਸਮਿਆਂ ਦੀ ਕਲਪਨਾ ਸੀਮਤ ਹੁੰਦੀ ਹੈ।

ਕਲਾਕਾਰ ਕਲਾ ਨੂੰ ਉਦੇਸ਼ ਨਹੀਂ ਸਗੋਂ ਆਪਣੀਆਂ ਕਿਰਤਾਂ ਨੂੰ ਕਿਸੇ ਹੋਰ ਕਾਰਜ ਲਈ ਸਾਧਨ ਸਮਝਦਾ ਹੈ। ਇੰਝ ਉਹਦੇ ਵਿਚ ਨਿਮਰਤਾ, ਆਪਣੀ ਰਚਨਾ ਪ੍ਰਤੀ ਉਦਾ-ਸੀਨਤਾ, ਅਤੇ ਜੁਗਤ ਲਈ ਕਾਢ-ਸ਼ਕਤੀ ਪੈਦਾ ਹੋ ਜਾਂਦੀ ਹੈ।

ਪਰ ਜ਼ਰੂਰੀ ਗੱਲ ਇਹ ਹੈ ਕਿ ਆਦਰਸ਼ ਵਿਚ ਵਿਸ਼ਵਾਸ਼ ਰੱਖਣਾ ਵਿਅਕਤੀ ਜਾਂ ਕਲਾਕਾਰ ਦੇ ਇਖਤਿਆਰ ਦੀ ਗੱਲ ਨਹੀਂ ਹੈ। ਉਹ ਵਿਸ਼ਵਾਸ਼ ਕਰਨਾ ਚਾਹੁੰਦਾ ਹੋਇਆ ਵੀ ਸ਼ਾਇਦ ਆਦਰਸ਼ ਵਿਚ ਨਿਸ਼ਚਾ ਨਾ ਰੱਖ ਸਕੇ। ਆਦਰਸ਼ ਕੇਵਲ ਬੌਧਿਕ ਸ੍ਵੀਕ੍ਰਿਤੀ ਦਾ ਹੀ ਸਵਾਲ ਨਹੀਂ। 'ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ'।

ਆਪਣੇ ਆਦਰਸ਼ ਨੂੰ ਕਲਾ ਵਿਚ ਨਿਭਾਉਣ ਲਈ ਕਲਾਕਾਰ ਉੱਤੇ ਕੁਝ ਜ਼ਿੰਮੇਦਾਰੀਆਂ ਆਉਂਦੀਆਂ ਹਨ। ਜਿਹਨਾਂ ਦਾ ਗੁਰੂ ਨਾਨਕ ਜ਼ਿਕਰ ਕਰਦੇ ਹਨ।

ਕਾਇਆ ਕਾਗਦੁ ਜੇ ਥੀਐ ਪਿਆਰੇ
ਮਨੁ ਮਸਵਾਣੀ ਧਾਰਿ
ਲਲਤਾ ਲੇਖਣਿ ਸਚ ਕੀ ਪਿਆਰੇ
ਹਰਿ ਗੁਣ ਲਿਖਹੁ ਵੀਚਾਰਿ
ਧਨੁ ਲੇਖਾਰੀ ਨਾਨਕ ਪਿਆਰੇ
ਸਚੁ ਲਿਖੈ ਉਰਿ ਧਾਰਿ

(ਸੋਰਠਿ ਅਸ਼ਟ 3, ਪੰਨਾ 636)

ਹੇ ਭਾਈ ਜੇ ਸਾਡਾ ਸਰੀਰ ਕਾਗਜ਼ ਬਣ ਜਾਏ, ਜੇ ਮਨ ਨੂੰ ਸਿਆਹੀ ਦੀ ਦਵਾਤ ਬਣਾ ਲਈਏ, ਜੇ ਸਾਡੀ ਜੀਭ ਪ੍ਰਭੂ ਦੀ ਸਿਫ਼ਤਿ ਸਾਲਾਹ ਲਿਖਣ ਲਈ ਕਲਮ ਬਣ ਜਾਏ, ਤਾਂ ਹੇ ਭਾਈ (ਸੁਭਾਗ ਤਾਂ ਇਸੇ ਗੱਲ ਵਿਚ ਹੈ ਕਿ) ਪਰਮਾਤਮਾ ਦੇ ਗੁਣਾਂ ਨੂੰ ਆਪਣੇ ਸੋਚ-ਮੰਦਰ ਵਿਚ ਲਿਆ ਕੇ (ਆਪਣੇ ਅੰਦਰ) ਉੱਕਰਦੇ ਚੱਲੋ, ਹੇ ਨਾਨਕ ਉਹ ਲਿਖਾਰੀ ਭਾਗਾਂ ਵਾਲਾ ਹੈ ਜੋ ਸਦਾ ਥਿਰ ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਟਿਕਾ ਕੇ (ਆਪਣੇ ਅੰਦਰ) ਉੱਕਰ ਲੈਂਦਾ ਹੈ।

ਆਦਰਸ਼ ਦੀ ਸਥਾਨ ਰੇਖਾ (locus) 'ਕਾਇਆ', 'ਮਨੁ', 'ਲਲਤਾ', 'ਉਰਿ' ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦਾ ਅਸਰ ਸਾਡੇ ਸਰੀਰ, ਵਿਚਾਰ, ਬੋਲਚਾਲ ਅਤੇ ਭਾਵਨਾਵਾਂ ਉੱਤੇ ਹੋਣਾ ਚਾਹੀਦਾ ਹੈ। ਅਸੀਂ ਤਾਂ ਹੀ 'ਸਚੁ' ਜਾਂ ਆਦਰਸ਼ ਦੀ ਗੱਲ ਕਰ ਸਕਦੇ ਹਾਂ। ਜੇ ਆਦਰਸ਼ ਦਾ ਸਰੀਰ ਤੇ ਅਸਰ ਨਹੀਂ ਤਾਂ ਜੁਬਾਨੀ ਜਮਾ ਖਰਚ ਹੈ। ਬਹੁਤ ਘੱਟ ਕਲਾਕਾਰ ਅਜਿਹੇ ਆਦਮੀ ਹੁੰਦੇ ਹਨ ਜੋ ਆਦਰਸ਼ ਦੇ ਪ੍ਰਭਾਵ ਹੇਠ ਆਪਣੀ ਸੁਹਜ ਨੂੰ ਬਦਲ ਲੈਣ। ਜਿਵੇਂ ਪਹਿਲਾਂ ਜ਼ਿਕਰ ਆਇਆ ਹੈ ਗੁਰੂ ਨਾਨਕ ਅਨੁਸਾਰ ਆਦਰਸ਼ ਕਲਿਆਣ ਤੋਂ ਪਹਿਲਾਂ ਹੀ ਮਨੁੱਖ ਨੂੰ ਬਦਲ ਦਿੰਦਾ ਹੈ। ਸੋ ਗੁਰੂ ਨਾਨਕ ਅਨੁਸਾਰ ਕਲਾਕਾਰ ਆਪਣੇ ਆਪ ਨੂੰ ਬਦਲ ਕੇ ਹੀ ਆਦਰਸ਼-ਮਈ ਸਿਰਜਣਾ ਕਰ ਸਕਦਾ ਹੈ।

ਰਾਗ ਰਤਨ ਪਰੀਆ ਪਰਵਾਰ
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ

(ਆਸਾ 9, ਪੰਨਾ 351)

ਸ੍ਰਿਸ਼ਟ ਵਧੀਆ ਰਾਗ ਤੇ ਉਹਨਾਂ ਦੀਆਂ ਰਾਗਨੀਆਂ ਆਦਿਕ ਦਾ ਇਹ ਸਾਰਾ ਪਰਵਾਰ—ਜੇ ਇਸ ਰਾਗ-ਪਰਵਾਰ ਵਿਚ ਸ੍ਰਿਸ਼ਟ ਨਾਮ ਰਸ ਭੀ ਜੰਮ ਪਏ (ਤਾਂ ਇਸ ਮੇਲ ਵਿਚੋਂ ਅਸਚਰਜ ਆਤਮਿਕ ਆਨੰਦ ਪੈਂਦਾ ਹੈ।

ਵਾਜਾ ਮਤਿ ਪਖਾਵਜੁ ਭਾਉ
ਹੋਇ ਅਨੰਦੁ ਸਦਾ ਮਨਿ ਚਾਉ
ਏਹਾ ਭਗਤਿ ਏਹੋ ਤਪ ਤਾਉ
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ। 1।
ਪੂਰੇ ਤਾਲ ਜਾਣੈ ਸਾਲਾਹ
ਹੋਰੁ ਨਚਣਾ ਖੁਸ਼ੀਆ ਮਨ ਮਾਹ। 1। ਰਹਾਉ।

ਸਤੁ ਸੰਤੋਖ ਵਜਹਿ ਦੁਇ ਤਾਲ
ਪੈਰੀ ਵਾਜਾ ਸਦਾ ਨਿਹਾਲ
ਰਾਗੁ ਨਾਦੁ ਨਹੀ ਦੂਜਾ ਭਾਉ
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ। 2।

ਭਉ ਫੇਰੀ ਹੋਵੈ ਮਨ ਚੀਤਿ
ਬਹਦਿਆ ਉਠਦਿਆ ਨੀਤਾ ਨੀਤਿ
ਲੇਟਣਿ ਲੇਟਿ ਜਾਣੈ ਤਨੁ ਸੁਆਹੁ
ਇਤੁ ਰੰਗਿ ਨਾਚਹੁ ਰਖਿ ਰਖਿ ਪਾਉ। 3।

ਸਿਖ ਸਭਾ ਦੀਖਿਆ ਕਾ ਭਾਉ
ਗੁਰਮੁਖਿ ਸੁਣਣਾ ਸਾਚਾ ਨਾਉ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਆਖਣੁ ਵੇਰਾ ਵੇਰ
ਇਤੁ ਰੰਗਿ ਨਾਚਹੁ ਰਖਿ ਰਖਿ ਪੈਰ । 4 ।

(ਆਸਾ 6, ਪੰਨਾ 350)

ਜਿਸ ਮਨੁੱਖ ਨੇ ਸ੍ਰਿਸ਼ਟ ਬੁੱਧਿ ਨੂੰ ਵਾਜਾ ਬਣਾਇਆ ਹੈ, ਪ੍ਰਭੂ-ਪਿਆਰ ਨੂੰ ਜੋੜੀ ਬਣਾਇਆ ਹੈ (ਇਹਨਾਂ ਸਾਜ਼ਾਂ ਦੇ ਵੱਜਣ ਨਾਲ, ਸ੍ਰਿਸ਼ਟ ਬੁੱਧਿ ਤੇ ਪ੍ਰਭੂ-ਪਿਆਰ ਦੀ ਬਰਕਤਿ ਨਾਲ) ਉਸ ਦੇ ਅੰਦਰ ਸਦਾ ਆਨੰਦ ਬਣਿਆ ਰਹਿੰਦਾ ਹੈ, ਉਸ ਦੇ ਮਨ ਵਿਚ ਉਤਸ਼ਾਹ ਰਹਿੰਦਾ ਹੈ । ਅਸਲੀ ਭਗਤੀ ਇਹੀ ਹੈ, ਤੇ ਇਹੀ ਹੈ ਮਹਾਨ ਤਪ । ਇਸ ਆਤਮਿਕ ਆਨੰਦ ਵਿਚ ਟਿਕੇ ਰਹਿ ਕੇ ਸਦਾ ਜੀਵਨ ਰਸਤੇ ਉੱਤੇ ਤੁਰੋ । ਬੱਸ ਇਹ ਨਾਚ ਨੱਚੋ (ਰਾਸਾਂ ਵਿਚ ਨਾਚ ਨੱਚ ਕੇ ਉਸ ਨੂੰ ਕ੍ਰਿਸ਼ਨ-ਭਗਤੀ ਸਮਝਣਾ ਭੁਲੇਖਾ ਹੈ) ।

ਜੋ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਜਾਣਦਾ ਹੈ ਉਹ (ਜੀਵਨ ਨਾਚ ਵਿਚ) ਤਾਲ-ਸਿਰ ਨੱਚਦਾ ਹੈ (ਜੀਵਨ ਦੀਆਂ ਸਹੀ ਲੀਹਾਂ ਤੇ ਤੁਰਦਾ ਹੈ) । (ਰਾਸ ਆਦਿਕਾਂ ਵਿਚ ਕ੍ਰਿਸ਼ਨ-ਮੂਰਤੀ ਅੱਗੇ ਇਹ) ਹੋਰ ਹੋਰ ਨਾਚ ਨਿਰੀਆਂ ਮਨ ਦੀਆਂ ਖੁਸ਼ੀਆਂ ਹਨ, ਮਨ ਦੇ ਚਾਉ ਹਨ (ਇਹ ਭਗਤੀ ਨਹੀਂ, ਇਹ ਤਾਂ ਮਨ ਦੇ ਨਚਾਏ ਨੱਚਣਾ ਹੈ) । 1 । ਰਹਾਉ ।

(ਖ਼ਲਕਤ ਦੀ) ਸੇਵਾ, ਸੰਤੋਖ (ਵਾਲਾ ਜੀਵਨ)—ਇਹ ਦੋਵੇਂ ਛੈਣੇ ਵੱਜਣ, ਸਦਾ ਖਿੜੇ ਮੱਥੇ ਰਹਿਣਾ, ਇਹ ਪੈਰੀਂ ਘੁੰਘਰੂ (ਵੱਜਣ); (ਪ੍ਰਭੂ ਪਿਆਰ ਤੋਂ ਬਿਨਾਂ) ਕੋਈ ਹੋਰ ਲਗਨ ਨ ਹੋਵੇ—ਇਹ (ਹਰ ਵੇਲੇ ਅੰਦਰ) ਰਾਗ ਤੇ ਅਲਾਪ (ਹੁੰਦਾ ਰਹੇ) । (ਹੇ ਭਾਈ) ਇਸ ਆਤਮਕ ਆਨੰਦ ਵਿਚ ਟਿਕੋ, ਇਸ ਜੀਵਨ-ਰਸਤੇ ਤੁਰੋ । ਬੱਸ ਇਹ ਨਾਚ ਨੱਚੋ (ਭਾਵ, ਇਸ ਤਰ੍ਹਾਂ ਦੇ ਜੀਵਨ ਦਾ ਆਤਮਕ ਹੁਲਾਰਾ ਮਾਣੋ) । 2 ।

ਉਠਦਿਆਂ ਬੈਠਦਿਆਂ ਸਦਾ ਹਰ ਵੇਲੇ ਪ੍ਰਭੂ ਦਾ ਡਰ-ਅਦਬ ਮਨ-ਚਿਤ ਵਿਚ ਟਿਕਿਆ ਰਹੇ—ਨਾਚ ਦੀ ਇਹ ਭੁਆਂਟਣੀ ਹੋਵੇ; ਆਪਣੇ ਸਰੀਰ ਨੂੰ ਮਨੁੱਖ ਨਾਸ਼ਵੰਤ ਸਮਝੇ—ਇਹ ਲੇਟ ਕੇ ਨਿਰਤਕਾਰੀ ਹੋਵੇ । (ਹੇ ਭਾਈ) ਇਸ ਆਨੰਦ ਵਿਚ ਟਿਕੇ ਰਹੋ, ਇਹ ਜੀਵਨ ਜੀਵੋ, ਬੱਸ ਇਹ ਨਾਚ ਨੱਚੋ (ਇਹ ਆਤਮਕ ਹੁਲਾਰਾ ਮਾਣੋ) । 3 ।

ਸਤਸੰਗ ਵਿਚ ਰਹਿ ਕੇ ਗੁਰੂ ਦੇ ਉਪਦੇਸ਼ ਦਾ ਪਿਆਰ (ਆਪਣੇ ਅੰਦਰ ਪੈਦਾ ਕਰਨਾ), ਗੁਰੂ ਦੇ ਸਨਮੁਖ ਰਹਿ ਕੇ ਪਰਮਾਤਮਾ ਦਾ ਅਟੱਲ ਨਾਮ ਸੁਣਦੇ ਰਹਿਣਾ, ਪਰਮਾਤਮਾ ਦਾ ਨਾਮ ਮੁੜ ਮੁੜ ਜਪਣਾ - ਇਸ ਰੰਗ ਵਿਚ, ਹੇ ਨਾਨਕ ਟਿਕੋ, ਇਸ ਜੀਵਨ-ਰਸਤੇ ਵਿਚ ਪੈਰ ਧਰੋ । ਬੱਸ ! ਇਹ ਨਾਚ ਨੱਚੋ (ਇਹ ਜੀਵਨ ਆਨੰਦ ਮਾਣੋ) । 4 ।

ਇਸ ਵਿਚ ਸ਼ੱਕ ਨਹੀਂ ਕਿ ਗੁਰੂ ਨਾਨਕ ਨੇ ਨ੍ਰਿਤ ਦਾ ਸਘਨ (concrete) ਵਰਣਨ ਕੀਤਾ ਹੈ । ਪਰ ਉਹ ਨਾਲ ਨਾਲ ਇਹ ਵੀ ਕਹੀ ਜਾਂਦੇ ਹਨ ਕਿ ਇਹ ਨ੍ਰਿਤ ਕਿਸੇ ਵੱਖਰੇ ਨ੍ਰਿਤ ਦਾ ਰੂਪ ਹੋਣਾ ਚਾਹੀਦਾ ਹੈ ਜਿਹੜਾ ਬਾਹਰੀ ਨੱਚਣ-ਲੇਟਣ ਦੀ ਥਾਉਂ 'ਮਤਿ', 'ਭਾਉ',

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
'ਖ਼ਾਲਾਹ', 'ਸਤੁ', 'ਸੰਤੋਖ', 'ਭਉ', 'ਜਾਣੈ ਤਨੁ ਸੁਆਹੁ', 'ਦੀਖਿਆ', 'ਸਾਚਾ ਨਾਉ' ਦਾ ਹੈ । ਗੁਰੂ ਨਾਨਕ ਨੇ ਵਿਹਾਰਿਕ ਨ੍ਰਿਤ ਨੂੰ ਮਨੁੱਖ ਦੇ ਅੰਤਰ ਦੇ ਨ੍ਰਿਤ ਵਿਚ ਬਦਲ ਦਿੱਤਾ ਹੈ । ਇੰਝ ਹੀ 18 ਵੀਂ ਸਦੀ ਦੀ ਸਿੱਖ ਚਿਤ੍ਰਕਾਰੀ ਨੇ ਆਪਣੇ ਸਮੇਂ ਦੀ ਚਿਤ੍ਰਕਲਾ ਨੂੰ ਸਿੱਖ ਬ੍ਰਹਮਵਿਦਿਅ ਪ੍ਰਦਾਨ ਕਰਕੇ ਇਸ ਨੂੰ 'ਗੁਰਮੁਖੀ' ਕਲਾ ਬਣਾ ਦਿੱਤਾ ਹੈ ।[8]

13. ਸੁੰਦਰਤਾ ਮਨੁੱਖੀ ਹੈ

ਜੇ ਅਸੀਂ 'ਪ੍ਰਭੂ ਸੁੰਦਰ ਹੈ' ਅਨੁਭਾਗ ਵਲ ਧਿਆਨ ਮਾਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਪਰਮਾਤਮਾ ਨੂੰ 'ਰੂਪ ਰੰਗ' ਵਾਲਾ, 'ਰੂੜੋ' 'ਰੂਪਿ ਅਪਾਰੁ', 'ਪ੍ਰਭੂ ਬੰਕੇ', 'ਮੋਹਨਿ', 'ਰੰਗੀਲੇ', 'ਰਾਂਗਿ ਘਣੋ', 'ਮਨਮੋਹਨ', ਕਹਿੰਦੇ ਹਨ । ਗੁਰੂ ਨਾਨਕ ਪਰਮਾਤਮਾ ਦੀ ਸੁੰਦਰਤਾ ਨੂੰ ਇੰਝ ਵਰਣਨ ਕਰਦੇ ਹਨ ਜਿਵੇਂ ਕਿਤੇ ਉਹ ਕਿਸੇ ਮਨੁੱਖ ਦੇ ਰੂਪ ਦੀ ਚਰਚਾ ਕਰਦੇ ਹੋਣ। ਪਰਮਾਤਮਾ ਆਪ ਚਾਹੇ ਅਲਖ ਹੈ ਪਰ ਉਹਦੀ ਸੁੰਦਰਤਾ ਮਨੁੱਖੀ ਹੈ। ਪਰਮਾਤਮਾ ਦੀ ਸੁੰਦਰਤਾ ਮਨੁੱਖੀ ਪ੍ਰਤੀਕਰਮ ਹੈ। ਸੁੰਦਰਤਾ ਭਾਵੇਂ ਪਰਮਾਤਮਾ ਦੀ ਹੈ ਪਰ ਇਸ ਨੂੰ ਨਿਹ ਰਨ ਵਾਲਾ ਮਨੁੱਖ ਹੈ[9]। ਇਹਨਾਂ ਸਾਰੇ ਹਵਾਲਿਆਂ ਵਿਚ ਸੁੰਦਰਤਾ ਦੇ ਰਹੱਸਮਈ ਆਦਿ ਹੋਣ ਦਾ ਕੋਈ ਜ਼ਿਕਰ ਨਹੀਂ ਆਇਆ। ਪਰਮਾਤਮਾ ਦਾ ਆਪਣਾ ਰਹੱਸ ਹੈ, ਪਰ ਉਹਦੀ ਸੁੰਦਰਤਾ ਦਾ ਕੋਈ ਰਹੱਸ ਨਹੀਂ। ਉਹਦੀ ਸੁੰਦਰਤਾ ਰਹੱਸਮਈ ਨਹੀਂ ਸਗੋਂ ਮਨੁੱਖੀ ਹੈ।

ਸਾਨੂੰ ਇਹ ਵੀ ਨਜ਼ਰ ਆਇਆ ਕਿ ਗੁਰੂ ਨਾਨਕ ਸਾਹਿਬ ਨੇ ਸੁੰਦਰਤਾ ਨੂੰ ਕਿਧਰੇ ਵੀ ਸਤਯਮ ਸ਼ਿਵਮ ਨਾਲ ਨਹੀਂ ਜੋੜਿਆ। ਸਤਯਮ ਸ਼ਿਵਮ ਸੁੰਦਰਮ ਨੂੰ ਸਿੱਧ ਕਰਨਾ ਆਮ ਦਾਰਸ਼ਨਿਕਾਂ ਦਾ ਸ਼ੌਕ ਹੈ। ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ ਕਿ ਕੀ ਅਸੀਂ ਕਿਸੇ ਮਹਾਪੁਰਖ ਦੇ ਨਾਉਂ ਉਹ ਕੁਝ ਤਾਂ ਨਹੀਂ ਲਾਈ ਜਾਂਦੇ ਜਿਸਦਾ ਉਹਦੇ ਵਿਚ ਜ਼ਿਕਰ ਤੱਕ ਨਹੀਂ।

ਮੁੱਲ ਸਵੈਨਿਯਮੀ (autonomous) ਹੁੰਦੇ ਹਨ[10]। ਇਹ ਜ਼ਰੂਰੀ ਨਹੀਂ ਕਿ ਸਤਯਮ ਸ਼ਿਵਮ ਭੀ ਹੋਵੇ। Euthanasia ਅਰਥਾਤ ਕਿਸੇ ਬੇਆਸ ਬਿਮਾਰ ਦੀ ਅਸਹਿ ਪੀੜਾ ਨੂੰ ਖਤਮ ਕਰਨ ਲਈ ਉਹਨੂੰ ਮਾਰ ਦੇਣਾ ਸਤਯਮ ਹੈ ਪਰ ਸ਼ਿਵਮ ਨਹੀਂ। ਨਾ ਹੀ ਸ਼ਿਵਮ ਲਈ ਸੁੰਦਰਮ ਹੋਣਾ ਜ਼ਰੂਰੀ ਹੈ; ਨਹੀਂ ਤਾਂ ਦੁਨੀਆਂ ਵਿਚ ਕੋਈ ਵੀ ਫ਼ਰਜ਼ ਦੁਖਦਾਈ ਨਾ ਹੁੰਦਾ। ਇਸ ਗੱਲ ਦਾ ਤਾਂ ਬਾਬੇ ਨਾਨਕ ਦੀ ਬਾਣੀ ਵਿਚ ਕਈ ਵਾਰ ਜ਼ਿਕਰ ਆਇਆ ਹੈ ਕਿ ਕਈ ਸੁੰਦਰਮ ਸਤਯਮ ਨਹੀਂ ਹੁੰਦੇ ਸਗੋਂ ਕਈ ਸੁੰਦਰਤਾਵਾਂ ਕੱਚ ਦੀਆਂ ਹਨ।

ਗੁਰੂ ਨਾਨਕ ਸਾਹਿਬ ਪਰਮਾਤਮਾ ਦੀ ਸੁੰਦਰਤਾ ਦੇ ਮਨੁੱਖੀ ਵਿਕਲਪ ਨੂੰ ਵਡਹੰਸ ਰਾਗ ਵਿਚ ਇੰਝ ਪੂਰਨਭਾਂਤ ਸਾਹਮਣੇ ਲਿਆਉਂਦੇ ਹਨ ਕਿ ਸ਼ੱਕ ਦੀ ਗੁੰਜਾਇਸ਼ ਨਹੀਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦੀ। ਉਹ ਪਰਮਾਤਮਾ ਨੂੰ ਸੁੰਦਰ ਮਨੁੱਖ ਵਾਂਗ ਚਿਤਰਦੇ ਹਨ।

ਤੇਰੇ ਬੰਕੇ ਲੋਇਣ ਦੰਤ ਰੀਸਾਲਾ
ਸੋਹਣੇ ਨਕ ਜਿਨ ਲੰਮੜੇ ਵਾਲਾ
ਕੰਚਨ ਕਾਇਆ ਸੁਇਨੇ ਕੀ ਢਾਲਾ
ਸੋਵੰਨ ਢਾਲਾ ਕ੍ਰਿਸਨ ਮਾਲਾ
ਜਪਹੁ ਤੁਸੀ ਸਹੇਲੀਹੋ
ਜਮ ਦੁਆਰਿ ਨ ਹੋਹੁ ਖੜੀਆ
ਸਿਖ ਸੁਣਹੁ ਮਹੇਲੀਹੋ
ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ
ਬੰਕੇ ਲੋਇਣ, ਦੰਤ ਰੀਸਾਲਾ ।7।

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ
ਕੁਹਕਨਿ ਕੋਕਿਲਾ ਤਰਲ ਜੁਆਣੀ
ਤਰਲਾ ਜੁਆਣੀ ਆਪਿ ਭਾਣੀ
ਇਛ ਮਨ ਕੀ ਪੂਰੀਏ
ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ
ਆਪਿ ਆਪੁ ਸੰਧੂਰੀਏ
ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ
ਬਿਨਵੰਤਿ ਨਾਨਕੁ ਦਾਸੁ ਹਰਿ ਕਾ
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ।8।

(ਵਡਹੰਸ ਛੰਤ 2, ਪੰਨਾ 567)

(ਹੇ ਸਰਬ-ਵਿਆਪਕ ਸਿਰਜਣਹਾਰ ਜਗਤ ਦੀ ਸਾਰੀ ਸੁੰਦਰਤਾ ਤੂੰ ਹੀ ਆਪਣੇ ਸਰੂਪ ਤੋਂ ਰਚੀ ਹੈ। ਤੂੰ ਉਹ ਉਹ ਇਸਤ੍ਰੀ ਮਰਦ ਪੈਦਾ ਕੀਤੇ ਹਨ ਜਿਨ੍ਹਾਂ ਦੇ ਨੈਣ ਦੰਦ ਨੱਕ ਕੇਸ ਆਦਿਕ ਸਾਰੇ ਹੀ ਅੰਗ ਮਹਾਨ ਸੁੰਦਰ ਹਨ। ਉਹਨਾਂ ਵਿਚ, ਹੇ ਪ੍ਰਭੂ ਤੂੰ ਆਪ ਹੀ ਬੈਠਾ ਜੀਵਨ-ਜੋਤ ਜਗਾ ਰਿਹਾ ਹੈਂ) ਸੋ ਹੇ ਪ੍ਰਭੂ ਤੇਰੇ ਨੈਣ ਬਾਂਕੇ ਹਨ, ਤੇਰੇ ਦੰਦ ਸੋਹਣੇ ਹਨ, ਤੇਰਾ ਨੱਕ ਸੋਹਣਾ ਹੈ, ਤੇਰੇ ਸੋਹਣੇ ਲੰਮੇ ਕੇਸ ਹਨ (ਜਿਨ੍ਹਾਂ ਦੇ ਸੋਹਣੇ ਨੱਕ ਹਨ, ਜਿਨ੍ਹਾਂ ਦੇ ਸੋਹਣੇ ਲੰਮੇ ਕੇਸ ਹਨ, ਇਹ ਭੀ, ਹੇ ਪ੍ਰਭੂ ਤੇਰੇ ਹੀ ਨੱਕ, ਤੇਰੇ ਹੀ ਕੇਸ ਹਨ)। ਹੇ ਪ੍ਰਭੂ ਤੇਰਾ ਸਰੀਰ ਸੋਨੇ ਵਰਗਾ ਸ਼ੁਧ ਅਰੋਗ ਹੈ ਤੇ ਸਡੌਲ ਹੈ, ਮਾਨੋ ਸੋਨੇ ਵਿਚ ਹੀ ਢਲਿਆ ਹੋਇਆ ਹੈ।

ਹੇ ਸਹੇਲੀਹੋ (ਹੇ ਸੰਤਸੰਗੀ ਸੱਜਣੋ) ਤੁਸੀਂ ਉਸ ਪਰਮਾਤਮਾ (ਦੇ ਨਾਮ) ਦੀ ਮਾਲਾ ਜਪੋ (ਉਸ ਪਰਮਾਤਮਾ ਦਾ ਨਾਮ ਮੁੜ ਮੁੜ ਜਪੋ) ਜਿਸ ਦਾ ਸਰੀਰ ਅਡੋਲ ਤੇ ਸੁਡੌਲ ਹੈ, ਮਾਨੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਨੇ ਵਿਚ ਢਲਿਆ ਹੋਇਆ ਹੈ।

ਹੇ ਜੀਵ ਇਸਤ੍ਰੀਓ ਮੇਰੀ ਸਿੱਖਿਆ ਸੁਣੋ (ਜੇ ਤੁਸੀਂ ਉਸ ਅਰੋਗ ਤੇ ਸੁਡੌਲ ਸਰੂਪ ਵਾਲੇ ਸਰਬ-ਵਿਆਪਕ ਸਿਰਜਣਹਾਰ ਦਾ ਨਾਮ ਜਪੋਗੀਆਂ, ਤਾਂ) ਤੁਸੀਂ (ਅੰਤ ਵੇਲੇ) ਜਮਰਾਜ ਦੇ ਦਰਵਾਜ਼ੇ ਤੇ ਖੜੀਆਂ ਨਹੀਂ ਹੋਵੋਗੀਆਂ। ਜਿਹੜੇ ਬੰਦੇ ਉਸ ਪਰਮਾਤਮਾ ਦਾ ਨਾਮ ਜਪਦੇ ਹਨ ਉਹਨਾਂ ਦੇ) ਮਨ ਤੋਂ ਵਿਕਾਰਾਂ ਦੀ ਮੈਲ ਲਹਿ ਜਾਂਦੀ ਹੈ। (ਸਿਮਰਨ ਦੀ ਬਰਕਤਿ ਨਾਲ) ਮਹਾ ਪਖੰਡੀ ਬਗਲਿਆਂ ਤੋਂ ਸ੍ਰੇਸ਼ਟ ਹੰਸ ਬਣ ਜਾਂਦੇ ਹਨ (ਪਖੰਡੀ ਬੰਦਿਆਂ ਤੋਂ ਉੱਚੇ ਜੀਵਨ ਵਾਲੇ ਗੁਰਮੁਖ ਬਣ ਜਾਂਦੇ ਹਨ।)

ਹੇ ਸਹੇਲੀਹੋ (ਉਹ ਸਰਬ-ਵਿਆਪਕ ਪ੍ਰਭੂ ਦੇ) ਸੋਹਣੇ ਨੈਣ ਹਨ ਸੋਹਣੇ ਦੰਦ ਹਨ (ਇਸ ਸੰਸਾਰ ਦੀ ਸਾਰੀ ਸੁੰਦਰਤਾ ਦਾ ਸੋਮਾ ਪ੍ਰਭੂ ਆਪ ਹੀ ਹੈ) (7)।

(ਕਿਤੇ ਮਿੱਠ ਵੈਰਾਗ-ਭਰੀ ਸੁਰ ਵਿਚ ਕੋਇਲਾਂ ਕੂਕ ਰਹੀਆਂ ਹਨ, ਕਿਤੇ ਚੰਚਲ ਜਵਾਨੀ ਦੇ ਮਦ-ਭਰੀਆਂ ਸੁੰਦਰੀਆਂ ਹਨ ਜੋ ਮਸਤ ਹਾਥੀ ਵਾਂਗ ਬੜੀ ਮਟਕ ਨਾਲ ਤੁਰਦੀਆਂ ਹਨ। ਹੇ ਪ੍ਰਭੂ ਇਹ ਕੋਇਲ ਦੀ ਮਿੱਠੀ ਬੋਲੀ ਤੇ ਚੰਚਲ ਜਵਾਨੀ ਦਾ ਮਦ ਸਭ ਕੁਝ ਤੂੰ ਆਪ ਹੀ ਪੈਦਾ ਕੀਤਾ ਹੈ। ਸੋ ਹੇ ਪ੍ਰਭੂ) ਤੇਰੀ (ਮਸਤ) ਚਾਲ (ਮਨ ਨੂੰ) ਸੁਖ ਦੇਣ ਵਾਲੀ ਹੈ, ਤੇਰੀ ਬੋਲੀ ਸੋਹਣੀ ਮਿੱਠੀ ਮਿੱਠੀ ਹੈ (ਤੇਰੀਆਂ ਹੀ ਪੈਦਾ ਕੀਤੀਆਂ) ਕੋਇਲਾਂ ਮਿੱਠੀ (ਵੈਰਾਗ-ਭਰੀ ਸੁਰ ਵਿਚ) ਕੂਕ ਰਹੀਆਂ ਹਨ, (ਤੇਰੀਆਂ ਹੀ ਪੈਦਾ ਕੀਤੀਆਂ) ਚੰਚਲ ਜਵਾਨੀ ਦੇ ਮਦ-ਭਰੀਆਂ ਸੁੰਦਰੀਆਂ ਹਨ।

ਇਹ ਚੰਚਲ ਜਵਾਨੀ ਪ੍ਰਭੂ ਨੇ ਆਪ ਹੀ ਪੈਦਾ ਕੀਤੀ ਹੈ, ਉਸ ਨੂੰ ਆਪ ਹੀ ਇਸ ਦਾ ਪੈਦਾ ਕਰਨਾ ਚੰਗਾ ਲੱਗਾ, ਉਸ ਨੇ ਆਪਣੇ ਹੀ ਮਨ ਦੀ ਇੱਛਾ ਪੂਰੀ ਕੀਤੀ। (ਚੰਚਲ ਜਵਾਨੀ ਦੇ ਮਦ-ਮੱਤੀ ਸੁੰਦਰੀ ਵਿਚ ਬੈਠ ਕੇ ਪ੍ਰਭੂ ਆਪ ਹੀ) ਮਸਤ ਹਾਥੀ ਵਾਂਗ ਬੜੀ ਮਟਕ ਨਾਲ ਪੈਰ ਧਰਦਾ ਹੈ, ਉਹ ਆਪ ਹੀ ਆਪਣੇ ਆਪ ਨੂੰ (ਜਵਾਨੀ ਦੇ ਮਦ ਵਿਚ) ਮਸਤ ਕਰ ਰਿਹਾ ਹੈ। (ਪ੍ਰਭੂ ਦੀ ਆਪਣੀ ਹੀ ਕਿਰਪਾ ਨਾਲ ਕੋਈ ਵਡਭਾਗਣ ਜੀਵ-ਇਸਤ੍ਰੀ ਉਸ) ਲੱਛਮੀ-ਪਤੀ ਦੇ ਪ੍ਰੇਮ-ਰੰਗ ਵਿਚ ਰੰਗੀ ਹੋਈ (ਉਸ ਦੇ ਨਾਮ ਵਿਚ) ਮਸਤ ਫਿਰਦੀ ਹੈ (ਉਸ ਦਾ ਜੀਵਨ ਪਵਿਤ੍ਰ ਹੋ ਜਾਂਦਾ ਹੈ) ਜਿਵੇਂ ਗੰਗਾ ਦਾ ਪਾਣੀ ਪਵਿੱਤ੍ਰ ਮੰਨਿਆ ਜਾਂਦਾ ਹੈ)।

ਹਰੀ ਦਾ ਦਾਸ ਬੇਨਤੀ ਕਰਦਾ ਹੈ—ਹੇ ਪ੍ਰਭੂ ਤੇਰੀ ਚਾਲ ਸੁਹਾਵਣੀ ਹੈ ਤੇ ਤੇਰੀ ਬੋਲੀ ਮਿੱਠੀ ਮਿੱਠੀ ਹੈ। ।8।

ਲੋਇਣ	=	ਅੱਖਾਂ	ਨਕ	=	(ਬਹੁ ਵਚਨ)
ਜਿਨ	=	ਜਿਨਾ ਦੇ	ਢਾਲਾ	=	ਢਾਲਿਆ ਹੋਇਆ
ਕੰਚਨ ਕਾਇਆ	=	ਸੋਨੇ ਦਾ ਸਰੀਰ,			

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੋਵੰਨ	,	ਸੋਹਣਾ ਅਰੋਗ ਸਰੀਰ ਸੋਨੇ ਦਾ	ਕ੍ਰਿਸ਼ਨ ਮਾਲਾ	=	ਵੈਜਯੰਤੀ ਮਾਲਾ (ਵਿਸ਼ਨੂੰ ਦੀ)
ਹੰਸ ਹੰਸਾ	=	ਵਡੇ ਹੰਸ, ਬਹੁਤ ਸ੍ਰੇਸ਼ਟ ਮਨੁੱਖ			
ਬਗ ਬਗਾ	=	ਵਡੇ ਬਗਲੇ, ਮਹਾ ਠੱਗ	ਲਹੈ	=	ਦੂਰ ਹੋ ਜਾਂਦਾ ਹੈ
ਮਧੁਰਾੜੀ	=	ਸੋਹਣੀ ਮਿੱਠੀ	ਕੁਹਕਨਿ	=	ਕੂਕਦੀਆਂ ਹਨ
ਕੋਕਿਲਾ	=	ਕੋਇਲਾਂ	ਤਰਲ	=	ਚੰਚਲ
ਸਾਰੰਗ	=	ਹਾਥੀ	ਪਗੁ	=	ਪੈਰ
ਠਿਮਿ ਠਿਮਿ	=	ਮਟਕ ਨਾਲ	ਆਪੁ	=	ਆਪਣੇ ਆਪ ਨੂੰ
ਸ਼ੰਧੂਰੀਏ	=	ਮਸਤ ਕਰਦਾ ਹੈ	ਸ੍ਰੀ ਰੰਗ	=	ਲਛਮੀ ਪਤੀ, ਪ੍ਰਭੂ
ਉਦਕ	=	ਪਾਣੀ	ਬਿਨਵੰਤਿ	=	ਬੇਨਤੀ ਕਰਦਾ ਹੈ

ਪਰਮਾਤਮਾ ਦਾ ਨੱਕ, ਉਹਦੇ ਕੰਨ, ਉਹਦੇ ਵਾਲ ਸੁਹਣੇ ਹਨ। ਉਹਦੀ ਚਾਲ ਮਸਤ ਹੈ। ਉਹਦੀ ਆਵਾਜ਼ ਮਿੱਠੀ ਹੈ। ਸਾਧਾਰਨ ਰੂਪ ਵਿਚ ਪਰਮਾਤਮਾ ਦੀ ਸੁੰਦਰਤਾ ਦਾ ਵਰਣਨ ਮਨੁੱਖੀ ਹੈ ਅਰਥਾਤ ਪਰਮਾਤਮਾ ਦੀ ਸੁੰਦਰਤਾ ਮਨੁੱਖ ਦੀ ਸੁੰਦਰਤਾ ਵਰਗੀ ਹੈ। ਪਰ ਭਾਈ ਸਾਹਿਬ ਸਿੰਘ ਜੀ ਨੇ ਇਸਨੂੰ ਇਹ ਕਹਿਕੇ ਵਿਆਪਕਤਾ (immanence) ਦਾ ਰੰਗ ਦੇ ਦਿੱਤਾ ਹੈ ਕਿ ਮਨੁੱਖਾਂ ਦੇ ਰੂਪ ਵਿਚ ਰੱਬ ਦਾ ਰੂਪ ਹੈ। ਪਰਮਾਤਮਾ ਦਾ ਰੂਪ ਮਨੁੱਖਾਂ ਵਿਚ ਇਸ ਕਰਕੇ ਵਿਆਪਕ ਹੈ ਕਿਉਂਕਿ ਪਰਮਾਤਮਾ ਨਾ ਕਿ ਉਹਦਾ ਰੂਪ, ਮਨੁੱਖਾਂ ਵਿਚ ਵਿਆਪਕ ਹੈ। ਜੇ ਇਹ ਗੱਲ ਸਹੀ ਹੋਵੇ ਤਾਂ ਇਹ ਕਿਹਾ ਜਾ ਸਕੇਗਾ ਕਿ ਮਨੁੱਖਾਂ ਦੀ ਨੇਕੀ ਵਿਚ ਪਰਮਾਤਮਾ ਦੀ ਨੇਕੀ ਵਿਆਪਕ ਹੈ, ਉਹਨਾਂ ਦੀ ਕਾਰਜਸ਼ੀਲਤਾ ਵਿਚ ਪਰਮਾਤਮਾ ਦੀ ਕਾਰਜਸ਼ੀਲਤਾ ਹੈ। ਨੰਬਰ ਇਕ, ਇਹ ਗੱਲ ਬੇਮਹਿਨੀ ਹੈ। ਦੂਸਰੇ ਇਹ ਲੌਕਿਕ ਵਰਣਨ ਨੂੰ ਵਿਆਪਕ ਵਰਨਣ ਬਣਾਕੇ ਦੋਵੀ ਦੋਹਰ ਪਾਉਣ ਵਾਲੀ ਗੱਲ ਹੈ ਜਿਸਦਾ ਕੋਈ ਫ਼ਾਇਦਾ ਨਹੀਂ।

ਇਹ ਗੱਲ ਤਾਂ ਸ਼ਬਦ ਵਿਚ ਹੀ ਸਪੱਸ਼ਟ ਹੈ ਕਿ ਗੁਰੂ ਸਾਹਿਬ ਦੁਨਿਆਵੀ ਸੁੰਦਰਤਾ ਵਿਚ ਵਿਆਪਕ ਸੁੰਦਰਤਾ ਦਾ ਜ਼ਿਕਰ ਨਹੀਂ ਕਰ ਰਹੇ ਸਗੋਂ ਪਰਮਾਤਮਾ ਦੀ ਸੁੰਦਰਤਾ ਨੂੰ ਮਨੁੱਖੀ ਸੁੰਦਰਤਾ ਦਰਸਾ ਰਹੇ ਹਨ। 'ਤਰਲਾ ਜੁਆਣੀ ਆਪਿ ਭਾਣੀ, ਇਛ ਮਨ ਕੀ ਪੂਰੀਏ' ਇਹ ਚੰਚਲ ਜਵਾਨੀ ਪ੍ਰਭੂ ਨੇ ਆਪ ਹੀ ਪੈਦਾ ਕੀਤੀ, ਉਸ ਨੂੰ ਆਪ ਨੂੰ ਹੀ ਇਸ ਦਾ ਪੈਦਾ ਕਰਨਾ ਚੰਗਾ ਲੱਗਾ, ਉਸ ਨੇ ਆਪਣੇ ਹੀ ਮਨ ਦੀ ਇੱਛਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੂਰੀ ਕੀਤੀ। ਜ਼ਾਹਿਰ ਹੈ ਕਿ ਪਰਮਾਤਮਾ ਦੀ ਇੱਛਾ ਮਨੁੱਖੀ ਸੁੰਦਰਤਾ ਪੈਦਾ ਕਰਨ ਦੀ ਇੱਛਾ ਹੋਈ ਜਿਹੜੀ ਉਸ ਨੂੰ ਚੰਗੀ ਲੱਗੀ।

ਇਸ ਤੋਂ ਸਿੱਧ ਹੁੰਦਾ ਹੈ ਕਿ ਵਿਆਪਕ ਸੁੰਦਰਤਾ ਕੇਵਲ ਸ਼ਬਦ-ਜੋੜ ਹੈ। ਇਹਦੀ ਨਾ ਕਲਪਨਾ ਹੋ ਸਕਦੀ ਹੈ ਨਾ ਹੀ ਇਹਦਾ ਕੋਈ ਯਥਾਰਥ ਹੈ।

ਹਵਾਲਿਆਂ ਦਾ ਰਾਗਾਂ ਅਨੁਸਾਰ ਵੇਰਵਾ

ਜੇ ਅਸੀਂ ਹੁਣ ਤੱਕ ਆਏ ਸੁੰਦਰਤਾ ਦੇ ਹਵਾਲਿਆਂ ਦਾ ਰਾਗਾਂ ਅਨੁਸਾਰ ਬਿਓਰਾ ਤਿਆਰ ਕਰੀਏ ਤਾਂ ਇਸ ਵਿੱਚੋਂ ਕਈ ਦਿਲਚਸਪ ਨਤੀਜੇ ਉਭਰ ਕੇ ਆਉਂਦੇ ਹਨ ਜਿਹੜੇ ਅਲਗ ਥਲਗ ਹਵਾਲਿਆਂ ਤੋਂ ਪ੍ਰਤੱਖ ਨਜ਼ਰ ਨਹੀਂ ਆਉਂਦੇ। ਆਏ ਹਵਾਲਿਆਂ ਦੇ ਰਾਗਾਂ ਦੀ ਸੂਚੀ ਹੈ :

ਜਪੁ (ਰਾਗ ਵਿਚ ਨਹੀਂ)	4
ਸਿਰੀ	14 ਅਤੇ (3) ਪੂਰੇ ਸ਼ਬਦ
ਗਉੜੀ	4 ਅਤੇ (1) ਪੂਰਾ ਸ਼ਬਦ
ਆਸਾ	12 ਅਤੇ (1) ਪੂਰਾ ਸ਼ਬਦ
ਵਡਹੰਸ	3
ਸੂਰਠਿ	1
ਮਾਰੂ	9
ਤੁਖਾਰੀ	4
ਭੈਰਉ	1
ਬਸੰਤ	2
ਸਾਰੰਗ	5
ਧਨਾਸਰੀ	1
ਰਾਮਕਲੀ	3
ਮਲਾਰ	6
ਪ੍ਰਭਾਤੀ	1
ਸਲੋਕ ਵਾਰਾਂ ਤੇ ਵਧੀਕ (ਰਾਗਾਂ ਵਿਚ ਨਹੀਂ)	2

ਇਹਨਾਂ ਹਵਾਲਿਆਂ ਦੀ ਗਿਣਤੀ ਦਾ ਰਾਗਾਂ ਨਾਲ ਅਤੇ ਰਾਗਾਂ ਦੇ ਭਾਵਾਂ ਨਾਲ ਮਹੱਤਵਪੂਰਨ ਸਬੰਧ ਹੈ। ਸਭ ਤੋਂ ਵੱਧ ਹਵਾਲੇ ਹੇਠ ਲਿਖੇ ਰਾਗਾਂ ਵਿਚ ਹਨ :

ਸਿਰੀ	14 (3) ਇਕਾਗਰਤਾ
ਆਸਾ	12 (1) ਬਿਰਹਾ, ਸੰਜੋਗ (ਖ਼ੁਸ਼ੀ)
ਮਾਰੂ	9 ਚਲਾਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਰੀ ਰਾਗ, ਇਕਾਗਰਤਾ ਦੀ ਤਾਸੀਰ ਵਾਲਾ ਹੈ। ਤੀਜੇ ਗੁਰੂ ਸਾਹਿਬ ਕਹਿੰਦੇ ਹਨ, 'ਰਾਗਾਂ ਵਿਚਿ ਸਿਰੀ ਰਾਗੁ ਹੈ, ਜੇ ਸਚਿ ਧਰੇ ਪਿਆਰੁ' (ਸਿਰੀ ਰਾਗ ਕੀ ਵਾਰ ਮ. 4)। ਮਾਰੂ ਰਾਗ ਯੁੱਧ ਅਤੇ ਚਲਾਣੇ ਪ੍ਰਤੀ ਭਾਵਨਾਵਾਂ ਪਰਗਟ ਕਰਦਾ ਹੈ।

ਆਸਾ ਰਾਗ ਦੀ ਭਾਵਨਾ ਬਾਰੇ ਮੱਤ-ਭੇਦ ਹਨ, ਰਾਗਮਾਲਾ ਅਨੁਸਾਰ ਆਸਾ ਮੇਘ ਰਾਗ ਦੀ ਰਾਗਨੀ ਹੈ—ਬਿਰਹਾ, ਸੰਜੋਗ ਜਾਂ ਐਂਦਰੀਕਤਾ (sensuousness) ਪਰ ਆਸਾ ਸਿਰੀ ਅਤੇ ਮਾਰੂ ਰਾਗਾਂ ਤੋਂ ਬਣਿਆ ਹੋਇਆ ਕਿਹਾ ਜਾਂਦਾ ਹੈ :

ਸਿਰੀ ਰਾਗ ਸੁਰ ਪ੍ਰਥਮ ਹੈ
ਦੂਜੇ ਮਾਰੂ ਰਾਗ
ਬਿਬ ਸੁਰ ਮਿਲ ਆਸਾ ਭਾਈ
ਜੋ ਗਾਵੈ ਵਡਭਾਗ[11]

ਅਤੇ ਇਹ ਸਾਡੇ ਗਿਣਤੀ ਦੇ ਪੱਖੋਂ ਹਵਾਲਿਆਂ ਦੀ ਸੂਚੀ ਵਿਚ ਇਹ ਐਨ ਸਿਰੀ ਅਤੇ ਮਾਰੂ ਰਾਗ ਵਿਚਕਾਰ ਆਉਂਦਾ ਹੈ।

ਰਾਗਾਂ ਦੀ ਸੂਚੀ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਦੇ ਸੁੰਦਰਤਾ ਦੇ ਵਰਣਨ ਦਾ ਕੇਂਦਰ ਇਕਾਗਰਤਾ ਹੈ। ਉਹਨਾਂ ਦਾ ਸੁੰਦਰਤਾ ਦਾ ਵਿਕਲਪ ਇਕਾਗਰਤਾ ਤੋਂ ਸ਼ੁਰੂ ਹੋ ਕੇ ਜੀਵਨ ਦੀਆਂ ਖ਼ੁਸ਼ੀਆਂ ਅਤੇ ਇਹਦੇ ਭੋਗਾਂ ਵਿਚ ਦੀ ਲੰਘਦਾ ਚਲਾਣੇ ਤਕ ਚਲਾ ਜਾਂਦਾ ਹੈ। ਵਰੋਧਾਰਥ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਇਹ ਖਤਮ ਵੀ ਇਕਾ-ਗਰਤਾ ਤੇ ਹੁੰਦਾ ਹੈ। ਇਥੋਂ ਪਤਾ ਲਗਦਾ ਹੈ ਕਿ ਭਾਵੇਂ ਗੁਰੂ ਨਾਨਕ ਦੇ ਸੌਂਦਰਯ ਦਾ ਕੇਂਦਰ ਪ੍ਰਭੂ-ਪ੍ਰਾਪਤੀ ਹੈ ਪਰ ਇਸ ਵਿਚ ਜੀਵਨ ਦੇ ਹੋਰ ਬਾਕੀ ਪੱਖ ਵੀ ਆਉਂਦੇ ਹਨ। ਉਹਨਾਂ ਦਾ ਸੌਂਦਰਯ ਸਰਵਗਾਮੀ ਹੈ।

ਹਵਾਲੇ ਅਤੇ ਟਿੱਪਣੀਆਂ

1 *The Last Poets of Imperial Rome*, Harold Isbell, Penguin 1982, 20.

2. *A Reconstruction of Sikh History from Sikh Literature*, ABS, Jalandhar, 1998.

3. ਵਧੇਰੀ ਬਹਿਸ ਲਈ ਵੇਖੋ, ਸੁਰਜੀਤ ਹਾਂਸ, **ਪਰੰਪਰਾ ਅਤੇ ਪ੍ਰਗਤੀਵਾਦ : ਬਾਣੀ ਦਾ ਅਜੋਕੀ ਕਵਿਤਾ ਲਈ ਮਹਤਵ**, ਬ. ਸ. ਯ. ਪ੍ਰਕਾਸ਼ਨ, ਅੰਮ੍ਰਿਤਸਰ, 1981, 44–46.

4. **ਹਥ ਲਿਖਤ** : MS 875, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 705.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. ਮਹਿਲਾ 3, ਗਉੜੀ ਅਸ਼ਟ 3, ਪੰਨਾ 230, ਬਿਲਾਵਲੁ 4, ਪੰਨਾ 797–8.
6. **ਸ੍ਰੀ ਗੁਰ ਸੋਭਾ**, (ਸੰਪ: ਗੰਡਾ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967, 31; 23; 27: 3ε; 128.
7. ਸੁੱਖਾ ਸਿੰਘ, **ਗੁਰਬਿਲਾਸ ਦਸਵੀਂ ਪਾਤਸ਼ਾਹੀ**, ਲਾਲਾ ਰਾਮ ਚੰਦ, ਮਾਨਕ ਟਹਲਾ, ਲਾਹੌਰ 1912, 30.
8. **ਬੀ-40 ਗੁਰੂ ਬਾਬਾ ਨਾਨਕ ਜਨਮ ਸਾਖੀ ਚਿਤ੍ਰਾਵਲੀ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1987.
9. R.H.M, Elwes (Tr,) *The Chief works of Benedict De Spinoza*, Dover Publications, New York, 1951, Vol. II, 290, 382. ਅਤੇ ਪਵਿਤਰਤਾ ਦੇ ਮਨੁੱਖੀ ਹੋਣ ਬਾਰੇ, Vol I, 167.
10. Julien Freund, *The Sociology of Max Weber*. Penguin, 1972, p. 27.
11. ਭਾਈ ਵੀਰ ਸਿੰਘ, **ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ**, (ਪੋਥੀ ਪੰਜਵੀਂ), ਖਾਲਸਾ ਸਮਾਚਾਰ ਅੰਮ੍ਰਿਤਸਰ, 1961, ਪੰਨਾ 2196.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖੁਲਾਸਾਤੁਤ ਤਵਾਰੀਖ਼ ਦਾ ਮੱਧਕਾਲੀ ਜਗਤ*

ਲੇਖ ਸੁਜਾਨ ਰਾਏ ਭੰਡਾਰੀ ਰਚਿਤ **ਖੁਲਾਸਾਤੁਤ ਤਵਾਰੀਖ਼** ਦੀ ਪੰਜਾਬੀ ਛਾਪ 'ਤੇ ਆਧਾਰਤ ਹੈ[1]। ਇਸ ਕਿਰਤ ਦੀ ਰਚਨਾ 1695 ਵਿਚ ਹੋਈ। ਲੇਖ ਦਾ ਬੁਨਿਆਦੀ ਨੁਕਤਾ ਹੈ ਕਿ ਸਰਵਸ਼ਕਤੀਮਾਨਤਾ, ਪ੍ਰਸ਼ਾਸ਼ਨ, ਫੌਜ, ਬਦ-ਅਮਨੀ ਪ੍ਰਕਿਰਤੀ, ਨਿਆਂ ਅਤੇ ਇਤਿਹਾਸ ਦੇ ਸਮਕਾਲੀ ਵਿਚਾਰਾਂ ਨੂੰ ਸਮਝਣ ਲਈ ਮੱਧਕਾਲੀ ਅਵਲੋਕਨ ਅਤੇ ਇਸ ਦੇ ਪਦਾਰਥਕ ਯਥਾਰਥ ਨੂੰ ਧਿਆਨ 'ਚ ਰਖਣਾ ਬੜਾ ਲਾਭਦਾਇਕ ਹੈ। ਇੱਸੇ ਤੋਂ ਹੀ ਸਾਨੂੰ ਸੁਜਾਨ ਰਾਏ ਦੀ ਤਾਰੀਖਦਾਨੀ ਦੇ ਮੰਤਵ ਦੀ ਸਮਝ ਆਉਂਦੀ ਹੈ।

ਮੱਧਕਾਲੀ ਜਗਤ ਦਾ ਸੱਭ ਤੋਂ ਮਹਤਵਪੂਰਨ ਤੱਤ ਹੈ ਕਿ ਲੋਕ ਅਤੇ ਪ੍ਰਲੋਕ ਇਕ ਦੂਸਰੇ ਵਿਚ ਧਸ ਗਏ ਹਨ। ਮਸਜਿਦ ਦੇਸ਼-ਕਾਲ ਦੀ ਕੈਦ 'ਚ ਨਹੀਂ ਸਗੋਂ ਸਮਾਂ ਅਤੇ ਸਥਾਨ ਅਜ਼ਲੀ ਰੂਹਾਨੀਅਤ ਦੇ ਅਧੀਨ ਹਨ[2]। ਸਿੰਧ ਸਾਗਰ ਵਿਚ "ਮਖਿਆਲਾਂ ਨੇੜੇ ਖਤਾਚਾ ਦਾ ਕਦੀਮੀ ਤਲਾਬ ਹੈ ਜਿਸ ਦੀ ਥਾਹ ਦਾ ਕਿਸੇ ਨੂੰ ਪਤਾ ਨਹੀਂ ਲਗ ਸਕਿਆ... ਧਰਤੀ ਦੀਆਂ ਦੋ ਅੱਖਾਂ ਹਨ। ਅਜਮੇਰ ਦੇ ਪਾਸ ਭੱਕਰ ਦਾ ਤਲਾਬ ਸੱਜੀ ਅੱਖ ਹੈ ਅਤੇ ਖੱਬੀ ਅੱਖ ਇਹ ਤਾਲਾਬ"[3]। ਥਾਨੇਸਰ ਈਸ਼ੂਰ ਦਾ ਸਥਾਨ ਹੈ "ਉਸ ਦੇ ਨੇੜੇ ਕੁਰਖੇਤਰ ਨਾਮ ਦਾ ਵੱਡਾ ਤਲਾਉ ਹੈ। ਸੰਸਕ੍ਰਿਤ ਦੀਆਂ ਪੁਸਤਕਾਂ ਵਿਚ ਤਲਾਉ ਨੂੰ ਧਰਤੀ ਦੀ ਧੁੰਨੀ ਆਖਿਆ ਗਿਆ ਹੈ ਅਤੇ ਸੰਸਾਰ ਦੀ ਉਤਪਤੀ ਦਾ ਕੇਂਦਰ ਮੰਨਿਆ ਹੈ"[4]। "ਇੱਥੇ ਪ੍ਰਾਨ ਛੱਡਣ ਵਾਲੇ ਦੀ ਮੁਕਤੀ ਹੋ ਜਾਂਦੀ ਹੈ"[5]। "ਗੰਗਾ ਜਲ ਦੀ ਵੱਡੀ ਗੱਲ ਇਹ ਹੈ ਕਿ ਸਾਲਾਂ ਬੱਧੀ ਪਏ ਰਹਿਣ ਦੇ ਬਾਵਜੂਦ ਇਸੇ ਦੇ ਸੁਆਦ ਜਾਂ ਸੁਗੰਧੀ ਵਿਚ ਕੋਈ ਤਬਦੀਲੀ ਨਹੀਂ ਆਉਂਦੀ... ਮਿਅਦਾ ਸਾਫ ਕਰਨਾ, ਸਰੀਰਕ ਤਾਪਮਾਨ ਨੂੰ ਉੱਤੇਜਨਾ ਦੇਣੀ, ਭੋਗ-ਸ਼ਕਤੀ ਵਧਾਉਣੀ ਅਤੇ ਭੁੱਖ ਨੂੰ ਚਮਕਾਉਣਾ ਇਸ ਦਾ ਗੁਣ ਹੈ"[6]। ਪ੍ਰਯਾਗ ਵਿਚ "ਲੋਕ ਮੁਕਤੀ ਜਾਂ ਅਗਲੀ ਜੂਨ ਵਿਚ ਸੁਖ ਲਈ ਆਪਣੇ ਆਪ ਨੂੰ ਕਰਵਤ ਨਾਲ ਚਿਰਵਾ ਲੈਂਦੇ ਸਨ। ਸ਼ਾਹਜਹਾਨ ਨੇ ਆਪਣੇ ਰਾਜਕਾਲ ਵਿਚ ਇਹ ਪ੍ਰਥਾ

**Jaurnal of Sikh Studies*; G N.D.U. Amritsar, Aug. 1987.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੰਦ ਕਰ ਦਿਤੀ"[7]। "ਜਦੋਂ ਬ੍ਰਹਿਸਪਤ ਸਿੰਘ ਰਾਸ਼ੀ ਵਿਚ ਜਾਂਦਾ ਹੈ ਤਾਂ ਗੰਗਾ ਵਿੱਚੋਂ ਪਹਾੜੀ ਉਭਰਦੀ ਹੈ ਅਤੇ ਮਹੀਨਾ ਭਰ ਕਾਇਮ ਰਹਿੰਦੀ ਹੈ। ਲੋਕ ਉੱਥੇ ਆ ਆ ਕੇ ਪੂਜਾ ਪਾਠ ਕਰਦੇ ਹਨ"[8]। ਨੀਮਖਾਰ... ਗੋਮਤੀ ਨਾਲ ਮਿਲਣ ਵਾਲੀ ਨਦੀ ਦਾ ਚਸ਼ਮਾ "ਜਿਹੜਾ ਗਜ਼ ਭਰ ਚੌੜਾ ਅਤੇ ਚਾਰ ਉਂਗਲ ਡੂੰਘਾ ਹੈ। ਜਦੋਂ ਉੱਥੇ ਬ੍ਰਾਹਮਨ ਮੰਤਰ ਪੜ੍ਹਕੇ ਜਾਪ ਕਰਦੇ ਹਨ ਤਾਂ ਉਸ ਦੀ ਤਹਿ ਵਿਚੋਂ ਮਹਾਦੇਵ ਜੀ ਦੀ ਮੂਰਤੀ ਉਭਰਦੀ ਹੈ ਅਤੇ ਤੁਰਤ ਲੋਪ ਹੋ ਜਾਂਦੀ ਹੈ"। "ਉੱਥੇ ਹੋਲੀ ਦੇ ਦਿਨ ਚੰਗਿਆੜਾ ਆਪਣੇ ਆਪ ਭੜਕਦਾ ਹੈ"[9]। ਝਾੜਖੰਡ ਵਿਚ ਬੈਜਨਾਥ ਮਹਾਦੇਵ ਨਾਲ ਸੰਬੰਧਤ ਹੈ। "ਇੱਥੇ ਪਿੱਪਲ ਦਾ ਦਰਖਤ ਹੈ ਜਿਸ ਦੀ ਆਯੂ ਦਾ ਕਿਸੇ ਨੂੰ ਅਨੁਮਾਨ ਨਹੀਂ.. ਮੰਦਿਰ ਦਾ ਸੇਵਕ... ਲੋੜ ਨੂੰ... ਖਾਣਾ ਪੀਣਾ ਛੱਡ ਪਿੱਪਲ ਹੇਠ ਆ ਬੈਠਦਾ ਹੈ। ਦੋ ਤਿੰਨ ਦਿਨਾਂ ਪਿਛੋਂ ਦਰਖਤ ਤੋਂ ਪੱਤਾ ਟੁੱਟ ਕੇ ਡਿਗਦਾ ਹੈ ਜਿਸ ਦੇ ਉੱਤੇ ਸੰਸਾਰ ਦੇ ਕਿਸੇ ਆਦਮੀ ਦੇ ਨਾਂਉ ਉਸ ਲੋੜਵੰਦ ਨੂੰ ਕੁੱਝ ਦੇਣ ਦੀ ਆਗਿਆ ਹਿੰਦੀ ਲਿੱਪੀ ਵਿਚ ਲਿਖੀ ਹੁੰਦੀ ਹੈ... ਜਿਸ ਨੂੰ ਬੈਜਨਾਥੀ ਹੁੰਡੀ ਕਹਿੰਦੇ ਹਨ। ਇਕ ਬ੍ਰਾਹਮਨ ਲੇਖਕ ਦੇ ਪਾਸ ਭੀ ਹੁੰਡੀ ਲੈ ਕੇ ਆਇਆ ਸੀ"[10]। "ਅਜਮੇਰ ਤੋਂ ਤਿੰਨ ਕੋਹ ਉੱਤੇ ਭੱਕਰ ਨਾਮ ਦੀ ਝੀਲ ਹੈ... ਭਾਵੇਂ ਕੋਈ ਆਦਮੀ ਕੁਲ ਤੀਰਥਾਂ ਦੀ ਯਾਤ੍ਰਾ ਕਰ ਲਵੇ (ਪਰ) ਜਦ ਤਕ ਇਸ ਵਿਚ ਇਸ਼ਨਾਨ ਨਾ ਕਰੇ ਫਲ ਨਹੀਂ ਮਿਲੇਗਾ"[10/1]।

ਮੁਕੱਦਸ ਕਿਤਾਬਾਂ ਵਿਚ ਪਵਿਤ੍ਰ ਅਸਥਾਨਾਂ ਜਹੇ ਗੁਣ ਹਨ—ਉਹ ਦੈਵੀ ਅਤੇ ਦੁਨੀਆਵੀ ਦੋਵੇਂ ਹੀ ਹਨ ਜਿਹਨਾਂ ਦੇ ਪੜ੍ਹਣ ਨਾਲ ਲੋਕ ਪ੍ਰਲੋਕ ਵਿਚ ਸੁਖ ਮਿਲਦਾ ਹੈ। "ਸਿਮ੍ਰਤੀ, ਧਰਮਸਾਸ਼ਤ੍ਰ, ਪੁਰਾਣ, ਪੁਰਾਤਨ ਇਤਿਹਾਸ, ਜੋਤਿਸ਼, ਦਰਸ਼ਨ ਦੀਆਂ ਪੁਸਤਕਾਂ ਨੂੰ ਵਿਆਸ ਨੇ ਤਰਤੀਬ ਦੇ ਸੰਪਾਦਿਤ ਕੀਤਾ। ਜਾਂ...ਪਰਮਾਤਮਾ ਦੇ ਦਰਬਾਰ ਦਾ ਖਾਸ ਨਿਕਟਵਰਤੀ ਹੁਣ ਤੱਕ ਜਿਉਂਦਾ ਹੈ"[11]। ਇੰਝ ਹੀ ਪੁਸਤਕਾਂ ਦਾ ਅਲੌਕਿਕ ਤਰਲ ਜਨਮ ਹੁੰਦਾ ਹੈ। "ਨਾਕਾਮੋ ਵਿਚ ਨੀਲਾ ਨਾਮ ਨਾਉਂ ਦਾ ਚਸ਼ਮਾ ਹੈ ਜਿਸਦਾ ਖੇਤਰਫਲ ਚਾਲੀ ਵਿੱਘੇ ਹੈ... ਪੁਰਾਤਨ ਸਮੇਂ ਵਿਚ ਉਥੋਂ ਨੀਲ ਮੱਧ ਪੁਸਤਕ ਨਿਕਲੀ ਸੀ ਜਿਸ ਵਿਚ ਕਸ਼ਮੀਰ ਦੇ ਹਾਲਾਤ ਅਤੇ ਕਈ ਤੀਰਥਾਵਾਂ ਦੀਆਂ ਵਿਸ਼ੇਸ਼ਤਾਵਾਂ ਅੰਕਤ ਹਨ"[12]। ਨਜੂਮ ਰਾਹੀਂ ਲੋਕ ਅਤੇ ਪ੍ਰਲੋਕ ਦਾ ਮੇਲ ਬਣਦਾ ਹੈ। ਬਾਬਰ ਦੇ ਵਡੱਕੇ "ਮਿਰਜ਼ਾ ਸੁਲਤਾਨ ਮੁਹੰਮਦ ਨੇ ਆਪਣੇ ਚਾਚੇ ਦੇ ਪੁਤ੍ਰ ਮਿਰਜ਼ਾ ਉਲਗ ਬੇਗ ਨਾਲ ਮਿਤ੍ਰਤਾ ਪਾਈ। ਉਲਗ ਬੇਗ ਜੋਤਿਸ਼ ਵਿਚ ਨਿਪੁੰਨ ਸੀ... ਹਰ ਆਦਮੀ ਦੇ ਦਿਲ ਦਾ ਭੇਤ, ਵਰਤਮਾਨ ਦਾ ਹਾਲ, ਭਲਾ ਬੁਰਾ ਨਤੀਜਾ ਬਿਆਨ ਕਰਨਾ ਉਸ ਦੀ ਮਾਮੂਲੀ ਕਰਾਮਾਤ ਸੀ। ਸੁਲਤਾਨ ਮੁਹੰਮਦ ਮਿਰਜ਼ਾ ਉਲਗ ਬੇਗ ਦੇ ਸਾਥ ਕਾਰਨ ਕੁਦਰਤੀ ਮੌਤ ਮੋਇਆ"[13]। ਇਸੇ ਪਰਲੌਕਿਕ ਸਬੰਧ ਕਾਰਨ ਬਾਦਸ਼ਾਹ ਆਪਣੀਆਂ ਮੁਹਿੰਮਾਂ ਤੋਂ ਪਹਿਲਾਂ ਮਹੂਰਤ ਜਾਂ ਸਾਇਤ ਦੀ ਭਾਲ 'ਚ ਰਹਿੰਦੇ ਹਨ[14]। ਇੰਝ ਹੀ "ਸੂਝਵਾਨ ਭੂਤ ਅਤੇ ਵਰਤਮਾਨ ਦੀਆਂ ਘਟਨਾਵਾਂ ਤੋਂ ਜਾਣੂ ਹੁੰਦੇ ਹਨ। ਪੁਰਾਤਨ ਪੁਸਤਕਾਂ ਵਿਚ ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿਰ ਪਹਿਲਾਂ ਇਸ ਗੱਲ ਸਬੰਧੀ ਭਵਿੱਖਬਾਣੀ" ਕਰ ਗਏ ਸਨ 14/1। ਯਾਦਗਾਰ ਗੁਲ ਨੇ ਕਸ਼ਮੀਰ ਵਿਚ ਅਕਬਰ ਦੇ ਖ਼ਿਲਾਫ਼ ਬਗ਼ਾਵਤ ਕੀ ਕੀਤੀ ਕਿ ਹਾਰ ਦੇ ਬਦ-ਸ਼ਗਨ ਨਜ਼ਰ ਆਉਣ ਲੱਗ ਗਏ। "ਆਪਣੇ ਨਾਂਉਂ ਦਾ ਖੁਤਬਾ ਅਰੰਭਿਆ ਤਾਂ ਉਸ ਨੂੰ ਕਾਂਬੇ ਦਾ ਤਾਪ ਚੜ੍ਹ ਗਿਆ। ਮੁਹਰ ਬਣਾਉਣ ਵਾਲੇ ਦੀ ਅੱਖ ਵਿਚ ਫੌਲਾਦ ਦਾ ਕਿਣਕਾ ਪੈ ਗਿਆ"[15]। ਅਕਬਰ ਜਸ਼ਨ ਮਨਾ ਰਿਹਾ ਸੀ ਕਿ "ਸ਼ਾਹੀ ਦਰਬਾਰ ਵਿਚ ਅੱਗ ਲੱਗ ਗਈ। ਤਿੰਨ ਦਿਨ ਤਕ ਫਰਸ਼, ਵਛਾਈਆਂ, ਪਰਦੇ, ਜ਼ਨਾਨਖਾਨੇ ਦੀਆਂ ਇਮਾਰਤਾਂ ਸੜ ਸੜਕੇ ਰਾਖ ਹੁੰਦੀਆਂ ਰਹੀਆਂ . । ਅਸਚਰਜ ਦਾ ਮੌਕਾ ਮੇਲ ਕਿ ਉਨ੍ਹਾਂ ਹੀ ਦਿਨਾਂ ਵਿਚ ਦੱਖਣ ਵਿਚ ਸ਼ਾਹਜ਼ਾਦਾ ਸੁਲਤਾਨ ਮੁਰਾਦ ਦੇ ਘਰ ਅੱਗ ਲੱਗ ਗਈ"[16]। ਕਿਉਂਕਿ ਨਿਤਾਪ੍ਰਤੀ ਯਥਾਰਥ ਦੇ ਨਾਲ ਪਰਾਭੌਤਿਕ ਸਬੰਧ ਹੈ ਇਸ ਕਰਕੇ "ਕਰਾਮਾਤ ਵਾਲਾ ਸੰਤ ਉੱਥੇ ਆ ਗਿਆ। ਫ਼ਰੀਦ ਖਾਂ (ਸ਼ੇਰ ਸ਼ਾਹ ਸੂਰੀ) ਨੂੰ ਵੇਖ ਕੇ ਹੱਸਿਆ... ਖ਼ੁਦਾ ਦੀ ਸ਼ਾਨ ਹੈ ਕਿ ਹਿੰਦੋਸਤਾਨ ਦਾ ਬਾਦਸ਼ਾਹ ਦੋ ਟਕਿਆਂ ਲਈ ਰੋਂਦਾ ਹੈ... ਹਸਨ ਖਾਂ (ਸ਼ੇਰ ਸ਼ਾਹ ਦਾ ਪਿਤਾ) ਪੂਰਨ ਫ਼ਕੀਰ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਸਮਝ ਗਿਆ ਕਿ ਪਤਨੀ ਨੇ ਜੋ ਸੁਪਨਾ ਵੇਖਿਆ ਸੀ ਉਸ ਦੇ ਅਨੁਸਾਰ ਇਹ ਬੱਚਾ ਕਿਸੇ ਦਿਨ ਹਿੰਦੁਸਤਾਨ ਦਾ ਬਾਦਸ਼ਾਹ ਬਣੇਗਾ"[17]।

ਇੰਜ ਹੀ ਇਲਾਜ ਮੁਆਲਜਾ ਦੋ-ਧਰੁਵੀ ਹੈ। "ਦਵਾ ਅਤੇ ਮੰਤਰਾਂ" ਨਾਲ ਇਲਾਜ ਹੁੰਦਾ ਹੈ[18]। ਵਿਹੁ ਬੰਦੇ ਦੀ ਸੁਆਹ ਬਣਾ ਸਕਦੀ ਹੈ[19]। ਅੱਜ ਇਹ ਕੰਮ ਪ੍ਰਮਾਣੂ ਵਿਸਫੋਟ ਨਾਲ ਹੋ ਸਕਦਾ ਹੈ ਲੇਕਿਨ ਪ੍ਰਮਾਣੂ ਬੰਬ ਵਿਹੁ ਨਹੀਂ। ਹਮਾਯੂੰ ਦੀ ਹਾਲਤ ਇੰਨੀ ਖ਼ਰਾਬ ਸੀ ਕਿ "ਸ਼ੁਭ ਚਿੰਤਕਾਂ ਸਲਾਹ ਦਿੱਤੀ ਕਿ ਰੋਗ ਦਵਾ ਦੀ ਹੱਦੋਂ ਲੰਘ ਚੁੱਕਾ ਹੈ। ਪ੍ਰਾਰਥਨਾ ਕਰਨ ਤਕ ਗੱਲ ਅਪੜ ਗਈ ਹੈ"[20]। "ਬਾਬਰ ਅਜੇ ਅਰਦਾਸ ਤੋਂ ਵਿਹਲਾ ਨਹੀਂ ਸੀ ਹੋਇਆ ਕਿ ਸ਼ਾਹਜ਼ਾਦੇ ਦੇ ਚਿਹਰੇ ਉਤੇ ਅਰੋਗਤਾ ਦੀ ਲਾਲੀ ਝਲਕਣ ਲੱਗੀ ਅਤੇ ਬਾਬਰ ਦੇ ਮੂੰਹ ਉੱਤੇ ਰੋਗ ਦੀਆਂ ਨਸ਼ਾਨੀਆਂ ਪ੍ਰਗਟ ਹੋ ਗਈਆਂ"[21]।

ਪੀਰ ਫ਼ਕੀਰਾਂ ਨਾਲ ਧਰਤੀ ਅਤੇ ਸੁਰਗ ਦੀ ਗੰਢ ਬੱਝਦੀ ਹੈ। "ਅਕਬਰ ਨੂੰ ਪੁੱਤਰ ਦੀ ਵੱਡੀ ਇੱਛਾ ਸੀ... ਆਪਣੇ ਸਮੇਂ ਦੇ ਪਹੁੰਚੇ ਹੋਏ ਇੱਛਾਪੂਰਕ ਸੰਤ ਸ਼ੇਖ ਸਲੀਮ ਚਿਸ਼ਤੀ... (ਦੀ) ਉਸਨੇ ਸੁੱਖ ਸੁੱਖੀ ਸੀ। ਬਾਰਾਂ ਬਾਰਾਂ ਕੋਹਾਂ ਦੇ ਸੱਤ ਪੜਾਉ ਪੈਦਲ ਤੈ ਕੀਤੇ"[22]। ਮਾਰਫਤ ਵਾਲਾ ਹੀ ਮੁਰਾਦਾਂ ਪੂਰੀਆਂ ਕਰਦਾ ਹੈ ਕਿਉਂਕਿ ਉਹ "ਪਰਮਾਤਮਾ ਦੀ ਦਰਗਾਹ ਦਾ ਨਿਕਟਵਰਤੀ ਹੁੰਦਾ ਹੈ"[23]। "ਗਿਆਨ ਦੀਆਂ ਹੀ ਕਰਾਮਾਤਾਂ ਹਨ"[24]। ਮਹਿਮੂਦ ਗਜ਼ਨੀ ਦਾ ਖ਼ਿਆਲ ਸੀ ਕਿ ਲਾਹੌਰ ਦੀ ਜਿੱਤ ਅਲੀ ਹੁਜਵੀਰੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੋਈ ਹੈ[25]। ਲੋਕ ਹਿੰਦੋਸਤਾਨ 'ਤੇ ਚੰਗੇਜ਼ ਦੇ ਹਮਲੇ ਦੀ ਅਸਫਲਤਾ ਦਾ ਕਾਰਨ "ਸਤਿ ਦੇ ਰਾਹ ਦੇ ਦੀਵੇ ਹਜ਼ਰਤ ਨਜ਼ਮਾਉਦੀਨ ਔਲੀਆ ਦੀ ਕਿਰਪਾ ਸਮਝਦੇ ਸਨ"[26]। ਇਕ ਵਾਰ ਬਗ਼ਦਾਦ ਦੇ ਪੂਜਨੀਕ ਪੀਰ ਦਾ ਪੁੱਤਰ ਸੈਰ ਕਰਦਾ ਹੋਇਆ ਹਿੰਦੁਸਤਾਨ ਪਹੁੰਚਿਆ। ਇਹੀ ਸ਼ੋਭਾ ਵਾਲੀ ਗੱਲ ਸੀ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮੁਹੰਮਦ ਤੁਗਲਕ ਨੇ ਦਿੱਲੀ ਤੋਂ ਪੰਜ ਕੋਹ ਦੂਰ ਪਾਲਮ ਨਗਰ ਆ ਕੇ ਉਸ ਦੀ ਆਉ ਭਗਤ ਕੀਤੀ"[27]। "ਸ਼ਾਹ ਦੌਲਾ ਨੇ ਡੇਗ ਨਾਲੇ ਦਾ ਅਜਿਹਾ ਮਜ਼ਬੂਤ ਪੁਲ ਬਣਵਾਇਆ ਕਿ ਬਾਦਸ਼ਾਹ ਅਤੇ ਅਮੀਰ ਵੀ ਨਹੀਂ ਬਣਵਾ ਸਕੇ ਸਨ"[28]। "ਜਿਹੜਾ ਬੰਦਾ ਪਹੁੰਚੇ ਹੋਏ ਸੰਤਾਂ ਨਾਲ ਝਗੜਾ ਕਰਦਾ ਹੈ ਸ੍ਰੈਮਾਨੀ ਪਰਮਾਤਮਾ ਉਸ ਦੇ ਜੀਵਨ ਅਤੇ ਸੁਭਾਗ ਦਾ ਪਤਰਾ ਉਲਟ ਦਿੰਦਾ ਹੈ"[29]। ਮੁਬਾਰਕ ਸ਼ਾਹ ਨੇ "ਲੋਕਾਂ ਨੂੰ ਖਿਜ਼ਰ ਖਾਂ ਦੀ ਦਰਗਾਹ ਤੇ ਆਉਣ ਤੋਂ ਰੋਕ ਦਿੱਤਾ ਪਰ ਸ਼ੈਖ ਦੇ ਪੁੱਤਰ ਜਾਮ ਨੂੰ ਆਪਣਾ ਨਿਕਟਵਰਤੀ ਬਣਾਇਆ"[30]। ਕਿਉਂਕਿ ਪਿਓ ਸ਼ੈਖ ਨਜ਼ਾਮਉੱਦੀਨ ਔਲੀਆ ਦੇ ਸ਼ਾਗਿਰਦ ਸੀ ਅਤੇ ਪੁੱਤਰ ਉਹਦਾ ਵਿਰੋਧੀ ਸੀ। "ਗਿਆਸੁੱਦੀਨ ਤੁਗਲਕ ਨੂੰ ਸੂਫ਼ੀਆਂ ਦੇ ਆਗੂ ਹਜ਼ਰਤ ਨਿਜ਼ਾਮਉੱਦੀਨ ਔਲੀਆ ਨਾਲ ਕੁਝ ਰੰਜ ਸੀ। ਤੇ ਉਨ੍ਹਾਂ ਨੂੰ ਅਖਵਾ ਭੇਜਿਆ... ਤੁਸੀਂ ਕਿਸੇ ਹੋਰ ਥਾਂ ਚਲੇ ਜਾਓ"[31]। ਔਲੀਆ ਦੇ ਮੂੰਹੋਂ "ਹਨੋਜ ਦਿੱਲੀ ਦੂਰ ਅਸਤ" ਨਿਕਲਿਆ ਅਤੇ ਸੁਲਤਾਨ ਦਿੱਲੀ ਪਹੁੰਚਨ ਤੋਂ ਪਹਿਲਾਂ ਹੀ ਚਲਦਾ ਲੱਗਾ[32]। ਮੱਧਕਾਲ ਵਿਚ ਕਿਸੇ ਤਾਜਦਾਰ ਵਿਚ ਸੂਫ਼ੀ ਦੀ ਰੂਹਾਨੀ ਸ਼ਕਤੀ ਅਤੇ ਹੁਕਮਰਾਨ ਦੀ ਦੁਨੀਆਵੀ ਤਾਕਤ ਹੋ ਸਕਦੀ ਸੀ। ਸੰਨ 1452 ਵਿਚ ਸ਼ੈਖ ਯੂਸਫ ਕੁਰੈਸ਼ੀ ਮੁਲਤਾਨ ਦਾ ਅਜਿਹਾ ਤਾਜਦਾਰ ਸੀ। ਕੁੱਝ ਸਾਲਾਂ ਬਾਦ ਉਹਨੂੰ ਗੱਦੀ ਤੋਂ ਲਾਹ ਦਿੱਤਾ ਗਿਆ ਪਰ ਜਲਾਵਤਨੀ ਵਿਚ ਬਹਿਲੋਲ ਲੋਧੀ ਦਾ ਜਵਾਈ ਬਣ ਗਿਆ। ਬਾਦਸ਼ਾਹਾਂ ਨੂੰ ਚਾਹੀਦਾ ਹੈ ਕਿ ਉਹ ਸੂਫ਼ੀਆਂ ਦੇ ਮਕਬਰਿਆਂ ਦੀ ਜ਼ਿਆਦਤ ਕਰਨ ਅਤੇ ਪੁੰਨ ਦੇ ਨਾਲ ਫਤਿਹਯਾਬੀ ਦੀਆਂ ਫਲੀਆਂ ਵੀ ਮਿਲਦੀਆਂ ਹਨ[33]।

ਵਿਹਾਰਕ ਅਤੇ ਪਰਾਭੌਤਿਕ ਦੇ ਆਪਸੀ ਮਿਲਗੋਭੇ ਨਾਲ ਅਜੂਬੇ ਅਤੇ ਕਰਾਮਾਤਾਂ ਦੇ ਤੱਥ ਬਣ ਜਾਂਦੇ ਹਨ। ਬੰਗਾਲ ਵਿਚ "ਧਾਨਾਂ ਦੀ ਲੰਬਾਈ ਦੀ ਇਹ ਗੱਲ ਹੈ ਕਿ ਜਿਉਂ ਜਿਉਂ ਪਾਣੀ ਚੜ੍ਹਦਾ ਹੈ ਇਹ ਵੀ ਵਧਦੇ ਜਾਂਦੇ ਹਨ। ਬੱਲੀ ਪਾਣੀ ਤੋਂ ਉਤਾਂਹ ਹੀ ਰਹਿੰਦੀ ਹੈ। ਇਥੋਂ ਤਕ ਕਿ ਬੂਟਾ ਲਗਭਗ ਸੱਠ ਹੱਥ ਉੱਚਾ ਭੀ ਸਿਆਣਿਆਂ ਦੇ ਦੇਖਣ ਵਿਚ ਆਇਆ ਹੈ"।[34] ਇਥੇ ਹੀ 'ਉਹ ਅਨੋਖਾ ਦਰੱਖ਼ਤ ਹੈ ਜਿਸ ਵਿਚ ਚੀਰ ਪਾਉਣ ਨਾਲ ਮਿੱਠਾ ਪਾਣੀ ਟਪਕਦਾ ਹੈ। ਤਿਹਾਏ ਯਾਤਰੂ ਆਪਣੀ ਤੇਹ ਬੁਝਾਉਂਦੇ ਹਨ। ਇਕ ਹੋਰ ਦਰੱਖ਼ਤ ਹੈ ਜਿਸ 'ਤੇ ਅੰਬ ਅਤੇ ਅੰਗੂਰ ਦੋਵੇਂ ਲੱਗਦੇ ਹਨ"[35]। ਮਾਲਵਾ ਵਿਚ "ਦਰਿਆ ਸਪਰਾ ਹੈ। ਕਦੇ ਕਦੇ ਉਸ ਵਿਚੋਂ ਦੁੱਧ ਦੀ ਲਹਿਰ ਭੀ ਉੱਠਦੀ ਹੈ"[36]। ਗੁਜਰਾਤ ਦਾ ਖਾਰਾ ਕਪੜਾ ਹੈ ਕਿ ਧੁੱਪ ਵਿਚ ਰੱਖਣ ਨਾਲ ਟੁਕੜੇ ਟੁਕੜੇ ਹੋ ਜਾਂਦਾ ਹੈ"[37]। "ਹਜ਼ਰਤ ਕੁਤਬ ਆਲਿਮ ਦਾ ਮਜ਼ਾਰ ਬਹੁਤ ਮਸ਼ਹੂਰ ਹੈ। ਉਸ ਦੇ ਉੱਤੇ ਹੱਥ ਭਰ ਕਪੜਾ ਪਿਆ ਰਹਿੰਦਾ ਹੈ। ਕੋਈ ਉਸ ਨੂੰ ਲਕੜੀ ਸਮਝਦਾ ਹੈ ਕੋਈ ਪੱਥਰ ਜਾਂ ਲੋਹਾ। ਗੱਲ ਕੀ ਅਨੋਖੀਆਂ ਅਨੋਖੀਆਂ ਕਹਾਣੀਆਂ ਦੱਸੀਆਂ ਜਾਂਦੀਆਂ ਹਨ"[38]। ਬਨਾਦਰ ਨਦੀ ਦੀ ਮੱਛੀ ਇਤਨੀ ਚੰਗੀ ਹੁੰਦੀ ਹੈ ਕਿ ਧੁੱਪ ਵਿਚ ਰੱਖਣ ਨਾਲ ਪੰਘਰ ਕੇ ਪਾਣੀ ਬਣ ਜਾਂਦੀ ਹੈ[39]। ਠੱਠੇ ਦਾ "ਦਹੀ ਇਤਨਾ ਚੰਗਾ ਹੁੰਦਾ ਹੈ ਕਿ ਚਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹੀਨੇ ਨਹੀਂ ਖਰਾਬ ਹੁੰਦਾ''[40]।

ਡੈਣ ਦਾ ਵਿਚਾਰ ਬਦੀ ਦਾ ਮੁਕੰਮਲ ਫੰਤਾਸ ਹੈ । ਇਹ ਵੀ ਠੱਠੇ ਦੀ ਮਸ਼ਹੂਰ ਸੰਗਾਤ ਹੈ । "ਡੈਣਾਂ ਬਚਿਆਂ ਦਾ ਕਾਲਜਾ ਕੱਢ ਲੈਂਦੀਆਂ ਹਨ । ਖਾਣੇ ਨੂੰ ਨਜ਼ਰ ਵਧੇਰੇ ਲਗਦੀ ਹੈ । ਜਿਸ ਉਤੇ ਨਜ਼ਰ ਪਾ ਦੇਣ ਉਹ ਬੇਸੁਧ ਹੋ ਜਾਂਦਾ ਹੈ । ਇਹ ਜਿਸ ਨੂੰ ਚਾਹੁਣ ਆਪਣਾ ਭਾਈਵਾਲ ਬਣਾ ਕੇ ਜਾਦੂ ਸਿਖਾ ਦਿੰਦੀਆਂ ਹਨ । ਬਿੱਜੂ ਇਹਨਾਂ ਦੀ ਸਵਾਰੀ ਹੈ । ਇਹਨਾਂ ਨੂੰ ਦੂਰ ਦੂਰ ਦੀਆਂ ਖਬਰਾਂ ਹੁੰਦੀਆਂ ਹਨ । ਇਹਨੂੰ ਵੱਸ ਕਰਨ ਵਾਲੇ ਜਾਦੂਗਰ ਇਸ ਦੀ ਪਿੰਜਣੀ ਚੀਰ ਕੇ ਅਨਾਰ ਵਰਗੇ ਦਾਣੇ ਕੱਢ ਗ੍ਰਿਹਸਥੀ ਆਦਮੀ ਨੂੰ ਖੁਆਉਂਦੇ ਹਨ । ਉਹ ਤੰਨਦਰੁਸਤ ਹੋ ਜਾਂਦਾ ਹੈ । ਇਹਨਾਂ ਨੂੰ ਗੱਲ ਨਾਲ ਪੱਥਰ ਬੰਨ੍ਹ ਕੇ ਦਰਿਆ 'ਚ ਸਿਟ ਦਿਓ ਤਾਂ ਡੁੱਬਦੀਆਂ ਨਹੀਂ । ਸਾੜੋ ਤਾਂ ਅੱਗ ਨਕਾਰੀ ਹੋ ਜਾਂਦੀ ਹੈ । ਜਾਦੂਗਰ ਇਹਨਾਂ ਦੇ ਕੰਨਫੇੜੇ ਦਾਗ਼ ਦਿੰਦੇ ਹਨ ਅਤੇ ਅੱਖਾਂ ਵਿਚ ਲੂਣ ਭਰਕੇ ਚਾਲੀ ਦਿਨ ਤਕ ਉਲਟਾ ਲਟਕਾਈ ਰਖਦੇ ਹਨ । ਇਸ ਕਿਰਿਆ ਦੁਆਰਾ ਉਹ ਇਸ ਚਾਲੇ ਨੂੰ ਛੱਡ ਦਿੰਦੀਆਂ ਹਨ । ਲੇਖਕ ਨੇ ਆਪਣੀਆਂ ਅੱਖਾਂ ਨਾਲ ਇਹਨਾਂ (ਨੂੰ ਮਿਲਦਾ) ਤਸੀਹਾ ਵੇਖਿਆ ਹੈ''[41]।

ਮੁਲਤਾਨ ਵਿਚ "ਸਾਲ 600 ਹਿਜਰੀ, ਮਹੀਨਾ ਸਫਰ ਦੀ ਸੱਤਵੀਂ ਤਾਰੀਖ ਸੀ ਕਿ ਨੂਰਾਨੀ ਸੂਰਤ ਵਾਲਾ ਬਜੁਰਗ ਮੁਹਰ ਬੰਦ ਲਫਾਫੇ ਵਿਚ ਚਿੱਠੀ ਲਿਆਇਆ । ਹਜ਼ਰਤ (ਬਹਾਉੱਦੀਨ ਜ਼ਕਰੀਆ) ਨੇ ਪੜ੍ਹਦਿਆਂ ਸਾਰ ਪ੍ਰਾਣ ਤਿਆਗ ਦਿੱਤੇ''[42]। "ਉਹਨਾਂ ਦੀਆਂ ਕਰਾਮਾਤਾਂ ਅਤੇ ਭਵਿਖਬਾਣੀਆਂ ਇਲਾਕੇ ਦੇ ਲੋਕਾਂ ਦੇ ਮੂੰਹ ਚੜ੍ਹੀਆਂ ਹੋਈਆਂ ਹਨ''[43]। ਫਰੀਦਉਦੀਨ ਗੰਜ-ਇ ਸ਼ੱਕਰ... "ਇਕ ਵਾਰ ਉਹਨਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਰੇਤ ਦੇ ਢੇਰ ਸ਼ੱਕਰ ਬਣ ਗਿਆ । ਤਦ ਤੋਂ ਸ਼ਕਰਗੰਜ ਅਖਵਾਂਉਣ ਲੱਗੇ''[44]। ਕਸ਼ਮੀਰ ਵਿਚ "ਸਿੰਧ ਬਗਰੀ ਦੇ ਪਾਸ ਪਾਣੀ ਦਾ ਚਸ਼ਮਾ ਹੈ । ਛੇ ਮਹੀਨੇ ਖੁਸ਼ਕ ਰਹਿੰਦਾ ਹੈ । ਨਿਯਤ ਤਾਰੀਖ਼ 'ਤੇ ਲੋਕ ਭੇਡਾਂ ਬੱਕਰੀਆਂ ਦੀ ਭੇਟ ਚੜ੍ਹਾਉਂਦੇ ਹਨ । ਰੱਬ ਦੀ ਕੁਦਰਤ ਨਾਲ ਚਸ਼ਮਾ ਅਜਿਹਾ ਉਛੱਲਦਾ ਹੈ ਕਿ ਪੰਜ ਪਿੰਡਾਂ ਦੀਆਂ ਖੇਤੀਆਂ ਸਿੰਜੀਆਂ ਜਾਂਦੀਆਂ ਹਨ । ਜਦੋਂ ਬਹੁਤ ਉਛੱਲਦਾ ਹੈ ਤਾਂ ਲੋਕੀ ਫੇਰ ਜਾਕੇ ਪੂਜਾ ਕਰਦੇ ਹਨ ਅਤੇ ਪਾਣੀ ਘਟ ਜਾਂਦਾ ਹੈ । ਨੇੜੇ ਨਾਗ ਨਾਮ ਦਾ ਚਸ਼ਮਾ ਹੈ ਜਿਸਦਾ ਪਾਣੀ ਠੰਢਾ, ਹਲਕਾ ਅਤੇ ਵਰਤਣ ਯੋਗ ਹੈ । ਭੁੱਖਾ ਪੀਵੇ ਤਾਂ ਰੱਜ ਜਾਵੇ, ਰੱਜਿਆ ਪੀਵੇ ਤਾਂ ਭੁੱਖ ਲਗ ਆਵੈ''[45]। ਲਿਖਾਰੀ ਨੇ ਇਹ ਨਹੀਂ ਦੱਸਿਆ ਹੈ ਕਿ ਜੇ ਸੰਤੁਸ਼ਟ ਬੰਦਾ ਪਾਣੀ ਪੀ ਲਵੇ ਤਾਂ ਕੀ ਅਸਰ ਹੋਵੇਗਾ ?

ਪ੍ਰਕਿਰਤਕ ਵਿਚ ਪਰਾਪ੍ਰਕਿਰਤਕ ਦੀ ਹੋਂਦ ਕਾਰਨ ਆਦਮੀ ਅਤੇ ਕੁਦਰਤ ਵਿਚਾਲੇ ਸਾਂਝ ਬਣੀ ਰਹਿੰਦੀ ਹੈ । ਬਨਬਾਸੀ ਪਾਂਡਵ "ਸ਼ਹਿਰ ਵਿੱਚੋਂ ਨਿਕਲੇ ਤਾਂ ਸਾਰੀ ਧਰਤੀ ਕੰਬਣ ਲੱਗੀ । ਬੱਦਲ ਭਾਵੇਂ ਕਿਧਰੇ ਵੀ ਨਹੀਂ ਸਨ ਬਿਜਲੀ ਲਿਸ਼ਕਣ ਲੱਗ ਪਈ ਅਤੇ ਇਤਨੀ ਕੜਕੀ ਕਿ ਦਿਲ ਹਿੱਲ ਗਏ । ਸੂਰਜ ਗ੍ਰਹਿਣ ਦੀ ਤਾਰੀਖ ਨਹੀਂ ਸੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਵੀ ਗ੍ਰਹਿਣ ਲੱਗ ਗਿਆ ਤਾਰੇ ਦਿੱਸਣ ਲੱਗ ਪਏ। ਆਸਮਾਨ ਤੋਂ ਤਾਰਾ ਟੁੱਟਿਆ ਅਤੇ ਹਸਤਨਾਪੁਰ ਦੇ ਚੌਹੀਂ ਪਾਸੀਂ ਚੱਕਰ ਖਾ ਕੇ ਲੋਪ ਹੋ ਗਿਆ...ਜੰਗਲੀ ਦਰੱਖਤਾਂ ਉੱਪਰ ਨੀਲੋਫਰ ਖਿੜਿਆ ਅਤੇ ਦਰਿਆ ਉਲਟੇ ਵੱਗਣ ਲੱਗੇ। ਗਾਂ ਨੇ ਗਧੇ ਦਾ ਬੱਚਾ ਜਾਣਿਆ"[46]। ਏਸ ਸੁਮੇਲ ਦੀ ਮਹੱਤਵਪੂਰਨ ਮਿਸਾਲ ਕੁਰੂਕਸ਼ੇਤਰ ਹੈ ਜਿੱਥੇ "ਸ੍ਰਿਸ਼ਟੀ ਦੀ ਰਚਨਾ ਦਾ ਕਾਰਣ, ਇਨਸਾਨੀ ਨਸਲ ਦਾ ਮੁੱਢ...ਕੁਰੂਕਸ਼ੇਤਰ ਵਿਖੇ ਹੀ ਨੀਲੋਫਰ ਦੇ ਫੁੱਲ ਵਿਚੋਂ ਉਪਜਿਆ ਸੀ"[47]। "ਅਣਗਿਣਤ ਸੱਪ...ਬਹੁਤ ਸਾਰੇ ਘੋੜ-ਮੂੰਹੇ ਅਤੇ ਹੋਰ ਹਾਥੀ-ਸੁੰਡੇ ਸਨ। ਕੋਈ ਕੋਹ ਲੰਮਾ, ਕੋਈ ਦੋ ਕੋਈ ਤਿੰਨ...ਦੋ ਦੋ ਤਿੰਨ ਤਿੰਨ ਚਾਰ ਚਾਰ ਸਿਰ ਸਨ"[48]। ਸੰਮਤ 42 ਵਿਚ ਰਾਜਾ ਭੋਜ ਦੇ ਟਿੱਲੇ ਵਿਚੋਂ..."ਬਹੁਤ ਸੁੰਦਰ ਜੜਾਊ ਤਖ਼ਤ ਨਿਕਲਿਆ ਜਿਸ ਉੱਤੇ ਬੱਤੀ ਪਰੀਆਂ ਦੀਆਂ ਮੂਰਤਾਂ ਬਣੀਆਂ ਸਨ। ਇਸੇ ਤਖ਼ਤ ਦੀ ਬਰਕਤ ਨਾਲ (ਟਿੱਲੇ 'ਤੇ) ਬੇਸਮਝ ਲੜਕੇ ਦਾ ਹੁਕਮ ਚਲਾਉਣ ਦਾ ਵਤੀਰਾ" ਸੀ। ਜਦ ਰਾਜਾ (ਭੋਜ) ਉਸ ਤੇ ਬੈਠਣ ਲੱਗਾ ਤਾਂ "ਪੁਤਲੀ ਬੋਲ ਉਠੀ ਕਿ ਹੇ! ਭੋਜ ਇਹ ਬ੍ਰਿਕਮਾਜੀਤ ਦਾ ਸਿੰਘਾਸਨ ਹੈ। ਬੱਤੀ ਪਰੀਆਂ ਦੀ ਕਹਾਣੀ ਨਾਲ **ਸਿੰਘਾਸਨ ਬਤੀਸੀ** ਬਣੀ"[49]।

"ਦਾਮਗਾਨ ਵਿਚ ਸੋਮਾ ਹੈ। ਜੇ ਇਸ ਵਿਚ ਗੰਦ ਪੈ ਜਾਏ ਤਾਂ ਮੀਂਹ ਦਾ ਝੱਖੜ ਝੁੱਲਣ ਲੱਗ ਪੈਂਦਾ ਹੈ"[50]। ਮਹਾਰਾਜਾ ਜਸਵੰਤ ਸਿੰਘ ਨਾਲ ਔਰੰਗਜ਼ੇਬ ਦੀ ਟੱਕਰ ਹੁੰਦੀ ਹੈ ਤਾਂ "ਇੰਨਾ ਖ਼ੂਨ ਖ਼ਰਾਬਾ ਹੋਇਆ ਕਿ ਅੱਜ ਤੱਕ ਉਸ ਜ਼ਮੀਨ ਵਿਚੋਂ ਲਾਲ ਘਾਹ ਉਗਦਾ ਹੈ"[51]। ਭੰਡਾਰੀ ਦੀ ਰਚਨਾ ਵਿਚ ਪ੍ਰਕਿਰਤੀ ਵਿਚ ਵਿਚਰਦੇ ਜੀਵ ਜੰਤੂਆਂ ਦਾ ਵਰਣਨ ਮੱਧਕਾਲੀ ਯੂਰਪ ਦੀ ਅਧਿਕਾਲਪਨਿਕ ਸਰੀਰਕਿਰਿਆਵਿਗਿਆਨ ਜਿਹਾ ਹੈ ਜਿਹੜਾ **ਫੀਜ਼ੀਓਲੋਗਸ**[51/1] ਵਿਚ ਅੰਕਤ ਹੈ। "ਜੇ ਗਰਭਵਤੀ ਹੱਥਣੀ ਨੂੰ ਜੰਗਲ ਤੋਂ ਫੜ ਲਿਆਈਏ ਅਤੇ ਉਹ ਸ਼ਹਿਰ ਵਿਚ ਬੱਚਾ ਦੇਵੇ ਤਾਂ ਮਾਲਕ ਨੂੰ ਰਾਸ ਨਹੀਂ ਆਉਂਦਾ"[52]। ਜਿਸ ਥਾਉਂ "ਜਮਨਾ ਮੈਦਾਨ ਵਿਚ ਪ੍ਰਵੇਸ਼ ਕਰਦੀ ਹੈ ਉਥੇ ਸੋਨਾ ਬਹੁਤ ਹੁੰਦਾ ਹੈ। ਕਈ ਪੱਥਰੀਆਂ ਵਿਚ ਪਾਰਸ ਦੇ ਗੁਣ ਹਨ। ਇੱਥੇ ਦੇ ਵਸਨੀਕ ਭੇਡਾਂ, ਬੱਕਰੀਆਂ, ਬਲਦਾਂ ਨੂੰ ਖੁਰੀਆਂ ਲਾ ਕੇ ਪਹਾੜਾਂ ਵਿਚ ਛੱਡ ਦਿੰਦੇ ਹਨ। ਇਹਨਾਂ ਵਿਚੋਂ ਕਈਆਂ ਦੀਆਂ ਖੁਰੀਆਂ ਸੋਨੇ ਦੀਆਂ ਬਣ ਜਾਂਦੀਆਂ ਹਨ"[53]। ਅੱਛੇ ਸੁਪਨੇ ਤੋਂ ਬਾਦ ਸਉਣਾ ਨਹੀਂ ਚਾਹੀਦਾ। "ਜੇ ਕੋਈ ਚੰਗਾ ਸੁਪਨਾ ਵੇਖੇ ਤਾਂ ਉਸ ਰਾਤ ਫੇਰ ਨ ਸੌਂਵੇਂ, ਨਹੀਂ ਤਾਂ ਉਸ ਦਾ ਅਸਰ ਜਾਂਦਾ ਰਹਿੰਦਾ ਹੈ"[54]। ਡੰਡਾ ਬੋਹਰ ਵਿਚੋਂ ਆਉਂਦੀ ਹਵਾ ਜ਼ਹਿਰੀਲੀ ਹੁੰਦੀ ਹੈ।[55]

ਅਜਿਹੀ ਸਥਿਤੀ ਵਿਚ ਪ੍ਰਕਿਰਤੀ ਗਿਆਨਯੋਗ ਨਹੀਂ। "ਸੰਸਾਰ ਦੇ ਸਿਰਜਣਹਾਰ, ਧਰਤੀ ਅਤੇ ਆਕਾਸ਼ ਪੈਦਾ ਕਰਨ ਵਾਲੇ ਪ੍ਰਮਾਤਮਾ ਦੀ ਕੁਦਰਤ ਵਿਚ...ਅਜੇਹੇ ਅਸਚਰਜ ਰੱਖੇ ਹਨ ਕਿ ਮਨੁੱਖੀ ਬੁੱਧੀ ਉਹਨਾਂ ਨੂੰ ਸਮਝਣ ਵਿਚ ਅਸਮਰੱਥ ਹੈ"[56]। "ਸ੍ਰਿਸ਼ਟੀ ਨੂੰ ਆਪਣੀ ਉਤਪੱਤੀ ਦੇ ਮਾਮਲੇ ਵਿਚ ਸੰਸਾਰ ਦੇ ਸਿਰਜਣਹਾਰ ਅੱਗੇ ਕੁਝ ਕਹਿਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਜਾਲ ਨਹੀਂ"[57] । ਪ੍ਰਕਿਰਤੀ ਬਹੁਤੀ ਸਮੂੱਲ ਨਹੀਂ । ਕੁਦਰਤ ਦਾ ਮੁਕ਼ਾਬਲਾ ਕਲਾ ਨਾਲ ਕੀਤਾ ਜਾਂਦਾ, ਕਲਾ ਦਾ ਪ੍ਰਕਿਰਤੀ ਨਾਲ ਨਹੀਂ[58] । ਅਵਲੋਕਨ ਅਜਿਹਾ ਹੈ ਕਿ ਵਿਹਾਰਕ ਜਗਤ ਪਰਾਭੌਤਿਕ ਵਿਚ ਸੁੰਗੜ ਗਿਆ ਹੈ । ਕਸ਼ਮੀਰ ਵਿਚ "ਰਤਨ ਪੰਚਾਲ ਪਹਾੜ ਹੈ । ਜੇ ਕੋਈ ਇਸ ਉੱਤੇ ਚੜ੍ਹ ਜਾਏ ਤਾਂ ਸਾਰਾ ਸੰਸਾਰ ਵਖਾਈ ਦਿੰਦਾ ਹੈ ਅਤੇ ਦੇਵਤਿਆਂ ਦੀ ਮਾਲਾ ਫੇਰਨ ਦੀ ਖੜਕਾਰ ਸਾਫ ਸੁਣਾਈ ਦੇਵੇ । ਉੱਥੇ ਦੇ ਪੰਛੀ ਖਿੱਤੀਆਂ ਦੀਆਂ ਬੱਲੀਆਂ ਤੋਂ ਦਾਣੇ ਚੁਗਦੇ ਹਨ"[59] ਸਪਤਰਿਖੀ ਤਾਰਿਆਂ ਤੱਕ ਪੰਛੀਆਂ ਦੀ ਉਡਾਨ ਦਾ ਅਜਿਹਾ ਸਕੇਲ (scale) ਹੈ ਕਿ ਬ੍ਰਹਮੰਡ ਬਹੁਤ ਛੋਟਾ ਰਹਿ ਗਿਆ ਹੈ ।

ਬਾਦਸ਼ਾਹ ਵਿਚ ਕਰਾਮਾਤ ਦਾ ਅੰਸ਼ ਹੁੰਦਾ ਹੈ ਕਿਉਂਕਿ ਉਸ ਵਿਚੋਂ ਪਰਾਪ੍ਰਕਿਰਤਿਕ ਦੀ ਝਲਕ ਪੈਂਦੀ ਹੈ । "ਖਾਕਾਨ-ਇ ਜ਼ਮਾਂ (ਔਰੰਗਜ਼ੇਬ) ਕੇਂਦ੍ਰੀ ਭਾਗ ਇਸ ਵਿਚ ਸਜਧੱਜ ਨਾਲ ਕਾਇਮ ਹੋਇਆ ਕਿ ਪਰਮਾਤਮਾ ਦੀ ਸ਼ਾਨ ਨਾਲ ਨਜ਼ਰ ਆਉਂਦੀ ਸੀ"[60] ਸ਼ਹਿਨਸ਼ਾਹ "ਉਹ ਵਿਅਕਤੀ ਹੈ ਜਿਸ ਨਾਲ ਸੰਸਾਰ ਦੀ ਸੁਰੱਖਿਆ ਸੰਬੰਧਤ ਹੈ"[61] । ਜੇ ਉਸ ਦੀ ਤਬੀਅਤ ਖ਼ਰਾਬ ਹੋਵੇ ਤਾਂ "ਸੰਸਾਰ ਵਿਚ ਘਾਬਰ" ਪੈਦਾ ਹੋ ਜਾਂਦੀ ਹੈ[62] । "ਨਸੀਰਉੱਦੀਨ ਨੂੰ ਰਾਜ ਸਿੰਘਾਸਣ ਉੱਤੇ ਬਿਠਾਇਆ ਜਿਸ ਦੇ ਚਿਹਰੇ ਉੱਤੇ ਪ੍ਰਭੂ ਭਗਤੀ ਅਤੇ ਗਿਆਨ ਦਾ ਪ੍ਰਕਾਸ਼ ਝਲਕਦਾ ਸੀ"[63] । ਜੇ ਪ੍ਰਸ਼ਾਸ਼ਨ ਚਲਾਉਣਾ ਭਗਤੀ ਸਮਾਨ ਹੈ ਤਾਂ ਬਾਦਸ਼ਾਹ ਆਪ ਵੀ ਰੱਬ ਦਾ ਨਜ਼ਦੀਕੀ ਮਾਲੂਮ ਹੁੰਦਾ ਹੈ । "ਅਦਲ ਅਤੇ ਇਨਸਾਫ ਨਾਲ ਹਕੂਮਤ ਕਰ ਕੇ ਰੱਬ ਦੀ ਸ੍ਰਿਸ਼ਟੀ ਦੀ ਭਲਾਈ ਸਹਿਤ ਰਾਜ ਕਰਨਾ ਹੀ ਸਭ ਤੋਂ ਵੱਡੀ ਭਜਨ ਬੰਦਗੀ ਹੈ"[64] ।

ਪ੍ਰਕਿਰਤੀ ਅਤੇ ਮਨੁੱਖ ਵਿਚ ਸਹਿਵੇਦਨਾ ਦੇ ਸਿਧਾਂਤ ਦਾ ਬਾਦਸ਼ਾਹਤ ਦੀ ਸੰਸਥਾ ਉੱਤੇ ਡਰਾਮਾਈ ਅਸਰ ਹੁੰਦਾ ਹੈ । "ਉਸ ਨੇ ਅਜੇਹੇ ਨਿਆਇ ਨਾਲ ਹਕੂਮਤ ਕੀਤੀ ਕਿ ਸਭ ਦਾ ਹੀ ਮਨ ਪ੍ਰਸੰਨ ਹੋ ਗਿਆ । ਅਮਨ ਅਮਾਨ ਦੀਆਂ ਧੁੰਮਾਂ ਪੈ ਗਈਆਂ ਦੇਸ਼ ਦੀ ਰੌਣਕ ਅਤੇ ਵਸੋਂ ਕਿਤੇ ਦੀ ਕਿਤੇ ਪਹੁੰਚ ਗਈ । ਵਰਖਾ ਆਪਣੇ ਸਮੇਂ ਲੋਕਾਂ ਦੀ ਲੋੜ ਅਨੁਸਾਰ ਹੁੰਦੀ । ਮਹਾਮਾਰੀ ਅਤੇ ਕਾਲ ਦਾ ਨਾਉਂ ਕਦੀ ਸੁਣਨ ਵਿਚ ਨਹੀਂ ਸੀ ਆਇਆ"[65] । ਬਾਦਸ਼ਾਹ ਦੇ ਨਾਲ ਸਮਾਜ ਅਤੇ ਪਰਲੋਕ ਦਾ ਸੜ੍ਹ ਲੱਗਦਾ ਹੈ[66]

"ਪਰਮਾਤਮਾ ਦਾ ਪ੍ਰਾਚੀਨ ਨੇਮ ਹੈ ਕਿ ਉਹ ਹਕੂਮਤ ਦੀ ਅਮਾਨਤ (ਪ੍ਰਸ਼ਾਸ਼ਨ ਚਲਾ ਸਕਣ ਵਾਲੇ) ਬੁੱਧੀਮਾਨ ਸੁਲਤਾਨਾਂ ਨੂੰ ਹੀ ਸੌਂਪਦਾ ਹੈ" । "ਸਰਬਦਰਸ਼ੀ ਅਤੇ ਸਰਬਸ੍ਰੋਤਾ ਪਰਮਾਤਮਾ ਵੱਲੋਂ ਬਾਦਸ਼ਾਹ ਨੂੰ ਸਮਝ ਦੀ ਜੋਤ ਮਿਲੀ ਹੁੰਦੀ ਹੈ"[67] । ਰੱਬ ਅਤੇ ਸੁਲਤਾਨ ਦਾ ਮੁਹਾਂਦਰਾ ਮਿਲਦਾ ਹੈ "ਇਹ ਆਦਮੀ ਕੋਈ ਦੇਵਤਾ... ਸ਼ਾਹੀ ਘਰਾਣੇ ਦਾ ਪੁੱਤਰ ਜਾਂ ਆਪ ਬ੍ਰਿਕ੍ਰਮਾਜੀਤ ਹੈ"[68] । ਜੇ ਕਿਸੇ ਦੀ ਬਾਦਸ਼ਾਹੀ ਕਾਇਮ ਰਹਿਣੀ ਹੈ ਤਾਂ ਖਤਰਾ ਕੁੱਝ ਅਸਰ ਨਹੀਂ ਕਰਦਾ "ਜਦ ਪਰਮਾਤਮਾ ਦੀ ਓਟ ਹੋਵੇ ਅਤੇ ਕਿਸਮਤ ਨੇ ਹਕੂਮਤ ਅਤੇ ਰਾਜ ਭਾਗ ਲਿਖਿਆ ਹੋਵੇ ਤਾਂ ਉਹ ਨੂੰ ਵੈਰੀਆਂ ਤੋਂ ਕਦ ਹਾਣ ਪਹੁੰਚ ਸਕਦਾ ਹੈ"[69] । "ਗੜਬੜ ਅਤੇ ਫੁੱਟ ਤੋਂ ਸੁਰਖਿਅਤ ਹੋਣ ਲਈ ਹਾਕਮ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੋਣਾ ਜ਼ਰੂਰੀ ਹੈ।

ਮੱਧਕਾਲੀ ਸਮਾਜ ਵਿਚ ਅਦਲ ਦਾ ਆਦਰਸ਼ ਫੰਤਾਸ ਦੀ ਸਕੇਲ ਵਾਲਾ ਹੈ ਕਿਉਂਕਿ ਹਿੰਸਾਜਨਜਾਤਕ (endemic) ਸੀ ਜਿਸ ਕਰਕੇ ਨਿਯਾਂ ਦੀ ਬਹੁਤ ਥੋੜੀ ਸੰਭਾਵਨਾ ਰਹਿ ਜਾਂਦੀ ਸੀ। ਅਮਨ ਅਤੇ ਪ੍ਰਸ਼ਾਸ਼ਨ ਅਦਲ ਦੀਆਂ ਮੁੱਢਲੀਆਂ ਸ਼ਰਤਾਂ ਹਨ ਪਰ ਯਥਾਰਥ ਵਿਚ ਸ਼ਾਂਤੀ ਅਤੇ ਰਾਜਪ੍ਰਬੰਧ ਖ਼ਿਆਲੀ ਸਨ। ਲਿਖਾਰੀ ਇਹ ਗੱਲ ਮੰਨ ਕੇ ਚਲਦਾ ਹੈ ਕਿ ਸ਼ਾਂਤੀ ਅਤੇ ਲੋਕਭਲਾਈ ਇੱਕੋ ਗੱਲ ਹੈ। ਬਾਦਸ਼ਾਹ ਅਦਲੀ ਹੋਣ ਦੀਆਂ ਸ਼ੇਖੀਆਂ ਮਾਰਦੇ ਹਨ, ਨਾ ਕਿ ਨਿਆਂ ਆਧਰਿਤ ਪ੍ਰਸ਼ਾਸ਼ਨ ਕਾਇਮ ਕਰ ਸਕਦੇ ਹਨ। "ਬਾਦਸ਼ਾਹ ਦੀ ਸੱਭ ਤੋਂ ਵੱਡੀ ਪ੍ਰਸਿੱਧੀ ਇਹ ਹੈ ਕਿ ਉਸ ਨੂੰ ਨਿਆਇਕਾਰ ਸੱਦਿਆ ਜਾਏ। ਇਸੇ ਸਿਫਤ ਕਾਰਨ ਨੌਸ਼ੇਰਵਾਂ ਦਾ ਨਾਉਂ ਅੱਜ ਤਕ ਬਾਕੀ ਹੈ"[71]। ਬਾਦਸ਼ਾਹ ਨੂੰ "ਪਰਜਾ ਦੀ ਭਲਾਈ, ਬਸਤੀਆਂ ਦੀ ਆਬਾਦੀ, ਸੜਕਾਂ ਦੀ ਸੁਰੱਖਿਆ, ਬੇਡਰ ਸਫਰ, ਅਯੋਗ ਕੰਮ ਨੂੰ ਰੋਕਣ, ਫਸਾਦੀਆਂ/ਰਾਜਧਰੋਹੀਆਂ/ਚੋਰਾਂ/ਰਾਹਮਾਰਾਂ ਦਾ ਸਿਰ ਫੇਹਣ ਵਿਚ ਬੜਾ ਉੱਦਮੀ" ਹੋਣਾ ਚਾਹੀਦਾ ਹੈ[72]। "ਸੈਨਾ-ਪਾਲਣ" ਨਾਲ ਹੀ "ਪਰਜਾ-ਭਲਾਈ" ਦਾ ਕੰਮ ਚਲ ਸਕਦਾ ਹੈ[73]। ਮੱਧਕਾਲੀ ਪਦਾਰਥਿਕ ਸਥਿਤੀ ਵਿਚ ਅਮਨ ਕੇਵਲ ਖਿਆਲੀ ਅਤੇ ਪ੍ਰਸ਼ਾਸ਼ਨ ਨਾਉਂ ਮਾਤ੍ਰ ਹੈ ਜਿਸ ਨੇ ਭੇਸ ਬਦਲ ਕੇ ਫਿਰਨ ਵਾਲੇ ਬਾਦਸ਼ਾਹ ਦਾ ਫੰਤਾਸ ਪੈਦਾ ਕਰ ਦਿੱਤਾ ਹੈ। "ਫ਼ੌਜ ਅਤੇ ਪਰਜਾ ਦੇ ਹਾਲ ਦੀ ਅਜੇਹੀ ਖ਼ਬਰ ਰਖਦਾ ਸੀ ਕਿ ਲੋਕਾਂ ਦੀਆਂ ਘਰੋਗੀ ਗੱਲਾਂ ਦਾ ਵੀ ਉਸ ਨੂੰ ਪਤਾ ਰਹਿੰਦਾ ਸੀ। ਰਾਤ ਨੂੰ ਭੇਸ ਬਦਲ ਕੇ ਇਕੱਲਾ ਹੀ ਗਲੀਆਂ ਵਿਚ ਫਿਰਦਾ ਅਤੇ ਅਮੀਰ ਗਰੀਬ ਦੀ ਹਾਲਤ ਦਾ ਪਤਾ ਕਰਦਾ। ਲੋਕਾਂ ਨੂੰ ਯਕੀਨ ਸੀ ਕਿ ਕੋਈ ਉਸ ਨੂੰ ਸਾਰੀਆਂ ਗੱਲਾਂ ਦਸਦਾ ਹੈ। ਕਈ ਕਹਿੰਦੇ ਸਨ ਕਿ ਸੁਲਤਾਨ ਕੋਲ ਜਾਦੂ ਦਾ ਲੇਂਪ ਹੈ"[74]। ਜੇ ਰਾਜ ਵਿਚ ਨਿਆਂ ਸੁਲਭ ਹੋਵੇ ਤਾਂ ਰਾਜੇ ਨੂੰ ਭੇਸ ਬਦਲ ਕੇ ਫਿਰਨ ਦੀ ਲੋੜ ਨਹੀਂ।

ਬਾਦਸ਼ਾਹਤ ਦੀ ਸੰਸਥਾ ਨੂੰ ਮਾਣਸਵਿਗਿਆਨੀ ਤਰੀਕੇ ਨਾਲ ਕਲਪਿਆ ਗਿਆ ਹੈ। ਸਰਬਸ਼ਕਤੀਮਾਨ ਰੱਯੀਅਤ ਦਾ ਇੰਝ ਮਾਲਕ ਹੈ ਜਿਵੇਂ ਕਿਤੇ ਉਹ ਔਰਤ ਹੋਵੇ। "ਸਬਜ਼ੀ ਵੇਚਣ ਵਾਲੀ ਇਸਤਰੀ (ਸੇਰ ਸ਼ਾਹ ਨੂੰ ਕਹਿੰਦੀ) ਕਿ ਦਿੱਲੀ ਨੂੰ ਪਤੀ ਤਾਂ ਮਿਲਿਆ ਪਰ ਬੁੱਢਾ ਮਿਲਿਆ"[75]। ਬਾਦਸ਼ਾਹੀ ਅਧਿਮਾਨੁੱਖੀ ਹੈ। "ਉਹ ਦਿਆਲਤਾ ਅਤੇ ਬਹਾਦਰੀ ਵਿਚ ਕਾਇਮ ਸੀ। ਦਾਨਪਾਤਰਾਂ ਗ਼ਰੀਬਾਂ ਨੂੰ ਉਹਨਾਂ ਦੀ ਇੱਛਾ ਤੋਂ ਵੱਧ ਦਿੰਦਾ, ਨਿਰਧਨਾ ਨੂੰ ਅਮੀਰੀ ਬਖਸ਼ਦਾ... ਉਸ ਨੇ ਲੋੜਵੰਦਾਂ ਨੂੰ ਲੱਖਾਂ ਰੁਪਏ ਦਿੱਤੇ। ਇਸ ਲਈ ਲੋਕ ਉਹਨੂੰ ਲੱਖਬਖ਼ਸ਼ ਕਹਿੰਦੇ ਸਨ"[76]। ਬਾਦਸ਼ਾਹ ਦੀ ਤਬੀਅਤ ਖਰਾਬ ਹੋਵੇ ਤਾਂ ਸਾਰੇ ਸਮਾਜ ਨੂੰ ਬੇਚੈਨੀ ਦਾ ਤਾਪ ਚੜ੍ਹ ਜਾਂਦਾ ਹੈ। ਅਕਬਰ ਹਾਥੀ ਤੋਂ ਡਿੱਗ ਕੇ ਬੇਹੋਸ਼ ਕੀ ਹੋਇਆ ਕਿ "ਸਾਰੇ ਦੇਸ਼ ਵਿਚ ਦੁਰਭਾਗੀਆਂ ਖਬਰਾਂ ਫੈਲ ਗਈਆਂ। ਬਹੁਤ ਰੌਲਾ ਰੱਪਾ ਪਿਆ। ਪਰਜਾ ਨੇ ਲਗਾਨ ਦੇਣ ਤੋਂ ਨਾਹ ਕਰ ਦਿੱਤੀ। ਦੇਸ਼ ਦੇ ਪ੍ਰਬੰਧ ਵਿਚ ਵਿਘਨ ਪੈ ਗਿਆ। ਸੜਕਾਂ ਅਸੁਰੱਖਿਅਤ ਸਨ। ਜਦ ਸ਼ਾਹੀ ਸਵਾਰੀ ਲਾਹੌਰ ਪਹੁੰਚੀ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਝਗੜਾ ਫਸਾਦ ਮੁੱਕ ਗਿਆ''[77] । ਖਾਨਾ ਜੰਗੀ ਸਮੇਂ ਕਮ-ਉਮਰ ਸ਼ਹਿਜ਼ਾਦੇ ਨਿਰਪੱਖ ਮੰਨੇ ਜਾਂਦੇ ਹਨ ਕਿਉਂਕਿ ਉਹਨਾਂ ਵਿਚੋਂ ਕਿਸੇ ਨੇ ਅੱਗੇ ਨੂੰ ਬਾਦਸ਼ਾਹ ਬਣਨਾ ਹੁੰਦਾ ਹੈ[78] ।

ਬਾਦਸ਼ਾਹ ਨੂੰ ਬਿਲ-ਜ਼ਰੂਰ ''ਰਾਜ ਪ੍ਰਬੰਧ ਵਿਚ ਕੁਕਰਮੀਆਂ, ਨਾਲਾਇਕ ਅਤੇ ਕਮੀਨਿਆਂ ਨੂੰ ਸ਼ਾਮਿਲ'' ਨਹੀਂ ਕਰਨਾ ਚਾਹੀਦਾ । ''ਜਦ ਤਕ ਕਿਸੇ ਦੇ ਕੰਮਾਂ, ਦੀਨਦਾਰੀ ਦੀ ਤਸਦੀਕ ਨਾ ਹੋ ਜਾਵੇ ਹਾਕਮ ਨਾ ਬਣਾਵੇ । ਖਾਨਦਾਨੀ, ਨੇਕ ਆਦਮੀਆਂ ਨੂੰ ਛੁਟਿਆ ਕੇ ਭੈੜੇ ਖਾਨਦਾਨਾਂ ਦੇ ਘਟੀਆ ਬੰਦਿਆਂ ਨੂੰ ਸਿਰ ਨਾ ਚੜ੍ਹਾਵੇ''[79] । ਇਕ ਬੰਦੇ ਦੀ ਬਗਾਵਤ ਬਦਲੇ ਸਾਰੀ ਫੌਜ ਨੂੰ ਦੰਡ ਦੇਣਾ, ਸਾਰੇ ਸ਼ਹਿਰ ਨੂੰ ਤਬਾਹ ਕਰਨਾ ਅਤੇ ਹਰ ਸਮੇਂ ਰਾਜ ਦੀ ਭਲਾਈ ਨੂੰ ਉੱਤਮ ਰੱਖਣਾ'' ਯੋਗ ਹੈ[80] । ''ਦੂਜੇ ਦੇਸ਼ਾਂ ਉੱਤੇ ਚੜ੍ਹਾਈ ਕਰਨ ਨਾਲੋਂ ਚੰਗਾ ਹੈ ਕਿ ਬਾਦਸ਼ਾਹ ਆਪਣੇ ਦੇਸ਼ ਦਾ ਪ੍ਰਬੰਧ ਠੀਕ ਰੱਖੇ ਅਤੇ ਸੁਖ ਸ਼ਾਂਤੀ ਸਥਾਪਿਤ ਕਰੇ''[81] । ਸ਼ਾਇਦ ਇਸ ਕਰਕੇ ਕਿ ਪਹਿਲੇ ਨਾਲੋਂ ਦੂਸਰਾ ਕੰਮ ਜ਼ਿਆਦਾ ਮੁਸ਼ਕਿਲ ਹੈ । ''ਜੇ ਬਾਦਸ਼ਾਹ ਕੋਲ ਇੰਨਾ ਖਜ਼ਾਨਾ ਨਾ ਹੋਵੇ ਕਿ ਲੜਾਈ ਦੇ ਦਿਨਾਂ ਵਿਚ ਫੌਜ ਦੀ ਤਨਖਾਹ ਨਾ ਦੇ ਸਕੇ, ਕਾਲ ਅਤੇ ਮਾਹਮਾਰੀ ਵਿਚ ਪਰਜਾ ਦੀ ਸਹਾਇਤਾ ਨਾ ਕਰ ਸਕੇ ਤਾਂ ਉਹ ਨੂੰ ਬਾਦਸ਼ਾਹ ਨਹੀਂ ਕਹਿ ਸਕਦੇ । ਬਾਦਸ਼ਾਹਾਂ ਨੂੰ ਪਰਜਾ ਦੇ ਆਰਾਮ, ਫੌਜ ਦੇ ਜਾਨਵਾਰ ਸਪਾਹੀਆਂ ਦੇ ਉਤਸ਼ਾਹ ਵਧਾਉਣ, ਫਸਾਦੀਆਂ ਦੀ ਜੜ ਉਖੇੜਣ, ਅਜੋਗ ਬੰਦਿਆਂ ਦੀ ਕੁਸੰਗਤ ਤੋਂ ਬਚਣ, ਬੁਰੇ ਕੰਮਾਂ ਨੂੰ ਛੱਡਣ ਅਤੇ ਹਰ ਸਮੇ ਕਰਤਾਪੁਰਖ ਨੂੰ ਯਾਦ ਰੱਖਣ ਦਾ ਉਪਦੇਸ਼ ਹੈ''[82] । ਕਰੜੀਆਂ ਸਿਖਿਆ ਦਾਇਕ ਸਜ਼ਾਵਾਂ ਨਾਲ ਪਰਜਾ ਦੇ ਦਿਲਾਂ ਵਿਚ ਹੌਲ ਪਾਉਣ ਵਾਲੀ ਸ਼ਾਹੀ ਦਹਿਸ਼ਤ ਲੋਕਾਂ ਦੇ ਹਿਤ ਵਿਚ ਹੈ[83] । ਨੱਕ ਕੰਨ ਕੱਟ ਦੇਣੇ, ਹਾਥੀਆਂ ਦੇ ਪੈਰਾਂ ਥੱਲੇ ਲਤੜਵਾ ਦੇਣਾ ਅਤੇ ਸੜਕ ਦੇ ਕੰਢੇ ਫਾਹੀਆਂ ਦੀ ਪਾਲ ਦਹਿਸ਼ਤ ਦਾ ਪਰਾਪੇਗੰਡਾ ਹੈ । ''ਇਹ ਦੰਡ ਸਖ਼ਤ ਹਨ ਪਰ ਜੇ ਇਹ ਨਾ ਹੋਣ ਤਾਂ ਧਰਮ ਅਤੇ ਸੰਸਾਰ ਦਾ ਪ੍ਰਬੰਧ ਤਿੱਤਰ ਬਿੱਤਰ ਹੋ ਜਾਏ''[84] । ਸਮਾਜੀ ਬਦਅਮਨੀ ਨਾਲ ਰਈਅਤ ਦੇ ਦਿਲ ਵਿੱਚੋਂ ਭੈ ਉੱਠ ਜਾਂਦਾ ਹੈ । ਬਬਾਦਸ਼ਾਹ ਕਈ ਵਾਰ ''ਸਾਰੀ ਕੌਮ ਨੂੰ ਕਤਲ ਅਤੇ ਨਸ਼ਟ ਕਰਨ ਦਾ ਹੁਕਮ'' ਦੇ ਦਿੰਦਾ ਹੈ[55] । ਕਤਲਾਮ ਵੀ ਲੋਕਾਂ ਦੇ ਹਿਤ ਵਿਚ ਹਨ । ''ਪਰਜਾ ਦੀ ਭਲਾਈ ਅਤੇ ਸੁਖ ਲਈ ਫਸਾਦ ਕਰਨ ਵਾਲੇ ਪਸ਼ੂਆਂ ਨੂੰ ਕਤਲ ਕਰ ਦੇਣਾ ਚੰਗਾ ਹੈ''[86] । ਬਾਦਸ਼ਾਹ ਨੂੰ ਸ਼ੱਕ ਪੈਣ 'ਤੇ ਸਾਰੇ ਦਾ ਸਾਰਾ ਇੰਤਜ਼ਾਮੀਆਂ ਖ਼ਤਮ ਹੋ ਸਕਦਾ ਹੈ । ''ਇਹ ਸੁਣ ਕੇ ਸੁਲਤਾਨ ਦਾ ਮੁਗਲ ਅਫ਼ਸਰਾਂ ਤੋਂ ਮਨ ਫਿਰ ਗਿਆ ਅਤੇ ਅਮੀਰ-ਉਲ ਉਮਰਾ ਨੂੰ ਇਹਨਾਂ ਦੇ ਕਤਲ ਕਰਨ ਦੀ ਆਗਿਆ ਦਿੱਤੀ । ਖੁਆਜਾ ਖਿਜ਼ਰ ਖਾਂ ਵਜ਼ੀਰ ਨੂੰ ਝੂਠੇ ਅਪਰਾਧ ਵਿਚ ਫਸਾ ਖੋਤੇ ਉੱਤੇ ਚੜ੍ਹਾਕੇ ਸ਼ਹਿਰ ਵਿਚ ਘੁਮਾਇਆ''[87] । ''ਬਾਗ਼ੀਆਂ ਅਤੇ ਰਾਜ ਧਰੋਹੀਆਂ ਦੀ ਜੜ ਪੁੱਟਣਾ ਬਾਦਸ਼ਾਹ ਦਾ ਨਾਂ-ਮੁੱਕਣ ਵਾਲਾ ਕਰਤੱਵ ਹੈ''[88] । ਗਵਾਲੀਅਰ ਦਾ ਕਿਲਾ ਸਿਆਜੀ ਕੈਦੀਆਂ ਲਈ ਮਖ਼ਸੂਸ ਹੈ[89] । ਬਾਦਸ਼ਾਹੀ ਅਤੰਕਵਾਦ ਮੱਧਕਾਲੀ ਸਮਾਜ ਵਿਚ ਸਰਬਵਿਆਪੀ ਹਿੰਸਾ ਦਾ ਦਵੰਦਾਤਮਕ (dialectical) ਨਿਰਣਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਸ਼ਾਸ਼ਨ ਵਿਚ ਸਿੰਨੀ ਧੜੇਬੰਦੀ ਹੈ ਕਿ ਫੁੱਟ ਦੇ ਕਾਰਨ ਮੁਹਿੰਮ ਫੇਲ ਹੋ ਜਾਂਦੀ ਹੈ।[90] ਅਹਿਲਕਾਰ ਇਕ ਦੂਸਰੇ ਦੇ ਕਤਲਾਮ 'ਚ ਰੁੱਝ ਜਾਂਦੇ ਹਨ ਜਿਸ ਵਿਚ ਬਾਦਸ਼ਾਹ ਗ਼ਰਕ ਹੋ ਜਾਂਦਾ ਹੈ ਅਤੇ ਕੈਦੀ ਤਖ਼ਤ 'ਤੇ ਚੜ੍ਹ ਜਾਂਦਾ ਹੈ।[91] ਸ਼ਹਿਜ਼ਾਦਾ ਜਹਾਂਗੀਰ ਅਕਬਰ ਦੇ ਸੰਨਜ਼ੂਰ-ਇ ਨਜ਼ਰ ਅੱਬੁਲ ਫਜ਼ਲ ਨੂੰ ਕਤਲ ਕਰਵਾ ਦਿੰਦਾ ਹੈ[92]। ਦਰ ਅਸਲ ਸੁਲਤਾਨ 'ਹਿੰਸਾ ਦੇ ਹਲਕੇ' ਦਾ ਮੋਢੀ ਕਿਹਾ ਜਾ ਸਕਦਾ ਹੈ। ਜਾਂ ਤਾਂ 'ਹਿੰਸਾ ਦਾ ਹਲਕਾ' ਉਹਦੇ ਕਾਬੂ ਵਿਚ ਰਹਿੰਦਾ ਹੈ ਜਾਂ ਉਹ ਹਿੰਸਾ ਦੇ ਹਲਕੇ' ਦੇ ਕਾਬੂ ਆ ਜਾਂਦਾ ਹੈ। ਕਈ ਸਪਾਹੀ-ਪ੍ਰਸ਼ਾਸਕ ਇੱਸੇ ਹਲਕੇ ਵਿਚ ਆਪਣਾ ਕੈਰੀਅਰ ਬਣਾਉਂਦੇ ਦਿੱਲੀ ਦੀ ਸੁਲਤਾਨੀ ਪ੍ਰਾਪਤ ਕਰ ਲੈਂਦੇ ਹਨ[93]। ਹਿੰਸਾ ਦੇ ਹਲਕੇ ਦੀ ਸਥਿਤੀ ਅਨੁਸਾਰ ਕਸ਼ਮੀਰ ਦੇ "ਮਹੰਮਦ ਸ਼ਾਹ ਦਾ ਰਾਜ-ਸਮਾਂ ਪਹਿਲੀ ਵਾਰ ਦੱਸ ਸਾਲ ਸੱਤ ਮਹੀਨੇ, ਦੂਜੀ ਵਾਰ ਬਾਰਾਂ ਸਾਲ ਕੁੱਝ ਮਹੀਨੇ ਤੀਜੀ ਵਾਰ ਗਿਆਰਾਂ ਸਾਲ ਗਿਆਰਾਂ ਮਹੀਨੇ" ਰਿਹਾ[94/1]। ਦਹਿਸ਼ਤ ਦੇ ਵਿਸਤਰਤ ਬੰਦੋਬਸਤ ਦੇ ਬਾਵਜੂਦ ਬਾਦਸ਼ਾਹ ਦੀ ਜ਼ਿੰਦਗੀ ਕੱਚੇ ਧਾਗੇ ਨਾਲ ਬੰਨ੍ਹੀ ਮਲੂਮ ਹੁੰਦੀ ਸੀ[95]। ਸ਼ੱਕ ਪੈਂਦਾ ਹੈ ਕਿ ਹਿੰਦੁਸਤਾਨ ਵਿਚ ਮੱਧਕਾਲੀ ਰਿਆਸਤ ਯੂਰਪੀ ਸਾਮੰਤੀ ਰਾਜ ਨਾਲੋਂ ਬਹੁਤ ਭਿੰਨ ਸੀ। ਮੁਹੰਮਦ ਤੁਗ਼ਲਕ "ਜਿਸ ਤਰ੍ਹਾਂ ਸੰਤੁਸਟਤਾ ਵਿਚ ਨਿਪੁੰਨ ਸੀ ਉਸੇ ਤਰ੍ਹਾਂ ਜ਼ੁਲਮਾਂ ਦਾ ਸਰਦਾਰ, ਪੱਥਰ ਦਿਲਾਂ ਦਾ ਆਗੂ .. ਥੋੜੀ ਜਿਹੀ ਦੇਰ ਵਿਚ ਮਾਲਦਾਰਾਂ ਨੂੰ ਮੁਥਾਜ, ਸਰਮਾਏਦਾਰਾਂ ਨੂੰ ਨਿਰਧਨ, ਵਪਾਰੀਆਂ ਨੂੰ ਕੰਗਾਲ, ਕਾਰੀਗਰਾਂ ਨੂੰ ਬੇਕਾਰ ਬਣਾ ਦਿੰਦਾ ਸੀ। ਉਸ ਲਈ ਹੱਥ ਪੈਰ ਨੱਕ ਕੰਨ ਵਢਵਾਉਣੇ, ਸਰੀਰ ਵਿਚ ਮੇਖ ਠੁਕਵਾਉਣੀ, ਹੱਡੀਆਂ ਤੁੜਵਾਉਣੀਆਂ, ਜਿਉਂਦਿਆਂ ਨੂੰ ਅੱਗ ਵਿਚ ਸਾੜਨਾ, ਖੱਲ ਉਤਰਾਉਣੀ, ਹਾਥੀ ਦੇ ਪੈਰਾਂ ਥੱਲੇ ਸੁਟਵਾਉਣਾ, ਫਾਂਸੀ ਦੇਣੀ ਖੇਡ ਸਨ ਅਤੇ ਨਿਹੱਕੇ ਲਹੂ ਨਾਲ ਧਰਤੀ ਰੰਗਦਾ ਰਹਿੰਦਾ। (ਉਹ) ਸੂਫੀ, ਬਦਮਾਸ਼, ਸਿਪਾਹੀ, ਅਹਿਲਕਾਰ, ਵਪਾਰੀ, ਪਰਜਾ ਕਿਸੇ ਦਾ ਲਿਹਾਜ਼ ਨਾ ਕਰਦਾ"[96]।

ਮੱਧਕਾਲੀ ਸਮਾਜਿਕ ਯਥਾਰਥ ਹੀ ਪਦਾਰਥਕ ਅਤੇ ਵਿਚਾਰਧਾਰਕ ਦਾ ਮਿਸ਼ਰਨ ਹੈ। "ਰਾਜ ਗੱਦੀ ਜਗਤਪਾਲਕ ਦੀ ਅਮਾਨਤ ਹੈ। ਉਹੀ ਸ਼ਾਹੀ ਤਾਜ ਦੇ ਯੋਗ ਹੁੰਦਾ ਹੈ ਜਿਸਦਾ ਸੁਭਾਗ ਪਰਮਾਤਮਾਂ ਦੀ ਕਿਰਪਾ ਨਾਲ ਪ੍ਰਕਾਸ਼ਮਾਨ ਹੋਵੇ"। ਉਸ ਵਿਚ "ਸਭਿਆਚਾਰ, ਸਿਫਤਾਂ, ਨਿਆਯ, ਪਰਜਾ ਪਾਲਕ ਸੁਭਾਉ" ਆਦਿ ਅਧਿਮਾਨਵੀ ਗੁਣ ਹੁੰਦੇ ਹਨ। "ਉਹ ਫਸਾਦੀ ਰਾਜਧਰੋਹੀਆਂ ਨੂੰ ਦਬਾਕੇ ਜ਼ੁਲਮ ਅਤੇ ਅੱਤਿਆਚਾਰ ਦੇ ਨ੍ਹੇਰੇ ਨੂੰ ਦੂਰ ਕਰਦਾ ਹੈ"[97]। ਇਸੇ ਕਾਰਨ ਬਾਦਸ਼ਾਹ 'ਪਰਾਜਿਤ' 'ਤੇ ਵੀ ਮਿਹਰਬਾਨੀ ਕਰਦਾ ਹੈ। "ਅਸੀਰ ਦਾ ਹਾਕਿਮ... ਨਿਤਾਣਾ ਹੋਕੇ ਅਕਬਰ ਦੇ ਦਰਬਾਰ ਵਿਚ ਹਾਜ਼ਰ (ਹੋਕੇ) ਸ਼ਾਹੀ ਮਿਹਰਬਾਨੀਆਂ ਤੋਂ ਲਾਭਵੰਦ ਹੋਇਆ"[98]। ਮੱਧਕਾਲੀ ਇਤਿਹਾਸ-ਕਾਰ ਕੋਲ 'ਯਥਾਰਥ ਦੇ ਯਥਾਰਥ' ਸਵਾਲ ਦਾ ਬਣਿਆ ਬਣਾਇਆ ਜਵਾਬ ਸੀ ਕਿ ਪਰਾਪ੍ਰਕਿਰਤਕ ਸ਼ਕਤੀ ਬਦਲਦੇ ਤਾਰੀਖ਼ੀ ਸਾਕਿਆਂ ਵਿਚ ਕੰਮ ਕਰ ਰਹੀ ਹੈ। ਕਿਉਂਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਦਸ਼ਾਹ ਸਮਾਜ ਅਤੇ ਪਰਾਪ੍ਰਕਿਰਤਕ ਵਿਚਕਾਰ ਅਧਿਮਾਣਸੀ ਜੋੜ ਸੀ ਇਸ ਕਰਕੇ ਸਮਕਾਲੀ ਵਿਚਾਰ ਅਮੁਸਾਰ ਬਾਦਸ਼ਾਹ ਬਜਾ ਤੌਰ 'ਤੇ ਇਤਿਹਾਸਕਾਰੀ ਦਾ ਕੇਂਦਰ ਸਨ।

ਅਮਨ, ਨਿਆਂਸ਼ੀਲ ਪ੍ਰਸ਼ਾਸ਼ਨ ਅਤੇ ਇਹਨਾਂ ਦੇ ਫਲਸਰੂਪ ਖੁਖਹਾਲੀ ਬਾਦਸ਼ਾਹ ਲਈ ਮੁੱਖ ਸਮੱਸਿਆ ਸੀ। ਮਾਰਕਸ ਅਨੁਸਾਰ ਇਕ ਲੜਾਈ ਨਾਲ ਹੀ ਮੁਲਕ ਸਦੀਆਂ ਲਈ ਬੇਆਬਾਦ ਹੋ ਜਾਂਦਾ ਹੈ। ਏਸ਼ੀਆ ਵਿਚ ਅਸੀਂ ਵੇਖਦੇ ਹਾਂ ਕਿ ਇਕ ਸਰਕਾਰ ਥੱਲੇ ਖੇਤੀ ਬਾੜੀ ਤਬਾਹ ਹੋ ਜਾਂਦੀ ਹੈ ਅਤੇ ਦੂਸਰੀ ਥੱਲੇ ਮੁੜ ਉੱਠ ਖਲੋਂਦੀ ਹੈ''[99]। ਮੁਗਲਈ ਹਮਲੇ ਕਾਰਨ ਪੰਜਾਬ ਵਿਚ ਕੋਹਾਂ ਭਰ ਉਜਾੜ ਹੁੰਦੀ ਸੀ। ''ਖੇਤੀਬਾੜੀ ਅਤੇ ਮਾਮਲਾ ਜ਼ਮੀਨ ਨਾ-ਮਾਤਰ ਸੀ''[100] ਤੁਰਾਨੀ ਸਰਹੱਦੀ ਇਲਾਕੇ ਨੂੰ ਲੁਟਦੇ ਰਹਿੰਦੇ ਸੀ। ''ਨਤੀਜਾ ਇਹ ਕਿ ਪੰਜਾਬ ਵੀਰਾਨ ਪਿਆ ਸੀ''[101]। ਲੜਾਈ ਮਗਰੋਂ 'ਫ਼ਸਾਦ, ਕ਼ਤਲ, ਲੁੱਟਮਾਰ ਦੀਆਂ ਦੁਰ-ਘਟਣਾਵਾਂ ਨਾਲ ਹਜ਼ਾਰਾਂ ਘਰ ਉੱਜੜ ਗਏ। ਕਿਸਾਨਾਂ ਨੇ ਲਗਾਨ ਦੇਣਾ ਬੰਦ ਕਰ ਦਿੱਤਾ''[102]। ਜੇ ਬਾਦਸ਼ਾਹ ਅਮਨ ਕਾਇਮ ਨਹੀਂ ਕਰ ਸਕਦਾ ਤਾਂ ਉਹਨੂੰ ਸ਼ਾਤੀ ਖਰੀਦਨੀ ਪੈਂਦੀ ਹੈ। 'ਔਘਟ ਪਹਾੜਾਂ ਦੇ ਜ਼ੋਰ ਉੱਤੇ ਇਹ (ਲੋਕ) ਬਾਦਸ਼ਾਹੀ ਅਹਿਲਕਾਰਾਂ ਤੋਂ ਦਬਦੇ ਨਹੀਂ... ਇਸ ਲਈ ਸੂਬੇਦਾਰ ਤੋਂ ਇਨਾਮ ਦੇ ਤੌਰ 'ਤੇ ਸਾਲਾਨਾ ਰਕਮ ਲੈਂਦੇ ਹਨ[103]।

ਅੱਛੇ ਪ੍ਰਸ਼ਾਸ਼ਨ ਨਾਲ ਖੁਸ਼ਹਾਲੀ ਬਣ ਜਾਂਦੀ ਹੈ। ''ਉਸ ਦੇ ਚੰਗੇ ਰਾਜ ਪ੍ਰਬੰਧ ਤੋਂ ਸਾਰਾ ਇਲਾਕਾ ਪ੍ਰਸੰਨ ਅਤੇ ਰੌਣਕ ਵਾਲਾ ਹੋ ਗਿਆ''[104]। ਮੱਧਕਾਲੀ ਇਤਿਹਾਸਕਾਰ 'ਸ਼ਾਂਤੀ ਖੁਸ਼ਹਾਲੀ' ਅਤੇ 'ਕਾਲ ਵਬਾਵਾਂ' ਦੀ ਅਣਹੋਂਦ ਦੇ ਆਦਰਸ਼ ਉਦਾਲੇ ਰਹੱਸਮਈ ਪ੍ਰਵਾਰ ਬਣਾ ਲੈਂਦਾ ਹੈ[105]। ਪਰ ਅੱਜ ਇਹ ਗੱਲ ਵਿਹਾਰਕ ਪ੍ਰਤੀਤ ਹੁੰਦੀ ਹੈ[106]। ਅਮਨ, ਸੁਰੱਖਿਆ' ਰੌਣਕ ਇੱਕੋ ਗੱਲ ਹੈ[107]। ਇਹੀ ਸਬੰਧ 'ਨਿਆਇ' ਅਤੇ 'ਪ੍ਰਸੰਨ ਆਬਾਦੀ' ਦਾ ਹੈ[108]। ''ਉਪਰੋਕਤ ਤੋਂ ਉਲਟੀ ਗੱਲ ਵੀ ਸਹੀ ਹੈ।... ਦੀ ਬੇਇਨਸਾਫੀ ਤੋਂ ਦੇਸ਼ ਵਿਚ ਵੀਰਾਨੀ ਫੈਲ ਗਈ''[199]। ਸਮਾਜਕ ਗੜਬੜ ਵੀ ਦੁਰਪ੍ਰਸ਼ਾਸਨ ਦਾ ਨਤੀਜਾ ਹੈ। ਬਗ਼ਾਵਤ ਦਾ ਮਤਲਬ ਬਰਬਾਦੀ ਹੈ। ''ਰਾਜਧਰੋਹੀਆਂ ਨੇ ਪਿੰਡ, ਨੱਗਰ, ਡੰਗਰ ਲੁੱਟ ਲਏ। ਪੰਜਾਬ ਵਿਚ ਹਫੜਾ ਦਫੜੀ ਮਚ ਗਈ। ਲੋਕਾ ਦੀ ਹਾਲਤ ਖਰਾਬ ਹੋ ਗਈ''[119]। ਇਸ ਕਰਕੇ ਬਾਦਸ਼ਾਹ ਦੇ ਬਾ-ਰੁਹਬ ਦਮਨ 'ਚ ਨਿਮਕੇ ਰਹਿਣਾ ਲੋਕਾਂ ਦੇ ਹਿਤ ਵਿਚ ਹੈ। 'ਦਬਦਬਾ ਅਤੇ ਪ੍ਰਜਾਪਾਲਨ' ਇੱਕੋ ਚੀਜ਼ ਹੈ[111]। ''ਉਹਨਾਂ ਕੁਕਰਮੀਆਂ ਦੀਆਂ ਲਾਸ਼ਾਂ ਕ਼ਤਾਰਾਂ ਵਿਚ ਦੋਹੀਂ ਪਾਸੀਂ ਫਾਂਸੀਆਂ 'ਤੇ ਲਟਕੀਆਂ ਹੋਈਆਂ ਅਸਮਾਨ ਦੀ ਟੇਢੀ ਚਾਲ ਦਾ ਤਮਾਸ਼ਾ ਵਖਾਉਂਦੀਆਂ ਸਨ''[112]। ਫਾਂਸੀ 'ਤੇ ਲਟਕਦੇ ਬੰਦਿਆਂ ਦੀ ਕ਼ਤਾਰ ਮੱਧਕਾਲੀ ਸੁਖ ਆਨੰਦ ਦਾ ਹਿੰਸਾਮਈ ਚਿੰਨ੍ਹ ਹੈ।

ਸ਼ਾਂਤੀ, ਨਿਆਂ ਅਤੇ ਖੁਸਹਾਲੀ ਮੱਧਕਾਲੀ ਆਦਰਸ਼ ਹਨ ਕਿਉਂਕਿ ਸਮਾਜ ਦੀ ਪਦਾਰਥਕ ਸਥਿਤੀ ਇਹਨਾਂ ਦਾ ਖੰਡਣ ਕਰਦੀ ਸੀ। ਸਮਾਜ ਵਿਚ ਗੜਬੜ ਸਾਧਾਰਨ ਤੱਥ ਸੀ[113]। ਕਈ ਇਲਾਕਿਆਂ ਦੀ ਪਰੰਪਰਾ ਬਗ਼ਾਵਤ ਦੀ ਸੀ। ''ਇੱਥੋਂ ਦੇ ਵਸਨੀਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਕੀ ਹੁੰਦੇ ਹਨ" । "ਫਸਾਦ ਕਰਨਾ ਅਤੇ ਆਕੀ ਪੁਣਾ ਇਹਨਾਂ ਦਾ ਵਿਹਾਰ ਸੀ[114] । ਮਾਰੂਥਲ, ਜੰਗਲ, ਪਹਾੜ, ਦਰਿਆ ਆਦਿ ਭੌਤਿਕ ਵਿਸ਼ੇਸਤਾਈਆਂ ਵਾਲੇ ਥਾਂਉ ਬਗ਼ਾਵਤਾਂ ਦੇ ਘਰ ਹਨ[11] । ਮਹਿਮੰਦ ਕਬੀਲੇ ਦੀ ਤਾਬੇਦਾਰੀ ਅਤੇ ਮਾਮਲੇ ਦੀ ਅਦਾਇਗੀ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਜਾਂਦਾ ਹੈ[116] । "ਕਈ ਥਾਵਾਂ ਦੇ ਵਸਨੀਕ ਤੇ ਕਬੀਲੇ ਆਜ਼ਾਦ ਹਨ" [117] । ਯੁੱਧਨੀਤੀ ਦੀ ਮਹੱਤਾ ਵਾਲੇ ਇਲਾਕੇ 'ਚ ਵਸਦੇ ਕਬੀਲੇ ਨੂੰ ਸ਼ਾਂਤ ਰਖਣ ਲਈ ਸਾਹਿਨਸ਼ਾਹ ਨੂੰ ਰਿਸ਼ਵਤ ਦੇਣੀ ਪੈਂਦੀ ਹੈ[118] । ਵਫ਼ਾਦਾਰੀ ਦੀ ਰਸਮ ਹੈ ਕਿ ਬਗ਼ਾਵਤ ਨੂੰ ਰੋਕਣ ਦਾ ਵਿਅਰਥ ਸਾਧਨ ਸੀ[119] । ਕਾਮਯਾਬ ਮੁਹਿੰਮਾਂ ਤੋਂ ਮਗਰੋਂ ਪ੍ਰਸ਼ਾਸਕਾਂ ਦਾ ਬਗ਼ਾਵਤ ਨੂੰ ਜੀ ਕਰ ਆਉਂਦਾ ਸੀ । "ਦੇਵਗਿਰੀ ਨੂੰ ਜਿੱਤਿਆ । ਉਥੋਂ ਇੰਨਾ ਸਾਮਾਨ ਮਿਲਿਆ ਕਿ ਬਲ ਅਤੇ ਸੱਤਾ ਵਧਦੀ ਰਹੀ...ਇੱਥੋਂ ਤੱਕ ਕਿ ਬਗ਼ਾਵਤ ਦੀਆਂ ਨਸ਼ਾਨੀਆਂ ਪ੍ਰਗਟ ਹੋਣ ਲੱਗੀਆਂ" । "ਇਸ ਵਿਸ਼ਾਲ ਮੁਲਕ ਨੂੰ ਫਤਹਿ ਕਰਕੇ... ਬਗ਼ਾਵਤ ਕਰ ਦਿੱਤੀ"[120] । ਬਾਦਸ਼ਾਹ ਵੱਲੋਂ ਰਾਜਧਾਨੀ ਨੂੰ ਛੱਡਣਾ ਗੜਬੜ ਨੂੰ ਸੱਦਾ ਦੇਣ ਵਾਲੀ ਗੱਲ ਹੈ[121] । ਸੁਜਾਨ ਰਾਏ ਭੰਡਾਰੀ ਬਗ਼ਾਵਤ ਨੂੰ ਮੂਰਖਤਾ ਦੀ ਭਟਕਣ ਦਾ 'ਅਪਰਾਧ' ਕਹਿੰਦਾ ਹੈ[122] । ਕਿਉਂਕਿ ਇਹਦੇ ਨਾਲ ਸਮਾਜ ਵਿਚ ਅਫਰਾ ਤਫਰੀ ਅਤੇ ਬਾਦਸ਼ਾਹ ਵੱਲੋਂ ਕ਼ਤਲਾਮ ਹੋ ਸਕਦਾ ਹੈ । ਰਿਆਸਤ ਦਾ ਬਗਾਵਤ ਬਾਰੇ ਦੁਵੱਲਾ ਰਵੱਯੀਆ ਹੈ ਜਦੋਂ ਮੁਆਫ਼ੀ ਦੇਣ ਨਾਲ ਪੁਨਰ-ਅਪਰਾਧ ਨੂੰ ਸ਼ਹਿ ਮਿਲਦੀ ਹੈ[123] । ਬਾਜਗੁਜ਼ਾਰ ਵੱਲੋਂ ਮਿਥੀ ਰਕ਼ਮ ਭੇਜ ਕੇ ਆਪਣੀ 'ਤਾਬੇਦਾਰੀ' ਦਾ ਸਬੂਤ ਦੇਣਾ ਵਰਨਣਯੋਗ ਹੈ[124] । ਸ਼ਕਤੀਸ਼ਾਲੀ ਬਾਦਸ਼ਾਹੀ ਦੀ ਅਣਹੋਂਦ ਕਾਰਨ ਸਥਾਨਕ ਪ੍ਰਸ਼ਾਸਕ ਸਵਤੰਤਰ ਰਿਆਸਤਾਂ ਬਣਾਉਣ ਲੱਗ ਪੈਂਦੇ ਹਨ । "ਇਸੇ ਦੇ ਹੁੰਦੇ ਹੋਏ ਬਦਅਮਨੀ ਦੀ ਇਹ ਹਾਲਤ ਸੀ ਕਿ ਉਮਰਾ ਥਾਂਉ ਥਾਂਉ ਆਪਣੀ ਸਵਤੰਤਰਤਾ ਦਾ ਨਗਾਰਾ ਵਜਾਉਂਦੇ ਸਨ" । "ਹਰ ਥਾਂ ਉਮਰਾ ਸਤੰਤਰ ਸਨ । ਬਾਦਸ਼ਾਹ ਦਾ ਅਧਿਕਾਰ ਕੇਵਲ ਦਿੱਲੀ ਅਤੇ ਬਦਾਯੂੰ ਉੱਤੇ ਹੀ ਸੀ"[125] । ਅਜਿਹੀ ਅਵਸਥਾ ਹੋ ਜਾਂਦੀ ਹੈ ਕਿ "ਰਾਜਧਾਨੀ ਦੇ ਨੇੜੇ ਰਹਿਣ ਵਾਲੇ ਅਫ਼ਸਰ ਤਕ ਰਾਜਧਰੋਹੀ ਅਤੇ ਸੁਤੰਤਰ ਹੋ ਗਏ"[126] । ਬਾਦਸ਼ਾਹ ਦੀ ਮੌਤ ਬਦਅਮਨੀ ਦਾ ਮੁੱਢ ਹੋ ਸਕਦੀ ਹੈ । "ਮੁਹੰਮਦ ਸ਼ਾਹ ਦੇ ਮਰਨ 'ਤੇ ਉਹ ਬਦਇੰਤਜ਼ਾਮੀ ਫੈਲੀ ਕਿ ਜਿਹੜਾ ਅਫਸਰ ਜਿੱਥੇ ਸੀ ਉੱਥੇ ਹੀ ਸੁਤੰਤਰ ਹੋ ਗਿਆ"[127] । ਸਿਆਸੀ ਦੂਰਅੰਦੇਸ਼ੀ ਜਾਂ ਬਾਦਸ਼ਾਹ ਦੀ ਮਨ ਮੌਜ ਕਾਰਨ ਪਰਾਜਿਤ ਨੂੰ ਮੜ ਰਾਜ ਮਿਲ ਜਾਂਦਾ ਹੈ[128] । ਇਸ ਕਰਕੇ ਇਹ ਠੀਕ ਹੈ ਕਿ ਅਸੀਂ ਮੱਧਕਾਲੀ ਸਮਾਜ ਨੂੰ ਸ਼ਾਂਤੀ ਅਤੇ ਲੜਾਈ ਦਾ ਨਿਰੰਤਰੰਮ (continuum) ਸਮਝੀਏ ਜਿਹੜਾ ਖੇਤ੍ਰੀ ਅਤੇ ਪ੍ਰਸ਼ਾਸਨੀ ਪਦਵੰਡ (hierarchy) ਵਿਚ ਫੈਲਿਆ ਹੋਇਆ ਹੈ[129] ।

ਸ਼ਾਂਤੀ, ਨਿਆਂ ਅਤੇ ਖੁਸ਼ਹਾਲੀ ਲਿਆਉਣ ਦੀ ਇੱਕੋ ਇੱਕ ਸੰਸਥਾ ਸ਼ਾਹੀ ਪ੍ਰਸ਼ਾਸਨ ਸੀ । ਪਰ ਇਹ ਆਪ ਮੱਧਕਾਲੀ ਰੋਗ ਹਿੰਸਾ ਦਾ ਸ਼ਿਕਾਰ ਸੀ । ਸ਼ਾਇਦ ਹਿੰਸਾ ਹੀ ਇੱਕੋ ਇਕ ਸਮਕਾਲੀ ਲਾਭਵੰਦ ਉਦਯੋਗ ਸੀ । ਇਹ ਠੀਕ ਹੈ ਕਿ ਪ੍ਰਸ਼ਾਸਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਕਾਰ ਖੇਤਰ ਸਨ ਅਤੇ ਪਦਵੰਤਵੇਂ ਅਹੁਦੇ ਸਨ[130]। ਪ੍ਰਸ਼ਾਸਨ ਨੂੰ ਦੇਸ ਦੀ ਕਿਸੇ ਹੋਰ ਸੰਸਥਾ ਨਾਲੋਂ ਵਧੇਰੇ ਵਿਵਹਾਰਕ ਸੂਝ ਸੀ। ਇਹਦਾ ਧਿਆਨ ਲੋਕਾਂ ਦੀਆਂ ਬੋਲੀਆਂ[131] ਅਤੇ ਕ਼ਬੀਲਿਆਂ ਵਲ ਜਾਂਦਾ ਸੀ[132]। ਹੋਰ ਕੋਈ ਗਿਣਤੀ-ਮਿਣਤੀ ਇੰਨੀ ਠੀਕ ਨਹੀਂ ਜਿੰਨੀ ਕਿ ਮਾਲੀਏ ਦੀ ਵਸੂਲੀ ਦੀ ਹੈ। ਪ੍ਰਸ਼ਾਸਨ ਨੂੰ ਸਥਾਨਾਂ ਵਿਚਕਾਰ ਫ਼ਾਸਲਿਆਂ ਦੀ ਪੈਦਾਇਸ਼ ਦਾ ਫਿਕਰ ਸੀ ਅਤੇ ਬੰਦਰਗਾਹਾਂ ਸਿੱਧੀਆਂ ਬਾਦਸ਼ਾਹ ਦੇ ਅਧੀਨ ਸਨ[133]। ਜ਼ਮਾਨਾ ਸਿਆਸੀ ਨੂੰ ਮਾਲੀ ਨਾਲ ਬਰੈਕਟ ਕਰਦਾ ਸੀ[134]। ਅਰਥਾਤ ਰਾਜਨੀਤਕ ਯੋਗਤਾ ਮਾਲੀਏ ਦੀ ਵਸੂਲੀ ਵਿਚ ਹੋਸ਼ਿਆਰੀ ਵਰਤਣ 'ਚ ਸੀ। ਪ੍ਰਸ਼ਾਸਨ ਨੂੰ ਅਜੋਕੀ ਨੌਕਰਸ਼ਾਹੀ ਦਾ ਢਾਂਚਾ ਕਹਿਣਾ ਠੀਕ ਨਹੀਂ ਹੋਵੇਗਾ। ਕਈ ਵਾਰ ਹੈਰਾਨੀ ਪ੍ਰਗਟ ਕੀਤੀ ਜਾਂਦੀ ਹੈ ਕਿ ਬਾਦਸ਼ਾਹ ਦੇ ਹੁਕਮ ਦੀ ਤਾਮੀਲ ਹੋ ਗਈ[135]। ਸਫਾਰਸ਼ ਨੌਕਰਸ਼ਾਹੀ ਦਾ ਪ੍ਰਵਾਨਤ ਲੀਵਰ ਸੀ[136]। ਪ੍ਰਸ਼ਾਸਨ ਖੁਦ ਆਪਣੇ ਸ਼ਾਂਤੀ, ਨਿਆਂ ਅਤੇ ਖੁਸ਼ਹਾਲੀ ਦੇ ਆਦਰਸ਼ਾਂ ਦੇ ਉਲਟ ਚਲ ਜਾਂਦਾ ਸੀ। ਇਹ ਆਪਣੀ ਪਾਲੀਸੀਆਂ ਕਾਰਨ ਕ੍ਰਿਸ਼ੀ ਨੂੰ ਤਬਾਹ[137] ਅਤੇ ਜ਼ੁਲਮ ਦੇ ਮਾਰੇ ਭੱਜੇ ਜਾਂਦਾ ਕ੍ਰਿਸਾਨਾਂ ਨੂੰ ਕਤਲ ਕਰ ਸਕਦਾ ਸੀ[138]। ਵਿਅਕਤੀਆਂ ਦੀ ਲੁੱਟਣ ਦੀ ਅਤੇ ਰਾਜ ਕਰਨ ਦੀ ਆਦਤ ਸੀ[139]। ਕੁੱਝ ਵੱਡੇ ਪ੍ਰਸ਼ਾਸਕਾਂ ਦਾ ਸੁਭਾਉ ਗੜਬੜ ਵਾਲਾ ਸੀ "ਉਸ ਨੂੰ ਵਧਕੇ ਮਨਸਬ ਅਤੇ ਬੰਗਾਲ ਦੇ ਸੂਬੇ ਵਿਚ ਜਾਗੀਰ ਮਿਲੀ ਪਰ ਫਸਾਦ ਕਰਨਾ ਅਤੇ ਰੌਲਾ ਰੱਪਾ ਪਾਉਣਾ ਉਸਦੇ ਸੁਭਾਉ ਵਿਚ ਸੀ।" ਉਹ ਹੱਜ ਦੀ ਯਾਤਰਾ ਨੂੰ ਛੱਡ ਕੇ ਰਾਹ 'ਚੋਂ ਹੀ ਮੁੜ ਆਇਆ ਅਤੇ ਭਟਕੇ ਹੋਏ ਬਾਗ਼ੀਆਂ ਨਾਲ ਰਲ ਗਿਆ"[140]। ਪ੍ਰਸ਼ਾਸਨ ਦੇ ਵੱਡੇ ਆਹੁਦੇਦਾਰਾਂ ਦਾ 'ਹਿੰਸਾ ਦਾ ਹਲਕਾ' ਹੈ ਜਿਹੜਾ ਘਰੋਗੀ ਖ਼ੂੰਨਰੇਜ਼ੀ ਨਾਲ ਬਾਦਸ਼ਾਹ ਨੂੰ ਵੀ ਲਹੂ ਦੀ ਮੰਝਧਾਰ 'ਚ ਖਿੱਚ ਲੈਂਦਾ ਹੈ[141]। ਕਿਲੇ ਦੀ ਭਵਨਕਲਾ ਸਮਾਜੀ ਹਿੰਸਾ ਦਾ ਖੇਤ੍ਰੀ ਅਤੇ ਪਦਵੰਡਵਾਂ ਪ੍ਰਗਟਾਵ ਹੈ। "ਬੜਾ ਮਜ਼ਬੂਤ ਪੱਕਾ ਕਿਲਾ... ਜਿਸ ਨੂੰ ਵੇਖ ਕੇ ਬਾਗ਼ੀਆਂ ਅਤ ਰਾਜਧਰੋਹੀਆਂ ਨੂੰ ਡਰ ਆਉਂਦਾ ਸੀ"[142]। ਮੱਧਕਾਲੀ ਇਤਿਹਾਸ ਰਾਜ ਨੂੰ ਹੜਪ ਕਰਨ ਵਾਲਿਆਂ ਨਾਲ ਭਰਿਆ ਪਿਆ ਹੈ। ਸੁਜਾਨ ਰਾਏ ਭੰਡਾਰੀ ਰਾਜ-ਹੜੱਪਣ ਦੀ ਨਿਸ਼ਾਨਦਹੀ ਕਰਦਾ ਹੈ ਜਿਹੜੀ ਪ੍ਰਸ਼ਾਸਕੀ ਅਧਿਕਾਰਾਂ ਨੂੰ ਬੇਜਾ ਵਧਾਉਣ ਤੋਂ ਸ਼ੁਰੂ ਹੁੰਦੀ ਹੈ ਅਤੇ ਸੱਤਾ ਦੀ ਦੋਗਲੀ ਵਰਤੋਂ ਕਰਦਿਆਂ ਅੰਤ ਨੂੰ ਰਾਜਹੜੱਪ ਕਰ ਲੈਂਦੀ ਹੈ। "ਇਤਬਾਰ ਜਮਾ ਕੇ ਫੌਜ ਅਤੇ ਪਰਜਾ ਨੂੰ ਆਪਣੇ ਵਲ ਕਰ ਲਿਆ... ਪਰਗਨਿਆਂ ਉੱਤੇ ਰਾਜੇ ਦੇ ਨੌਕਰਾਂ ਨੂੰ ਆਪਣੇ ਨਾਲ ਮਿਲਾ ਕੇ ਨਿੱਤ ਤਾਕਤ ਵਧਾਉਣ ਲੱਗਾ। ਰਾਜਾ ਬੇਵਸ ਮਜਬੂਰੀ ਦੀ ਹਾਲਤ ਵਿਚ ਕੁਦਰਤੀ ਮੌਤ ਮਰ ਗਿਆ"[143]। ਜਦੋਂ ਬਾਗ਼ੀਆਂ ਨੂੰ ਮੁਆਫੀ ਦੇਕੇ ਮੁੜ ਪ੍ਰਸ਼ਾਸਨ 'ਚ ਸਥਾਪਿਤ ਕਰ ਦਿੱਤਾ ਜਾਂਦਾ ਹੈ ਤਾਂ ਤਸਵੀਰ ਹੋਰ ਵੀ ਗੰਧਲੀ ਹੋ ਜਾਂਦੀ ਹੈ[144]। ਪ੍ਰਸ਼ਾਸਕਾਂ ਦੀ ਧੜੇਬੰਦੀ ਸਾਧਾਰਨ ਹੀ ਹਿੰਸਾ 'ਤੇ ਉੱਤਰ ਆਉਂਦੀ ਹੈ[145]। ਪ੍ਰਸ਼ਾਸਕੀ ਪਦਵੀਆਂ ਇੰਨੀਆਂ ਨਿੱਜੀ ਹਨ ਕਿ ਬੰਦਾ ਆਪਣੇ ਨਾਇਬ ਨੂੰ ਖ਼ੁਦ ਮੁਕੱਰਰ ਕਰ ਲੈਂਦਾ ਸੀ[146] 'ਉਸ ਨੂੰ ਆਸਫ ਖਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਾ ਖ਼ਿਤਾਬ ਮਿਲਿਆ। ਵੱਖ ਵੱਖ ਰਿਸ਼ਤੇਦਾਰ ਅਤੇ ਸਬੰਧੀ ਬੜੇ ਅਹੁਦਿਆਂ ਉਤੇ ਨਿਯੁਕਤ ਹੋਏ। ਸਗੋਂ ਦਾਸ ਅਤੇ ਘਰੋਗੀ ਨੌਕਰਾਂ ਨੇ ਵੀ 'ਖਾਨ' ਦੇ ਖ਼ਿਤਾਬ ਪ੍ਰਾਪਤ ਕਰਕੇ ਪ੍ਰਸਿੱਧੀ ਪ੍ਰਾਪਤ ਕੀਤੀ"[147] ਅਰਥਾਤ ਪ੍ਰਸ਼ਾਸਨ ਨੂੰ ਆਪਣੇ ਬੰਦਿਆਂ ਨਾਲ ਭਰਨਾ ਕੋਈ ਉਜ਼ਰ ਵਾਲੀ ਗੱਲ ਨਹੀਂ ਸੀ। ਪੂਰਨ ਤੌਰ 'ਤੇ ਵਫ਼ਾਦਾਰ ਅਮੀਰ ਨੂੰ ਹੀ ਸੂਬੇਦਾਰ ਬਣਾਇਆ ਜਾਂਦਾ ਸੀ ਅਤੇ ਦਰਬਾਰ 'ਚ ਹਾਜ਼ਰ ਹੋਣ ਦਾ ਹੁਕਮ ਬਾਦਸ਼ਾਹੀ ਨਾਰਾਜ਼ਗੀ ਦਾ ਚਿੰਨ੍ਹ ਸੀ[148]। ਪ੍ਰਸ਼ਾਸਕੀ ਈਮਾਨਦਾਰੀ ਦਾ ਪੱਧਰ ਇੰਨਾ ਨੀਵਾਂ ਸੀ ਕਿ ਅਹੁਦੇਦਾਰ ਤੋਂ ਹਿਸਾਬ ਕਿਤਾਬ ਮੰਗਣਾ ਸਜ਼ਾ ਸਮਝੀ ਜਾਂਦੀ ਸੀ। "ਸਰਕਾਰ ਦੀ ਜਿੰਨੀ ਵੀ ਰਕਮ ਉਸ ਦੇ ਜ਼ਿੰਮੇ ਹੋਵੇ (ਅਫ਼ਸਰਾਂ ਦੀ ਜਾਗੀਰਾਂ 'ਚੋਂ ਧੱਕੇ ਨਾਲ ਖੋਹੀਆਂ ਰਕਮਾਂ) ਸ਼ਾਹੀ ਖ਼ਜ਼ਾਨੇ ਵਿਚ ਜਮਾ ਕਰੇ"[149]। ਵਫ਼ਾਦਾਰੀ ਕੋਈ ਨਾਯਾਬ ਕਮਜ਼ੋਰੀ ਸੀ[150]। ਮੱਧਕਾਲੀ ਸਮਾਜਤੰਤਰ ਵਿਚ ਸ਼ੱਕ ਦੀ ਇੰਨੀ ਭਰਮਾਰ ਸੀ[151] ਕਿ ਇਸ ਦੀ ਤੁਲਨਾ ਕੇਵਲ ਪਰਾਪ੍ਰਕਿਰਤਕ 'ਚ ਵਿਸ਼ਵਾਸ਼ ਨਾਲ ਹੀ ਕੀਤੀ ਜਾ ਸਕਦੀ ਹੈ। ਜਾਨਸ਼ੀਨੀ ਸਮੇਂ ਤਕਰੀਬਨ ਪ੍ਰਸਾਸ਼ਕੀ ਖਾਨਾ ਜੰਗੀ ਸ਼ੁਰੂ ਹੋ ਜਾਂਦੀ ਸੀ[152] 'ਹਿੰਸਾ ਦੇ ਹਲਕੇ' ਅਰਥਾਤ ਪ੍ਰਸ਼ਾਸਕ ਦੇ ਵਿਸ਼ੇਸ਼ ਵਰਗ ਦਾ ਪ੍ਰਕਿਰਤੀਮੰਡਲ ਹੀ ਐਸਾ ਸੀ ਕਿ ਇਸ ਵਿਚ ਆਪਸੀ ਕਟਾ ਵੱਢੀ ਦੀ ਲੋੜ ਸੀ ਤਾਂ ਜੋ ਹਰ ਨਵੇਂ ਉੱਤਰ-ਅਧਿਕਾਰੀ ਦੇ ਆਉਣ ਨਾਲ ਉਮਰਾਂ ਦੀ ਹੋਰ ਵੀ ਸਮਾਜਿਕ ਉਦਗਤੀ (social mobility) ਹੋ ਜਾਵੇ[153]। ਇਹ ਕੈਪਿੱਲਰੀ ਕਰਮ (capillary action) ਸਮਾਨ ਪ੍ਰਤੀਤ ਹੁੰਦੀ ਹੈ ਕਿ ਪ੍ਰਸ਼ਾਸਨੀ ਖ਼ੂੰਨਰੇਜ਼ੀ ਹਰ ਨੀਮ-ਸੁਲਤਾਨ ਨੂੰ ਹੋਰ ਉੱਚਾ ਖਿੱਚੀ ਜਾਂਦੀ ਹੈ।

ਮੱਧਕਾਲੀ ਪ੍ਰਸ਼ਾਸਕ ਦਾ ਵਿਅਕਤੀ ਸਬੰਧ (nexus) ਜਦੋਂ ਫ਼ੌਜ ਵਿਚ ਪ੍ਰਵੇਸ਼ ਕਰਦਾ ਹੈ ਤਾਂ ਅਰਾਜਕਤਾ ਦੀ ਸਥਿਤੀ ਬਣ ਜਾਂਦੀ ਹੈ। ਮੱਧਕਾਲੀ ਹਿੰਸਾ ਦਾ ਅਸਲੀ ਚਿਹਰਾ ਫ਼ੌਜ ਦੇ ਮੁਹਾਂਦਰੇ 'ਚੋਂ ਨਜ਼ਰ ਆ ਜਾਂਦਾ ਹੈ। ਫ਼ੌਜ ਇੰਨੀ ਲੁੱਟ ਮਾਰ ਕਰ ਸਕਦੀ ਹੈ ਇਹਨੂੰ ਸਾਲ ਭਰ ਤਨਖਾਹ ਲੈਣੀ ਵਿਸਰ ਜਾਂਦੀ ਹੈ। "ਸ਼ਾਹੀ ਫ਼ੌਜ ਨੇ ਰੁਪਏ ਜਿਨਸ ਖਜ਼ਾਨਾ ਇੰਨਾ ਲੁੱਟਿਆ ਕਿ ਉਹ ਸਾਲ ਭਰ ਦੀ ਤਨਖਾਹ ਤੋਂ ਬੇਪਰਵਾਹ ਹੋ ਗਏ"। "ਅਮਿੱਤ ਲੁੱਟ ਦਾ ਮਾਲ ਪ੍ਰਾਪਤ ਹੋਇਆ"[154]। ਲੁੱਟ ਵਿਚ "ਚੰਦਰ ਮੁਖੀ ਇਸਤਰੀਆਂ ਅਤੇ ਨਾਚੀਆਂ" ਵੀ ਆਉਂਦੀਆਂ ਹਨ[155]। ਦਿੱਲੀ ਦੀ ਲੁੱਟ ਵਿਚ ਤੈਮੂਰ ਦੇ ਅਦਨਾ ਤੋਂ ਅਦਨਾ ਸਪਾਹੀ ਦੇ ਹਿੱਸੇ "ਡੇਢ ਸੌ ਆਦਮੀ... ਅਤੇ ਵੀਹ ਗੁਲਾਮ ਆਏ"[156]। ਫ਼ੌਜ ਕੋਈ ਅਨੁਸ਼ਾਸਨ ਵਾਲੀ ਸਿਪਾਹ ਨਹੀਂ ਸੀ। 'ਕਾਬੁਲ ਵਿਚ ਰਾਜਪੂਤਾਂ ਨੇ ਸ਼ਾਹੀ ਕਾਰਿੰਦੇ ਦੀ ਹੱਤਿਆ ਕਰ ਦਿੱਤੀ। ਸਾਰੇ ਕਾਰਿੰਦੇ ਇਕੱਠੇ ਹੋਕੇ ਰਾਜਪੂਤਾਂ 'ਤੇ ਟੁੱਟ ਪਏ ਅਤੇ ਲਗਭਗ ਅੱਠ ਸੌ ਰਾਜਪੂਤ" ਮਾਰੇ ਗਏ[157]। "ਜੇਤੂ ਫ਼ੌਜ ਪੜਾਉ ਕਰਦੀ ਕਰਦੀ ਦਿੱਲੀ ਪਹੁੰਚੀ। ਰਾਹ ਵਿਚ ਜਿਹੜਾ ਵੀ ਆਦਮੀ ਮਿਲਿਆ ਉਸ ਨੂੰ ਕਤਲ ਕਰ ਦਿੱਤਾ। ਹਜ਼ਾਰਾਂ ਆਦਮੀ ਕੈਦੀ ਹੋਏ ਆ ਰਹੇ ਸਨ"[158]। ਸ਼ੇਰ ਸ਼ਾਹ ਦੇ ਆਦਮੀਆਂ ਨੇ ਲੜਾਈ ਵਿਚ ਮੁਗਲਾਂ ਦੀ ਟੋਲੀ ਫੜ ਲਈ (ਜਿਹੜੇ) ਹੁਣ ਗਵਾਲੀਅਰ ਦੇ ਕਿਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਮੁਰੰਮਤ ਲਈ ਮਿੱਟੀ ਪੱਟ ਰਹੇ ਸਨ''[159]। ਬਪਾਰੀ ਫ਼ੌਜ ਦੇ ਨਾਲ ਚਲਦੇ ਸਨ[160]। ਫ਼ੌਜ ਨੂੰ ਸਮੇਂ ਅਨੁਸਾਰ ਤਨਖ਼ਾਹ ਨਹੀਂ ਮਿਲਦੀ ਸੀ ਜਿਸ ਦਾ ਅਸਰ ਉਹਦੀ ਚੜ੍ਹਦੀ ਕਲਾ 'ਤੇ ਪੈਂਦਾ ਸੀ, "ਜਿਸ ਸਪਾਹੀ ਨੂੰ ਤਨਖਾਹ ਨਾ ਮਿਲਦੀ ਹੋਵੇ ਉਹ ਰਣਖੇਤਰ ਵਿਚ ਸੁਆਹ ਬਹਾਦਰੀ ਵਿਖਾਵੇਗਾ''[161]। ਲੁੱਟ ਮਾਰ ਕਰਦੀ ਫੌਜ ਜਿਉਂ ਜਿਉਂ ਅੱਗੇ ਵਧਦੀ ਹੈ ਤਿਉਂ ਤਿਉਂ ਤਕੜੀ ਹੁੰਦੀ ਜਾਂਦੀ ਹੈ। 'ਲੁੱਟ...ਮਾਲ...ਸੱਤਾ ਵਧਣ ਕਾਰਨ ਫ਼ੌਜ਼ ਵੀ ਵਧ ਗਈ''[162] ਪੰਜਾਬੀ ਵਿਚ 'ਵਹੀਰ' ਦਾ ਮਤਲਬ ਉਹ ਬੰਦੇ ਹਨ ਜਿਹੜੇ ਲੁੱਟ ਦੇ ਲਾਲਚ ਨੂੰ ਫ਼ੌਜ ਮਗਰ ਲੱਗ ਜਾਂਦੇ ਸੀ। "ਅੱਠ ਹਜ਼ਾਰ ਸਵਾਰ ਅਤੇ ਪੈਦਲ ਸਪਾਹੀਆਂ ਨੇ...ਦਿੱਲੀ ਵੱਲ ਮੂੰਹ ਕੀਤਾ। ਦਿੱਲੀ ਪਹੁੰਚਦੇ ਪਹੁੰਚਦੇ ਸਵਾਰਾਂ ਦੀ ਗਿਣਤੀ ਪੰਜਾਹ ਹਜ਼ਾਰ ਹੋ ਗਈ। ਇਹ ਸਾਰੇ ਨਾਤਜ਼ਰਬੇਕਾਰ ਜ਼ਮੀਂਦਾਰ, ਗੁੰਡੇ ਲੁਟੇਰੇ ਸਨ (ਅਤੇ) ਪਹਿਲੇ ਹੀ ਹੱਲੇ ਵਿਚ ਭੱਜ ਗਏ''[163]। ਸਿਪਾਹੀਆਂ ਤੋਂ ਬਲਦਾਂ ਦਾ ਕੰਮ ਲਿਆ ਜਾ ਸਕਦਾ ਸੀ। ਤੋਪਖਾਨੇ ਦੇ ਬਲਦ ਦੂਰ ਇਲਾਕੇ ਵਿਚ ਚੁਗਣ ਲਈ ਗਏ ਸਨ। ਇਸਲਾਮ ਸ਼ਾਹ ਨੇ ਤੋਪ ਗੱਡੀਆਂ ਨੂੰ ਖਿੱਚਣ ਲਈ ਆਦਮੀਆਂ ਨੂੰ ਜੋਤ ਦਿੱਤਾ''[164]। ਫ਼ੌਜ ਦੀ ਤ੍ਰਿਣ, ਦਾਣਾ, ਵਾਹਨਾਂ ਦੇ ਪਸ਼ੂਆਂ ਅਤੇ ਤੰਬੂਆਂ ਦੀ ਸਪਲਾਈ ਅਕਸਰ ਨਾਜ਼ਕ ਰਹਿੰਦੀ ਸੀ[165]। ਜੇ ਕਿਲੇ 'ਚ ਘਿਰੇ ਆਦਮੀ ਰਾਸ਼ਨ ਦੇ ਘਾਟੇ ਦੇ ਦੁੱਖੋਂ ਪਲੇਗ ਨਾਲ ਮਰਦੇ ਤਾਂ ਪ੍ਰਾਰਥਨਾ ਕਰਨ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ ਸੀ[166]। ਫ਼ੌਜ ਦੀ ਹਰਕਤ ਖਲਤ ਮਲਤ ਹੁੰਦੀ ਸੀ ਅਤੇ ਕਈ ਵਾਰ ਅਣਜਾਣੀ ਵਿਰੋਧਤਾ ਕਾਰਨ ਬਹੁਤ ਦੇਰ ਰੁਕੀ ਰਹਿੰਦੀ[167]। ਕਈ ਵਾਰ ਫ਼ੌਜ਼ ਦਾ ਮੁਖੀ ਅੱਗੇ ਵਧਦਾ ਆਪਣੀ ਜਾਗੀਰ ਦਾ ਰੁੱਖ ਕਰਦਾ ਕਿਉਂ ਜੋ ਉਥੋਂ ਸਾਜ-ਉ-ਸਮਾਨ ਇਕੱਠਾ ਕਰਨਾ ਸੌਖਾ ਹੁੰਦਾ ਹੈ ਅਤੇ ਫ਼ੌਜੀ ਪ੍ਰਬੰਧਾਵਲੀ (logistics) ਬਦਲ ਜਾਂਦੀ ਹੈ।...ਨੇ ਸਲਾਹ ਦਿੱਤੀ ਕਿ ਮੇਰੀ ਜਾਗੀਰ ਕਾਬੁਲ ਦੇ ਰਾਹ ਵਿਚ ਹੈ ਉਥੋਂ ਸਮਾਨ ਤਿਆਰ ਕਰਕੇ ਕਾਬੁਲ ਜਾਣਾ ਚੰਗਾ ਹੋਵੇਗਾ''[168]। ਮੌਸਮ ਦੀ ਖ਼ਰਾਬੀ ਕਾਰਨ ਫ਼ੌਜ਼ ਤਬਾਹ ਹੋ ਸਕਦੀ ਹੈ[169]। ਮੁਹਿੰਮ ਵੰਡਵੀ ਕਮਾਨ ਸਦਕੇ ਫੇਲ ਹੋ ਜਾਂਦੀ ਹੈ। 'ਜ਼ੈਨ ਖਾਂ ਅਤੇ ਰਾਜਾ ਬੀਰਬਲ ਵਿਚ ਅਜਿਹਾ ਵਿਰੋਧ ਹੋਇਆ ਕਿ (ਗੱਲ) ਵੈਰ ਤੱਕ ਪਹੁੰਚ ਗਈ...ਪਠਾਣਾਂ ਨੇ ਫ਼ੌਜ਼ ਦੀ ਬੇਇੰਤਜ਼ਾਮੀ ਆਪੋ ਧਾਪੀ ਵੇਖ ਕੇ ਚਾਰੇ ਪਾਸਿਆਂ ਤੋਂ ਘੇਰਾ ਪਾ ਲਿਆ''[170]। ਕਾਮਯਾਬ ਜਰਨੈਲ ਮੁਲਕ 'ਤੇ ਅੰਦਰੂਨੀ ਹਮਲਾ ਕਰ ਦਿੰਦਾ ਹੈ[171]। ਘਮਸਾਨ ਲੜਾਈ ਹੁੰਦਿਆਂ ਵੀ ਧਰੋਹ ਦਾ ਕਾਰੋਬਾਰ ਸ਼ੁਰੂ ਰਹਿੰਦਾ ਹੈ। "ਰਾਤ ਦੇ ਪਿਛਲੇ ਪਹਿਰ ਮਹਾਰਾਜਾ ਜਸਵੰਤ ਸਿੰਘ ਝਗੜਾ ਫਸਾਦ ਕਰਨ ਲਈ ਮੈਦਾਨ ਤੋਂ ਨੱਸਿਆ ਅਤੇ ਰਾਜਪੂਤਾਂ ਦੀ ਸਾਰੀ ਫ਼ੌਜ਼ ਲੈ ਕੇ ਨੱਸ ਗਿਆ ਜਿਹੜੀ ਸੱਜੀ ਬਾਹੀ 'ਤੇ ਨਿਯੁਕਤ ਸੀ। ਵੈਰੀ ਥੋੜੇ ਹੀ ਅੱਗੇ ਵਧੇ ਹੋਣਗੇ ਕਿ ਕੁਝ ਸਰਦਾਰ..ਸ਼ਾਹਜ਼ਾਦਾ ਸ਼ੁਜਾਅ ਦਾ ਸਾਥ ਛੱਡ ਕੇ ਸੰਸਾਰ ਦੇ ਬਾਦਸ਼ਾਹ ਦੀ ਫ਼ੌਜ਼ ਨਾਲ ਮਿਲ ਗਏ''[172]। ਹਾਰੀ ਲੜਾਈ "ਸੋਨੇ ਦੀ ਖੁਲ੍ਹਦਿਲੀ ਜੁਗਤ" ਨਾਲ ਜਿੱਤ ਵਿਚ ਬਦਲ ਜਾਂਦੀ ਹੈ[173]। ਲੜਾਈ ਵਿਚ ਬੇ-ਹਥਿਆਰ ਆਦਮੀ ਵੀ ਹੁੰਦੇ ਸਨ[174]। ਸੈਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਸੰਸਥਾ ਅਜਿਹੀ ਸੀ ਕਿ ਇਹ ਜੰਗ ਉ ਅਮਨ ਦੇ ਨਿਰੰਤਰਮ[175] 'ਚ ਆਪਣੇ ਆਪ ਨੂੰ ਕਾਇਮ ਰੱਖਦੀ ਦੇਸ਼ ਬਿਦੇਸ਼ 'ਚ ਤੁਰੀ ਫਿਰਦੀ ਸੀ[176]। ਸਹਿਜ਼ਾਦਿਆਂ, ਬਾਗ਼ੀਆਂ, ਹਥਿਆਰਬੰਦ ਆਦਮੀਆਂ ਦੇ ਆਗੂਆਂ ਦੀ ਬਰਾਉਨੀ (Brownian movement) ਹਲਚਲ ਜਿਹੀ ਆਵਾਜਾਈ ਸੀ ਜਿਹੜੀ ਵਫ਼ਾਦਾਰੀ ਦੀਆਂ ਹੱਦਾਂ ਨੂੰ ਉਲੰਘਦੀ ਰਹਿੰਦੀ ਸੀ।

ਯੁੱਧਨੀਤੀ ਵਿਚ ਅਲੋਕਾਰ ਦੀ ਸਹਾਇਤਾ ਲੈਣੀ ਸਿਆਣਪ ਸਮਝੀ ਜਾਂਦੀ ਸੀ। "ਰਣਖੇਤਰ ਨੇੜੇ ਸੋਮਾ ਸੀ ਜਿਸ ਵਿਚ ਗੰਦ ਪੈਣ 'ਤੇ ਬਰਫਬਾਰੀ ਸ਼ੁਰੂ ਹੋ ਜਾਂਦੀ ਸੀ... ਉਸਨੇ ਹੁਕਮ ਦਿੱਤਾ ਕਿ ਇਸ ਵਿਚ ਪੇਸ਼ਾਬ ਕਰ ਦਿਓ। ਤੁਰਤ ਹੀ ਬੱਦਲ ਝੱਖੜ ਬਿਜਲੀ ਕੜਕੜਣ ਲੱਗੀ ਅਤੇ ਹਿੰਦੋਸਤਾਨੀਆਂ ਦੇ ਹੱਥ ਪੈਰ ਜੰਮ ਗਏ"[177]। ਦੁਸ਼ਮਣ ਦੇ ਕੈਂਪ ਵਿਚ ਸ਼ੱਕ ਪਾਉਣ ਵਾਲੀਆਂ ਝੂਠੀਆਂ ਚਿੱਠੀਆਂ ਸਿੱਟਣੀਆਂ ਵੀ ਫ਼ੌਜੀ ਜੁਗਤ ਸੀ[178] ਇੱਥੋਂ ਤਕ ਕਿ ਮਤੀਹ ਹੋਣ ਦੀ ਪੇਸ਼ਕਸ਼ ਦੀ ਵੀ ਬੇਇਤਬਾਰੀ ਰਹਿੰਦੀ ਹੈ[179]। ਜੰਗ ਵਿਚ ਜਿੱਤ ਤਾਂ ਕੀ ਇਸਤਰੀ ਦਾ ਸਤਿ ਵੀ ਰੱਬ ਆਸਰੇ ਹੈ[180]। ਵਫਾਦਾਰੀ ਅਤੇ ਸਮਤਾ (indentification) ਦੀ ਅਣਹੋਂਦ ਕਾਰਨ ਫ਼ੌਜ਼ ਦੀ ਢਹਿੰਦੀ ਚੜ੍ਹਦੀ ਕਲਾ ਦੀ ਗੱਲ ਕਰਨੀ ਯੋਗ ਨਹੀਂ।

ਮੱਧਕਾਲੀ ਯਥਾਰਥ ਦਾ ਦ੍ਰਿਸ਼ਟਮਾਨ ਅਨਿਕਸਾਰ ਗੜਬੜ ਦੀ ਸਥਿਤੀ ਦਾ ਹੈ ਜਿਸਨੂੰ ਸ਼ਾਂਤੀ, ਨਿਆਂ ਖੁਸ਼ਹਾਲੀ ਦਾ ਝੂਠਾ ਮੂਠਾ ਆਦਰਸ਼ ਬੰਨ੍ਹਕੇ ਰੱਖਦਾ ਹੈ[181]। ਕਿਸੇ ਧਿਰ-ਸਹਿਤ ਪਰਿਵਰਤਨ ਦੀ ਕੋਈ ਸੋਝੀ ਨਹੀਂ ਸੀ। ਦ੍ਰਿਸ਼ਟਮਾਨ ਪਿੱਛੇ ਕਿਸੇ ਗੁੱਝੀ ਪ੍ਰਕਿਰਿਆ ਨੂੰ ਝੱਟ ਪਰਾਪ੍ਰਕਿਰਤਕ ਨਾਲ ਜੋੜ ਦੇਣਾ ਸੁਭਾਵਕ ਸੀ। ਅਦਬ ਅਦਾਬ, ਖਾਸਕਰ ਅਧੀਨਗੀ ਦੇ ਸ਼ਿਸ਼ਟਾਚਾਰ ਦਾ ਜ਼ਿਆਦਾ ਮਹੱਤਵ ਸੀ ਪਰ ਬਾਦਸ਼ਾਹ ਦੀ ਨੀਤੀ 'ਤੇ ਯੋਗ ਕਾਰਗੁਜ਼ਾਰੀ ਦਾ ਘਟ ਖਿਆਲ ਸੀ[182]। ਸਮਕਾਲੀ ਸੌਂਦਰਯ ਅਨੁਸਾਰ ਕਲਾ ਪ੍ਰਕਿਰਤੀ ਨਾਲੋਂ ਵਧੇਰੇ ਸਮੁੱਲ ਹੈ। "ਪਤਝੜ ਦੀ ਰੁੱਤ ਸੀ ਪਰ ਬਾਗ਼ 'ਤੇ ਨਵੇਂ ਸਾਲ ਦੀ ਬਹਾਰ ਸੀ... ਜਹਾਂਗੀਰ ਨੇ ਫੁੱਲ ਫਲ ਤੋੜਣ ਲਈ ਮੱਲੋਮੱਲੀ ਹੱਥ ਵਧਾਇਆ... ਤਾਂ ਅਸਲੀਅਤ ਪ੍ਰਤੀਤ ਹੋਈ"। "ਕੀਮਖਾਬ ਦੇ ਸਾਇਬਾਨ ਅਤੇ ਰੰਗ ਬਰੰਗੇ ਫਰਸ਼ਾਂ 'ਤੇ ਬਾਗ਼ ਨੂੰ ਸਾੜਾ ਆਉਣ ਲੱਗਾ"[183]। ਸੁੰਦਰਤਾ ਬਨਾਵਟੀ ਹੋਣ 'ਚ ਹੈ[184]। ਕਲਾ ਪ੍ਰਕਿਰਤੀ ਤੋਂ ਅਗਲੇਰੀ ਧਿਰ ਵਿਚ ਬ੍ਰਾਜਮਾਨ ਹੈ ਇਸ ਕਰਕੇ ਬਾਦਸ਼ਾਹ ਸਵੈਸੁੰਦਰ ਹੁੰਦਾ ਹੈ[185]। ਯਥਾਰਥ ਦਾ ਮਹੱਤਵ ਉਹਦੇ ਰੂਪ ਵਿਚ ਹੈ[186]। ਮੱਧਕਾਲੀ ਇਤਿਹਾਸਕਾਰੀ ਨੂੰ ਸਮਕਾਲੀ ਵਿਚਾਰਧਾਰਾ ਦੇ ਚੋਖਟੇ ਵਿਚ ਵੇਖਣਾ ਚਾਹੀਦਾ ਹੈ।

ਸੁਜਾਨ ਰਾਏ ਭੰਡਾਰੀ **ਖੁਲਾਸਾਤੁਤ ਤਵਾਰੀਖ਼** ਦੇ ਲਿਖਣ ਵਿਚ ਬਿਲਕੁਲ ਮੱਧਕਾਲੀ ਹੈ ਜਿਸ ਦਾ ਮਤਲਬ ਹੈ ਤਾਰੀਖਾ ਦਾ ਖੁਲਾਸਾ। ਇਤਿਹਾਸਕ ਜਾਣਕਾਰੀ ਦੀ ਅਲੋਕਾਰ ਨਾਲ ਇਹ ਸਾਂਝ ਹੈ ਕਿ ਉਧਾਰੀ ਜਾਂ ਸੁਣੀ ਸੁਣਾਈ ਹੋਣ ਦੇ ਬਾਵਜੂਦ ਇਸ ਦਾ ਯਥਾਰਥ-ਸਥਾਨ ਨਹੀਂ ਘਟਦਾ। ਲਿਖਾਰੀ ਨੇ 27 ਕਿਤਾਬਾਂ ਦੀ ਵਰਤੋਂ ਕੀਤੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ[187]। ਇਤਿਹਾਸਕ ਰਚਨਾ ਸ੍ਰਿਸਟੀ ਦੇ ਆਰੰਭ ਤੋਂ ਸ਼ੁਰੂ ਹੋ ਕੇ ਵਰਤਮਾਨ ਤਕ ਪਹੁੰਚਦੀ ਹੈ ਕਿਉਂਕਿ ਸੰਸਾਰ ਪਰਾਪ੍ਰਕਿਰਤਕ ਦਾ ਕਲਬੂਤ ਹੈ ਅਤੇ ਅਜੋਕੇ ਸਮੇਂ ਤਕ ਦੀਆਂ ਰੱਬੀ ਕਰਾਮਾਤਾਂ ਨੂੰ ਵਿਚਾਰ ਕੇ ਬੰਦੇ ਨੂੰ ਗੁਣਿਆਰਾ ਹੋਣਾ ਚਾਹੀਦਾ ਹੈ। ਇਤਿਹਾਸ ਦੇ ਅਧਿਐਨ ਤੋਂ ਪਾਠਕ ਨੂੰ ਨਾਸ਼ਮਾਨਤਾ ਦ੍ਰਿੜ੍ਹ ਹੋ ਜਾਂਦੀ ਹੈ ਜਦੋਂ ਉਹ ਅਚੇਤ ਹੀ ਆਪਣੀ ਲਘੂ ਹੋਣੀ ਦਾ ਮੁਕਾਬਲਾ ਸਾਮਰਾਜਾਂ ਦੇ ਪਤਨ ਦੇ ਉੱਦਾਤ ਨਾਲ ਕਰਦਾ ਹੈ। ਇੰਝ ਇਤਿਹਾਸ ਸਦਾਚਾਰਕ ਪ੍ਰੇਰਨਾ ਬਣ ਜਾਂਦਾ ਹੈ। ਭਾਵੇਂ ਮੱਧਕਾਲੀ ਸੁਭਾਉ ਅਨੁਸਾਰ ਇਸ ਦੀ ਉਲੰਘਣਾ ਵਧੇਰੇ ਹੁੰਦੀ ਹੈ ਅਤੇ ਇਤਿਹਾਸਕਾਰ ਨੂੰ ਇਹ ਦੀ ਬਹੁਤੀ ਚਿੰਤਾ ਨਹੀਂ। "ਪੁਰਾਣੇ ਬਾਦਸ਼ਾਹਾਂ ਦਾ ਇਤਿਹਾਸ ਪੜ੍ਹਕੇ ਸੰਸਾਰ ਦੀ ਅਸਥਿਰਤਾ ਪ੍ਰਗਟ ਹੋ ਜਾਂਦੀ ਹੈ"। ਉਹ ਬਾਦਸ਼ਾਹ ਮਿਟ ਗਏ ਜਿਹਨਾਂ ਦੇ ਖਜ਼ਾਨਿਆਂ ਪ੍ਰਤਿਸ਼ਟਾ ਦੀ ਥਾਹ ਨਹੀਂ ਸੀ ਤਾਂ ਫਿਰ ਆਮ ਆਦਮੀ ਕਿਹੜੀ ਗਿਣਤੀ ਵਿਚ ਹੈ"[188]। ਮੈਂ ਚਾਹਿਆ ਕਿ ਇਤਿਹਾਸ ਦੀਆਂ ਪੁਸਤਕਾਂ ਦਾ ਸੰਖੇਪ ਤਿਆਰ ਕਰਾਂ"। "ਆਪਣੇ ਦਾਤਾ ਨਾਲ ਕਿਰਤਘਣਤਾ ਆਦਮੀ ਨੂੰ ਨਸ਼ਟ ਕਰ ਦਿੰਦੀ ਹੈ। ਭਾਵੇਂ ਅਸਮਾਨ ਦੀ ਤਰ੍ਹਾਂ ਉੱਚ ਪਦਵੀ ਵਾਲਾ ਕਿਉਂ ਨਾ ਹੋਵੇ ਆਪਣੇ ਮੁਰੱਬੀ ਨਾਲ ਲੜਣ ਵਾਲਾ ਘਿਰਣਾਯੋਗ ਹੁੰਦਾ ਹੈ"[189]। ਆਦਮੀ ਆਪਣਾ ਸਿਰਜਣਹਾਰ ਆਪ ਨਹੀਂ ਸਗੋਂ "ਰਬ ਨੇ ਆਦਮੀ ਨੂੰ ਪੂਰਾ ਮਨੁੱਖ ਅਤੇ ਸੰਸਾਰ ਦਾ ਸਰਵੋਤਮ ਹੋਣ ਦੀ ਪਦਵੀ ਦੇਕੇ ਆਪਣੀ ਸੰਪੂਰਨ ਕਾਰੀਗਰੀ ਦਾ ਸ਼ਾਹਕਾਰ ਥਾਪਿਆ[190]। ਪੈਗੰਬਰ ਮਨੁੱਖੀ ਜਾਮੇ ਵਿਚ ਰੱਬੀ ਰੂਪ ਹੁੰਦਾ ਹੈ ਜਿਸ ਦਾ ਮਨੋਰਥ ਹੈ ਕਿ "ਲੋਕਾਂ ਨੂੰ ਭੂਤ ਅਤੇ ਭਵਿੱਖ ਦੇ ਹਾਲਾਤ ਦਾ ਪਤਾ ਦੇਵੇ ਅਤੇ ਕਰਾਮਾਤ ਕਰਿਸ਼ਮਿਆਂ ਦੁਆਰਾ ਗੈਬੀ ਭੇਤਾਂ ਨੂੰ ਪ੍ਰਗਟ ਕਰੇ"। "ਸੂਝਵਾਨ ਭੂਤ ਅਤੇ ਵਰਤਮਾਨ ਦੀਆਂ ਘਟਨਾਵਾਂ ਤੋਂ ਜਾਣੂੰ ਹੁੰਦੇ ਸਨ। ਪੁਰਾਤਨ ਪੁਸਤਕਾਂ ਵਿਚ ਭਵਿੱਖਬਾਣੀ ਕਰ ਗਏ ਸਨ"[191]। ਅਜੋਕੇ ਅਰਥਾਂ ਵਾਲਾ ਇਤਿਹਾਸ ਮੱਧਕਾਲੀ ਮਨੁੱਖ ਦੇ ਮਾਨਸਿਕ ਚੌਖਟੇ ਵਿਚ ਨਹੀਂ ਆਉਂਦਾ। ਮਜ਼ਹਬੀ ਲੜਾਈਆਂ ਵੀ ਰੱਬ ਦੇ ਰਹੱਸ ਤੇ ਪਰਦਾ ਪਾਉਂਦੀਆਂ ਹਨ। "ਇਹ ਸੱਚੇ ਪ੍ਰੀਤਮ ਦੇ ਚੋਜ ਹਨ ਜਿਸ ਨੇ ਲੋਕਾਂ ਨੂੰ ਧਰਮਾਂ ਦੇ ਵਿਤਕਰਿਆਂ ਦੇ ਚੱਕਰ ਵਿਚ ਪਾ ਛੱਡਿਆ ਹੈ"[192]। ਮਾਰਫਤ ਸਮੂਹ ਗਿਆਨਾਂ ਦਾ ਸਿਰਤਾਜ ਹੈ... ਪਲ ਭਰ ਵਿਚ ਕਿਤੇ ਦਾ ਕਿਤੇ ਪੁੱਜਣਾ, ਪਹਾੜਾਂ ਦੀਆਂ ਚੋਟੀਆਂ ਸਮੁੰਦਰਾਂ ਦੀਆਂ ਤੈਹਾਂ ਤੱਕ ਪਹੁੰਚਣਾ, ਨਛੱਤਰਾਂ ਦੀਆ ਗਰਦਸ਼ ਜਾਨਣਾ, ਦੁਨੀਆਂ 'ਤੇ ਮਿਹਰ ਕਹਿਰ ਨੂੰ ਪਛਾਨਣਾ (ਇਹਦੇ) ਕਰਿਸ਼ਮੇ ਹਨ"[193]। ਇਸ ਤੋਂ ਅਗਲਾ ਪੜਾਉ ਦੈਵੀ ਕਰਤੇ ਦਾ ਹੈ "ਖਟ ਦਰਸ਼ਨ ਬ੍ਰਹਮਾ ਦੇ ਪੁਤਰ ਪੋਤਰਿਆਂ ਦੀ ਰਚਨਾ ਹੈ"[194]। ਮਿਥਿਹਾਸ ਹੀ ਇਤਿਹਾਸ ਹੈ[195]।

ਮੱਧਕਾਲੀ ਇਤਿਹਾਸ ਵਿਚ ਕਾਰਣ-ਪ੍ਰਕਿਰਿਆ ਹੋਰ ਗੱਲਾਂ ਵਾਂਗੂੰ ਪਰਾਪ੍ਰਕਿਰਤਕ ਦੇ ਅਧਿਕਾਰ-ਖੇਤਰ ਵਿਚ ਹੈ[196]। ਫਾਤਿਹ ਨੂੰ ਦੈਵੀ ਸਮਰਥਨ ਹਾਸਿਲ ਹੁੰਦਾ ਹੈ। "ਜਦ ਕਿਸੇ ਸੁਭਾਗੇ ਨੂੰ ਹਕੂਮਤ ਮਿਲਣ ਵਾਲੀ ਹੁੰਦੀ ਹੈ ਤਾਂ ਉਹ ਪਹਿਲਾਂ ਪਹਿਲਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਸ਼ਟ ਝੱਲਦਾ ਹੈ ਜਿਹੜੇ ਭੈੜੀ ਨਜ਼ਰ ਤੋਂ ਬਚਣ ਲਈ ਹੁੰਦੇ ਹਨ''[197] । ਵੰਸਘਾਤ ਅਸਿਥਰਤਾ ਦੇ ਹੁਕਮ ਅਨੁਸਾਰ ਹੈ[198] । ਫ਼ੌਜੀ ਕਮਾਂਡਰ ਕਿਸੇ ਪਵਿੱਤਰ ਅਸਥਾਨ ਦੀ ਤੌਹੀਨ ਕਰਦਾ ਹੈ ਤਾਂ ਜੋ ਦੁਸ਼ਮਣ ਦੇ ਖਿਲਾਫ ਪ੍ਰਕਿਰਤੀ ਦਾ ਉਦਮੂਲ ਉੱਠ ਖਲੋਵੇ[199] । ਰੱਬ ਬਾਦਸ਼ਾਹਾਂ ਨੂੰ ਮਾਰਨ ਲਈ ਉਹਨਾਂ ਦੇ ਤੌਰ ਭੁਲਾ ਦਿੰਦਾ ਹੈ। ''ਜਦ ਕਿਸੇ ਦੇ ਮੰਦੇ ਭਾਗ ਆਉਂਦੇ ਹਨ ਤਾਂ ਉਸਦੀ ਬੁੱਧੀ ਪਹਿਲਾਂ ਮਾਰੀ ਜਾਂਦੀ ਹੈ''[200] । ਮਹਾ-ਕਰਮੀਆਂ ਦੇ ਜਨਮ ਅਤੇ ਮਸ਼ਹੂਰ ਲੜਾਈਆਂ ਦੇ ਸ਼ਗਨ ਨਜ਼ਰ ਆ ਜਾਂਦੇ ਹਨ[201] ।

ਇਤਿਹਾਸ ਤੋਂ ਇਕ ਦੋ ਸਬਕ ਵੀ ਮਿਲਦੇ ਹਨ। ''ਬਾਦਸ਼ਾਹਾਂ ਲਈ ਲਾਪਰਵਾਹੀ ਅਤੇ ਸੁਸਤੀ ਬਹੁਤ ਹੀ ਭੈੜਾ ਐਬ ਹੈ—ਉਸ ਨੇ ਇਤਿਹਾਸਾਂ ਵਿਚ ਕਈ ਅਜਿਹੀਆਂ ਘਟਣਾਵਾਂ ਪੜ੍ਹੀਆਂ ਸਨ ਜਦੋਂ ਵਜ਼ੀਰ ਨੇ ਰਾਜ ਸਿੰਘਾਸਨ 'ਤੇ ਕਬਜ਼ਾ ਕਰ ਲਿਆ''[202] । ''ਜਦ ਬਖਸ਼ਣਹਾਰ ਕਿਸੇ ਨੂੰ ਰਾਜ ਦੇਣਾ ਕਾਹੁੰਦਾ ਹੈ ਤਾਂ ਪਹਿਲਾਂ ਉਹਦੀ ਪਰਖ-ਪਰੀਖਿਆ ਕਰਦਾ ਹੈ''[203] ਜਿਸ ਕਰਕੇ ਇਹ ਧੰਨ ਭਾਗ ਦੁਖੜੇ ਹੁੰਦੇ ਹਨ। ਸੁਲਤਾਨਪੁਰ ''ਕੋਹੜ ਦੇ ਕਸ਼ਟ'' ਝੱਲ ਪਾਗਲ ਹੋਕੇ ਮਰਦੇ ਹਨ[204] ਕਿਉਂ ਜੋ ਰੱਬ ਨੇ ਬਦਲਾ ਲੈਣਾ ਹੁੰਦਾ। ਜੱਗ ਦੀਆਂ ਘਟਣਾਵਾਂ ''ਚਾਹਵਾਨਾਂ ਲਈ ਨਿਰਾਸ਼ਾ ਅਤੇ ਸ਼ੋਕ ਦਾ ਸੱਬਬ ਹੁੰਦੀਆਂ ਹਨ ਅਤੇ ਬੁੱਧੀਮਾਨਾਂ ਲਈ ਤਾੜਨਾ'' ਦੀ ਇਬਾਦਤ[205] । ਇਤਿਹਾਸ ਤਾਂ ਹਲੀਮੀ ਦੀ ਪੱਕੀ ਮਸ਼ਾਲ ਹੈ। ''ਫੂਫਾਂ ਤੇਜ ਪ੍ਰਤਾਪ ਸੁਪਨਾ ਸੀ। ਨਿਰਸੰਦੇਹ ਇਸ ਘਟੀਆ ਸੰਸਾਰ ਦਾ ਇਹੋ ਹਾਲ ਹੈ''[206] ਪਰ ਇਤਿਹਾਸਕਾਰ ਮੱਧਕਾਲੀ ਤਰੀਕੇ ਨਾਲ ਭੁੱਲ ਜਾਂਦਾ ਹੈ ਤੇ ਬਾਦਸ਼ਾਹ ਅਤੇ ਉਮਰਾ ਏਸ ਸਬਕ ਨੂੰ ਤਲਵਾਰ ਦੀ ਨੋਕ 'ਤੇ ਕਿਉਂ ਭੁੱਲ ਜਾਂਦੇ ਹਨ। ਬਾਦਸ਼ਾਹ ਦਾ ਆਦਰਸ਼ ਨਿਆਂਕਾਰੀ ਹੋ ਸ਼ਾਂਤੀ ਅਤੇ ਖੁਸ਼ਹਾਲੀ ਨੂੰ ਲਿਆਉਣਾ ਸੀ। ਮੱਧਕਾਲੀ ਇਤਿਹਾਸਕਾਰੀ ਦੇ ਸਬਕ ਵਿਸ਼ਿਸ਼ਟ ਰੂਪ ਵਿਚ ਇਤਿਹਾਸਕ ਨਹੀਂ ਸਗੋਂ ਆਚਾਰਵਾਦ ਦੀ ਲਿੰਬ-ਪੋਚ ਹਨ।

ਮੱਧਕਾਲੀ ਇਤਿਹਾਸਕਾਰੀ ਕੋਈ ਜਾਂਚ ਪੜਤਾਲ ਨਹੀਂ। ਯਥਾਰਥ ਦੀ ਖੋਜ ਨਹੀਂ ਹੋ ਸਕਦੀ। ਇਹਦੀ ਕੇਵਲ ਪਰਾਪ੍ਰਕਿਰਤਕ ਅਰਥਾਂ ਵਿਚ ਵਿਆਖਿਆ ਹੋ ਸਕਦੀ ਹੈ। ਇਸੇ ਕਰਕੇ ਇਕੱਲੇ ਇਤਿਹਾਸਾਂ ਨਾਲੋਂ ਇਤਿਹਾਸਾਂ ਦਾ ਖੁਲਾਸਾ ਵਧੇਰੇ ਚੰਗਾ ਹੈ[298] । ਸੁਜਾਨ ਰਾਇ ਭੰਡਾਰੀ ਪਾਠਕ ਕੋਲੋਂ ''ਭੁੱਲਾਂ...ਸਨਾਂ ਦੀਆਂ ਗ਼ਲਤੀਆਂ... (ਅਢੁਕਵੀਂ) ਤਰਤੀਬ ਜਾਂ ਵਾਕਾਂ'' ਦੇ ਚੰਗੇ ਨਾ ਹੋਣ ਦੀ ਮੁਆਫੀ ਮੰਗਦਾ ਹੈ। ਮੁਆਫੀ ਵਾਲੀ ਸੈਆਂ ਦੀ ਤਰਤੀਬ ਮਹੱਤਵਪੂਰਨ ਹੈ ਜਦੋਂ ਭਾਸ਼ਾ ਦੀ ਚੰਗਿਆਈ ਤੱਥਾਂ ਦੇ ਸਹੀ ਹੋਣਾ ਤੋਂ ਜ਼ਿਆਦਾ ਜ਼ਰੂਰੀ ਹੈ ਅਤੇ ਖਿਮਾਂ ਕਰਨਾ ਪਾਠਕ ਦਾ ਅਚਾਰਕ ਕਰਤੱਵ ਹੈ[209] । ਇਹ ਅਜੋਕੇ ਅਰਥਾਂ ਵਾਲੀ ਤਾਰੀਖਦਾਨੀ ਨਹੀਂ। ਯੋਗ ਇਤਿਹਾਸਕ ਬ੍ਰਿਤਾਂਤ ''ਭਰੋਸੇਯੋਗ ਪੁਸਤਕਾਂ'' ਤੋਂ ਲਏ ਜਾ ਸਕਦੇ ਹਨ। ਕਰਤਾ ਅਨੁਸਾਰ ''ਲੋਕਾਂ ਦੀ ਜ਼ੁਬਾਨੀ ਕਹਾਣੀਆਂ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਹੈ, ਇਸ ਲਈ ਜੋ ਕੁੱਝ ਚੰਗੇ ਇਤਿਹਾਸਾਂ ਵਿੱਚੋਂ ਮਿਲਿਆ ਹੈ ਸੰਖਿਪਤ ਉੱਲੇਖ'' ਕੀਤਾ ਜਾਂਦਾ ਹੈ[210] । 'ਇਸ ਲਈ' ਦੇ ਸੰਬੰਧਕ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਤਾ ਲਗਦਾ ਹੈ ਕਿ ਇਤਿਹਾਸ ਦੀ ਲਿਖਤ ਹੀ ਉਸ ਨੂੰ 'ਭਰੋਸੇਯੋਗਤਾ' ਬਖਸ਼ ਦਿੰਦੀ ਹੈ। ਜਦੋਂ ਕਿਸੇ ਕਾਲ ਦੀ ਵਿਸਥਾਰ ਸਹਿਤ ਜਾਣਕਾਰੀ ਨਹੀਂ ਤਾਂ ਬਾਦਸ਼ਾਹਾਂ ਦੇ ਨਾਉਂ ਅਤੇ ਰਾਜਕਾਲਾਂ ਦੀਆਂ ਅਵਧੀਆਂ ਦੇ ਫੌਸਿੱਲਾਂ (fossil) ਨੂੰ ਕਾਫੀ ਸਮਝਿਆ ਗਿਆ ਹੈ।[211] ਮੱਧਕਾਲ ਦੀ ਵਿਸ਼ੇਸ਼ ਮੁਗਧਤਾ ਵਿਹਾਰਕ ਨਰੀਖਣ ਦੀ ਅਣਹੋਂਦ ਕਾਰਣ ਝੂਠੇ ਸ਼ੁੱਧਨਾਪ (Pseudo accuracy) 'ਚ ਹੈ। ਜਾਂ ਕਿਸੇ ਬਾਦਸ਼ਾਹ ਦੇ ਦੋ ਅਜੋੜ ਬ੍ਰਿਤਾਂਤ ਹਨ ਤਾਂ ਕੁੱਝ ਨਹੀਂ ਕੀਤਾ ਜਾ ਸਕਦਾ ਕਿਉਂ ਕਿ "ਠੀਕ ਗੱਲ ਪਰਮਾਤਮਾ ਹੀ ਜਾਣਦਾ ਹੈ"[212]। ਇਤਿਹਾਸ ਦੀ ਵਿਆਖਿਆ ਦੀ ਲੋੜ ਨਹੀਂ ਕਿਉਂਕਿ ਅਸਥਿਰਤਾ ਆਪਣੇ ਆਪ 'ਚ ਵਿਆਖਿਆ ਹੈ "ਸੰਸਾਰ ਦੀ ਹਰ ਵਸਤ ਤਬਦੀਲੀ ਦੇ ਸਰਬਵਿਆਪਕ ਨੇਮ ਦੇ ਅਧੀਨ ਹੈ"[213]।

ਸੁਜਾਨ ਰਾਏ ਭੰਡਾਰੀ ਮੁਲਕਾਂ ਦਾ ਨਹੀਂ, ਵੰਸ਼ਾਂ ਦਾ ਇਤਿਹਾਸ ਲਿਖਦਾ ਹੈ[214]। ਮਾਣਸਵਿਗਿਆਨ ਅਨੁਸਾਰ ਵੰਸ ਦੀ ਸੰਸਥਾ ਅਜਿਹੀ ਹੈ ਜਿਹੜੀ ਕਾਲ, ਦੇਸ਼, ਹਲਚਲ ਦੀ ਅਨੇਕਰੂਪਤਾ ਨੂੰ ਏਕਤਾ ਪ੍ਰਦਾਨ ਕਰ ਸਕਦੀ ਹੈ। ਮੱਧਕਾਲੀ ਯਥਾਰਥ ਵਿਚ ਸਮਾਨਤਾ (uniformity) ਦਾ ਦਖ਼ਲ ਨਹੀਂ। ਜਲਘੜੀ ਦੀਆਂ ਘੜੀ (24 ਮਿੰਟ) ਤੇ ਪਹਿਰ (3 ਘੰਟੇ) ਦੀਆਂ ਇਕਾਈਆਂ ਸਨ। ਰਾਤ ਅਤੇ ਦਿਨ ਦੇ ਚਾਰ ਚਾਰ ਪਹਿਰ ਮੰਨੇ ਜਾਂਦੇ ਸਨ। ਕਾਲ ਵਿਗਿਆਨ ਅਨੁਸਾਰ ਪਹਿਰ ਵਿਚ 7.5 ਘੜੀਆਂ ਹੁੰਦੀਆਂ ਹਨ ਪਰ ਆਮ ਪ੍ਰਚਲਤ ਸੀ ਕਿ ਪਹਿਰ ਵਿਚ ਅੱਠ ਘੜੀਆਂ ਹੁੰਦੀਆਂ ਹਨ। ਦਿਨ ਰਾਤ ਦੇ ਚਾਰ ਚਾਰ ਪਹਿਰ। ਪਰ ਦਿਨ ਦੇ ਘਟਣ ਵਧਣ ਕਾਰਨ ਪਹਿਰ ਵਿਚ ਛੀ ਤੋਂ ਨੌਂ ਘੜੀਆਂ ਹੋ ਸਕਦੀਆਂ ਸਨ। ਸੋ ਤਿੰਨ ਘੰਟਿਆਂ ਦਾ ਪਹਿਰ 6, 7. 5, 9 ਘੜੀਆਂ ਦਾ ਹੋ ਸਕਦਾ ਸੀ। ਅਤੇ ਮੱਧਕਾਲ ਦੇ ਘੰਟੇ ਵਿਚ 48, 60, 72 ਮਿੰਟ ਹੋ ਸਕਦੇ ਸਨ। ਬਹੁਤ ਥੋੜੀਆਂ ਸੜਕਾਂ ਦੀ ਸਹੀ ਪੈਮਾਇਸ਼ ਹੋਈ ਸੀ। ਟੋਡਰ ਮਲ ਨੇ ਲੋਹੇ ਦੇ ਛੱਲਿਆਂ ਵਾਲੀ ਬਾਂਸ ਦੀ ਜਰੀਬ ਬਣਾਈ ਸੀ ਜਿਸ ਨੇ ਰੱਸੀਆਂ ਦੀ ਘਟਦੀ ਵਧਦੀ ਜਰੀਬ ਦੀ ਥਾਂ ਲਈ[215]। ਇੱਸੇ ਉੱਦਮ ਤੋਂ ਅਨੁਮਾਨ ਲੱਗ ਜਾਂਦਾ ਹੈ ਕਿ ਇਹ ਪ੍ਰਮਾਣਿਕ ਲੰਬਾਈ ਕਾਇਮ ਕਰਨ ਦੀ ਮੁੱਢਲੀ ਕੋਸ਼ਿਸ਼ ਸੀ। ਪਰ ਬਾਂਸ ਦੀ ਜਰੀਬ ਦੇ ਵਿਆਪਕ ਹੋਣ 'ਚ ਸੰਦਿਹ ਹੋ ਸਕਦਾ ਹੈ। ਮੱਧਕਾਲੀ ਭਾਰਤ ਵਿਚ ਪੈਮਾਇਸ਼ ਦੀ ਸਮਾਨਤਾ ਨਹੀਂ ਸੀ। ਫੇਰ ਕੇਵਲ ਕ੍ਰਿਸ਼ੀਯੋਗ ਭੋਇੰ ਦੀ ਪੈਮਾਇਸ਼ ਕੀਤੀ ਜਾਂਦੀ ਸੀ। ਵਿਚਾਰ ਦੀ ਦ੍ਰਿਸ਼ਟੀ ਤੋਂ ਨਕਾਬਲ-ਇ ਕਾਸ਼ਤ ਜ਼ਮੀਨ ਕਾਲ ਕੋਠਰੀ (black hole) ਸੀ। ਜਾਗੀਰਾਂ ਲੰਬਵਾਰ ਅਤੇ ਖਤਿਜਵਾਰ ਕਟ ਰੇਖਾਵਾਂ (transversals) ਵਾਂਗੂ ਬਦਲਦੀਆ ਰਹਿੰਦੀਆਂ ਹਨ। ਇਸੇ ਕਰਕੇ ਕਿਸੇ ਖੇਤਰ ਨਾਲ ਸਮਤਾ (identification) ਨਹੀਂ ਬਣਦੀ ਸੀ[216]। ਨਾ ਹੀ ਉਮਰਾ ਦਾ ਕੁਲੀਨ ਵਰਗ ਬਣਦਾ ਹੈ[217]। ਹਿੰਸਾ ਅਤੇ ਸਾਂਤੀ ਦਾ ਨਿਰੰਤਰਮ ਹੈ[218]। ਭੰਡਾਰੀ ਇਹ ਗੱਲ ਲਿਖਣੋਂ ਕਦੇ ਨਹੀਂ ਉੱਕਦਾ ਕਿ ਫਲਾਨਾ ਇਲਾਕਾ ਇੰਨੇ ਸੌ ਸਾਲ ਦਿੱਲੀ ਦੇ ਅਧੀਨ ਨਹੀਂ ਸੀ[219]। ਜਦੋਂ ਦ੍ਰਿਸ਼ਟਮਾਨ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯਥਾਰਥ ਪਰਾਪ੍ਰਕਿਰਤਕ ਸੀ ਤਾਂ ਮੱਧਕਾਲੀ ਸੋਚ ਆਰਥਿਕਤਾ, ਸੰਸਥਾਵਾਂ, ਜਨਸੰਖਿਆ, ਜਾਤਿਵਿਗਿਆਨ (ethnology) ਅਤੇ ਜੁਗਤ-ਵਿਦਿਆ ਨੂੰ ਇਤਿਹਾਸ ਦੀ ਸਮੱਗਰੀ ਵਜੋਂ ਕਲਪਨਾ ਨਹੀਂ ਕਰ ਸਕਦੀ ਸੀ। ਇਸ ਕਰਕੇ ਵੰਸ਼ਾਂ ਤੇ ਇਕਾਗਰਤਾ ਮਜ਼ਬੂਰੀ ਨਾਲ ਬੱਝੀ ਲੋੜ ਸੀ ਖਾਸਕਰ ਉਦੋਂ ਜਦੋਂ ਸਰਬ ਸ਼ਕਤੀਮਾਨ ਸਮਾਜ ਅਤੇ ਪਰਾਪ੍ਰਕਿਰਤਕ ਨੂੰ ਸੜ੍ਹ ਲਾਉਂਦਾ ਹੈ।

ਸੁਜਾਨ ਰਾਏ ਭੰਡਾਰੀ ਦਾ **ਖੁਲਾਸਾਤੁਤ ਤਵਾਰੀਖ** ਦਾ ਮਨੋਰਥ ਵੀ ਮੱਧਕਾਲੀ ਹੈ। ਉਹਨਾਂ ਸਮਿਆਂ ਵਿਚ ਬੰਦਾ ਜਾਂ ਤਾਂ ਤਲਵਾਰ ਦਾ ਧਨੀ ਹੋ ਕੇ ਕਿਸੇ ਦਿਨ ਸ਼ਕਤੀਮਾਨ ਹੋਣ ਦੀ ਆਸ ਰੱਖ ਸਕਦਾ ਸੀ[220] ਜਾਂ ਫਿਰ ਕਲਮ ਦੇ ਜ਼ੋਰ ਨਾਲ ਆਪਣਾ ਕੁੱਝ ਸੰਵਾਰ ਸਕਦਾ ਸੀ। ਸੁਜਾਨ ਰ ਏ ਹਿੰਦੂਆਂ 'ਤੇ ਮੁਸਲਮਾਨੀ ਰਾਜ ਨੂੰ ਜਾਇਜ਼ ਠਹਿਰਾਉਂਦਾ ਹੈ। ਹਿੰਦੂ ਹਮੇਸ਼ਾਂ ਕਾਫਿਰ ਅਤੇ ਫਾਤਿਹ ਮੁਸਲਮਾਨ ਗ਼ਾਜੀ ਹੁੰਦਾ ਹੈ। ਉਹ ਮੁਸਲਮਾਨੀ ਦ੍ਰਿਸ਼ਟੀ ਤੋਂ ਲਿਖਦਾ ਹੈ[221]। ਹਿੰਦੂ ਮੂਰਤੀਆਂ ਨੂੰ ਮਸਜਿਦ ਦੇ ਦਰਵਾਜ਼ੇ ਵਿਚ ਦੱਬਣਾ ਅੱਛੀ ਗੱਲ ਹੈ। "ਸੋਮਨਾਥ ਦਾ ਟੁਕੜਾ...ਲਿਜਾ ਕੇ ਗਜ਼ਨੀ ਦੀ ਜਾਮਇ ਮਸਜਿਦ ਦੇ ਦਰਵਾਜੇ 'ਤੇ ਸਿੱਟ ਦਿੱਤਾ ਤਾਂ ਜੋ ਲੋਕ ਉਸ ਨੂੰ ਪੈਰਾਂ ਹੇਠ ਦਰੜਨ ਅਤੇ ਪੂਜਨੀਕ ਸੱਚੇ ਪਾਤਸ਼ਾਹ ਨੂੰ ਪਛਾਨਣ"[222]। "ਆਲਾਉੱਦੀਨ ਨੇ ਚਾਹਿਆ ਕਿ ਨਵੇਂ ਮੱਤ ਦੀ ਕਾਢ ਕੱਢੀ ਜਾਵੇ ਜਿਸ ਦਾ ਆਗੂ ਉਹ ਆਪ ਹੋਵੇ...ਭਾਵੇਂ ਰਹਿਤ ਮਰਯਾਦਾ ਦੀ ਕਾਢ ਦੇ ਲਾਭ ਹਨ...ਪਰ ਰਾਜ ਅਤੇ ਹਕੂਮਤ ਵਿਚ ਬਰਬਾਦੀ ਆਉਣ ਅਤੇ ਦੀਨ ਦੁਨੀ ਵਿਚ ਮੂੰਹ ਕਾਲਾ ਹੋਣ ਦਾ ਡਰ ਹੈ"[223]। ਇੰਝ ਹੀ ਮੁਹੰਮਦ ਤੁਗ਼ਲਕ ਕਦੇ ਰਾਜ ਨੂੰ ਪੈਗੰਬਰੀ ਨਾਲ ਮਿਲਾ ਕੇ ਨਵੀਂ ਸ਼ਰੀਅਤ ਪ੍ਰਚਲਿਤ ਕਰਨ ਦੇ ਵਿਚਾਰਾਂ ਵਿਚ ਮਸਤ ਹੋ ਜਾਂਦਾ ਹੈ। ਕਦੇ ਨਿਮਾਜ਼, ਰੋਜ਼ੇ, ਇਸਲਾਮੀ ਕੱਟੜਤਾ ਦੇ ਨਸ਼ੇ ਵਿਚ ਵਿਵਰਜਿਤ ਗੱਲਾਂ ਦੇ ਨੇੜੇ ਨਾ ਜਾਂਦਾ"[224]। ਅਕਬਰ ਵੱਲੋਂ ਜਜ਼ੀਏ ਦਾ ਹਟਾਉਣਾ ਅਤੇ ਗੋਕੁਸ਼ੀ ਦੀ ਮਨਾਹੀ ਦਾ ਜ਼ਿਕਰ ਹੈ ਪਰ ਦੀਨ ਇ ਇਲਾਹੀ ਬਾਰੇ ਲਿਖਾਰੀ ਚੁੱਪ ਹੈ। ਅਕਬਰ ਨੂੰ ਸੱਯਦਾਂ ਦੀ ਇੱਜ਼ਤ ਕਰਨ ਵਾਲਾ ਅਤੇ ਸ਼ਰੀਅਤ ਦਾ ਇੰਨਾ ਪਾਬੰਦ ਕਿਹਾ ਗਿਆ ਹੈ ਜਿੰਨਾ ਕਿ ਦੂਜੇ ਸ਼ਹਿਨਸ਼ਾਹਾਂ ਤੋਂ ਸੰਭਵ ਨਹੀਂ[225]। ਇਹ ਗੱਲਾਂ ਔਰੰਗਜ਼ੇਬ ਦੀ ਧਾਰਮਕ ਸ਼ੁੱਧਤਾ ਨੂੰ ਚਮਕਾਉਣ ਲਈ ਕਹੀਆਂ ਗਈਆਂ ਹਨ। "ਇਹਨਾਂ ਦਿਨਾਂ ਵਿਚ ਰਾਜਾ ਮਾਨ ਸਿੰਘ ਪੰਜਾਬ ਦੇ ਪਹਾੜਾਂ ਦੀ ਫਤਹਿ ਅਤੇ ਉੱਥੋਂ ਦੇ ਰਾਜਿਆਂ ਦੀ ਜੜ੍ਹ ਪੁੱਟਣ ਲਈ ਨਿਯਤ ਹੋਇਆ। ਹਜ਼ੂਰ ਦੇ ਨਿਆਂ ਤੋਂ ਇਸਲਾਮੀ ਧਰਮ ਨੂੰ ਉਹ ਤਰੱਕੀ ਹੋਈ ਕਿ ਹਿੰਦੂ ਮੁਸਲਮਾਨ ਗ਼ਾਜ਼ੀਆਂ ਦੀ ਤਰਾਂ ਇਸਲਾਮ ਦਾ ਪ੍ਰਸਾਰ ਕਰ ਰਿਹਾ ਸੀ"[226]। ਇਹਨਾਂ ਵਾਕਾਂ ਵਿਚ ਕਰਤਾ ਅਕਬਰ ਦੀ ਪ੍ਰਸ਼ੰਸਾ ਕਰ ਰਿਹਾ ਹੈ। ਸੁਜਾਨ ਰਾਏ ਭੰਡਾਰੀ ਨੂੰ ਪਤਾ ਹੈ ਕਿ ਹਰ ਮਹੱਤਵਪੂਰਨ ਰਚਨਾ ਸਮਕਾਲੀ ਸਹਿਨਸ਼ਾਹ ਨੂੰ ਸਮਰਪਤ ਹੋਣੀ ਚਾਹੀਦੀ ਹੈ। ਸ਼ੇਖ ਮੁਬਾਰਕ ਨੇ ਕੁਰਆਨ ਦੀ ਤਫਸੀਰ ਲਿਖੀ। ਅਬੁਲ ਫਜ਼ਲ ਨੇ ਇਸ ਦੀਆਂ ਨਕਲਾਂ ਕਰਵਾ ਕੇ ਰੂਮ ਸ਼ਾਮ ਭੇਜਿਆ ਪਰ ਸਹਿਨਸ਼ਾਹੀ ਸਮਰਪਨ ਲਿਖਣਾ ਰਹਿ ਗਿਆ ਜਿਸ ਕਰਕੇ ਉਹਨੂੰ ਦਰਬਾਰ 'ਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਉਣ ਤੋਂ ਮਨਾਹ ਕਰ ਦਿੱਤਾ[227]।

ਖੁਲਾਸਾਤੁਤ ਤਵਾਰੀਖ ਔਰੰਗਜ਼ੇਬ ਦੇ ਕਾਰਨਮਿਆਂ ਨੂੰ ਰਿਆਯਾ ਸਾਹਮਣੇ ਸਿੱਧ ਕਰਨ ਦੇ ਮਨੋਰਥ ਨਾਲ ਲਿਖੀ ਗਈ। ਸ਼ਾਹਜਹਾਨ ਬਾਰੇ ਛੋਟਾ ਜਿਹਾ ਅਧਿਆਇ ਹੈ। ਸ਼ਾਹਜਹਾਨ ਨੇ ਆਪਣੇ ਪਿਤਾ ਖ਼ਿਲਾਫ਼ ਬਗਾਵਤ ਕੀਤੀ[228]। ਨਿੱਜੀ ਕਮਜ਼ੋਰੀ ਕਾਰਨ ਜਹਾਂਗੀਰ ਦੇ ਆਖਰੀ ਦਿਨ ਮਹਾਬਤ ਖਾਂ ਦੀ ਧੌਂਸ ਦੇ ਅਧੀਨ ਲੰਘੇ[229]। ਪਰ ਇਹ ਗੱਲ ਔਰੰਗਜ਼ੇਬ ਨਾਲ ਕਦੇ ਨਹੀਂ ਬੀਤ ਸਕਦੀ। ਸ਼ਾਹਜਹਾਂ ਦੀ ਬੀਮਾਰੀ ਵੇਲੇ ਸਹਿਜ਼ਾਦਾ ਮੁਰਾਦ ਲੁਟੇਰਾ ਬਣ ਗਿਆ[230]। ਉਹ ਇੰਨਾ ਕਮ-ਅਕਲ ਸੀ ਕਿ ਖਜ਼ਾਨੇ ਤੋਂ ਬਿਨਾਂ ਹੀ ਫ਼ੌਜ ਭਰਤੀ ਕਰ ਲਈ[231] ਅਤੇ ਹਾਰ ਖਾਧੀ। ਸ਼ਹਿਜ਼ਾਦਾ ਸੁਜਾਅ "ਨਾ ਤਜ਼ਰਬੇਕਾਰੀ ਕਾਰਣ ਮਾਮੂਲੀ ਤਬਦੀਲੀ ਉਪਰੰਤ ਰਣਖੇਤਰ ਤੋਂ ਨੱਸ ਗਿਆ"[232]।

ਦਾਰਾ ਸ਼ਿਕੋਹ **ਖੁਲਾਸਾਤੁਤ ਤਵਾਰੀਖ** ਦਾ ਖਲਨਾਇਕ ਹੈ। ਉਹ ਸ਼ਾਹਜਹਾਂ ਦੀ ਬੀਮਾਰੀ ਦੌਰਾਨ ਤਕਰੀਬਨ ਬਾਦਸ਼ਾਹ ਬਣ ਗਿਆ ਸੀ[233]। ਉਹ ਜ਼ਾਲਮ ਵੀ ਸੀ। ਸ਼ਹਿਜ਼ਾਦਾ ਸੁਜਾਅ ਦੇ ਬਹੁਤ ਸਾਰੇ ਨੌਕਰ ਕੈਦ ਸਨ। ਆਗਰੇ ਬੇਪਤੀ ਉਪਰੰਤ ਉਹਨਾਂ ਦੇ ਹੱਥ ਵਢਵਾ ਦਿੱਤੇ ਅਤੇ ਕੁਝ ਵਿਚਾਰੇ ਇਸੇ ਦੁੱਖ ਨਾਲ ਮਰ ਗਏ"[234]। ਦਾਰਾ ਔਰੰਗਜ਼ੇਬ ਦੀ ਫ਼ੌਜੀ ਕਾਰਵਾਈ ਦੀ ਰਫਤਾਰ 'ਤੇ ਹੈਰਾਨ ਹੈ। ਨਾ ਹੀ ਉਹ ਸ਼ਾਹਜਹਾਂ ਦੇ ਮਸ਼ਵਰੇ ਦੇ ਉਲਟ ਖਾਨਾ ਜੰਗੀ ਤੋਂ ਟਲਿਆ[235]। "ਉਹ ਲੜਾਈ ਦੀ ਤਰਤੀਬ ਅਤੇ ਸੈਨਾਪਤੀ ਅਤੇ ਮਰਦਊਪੁਣੇ ਦੇ ਗੁਣਾਂ ਦਾ ਧਾਰਨੀ ਨਹੀਂ ਸੀ" ਅਤੇ ਆਗਰੇ ਜੋ "ਡਰ ਘਬਰਾਹਟ" ਵਿਚ ਹੱਥ ਲੱਗਾ ਚੁੱਕ ਕੇ ਦਿੱਲੀ ਲੈ ਗਿਆ[237]। "ਸਰਹੰਦ ਪਹੁੰਚ ਕੇ ਦਾਰਾ ਸ਼ਕੋਹ ਨੇ ਉਥੋਂ ਦੇ ਹਾਕਮ ਰਾਜਾ ਟੋਡਰ ਮਲ ਦਾ ਮਾਲ ਲੁੱਟ ਲਿਆ"[238]। "ਪਰ ਅਸਲ ਵਿਚ ਦਾਰਾ ਸ਼ਿਕੋਹ ਉੱਤੇ ਔਰੰਗਜ਼ੇਬ ਦਾ ਡਰ ਇਸ ਤਰਾਂ ਛਾ ਗਿਆ ਸੀ ਕਿ ਉਹ ਉਸ ਦਾ ਟਾਕਰਾ ਕਰਨਾ ਆਪਣੀ ਸੱਤਾ ਤੋਂ ਬਾਹਰ ਸਮਝਦਾ ਸੀ"[239]। "ਨਗੀਨੇ ਦਾ ਕਰੋੜੀਮੱਲ ਸਿੱਧਾ ਅਤੇ ਨਿਰਦੋਸ਼ ਸੀ। ਸੁਲੇਮਾਨ ਸ਼ਿਕੋਹ ਨੇ (ਉਸ ਨੂੰ) ਫਸਾਦੀਆਂ ਦੇ ਧੋਖੇ ਵਿਚ ਆ ਕੇ ਕਤਲ ਕਰਵਾ ਦਿੱਤਾ"[240]। ਸੁਲੇਮਾਨ ਸ਼ਿਕੋਹ ਆਬਣੇ ਆਦਮੀ ਵੀ ਨਾਲ ਨਹੀਂ ਰੱਖ ਸਕਦਾ"[241] ਅਤੇ ਫ਼ੌਜ ਘਟਦੀ ਜਾਂਦੀ ਹੈ। ਕਰਤਾ ਸ਼ਾਹਜਹਾਂ ਅਤੇ ਦਾਰਾ ਸ਼ਿਕੋਹ ਨੂੰ ਸਾਜ਼ਬਾਜ਼ ਦੀਆਂ ਕਮਜ਼ੋਰੀਆਂ ਵਿਚ ਬਰਾਬਰ ਸਮਝਦਾ ਹੈ[242]। ਦਾਰਾ ਸ਼ਿਕੋਹ ਦਾ ਹਮਾਇਤੀ ਰਾਜਾ ਜਸਵੰਤ ਸਿੰਘ ਬਤੌਰ ਆਦਮੀ ਅਤੇ ਜਰਨੈਲ ਦੇ ਨਿਖਿੱਧ ਸੀ[243]।

ਅੰਤਲੇ ਅਧਿਆਏ ਔਰੰਗਜ਼ੇਬ ਦੀ ਮਦੱਬਰੀ ਦੇ ਸੋਹਲੇ ਹਨ। ਜੇ ਦਾਰਾ ਸ਼ਿਕੋਹ ਚੁਸਤੀ ਚਾਲਾਕੀ ਨਾ ਕਰਦਾ ਤਾਂ ਔਰੰਗਜ਼ੇਬ ਨੇ ਬੀਜਾਪੁਰ ਫਤਹਿ ਕਰ ਲੈਣਾ ਸੀ[244]। "ਔਰੰਗਜ਼ੇਬ ਚਾਹੁੰਦਾ ਸੀ ਕਿ ਲੜਾਈ ਨਾ ਹੋਵੇ ਅਤੇ ਮੁਸਲਮਾਨਾਂ ਦਾ ਖ਼ੂਨ ਨਾ ਵਹੇ"। ਸ਼ਾਹਜਹਾਂ ਦਾ ਵੀ ਇਹੀ ਖਿਆਲ ਸੀ "ਪਰ ਦਾਰਾ ਸ਼ਿਕੋਹ ਨੇ ਨੇਕ ਨਸੀਹਤ ਨਾ ਸੁਣੀ"[245] ਔਰੰਗਜ਼ੇਬ ਵਿਚ ਜਥੇਬੰਦਕ ਯੋਗਤਾ ਅਤੇ ਸੰਕਟਾਂ ਤੇ ਕਾਬੂ ਪਾਉਣ ਵਾਲੀ ਅਲੌਕਿਕ ਸ਼ਕਤੀ ਸੀ[746]। "ਔਰੰਗਜ਼ੇਬ ਦੀ ਫੌਜ ਦਾ ਬਹੁਤ ਘੱਟ ਨੁਕਸਾਨ" ਹੁੰਦਾ[247]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਗਰੇ ਦਾ ਖਜ਼ਾਨਾ ਅਡੋਲ ਹੀ ਉਸਦੇ ਕਬਜ਼ੇ ਵਿਚ ਆ ਗਿਆ। ਸਾਮੂਗੜ ਦੀ ਲੜਾਈ ਮਗਰੋਂ ਔਰੰਗਜ਼ੇਬ ਨੇ ਸ਼ਾਹਜਹਾਂ ਨੂੰ ਖਾਨਾਜੰਗੀ ਦੀ ਮੁਆਫੀ ਲਈ ਚਿੱਠੀ ਲਿਖੀ। "ਸ਼ਾਹਜਹਾਂ ਨੇ ਬਿਨੇ ਪੱਤਰ ਦੇ ਹਾਸ਼ੀਏ ਉਤੇ ਹੱਥ ਨਾਲ ਉੱਤਰ ਲਿਖ ਕੇ ਆਲਮਗੀਰ ਨਾਮੀ ਤਲਵਾਰ ਭੇਜੀ"[248] ਇੰਞ ਔਰੰਗਜ਼ੇਬ ਦੀ ਜਾਨਸ਼ੀਨੀ ਦੀ ਜਾਇਜ਼ਕਰਾਰੀ ਹੁੰਦੀ ਹੈ। ਵਰੋਧੀਆਂ ਨੂੰ ਆਪਣੇ ਵੱਲ ਕਰਨ ਦੀ ਉਹਨੂੰ ਜਾਚ ਸੀ[249] ਨਾ ਹੀ ਕੋਈ ਉਹਦੀ ਸਿਆਸਤ ਦਾ ਮੁਕ਼ਾਬਲਾ ਕਰ ਸਕਦਾ ਸੀ[250]। ਸ਼ਹਿਨਸ਼ਾਹ ਲਈ ਜ਼ਰੂਰੀ ਹੈ ਕਿ ਉਹ ਗਰੀਬਾਂ ਦੀ ਮਦਦ ਕਰੇ ਅਤੇ ਸ਼ਰੀਅਤ ਦਾ ਪੈਰੋਕਾਰ ਹੋਵੇ। ਔਰੰਗਜ਼ੇਬ ਨੇ ਤਖ਼ਤ 'ਤੇ ਬੈਠਦੇ ਸਾਰ ਹੀ ਇਹ ਗੁਣ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ ਸਨ[251]। ਲਿਖਾਰੀ ਔਰੰਗਜ਼ੇਬ ਵੱਲੋਂ ਪਰਦਰਸ਼ਨੀ ਨਮਾਜ਼ ਅਤੇ ਫਾਤਹਾਖਾਨੀ ਦਾ ਜ਼ਰੂਰ ਜ਼ਿਕਰ ਕਰਦਾ ਹੈ ਜਿਸ ਦਾ ਕੱਟੜ ਮੁਸਲਮਾਨਾਂ 'ਤੇ ਅਸਰ ਪੈਂਦਾ ਹੈ[252]। ਔਰੰਗਜ਼ੇਬ ਮੁਆਫ ਕਰਨ ਜਾਣਦਾ ਸੀ[253]। ਲੋਹਪੁਰਸ਼ ਜਰਨੈਲਾਂ ਨੂੰ ਫੌਰੀ ਤਰੱਕੀ ਦੇਣ ਅਤੇ "ਰਣਖੇਤਰ ਵਿਚ ਨਿਮਾਜ਼" ਪੜ੍ਹਣ ਜਾਣਦਾ ਸੀ[254]।

ਇਤਿਹਾਸਕਾਰਾਂ ਨੇ ਮਨਢੰਗੇ ਲਾਏ ਹਨ ਕਿ ਕਰਤਾ ਨੇ ਆਪਣੀ ਇਤਿਹਾਸਕਾਰੀ ਨੂੰ ਔਰੰਗਜ਼ੇਬ ਦੀ ਗੱਦੀਨਸ਼ੀਨੀ ਤੋਂ ਬਾਦ ਕਿਉਂ ਨਹੀਂ ਜਾਰੀ ਰੱਖਿਆ। ਸ਼ਾਇਦ ਖੁਲਾਸਾ ਬਣਾਉਣ ਲਈ ਤਾਰੀਖਾਂ ਸੁਲੱਭ ਨਹੀਂ ਸਨ। ਸ਼ਹਿਨਸ਼ਾਹ ਦੀ ਜਾਇਜ਼ਕਰਾਰੀ ਅਤੇ ਉਹਦੀ ਮਹਿਮਾ ਕਰਨ ਦਾ ਮੱਧਕਾਲੀ ਮੰਤਵ ਪੂਰਾ ਹੋ ਚੁੱਕਾ ਸੀ। ਉਸ ਦੇ ਸਿਆਸੀ ਜਾਂ ਫੌਜੀ ਝਮੇਲੇ ਇਸ ਵਿਚ ਕੀ ਵਾਧਾ ਕਰ ਸਕਦੇ ਸਨ? ਸਿਆਣੇ ਆਦਮੀ ਹੱਦ ਤੋਂ ਬਾਹਰ ਨਹੀਂ ਜਾਂਦੇ। ਅਸਲ ਹੈਰਾਨੀ ਤਾਂ ਅੱਜ ਦੇ ਇਤਿਹਾਸਕਾਰਾਂ 'ਤੇ ਹੈ ਜਿਹੜੇ **ਖੁਲਾਸਾਤੁਤ ਤਵਾਰੀਖ** ਦੇ ਝਟਪੱਟ ਖਾਤਮੇ ਦੀਆਂ ਗੱਲਾਂ ਕਰਦੇ ਹਨ। ਦਰਅਸਲ "ਮੁਨਸ਼ੀ" ਦੀ ਹੋਸ਼ਿਆਰੀ ਅੱਜ ਦੇ ਬਹੁਤ ਸਾਰੇ ਇਤਿਹਾਸਕਾਰਾਂ ਦੀ ਸਮੁੱਚੀ ਅਕ਼ਲ ਤੋਂ ਜ਼ਿਆਦਾ ਹੈ[255]।

ਜੇ ਸੁਜਾਨ ਰਾਏ ਦੇ ਸਿੱਖਾਂ ਪ੍ਰਤੀ ਹਵਾਲਿਆਂ ਦਾ ਜ਼ਿਕਰ ਨਾ ਕੀਤਾ ਜਾਵੇ ਤਾਂ **ਖੁਲਾਸਾਤੁਤ ਤਵਾਰੀਖ** ਦੇ ਪ੍ਰਕਾਸ਼ਕ ਅਤੇ ਡਾ. ਫੌਜਾ ਸਿੰਘ ਦੀ ਜ਼ਾਤ ਪ੍ਰਤੀ ਨਾਸ਼ੁਕਰ ਗੁਜ਼ਾਰੀ ਹੋਵੇਗੀ ਕਿਉਂਕਿ ਇਹਨਾਂ ਹਵਾਲਿਆਂ ਕਾਰਨ ਹੀ ਇਸਦਾ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ ਹੈ। ਲਿਖਾਰੀ ਨੂੰ ਗੁਰੂ ਨਾਨਕ ਦੀਆਂ ਸਿਖਿਆਵਾਂ, ਜਨਮ ਦੀ ਮਿਤੀ ਅਤੇ ਕਰਤਾਰਪੁਰ (ਨਾਨਕ ਦੀ ਹਵੇਲੀ) ਦਾ ਪਤਾ ਹੈ। ਉਹ ਗੁਰਪਰਣਾਲੀ ਦਾ ਸਹੀ ਵਰਨਣ ਕਰਦਾ ਹੈ ਜਿਹੜੀ ਕਿਸੇ ਵਿਰਲੇ ਗੈਰਸਿੱਖ ਇਤਿਹਾਸਕਾਰ ਵਿਚ ਹੀ ਮਿਲਦੀ ਹੈ। ਉਹ ਗੁਰੂਆਂ ਦੀ ਗੁਰਿਆਈ ਦੀਆਂ ਅਵਧੀਆਂ ਵੀ ਦੱਸਦਾ ਹੈ। ਬਾਬਾ ਗੁਰਦਿੱਤਾ ਗੁਰੂ ਹਰਿਗੋਬਿੰਦ ਤੋਂ ਪਹਿਲਾਂ ਚਲਾਣਾ ਕਰ ਗਿਆ। ਗੁਰੂ ਹਰਿਕ੍ਰਿਸ਼ਨ ਦੀ ਨਰਮ ਉਮਰ ਸੀ। ਗੁਰੂ ਤੇਗ ਬਹਾਦਰ "ਔਰੰਗਜ਼ੇਬ ਦੇ ਹੁਕਮ" ਨਾਲ ਸ਼ਹੀਦ ਹੋਏ। "ਇਸ ਪੁਸਤਕ ਦੀ ਰਚਨਾ ਦੇ ਸਮੇਂ ਗੁਰੂ ਤੇਗ ਬਹਾਦਰ ਦੇ ਸਪੁੱਤਰ ਗੋਬਿੰਦ ਰਾਇ ਬਾਈ ਸਾਲਾਂ ਤੋਂ ਗੱਦੀ ਉੱਤੇ ਬਿਰਾਜਮਾਨ ਸਨ"[256] ਚੱਕ ਗੁਰੂ ਹਰਿਗੋਬਿੰਦ (ਅੰਮ੍ਰਿਤਸਰ) ਵਿਚ ਚੰਗਾ ਬਾਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਤਲਾਉ ਹੈ। ਵਿਸਾਖੀ ਦੇ ਦਿਨ ਉੱਥੇ ਹਜ਼ਾਰਾਂ ਲੋਕਾਂ ਦਾ ਮੇਲਾ ਭਰਦਾ ਹੈ"[257]। "ਮਾਖੋਵਾਲ ਗੁਰੂ ਗੋਬਿੰਦ ਦਾ ਨਿਵਾਸ ਅਸਥਾਨ ਹੈ, ਕੀਰਤਪੁਰ ਗੁਰੂ ਹਰਿਗੋਬਿੰਦ ਗੁਰੂ ਹਰਰਾਏ ਦਾ"[258]।

ਇਹ ਗੱਲ ਸਮਝਣ ਲਈ ਕਿ ਸੁਜਾਨ ਰਾਏ ਭੰਡਾਰੀ (1) ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਬਾਰੇ ਕਿਉਂ ਚੁੱਪ ਹੈ, (2) ਗੁਰੂ ਤੇਗ ਬਹਾਦਰ ਔਰੰਗਜ਼ੇਬ ਦੇ ਹੁਕਮ ਨਾਲ ਸ਼ਹੀਦ ਹੋਏ, ਅਤੇ (3) ਗੁਰੂ ਹਰਰਾਏ ਜਾਨਸ਼ੀਨੀ ਦੀ ਜੰਗ ਵਿਚ ਦਾਰਾ ਸ਼ਿਕੋਹ ਦੇ ਪੱਖੀ ਸਨ[259] ਸਾਨੂੰ ਕਰਤਾ ਦੇ ਲੋਕ-ਪ੍ਰੀਯ ਧਾਰਮਕ ਆਗੂਆਂ ਪ੍ਰਤੀ ਰਵੱਈਏ ਨੂੰ ਜਾਨਣ ਦੀ ਲੋੜ ਹੈ। ਸੁਜਾਨ ਰਾਏ ਸੱਯਦੀ ਮੌਲਾ ਬਾਰੇ ਲਿਖਦਾ ਹੈ। "ਇਕ ਦਰਵੇਸ਼ ਸੱਯਦੀ ਮੌਲਾ ਦਿੱਲੀ ਆਇਆ। ਉਸ ਨੇ ਹਜ਼ਾਰਾਂ ਰੁਪੈ ਲਾ ਕੇ ਵੱਡੀ ਖਾਨਗਾਹ ਬਣਾਈ ਅਤੇ ਲੰਗਰ ਜਾਰੀ ਕੀਤਾ। ਨਿੱਤ ਹਜ਼ਾਰ ਮਣ ਮੈਦਾ, ਪੰਜ ਸੌ ਮਣ ਮਾਸ, ਦੋ ਸੌ ਮਣ ਘੀ ਲੰਗਰ ਵਿਚ ਲਗਦਾ ਸੀ. . ਕੁੱਝ ਆਦਮੀਆਂ ਨੇ ਸੁਲਤਾਨ (ਜਲਾਲ-ਉਦਦੀਨ ਖਲਜੀ) ਨੂੰ ਸਮਝਾਇਆ ਕਿ ਲੱਖਾਂ ਆਦਮੀਆਂ ਦੇ ਸ਼ਰਧਾਲੂ ਹੋਣ ਤੇ ਸੱਯਦੀ ਮੌਲਾ ਦੇ ਦਿਲ ਵਿਚ ਰਾਜ ਖੋਹਣ ਅਤੇ ਸੁਲਤਾਨ ਨੂੰ ਕਤਲ ਕਰਨ ਦਾ ਖਿਆਲ ਪੈਦਾ ਹੋ ਚੱਲਿਆ ਹੈ। ਬਾਦਸ਼ਾਹਤ ਦੀ ਬਾਗਬਾਨੀ ਨਾਲ ਤੁਲਨਾ... ਬਾਦਸ਼ਾਹ ਨੂੰ ਬਹੁਤ ਸਾਰੇ ਅਜਿਹੇ ਕੰਮ ਕਰਨੇ ਪੈਂਦੇ ਹਨ ਜੋ ਵੇਖਣ ਨੂੰ ਨਿਰਦਇਤਾ ਬੇਦਰਦੀ ਪ੍ਰਗਟ ਹੁੰਦੀ ਹੈ ਪਰ ਰਾਜਭਲਾਈ ਲਈ ਬਿਲਕੁਲ ਠੀਕ ਹੁੰਦੇ ਹਨ... ਲੱਖਾਂ ਦਾ ਅਕਾਰਣ ਇਕੱਠ... ਭਾਵੇਂ ਫਸਾਦ ਨਾ ਹੋਵੇ ਪ੍ਰਬੰਧਕ ਆਪਣੀ ਸੰਤੁਸ਼ਟਤਾ ਲਈ ਤਿੱਤਰ ਬਿੱਤਰ ਕਰ ਦੇਵੇ... ਸੁਲਤਾਨ ਨੇ ਸੱਯਦੀ ਮੌਲਾ ਦੇ ਸ਼ਰਧਾਲੂਆਂ ਨੂੰ ਵੱਖ ਵੱਖ ਕੰਮਾਂ ਦੇ ਬਹਾਨੇ ਇਧਰ ਉਧਰ ਭੇਜ ਦਿੱਤਾ ਅਤੇ ਸੱਯਦੀ ਮੌਲਾ ਨੂੰ ਕੈਦ ਕਰਕੇ ਮਸਤ ਹਾਥੀਆਂ ਤੋਂ ਦਰੜਵਾ ਦਿੱਤਾ"[260]। ਸੁਜਾਨ ਰਾਏ ਭੰਡਾਰੀ ਧਾਰਮਿਕ ਅੱਤਿਆਚਾਰ ਨੂੰ ਮਦੱਬਰੀ ਸਮਝਦਾ ਹੈ। ਉਹਦਾ ਕੀਟ-ਅੰਤਰਕਰਣ ਸ਼ਾਂਤ ਨਹੀਂ ਹੁੰਦਾ ਸਗੋਂ ਸਾਮਰਾਜੀ ਮਹਿਮਾ ਵਿਚ ਨਗੂਣੀ ਤਰੱਕੀ ਦੇ ਖਿਆਲ ਨਾਲ ਫੁੱਲਿਆ ਨਹੀਂ ਸਮਾਉਂਦਾ। ਇਹ ਕਹਿਣ ਵਿਚ ਔਰੰਗਜ਼ੇਬ ਦੀ ਵਡਿਆਈ ਹੁੰਦੀ ਹੈ ਕਿ ਉਹਨੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦਾ ਹੁਕਮ ਦਿੱਤਾ ਸੀ। ਇਸ ਲਈ ਬਹਾਨਾ ਵੀ ਮਿਲਦਾ ਹੈ ਕਿਉਂਕਿ ਗੁਰੂ ਹਰਰਾਏ ਨੇ ਦਾਰਾ ਸ਼ਿਕੋਹ ਦੀ ਮਾੜੀ ਮੋਟੀ ਮਦਦ ਕੀਤੀ ਸੀ। ਪਰ ਸਾਡੇ ਲਈ ਅਜਿਹੀ ਗਵਾਹੀ ਮਸ਼ਕੂਕ ਹੋ ਜਾਂਦੀ ਹੈ। ਸੁਜਾਨ ਰਾਏ ਭੰਡਾਰੀ ਸਮਕਾਲੀ ਸਿੱਖਾਂ ਬਾਰੇ ਜਾਣਦਾ ਹੈ ਪਰ ਉਹਨਾਂ ਤੇ ਹੁੰਦੇ ਅੱਤਿਆਚਾਰ ਨੂੰ ਨੀਤਿਪੂਰਨ ਸਮਝਦਾ ਹੈ। ਲਿਖਾਰੀ ਨੇ ਪੂਰਨ ਰੂਪ ਵਿਚ ਆਪਣੀ ਸਮਤਾ ਕਾਫਰ-ਸੋਜ਼ ਸ਼ਹਿਨਸ਼ਾਹ ਨਾਲ ਬਣਾ ਲਈ ਹੈ। **ਖੁਲਾਸਾਤੁਤ ਤਵਾਰੀਖ** ਦੇ ਨੁਸਖੇ ਜਿਹਨਾਂ ਥਾਵਾਂ ਤੋਂ ਮਿਲਦੇ ਹਨ ਉਹਨਾਂ ਤੋਂ ਖਤਾ ਲਗਦਾ ਹੈ ਇਹਨੂੰ ਮੁਗਲ ਸਾਮਰਾਜ ਦੀ ਸਰਪਰਸਤੀ ਸੀ[261]। ਇਕ ਮੱਧਕਾਲੀ ਹਿੰਦੂ ਦੀ ਆਤਮਾ ਸਮਾਜਕ ਸਵੈ ਤਸੀਹੇ (masochism) 'ਚ ਗੁੰਮ ਹੋ ਗਈ—"ਅੰਤਰਿ ਪੂਜਾ ਪੜਹਿ ਕਤੇਬਾਂ ਸੰਜਮ ਤੁਰਕਾ ਭਾਈ, ਛੋਡੀਲੇ ਪਾਖੰਡਾ"[262]।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. ਖੁਲਾਸਾਤੁਤ ਤਵਾਰੀਖ਼ (ਪੰਜਾਬੀ) ਸੁਜਾਨ ਰਾਏ ਭੰਡਾਰੀ, ਪੰਜਾਬੀ. ਯੂਨੀਵਰਸਿਟੀ, ਪਟਿਆਲਾ, 1972.
2. 34.
3. 87.
4. 38.
5. 39.
6. 40.
7. 44.
8. 46.
9. 48.
10. 50.

10/1 64.

11. 124.
12. 94.
13. 278/9.
14. 315.

14/1 133.

15. 417.
16. 431.
17. 313.
18. 129.
19. 130.
20. 294.
21. 295.
22. 378.
23. 74, 378.
24. 5.
25. 77.
26. 223.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

27. 238.
28. 86.
29. 204.
30. 227.
31. 233.
32. 233.
33. 305, 429, 538.
34. 53.
35. 55.
36. 62.
37. 66.
38. 67.
39. 68.
40. 70.
41. 70/71
42. 72.
43. 72.
44. 74.
45. 92/93
46. 111/112
47. 114.
48. 133.
49. 152.
50. 305.
51. 510.
51 *Physiologus*, tr M, J. Curley, University of Texas Press, 1979.
52. ਖਲਾਸਤੁਤ ਤਵਾਰੀਖ 17.
53. 38.
54. 313.
55. 362, 533.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

56. 305.

57. 19.

58. 411.

59. 411.

60. 546.

61. 453.

62. 308.

63. 196.

64. 119.

65. 120, 150.

66. 331.

67. 138, 315.

68. 149.

69. 308.

70. 157.

71. 319.

72. 232.

73. 197.

74. 272.

75. 320.

76. 187.

77. 413, 487.

78. 489.

79. 199.

80. 200/01

81. 202.

82. 210.

83. 195.

84. 174, 458.

85. 203.

86. 208.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

87. 209.
88. 285.
89. 43, 322, 349.
90. 310.
91. 245.
92. 446.
93. 231, 307, 407.
94. 407.
95. 310, 431.
96. 235.
97. 296.
98. 438.
99. Marx Engels, *Selected Works 3 Vol*, Progress Publishers, Moscow 1976, Vol I, 490.
100. ਖੁਲਾਤੁਤ ਤਵਾਰੀਖ 78.
101. 101.
102. 246, 260, 360.
103. 101.
104. 271.
105. 120, 150
106. *The Structureof Everyday Life*, Fernand Brandel, Collurs, 1981, 149.
107. ਖੁਲਾਸਾਤੁਤ ਤਵਾਰੀਖ. 132.
108. 133, 137.
109. 161.
110. 323.
111. 139.
112. 458.
113. 74, 186.
114. 46, 74.
115. 65, 68. 87, 88, 74.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

116. 99.

117. 100.

118. 101.

119. 218, 212.

120. 216, 355.

121. 544.

122. 390, 428/29

123. 428.

124. 75.

125. 253. 254, 263. 266, 483.

126. 262.

127. 316.

128. 428.

129. 427.

130. 30, 67, 99, 314.

131. 100.

132. 424.

133. 101.

134. 146, 192.

135. 226.

136. 397, 400.

137. 235.

138. 237.

139. 328.

140. 462, 389.

141. 387, 264, 495.

142. 394.

143. 403.

144. 390. 395, 429.

145. 485.

146. 507.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

147. 465.

148. 486.

149. 490.

150. 497, 537.

151. 358, 393, 401, 458, 403, 502.

152. 488.

153. 507/08, 511, 512, 521.

154. 297, 385.

155. 344.

156. 252.

157. 493.

158. 251.

159. 347.

160. 282.

161. 322.

162. 258, 259, 456.

163. 246.

164. 324/5

16 . 236, 423.

166. 423.

167. 423.

168. 457.

169. 410.

170. 396.

171. 386.

172. 510, 547/8, 550.

173. 435.

174. 488.

175. 427.

176. 297, 309, 349, 360, 424, 426, 434.

177. 169.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

178. 318.

179. 299.

180. 300, 301.

181. 338, 352, 388.

182. 491.

183. 411, 467, 500.

184. 136, 433.

185. 453.

186. 491.

187. 9.

188. 207, 332, 441, 412.

189. 6, 7, 9, 359.

190. 1.

191. 3, 133.

192. 4.

193. 4/5.

194. 19, 20, 123.

195. 7.

196. 109, 134, 135.

197. 151, 265. 301, 308, 513, 487.

198. 155.

199. 169.

200. 211.

201. 313, 417, 431.

202. 141.

203. 184.

204. 217.

205. 222.

206. 276.

207. 319.

208. 9.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

209. 10.

210. 137.

211. 139.

212. 143, 146, 153, 165, 210, 223.

213. 152.

214. 182, 367, 386.

215. 415.

216. 405.

217. 446.

218. 427.

219. 388.

220. 407.

221. 84, 167, 170, 174, 175, 190, 253, 285, 336, 506, 509, 510.

222. 178.

223. 219.

224. 234.

225. 375, 376.

226. 573.

227. 448.

228. 485/89

229. 494.

230. 503/5

231. 523.

232. 503.

233. 502.

234. 503/4

235. 514.

236. 516/7.

237. 517/8.

238. 525.

239. 526.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

240. 529.

241. 530.

242. 512.

243. 509/10.

244. 504.

245. 509, 514/15.

246. 517, 549, 550, 551.

247. 518, 533.

248. 519.

249. 522, 524, 532.

250. 526.

251. 531.

252. 540, 541, 543.

253. 552.

254. 511.

255. 7, 10.

256. 80, 81.

ਪੰਨ XII ਤੇ ਸਿੱਖਾ ਪ੍ਰਤੀ ਹਵਾਲਿਆਂ ਦਾ ਵੇਰਵਾ ਬਹੁਤ ਲਾਹੇਵੰਦ ਨਹੀਂ ।

257. 77/8.

258. 87.

259. 527.

260. 215/6.

261. VIII.

262. ਅ. ਗ. 471.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸੂਫ਼ੀ ਕਾਵਿ ਦਾ ਕਾਵਿਸ਼ਾਸਤ੍ਰ-ਕਾਫ਼ੀ ਦੇ ਪ੍ਰਸੰਗ ਵਿਚ*

ਕਾਵਿਸ਼ਾਸਤ੍ਰ poetics ਦਾ ਅਨੁਵਾਦ ਹੈ। ਸ਼ਬਦਾਵਲੀ ਅਤੇ ਸਿਨਫ਼ ਦਾ ਮੁੱਢ ਹਕੀਮ ਅਰਸਤੂ ਤੋਂ ਬੱਝਦਾ ਹੈ। poetics ਸ਼ਬਦ ਦਾ ਮੂਲ ਯੂਨਾਨੀ ਕਿਰਿਆ poiein ਵਿਚ ਹੈ ਜਿਸਦਾ ਮਤਲਬ 'ਬਣਾਉਣਾ' ਹੈ। ਕਿਸੇ ਸਾਹਿਤ ਰੂਪ ਦਾ ਪੋਇਟਿਕਸ ਜਾਂ ਕਾਵਿਸ਼ਾਸਤ੍ਰ ਇਹ ਦੱਸਦਾ ਹੈ ਕਿ ਇਹਨੂੰ ਬਣਾਈਦਾ ਕਿਵੇਂ ਹੈ ? ਹਕੀਮ ਅਰਸਤੂ ਦੇ ਕਾਵਿਸ਼ਾਸਤ੍ਰ ਵਾਂਗੂੰ ਇਹਦੇ ਵਿਚ ਭਾਵਕ ਮਨੋਰਥ ਵੀ ਆ ਜਾਂਦਾ ਹੈ। ਰਚਨਾ ਦੀ ਬਣਤਰ ਤੋਂ ਉਹਦੇ ਘੱਟ ਵੱਧ ਸੁਹਣੇ ਹੋਣ ਦਾ ਅਨੁਮਾਨ ਲਾਇਆ ਜਾਂਦਾ ਹੈ। ਧਰਮਪ੍ਰਧਾਨ ਸਮਾਜ ਵਿਚ ਕਾਵਿਸ਼ਾਸਤ੍ਰ ਨੂੰ ਕਾਰੀਗਰੀ ਹੀ ਮੰਨਿਆ ਗਿਆ ਕਿਉਂਕਿ ਇਹਦੇ ਬ੍ਰਹਮ-ਵਿਦਿਅਕ ਮਨੋਰਥ ਸਵੈ-ਸਿੱਧ ਹਨ। ਸਾਡੇ ਸ਼ਿਲਪਸ਼ਾਸਤ੍ਰ ਇਹਦੀ ਮਿਸਾਲ ਹਨ। 19ਵੀਂ ਸਦੀ ਦੇ ਵਿਧਾਰਮਕ ਜਾਂ ਲੌਕਿਕ ਯੂਰਪ ਨੂੰ ਧਰਮ ਦਾ ਘਾਟਾ ਪੂਰਾ ਕਰਨ ਲਈ ਦਾਰਸ਼ਨਕ ਆਦਰਸ਼ਵਾਦ ਦੀ ਲੋੜ ਪਈ। ਇੰਝ ਸੌਂਦਰਯ ਦੀ ਕਾਢ ਹੋਈ ਜਾਂ ਇਸ ਸ਼ਬਦ ਦੀ। ਮੈਂ ਕਾਵਿਸ਼ਾਸਤ੍ਰ ਅਤੇ ਸੌਂਦਰਯ ਨੂੰ ਇਕੋ ਅਰਥਾਂ 'ਚ ਲੈਂਦਾ ਹਾਂ।

ਸੂਫ਼ੀ ਕਾਵਿ ਬਾਰੇ ਕਈ ਮਨਘੜਤ ਭੁਲੇਖੇ ਹਨ। ਇਹਦਾ ਅਦਵੈਤ ਦਰਸ਼ਨ ਨਾਲ ਕੋਈ ਸਬੰਧ ਨਹੀਂ ਅਤੇ ਨਾ ਹੀ ਭਾਰਤੀ ਅਦਵੈਤੀਆਂ ਨੇ ਸੂਫ਼ੀ ਕਾਵਿ ਜਹੀ ਕਵਿਤਾ ਰਚੀ। ਸੂਫ਼ੀਮਤ ਦੀ ਮੁਸਲਮਾਨੀ ਸ਼ਰ੍ਹਾ ਨਾਲ ਸਿੱਧੀ, ਸਨਮੁੱਖ ਟੱਕਰ ਨਹੀਂ। "ਕੁਝ ਧੜੇ ਤਾਂ ਸ਼ਰ੍ਹਾ ਦੇ ਵਿਹਾਰਕ ਨਿਯਮਾਂ ਦੀ ਪਾਲਨਾ ਦੀ ਅਵੱਸ਼ਯਕਤਾ 'ਤੇ ਜ਼ੋਰ ਦਿੰਦੇ ਸਨ। ਭਾਵੇਂ ਨਾਲ ਇਹ ਗੱਲ ਵੀ ਕਹਿੰਦੇ ਸਨ ਕਿ ਨਿਯਮਾਂ ਦੀ ਪਾਲਨਾ ਤਾਂ ਹੀ ਮਹੱਤਵ ਰੱਖਦੀ ਹੈ ਜੇ ਇਹਨੂੰ 'ਦਿਲ ਦੀ ਕਿਰਤ' ਨਾਲ ਜੋੜਿਆ ਜਾਵੇ। ਕਈ ਧਾਰਮਕ ਕਾਨੂੰਨ, ਮਰਯਾਦਾ ਦੇ ਫਰਮਾਨਾਂ ਵਿਚ ਚੇਹਨਿਕ ਮੁੱਲ ਸਮਝਦੇ ਸਨ। ਤੀਸਰੇ ਅਰਥਾਂ ਨੂੰ ਵਿਹਾਰਕ ਧਰਮ ਦੀਆਂ ਰੱਖ ਰਖਾਵਾਂ ਤੋਂ ਉਚਾ ਮੰਨਦੇ ਸਨ। ਕਈ ਵਾਰ ਉਹ ਇਸ ਹੱਦ ਤੱਕ

*ਸ਼ੇਖ ਫਰੀਦ ਚੇਅਰ ਸੈਮੀਨਾਰ, ਚੰਡੀਗੜ੍ਹ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਲੇ ਜਾਂਦੇ ਸਨ ਕਿ ਉਹਨਾਂ ਨੂੰ ਮਜ਼ਹਬੀ ਰਸਮ ਤੋਂ ਕੀ ਆਚਾਰ ਦੇ ਨਿਯਮਾਂ ਤੋਂ ਵੀ ਆਜ਼ਾਦੀ ਹੈ। ਦੁਨੀਆਂ ਦੀ ਅ-ਯਥਾਰਥਕਤਾ ਦਾ ਮਤਲਬ ਹੈ ਕਿ ਇਹਦੇ ਗੁਣ ਵੀ ਅਣਹੋਏ ਹਨ। ਉਸ ਬੰਦੇ ਲਈ ਸਮਾਜ ਦੇ ਆਦੇਸ਼ ਅਤੇ ਇਹਦੀਆਂ ਪ੍ਰਸਤਾਵਨਾਵਾਂ, ਕਿਸੇ ਖ਼ਾਸ ਫ਼ਿਰਕੇ ਦੇ ਅਸੂਲ ਕੀ ਮਾਹਨੇ ਰੱਖਦੇ ਹਨ ਜਿਸ ਨੇ ਵਿਅਰਥ ਮਿਹਰਾਜ ਜਾਂ ਛੱਲ ਨੂੰ ਵੇਖ ਲਿਆ ਹੈ।''[1]

ਸੂਫ਼ੀ ਕਾਵਿਸ਼ਾਸਤ੍ਰ ਦੇ ਵੇਰਵੇ 'ਚ ਜਾਣ ਤੋਂ ਪਹਿਲਾਂ ਮੈਂ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਹਰ ਧਰਮ, ਲਹਿਰ, ਸਮਾਜੀ ਤਹਿਰੀਕ ਅਤੇ ਲੋਕ-ਕਲਾਵਾਂ ਦਾ ਆਪਣਾ ਆਪਣਾ ਕਾਵਿਸ਼ਾਸਤ੍ਰ ਹੁੰਦਾ ਹੈ।[2] ਵੰਨਗੀ ਲਈ ਸ਼ਰ੍ਹਾ ਦੇ ਕਾਵਿਸ਼ਾਸਤ੍ਰ ਦਾ ਵਰਨਣ ਹੈ :

ਬਾਬ ਦਰ ਬਿਆਨ ਨਜ਼ਰ ਗੋਇਦ
ਨਜ਼ਮ ਜੀਹਦਾ ਨਾਉਂ ਹੈ
ਬਾਝੋਂ ਫ਼ਿਕ੍ਹ ਅਸੂਲ
ਤਿਨ ਅੱਲਾ ਦੀ ਦਰਗਾਹ ਵਿਚ
ਨਾਹੀ ਨਜ਼ਮ ਕਬੂਲ
ਮੁੱਲਾ ਸੇਤੀ ਪੁੱਛ ਤੂੰ
ਜੋ ਜਾਨਣ ਫ਼ਿਕ੍ਹ ਅਸੂਲ
ਅੱਲਾ ਦੀ ਦਰਗਾਹ ਵਿਚ
ਉਹ ਆਲਮ ਸਭ ਕਬੂਲ
ਫ਼ਿਕ੍ਹ ਅਸੂਲ ਨ ਸਮਝਣ ਨਜ਼ਮੀਂ
ਉਹਦਾ ਸਿਹਰੀ ਦਿਲ ਚਾਯਾ
ਆਖਣ ਸਿਹਰ ਲੱਗਣ ਮਲਾਇਕ
ਇਹਨਾਂ ਹੱਕ੍ਹ ਨਾ ਪਾਯਾ
ਫ਼ਿਕ੍ਹ ਅਸੂਲ ਤੇ ਵਹਿਦਾਨੀਅਤ
ਨਜ਼ਮੀਂ ਸਮਝਣ ਨਾਹੀਂ
ਇਹ ਰਾਹ ਹੱਕ੍ਹਾਨੀ ਛੋੜ ਕਰੇਂ
ਵੰਝਣ ਕੁਰਾਹੇ ਰਾਹੀਂ
ਜੇ ਮੁਸਲਿਮ ਕਿਸੇ ਵਜ਼ੂ ਹੋਵੇ
ਗ਼ੈਬਤ ਸਿਹਰ ਬੋਲੀਏ
ਇਸਤਿਹਸਾਬ ਅਹਾਏ ਉਸ ਨੂੰ
ਵਜ਼ੂ ਫੇਰ ਸਾਜ਼ੀਏ
ਇਹ ਲਿਖਿਆ ਵਿਚ ਖਜ਼ਾਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਪ੍ਰੇਤੇ ?) ਪ੍ਰੀਤੇ ਰੱਦ ਖ਼ੁਦਾ
ਅਮਲ ਕਰੋ ਇਹਨਾਂ ਅਸਲਿਆਂ ਉਪਰ
ਕ਼ਿਆਮਤ ਲਹੋ ਜਿਜ਼ਾ
ਆਖ ਫਕ਼ੀਰ ਦਾਤ...
ਕਿੱਥੇ ਲਹੇ ਜਵਾਬ
ਇਹ ਤਰਗ਼ੀਬ ਸਲਵਾਤੇ ਅੰਦਰ
ਲਿਖੀ ਕਨਜ਼-ਉਲ ਬਾਰ ।[3]

ਸੂਫ਼ੀਵਾਦ ਜ਼ਜਬਾਤੀ ਪ੍ਰਤੀਕਰਮ ਹੈ ਜਿਹੜਾ ਜੀਵਨ, ਪ੍ਰਕਿਰਤੀ ਅਤੇ ਰੱਬ ਦੀ ਭਾਵਕ ਉਸਾਰੀ ਕਰਦਾ ਹੈ । ਜੇ ਵਿਅਕਤੀਗਤ ਖ਼ਿਆਲਾਂ ਨੂੰ ਛੱਡ ਲਈਏ ਤਾਂ (ਮੁਸਲਮਾਨੀ) ਪ੍ਰੰਪਰਾਵਾਦੀਆਂ ਦੀ ਆਤਮਾ ਅਜਿਹੀ ਸੀ ਜਿਹੜੀ ਧਰਮ ਨੂੰ ਉਪਚਾਰਕ ਰਸਮਸਾਜ਼ੀ ਵੱਲ ਖਿੱਚਦੀ ਸੀ । ਅੱਲ਼ਾ ਤੁਆਲਾ ਦੀ ਮੰਗ ਹੈ—ਰਸਮੀ ਇਹਤਕਾਦ ਜਿਸ ਦੇ ਨਿੱਕੇ ਨਿੱਕੇ ਵੇਰਵੇ ਦੀ ਠੀਕ ਪੂਰਤੀ ਨਾਲ ਉਹ ਖ਼ੁਸ਼ ਹੁੰਦਾ ਹੈ । ਜਦੋਂ ਬ੍ਰਹਮ-ਵਿਦਵਾਨ ਅਤੇ ਫ਼ੈਲਸੂਫ ਦੈਵੀ ਸੱਤ ਦੀ ਕੁੱਲੀ ਏਕਤਾ ਨੂੰ ਪ੍ਰੀਭਾਸ਼ਤ ਅਤੇ ਇਹਦੀ ਤਰਕ-ਉਸਾਰੀ ਕਰਨ ਲੱਗੇ ਸਨ ਤਾਂ ਕੁਝ ਸ਼ਰਧਾਵਾਨ ਟੋਲਿਆਂ ਨੇ ਏਕਤਾ ਦੇ ਤੱਤ ਨੂੰ ਭਾਵ ਸਹਿਤ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ।"[4]

"ਸੂਫ਼ੀ ਦਾ ਭਾਵਰੰਗ (mood) ਪਿਆਰ ਹੈ, ਲਕਸ਼ ਮਾਹਰਫ਼ਤ, ਅਤੇ ਸਰਵੋਤਮ ਅਨੁਭਵ ਵਜਦ ਹੈ ।"[5] ਅਲ-ਕੁਸ਼ੇਰੀ ਅਨੁਸਾਰ ਪਿਆਰ ਅਜਿਹੀ ਆਹਲਾ ਹਾਲਤ ਹੈ ਕਿ ਰੱਬ ਆਪ ਨੂੰ ਆਪਣੇ ਚਾਕਰ ਅੱਗੇ ਪ੍ਰਗਟ ਕਰ ਦਿੰਦਾ ਹੈ । ਰੱਬ ਦਾ ਚਾਕਰ ਨਾਲ ਅਤੇ ਚਾਕਰ ਦਾ ਰੱਬ ਨਾਲ ਪਿਆਰ ਹੈ । ਰੱਬ ਦੇ ਪਿਆਰ ਵਿਚ ਆਦਮੀ ਦੇ ਦਿਲ ਦੀ ਅਜਿਹੀ ਹਾਲਤ ਹੁੰਦੀ ਹੈ ਕਿ ਇਸ ਦੀ ਸੂਖ਼ਮਤਾ ਵਰਨਣ ਦਾ ਸਹਿਨ ਨਹੀਂ ਕਰਦੀ । ਅਜਿਹੀ ਅਵਸਥਾ ਵਿਚ ਬੰਦਾ ਖ਼ੁਦਾ ਦੀ ਉਸਤਤੀ ਕਰਦਾ ਹੈ, ਉਹ ਆਪਣੇ ਹਾਲ 'ਤੇ ਖ਼ੁਸ਼, ਜੁਦਾਈ ਕਾਰਨ ਬੇ-ਸਬਰ, ਰੱਬ ਦੀ ਤਾਂਘ ਵਿਚ ਸਿਮ੍ਰਨ ਦੀ ਲਿਵਤਾਰ ਰਾਹੀਂ ਉਹਦੇ ਨੇੜੇ ਅਨੁਭਵ ਕਰਦਾ ਹੈ । ਪਰ ਬੰਦੇ ਦੀ ਮੁਹੱਬਤ ਦਾ ਮਤਲਬ ਇਹ ਨਹੀਂ ਕਿ ਰੱਬ ਵੀ ਉਹਦੇ ਨਾਲ ਪਿਆਰ ਵਖਾਏ ਜਾਂ ਬੰਦਾ ਉਹਦੇ ਵਿਚ ਲੀਨ ਜਾਂ ਉਸ ਨੂੰ ਗ੍ਰਹਿਣ ਕਰ ਸਕੇ । ਇਹ ਕਿੰਝ ਹੋ ਸਕਦਾ ਹੈ ? ਕਿਉਂ ਜੋ ਅਨੰਤ ਨੂੰ ਪਹੁੰਚਣਾ, ਇਹਨੂੰ ਪਾਉਣਾ ਅਤੇ ਇਹਦੇ 'ਚ ਲੀਨ ਹੋਣਾ ਸੰਭਵ ਨਹੀਂ । ਇਹ ਕਹਿਣਾ ਜ਼ਿਆਦਾ ਠੀਕ ਹੋਵੇਗਾ ਕਿ ਆਸ਼ਿਕ ਮਾਸ਼ੂਕ 'ਚ ਖ਼ਤਮ ਹੋ ਜਾਂਦਾ ਹੈ ਨਾ ਕਿ ਉਹ ਉਹਦੇ ਨਾਲ ਮਿਲ ਜਾਂਦਾ ਹੈ । ਕੁਸ਼ੈਰੀ ਅਨੁਸਾਰ ਬੰਦੇ ਦੀ ਅਵਸਥਾ ਦੀ ਵਿਆਖਿਆ ਕਰਨ ਲਈ 'ਇਸ਼ਕ' ਤੋਂ ਵਧੇਰੇ ਚੰਗਾ ਲਫ਼ਜ਼ ਕੋਈ ਨਹੀਂ ਭਾਵੇਂ ਇੰਝ ਬਹੁਤ ਕੁਝ ਵਿਆਖਿਆਹੀਣ ਰਹਿ ਜਾਂਦਾ ਹੈ ।"[6] ਵਾਰਿਸ ਸ਼ਾਹ ਇਸ਼ਕ ਨੂੰ ਸ੍ਰਿਸ਼ਟੀ ਦਾ ਸਿਧਾਂਤ, ਇਸਲਾਮ ਦੀ ਬੁਨਿਆਦ, ਦਰਵੇਸ਼ ਦੇ ਮਰਤਬੇ, ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ੍ਰਮੁੱਖਤਾ ਦੇ ਜਗਤ ਦੀ ਅਮੀਰੀ ਦਾ ਕਾਰਨ ਮੰਨਦਾ ਹੈ :

ਅੱਵਲ ਹਮਦ ਖ਼ੁਦਾਇ ਦੀ ਵਿਰਦ ਕੀਜੈ
ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ
ਪਹਿਲਾਂ ਆਪ ਹੀ ਰੱਬ ਨੇ ਇਸ਼ਕ ਕੀਤਾ
ਮਾਸ਼ੂਕ ਹੈ ਨਬੀ ਰਸੂਲ ਮੀਆਂ
ਇਸ਼ਕ ਪੀਰ ਫ਼ਕੀਰ ਦਾ ਮਰਤਬਾ ਹੈ
ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ
ਖਿਲੇ ਤਿਨ੍ਹਾਂ ਦੇ ਬਾਗ਼ ਕਲੂਬ ਅੰਦਰ
ਜਿੰਨ੍ਹਾਂ ਕੀਤਾ ਹੈ ਇਸ਼ਕ ਕ਼ਬੂਲ ਮੀਆਂ ।[7]

"ਫਿਕਹ ਅਤੇ ਪ੍ਰਮੱਤ (dogma) ਦੀ ਨੀਂਹ ਤਰਕ ਵਿਚ ਸੀ । ਦਲੀਲ ਰਾਹੀਂ ਇਕ ਸੱਚ ਤੋਂ ਦੂਜੇ ਸੱਚ ਤਾਈਂ ਪਹੁੰਚਿਆ ਜਾ ਸਕਦਾ ਸੀ । ਪਰ ਸੂਫ਼ੀ ਤਾਂ ਤਰਕ ਦੀ ਕ੍ਰਿਆ ਨੂੰ ਰੱਦ ਕਰਦਾ ਸੀ । ਸਬੂਤ ਰਾਹੀਂ ਗ੍ਰਹਿਣ ਕੀਤਾ ਗਿਆਨ ਉਸ ਤੋਂ ਵੱਖਰਾ ਹੈ ਜਿਹੜਾ ਵਿਅਕਤੀ ਨੂੰ ਆਪਣੀ ਆਤਮਾ ਵਿਚ ਮਾ'ਰਫਤ ਰਾਹੀਂ ਮਿਲਦਾ ਹੈ । ਉਹਨਾਂ ਦਾ ਇਕ ਨਾਲ ਮਿਲਾਪ ਦਾ ਤਰੀਕਾ ਹੀ ਗਿਆਨ ਦਾ ਸਾਧਨ ਹੈ, ਅਕ਼ਲ ਦਲੀਲ ਨਹੀਂ ।"[8]

"ਦਰਵੇਸ਼ਾਂ ਦੀ ਗਿਣਤੀ ਭਾਵੇਂ ਪਹਿਲਾਂ ਥੋੜ੍ਹੀ ਸੀ ਪਰ ਲੰਬੇ ਸਮੇਂ 'ਚ ਬੜੀ ਬਾ-ਰਸੂਖ਼ ਸਾਬਤ ਹੋਈ ਅਤੇ ਇਹ ਸੰਗਠਿਤ ਵੀ ਨਹੀਂ ਸਨ । ਉਹ ਇਕੋ ਜਿਹੇ ਮਨੋਭਾਵਾਂ ਕਾਰਨ ਸਮਾਨ ਪ੍ਰਣਾਮਾਂ 'ਤੇ ਪਹੁੰਚ ਗਏ ਅਤੇ ਉਹਨਾਂ ਰਸੂਲ ਦੇ ਨਿਯਮਾਂ ਦੀ ਮਾ'ਕੂਲ-ਮਿਜ਼ਾਜੀ ਨੂੰ ਪਰੇ ਸੁੱਟ ਦਿੱਤਾ । ਜਿਥੇ ਨਬੀ ਨੇ ਏਸ ਜਗਤ ਅਤੇ ਅਗਲੀ ਦੁਨੀਆਂ ਦੇ ਕਰਤੱਵਾਂ ਦਾ ਸੰਤੁਲਨ ਰੱਖਿਆ ਸੀ ਉੱਥੇ ਇਹ ਭ੍ਰਿਸ਼ਟ ਲੋਕ ਦੀਆਂ ਦਾਤਾਂ ਤੋਂ ਬੇ-ਤੁਅੱਲਕ਼ ਹੋ ਗਏ ਅਤੇ ਇਮਤਿਹਾਨ ਅਰਥਾਤ ਡੋਲਣ ਤੋਂ ਡਰ ਦੇ ਮਾਰੇ ਏਸ ਜਗਤ ਦੇ ਕਰਤੱਵਾਂ ਤੋਂ ਮੁਕਤ ਹੋ ਗਏ । ਖ਼ੁਦਾ-ਤਰਸ ਇਕ ਇਕੱਲਿਆਂ ਜਾਂ ਨਿੱਕੇ ਗ਼ੈਰ-ਰਸਮੀ ਗਰੁੱਪਾਂ ਵਿਚ ਆਪਣੀ ਰੂਹਾਨੀ ਲੜਾਈਆਂ ਲੜਨ ਲੱਗੇ । 12ਵੀਂ ਸਦੀ ਤੋਂ ਪੀਰ ਮੁਰੀਦਾਂ ਦੇ ਸਿਲਸਿਲੇ ਸ਼ੁਰੂ ਹੋ ਗਏ । ਜੇ ਸੁਰੱਖਿਆ ਨੂੰ ਤਿਆਗ ਕੇ ਗ਼ਰੀਬੀ ਅਪਣਾਈ ਹੋਵੇ ਤਾਂ ਇਹ ਰੱਬ ਵਿਚ ਬੰਦੇ ਦੇ ਇਹਤਕ਼ਾਦ ਨੂੰ ਪੱਕਾ ਕਰ ਦਿੰਦੀ ਹੈ । ਅੰਨ-ਪਾਣੀ ਲਈ ਬੰਦੇ ਨੂੰ ਹੌਂਕਲਤਾਈ ਦੀ ਲੋੜ ਨਹੀਂ । ਪੂਰਨ ਤਵੱਕੁਲ ਤਾਂ ਹੀ ਪੈਦਾ ਹੁੰਦਾ ਹੈ ਜੇ ਦੁਨੀਆਂ ਨੂੰ ਪੱਕੀ ਤਰ੍ਹਾਂ ਤਿਆਗ ਦੇਈਏ ।"[9]

ਮੁਰੀਦ ਦੇ ਇਸ਼ਕ ਦੇ ਮਕ਼ਾਮਾਤ ਹਨ ਜਿਹੜੇ ਭਵਸ਼ਾਸਤ੍ਰ (ontology) ਦੇ ਦਰਜੇ ਵੀ ਬਣਦੇ ਹਨ । ਇਸ਼ਕ ਮਾ'ਰਫਤ ਤਕ ਲੈ ਜਾਂਦਾ ਹੈ । ਮਾ'ਰਫਤ 'ਦੋਸਤ' ਦਾ ਮਿਲਣਾ ਹੈ ਜਿਸ ਕਰਕੇ ਉਹਦੇ ਨਾਲ ਸਾਂਝ ਬਣ ਜਾਂਦੀ ਹੈ । ਸਾਂਝ ਕਾਰਨ ਮਾਨਸਿਕ ਸਥਿਰਤਾ ਅਤੇ ਤਸੱਲੀ ਪੈਦਾ ਹੁੰਦੀ ਹੈ ਜਿਹੜੀ ਦੈਵੀ ਹੁਕਮ ਤੋਂ ਬਾਦ ਦਿਲੀ ਸਕੂਨ 'ਚ ਬਦਲ ਜਾਂਦੀ ਹੈ । ਏਸ ਅਨੁਭਵ ਤੋਂ ਅੱਗੇ ਫਨ੍ਹਾ ਹੈ ਜਿਸ ਵਿਚ ਨਿੱਜੀ ਚੇਤਨਾ ਮੁੱਕ ਜਾਂਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਹਨਾਂ ਮਕ਼ਾਮਾਤ ਵਿਚ ਬੰਦਾ ਖੁਦੀ ਨੂੰ ਧੋ ਕੇ, ਗੁਨਾਹਾਂ ਨੂੰ ਮੁਕਾਉਣ ਤੋਂ ਬਾਦ, ਕੇਵਲ ਰੱਬ ਦੇ ਖ਼ਿਆਲ ਨਾਲ ਇਕਾਗਰਤਾ ਬਣਾ ਕੇ ਅਤੇ ਪ੍ਰਤੱਖਣ ਦੇ ਜਗਤ ਨੂੰ ਛੱਡ ਕੇ ਅਜਿਹੇ ਮਰਤਬੇ ਨੂੰ ਪਹੁੰਚਦਾ ਹੈ ਕਿ ਚੇਤਨ ਬੁੱਧੀ ਲੈਯ ਹੋ ਜਾਂਦੀ ਹੈ। ਕੇਵਲ ਖ਼ੁਦਾਈ 'ਚ ਡੁੱਬੇ ਆਰਫ ਨੂੰ ਆਪਣੀ ਚੇਤਨਾ ਗੁਆਉਣ ਦੀ ਚੇਤਨਾ ਨਹੀਂ ਰਹਿੰਦੀ ਅਤੇ ਉਹ ਬਸ਼ਾਰਤ ਜਾਂ ਪ੍ਰਸਾਦਿ ਦੇ ਕਮਾਲ ਨੂੰ ਪਹੁੰਚ ਜਾਂਦਾ ਹੈ।[10]

ਸਪੱਸ਼ਟ ਹੈ ਕਿ ਫ਼ਨ੍ਹਾ ਦਾ ਸਿਧਾਂਤ ਉਸ ਬੇਅੰਤ ਦੇ ਪਾੜੇ ਨੂੰ ਮੇਲ ਦਿੰਦਾ ਹੈ ਜਿਹੜਾ ਰੱਬ ਅਤੇ ਬੰਦੇ ਵਿਚਕਾਰ ਹੈ ਅਤੇ ਜਿਸ ਉਤੇ ਇਸਲਾਮੀ ਮੱਤ ਖੜ੍ਹਾ ਹੈ। ਨਿੱਜੀ ਆਤਮਾ ਦਾ ਦੈਵੀ ਤੱਤ ਵਿਚ ਵਿਲੈਯ ਹੋਣ ਦਾ ਮਾਵਰਾ ਜਾਂ ਕੁਰਾਨ ਵਾਲੇ ਅੱਲਾ ਦੇ ਪ੍ਰਮਾਰਥ ਨਾਲ ਅਜੋੜ ਹੈ। ਇੰਝ ਹਲੂਲ ਦੇ ਵਿਚਾਰ ਨੇ ਇਸਲਾਮੀ ਮੱਤ ਦੇ ਮੂਲ ਨੂੰ ਖ਼ਤਰੇ ਵਿਚ ਪਾ ਦਿੱਤਾ। ਅਲ-ਹੱਲਾਜ (ਮੌਤ 922) ਜਿਹੇ ਅਵਲੋਕਨੀ (visionary) ਦੀ ਸ਼ਹਾਦਤ ਨੇ ਸੂਫ਼ੀਆਂ ਨੂੰ ਸੰਕੋਚ ਲਈ ਮਜਬੂਰ ਕਰ ਦਿੱਤਾ। ਉਹ ਇਹ ਕਹਿਣ ਲੱਗੇ ਕਿ ਫ਼ਨ੍ਹਾ ਦਾ ਮਤਲਬ ਤੱਤ ਦਾ ਗੁਆਉਣਾ ਜਾਂ ਵਿਅਕਤਿਤਵ ਦਾ ਵਿਲਯ ਨਹੀਂ। ਫ਼ਨ੍ਹਾ ਅੰਦਰ ਮਨੁੱਖੀ ਗੁਣ, ਨਾ ਕਿ ਤੱਤ, ਮੁੱਕ ਜਾਂਦੇ ਹਨ। ਇਸ ਕਰਕੇ ਸੂਫ਼ੀ ਅੱਲਾ ਦੇ ਗੁਣਾਂ 'ਚ ਪ੍ਰਵੇਸ਼ ਕਰਦਾ ਹੈ ਨਾ ਕਿ ਉਹਦੇ ਤੱਤ ਵਿਚ।"[11]

ਸੂਫ਼ੀ ਮਨੋਵਿਗਿਆਨ ਦਾ ਆਧਾਰ ਹੈ ਕਿ 'ਰੱਬ ਉਸਨੂੰ ਯਾਤਨਾ ਦਿੰਦਾ ਹੈ ਜਿਸਨੂੰ ਉਹ ਪਿਆਰ ਕਰਦਾ ਹੈ।' 15ਵੀਂ ਸਦੀ ਵਿਚ ਕਿਸੇ ਫਰਾਂਸੀਸੀ ਦਾ ਭੋਲਾ ਭਾਲਾ ਇਕ਼ਬਾਲ ਹੈ। ਕਿਸੇ ਸੰਤ ਨੂੰ ਸਜ਼ਾਇ ਮੌਤ ਮਿਲੀ ਹੈ। ਉਹ ਸ਼ਹਾਦਤ ਦੇ ਸਮੇਂ ਕਹਿੰਦਾ ਹੈ ਕਿ ਮੈਂ ਖ਼ੁਸ਼ ਹਾਂ ਕਿਉਂਕਿ ਸਾਰੀ ਦੁਨੀਆਂ ਮੇਰਾ ਮਾਣ ਕਰੇਗੀ। "ਇੱਥੋਂ ਹਿੰਦੂ ਫਕੀਰਾਂ ਦੀ ਤਪੱਸਿਆ ਅਤੇ ਮੁਸਲਮਾਨ ਦਰਵੇਸ਼ਾਂ ਦੇ ਆਤਮ-ਤਸੀਹੇ ਤੱਕ ਸਿੱਧੀ ਲੀਕ ਜਾਂਦੀ ਹੈ। ਕਿਸੇ ਦੀ ਪੀੜਾ ਅਤੇ ਯਾਤਨਾ-ਸਹਿਤ ਮ੍ਰਿਤ ਨੂੰ ਅਨੇਕਾਂ ਉਘੇ ਦਰਸ਼ਕ ਵੇਖ ਰਹੇ ਹਨ। ਕੱਲ ਕਲਾਪੇ ਤਪੀ ਅਤੇ ਸ਼ਹੀਦਾਂ ਦੀ ਮਿਸਾਲ ਵੇਖਣ ਨੂੰ ਹੀ ਇਹਦੇ ਉਲਟ ਪ੍ਰਤੀਤ ਹੁੰਦੀ ਹੈ। ਇਕਾਂਤ ਦੇ ਤਪੀਆਂ ਸਾਧੂਆਂ ਨੇ ਆਪਣੇ ਆਪ ਨੂੰ ਕੱਟਿਆ ਵੱਢਿਆ ਕਿਉਂਕਿ ਉਹਨਾਂ ਦਾ ਪ੍ਰਮੁੱਖ ਪਰ ਇਕੋ ਇਕ ਰੱਬ ਗਵਾਹ ਸੀ। ਉਹ ਉਹਨੂੰ ਜਤਾਉਂਦੇ ਹਨ ਕਿ ਉਹਨਾਂ ਰੱਬ ਲਈ ਕਿੰਨੇ ਕਸ਼ਟ ਝੱਲੇ। ਉਹ ਉਹਨੂੰ ਸਾਬਤ ਕਰ ਵਖਾਉਂਦੇ ਹਨ ਕਿ ਉਹਨਾਂ ਆਪਣੇ ਗੁਨਾਹਾਂ ਦੀ ਸਜ਼ਾ ਭੁਗਤ ਲਈ ਹੈ। ਚਾਹੇ ਤੌਬਾ, ਪਛਤਾਵਾ ਕਿੰਨਾ ਪ੍ਰਮਾਣਿਕ ਹੋਵੇ, ਦੁੱਖ ਕਿੰਨਾ ਵੀ ਸਵੈਇੱਛਤ ਕਿਉਂ ਨਾ ਹੋਵੇ, ਇਹਨਾਂ ਦਾ ਪਬਲਿਕ (ਦਰਸ਼ਕਾਂ) ਬਿਨਾਂ ਸਰਦਾ ਨਹੀਂ ਹੈ। ਇਹ ਯਾਤਨਾ ਅਕਸਰ ਅਭਿਨੈ ਹੁੰਦੀ ਹੈ ਅਤੇ ਇਹਦੇ 'ਚੋਂ ਥੇਟਰੀ ਭਾ ਮਾਰਦੀ ਹੈ।[12] ਸੂਫ਼ੀ ਕਾਵਿ ਵਿਚ ਥੇਟਰੀ ਅੰਸ਼ ਅਣਗੌਲਿਆ ਰਿਹਾ ਹੈ। ਪੰਜਾਬੀ ਸੂਫ਼ੀ ਕਾਵਿ ਵਿਚ ਸਰੋਦੀਪਨ ਇਸੇ ਤਮਾਸ਼ਾਗਰੀ ਦਾ ਹਿੱਸਾ ਹੈ। ਇਹਦਾ ਇੰਨਾ ਤਕੜਾ ਪ੍ਰਭਾਵ ਹੈ ਕਿ ਅਸੀਂ ਇਹਨੂੰ ਵਿਹੰਦੇ ਚਾਖਦੇ ਨਹੀਂ। ਇਹਦਾ ਸਰੋਦ ਅਨੁਭਵ 'ਚੋਂ ਉਪਜਿਆ ਨਹੀਂ ਸਗੋਂ ਇਹ ਅਨੁਭਵ ਉਤੇ ਠੋਸਿਆ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕੋਈ ਵਿਸ਼ੇਸ਼ ਚੀਜ਼ ਅਨੁਭਵ ਦੇ ਵਿਲਾਸ 'ਚ ਜਮਾ ਹੁੰਦੀ ਹੈ ਜਿਹੜੀ ਇਸ ਨੂੰ ਖ਼ੁਸ਼ੀ ਰੰਗਤ ਦਿੰਦੀ ਹੈ... ਇਹ ਚੀਜ਼ ਕਿਵੇਂ ਨਾ ਕਿਵੇਂ ਡਰ ਨਾਲ ਜੁੜੀ ਹੈ ਜਿਹੜੀ ਕਿ ਆਮ ਕਰਕੇ ਖੁਸ਼ੀ ਦੇ ਵਿਕਾਸ ਨੂੰ ਰੋਕਦੀ ਹੈ। ਫਿਕਰ ਅੰਦੇਸ਼ੇ ਉਤੇ ਕਾਬੂ ਅਤੇ ਵਿਲਾਸ ਇੱਕੋ ਰੌਂ 'ਚ ਚਲਦੇ ਹਨ। ਫਿਕਰ ਅੰਦੇਸ਼ੇ ਨੂੰ ਭੈਕਾਰ ਵੱਲ ਅੱਗੇ ਵੱਧਕੇ ਕਾਬੂ ਕੀਤਾ ਜਾਂਦਾ ਹੈ। ਜਿਹੜਾ ਵਿਲਾਸ ਦੁੱਖ ਅਤੇ ਸ਼ਰਮ ਤੋਂ ਪੈਦਾ ਹੁੰਦਾ ਹੈ ਉਸਦਾ ਅਨੁਭਵ ਵਧੇਰੇ ਡੂੰਘਾ ਹੁੰਦਾ ਹੈ ਅਤੇ ਜਿਸਦਾ ਅਰਥਸ਼ਾਲੀ ਹੋਣਾ ਜ਼ਰੂਰੀ ਹੈ। ਵਿਲਾਸ ਦੀ ਸ਼ਿੱਦਤ ਅੰਤ ਨੂੰ ਦੁੱਖ ਦਰਦ ਕਾਰਨ ਘਟਦੀ ਨਹੀਂ ਸਗੋਂ ਵਧਦੀ ਹੈ। ਭੋਗ ਤੋਂ ਪਹਿਲਾਂ ਜਿਤਨੇ ਜ਼ਿਆਦਾ ਦੁੱਖ ਦਰਦ ਝੱਲੇ ਹਨ ਉਨੀ ਹੀ ਵਿਲਾਸ ਦੀ ਸ਼ਿੱਦਤ ਬਣ ਜਾਂਦੀ ਹੈ। ਜਿਸ ਗੱਲ ਨੂੰ ਬੰਨ੍ਹ ਲੱਗਾ ਸੀ ਹੁਣ ਉਹਦੀ ਖਲਾਸੀ ਵੀ ਉਨੀ ਹੀ ਸ਼ਕਤੀਵਾਨ ਹੈ। ਸਵੈਯਾਤਨਾ 'ਭਾਵੇਂ...' ਦੀ ਪ੍ਰਕਿਰਤੀ ਦੇ ਵਿਲਾਸ ਦੀ ਅਜਬ ਸੁਰ ਬਣਾਉਂਦੀ। ਦਰਦ ਦੇ ਪਰਦੇ 'ਤੇ ਅਜਿਹਾ ਵਿਲਾਸ ਪੈਦਾ ਹੁੰਦਾ ਹੈ ਜਿਹੜਾ ਕਿ ਸਾਧਾਰਨ ਨਾਲੋਂ ਸ਼ਦੀਦ ਅਤੇ ਨਫਸੀ ਹੁੰਦਾ ਹੈ।"[13] 'ਸ਼ਦੀਦ ਪੁਰ-ਨਫਸ ਸੰਵੇਦਨਾ' ਸੂਫ਼ੀ ਕਾਵਿਸ਼ਾਸਤ੍ਰ ਦਾ ਦੂਸਰਾ ਲੱਛਣ ਹੈ। ਪ੍ਰਮਾਰਥ ਦੇ ਅਗੰਮ ਦਾ ਵਰਣਨ ਸਰੀਰਕ ਹੈ ਜਿਹੜਾ ਕਿ ਇਤਫਾਕੀਆ ਨਹੀਂ ਸਗੋਂ ਸੂਫ਼ੀ ਮਨੋਵਿਗਿਆਨ ਅਨੁਸਾਰ ਲਾਜ਼ਮੀ ਹੈ। ਪਵਿਤ੍ਰ ਅਤੇ ਭਰਿਸ਼ਟ ਦੀ ਇਕੋ ਵੇਲੇ ਲੋੜ ਹੈ। ਸੂਫ਼ੀ ਅਨੁਭਵ ਦੇ ਦਾਰਸ਼ਨਕ ਆਧਾਰ ਦੀ ਮਨੋਵਿਗਿਆਨਕ ਸ਼ਿਲਾ ਹੈ। 'ਕਿਆਮਤ ਦਾ ਦਿਨ' ਸੂਫ਼ੀ ਅਨੁਭਵ ਵਿਚ ਵਿਸ਼ਸ਼ਟ ਵਾਧਾ ਕਰਦਾ ਹੈ ਜਿਹੜਾ ਇਹਦੇ ਹਿੰਦੂ ਭਾਗ 'ਚ ਨਹੀਂ ਹੋ ਸਕਦਾ। "ਇਕ ਤਾਂ ਆਉਣ ਵਾਲੀਆਂ ਪੁਸ਼ਤਾਂ 'ਤੇ ਗੁੱਝੀ ਲੁਕਵੀਂ ਆਸ ਹੈ ਕਿ ਉਹ ਕਿਸੇ ਦੇ ਅਜ਼ਾਬ ਨੂੰ ਮਰਨ ਉਪਰੰਤ ਸ੍ਵੀਕਿਰਤੀ ਦੇਣਗੀਆਂ ਅਤੇ ਨਵੀਂ ਕ਼ਦਰ-ਉ-ਮੰਜ਼ਲਤ ਨਾਲ ਉਹਦੀ ਖਾਹਿਸ਼ ਪੂਰੀ ਹੋਵੇਗੀ। ਦੂਜੇ ਇਕ ਹੋਰ ਹੀ ਪ੍ਰੀਪੇਖ ਹੈ। ਹੁਣ ਧਾਰਮਕ ਨਿਸ਼ਚਾ ਇਸ ਧਰਤੀ 'ਤੇ ਨਹੀਂ, ਨਾ ਹੀ ਆਉਂਦੀਆਂ ਨਸਲਾਂ ਦੀ ਆਸ ਹੈ। ਹੁਣ ਗੱਲ ਉਪਰਲੇ ਰੱਬ ਦੀ ਕਚਹਿਰੀ ਵਿਚ ਚਲੀ ਗਈ ਹੈ। ਸਵੈਯਾਤਨਾ ਪ੍ਰਵਿਰਤੀ ਦਾ ਲਕਸ਼ ਇਸ ਜੀਵਨ ਤੋਂ ਬਾਦ ਪੂਰਾ ਹੁੰਦਾ ਹੈ। ਰੋਜ਼-ਇ-ਕ਼ਿਆਮਤ ਦਾ ਅਚੇਤ ਸੁਪਨੇ ਸਮਾਨ ਪ੍ਰਭਾਵ ਹੈ। ਉਥੇ ਦੁੱਖ, ਜ਼ਿੱਲਤਾਂ, ਨਾਕਾਮੀਆਂ ਯੋਗ ਸਿੱਧ ਹੋਣਗੀਆਂ ਅਤੇ ਉਹਨਾਂ ਦਾ ਉਦੇਸ਼ ਸਵੀਕਾਰ ਹੋਵੇਗਾ। ਭਾਵੇਂ ਇਹ ਵਿਕਲਪ ਪ੍ਰਮੱਤ (dogmatic) ਕਲਾਮ ਜਾਂ ਬ੍ਰਹਮ-ਵਿਦਿਆ ਦਾ ਅੰਸ਼ ਪ੍ਰਤੀਤ ਹੋਵੇ ਪਰ ਇਹ ਕਈ ਬੰਦਿਆਂ ਵਿਚ ਝਾਉਲੀ, ਅਚੇਤ ਆਸ ਵਾਂਗੂੰ ਕੰਮ ਕਰਦਾ ਹੈ ਜਿਹਨਾਂ ਨੇ ਭਾਵੇਂ ਪੱਕੇ ਧਾਰਮਕ ਵਿਸ਼ਵਾਸ਼ ਨਾਲੋਂ ਨਾਤਾ ਤੋੜ ਲਿਆ ਹੁੰਦਾ ਹੈ।"[14] ਉਪਰੋਕਤ ਤੋਂ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ। ਕਈ ਬੇ-ਸ਼ਰ੍ਹਾਂ ਸੂਫ਼ੀ ਮਨੋਵਿਗਿਆਨਕ ਤੌਰ ਤੇ ਜ਼ਿਆਦਾ ਕੱਟੜ ਹੋ ਸਕਦੇ ਹਨ। ਦੂਸਰੇ ਨਾਸ਼ਮਾਨਤਾ ਸੂਫ਼ੀ ਅਨੁਭਵ ਦਾ ਤੱਤ ਨਹੀਂ ਸਗੋਂ ਸੂਫ਼ੀ ਤੱਤ ਲਈ ਲਾਜ਼ਮੀ ਸ਼ਰਤ ਹੈ। ਕੋਈ ਵਜਾਹ ਨਹੀਂ ਕਿ ਨਾਸ਼ਮਾਨਤਾ ਦੇ ਅਨੁਭਵ ਤੋਂ ਸੂਫ਼ੀ ਸੰਵੇਦਨਾ ਪੈਦਾ ਹੋਵੇ। ਇਸ ਕਰਕੇ ਨਾਸ਼ਮਾਨਤਾ ਦਾ ਵਿਸ਼ਾ ਸੂਫ਼ੀ ਕਾਵਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤਰਗਤ ਵਿਚਾਰਨਯੋਗ ਨਹੀਂ ਹੈ।

ਸੂਫ਼ੀ ਕਾਵਿ ਸ਼ਾਸਤ੍ਰ ਡਾ. ਅਤਰ ਸਿੰਘ ਹੋਰਾਂ ਦੇ ਕਥਨ ਵਿਚ ਸੰਖਿਪਤ ਹੋ ਜਾਂਦਾ ਹੈ। "ਸ਼ਾਹ ਹੁਸੈਨ ਵਿਚ ਕਿਸੇ ਬੱਝਵੇਂ ਨੇਮ ਦਾ ਅਭਾਵ", "ਉਪਰਾਮਤਾ ਦਾ ਰਹੱਸ ਹੈ ਪਰ ਅਧਿਆਤਮਕ ਬੌਧਿਕਤਾ ਦਾ ਖ਼ਾਸਾ ਨਹੀਂ।"[16] ਲੇਖ ਦਾ ਮਨੋਰਥ ਇਹਨਾਂ ਅੰਸ਼ਾਂ ਦਾ ਸੌਂਦ੍ਰਆਤਮਕ ਵਿਸਥਾਰ ਕਰਨਾ ਹੈ। ਕਾਫ਼ੀ ਇਸੇ ਕਾਵਿਸ਼ਾਸਤ੍ਰ ਦਾ ਅਗਲਾ, ਨਿਆਯਸ਼ੀਲ ਪੜਾਉ ਹੈ।

ਸੂਫ਼ੀਆਂ ਦੀ ਵਾਧੂ ਲੁਤਫਪਰਸਤੀ ਸਰੋਦੀਪਨ 'ਚ ਅਵਤਰਦੀ ਹੈ। ਇਹ ਸਾਨੂੰ ਥੇਟਰੀ ਅੰਸ਼ ਨਾਲ ਧੋਖਾ ਦਿੰਦੀ ਹੈ ਅਤੇ ਥੇਟਰੀਪਨ ਹੀ ਸੂਫ਼ੀ ਕਾਵਿ ਨੂੰ ਧੋਖਾ ਦੇ ਜਾਂਦਾ ਹੈ। ਵਰੋਧਾਰਥ ਹੈ ਕਿ ਸਰੋਦ ਹੀ ਸੂਫ਼ੀ ਕਾਵਿ ਨੂੰ ਇਕਾਗਰ ਕਰਨ ਦਾ ਸਾਧਨ ਬਣਦਾ ਹੈ ਜਿਸ ਵਿਚ ਕਈ ਪ੍ਰਵਿਰਤੀਆਂ ਅਤੇ ਅਨੁਭਵ ਦੇ ਸਥਲ ਹੁੰਦੇ ਹਨ ਜਿਹੜੇ ਵਿਹਾਰਕ ਖ਼ੁਦੀ ਨੂੰ ਤਿਆਗਣ ਦੇ ਰਾਹ 'ਚ ਆਉਂਦੇ ਹਨ। ਸੂਫ਼ੀ ਅਤਰਕਵਾਦ ਵੀ ਇਸੇ ਪਾਸੇ ਚਲਾ ਜਾਂਦਾ ਹੈ ਜਦੋਂ ਵਰਨਣ ਦੀਆਂ ਬੇ-ਜਾ ਸਕ੍ਰਾਂਤੀਆਂ ਨੂੰ ਕੇਵਲ ਸਰੋਦ ਹੀ ਬੰਨ੍ਹਕੇ ਰਖਦਾ ਹੈ। ਸ਼ਬਦਾਂ ਦੀ ਦੁਮੁੱਖਤਾ ਹੈ ਅਤੇ ਸਮਕਾਲੀ ਰਵੱਯੀਏ ਵਿਚ ਦੁਵੱਲਤਾ ਸੀ। ਹਾਫ਼ਿਜ਼ ਦਾ ਕਾਲ "ਭਾਵ ਦੇ ਛਛੋਰਾਪਨ ਅਤੇ ਪਾਰਸਾਈ ਨੂੰ ਉਤੇਜਤ ਕਰਦਾ ਸੀ। ਦੋਵੇਂ ਪ੍ਰਤੀਕਰਮ ਘੁਲ ਮਿਲ ਜਾਂਦੇ ਹਨ ਅਤੇ ਇਕ ਤੋਂ ਦੂਸਰੇ 'ਤੇ ਫੇਰਬਦਲ ਅਕਸਰ ਹੁੰਦੇ ਰਹਿੰਦੇ ਹਨ ਪਰ ਇਹ ਜ਼ਰੂਰੀ ਨਹੀਂ ਸੀ ਕਿ ਕਵੀ ਦੇ ਦਿਲ 'ਚ ਕੋਈ ਅੰਤਰਵਿਰੋਧ ਹੋਵੇ।"[16] ਸੂਫ਼ੀਆਂ ਦਾ ਇਤਿਹਾਸਕ ਕਰਤੱਵ ਥੇਟਰ ਤੋਂ ਵਧ ਨਹੀਂ। "ਭਾਵੇਂ ਸੂਫ਼ੀ ਦਮਿੱਤ ਲੋਕਾਂ ਦੇ ਲਾਇਸੰਸ-ਯਾਫ਼ਤਾ ਬੁਲਾਰਾ ਹੈ...ਬਾਦਸ਼ਾਹ ਦੀ ਬਦੀਆਂ ਦੇ ਪਰਖਚੇ ਉਡਾ ਦਿੰਦਾ ਹੈ ਪਰ ਉਹ ਆਪਣੇ ਪਰਵਰਦਿਆਂ ਦੀਆਂ ਤਕਲੀਫ਼ਾਂ ਨੂੰ ਬਹੁਤਾਂ ਮਹੱਤਵ ਨਹੀਂ ਦਿੰਦਾ...ਬਾਦਸ਼ਾਹ ਰੋ ਪਛਤਾ ਲੈਂਦਾ ਹੈ, ਜ਼ੁਲਮੀ ਅਫ਼ਸਰ ਹਟਾ ਦਿੱਤਾ ਜਾਂਦਾ ਹੈ ਪਰ ਮੂਲ ਰੂਪ ਵਿਚ ਬਦਲਦਾ ਕੁੱਝ ਵੀ ਨਹੀਂ।"[17]

ਬੁੱਲ੍ਹੇ ਸ਼ਾਹ ਦੀ ਰਚਨਾ ਦਾ ਵਿਸ਼ਲੇਸ਼ਣ ਇਸ ਗੱਲ ਵਿਚ ਸਹਾਈ ਹੋਵੇਗਾ।

ਮੂੰਹ ਆਈ ਬਾਤ ਨਾ ਰਹਿੰਦੀ ਹੈ
ਝੂਠ ਆਖਾਂ ਤਾਂ ਕੁੱਝ ਬਚਦਾ ਹੈ
ਸੱਚ ਆਖਿਆਂ ਭਾਂਬੜ ਮਚਦਾ ਹੈ
ਦਿਲ ਦੋਹਾਂ ਗੱਲਾਂ ਤੋਂ ਜਚਦਾ ਹੈ
ਜਚ ਜਚ ਕੇ ਜਿਹਬਾ ਕਹਿੰਦੀ ਹੈ : ਮੂੰਹ ਆਈ...
ਇਕ ਲਾਜ਼ਮ ਬਾਤ ਅਦਬ ਦੀ ਹੈ
ਸਾਨੂੰ ਬਾਤ ਮਾਲੂਮੀ ਸਭ ਦੀ ਹੈ
ਹਰ ਹਰ ਵਿਚ ਸੂਰਤ ਰੱਬ ਦੀ ਹੈ
ਕਾਹੂੰ ਜ਼ਾਹਰ ਕਾਹੂੰ ਛਪੇਂਦੀ ਹੈ ਮੂੰਹ ਆਈ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਸ ਪਾਇਆ ਭੇਤ ਕਲੰਦਰ ਦਾ
ਰਾਹ ਖੋਜਿਆ ਆਪਣੇ ਅੰਦਰ ਦਾ
ਸੁਖਵਾਸੀ ਹੈ ਇਸ ਮੰਦਰ ਦਾ
ਜਿਥੇ ਚੜ੍ਹਦੀ ਹੈ ਨਾ ਲਹਿੰਦੀ ਹੈ : ਮੂੰਹ ਆਈ...

ਇਥੇ ਦੁਨੀਆਂ ਵਿਚ ਹਨੇਰਾ ਹੈ
ਅਤੇ ਤਿਲਕਣਬਾਜ਼ੀ ਵਿਹੜਾ ਹੈ
ਅੰਦਰ ਵੜਕੇ ਵੇਖੋ ਕਿਹੜਾ ਹੈ
ਬਾਹਰ ਖ਼ਲਕਤ ਪਈ ਢੂੰਢੇਂਦੀ ਹੈ : ਮੂੰਹ ਆਈ...

ਇਥੇ ਲੇਖਾ ਪਾਉਂ ਪਾਸਾਰਾ ਹੈ
ਇਸਦਾ ਵੱਖਰਾ ਭੇਤ ਨਿਆਰਾ ਹੈ
ਇਕ ਸੂਰਤ ਦਾ ਚਮਕਾਰਾ ਹੈ
ਜਿਉਂ ਚਿਣਗ ਦਾਰੂ ਵਿਚ ਪੈਂਦੀ ਹੈ : ਮੂੰਹ ਆਈ...

ਕਿਤੇ ਨਾਜ਼ ਉ ਅਦਾ ਦਿਖਲਾਈ ਦਾ
ਕਿਤੇ ਹੈ ਰਸੂਲ ਮਲਾਈ ਦਾ
ਕਿਤੇ ਆਸ਼ਕ ਬਣ ਬਣ ਆਈ ਦਾ
ਕਿਤੇ ਜਾਨ ਜੁਦਾਈ ਸਹਿੰਦੀ ਹੈ : ਮੂੰਹ ਆਈ. .

ਜਦੋਂ ਜ਼ਾਹਰ ਹੋਏ ਨੂਰ ਹੁਰੀਂ
ਜਲ ਗਏ ਪਹਾੜ ਕੋਹ ਤੂਰ ਹੁਰੀਂ
ਤਦੋਂ ਦਾਰ ਚੜ੍ਹੇ ਮਨਸੂਰ ਹੁਰੀਂ
ਉਥੇ ਸ਼ੇਖੀ ਨਾ ਮੈਂਡੀ ਤੈਂਡੀ ਹੈ : ਮੂੰਹ ਆਈ...

ਜੇ ਜ਼ਾਹਰ ਕਰਾਂ ਇਸਰਾਰ ਤਾਈਂ
ਸਭ ਭੁਲ ਜਾਣੇ ਤਕਰਾਰ ਤਾਈਂ
ਫਿਰ ਮਾਰਨ ਬੁਲ੍ਹੈ ਯਾਰ ਤਾਈਂ
ਅਤੇ ਮਖਫ਼ੀ ਗੱਲ ਸੁਹੇਂਦੀ ਹੈ : ਮੂੰਹ ਆਈ...

ਅਸਾਂ ਪੜ੍ਹਿਆ ਇਲਮ ਤਹਕੀਕੀ ਹੈ
ਉਥੇ ਇਕੋ ਹਰਫ਼ ਹਕੀਕੀ ਹੈ
ਹੋਰ ਝਗੜਾ ਸਭ ਵਧੀਕੀ ਹੈ
ਐਵੇਂ ਰੌਲਾ ਪਾ ਪਾ ਬਹਿੰਦੀ ਹੈ : ਮੂੰਹ ਆਈ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੁਲ੍ਹਾ ਸ਼ਾਹ ਅਸਾਥੋਂ ਵੱਖ ਨਹੀਂ
ਬਿਨ ਸ਼ਹੁ ਥੀਂ ਦੂਜਾ ਕੱਖ ਨਹੀਂ
ਪਰ ਵੇਖਣ ਵਾਲੀ ਅੱਖ ਨਹੀਂ
ਤਾਹੀਂ ਜਾਨ ਪਈ ਦੁਖ ਸਹਿੰਦੀ ਹੈ : ਮੂੰਹ ਆਈ...[18]

ਬੁਲ੍ਹੇ ਦੀ ਰਚਨਾ ਵਿਚ ਫਾਰਸੀ ਸੂਫ਼ੀ ਕਵਿਤਾ ਜਿਹੀ ਚੈਤ੍ਰੀ ਬਿੰਬਾਵਲੀ ਨਹੀਂ ਜਿਹੜੇ ਅਧਿਆਤਮਕ ਵਿਕਲਪਾਂ ਨੂੰ ਵੀ ਦਰਸਾਂਦੀ ਹੋਵੇ। ਇਹ ਕਿਸੇ ਅਮੂਰਤ ਪ੍ਰੀਕਲਪਨਾ ਦੀ ਕਵਿਤਾ ਨਹੀਂ ਬਣੀ ਨਾ ਹੀ ਇਸਦੇ ਵਿਚ ਅਤਿਅੰਤ ਰਹੱਸ ਤਾਂਘਾ ਦਾ ਅਸਿੱਧਾ ਵਰਨਣ ਹੈ। ਬਿੰਬਾਵਲੀ ਦਾ ਝਉਲ ਨਿਮਨਤਮ ਹੈ। ਇਹ ਅਨੁਭਵ ਦੀ ਨਹੀਂ ਸਗੋਂ ਕਥਨਾਂ ਦੀ ਕਵਿਤਾ ਹੈ। ਕਥਨਾਂ ਤੋਂ ਵਧ ਕੇ ਐਲਾਨਾਂ ਦੀ ਕਵਿਤਾ। ਬੁੱਲ੍ਹਾ ਭਾਵੇਂ "ਝੂਠ ਦੇ ਬਚਾਓ" ਅਤੇ "ਸੱਚ ਦੇ ਭਾਂਬੜ" ਦੀ ਗੱਲ ਕਰਦਾ ਹੈ ਪਰ "ਅਦਬ" ਹੀ ਰੁਕਾਵਟ ਬਣ ਗਿਆ ਹੈ। ਇਜ਼ਹਾਰ ਦੀ ਧਮਕੀ ਜ਼ਰੂਰਤ ਹੈ ਪਰ "ਇਸਰਾਰ ਮਖ਼ਫ਼ੀ" ਰਹਿੰਦੇ ਹਨ। ਧਿਆਨ ਨਾਲ ਵੇਖੀਏ ਤਾਂ ਬੰਦਾਂ ਅਤੇ ਪੰਕਤੀਆਂ ਦੇ ਸਿਰਜਣ ਵਿਚ ਪੰਜਾਬੀ ਅਰਥਾਂ ਦਾ ਤਵੱਕਲ ਹੈ। ਬੁੱਲੇ ਦੇ 'ਸੱਚ', 'ਅਦਬ', 'ਭੇਤ', 'ਰਾਹ' 'ਹਨੇਰਾ', 'ਚਿਣਗ', 'ਜੁਦਾਈ', 'ਸ਼ੇਖੀ', 'ਇਸਰਾਰ', 'ਇਲਮ ਤਹਕੀਕੀ', 'ਸ਼ਹੁ' ਨੂੰ ਕਿਸੇ ਬੌਧਿਕ ਅਧਿਆਤਮਕ ਗੋਂਦ ਵਿਚ ਨਹੀਂ ਗੁੰਦਿਆ ਗਿਆ। ਕੇਵਲ ਸਰੋਦ ਅੜੋਪਾਟੀ ਅੰਸ਼ਾ ਨੂੰ ਜੋੜੀ ਜਾ ਰਿਹਾ ਹੈ। ਹਰ ਇਕ ਲਾਈਨ ਥੇਟਰੀ ਅਭਿਨੈ ਹੈ।

ਪੰਜਾਬੀ ਸੂਫ਼ੀ ਕਵਿਤਾ ਬੁੱਧੀ ਰਹਿਤ ਭਾਵ ਦੀ ਕਵਿਤਾ ਹੈ ਜਿਸ ਦਾ ਰੂਪਕ ਤਵੱਕਲ ਇਹਨੂੰ ਕਈ ਵਾਰ ਜ਼ੇਹੂਦਗੀ ਦੇ ਸਤਰ 'ਤੇ ਲੈ ਜਾਂਦਾ ਹੈ।

ਇੰਝ ਹੀ ਜੇ ਅਸੀਂ "ਮੇਰੀ ਬੁੱਕਲ ਦੇ ਵਿਚ ਚੋਰ ਨੀ"[19] ਦਾ ਵਿਸਲੇਸ਼ਨ ਕਰੀਏ ਤਾਂ ਇਹ ਤੱਥ ਸਾਹਮਣੇ ਆਉਂਦੇ ਹਨ। 'ਚੋਰ' ਦੀ ਸੁਹਣੀ ਦੁਵੱਲਤਾ ਹੈ ਜਦੋਂ ਵਿਹਾਰਕ ਹਉਂ ਚੋਰਪੈਰੀਂ ਖੁਦੀ ਦਾ ਚਿੰਨ੍ਹ ਬਣ ਜਾਂਦਾ ਹੈ। ਭਾਵੇਂ ਹਿੰਦੂ ਮੁਸਲਮਾਨਾਂ ਬਾਰੇ ਅਗਲੇ ਬੰਦ ਰਾਜਨੀਤਕ ਤੌਰ 'ਤੇ ਕਿੰਨੇ ਚੰਗੇ ਲੱਗਣ ਪਰ ਵਿਅਰਥ ਹਨ। 'ਤਖਤ ਲਹੌਰ' ਸ਼ਾਹ ਇਨਾਇਤ ਦਾ ਮਕਾਮ ਹੋ ਸਕਦਾ ਹੈ ਪਰ ਸਵੈਜੀਵਨੀ ਦੇ ਵੇਰਵੇ ਨੇ ਚੋਰ ਦੇ ਚਿੰਨ੍ਹ ਨੂੰ ਪਤਨ ਵਿਚ ਸੁੱਟ ਦਿੱਤਾ ਹੈ। ਪਰ ਇਹ ਕਵਿਤਾ ਸੂਫ਼ੀ ਕਾਵਿਸ਼ਾਸਤ੍ਰ ਦਾ ਪ੍ਰਤਿਨਿਧ ਨਮੂਨਾ ਹੈ। ਕਾਵਿਕ ਪਤਨ ਦਾ ਉਦਾਹਰਨ "ਬੁਲ੍ਹਿਆ ਕੀ ਜਾਣਾ ਮੈਂ ਕੌਣ"[20] ਵਿਚ ਮਿਲ ਜਾਂਦਾ ਹੈ। ਮੁੱਢਲੇ ਸਵਾਲ ਦਾ ਜਵਾਬ ਨਾ ਪ੍ਰੀਕਾਲਪਨਿਕ ਹੈ ਨਾ ਅਨੁਭਾਵਕ, ਸਗੋਂ ਮਨਫ਼ੀ ਦਾ ਵਿਸਥਾਰ ਹੈ। 'ਨਗੌਰੀ', 'ਪਸ਼ੌਰੀ', 'ਨਦੌਣ', ਪਤਨ ਦੇ ਅੰਗ ਹਨ। ਹੋਰ ਤਾਂ ਹੋਰ 'ਵਿਚ ਭੌਣ' ਦੀ ਵਿਆਕਰਨ ਵੀ ਗ਼ਲਤ ਹੈ।

ਵਾਰਿਸ ਸ਼ਾਹ ਤਸਵੱਫ ਦੀਆਂ ਗੱਲਾਂ ਕਰਦਾ ਹੈ ਨਾ ਕਿ ਸੂਫ਼ੀ ਦੇ ਅੰਤਰਮੁਖੀ ਅਨੁਭਵ ਦੇ ਰਹੱਸ ਦਾ ਵਰਨਣ ਕਰਦਾ ਹੈ ਅਤੇ ਅਜੋੜ ਹੀ ਕਹਿ ਦਿੰਦਾ ਹੈ ਕਿ ਉਹਦੇ ਸਿਅਰਾਂ ਵਿਚ ਕੁਰਾਨ ਦੇ ਮਹਿਨੇ ਹਨ।[21]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਫ਼ੀਆਂ ਗੁਰੂ ਗ੍ਰੰਥ ਵਿਚ ਹਨ; ਮ. 1, ਆਸਾ ਕਾਫ਼ੀ ਅਸ਼ਟਪਦੀ, ਸੂਹੀ ਕਾਫ਼ੀ ਘਰ 10, ਮਾਰੂ ਕਾਫ਼ੀ ਘਰ 3; ਮ. 3. ਆਸਾ ਘਰ 8 ਕਾਫ਼ੀ, ਆਸਾ ਅਸ਼ਟਪਦੀ ਘਰ 8; ਮ. 4, ਆਸਾ ਘਰ 8 ਕਾਫ਼ੀ; ਮ. 5. ਆਸਾ ਘਰ 8 ਕਾਫ਼ੀ; ਮ. 9 ਤਿਲੰਗ ਕਾਫ਼ੀ। ਮੋਹਨ ਸਿੰਘ ਦੀਵਾਨਾ ਅਨੁਸਾਰ ਕਾਫ਼ੀ ਨੂੰ ਹੁਸੈਨ ਆਦਿ ਨੇ ਮੁਸਲਮਾਨਾਂ 'ਚ ਪ੍ਰਚਲਤ ਕੀਤਾ।[22] ਇਹਦੇ ਵਿਚ ਆਪਣੇ ਆਪ ਨੂੰ 'ਮਨੁੱਖ ਬ੍ਰਿਹਨ ਪਤਨੀ' ਸਮਝਦਾ ਹੈ।

ਭਾਈ ਕਾਨ੍ਹ ਸਿੰਘ ਅਨੁਸਾਰ "ਕਾਫ਼ੀ ਦਾ ਅਰਥ ਹੈ ਪਿੱਛੇ ਚਲਣ ਵਾਲਾ...ਛੰਦ ਦਾ ਉਹ ਪਦ ਜੋ ਸਥਾਈ ਹੋਵੇ ਜਿਸ ਪਿਛੇ ਹੋਰ ਤੁਕਾਂ ਗਾਉਣ ਸਮੇਂ ਜੋੜੀਆਂ ਜਾਣ ਅਤੇ ਜੋ ਮੁੜ ਮੁੜ ਗੀਤ ਦੇ ਤਾਲ ਵਿਸ੍ਰਾਮ ਪੁਰ ਆਵੇ ਸੋ ਕਾਫ਼ੀ ਹੈ...ਸੂਫ਼ੀ ਫਕੀਰ ਜੋ ਪ੍ਰੇਮਰਸ ਗਾਇਆ ਕਰਦੇ ਹਨ ਅਤੇ ਜਿਨ੍ਹਾਂ ਪਿੱਛੇ ਸਾਰੀ ਮੰਡਲੀ ਮੁਖੀ ਦੇ ਕਹੇ ਪਦ ਨੂੰ ਦੁਹਰਾਉਂਦੀ ਹੈ ਉਹ ਕਾਫ਼ੀ ਹੈ...ਕਾਫ਼ੀ ਖਾਸ ਛੰਦ ਨਹੀਂ ਕਿੰਤੂ ਗਾਉਣ ਦਾ ਢੰਗ ਹੈ।"[23]

ਭਾਈ ਕਾਨ੍ਹ ਸਿੰਘ ਕਾਫ਼ੀ ਦੇ ਵਿਸਥਾਰ ਦੇ ਆਧਾਰ ਵੱਲ ਇਸ਼ਾਰਾ ਕਰਦੇ ਹਨ। ਦੂਸਰੇ ਪਾਸੇ ਸਾਨੂੰ ਲਾਜਵੰਤੀ ਰਾਮਾਕ੍ਰਿਸ਼ਨਾਂ ਦੇ ਕਾਫ਼ੀਆਂ ਦੇ ਵੇਰਵੇ ਤੋਂ ਵੱਧ ਅਜ ਪ੍ਰਕਾਸ਼ਤ ਪੁਸਤਕਾਂ 'ਚ ਉਪਲਬਧ ਕਾਫ਼ੀਆਂ ਦਾ ਕਿੰਨਾ ਪਸਾਰਾ ਨਜ਼ਰ ਆਉਂਦਾ ਹੈ। ਮੈਂ ਏਸ ਸਮਾਜਵਿਗਿਆਨਕ ਰਲਾ ਨੂੰ ਆਲੋਚਨਾ ਦੇ ਨਿਯਮ 'ਚ ਬਦਲਨਾ ਚਾਹੁੰਦਾ ਹਾਂ। ਮਹਿਫਲ ਵਿਚ ਗਾਉਣ ਸਮੇਂ ਰਲਾ ਦੀ ਇਜਾਜ਼ਤ ਹੀ ਨਹੀਂ ਸਗੋਂ ਮੰਗ ਹੈ। ਕਾਫ਼ੀ ਸਾਹਿਤ ਰਚਨਾ ਤੋਂ ਬਾਹਰ ਦਾ ਅੰਗ ਬਣ ਜਾਂਦੀ ਹੈ। ਮਨੋਵਿਗਿਆਨੀ ਠੀਕ ਹੀ ਸੂਫ਼ੀ ਅਨੁਭਵ ਨੂੰ ਥੇਟਰੀ ਕਹਿੰਦੇ ਸਨ। ਦੂਸਰੇ ਇਹ ਸੂਫ਼ੀ ਕਵੀ ਦੇ ਵਿਅਕਤੀ ਅਨੁਭਵ ਨੂੰ ਲੋਕਗੀਤ 'ਚ ਬਦਲ ਦਿੰਦੀ ਹੈ। 'ਸਮੁੱਚ ਦਾ ਅਨੁਭਵ' ਅਯੋਗ ਸ਼ਬਦਾਵਲੀ ਹੈ; ਜਿਹਦਾ ਮਤਲਬ ਇਹੀ ਹੈ ਕਿ 'ਸਮੁੱਚ' ਵਿਅਕਤੀ ਦੇ ਅਨੁਭਵ ਨੂੰ ਆਪਣੀਆਂ ਲੋੜਾਂ, ਸਮੂਬਾ ਅਤੇ ਅਤੇ ਸੀਮਾਵਾਂ ਅਨੁਸਾਰ ਬਦਲ ਲੈਂਦਾ ਹੈ। ਨਤੀਜੇ ਵਜੋਂ ਜਿਸ 'ਅਧਿਆਤਮਕ ਤੱਤ ਦੀ ਘਾਟ' ਦਾ ਡਾ. ਅਤਰ ਸਿੰਘ ਜ਼ਿਕਰ ਕਰਦੇ ਸਨ ਉਹ ਹੋਰ ਵੀ ਲੋਪ ਹੋ ਜਾਂਦਾ ਹੈ।

ਤੀਸਰੇ ਕੋਈ ਪਿਛਲੇ ਸੌ ਸਾਲ ਤੋਂ ਸਾਨੂੰ ਹਿੰਦੂ ਮੁਸਲਿਮ ਏਕੇ ਦੀ ਲੋੜ ਸੀ। ਫਰਕਿਆਂ ਦੀ ਸਹਿ-ਹੋਂਦ ਲੋਕਧਰਮ ਦੀ ਨੀਂਹ 'ਤੇ ਖੜ੍ਹੀ ਸੀ। ਸੂਫ਼ੀ ਅਨੁਭਵ ਨਿਰੋਲ ਮੁਸਲਮਾਨੀ ਨਾ ਰਿਹਾ ਸਗੋਂ ਗੁੱਗੇ ਪੀਰ ਅਤੇ ਖਾਜਾ ਖਿਜ਼ਰ ਵਾਂਗ 'ਨਾ ਹਿੰਦੂ ਨਾ ਮੁਸਲਮਾਨ' ਬਣ ਕੇ ਰਹਿ ਗਿਆ।

ਅਦਵੈਤ, ਅਤੇ ਰਾਮ ਕ੍ਰਿਸ਼ਨ ਨੇ ਲੋਕ ਸੂਫ਼ੀਕਾਵਿ ਵਿਚ ਪ੍ਰਵੇਸ਼ ਕਰ ਲਿਆ। ਸ਼ਾਇਦ ਇਹ ਵੀ ਸੂਫ਼ੀ ਮਨੋਵਿਗਿਆਨ ਦਾ ਛਛੋਰਾਪਨ ਸੀ। ਜੇ 'ਨਗੌਰੀ ਨਦੌਣ' ਦਾ ਕੋਈ ਖ਼ਿਆਲ ਨਹੀਂ ਤਾਂ 'ਰਾਮ ਕ੍ਰਿਸ਼ਨ' ਦਾ ਕੀ ਹਰਜ ਹੈ।

ਕਾਫ਼ੀ ਨਾਲ ਸੂਫ਼ੀ ਕਾਵਿ ਵਧੇਰੇ ਸਰੋਦੀ, ਵਧੇਰੇ ਬੇਮਹਿਨੀ ਹੁੰਦਾ ਲੋਕਗੀਤ ਦਾ ਸਰੂਪ ਹੋ ਜਾਂਦਾ ਹੈ। ਗੁਲਾਮ ਫ਼ਰੀਦ ਦੇ ਜੇ ਪਹਿਲੇ ਬੰਦ ਨੂੰ ਅਖ਼ੀਰ 'ਚ ਪੜ੍ਹੀਏ ਤਾਂ ਕਾਫ਼ੀ ਬੋਲੀ ਬਣ ਜਾਂਦੀ ਹੈ ਅਤੇ ਪਹਿਲੀ ਪਾਲ 'ਤੋੜੇ' ਵਾਂਗੂੰ ਝੜ ਸਕਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਾਂਗ ਮਲੇਂਦੀ ਦਾ ਗੁਜ਼ਰ ਗਿਆ ਡੇਂਹ ਸਾਰਾ
ਸ਼ਿੰਗਾਰ ਕਰੇਂਦੀ ਦਾ ਗੁਜ਼ਰ ਗਿਆ ਡੇਂਹ ਸਾਰਾ

ਕਜਲਾ ਪਾਇਮ ਸੁਰਖੀ ਲਾਇਮ
ਕੀਤਮ ਯਾਰ ਵਿਸਾਰਾ

ਕਾਗ ਉਡੇਂਦੀ ਉਮਰ ਵਿਹਾਣੀ
ਆਇਆ ਨਾ ਯਾਰ ਪਿਆਰਾ

ਰੌਂਹ ਡੌਂਗਰ ਤੇ ਜੰਗਲ ਬੇਲਾ
ਰੋਲਿਆ ਸ਼ੌਕ ਅਵਾਰਾ

ਹਿਕ ਦਮ ਐਸ਼ ਦੀ ਸੇਜ ਨਾ ਮਾਣਿਅਮ
ਬਖ਼ਤ ਨਾ ਦਿਤੜਮ ਵਾਰਾ

ਪੜ੍ਹ ਬਿਸਮਿੱਲਾ ਘੋਲਿਅਮ ਸਰ ਕੋ
ਚਾਤੁਮ ਇਸ਼ਕ ਆਜ਼ਾਰਾ

ਰਾਂਝਣ ਮੈਂਡਾ ਮੈਂ ਰਾਂਝਣ ਦੀ
ਰੋਜ਼ ਅਜਲ ਦਾ ਕਾਰਾ

ਹਿਜਰ ਫ਼ਰੀਦਾ ਲੰਬੀ ਲਾਈ
ਜਲ ਗਾਇਓਮ ਮੁਫ਼ਤ ਵਿਚਾਰਾ ।[24]

ਰਥ ਧੀਮੇ ਧੀਮੇ ਟੋਰ
ਮੈਂਡਾ ਦਸਤਾ ਨਰਮ ਕਚੂਰ ਦਾ
ਮਤਾਂ ਵੰਗੀ ਲਗੇ ਟਕੋਰ
ਰਥ ਤੇ ਬਹਿੰਦੀ ਧੜਗ ਨਾ ਸਹਿੰਦੀ
ਹਿਮ ਤਬ੍ਹਾ ਕਮਜ਼ੋਰ ।[25]

ਸਰੋਦ ਤੋਂ ਬਾਦ ਬਾਕੀ ਰਚਨਾ ਬੇਮਹਿਨੀ ਹੈ । 'ਅਜ਼ਲ', 'ਰਾਂਝਣ', 'ਭੰਬੋਰ' ਅਤੇ 'ਰਥ' ਨੇ ਕਾਫ਼ੀ ਨੂੰ ਬੋਲੀ ਵਾਂਗੂੰ ਬੇ-ਸਾਖਤ ਬਣਾ ਦਿੱਤਾ ਹੈ ਜਿਸ ਵਿਚ ਕਿਧਰੇ ਕਿਧਰੇ ਕਲਪਨਾ ਦੀ ਲਾਟ ਉਭਰਦੀ ਹੈ ਪਰ ਸਾਧਾਰਨ ਰਚਨਾ ਅਨਘੜਤ ਹੀ ਰਹਿੰਦੀ ਹੈ । "ਯਾਰ ਸਿਪਾਹੀਅੜਾ ਆ ਵਸ ਮਾੜਰੇ ਕੋਲ"[26] ਵਿਚ ਕੋਈ ਸੂਫ਼ੀ ਗੱਲ ਨਹੀਂ । ਇਹ ਗੱਲ "ਸਾਵਣ ਬੂੰਦੜੀਆਂ ਝੜ ਲਾਵੇ"[27] ਬਾਰੇ ਸਹੀ ਹੈ । ਇਸੇ ਲੋਕਗੀਤ ਜ਼ੁਮਰੇ ਵਿਚ "ਸੱਜਣ ਦੇ ਗਲ ਬਾਂਹ ਅਸਾਡੀ", "ਨੀ ਮੈਂ ਕੈਹਨੂੰ ਦੱਸਾਂ", "ਪਿਆਰੇ ਬਿਨ ਰਾਤੀਂ ਹੋਈਆਂ ਵੱਡੀਆਂ",

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਬੁਰੀਆਂ ਬੁਰੀਆਂ ਬੁਰੀਆਂ ਵੇ", "ਸਈਓ ਮੇਰਾ ਮਾਹੀ ਤਾਂ ਆਣ ਮਿਲਾਵੋ", "ਜੇਤੀ ਜੇਤੀ ਦੁਨੀਆਂ ਰਾਮ ਤੇਰੇ ਕੋਲੋਂ ਮੰਗਦੀ" ਕਾਫ਼ੀਆਂ ਆਉਂਦੀਆਂ ਹਨ ।[28]

ਸੋ ਸਵੈਯਾਤਨਾ, ਸਰੋਦ, ਥੇਟਰ, ਤਵੱਕਲ ਦੇ ਛਛੋਰੇਪਨ, ਅਤੇ ਪਾਰਸਾਈ ਦਾ ਸੂਫ਼ੀ ਕਾਵਿ ਕਾਫ਼ੀ ਦੀ ਸ਼ਕਲ ਧਾਰ ਕੇ ਮਹਿਫਲ 'ਚ ਗਾਇਣ performance ਦਾ ਜਦੋਂ ਅੰਗ ਬਣਦਾ ਹੈ ਤਾਂ ਸਾਹਿਤ ਦੀ ਥਾਂ ਲੋਕਗੀਤ ਦੇ ਸਥਲ 'ਤੇ ਆ ਜਾਂਦਾ ਹੈ ਜਿਸਦੇ ਸਮਾਜਵਿਗਿਆਨਕ ਅਤੇ ਸੰਪਰਦਾਇਕ ਕਾਰਨ ਵੀ ਹਨ । ਸੰਪਰਦਾਇਕ ਏਕਤਾ ਲਿਆਉਣ ਵਾਲੀ ਕਾਫ਼ੀ ਦੀ ਆਪਣੀ ਏਕਤਾ ਖ਼ਤਮ ਹੋ ਗਈ ।

ਹਵਾਲੇ ਅਤੇ ਟਿੱਪਣੀਆਂ

1. *Medieval Islam : A Study in Cultural Orientation*, Gustave E. Von Grunebaum, The University of Chicago Press, 1961, 136/7.
2. 'ਗੁਰੂ ਨਾਨਕ ਦਾ ਸੌਂਦ੍ਰਯ', ਆਉਂਦੇ **ਪਰਖ** ਵਿਚ; 'ਮਾਝੇ ਦੇ ਲੋਕ ਗੀਤ' ਪੰਜਾਬੀ ਸਾਹਿਤ ਸਭਿਆਚਾਰ ਸੈਮੀਨਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮਾਰਚ 1990; 'ਫੁਲਕਾਰੀ' ।
3. MS Panj 13 Anwar i-Fraiz (1758/5) anon. I. O. L. London, 76.
4. *Medieval Islam*, 144, 133.
5. ibid, 133.
6. ibid, 134.
7. **ਹੀਰ ਵਾਰਿਸ ਦਾ ਪਰਮਾਣਿਕ ਤੇ ਪਰਵਾਣਿਤ ਮਤਨ**, ਸ. ਸ. ਸੀਤਲ, ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, ਬੰਦ 1.
8. *Medieval Islam*, 137.
9. ibid, 125, 128, 135.
10. ibid, 135.
11. ibid, 136.
12. *Masochism in Sex And Society*, Theodor Reik, Grove Press, N. Y., 1962, 78.
13. ibid 132.
14. ibid 336.
15. **ਸ਼ਾਹ ਹੁਸੈਨ ਦਾ ਕਾਵਿ ਅਨੁਭਵ, ਸੂਫ਼ੀ ਮਤ ਅਤੇ ਕਵਿਤਾ**, ਭਾਸ਼ਾ ਵਿਭਾਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ, 1970, 179, 181.

16. *Medieval Islam,* 121.
17. ibid 248/9.
18. *Panjabi Sufi Poets,* Lajwanti Ramakrishna, AJP, New Delhi, 1973, 87.
19. ibid, 84.
20. **ਬੁੱਲ੍ਹੇ ਸ਼ਾਹ ਦਾ ਕਾਵਿਲੋਕ : ਆਲੋਚਨਾ ਤੇ ਪਾਠ**, ਦੀਵਾਨ ਸਿੰਘ, ਬ.ਸ. ਘੁੰਮਣ, ਨਿਊ ਬੁਕ ਕੰਪਨੀ, ਜਲੰਧਰ, 1987, ਨੰ: 10.
21. 'ਏਹ ਕੁਰਾਨ ਮਜ਼ੀਦ ਦੇ ਮਾਇਨੇ ਹਨ ਜਿਹੜੇ ਸ਼ਿਅਰ ਮੀਏਂ ਵਾਰਿਸ਼ ਸ਼ਾਹ ਦੇ ਨੀਂ' ਬੰਦ 211.
22. **ਸ਼ਾਹ ਹੁਸੈਨ, ਰਚਨਾ, ਨਰੀਖਣ ਅਤੇ ਵਿਚਾਰ**, ਮ. ਸ. ਦੀਵਾਨਾ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1988, 29.
23. **ਮਹਾਨ ਕੋਸ**, 'ਕਾਫ਼ੀ'
24. **ਦੀਵਾਨ ਗੁਲਾਮ ਫਰੀਦ**, ਭਾਸ਼ਾ ਵਿਭਾਗ, ਪੰਜਾਬ, 1988, 48/9.
25. ਉਹੀ 85/6.
26. ਉਹੀ 124.
27, ਉਹੀ 290.
28. **ਸ਼ਾਹ ਹੁਸੈਨ**, 164, 131, 141, 160.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੀਰ ਵਾਰਿਸ ਅਤੇ 18ਵੀਂ ਸਦੀ ਦਾ ਪੰਜਾਬ*

ਕਿਸੇ ਸਘਨ ਵਰਣਨ ਰਾਹੀਂ ਆਤਮਿਕ ਅਮੂਰਤ ਮਹੱਤਵ ਨੂੰ ਦਰਸਾਉਣ ਵਾਲੀ ਕਿਰਤ ਨੂੰ allegory ਕਹਿੰਦੇ ਹਨ ਜਿਸ ਨੂੰ ਉਰਦੂ ਫਾਰਸੀ ਵਾਲੇ ਤਮਸੀਲ ਕਹਿੰਦੇ ਹਨ। ਤਮਸੀਲ ਦਾ ਲਫ਼ਜ਼ ਸਾਡੇ ਪ੍ਰਚਲਤ ਰੂਪਕ ਨਾਲੋਂ ਸੋਹਣਾ ਹੈ ਜਿਸ ਨਾਲ ਅਸੀਂ ਤਮਸੀਲ ਸਾਹਿਤ-ਰੂਪ ਦੀ ਚਰਚਾ ਵੀ ਕਰ ਸਕਦੇ ਹਾਂ। ਹਾਫਿਜ਼, ਰੂਮੀ, ਸਆਦੀ ਆਦਿ ਦੀ ਫ਼ਾਰਸੀ ਸ਼ਾਇਰੀ ਤਮਸੀਲੀ ਹੈ। ਸ਼ਾਇਦ ਸਾਡੇ ਸਾਹਿਤ ਵਿਚ ਕਿੱਸਾ ਵੀ ਸੂਫ਼ੀ ਅਸਰ ਕਾਰਨ ਆਇਆ ਹੈ। ਵਾਰਿਸ ਸ਼ਾਹ **ਹੀਰ**[1] ਨੂੰ ਤਮਸੀਲ ਬਣਾਉਣਾ ਚਾਹੁੰਦਾ ਸੀ। **ਹੀਰ** ਦਾ ਆਖਰੀ ਬੰਦ ਤਮਸੀਲ ਦੀ ਕੁੰਜੀ ਨਹੀਂ ਸਗੋਂ ਇਹਦੇ ਵਿਚ ਆਏ ਪਾਤਰ, ਸਥਾਨ ਆਦਿ ਕਹਾਣੀ ਦੇ ਪ੍ਰਤੀਕ ਬਣ ਗਏ ਹਨ। ਜੇ **ਹੀਰ** ਪੜ੍ਹਣ ਲੱਗਿਆਂ ਇਹਨਾਂ ਪ੍ਰਤੀਕਾਂ ਦਾ ਧਿਆਨ ਰੱਖੀਏ ਤਾਂ ਪਾਠ ਕੁਝ ਵਧੇਰੇ ਲਾਹੇਵੰਦ ਹੋ ਜਾਂਦਾ ਹੈ। ਹੀਰ 'ਰੂਹ' ਹੈ ਅਤੇ ਰਾਂਝਾ 'ਕਲਬੂਤ'। ਕਾਜ਼ੀ 'ਹੱਕ' ਝਬੇਲ 'ਅਮਲ' ਹਨ। ਕੋਠਾ 'ਗੋਰ' ਬਰਾਬਰ ਹੈ ਅਤੇ ਖੇੜੇ 'ਅਜ਼ਰਾਈਲ'—ਅਰਥਾਤ ਮੌਤ ਦਾ ਫ਼ਰਿਸ਼ਤਾ। 'ਸਈਆਂ' ਦੁਨਿਆਵੀ ਲਗਾਉ ਜਾਂ 'ਪੈਵੰਦ' ਹਨ। ਕੈਦੋ ਲੰਙਾ 'ਸ਼ੈਤਾਨ' ਹੈ ਜਿਸ ਦਾ ਮੂਲ ਪਾਠ ਵਿਚ ਦੋ ਵਾਰ ਜ਼ਿਕਰ ਆਇਆ ਹੈ।[2] ਵੰਝਲੀ ਬੋਲਣ ਦੀ ਸ਼ਕਤੀ 'ਨਾਤਕਾ' ਹੈ। ਪਹਿਲਾਂ ਖੇੜਿਆਂ ਨੂੰ ਇਜ਼ਰਾਈਲ ਕਿਹਾ ਹੈ ਅਤੇ ਹੁਣ ਸਹਿਤੀ 'ਮੌਤ' ਬਣ ਗਈ ਹੈ। ਭਾਬੀ 'ਸ਼ਹਿਵਤ' ਅਤੇ ਰਬੇਲ ਬਾਂਦੀ 'ਭੁੱਖ' ਹੈ। ਜੋਗ 'ਤਰਕ' ਅਤੇ ਤ੍ਰਿੰਝਣ 'ਬਦ-ਅਮਲੀਆਂ' ਹਨ। ਮਸੀਤ ਮਾਂ ਦਾ ਪੇਟ 'ਸ਼ਿਕਮ' ਹੈ। ਅਦਲੀ ਰਾਜਾ 'ਨੇਕ ਅਮਲਾਂ' ਸਮਾਨ ਹੈ। ਬੰਦ ਵਿਚ ਪਹਿਲਾਂ ਝਬੇਲ 'ਅਮਲ' ਹਨ ਅਤੇ ਫੇਰ 'ਅਦਲੀ ਰਾਜਾ'। ਪੰਜ ਪੀਰ 'ਹਵਾਸ' ਅਰਥਾਤ ਇੰਦ੍ਰੀਆਂ ਹਨ ਅਤੇ ਬਾਲਨਾਥ ਨੂੰ 'ਪੀਰ' ਕਹਿਣਾ ਅਜੋੜ ਹੈ। ਇਸੇ ਤਰ੍ਹਾਂ ਅੱਯਾਲ 'ਮੁਨਕਿਰ ਨਕੀਰ' ਦੋ ਫਰਿਸ਼ਤੇ ਹਨ ਜਿਹੜੇ ਕਬਰ 'ਚ ਬੰਦੇ ਤੋਂ ਹਿਸਾਬ ਮੰਗਦੇ ਹਨ ਪਰ

---

*__ਖੋਜ ਦਰਪਣ__, ਗ. ਨ. ਦ. ਯ. ਅੰਮ੍ਰਿਤਸਰ, ਜਨਵਰੀ 1987.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਦਾ ਮੂਲਪਾਠ 'ਚ ਕੋਈ ਦਖ਼ਲ ਨਹੀਂ ਹੈ। ਸੋ ਵਾਰਿਸ **ਹੀਰ** ਨੂੰ ਤਮਸੀਲ ਕਹਿੰਦਾ ਹੈ ਪਰ ਕਿੱਸੇ ਨੂੰ ਸਘਨ ਅਤੇ ਆਤਮਿਕ ਤਲਾਂ 'ਤੇ ਸਿਰਜਣ ਤੋਂ ਅਸਫਲ ਰਿਹਾ ਹੈ ਅਤੇ ਪ੍ਰਤੀਕਾਂ ਦੀ ਆਪਸੀ ਗੜਬੜ ਇਸੇ ਗੱਲ ਦਾ ਸਬੂਤ ਹੈ। **ਹੀਰ** ਨੂੰ ਤਮਸੀਲ ਸਮਝਣ ਦੀ ਕੇਵਲ ਪੁਰਜ਼ੋਰ ਸਿਫ਼ਾਰਿਸ਼ ਹੈ ਜਦੋਂ ਵਾਰਿਸ ਸ਼ਾਹ ਕਹਿੰਦਾ ਹੈ :

ਵਾਰਿਸ ਸ਼ਾਹ ਮੀਆਂ ਬੇੜੇ ਪਾਰ ਤਿਨ੍ਹਾਂ
ਜਿਨ੍ਹਾਂ ਰੱਬ ਦਾ ਨਾਉਂ ਧਿਆਇਆ ਈ

ਵਾਰਿਸ ਸ਼ਾਹ ਜ਼ੋਰ ਲਾ ਕੇ ਰਾਂਝੇ ਦੇ ਇਸ਼ਕ ਨੂੰ ਤਮਸੀਲੀ ਬਣਾਉਂਦਾ ਹੈ ਜਦੋਂ ਉਹਨੂੰ 'ਖਿਜ਼ਰ ਦਾ ਤੁਰ੍ਹਾ' 'ਸ਼ਕਰਗੰਜ ਦਾ ਰੁਮਾਲ', 'ਲਾਲ ਸਹਿਬਾਜ਼ ਦੀਆਂ ਮੁੰਦਰਾਂ', 'ਮਖ਼ਦੂਮ ਜਹਾਨੀਏ ਦਾ ਖੰਜਰ', 'ਬਹਾਉਦੀਨ ਜਕਰੀਏ ਦੀ ਧਮਕ' ਅਤੇ 'ਸੱਯਦ ਜਲਾਲ ਬੁਖਾਰੀਏ ਦੀ ਖੂੰਡੀ' ਦੇ ਕੇ ਹੀਰ ਮਿਲਾਪ ਦਾ ਰਾਹ ਖੋਹਲਿਆ ਜਾਂਦਾ ਹੈ।[3] 'ਜੀਉ ਆਸ਼ਕਾਂ ਦਾ ਅਰਸ਼ ਰੱਬ ਦਾ ਈ'[4] ਤਮਸੀਲ ਦਾ ਆਧਾਰ ਹੁੰਦਾ ਹੈ ਪਰ ਇਹਨੂੰ ਸਿਰਜਣਾਤਮਕ ਢੰਗ ਨਾਲ ਨਿਭਾਉਣਾ ਵੱਖਰੀ ਗੱਲ ਹੈ। ਜਗਤ ਦੀ ਨਾਸ਼ਮਾਨਤਾ ਨੂੰ ਇਸ਼ਕ 'ਚ ਬਦਲਣ ਦਾ ਸਿਧਾਂਤ ਜ਼ਰੂਰ ਹੈ।

ਯਾਰੀ ਤੋੜ ਨਿਭਾਈਏ ਨਾਲ ਯਾਰਾਂ
ਵਾਰਿਸ ਏਹ ਜਹਾਨ ਛੱਡ ਜਾਵਣਾ ਈ।[5]

ਸੂਫ਼ੀ ਮੱਤ ਅਨੁਸਾਰ ਆਸ਼ਿਕ ਲੋਕ ਫੱਕਰ ਹੁੰਦੇ ਹਨ ਜਾਂ ਫੱਕਰ ਇਸ਼ਕ ਕਮਾਉਣ ਲਈ ਹੋਈਦਾ ਹੈ ਜਿਸਦੇ ਸਦਕੇ ਉਹ ਰੱਬ ਦੇ 'ਵਜ਼ੀਰ'[6] ਬਣ ਜਾਂਦੇ ਹਨ। ਇਸ਼ਕ ਧਾਰਮਕ ਈਮਾਨ ਦਾ ਸਾਧਨ ਬਣਕੇ ਸਦੀਵੀ ਜ਼ਿੰਦਗੀ ਬਖਸ਼ ਸਕਦਾ ਹੈ।[7]

ਵਾਰਿਸ ਸ਼ਾਹ ਦਾ ਮਖ਼ਸੂਸ ਮੱਧਕਾਲੀ ਅਨੁਭਵ ਅਤੇ ਪ੍ਰਤੱਖਣ (perception) ਹੈ। ਮੱਧਕਾਲੀ ਅਵਲੋਕਨ[8] ਦਾ ਮੁੱਢਲਾ ਆਧਾਰ ਹੈ ਕਿ ਯਥਾਰਥ ਦੇ ਦੋ ਸਤਰ ਹਨ ਵਿਹਾਰਿਕ-ਲੌਕਿਕ, ਅਤੇ ਧਾਰਮਿਕ ਤੌਰ ਤੇ ਪਾਰਲੌਕਿਕ ਤੇ ਪਾਰਗਾਮੀ। ਜਿਊਣਾ ਕੱਚ ਅਤੇ ਮਰਨਾ ਸੱਚ ਹੈ ਜਿਸ ਕਰਕੇ ਕੇਵਲ ਅਗਲੀ ਦੁਨੀਆਂ ਨੂੰ ਹੀ ਅਸਲੀ ਯਥਾਰਥ ਦਾ ਦਰਜਾ ਦਿੱਤਾ ਜਾ ਸਕਦਾ ਹੈ। ਵਿਹਾਰਿਕ ਅਨੁਭਵ ਵਿਚ ਪਾਰਗਾਮੀ ਚੇਤਾਵਨੀਆਂ ਲੁਪਤ ਹਨ ਜਿਹਨਾਂ ਨੂੰ ਸਮਝਕੇ ਅਸੀਂ ਇਥੇ ਰਹਿੰਦੇ ਪਰਮਾਰਥ ਵਾਲਾ ਪਾਰ ਉਤਾਰਾ ਕਰ ਸਕਦੇ ਹਾਂ। ਤਮਸੀਲ ਦਾ ਆਧਾਰ ਮੱਧਕਾਲੀ ਅਵਲੋਕਨ ਹੈ। ਵਾਰਿਸ ਸ਼ਾਹ ਅਨੁਭਵ ਨੂੰ ਦੋ ਤਲਾਂ (levels) 'ਤੇ ਉਲੀਕਦਾ ਤਾਂ ਹੈ ਪਰ ਉਹ ਤਮਸੀਲ ਦੇ ਰੂਪ ਨੂੰ ਕਾਇਮ ਨਹੀਂ ਰੱਖ ਸਕਿਆ ਕਿਉਂਕਿ ਸਮਕਾਲੀ ਸਥਿਤੀ ਅਜਿਹੀ ਹੋ ਚੁੱਕੀ ਸੀ ਜਿਹੜੀ ਵਾਰਿਸ ਸ਼ਾਹ ਦੇ ਅਵਲੋਕਨ ਦੀ ਅਖੰਡਤਾ (unity) ਵਿਚ ਸਮਾ ਨਹੀਂ ਸਕਦੀ ਸੀ।

ਵਾਰਿਸ ਸ਼ਾਹ ਵਿਚ ਬਹੁ-ਤਲੀ ਅਨੁਭਵ ਅਤੇ ਭਾਵਨਾ ਦੇ ਪਰਉਸਾਰ ਨੂੰ ਵੇਖਣ ਤੋਂ ਪਹਿਲਾਂ ਅਸੀਂ ਉਹਦੇ ਮੱਧਕਾਲੀ ਜਗਤ 'ਤੇ ਨਜ਼ਰ ਮਾਰ ਸਕਦੇ ਹਾਂ। ਵਿਹਾਰਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਗਤ ਦੀਆਂ ਘਟਨਾਵਾਂ, ਕਾਰਨਾਮੇ ਦਰਅਸਲ ਪ੍ਰਣਾਮ ਹਨ, ਜਿਨ੍ਹਾਂ ਦਾ ਕਾਰਨ ਪਾਰਗਾਮੀ ਅਗਲੀ ਦੁਨੀਆਂ ਵਿਚ ਹੁੰਦਾ ਹੈ ।

ਫਲ ਆਇ ਲੱਗਾ ਓਸ ਬੂਟੜੇ ਨੂੰ
ਜਿਹੜਾ ਵਿਚ ਦਰਗਾਹ ਦੇ ਬੋਇਆ ਈ ।[9]

ਅਤੇ 'ਵਾਰਿਸ ਕੰਮ ਸੋਈ ਜਿਹੜੇ ਰੱਬ ਕਰਸੀ'[10] ਕਿਉਂਕਿ ਜੈਂਦੇ ਹੁਕਮ ਵਿਚ ਜਾਨ ਤੇ ਮਾਲ ਅਲਮ[11] ਹਨ । ਬੰਦੇ ਦੇ ਕੁਝ ਇਖ਼ਤਿਆਰ ਨਹੀਂ ।

ਵਾਰਿਸਸ਼ਾਹ ਉਹ ਆਪ ਹੈ ਕਰਨ ਕਾਰਨ
ਸਿਰ ਬੰਦਿਆਂ ਦੇ ਗਿਲਾ ਆਇ ਗਿਆ ।[12]

ਮਨੁੱਖ ਦੀ ਸਭ ਤੋਂ ਅੱਛੀ ਚੀਜ਼ ਉਹਦਾ ਪਰਮਾਤਮਾ 'ਚ ਵਿਸ਼ਵਾਸ ਹੈ ।

ਵਾਰਿਸ ਸ਼ਾਹ ਯਕੀਨ ਦੀ ਕੁੱਲ੍ਹਾ ਬੱਧੀ
ਸੱਭੋ ਹੱਕ ਹੀ ਹੱਕ ਠਹਿਰਾਈਏ ਜੀ ।[13]

(ਕੁੱਲ੍ਹਾ—ਜਿਸ 'ਤੇ ਪਗੜ ਬੰਨ੍ਹੀਦੀ ਹੈ; ਹੱਕ--ਰੱਬ)

ਦੁਨੀਆਂ ਦੁੱਖਾਂ ਦਾ ਘਰ ਹੈ ਜਿਸ ਲਈ ਤਿਆਗ ਦੀ ਲੋੜ ਹੈ । 'ਵਾਰਿਸ ਸ਼ਾਹ ਮੀਆਂ ਰੱਬ ਸ਼ਰਮ ਰੱਖੇ, ਜੱਗ ਵਿਚ ਮੁਸੀਬਤਾਂ ਭਾਰੀਆਂ ਨੇ ।'[14] ਇਸੇ ਲਈ ਜੋਗ ਹੈ ਕੰਮ ਨਿਰਾਸਿਆਂ ਦਾ ।'[15]

ਦੁਨੀਆਂ ਨੂੰ ਜਿੱਤਣ ਦਾ ਤਰੀਕਾ ਹੈ ਕਿ ਬੰਦਾ ਰੱਬ ਦੇ ਨਾਉਂ 'ਤੇ ਸ਼ਹੀਦ ਹੋ ਜਾਵੇ 'ਬਣੇ ਗਾਜ਼ੀ ਜੇ ਮਰੇ ਸ਼ਹੀਦ ਹੋਵੇਂ, ਇਹ ਖ਼ਲਕ ਤਰੇ ਹੱਥ ਆਵਣੀ ਸੀ ।'[16] ਲਿੰਗ ਮਨੁੱਖ ਦਾ ਵੈਰੀ ਹੈ 'ਵਾਰਿਸ ਸ਼ਾਹ ਮੀਆਂ ਲੈ ਕੇ ਛੁਰੀ ਕਾਈ, ਵੱਢ ਦੂਰ ਕਰੀਂ ਏਸ ਬੋਟੜੀ ਨੂੰ ।'[17]

ਮੱਧਕਾਲ ਹਿੰਸਾ ਦਾ ਕਾਲ ਸੀ ਜਿਸ ਕਰਕੇ ਸਮਾਜ ਦੀ ਸਭ ਤੋਂ ਵੱਡੀ ਤਾਂਘ ਅਮਨ ਚੈਨ ਦੀ ਹੁੰਦੀ ਸੀ । 'ਸਹਿਜ ਵੱਸਦਿਆਂ ਜੇਡ ਨਾ ਭਲਾ ਕੋਈ, ਬੁਰਾ ਨਹੀਂ ਜੋ ਕੰਮ ਫਤੂਰ ਜਿਹਾ' ।[18] ਘਰੇਲੂ ਹਿੰਸਾ ਦਾ ਨਿਸ਼ਾਨਾ ਇਸਤ੍ਰੀ ਹੁੰਦੀ ਸੀ ।[19] ਇਸੇ ਹਿੰਸਾ ਦਾ ਸਮਾਜੀ ਤੌਰ 'ਤੇ ਦਵੰਦਾਤਮਕ ਨਤੀਜਾ ਨਿਕਲਦਾ ਸੀ ਕਿ ਦਰਵੇਸ਼ਾਂ ਨੂੰ ਰੱਬ ਦੇ ਵਕੀਲ ਸਮਝਿਆ ਜਾਂਦਾ ਸੀ 'ਫੱਕਰ ਆਖਸਣ ਸੋਈ ਕੁੱਝ ਰੱਬ ਕਰਸੀ'[20] ਅਤੇ ਗਰੀਬ ਦੀ ਆਹ ਇੰਝ ਮਾਰ ਜਾਂਦੀ ਸੀ ਕਿ ਅਲੋਕਾਰ ਹੋ ਜਾਂਦਾ ਸੀ ।[21]

ਸਮਾਜੀ ਰਾਜਪ੍ਰਬੰਧ ਅਤੇ ਇਤਿਹਾਸ ਦੀ ਗਤੀ ਰੱਬ ਸਦਕੇ ਹੈ 'ਹੁਕਮ ਮੁਲਕ ਦਿੱਤਾ ਸੱਚੇ ਰੱਬ ਤੈਨੂੰ' ।[22] ਅਜਿਹੇ ਮਾਨਸਿਕ ਮਾਹੌਲ ਵਿਚ ਸੌਣ ਨੂੰ ਗ਼ਫਲਤ ਦੀ ਨੀਂਦ ਕਿਹਾ ਜਾਂਦਾ ਸੀ ।[23] ਅੱਜ ਦੇ ਜ਼ਮਾਨੇ ਤੋਂ ਉਲਟ ਆਦਰਸ਼ ਸੀ ਕਿ ਨੇਕੀ ਨੂੰ ਦੌਲਤ 'ਤੇ ਤਰਜੀਹ ਦਿੱਤੀ ਜਾਂਦੀ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੌਲਤਮੰਦ ਦਊਸ ਦੀ ਤਰਕ ਸੁਹਬਤ
ਮਗਰ ਲੱਗੀਏ ਨੇਕ ਕੰਗਾਲ ਦੇ ਨੀ ।[24]

(ਦਊਸ - ਬੇਗ਼ੈਰਤ)

ਅਤੇ ਲਿਖਾਈ ਪੜ੍ਹਾਈ ਦਾ ਮੰਤਵ ਦੀਨ ਈਮਾਨ ਹੀ ਹੁੰਦਾ ਸੀ ।[25]

ਕਿਉਂਕਿ ਮੱਧਕਾਲੀ ਤੱਥ ਦੇ ਅਵੱਸ਼ ਹੀ ਵਿਹਾਰਕ ਅਤੇ ਪਰਲੋਕੀ ਤਲ ਹਨ ਇਸ ਕਰਕੇ ਮਨੁੱਖੀ ਅਨੁਭਵ ਦੇ ਵਰਣਨ ਦੇ ਘੱਟੋ ਘੱਟ ਦੋ ਪੱਧਰ ਹਨ ਜਿਵੇਂ :

ਕਿਸੇ ਤੜਕੇ ਵਕਤ ਸੀ ਨੇਹੁੰ ਲੱਗਾ
ਤੁਸਾਂ ਬੀਜਿਆ ਭੁੰਨਿਆ ਦਾਣਿਆਂ ਨੂੰ ।[26]

ਜਿਸ ਵਿਚ ਪਿਆਰ ਦੀ ਅਪ੍ਰਾਪਤੀ ਦੀ ਨੀਂਹ ਕਿਸੇ ਭੂਤ ਕਾਲ ਦੇ ਮਾੜੇ ਪਲ ਵਿਚ ਹੈ ਅਤੇ

ਉਤੋਂ ਨਾਦ ਵਜਾਇਕੇ ਕਰੇ ਨਾਹਰਾ
ਅੱਖੀ ਲਾਲ ਕਰਕੇ ਮੂੰਹ ਟੱਡਿਆ ਈ
ਵਾਰਿਸ ਸ਼ਾਹ ਹਿਸਾਬ ਨੂੰ ਪਰੀ ਪਕੜੀ
ਸੂਰ ਹਸ਼ਰ ਦਾ ਵੇਖ ਲੈ ਵਜਿਆ ਈ[27]

(ਸੂਰ—ਸੰਖ; ਹਸ਼ਰ ਕਿਆਮਤ)

ਭਾਵੇਂ 'ਨਾਦ' ਦੀ ਨਿਸਬਤ ਨਾਲ ਸੂਰ ਆਉਂਦਾ ਹੈ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਵਾਰਿਸ ਮਾਮੂਲੀ ਕੁੱਟਮਾਰ ਦੇ ਵਰਣਨ ਦਾ ਕ਼ਿਆਮਤ ਨਾਲ ਟਾਕਰਾ ਕਰਨ ਲੱਗ ਜਾਂਦਾ ਹੈ ਜਿਹੜਾ ਮੱਧਕਾਲੀ ਜੀਵਨ ਵਿਚ ਸੁਭਾਵਿਕ ਲੱਗਦਾ ਹੈ । ਜਦੋਂ ਸਹਿਤੀ ਹੀਰ ਦੀ ਮਿੰਨਤ ਮੰਨ ਲੈਂਦੀ ਹੈ ਕਿ ਉਹ ਹੀਰ ਨੂੰ ਰਾਂਝੇ ਦੇ ਮੇਲ 'ਚ ਸਹਾਈ ਹੋਵੇ ਤਾਂ ਬੰਦ ਦੀਆਂ ਚਾਰੇ ਪਾਲੀਆਂ ਦੇ ਵੱਖਰੇ ਵੱਖਰੇ ਪੱਧਰ ਹਨ :

ਜਿਵੇਂ ਸੁਬਾ ਦੀ ਕਜ਼ਾ ਨਮਾਜ਼ ਹੁੰਦੀ,
ਰਾਜ਼ੀ ਹੋਇ ਇਬਲੀਸ ਵੀ ਨੱਚ ਦਾ ਹੈ ।
ਤਿਵੇਂ ਸਹਿਤੀ ਦੇ ਜੀਉ ਵਿਚ ਖੁਸ਼ੀ ਹੋਈ,
ਜੀਉ ਰੰਨ ਦਾ ਛਲੜਾ ਕੱਚ ਦਾ ਹੈ ।
ਜਾਹ ਬਖਸ਼ਿਆ ਸਭ ਗੁਨਾਹ ਤੇਰਾ,
ਤੈਨੂੰ ਇਸ਼ਕ ਕ਼ਦੀਮ ਤੋਂ ਸੱਚਦਾ ਹੈ ।
ਵਾਰਿਸ ਸ਼ਾਹ ਚਲ ਯਾਰ ਮਨਾਇ ਆਈਏ
ਏਥੇ ਨਵਾਂ ਅਖਾਰੜਾ ਮੱਚਦਾ ਹੈ ।[28]

ਜੀਉ ਕੱਚ ਬਰਾਬਰ ਹੈ, ਖੁਸ਼ੀ ਦੀ ਸਮਾਨਤਾ ਸ਼ੈਤਾਨ ਦੇ ਨਾਚ ਨਾਲ ਹੈ । ਹੈਰਾਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਗੱਲ ਇਹ ਹੈ ਕਿ ਤਲਾਂ ਦੇ ਨਾਲ ਨਾਲ ਦੁਵੱਲਤਾ (ambivalence) ਵੀ ਆ ਜਾਂਦੀ ਹੈ। ਜਦੋਂ 'ਨਮਾਜ਼ ਕਜ਼ਾ' ਨਾਲ 'ਬਖਸ਼ਿਆ ਸਭ ਗੁਨਾਹ ਤੇਰਾ' ਵੀ ਹੈ। ਸ਼ਾਇਦ 'ਇਸ਼ਕ ਕ਼ਦੀਮ ਤੋਂ 'ਸੱਚ ਦਾ ਹੈ' ਇਹਨਾਂ ਦਾ ਪਾਰਗਮਨ (transcend) ਕਰ ਦਿੰਦਾ ਹੈ ਅਤੇ ਫੇਰ ਵਿਹਾਰਕ 'ਅਖਾੜਾ' ਵੀ ਮੱਚਣ ਲੱਗ ਜਾਂਦਾ ਹੈ। ਅਜਿਹੀਆਂ ਮਿਸਾਲਾਂ ਥਾਉਂ ਥਾਈਂ ਮਿਲ ਜਾਂਦੀਆਂ ਹਨ [29] ਬਹੁ-ਤਲਾਂ ਦੀ ਦ੍ਰਿਸ਼ਟੀ ਦਾ ਇਹ ਪ੍ਰਮਾਣ ਹੈ ਕਿ ਕਈ ਚੀਜ਼ਾਂ ਸਹਿਭਾਵੀ (homologous) ਹੋ ਜਾਂਦੀਆਂ ਹਨ ਅਰਥਾਤ ਉਹਨਾਂ ਦਾ ਭਵ ਇਕੋ ਜਿਹਾ ਹੈ (ਜਾਦੂ ਦੀ ਬੁਨਿਆਦ ਵੀ ਸਹਿਭਵ ਹੈ) ਜਿਵੇਂ ਕਿ

ਇਹਨਾਂ ਤਿੰਨਾਂ ਨੂੰ ਛੇੜੀਏ ਨਹੀਂ ਕੁੜੀਏ,
ਜਿਹੜੇ ਆਸ਼ਕ ਫ਼ਕੀਰ ਤੇ ਭੌਰ ਹੋਏ।[30]

ਇਹਦਾ ਨਤੀਜਾ ਇਹ ਹੁੰਦਾ ਹੈ ਕਿ ਤੁਲਨਾ ਦਾ ਇਕ ਹਿੱਸਾ ਆਪਣੇ ਤਲ 'ਤੇ ਹੁੰਦਾ ਹੈ ਅਤੇ ਦੂਸਰਾ ਹਿੱਸਾ ਹੋਰ ਪੱਧਰ ਉਤੇ, ਜਿਵੇਂ ਹੇਠ ਲਿਖੀ ਟੂਕ ਦੀ ਪਹਿਲੀ ਪੰਗਤੀ। ਵੱਖ-ਵੱਖ ਚੀਜ਼ਾਂ ਦੇ ਵਰਣਨ ਦਾ ਨਕਸ਼ਾ ਅਜਿਹਾ ਹੋ ਜਾਂਦਾ ਹੈ ਕਿ ਪੱਧਰ ਦੇ ਡਿੱਗਣ-ਉੱਠਣ ਨਾਲ ਚਿਤ੍ਰਣ ਵਰਵਾਰ ਅਤੇ ਸਿਖਰਵਾਰ (horizontal vertical) ਪ੍ਰਤੀਤ ਹੁੰਦਾ ਹੈ। ਵਰ-ਸਿਖਰਵਾਰ ਚਿਤ੍ਰਣ ਸਾਡੇ (organic) ਵਰਣਨ ਤੋਂ ਉੱਕਾ ਹੀ ਭਿੰਨ ਹੈ।

ਧਾਇ ਟਿੱਲਿਓਂ ਰੰਦ ਲੈ ਖੇੜਿਆਂ ਦੀ,
ਚੱਲਿਆ ਮੀਂਹ ਜਿਉਂ ਆਂਵਦਾ ਉੱਠ ਉੱਤੇ।
ਕਾਹਬਾ ਰੱਖ ਮੱਥੇ ਰੱਬ ਯਾਦ ਕਰਕੇ,
ਚੜ੍ਹਿਆ ਖੇੜਿਆਂ ਦੀ ਸੱਜੀ ਗੁੱਠ ਉੱਤੇ।
ਨਸ਼ੇ ਨਾਲ ਝੁਲਾਰਦਾ ਮਸਤ ਜੋਗੀ,
ਜਿਵੇਂ ਸੁੰਦਰੀ ਝੂਲਦੀ ਉੱਠ ਉੱਤੇ।
ਚਿੱਪੀ ਖੱਪਰੀ ਫਾਹੁੜੀ ਡੰਡਾ ਕੂੰਡਾ,
ਭੰਗ ਪੋਸਤ ਬੱਧਾ ਸੂ ਪਿੱਠ ਉੱਤੇ।
ਏਵੇਂ ਸਰਕਦਾ ਆਂਵਦਾ ਖੇੜਿਆਂ ਨੂੰ,
ਜਿਵੇਂ ਫੌਜ ਸਰਕਾਰ ਦੀ ਲੁੱਟ ਉੱਤੇ।
ਸਨਿਆਸ ਬੈਰਾਗ ਜਿਉਂ ਲੜਣ ਚੱਲੇ,
ਰਖ ਹੱਥ ਤਲਵਾਰ ਦੀ ਮੁੱਠ ਉੱਤੇ।
ਵਾਰਿਸ ਸ਼ਾਹ ਸੁਲਤਾਨ ਜਿਉਂ ਦੌੜ ਕੀਤੀ,
ਚੜ੍ਹ ਆਇਆ ਸੀ ਮਥਰਾ ਲੁੱਟ ਉੱਤੇ।[31]

ਮੱਧਕਾਲੀ ਜੀਵਨ ਦੀ ਖੂਬੀ ਹੈ ਕਿ ਨਾਸ਼ਮਾਨਤਾ 'ਚ ਵਿਸ਼ਵਾਸ਼ ਹੀ ਆਦਰਸ਼ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਿਰਤਾ 'ਚ ਬਦਲ ਗਿਆ ਹੈ ਜਿਸ ਕਰਕੇ ਪੂਰ, ਸਾਬਤ, ਅਣਲੱਗ ਦਾ ਹੀ ਮੁੱਲ ਹੈ ਅਤੇ ਅਜੋਕੇ ਸਮਿਆਂ ਦੇ ਅਧੂਰੇਪਨ, ਅਪੂਰਨਤਾ ਅਤੇ ਪਤਨ ਦਾ ਸੌਂਦ੍ਰਯ ਵਿਚ ਕੋਈ ਦਖ਼ਲ ਨਹੀਂ ਜਿਵੇਂ ;

ਜੋ ਜੋ ਜੰਮਿਆ ਮਰੇਗਾ ਸਭ ਕੋਈ
ਘੜਿਆ ਭੱਜਸੀ ਵਾਹ ਸਭ ਵਹਿਣਗੇ ਜੀ ।
ਕੁਲ ਚੀਜ਼ ਸਭ ਫਨਾਹ ਹੋ ਖ਼ਾਕ ਰਲਸੀ,
ਸਾਬਤ ਵਲੀ ਅਲਾਹ ਦੇ ਰਹਿਣਗੇ ਜੀ ।[32]

ਇਸੇ 'ਸਬੂਤੀ' ਹੋਂਦ ਦਾ ਝੋਰਾ ਹੀ ਸਵਾਲ ਪੁੱਛਣ ਲਾ ਦਿੰਦਾ ਹੈ—'ਉਹਦੇ ਨਾਲ ਤੂੰ ਨਾਹੀਓਂ ਅੰਗ ਲਾਇਆ ।'[33] ਤੋੜ-ਨਿਭਾਉਣ ਦਾ ਮਧਕਾਲੀ ਆਦਰਸ਼ ਹੈ ਜਿਹੜਾ ਅੱਜ ਵੀ ਰੌਚਿਕ ਹੋਣ ਦੇ ਬਾਵਜੂਦ ਅਤਾਰਕਿਕ ਅਤੇ ਯਥਾਰਥ-ਵਿਰੋਧੀ ਹੈ :

ਵਾਰਿਸ ਸ਼ਾਹ ਹੱਥ ਫੜੇ ਦੀ ਲਾਜ ਹੁੰਦੀ,
ਕਰੀਏ ਸਾਥ ਤਾਂ ਪਾਰ ਉਤਾਰੀਏ ਨੀ ।[34]

ਤੋਂ ਪਤਾ ਲਗਦਾ ਹੈ ਕਿ 'ਲਾਜ' ਸ਼ਬਦ ਨੇ ਪ੍ਰੇਮ ਭਾਵਨਾ ਨੂੰ ਮਨੋਵਿਗਿਆਨਕ ਆਚਾਰ ਬਣਾ ਦਿੱਤਾ ਹੈ ਭਾਵੇਂ ਕਿ ਆਚਾਰ ਕੇਵਲ ਸਮਾਜੀ ਹੀ ਹੁੰਦਾ ਹੈ । 'ਦੌਲਤਮੰਦ ਨੂੰ ਜਾਣਦਾ ਸਭ ਕੋਈ, ਨੇਹੁੰ ਨਾਲ ਫਕੀਰ ਦੇ ਪਾਲੀਏ ਨੀ'[35] – ਇਸੇ ਰਵੱਈਏ ਦੀ ਪੁਸ਼ਟੀ ਹੈ । ਨਾਸ਼ਮਾਨਤਾ ਵਿਚ ਆਦਰਸ਼ ਦੀ ਸਥਿਰਤਾ ਦਾ ਸਿਖਰ ਆਉਂਦਾ ਹੈ ਜਦੋਂ :

ਯਾਰੀ ਤੋੜ ਨਿਭਾਈਏ ਨਾਲ ਯਾਰਾਂ,
ਵਾਰਿਸ ਏਹ ਜਹਾਨ ਛੱਡ ਜਾਵਣਾ ਈ ।[36]

ਪਰ ਆਦਰਸ਼ ਅਤੇ ਯਥਾਰਥ ਵਿਚ ਕੋਈ ਪੈਂਡਾ ਹੁੰਦਾ ਹੈ ਜਿਹੜਾ ਯਥਾਰਥ ਨੂੰ ਹੋਰ ਵੀ ਘਟੀਆ ਬਣਾ ਦਿੰਦਾ ਹੈ—'ਆਖਰ ਰੰਨ ਦੀ ਜ਼ਾਤ ਬੇਵਫ਼ਾ ਹੁੰਦੀ'[37] ਅਤੇ :

ਕੋਈ ਨਹੀਂ ਵਸਾਹ ਕਵਾਰੀਆਂ ਦਾ,
ਐਵੇਂ ਲੋਕ ਨਿਕੰਮੜੇ ਕਰਨ ਝੇੜੇ ।[38]

ਇਕ ਪਾਸੇ ਰਵੱਈਏ ਦੀ ਦੁਵੱਲਤਾ ਹੈ ਅਤੇ ਦੂਸਰੇ ਬੰਨੇ ਨਾਸ਼ਮਾਨਤਾ ਨੂੰ ਸਥਿਰਤਾ ਦੇ ਆਦਰਸ਼ ਰਾਹੀਂ ਕੰਟਰੋਲ ਕਰਨ ਦੀ ਤੀਬਰ ਮਨੋਵਿਗਿਆਨਕ ਇਛਿਆ ਹੈ ਜਿਸਦਾ ਹੱਲ 'ਤਵੱਕਲ' ਹੈ ਜਿਸਦੇ ਦੋਵੇਂ ਸਿਰਿਆਂ 'ਤੇ ਕਾਮਯਾਬੀ ਦੱਸੀ ਜਾਂਦੀ ਹੈ । ਇਹ ਗੱਲ ਅਤਾਰਕਿਕ ਹੈ ਪਰ ਮਨੋਵਿਗਿਆਨਿਕ ਤੌਰ 'ਤੇ ਸੁੱਤੇ ਸਿੱਧ ਪ੍ਰਤੀਤ ਹੁੰਦੀ ਹੈ :

ਸਿੱਧਾ ਨਾਲ ਤਵਕਲੀਂ ਠੇਲ੍ਹ ਬੇੜਾ,
ਵਾਰਿਸ ਵਿਚ ਡੁੱਬੇ ਇੱਕੋ ਪਾਰ ਰਹਿਆ ।[39]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਲਾਂ ਦੀ ਅਨੇਕਤਾ ਅਤੇ ਸਹਭਾਵੀ ਚੀਜ਼ਾਂ ਦਾ ਵਰਨਣ ਨਾਲ ਵਾਰਿਸ ਸ਼ਾਹ ਵਿਚ ਅਨੁਭਵ ਦਾ ਖਾਸ ਪਰਉਸਾਰ ਹੈ ਜਿਸ ਨਾਲ ਉਹ ਭਾਵ ਨੂੰ ਸ਼ੈਲੀਹਾਰ (stylized) ਕਰ ਦਿੰਦਾ ਹੈ :

ਦਿੱਤੀ ਹੀਰ ਲਿਖਾਇ ਕੇ ਇਹ ਚਿੱਠੀ,
ਰਾਂਝੇ ਯਾਰ ਦੇ ਹੱਥ ਲੈ ਜਾਇ ਦੇਵੀਂ ।
ਕਿਤੇ ਬੈਠ ਨਵੇਕਲੇ ਸੱਦ ਮੁੱਲਾਂ,
ਸਾਰੀ ਖੋਲ੍ਹਕੇ ਬਾਤ ਸੁਣਾਇ ਦੇਵੀਂ ।
ਹੱਥ ਬੰਨ੍ਹਕੇ ਮੇਰਿਆਂ ਸੱਜਣਾ ਨੂੰ,
ਰੋਇ ਰੋਇ ਸਲਾਮ ਦੁਆਇ ਦੇਵੀਂ ।
ਮਰ ਚੁੱਕੀਆਂ ਜਾਨ ਹੈ ਨੱਕ ਉੱਤੇ,
ਇਕ ਵਾਰ ਜੇ ਦੀਦਨਾ ਆਇ ਦੇਵੀਂ ।
ਖੇੜੇ ਹੱਥ ਨਾ ਲਾਂਵਦੇ ਮੰਜੜੀ ਨੂੰ,
ਹੱਥ ਲਾਇ ਕੇ ਗੋਰ ਵਿਚ ਪਾਇ ਦੇਵੀਂ ।
ਕੱਖ ਹੋਇ ਰਹਿਆ ਗ਼ਮਾਂ ਨਾਲ ਰਾਂਝਾ,
ਇਹ ਚਿਣਗ ਲੈ ਜਾ ਕੇ ਲਾਇ ਦੇਵੀਂ ।
ਮੇਰਾ ਲਈਂ ਨਿਸ਼ਾਨੜੀ ਬਾਂਕ ਛੱਲਾ,
ਰਾਂਝੇ ਯਾਰ ਦੇ ਹੱਥ ਲੈ ਜਾਇ ਦੇਵੀਂ ।
ਵਾਰਿਸ ਸ਼ਾਹ ਮੀਆਂ ਓਸ ਕਮਲੜੇ ਨੂੰ ।
ਢੰਗ ਜ਼ੁਲਫ਼ ਜ਼ੰਜੀਰ ਦਾ ਪਾਇ ਦੇਵੀਂ ।[40]

ਪਰਉਸਾਰ ਦੀ ਗੱਲ ਸਮਝਣ ਲਈ ਬੰਦ ਦੀ ਸਮਾਲੋਚਨਾ ਕਰਨ ਦੀ ਲੋੜ ਹੈ । ਇਹ ਕੋਈ ਸਿੱਧਾ ਪੱਧਰਾ ਪੱਤਰ ਨਹੀਂ । ਨਾ ਹੀ ਇਹਦੇ ਵਿਚ ਇਕ ਦੋ ਗੱਲਾਂ ਜਾਂ ਕੰਮ ਲਿਖੇ ਹਨ । ਚਿੱਠੀ ਨੂੰ ਨਵੇਕਲੇ ਥਾਉਂ ਮੁੱਲਾਂ ਤੋਂ ਪੜਵਾਉਣਾ ਹੈ ਕਿਉਂਕਿ ਮਧਕਾਲ 'ਚ ਸਿਖਸ਼ਤ ਹੋਣਾ ਅਸਾਧਾਰਨ ਸੀ । ਸੱਜਣ ਨੂੰ ਸਲਾਮ ਕਰਨ ਦਾ ਆਮ ਖਾਸ ਤਰੀਕਾ ਨਹੀਂ ਸਗੋਂ ਵਿਸ਼ੇਸ਼ ਢੰਗ ਹੈ—ਰੋਇ ਰੋਇ......ਦੁਆ ਦਿੰਦਿਆਂ । ਵਾਰਿਸ ਫ਼ਾਰਸੀ ਸ਼ਾਇਰੀ ਦੇ ਅੰਦਾਜ਼ ਵਿਚ ਇਸ਼ਕ 'ਚ ਮਰਨ-ਪਹਿਰੇ ਦਾ ਜ਼ਿਕਰ ਕਰਦਾ ਹੈ । ਹੈਰਾਨੀ ਦੀ ਗੱਲ ਹੈ ਕਿ ਆਲਮ-ਇ-ਨਜ਼ਾ' ਜਾਂ ਮਰਨ ਪਹਿਰੇ ਹੀਰ ਨੂੰ ਜੇ ਕੋਈ ਦੱਸਣ ਲਈ ਗੱਲ ਲੱਭਦੀ ਤਾਂ ਬੱਸ ਇਹੀ ਕਿ ਖੇੜਿਆਂ ਦਾ ਉਹਨੂੰ ਹੱਥ ਨਹੀਂ ਲੱਗਾ । ਉਹਨੂੰ ਮਰਦੀ ਨੂੰ ਯਾਦ ਹੈ ਕਿ ਜੇ ਰਾਂਝਾ ਕਬਰ 'ਚ ਜਾਣ ਤੋਂ ਪਹਿਲਾਂ ਉਹਨੂੰ ਹੱਥ ਲਾ ਦੇਵੇ ਤਾਂ ਚੰਗਾ ਹੋਵੇ । ਸ਼ਾਇਦ ਹੱਥ ਲਾਉਣ ਵਿਚ ਲਿੰਗਮਈ ਅਬਹਾਮ (ambiguity) ਹੈ । ਭਾਵੇਂ ਹੀਰ ਗ਼ਮ ਨਾਲ ਕੱਖ ਕਾਨੇ ਹੋ ਗਈ ਹੈ ਪਰ ਹੀਰ ਆਪਣੇ ਭਾਵ ਦੀ ਚਿਣਗ ਨਾਲ ਰਾਂਝੇ ਨੂੰ ਸਗੋਂ ਜਲਾਉਣਾ ਚਾਹੁੰਦੀ ਹੈ; ਇਹ ਸ਼ੈਲੀਹਾਰ ਗੱਲ ਹੈ । ਫੇਰ ਹੀਰ ਕੋਲ ਪਹੁੰਚਣ ਦਾ ਸੁਨੇਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘੱਟ, ਅਤੇ, ਵੰਗਾਰ ਜਿਆਦਾ ਹੈ ਜਿਸਨੂੰ ਹੌਲੀ ਕੰਨ ਵਿਚ ਹੀ ਕਹਿਣਾ ਹੈ। ਛੱਲੇ ਦੀ ਨਿਸ਼ਾਨੀ ਭੇਜੀ ਜਾਂਦੀ ਹੈ। ਇਸ਼ਕ 'ਚ ਕਮਲੇ ਨੂੰ ਜ਼ੁਲਫ ਦੀ ਜ਼ੰਜੀਰ ਪਾਉਣ ਦੀ ਗੱਲ ਹੈ ਜਿਹੜੀ 'ਢੰਗ' ਨਾਲ ਪਾਉਣੀ ਹੈ ਅਤੇ ਇਹ ਸ਼ਬਦ ਇਕੋ ਵੇਲੇ ਪਾਗਲਪਨ ਨੂੰ ਵਧਾਉਣ ਅਤੇ ਪਾਗਲ ਨੂੰ ਕਾਬੂ ਰੱਖਣ ਦਾ ਸੁਝਾਉ ਦਿੰਦਾ ਹੈ।

ਆਉਂਦੇ ਬੰਦ ਵਿਚ ਭਾਵਨਾ ਦਾ ਵਿਸ਼ੇਸ਼ ਉਸਾਰ ਹੈ ਜਿਸ ਵਿਚ ਹੀਰ ਨੂੰ ਪਤਾ ਹੈ ਕਿ ਉਹਦੇ ਮਿਲਣ ਨਾਲ ਰਾਂਝੇ ਦੇ ਦਿਲ 'ਚ ਕੀ ਵਲਵਲੇ ਉੱਠਣਗੇ। ਅਜੋਕੀ ਅੰਤਰਮੁਖੀ ਕਵਿਤਾ ਆਪਣੇ ਪ੍ਰਤੀਕਰਮ, ਵੇਦਨਾ, ਚਿੰਤਨ, ਦੁਬਧਾ ਜਾਂ ਅਬਹਾਮ ਦਾ ਪ੍ਰਗਟਾਉ ਕਰਦੀ ਉਹ ਦੂਸਰੇ ਦੇ ਅਨੁਭਵ ਬਾਰੇ ਕੁਝ ਕਹਿਣ ਦੀ ਜੁਰਅੱਤ ਨਹੀਂ ਕਰਦੀ। ਪਰ :

ਹੀਰ ਆਖਿਆ ਜਾਇਕੇ ਖੋਲ੍ਹ ਬੁੱਕਲ,
ਉਹਦੇ ਵੇਸ ਨੂੰ ਫੂਕ ਵਖਾਉਣੀ ਹਾਂ।
ਨੈਣਾਂ ਚਾੜ੍ਹ ਕੇ ਸਾਣ ਤੇ ਕਰਾਂ ਪੁਰਜ਼ੇ,
ਕ਼ਤਲ ਆਸ਼ਕਾਂ ਦੇ ਉੱਤੇ ਧਾਵਨੀ ਹਾਂ।
ਅੱਗੇ ਚਾਕ ਸੀ ਖ਼ਾਕ ਕਰ ਸਾੜ ਸੁੱਟਾਂ,
ਉਹਦੇ ਇਸ਼ਕ ਨੂੰ ਸਿਕਲ ਚੜਾਉਣੀ ਹਾਂ।
ਉਹਦੇ ਪੈਰਾਂ ਦੀ ਖ਼ਾਕ ਹੈ ਜਾਨ ਮੇਰੀ,
ਸਾਰੀ ਸੱਚ ਦੀ ਨਿਸ਼ਾ ਦੇ ਆਵਨੀ ਹਾਂ।
ਮੋਇਆ ਪਿਆ ਹੈ ਨਾਲ ਫਿਰਾਕ਼ ਰਾਂਝਾ,
ਈਸਾ ਵਾਂਗ ਮੁੜ ਫੇਰ ਜੀਵਾਵਨੀ ਹਾਂ।
ਵਾਰਿਸ ਸ਼ਾਹ ਪਤੰਗ ਨੂੰ ਸ਼ਮਾ ਵਾਂਗੂ,
ਅੰਗ ਲਾਇ ਕੇ ਸਾੜ ਵਿਖਾਵਨੀ ਹਾਂ।[41]

'ਬੁੱਕਲ' ਦੇ ਬਾਹਰੀ ਅਤੇ ਅੰਦਰਲੇ ਅਰਥ ਹਨ। ਬੁੱਕਲ ਬਾਹਰੋਂ ਬਾਹਰੀ ਮਾਰੀਦੀ ਹੈ ਪਰ ਬੁੱਕਲ ਦਾ ਗੁੜ ਜਾਂ ਇਹਦੇ ਵਿਚ ਚੋਰ ਹੁੰਦਾ ਹੈ। 'ਖੋਲ੍ਹ ਬੁੱਕਲ' ਦਾ ਮਤਲਬ ਗਲਵਕੜੀ ਲਈ ਬਾਹਾਂ ਪਸਾਰਨੀਆਂ ਹੋ ਸਕਦਾ ਹੈ ਅਤੇ ਸਰੀਰ ਦੇ ਉਪਰਲੇ ਹਿੱਸੇ ਦਾ ਅਣਕਜਣ ਵੀ। ਇਹਨਾਂ ਅਰਥਾਂ ਦੀ ਹਮਾਇਤ ਅਗਲੀ ਪਾਲ ਵਿਚ ਹੈ। ਜਾਣ ਤੋਂ ਪਹਿਲਾਂ ਹੀਰ ਆਪਣੇ ਨੈਣਾਂ ਨੂੰ ਚਾਕੂਆਂ ਵਾਂਗੂੰ ਸਾਣ 'ਤੇ ਤਿੱਖਾ ਕਰਦੀ ਹੈ। ਉਹਨੂੰ ਆਸ਼ਕਾਂ ਤੇ ਆਪਣੇ ਰੂਪ ਦੀ ਅਧਿਰਾਜਗੀ ਦਾ ਪਤਾ ਹੈ। ਉਹ ਜਾਣਦੀ ਹੈ ਕਿ ਉਹ ਕਿਸੇ ਵਿਚ ਕਿੰਨੇ ਕੁ ਪ੍ਰਬਲ ਭਾਵ ਪੈਦਾ ਕਰ ਸਕਦੀ ਹੈ। ਭਾਵੇਂ ਰਾਂਝਾ ਉਹਦੀ ਖਾਤਰ ਚਾਕ ਹੋਇਆ ਸੀ ਪਰ ਹੁਣ ਰਾਂਝੇ ਨੂੰ ਖ਼ਾਕ ਕਰਨ ਦਾ ਖਿਆਲ ਹੈ ਕਿਉਂਕਿ ਹੀਰ ਨੂੰ ਰਾਂਝੇ ਦਾ ਇਸ਼ਕ ਚਮਕਾਉਣ ਦੀ ਲੋੜ ਮਹਿਸੂਸ ਹੁੰਦੀ ਹੈ ਜਿਵੇਂ ਉਹਨਾਂ ਸਮਿਆਂ ਵਿਚ ਲੋਹੇ ਨੂੰ ਘਸਾ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਮਕਾਇਆ ਜਾਂਦਾ ਸੀ। ਫੇਰ ਇਹਦੇ ਬਾਵਜੂਦ ਅਤੇ ਇਹਦੇ ਹੀ ਉਲਟ ਹੀਰ ਦੀ ਜਾਨ, ਰਾਂਝੇ ਦੇ ਪੈਰਾਂ ਦੀ ਖ਼ਾਕ ਮਸੀਹਾ, ਬਰਾਬਰ ਹੈ। ਇਸ ਕਰਕੇ ਹੀਰ ਨੇ ਰਾਂਝੇ ਦੀ ਸੱਚ ਨਾਲ ਨਿਸ਼ਾ ਕਰਾ ਦੇਣੀ ਹੈ। ਨਿਸ਼ਾ ਕਰਾ ਦੇਣ ਦੀ ਸਮਝ ਆਉਂਦੀ ਹੈ ਪਰ ਇਹ 'ਸੱਚ' ਕੀ ਹੈ ? ਕੀ ਨਿਸ਼ਾ ਹੀ ਸੱਚ ਹੈ ? ਜਾਂ ਸੱਚ ਨੇ ਹੀ ਨਿਸ਼ਾ ਵਿਚ ਵਾਧਾ ਕੀਤਾ ਹੈ ? ਮੇਰਾ ਅਨੁਮਾਨ ਹੈ ਕਿ ਦੋ ਤਲਾਂ ਦੇ ਸਿੱਧਾਂਤ ਅਨੁਸਾਰ ਇਹ ਰੂਹਾਨੀ ਸੱਚ ਦਾ ਹੀ ਸਰੀਰਕ ਪੱਖ ਹੈ। ਉਹ ਇਕ ਪਾਸੇ ਤਾਂ ਮਸੀਹਾ ਵਾਂਗੂ ਮਰੇ ਰਾਂਝੇ ਨੂੰ ਜ਼ਿੰਦਾ ਕਰਨ ਲੱਗੀ ਹੈ ਪਰ ਨਾਲ ਹੀ ਉਹਨੂੰ ਪਤੰਗੇ ਵਾਂਗੂ ਜਲਾਉਣ ਲੱਗੀ ਹੈ। ਵਾਰਿਸ ਸ਼ਾਹ ਦੀ ਦ੍ਰਿਸ਼ਟੀ ਅਨੁਸਾਰ ਭਾਵ ਕਦੇ ਵੀ ਕਾਫੀ ਨਹੀਂ ਹੁੰਦਾ ਸਗੋਂ ਇਹਨੂੰ ਹੋਰ ਵਧਾ ਕੇ ਇਹਦੇ ਵਿਚ ਬਰਕਤ ਪਾਉਣੀ ਚਾਹੀਦੀ ਹੈ। ਅਨੁਭਵ ਦੇ ਝੱਖੜ 'ਚ ਮਾਰਫਤ ਦਾ ਭੇਤ ਹੈ। ਅਨੁਭਵ ਦੇ ਸਦਾ-ਵਰਤ ਲਈ ਦਵੰਦ ਦੀ ਲੋੜ ਹੈ ਜਿਸ ਵਿਚ ਸ਼ੈਲੀਹਾਰ ਗੱਲ ਸਹਾਈ ਹੁੰਦੀ ਹੈ।

ਵਾਰਿਸ ਸ਼ਾਹ ਦੇ ਪਰਉਸਾਰ ਵਿਚ ਭਾਵਨਾ (emotion passion) ਵੇਗ, ਰਵੱਈਏ ਅਤੇ ਦਰਸ਼ਨ ਦਾ ਮਿਸ਼ਰਨ ਹੈ :

ਹੀਰ ਹੋਇ ਰੁਖ਼ਸਤ ਰਾਂਝੇ ਯਾਰ ਕੋਲੋਂ,
ਆਖੇ ਸਹਿਤੀਏ ਮਤਾ ਪਕਾਈਏ ਨੀ।
ਮੇਰੇ ਵਾਸਤੇ ਉਸ ਨੇ ਲਏ ਤਰਲੇ,
ਕਿਵੇਂ ਉਸ ਦੀ ਆਸ ਪੁਜਾਈਏ ਨੀ।
ਤੈਨੂੰ ਮਿਲੇ ਮੁਰਾਦ ਤੇ ਅਸਾਂ ਮਾਹੀ,
ਦੋਵੇਂ ਆਪਣੇ ਯਾਰ ਹੰਢਾਈਏ ਨੀ।
ਹੋਇਆ ਮੇਲ ਜਾਂ ਚਿਰੀ ਵਿਛੁੰਨਿਆ ਦਾ,
ਯਾਰ ਰੱਜ ਕੇ ਗਲੇ ਲਗਾਈਏ ਨੀ।
ਬਾਕੀ ਉਮਰ ਰੰਝੇਟੇ ਦੇ ਨਾਲ ਜਾਲਾਂ,
ਕਿਵੇਂ ਸਹਿਤੀਏ ਡੌਲ ਬਣਾਈਏ ਨੀ।
ਜਿਉਂ ਆਸ਼ਕਾਂ ਦਾ ਅਰਸ਼ ਰੱਬ ਦਾ ਈ,
ਕਿਵੇਂ ਉਸ ਨੂੰ ਠੰਢ ਪੁਆਈਏ ਨੀ।
ਇਹ ਜੋਬਨਾ ਠੱਗ ਬਾਜ਼ਾਰ ਦਾ ਈ,
ਸਿਰ ਕਿਸੇ ਦੇ ਇਹ ਚੜ੍ਹਾਈਏ ਨੀ।
ਕੋਈ ਰੋਜ਼ ਦਾ ਹੁਸਨ ਪਰਾਹੁਣਾ ਹੈ,
ਮਜ਼ੇ ਖ਼ੂਬੀਆਂ ਨਾਲ ਹੰਢਾਈਏ ਨੀ।
ਸ਼ੈਤਾਨ ਦੀਆਂ ਅਸੀਂ ਉਸਤਾਦ ਰੰਨਾਂ,
ਕੋਈ ਆਉ ਖਾਂ ਮਕਰ ਬਣਾਈਏ ਨੀ।
ਗਲ ਘੱਤ ਪੱਲਾ ਮੂੰਹ ਘਾਹ ਲੈ ਕੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਰੀਂ ਲੱਗ ਕੇ ਪੀਰ ਮਨਾਈਏ ਨੀ।
ਵਾਰਿਸ ਸ਼ਾਹ ਗੁਨਾਹ ਦੇ ਅਸੀਂ ਲੱਦੇ,
ਚਲੋ ਕੁੱਲ ਤਕਸੀਰ ਬਖਸ਼ਾਈਏ ਨੀ।[42]

ਮਿਲਾਪ ਦੇ ਵਰਨਣ ਵਿਚ ਪਹਿਲੀ ਗੱਲ 'ਆਸ ਪੁਜਾਉਣ' ਦੀ ਹੈ ਜਿਹੜੀ ਸਰਾਸਰ ਮਿਹਰਬਾਨੀ ਹੈ ਅਤੇ ਚਿਰੋਕਨੀ ਖ਼ਿਦਮਤ ਦਾ ਨਤੀਜਾ ਹੋ ਸਕਦੀ ਹੈ। ਯਾਰ 'ਹੰਢਾਉਣ' ਵਿਚ ਕਪੜਾ ਹੰਢਾਉਣ ਵਾਂਗੂੰ ਅਪਣੱਤ ਅਤੇ ਆਦਤ ਲੁਕੀ ਹੋਈ ਹੈ। 'ਰੱਜ ਕੇ ਗਲੇ ਲਾਉਣ ਵਿਚ' ਸਰੀਰਕ ਪ੍ਰਤੀਕਰਮ ਦੇ ਵੇਗ ਦਾ ਵਰਨਣ ਹੈ। ਉਹਨਾਂ ਦੀ ਕੋਈ ਨਾ ਕੋਈ ਵਿਉਂਤ ਬਣਾਉਣ ਦੀ ਸਲਾਹ ਹੈ। ਫੇਰ ਇਸ਼ਕ ਦੀ ਆਪਣੀ ਕ਼ੀਮਤ ਅਤੇ ਸ਼ਮੁੱਲਤਾ ਹੈ ਕਿਉਂਕਿ ਪ੍ਰੇਮੀ ਦਾ ਦਿਲ ਰੱਬ ਦੇ ਆਸਮਾਨ ਵਰਗਾ ਹੁੰਦਾ ਹੈ ਜਿਹੜਾ ਆਤਮਿਕ ਉਚਾਈ ਦਰਸਾਉਂਦਾ ਹੈ। ਜੋਬਨ ਦੇ ਨਾਪਾਇਦਾਰ ਹੋਣ ਦਾ ਖਿਆਲ ਹੈ ਇਸ ਕਰਕੇ ਇਹਨੂੰ ਕਿਸੇ ਦੇ ਸਿਰ ਚੜ੍ਹਾ ਦੇਣਾ ਹੈ। ਸ਼ਾਇਦ ਕਰਜ਼ੇ ਵਾਂਗੂੰ ਸ਼ਾਇਦ ਜਾਦੂ ਵਾਂਗੂੰ ਇਹ ਦੋਵੇਂ ਪ੍ਰਕ੍ਰਿਰਿਆਵਾਂ ਇਕ ਦੂਜੇ ਲਈ ਯਕਤਰਫਾ ਹਨ। ਹੁਸਨ ਨੂੰ ਪਰਾਹੁਣਾ ਕਹਿਣ 'ਚ ਕੋਈ ਸੁਖਾਵਾਂ, ਤੀਬਰ ਪਰ ਅੰਤਲਾ ਦੁਖਾਂਤ ਹੈ ਜਿਸ ਲਈ ਇਹਦੀਆਂ ਖੂਬੀਆਂ ਨੂੰ ਕਈ ਧਿਰਾਂ ਤੋਂ ਮਾਣਿਆ ਵਾਚਿਆ ਜਾ ਸਕਦਾ ਹੈ। ਏਸ ਮਿਲਾਪ 'ਚੋਂ ਸ਼ੈਤਾਨੀ ਅਤੇ ਸ਼ੈਤਾਨ ਬਾਹਰ ਨਹੀਂ। ਪਰ ਨਾਲ ਹੀ ਆਸ਼ਕ ਨੂੰ ਪੀਰ ਦਾ ਸਹਿਭਾਵੀ ਮੰਨਿਆ ਗਿਆ ਹੈ ਜਿਸਨੂੰ ਮੂੰਹ ਵਿਚ ਘਾਹ ਲੈ ਕੇ ਮਨਾਉਣਾ ਪੈਂਦਾ ਹੈ। ਆਦਮੀ ਗੁਨਾਹਗਾਰ ਹੈ; ਉਹਨੂੰ ਆਪਣੇ ਕ਼ਸੂਰ ਬਖਸ਼ਾਉਣ ਦੀ ਚਿੰਤਾ ਲੱਗੀ ਹੋਈ ਹੈ। ਬੰਦ ਵਿਚ ਇਸ਼ਕ ਦਾ ਗੁਨਾਹ ਹੀ ਬੰਦੇ ਨੂੰ ਫ਼ਰਸ਼ਾਂ (ਧਰਤੀ) ਤੋਂ ਅਰਸ਼ਾਂ ਤਾਈਂ ਪਹੁੰਚਾ ਰਿਹਾ ਹੈ।

ਭਾਵ ਦੇ ਉਸਾਰ ਅਤੇ ਸ਼ੈਲੀਹਾਰ stylization ਦਾ ਅਟੁੱਟ ਸੰਬੰਧ ਹੈ। ਇਹ ਇਕੋ ਗੱਲ ਦੇ ਦੋ ਪੱਖ ਹਨ। ਪਰਉਸਾਰ ਸ਼ੈਲੀਹਾਰ ਤੋਂ ਬਿਨਾ ਅਸੰਭਵ ਹੈ ਅਤੇ ਸ਼ੈਲੀਹਾਰ ਬਾਝੋਂ ਪਰਉਸਾਰ ਬਣਦਾ ਹੀ ਨਹੀਂ ਹੈ। ਇਹਨਾਂ ਦਾ ਸੰਬੰਧ ਅਨੁਭਵ ਦੀ ਵ੍ਰਿਧੀ ਨਾਲ ਹੈ ਕਿਉਂਕਿ ਵਾਰਿਸ ਸ਼ਾਹ ਦਾ ਸੌਂਦ੍ਰਯ ਸੁਭਾਵਿਕਤਾ ਦਾ ਨਹੀਂ ਸਗੋਂ ਚੀਜ਼ਾਂ ਦੇ ਆਪਣੇ ਸੁਭਾਵ ਤੋਂ ਬਾਫ਼ਰ ਹੋਣ ਦਾ ਹੈ। ਸ਼ੈਲੀਹਾਰ ਦੀ ਛੋਟੀ ਜਹੀ ਮਿਸਾਲ ਹੈ :

ਲਾਟ ਰਹੇ ਨ ਜਿਉ ਦੇ ਵਿਚ ਲੁੱਕੀ
ਏਹ ਇਸ਼ਕ ਅਲੰਬੜਾ ਜੱਗ ਦਾ ਈ
ਜਾਹ ਵੇਖ ਮਾਸ਼ੂਕ ਦੇ ਨੈਣ ਖੂਨੀ
ਤੈਨੂੰ ਨੱਤ ਉਲਾਂਭੜਾ ਜੱਗ ਦਾ ਈ
ਸਮਾ ਯਾਰ ਵਾਲਾ ਘੱਸਾ ਬਾਜ਼ ਵਾਲਾ
ਝੱਟ ਚੋਰ ਦਾ ਤੇ ਦਾਉ ਠੱਗ ਦਾ ਈ।[43]

ਜੀਉ ਦੀ ਜੱਗ ਨਾਲ ਨਿਸਬਤ ਹੈ ਅਤੇ ਲਾਟ ਦੀ 'ਅਲੰਬੜੇ' ਨਾਲ। ਲੰਬ ਜਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਭਿਲੰਬ perpendicular ਹੁੰਦਾ ਹੈ । 'ਅੱਗ ਦਾ ਅਲੰਬੜਾ' ਤੁਰਦਾ ਫਿਰਦਾ ਸਿੱਧਾ ਸਤੌਰ ਭਮੂਕਾ ਹੈ । ਪਾਲ ਵਿਚਲੀ ਅੰਤਰਮੁੱਖਤਾ ਬਾਹਰਮੁਖੀ ਦੁਨੀਆਂ ਨਾਲ ਰਲ ਗਈ ਹੈ। ਮਾਸ਼ੂਕ ਦੇ ਖ਼ੂਨੀ ਨੈਣ ਇਸ਼ਕ ਨੂੰ ਤੇਜ਼ ਕਰਕੇ ਸ਼ਹਾਦਤ ਦੀ ਹੱਦ ਤਕ ਪਹੁੰਚਾਉਣ ਵਾਲੇ ਹਨ । ਸਮਾਜ ਭਾਵੇਂ ਇਸ਼ਕ ਨੂੰ ਸਵੀਕਾਰ ਨਹੀਂ ਕਰਦਾ ਪਰ ਆਸ਼ਿਕ ਨੂੰ ਮਿਹਣਾ ਜ਼ਰੂਰ ਮਾਰਦਾ ਹੈ ਕਿ ਉਹਦੇ ਇਸ਼ਕ 'ਚ ਕਮੀ ਆਈ ਹੈ। ਇਥੇ ਪਿਆਰ ਦੀ ਅਣਸਮਾਜਿਕਤਾ ਦੇ ਨਾਲ ਇਹਦੇ ਅਖੰਡ ਪੂਰਨਤਾ ਦੇ ਆਦਰਸ਼ ਦਾ ਜ਼ਿਕਰ ਆ ਜਾਂਦਾ ਹੈ । ਪਾਰਲੌਲਿਕ ਇਸ਼ਕ ਵਿਹਾਰਕ ਜਗਤ ਵਿਚ ਸਮੇਂ, ਘੱਸੇ, ਝੱਟ, ਦਾਉ ਤੋਂ ਲਾਂਭੇ ਨਹੀਂ ਹੋ ਸਕਦਾ । ਸ਼ੈਲੀਹਾਰ ਦਰਅਸਲ ਅਖੰਡਤਾ ਦੇ ਆਦਰਸ਼, ਵ੍ਰਿਧੀ ਦੀ ਰੂੜ੍ਹੀ ਅਤੇ ਅਨੁਭਵ ਦੇ ਪਰਲੋਕੀ ਸਮਾਨੰਤਰ ਦੀ ਉਪਜ ਹੈ । ਸੂਫ਼ੀ ਰਚਨਾ ਵਿਚ ਪਰਦਰਸ਼ਨੀ ਦਾ ਅੰਸ਼ ਹੁੰਦਾ ਹੈ । ਸੂਫ਼ੀ ਭਾਵ ਥੇਟਰੀ theatrical ਹੋਣ ਤੋਂ ਰਹਿ ਨਹੀਂ ਸਕਦਾ । ਇਹਦੇ ਸਰੋਦੀਪਨ ਵਿਚ ਥੇਟਰ ਹੁੰਦਾ ਹੈ ।[46]

ਆਉਂਦੇ ਹਵਾਲੇ ਵਿਚ ਅਨੁਭਵ ਦਾ ਪਰਉਸਾਰ ਸੁੱਤੇ ਸਿੱਧ ਹੈ ਜਿਸ ਵਿਚ ਵੱਖਰੇ-ਵੱਖਰੇ ਤਲ ਸਾਫ ਨਜ਼ਰ ਆਉਂਦੇ ਹਨ ਅਤੇ ਪਰਲੋਕੀ ਦ੍ਰਿਸ਼ਟੀ ਦੀ ਅਣਹੋਂਦ ਦੀ ਥਾਉਂ ਕੇਵਲ ਵਿਹਾਰਕ ਸਿਆਣਪ ਨੇ ਲੈ ਲਈ ਹੈ ।

ਇਕ ਰੰਨ ਗਈ ਦੂਜਾ ਆਉਣ ਗਿਆ
ਲੋਕ ਮਾਰਦੇ ਨਾਲ ਨਹੋਰਿਆਂ ਦੇ
ਨੂੰਹਾਂ ਰਾਜਿਆਂ ਤੇ ਰੰਨਾਂ ਡਾਢਿਆਂ ਦੀਆਂ
ਕੀਕੂੰ ਹੱਥ ਆਵਣ ਨਾਲ ਜ਼ੋਰੀਆਂ ਦੇ
ਅਸਾਂ ਖੈਰ ਮੰਗਿਆ ਉਨ੍ਹਾਂ ਸ਼ੋਰ ਕੀਤਾ
ਮੈਨੂੰ ਮਾਰਿਆ ਨਾਲ ਫਹੋੜਿਆਂ ਦੇ ।
ਵਾਰਿਸ ਜ਼ੋਰ ਜ਼ਰ, ਜ਼ਾਰੀਆਂ ਯਾਰੀਆਂ ਦੇ
ਸਾਏ ਜ਼ਰਾ ਤੇ ਨਾ ਕਮਜ਼ੋਰੀਆਂ ਦੇ ।[46]

ਸ਼ੈਲੀਹਾਰ (ਜਿਵੇਂ ਹੋਣਹਾਰ' ਨਾਂਵ ਹੈ ਅਤੇ ਵਿਸ਼ੇਸ਼ਨ ਵੀ) ਦੀ ਲੋੜ ਅਤੇ ਤਲਾਂ ਦੇ ਮਹੱਤਵ ਦਾ ਵਾਰਿਸ ਸ਼ਾਹ ਦੇ ਸੁੰਦਰਤਾ ਦੇ ਵਿਕਲਪ ਤੋਂ ਪਤਾ ਲੱਗ ਜਾਂਦਾ ਹੈ ਜਿਸ ਵਿਚ ਸੁਭਾਵਿਕਤਾ ਤੋਂ ਵੱਧ ਕਿਸੇ ਚੀਜ਼ ਜਾਂ ਪ੍ਰਕ੍ਰਿਆ 'ਚ ਵ੍ਰਿਧੀ ਦੀ ਲੋੜ ਹੈ। ਸ਼ੈਲੀਹਾਰ ਤੋਂ ਬਿਨਾ ਸੁੰਦਰਤਾ ਅਸੰਭਵ ਹੈ । ਕਲਾ ਵਿਚ ਸੁੰਦਰਤਾ ਹੁੰਦੀ ਹੈ ਪਰ ਸੁੰਦਰਤਾ ਕਲਾ ਤੋਂ ਬਿਨਾ ਨਹੀਂ ਉਠਦੀ ।

ਹੀਰ ਨ੍ਹਾਇਕੇ ਪੱਟ ਦਾ ਪਹਿਣ ਤੇਵਰ,
ਵਾਲੀਂ ਇਤਰ ਫੁਲੇਲ ਮਲਾਂਵਦੀ ਹੈ ।
ਵਲ ਪਾਇਕੇ ਮੇਢੀਆਂ ਖ਼ੂਨੀਆਂ ਨੂੰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਰੇ ਮੁਖ 'ਤੇ ਜ਼ੁਲਫ਼ ਪਲਮਾਂਵਦੀ ਹੈ ।
ਕੱਜਲ-ਭਿੰਨੜੇ ਨੈਣ ਅਪਰਾਧ ਲੱਥੇ,
ਦੋਵੇਂ ਹੁਸਨ ਦੇ ਕਟਕ ਲੈ ਧਾਂਵਦੀ ਹੈ ।
ਮਲ ਵੱਟਣਾ ਹੋਠਾਂ ਤੇ ਲਾਇ ਸੁਰਖ਼ੀ,
ਨਵਾਂ ਲੋੜ੍ਹ 'ਤੇ ਲੋੜ੍ਹ ਚੜ੍ਹਾਂਵਦੀ ਹੈ ।
ਸਿਰੀਸਾਫ ਦਾ ਭੋਛਨ ਪਹਿਨ ਸੂਹਾ,
ਕੰਨੀ ਬੁੱਕ-ਬੁੱਕ ਵਾਲੀਆਂ ਪਾਂਵਦੀ ਹੈ ।
ਕੀਮਖ਼ਾਬ ਦੀ ਚੋਲੀ ਹਿੱਕ ਪੈਧੀ,
ਮਾਂਗ ਚੌਕ ਲੈ ਤੇੜ ਵਲਾਂਵਦੀ ਹੈ ।
ਘੱਤ ਝਾਂਜਰਾਂ ਲੋੜ੍ਹ ਦੇ ਸਿਰੇ ਚੜ੍ਹਕੇ,
ਹੀਰ ਸਿਆਲ ਲਟਕਦੀ ਆਂਵਦੀ ਹੈ ।
ਟਿੱਕਾ ਬਿੰਦਲੀ ਬਣੀ ਹੈ ਨਾਲ ਲੂਲ੍ਹਾ,
ਵਾਂਗ ਮੋਰ ਦੇ ਪਾਇਲਾਂ ਪਾਂਵਦੀ ਹੈ ।
ਹਾਥੀ ਮਸਤ ਛੱਟਾ ਛਣਾ ਛਣ ਛਣਕੇ,
ਕਤਲ ਆਮ ਹੁੰਦੀ ਖ਼ਲਕ਼ਤ ਆਂਵਦੀ ਹੈ ।
ਨੈਣ ਮਸਤ ਤੇ ਲੋੜ੍ਹ ਦੇ ਸਿਰੇ ਚੜ੍ਹ ਕੇ,
ਸ਼ਾਹਪਰੀ ਛਣਕਦੀ ਆਂਵਦੀ ਹੈ ।
ਕਦੇ ਕੱਢ ਕੇ ਘੁੰਡ ਲੁੜ੍ਹਾਇ ਦੇਂਦੀ
ਕਦੇ ਖੋਲ੍ਹ ਕੇ ਮਾਰ ਮੁਕਾਂਵਦੀ ਹੈ ।
ਘੁੰਡ ਲਾਹ ਕੇ ਲਟਕ ਵਖਾਇ ਸਾਟੀ,
ਜੱਟੀ ਰੁਠੜਾ ਯਾਰ ਮਨਾਂਵਦੀ ਹੈ ।
ਵਾਰਿਸ ਮਾਲ ਦੇ ਨੂੰ ਸੱਭਾ ਖੇਲ੍ਹ ਦੌਲਤ,
ਵੱਖੋ ਵੱਖ ਕਰ ਚਾ ਵਖਾਂਵਦੀ ਹੈ ।
ਵਾਰਿਸ ਸ਼ਾਹ ਹੈ ਪਰੀ ਦੇ ਨਜ਼ਰ ਚੜ੍ਹਿਆ,
ਖ਼ਲਕ਼ਤ ਸੈਫੀਆਂ ਫੂਕਣੇ ਆਂਵਦੀ ਹੈ ।
ਰਾਂਝਾ ਵੇਖ ਕੇ ਆਖਦਾ ਪਰੀ ਕੋਈ,
ਇੱਕੇ ਭਾਵੇਂ ਤਾਂ ਹੀਰ ਸਿਆਲ ਹੋਵੇ ।
ਕੋਈ ਹੀਰ ਕਿ ਮੋਹਣੀ ਇੰਦਰਾਣੀ,
ਹੀਰ ਹੋਵੇ ਤਾਂ ਸਈਆਂ ਦੇ ਨਾਲ ਹੋਵੇ ।
ਨੇੜੇ ਆਣਕੇ ਕਾਲਜੇ ਧਾ ਗਈ ਉਸ,
ਜਿਵੇਂ ਮਸਤ ਕੋਈ ਨਸ਼ੇ ਦੇ ਨਾਲ ਹੋਵੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਂਝਾ ਆਖਦਾ ਅਬਰ ਬਹਾਰ ਆਇਆ,
ਬੇਲਾ ਜੰਗਲ ਲਾਲੋ ਹੀ ਲਾਲ ਹੋਵੇ ।
ਹਾਠ ਜੋੜ ਕੇ ਬੱਦਲਾਂ ਹਾਂਝ ਬੱਧੀ,
ਵੇਖਾਂ ਕਿਹੜਾ ਦੇਸ਼ ਨਿਹਾਲ ਹੋਵੇ ।
ਚਮਕੀ ਲੈਲਾਤੁਲ ਕ਼ਦਰ ਸਿਆਹ ਸ਼ਬ ਥੀਂ
ਜਿਸ ਦੇ ਪਵੇਗੀ ਨਜ਼ਰ ਨਿਹਾਲ ਹੋਵੇ ।
ਡੌਲ ਡਾਲ ਤੇ ਚਾਲ ਦੀ ਲਟਕ ਸੁੰਦਰ,
ਜੇਹਾ ਪੇਖਣੇ ਦਾ ਕੋਈ ਖ਼ਿਆਲ ਹੋਵੇ ।
ਯਾਰ ਸੋਈ ਮਹਿਬੂਬ ਤੋਂ ਫ਼ਿਦਾ ਹੋਵੇ,
ਜੀਉ ਸੋਈ ਜ਼ੋ ਮੁਰਸ਼ਦਾਂ ਨਾਲ ਹੋਵੇ ।
ਵਾਰਿਸ ਸ਼ਾਹ ਆ ਚਿਮੜੀ ਰਾਂਝਣੇ ਨੂੰ,
ਜੇਹਾ ਗਧੇ ਦੇ ਗਲੇ ਵਿਚ ਲਾਲ ਹੋਵੇ ।[47]

ਪਾਠਕ ਬਹੁਤ ਸਾਰੀਆਂ ਗੱਲਾਂ ਆਪ ਵੇਖ ਲੈਣਗੇ । ਇੱਥੇ ਇੱਕ ਗੱਲ ਕਹਿਣ ਯੋਗ ਹੈ । ਇਕ ਪਾਸੇ ਹੀਰ ਲੈਲਾਤੁਲ ਕ਼ਦਰ ਹੈ ਜਿਹੜੀ ਰੋਜ਼ਿਆਂ ਦੇ ਮਹੀਨੇ ਰਮਜ਼ਾਨ ਦੀ ਖਾਸ ਰਾਤ ਹੈ । ਇਸ ਰਾਤ ਦੀ ਬੰਦਗੀ ਹਜ਼ਾਰ ਮਹੀਨਿਆਂ ਦੀ ਇਬਾਦਤ ਦੇ ਬਰਾਬਰ ਸਮਝੀ ਜਾਂਦੀ ਹੈ । ਦੂਸਰੇ ਪਾਸੇ ਗਧੇ ਦੇ ਗਲ ਵਿਚ ਲਾਲ ਹੈ । ਸ਼ੈਲੀਹਾਰ ਵਿਚ ਭਾਵ ਦੀ ਵ੍ਰਿਧੀ, ਅਨੁਭਵ ਦਾ ਬਿਲਾਸ, ਸਰੋਦੀਪਨ ਅਤੇ ਥੇਟਰਤਾ ਹੈ ।

ਹੀਰ ਵਾਰਿਸ ਤਮਸੀਲ ਨਹੀਂ । ਇਹ ਦਾ ਤਮਸੀਲੀ ਜਗਤ ਉਖੱੜ ਚੁੱਕਾ ਹੈ ਜਿਸ ਦੇ ਭਾਵ ਦੇ ਪਰਉਸਾਰ ਵਿਚ ਸਾਨੂੰ ਤਮਸੀਲ ਦੇ ਅੰਸ਼ ਮਿਲਦੇ ਹਨ । ਇਨ੍ਹਾਂ ਅੰਸ਼ਾਂ ਤੇ ਝਾਤ ਸਾਨੂੰ ਭੁਲੇਖਾ ਦੇ ਸਕਦੀ ਹੈ ਕਿ ਵਾਰਿਸ ਸ਼ਾਹ ਦੇ ਵਰਣਨ ਵਿਚ ਪ੍ਰਕਿਰਿਤਿਕਵਾਦ ਹੈ ਅਤੇ ਸਮਾਜੀ ਪੜਚੋਲ ਯਥਾਰਥਵਾਦੀ ਹੈ । ਪਰ ਇਹ ਭਰਮ ਹੈ । ਏਸ ਸਮੇਂ ਵਿਹਾਰਿਕ ਨਿਰੀਖਣ (empirical observation) ਦੀ ਜਾਚ ਹੀ ਨਹੀਂ ਸੀ ਜਿਸ ਦੀ ਇਕ ਮਿਸਾਲ ਇਹ ਹੈ ਕਿ ਦਸਮ ਗ੍ਰੰਥ ਤੋਂ ਲੈ ਕੇ ਭਾਈ ਸੰਤੋਖ ਸਿੰਘ ਤਕ ਲੜਾਈ ਦਾ ਵਰਣਨ ਹੂ-ਬਹੂ ਉਹੀ ਰਹਿੰਦਾ ਹੈ ।[48]

ਵਾਰਿਸ ਸ਼ਾਹ ਦੇ ਤਮਸੀਲੀ ਜਗਤ ਦੇ ਟੁੱਟਣ ਕਾਰਣ ਇਸ਼ਕ ਦਾ ਪਰਲੋਕ ਨਾਲ ਤਅੱਲੁਕ ਘਟ ਜੁੜਦਾ ਹੈ ਅਤੇ ਇਹ ਬਾਹਿ-ਸਮਾਜੀ ਵਧੇਰੇ ਬਣ ਜਾਂਦਾ ਹੈ । ਇਸ਼ਕ ਨੂੰ ਤਸੱਵੁਫ ਨਾਲ ਜੋੜਣ ਲਈ ਸ਼ਾਇਰ ਪਰਮੱਤਵਾਦੀ (dogmatic) ਕਥਨ ਵਰਤਦਾ ਹੈ, ਇਹਨੂੰ ਸਿਰਜਣਾ ਵਿਚ ਨਿਭਾਉਂਦਾ ਨਹੀਂ । ਸਾਡੇ ਅਜੋਕੇ ਪਾਠਕਾਂ ਨੂੰ ਬਾਹਿ-ਸਮਾਜੀ ਪਿਆਰ ਯਥਾਰਥਵਾਦੀ ਅਤੇ ਵਿਦਰੋਹੀ ਪ੍ਰਤੀਤ ਹੁੰਦਾ ਹੈ । ਇਹ ਠੀਕ ਹੈ ਕਿ ਕਾਮ ਦਾ ਵੇਗ ਅਚਾਨਕ ਹੱਲਾ ਬੋਲ ਸਕਦਾ ਅਤੇ ਵਿਅਕਤਿਤਵ ਨੂੰ ਭੰਨਣ ਦੇ ਸਮਰੱਥ ਹੁੰਦਾ ਹੈ । ਪਰ ਵਿਤਰਕ (analogy) ਰਾਹੀਂ ਇਹ ਨੂੰ ਵਿਦਰੋਹ ' ਸਿੱਧ ਕਰਨਾ ਅਯੋਗ ਹੈ । ਵੇਗ 'ਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਅਕਤੀ ਦਾ ਦਖਲ ਨਹੀਂ। ਪ੍ਰੇਮ 'ਚ ਦੋ ਵਿਅਕਤੀ ਬੱਝ ਜਾਂਦੇ ਹਨ ਜਿਹਨਾਂ ਦੀ ਵਿਅਕਤੀ ਹੋਣ ਦੇ ਨਾਤੇ ਹੀ, ਪ੍ਰੇਮੀ ਹੋਣ ਦੇ ਨਾਤੇ ਨਹੀਂ, ਸਮਾਜ ਤੋਂ ਬਗ਼ਾਵਤ ਸੰਭਾਵੀ ਹੈ। ਇਹ ਸ਼ਾਇਦ ਆਲੋਚਕਾਂ ਦੀ ਆਲਸ ਦਾ ਦੋਸ਼ ਹੈ ਕਿ ਉਹ ਹਰ ਜਾਇਜ਼ ਨਾਜ਼ਾਇਜ਼ ਗੱਲ 'ਚ ਵਿਦਰੋਹ ਵੇਖਦੇ ਹਨ। ਲਿੰਗਤਾ ਆਪਣੇ ਆਪ 'ਚ ਵਿਦਰੋਹੀ ਨਹੀਂ। ਕਮ-ਅਜ਼-ਕਮ ਯੂਰਪੀ ਚਿੰਤਕਾਂ ਵਿਚ ਅਜਿਹੀ ਗੱਲ ਨਹੀਂ[49] ਹੈ। ਇਹ ਗੱਲ ਜ਼ਰੂਰ ਹੈ ਕਿ ਸ੍ਰੇਣੀ, ਸਮਾਜ ਅਤੇ ਦਮਨ ਦੀ ਸਿਆਸਤ ਕਾਰਨ ਲਿੰਗਤਾ 'ਚ ਵਿਗਾੜ ਪੈ ਜਾਂਦਾ ਹੈ ਅਤੇ ਵਾਰਿਸ ਸ਼ਾਹ ਅਜਿਹੀ ਕੋਈ ਗੱਲ ਨਹੀਂ ਕਹਿੰਦਾ :

ਧੀ ਜਵਾਨ ਜੋ ਕਿਸੇ ਦੀ ਬੁਰੀ ਹੋਵੇ,
ਚੁਪ ਕੀਤੜੇ ਚਾਇ ਨਿਬੇੜੀਏ ਨੀ।
ਤੈਨੂੰ ਵੱਡਾ ਉਨਮਾਦ ਆ ਜਾਗਿਆ ਹੈ,
ਤੇਰੇ ਵਾਸਤੇ ਮੁਣਸ ਸਹੇੜੀਏ ਨੀ।
ਵਾਰਿਸ ਜੀਂਵਦੇ ਹੋਣ ਜੇ ਭੈਣ ਭਾਈ,
ਚਾਕ ਚੋਬਰਾਂ ਨਾਹਿ ਸਹੇੜੀਏ ਨੀ।[50]

ਬੰਦ ਵਿਚ ਵਾਰਿਸ ਦੀ ਦੁਵੱਲਤਾ (ambivalence) ਹੀ ਯਥਾਰਥਵਾਦੀ ਵਰਣਨ ਪੈਦਾ ਕਰਦੀ ਹੈ। ਫੇਰ :

ਉਸ ਦਾ ਵੇਖ ਕੇ ਹਾਲ ਅਹਿਵਾਲ ਸਾਰਾ,
ਸਾਡਾ ਰੋਂਦਿਆਂ ਨੀਰ ਨ ਠੱਲਿਆ ਈ।
ਨਿਰਾਸ ਉਦਾਸ ਹੋਇ ਇਸ਼ਕ ਕੋਲੋਂ,
ਸਿਕਲਾਤ ਦੇ ਬੀਆਂ ਨੂੰ ਚੱਲਿਆ ਈ।[51]
(ਸਿਕਲਾਤ—ਸਿਰਕਲਾਤ, ਬਨਾਤ—ਮਖਮਲ)।

ਵਿਚ ਕਿਸੇ ਉਦਗਾਮੀ ਪਰਲੋਕੀ ਧਿਰ ਦਾ ਜ਼ਿਕਰ ਨਹੀਂ ਸਗੋਂ ਚਿੜੀਆਂ ਦੇ ਦੁੱਧ ਦੀ ਭਾਲ ਜਹੀ ਮੁਹਿੰਮ ਹੈ। 'ਜਿਨ੍ਹਾਂ ਇਸ਼ਕ ਦੇ ਮਾਮਲੇ ਸਿਰ ਚਾਇ, ਵਾਰਿਸ ਸ਼ਾਹ ਨਾ ਕਿਸੇ ਤੋਂ ਰਹਿਣ ਸੰਗੇ।'[52] ਦੀ ਨਿਸ਼ੰਗਤਾ ਵਿਚ ਰੱਬ 'ਚ ਮਹਿਵ ਹੋਣ ਅਤੇ ਬਾਹਿ-ਸਮਾਜਿਕਤਾ (unsociality) ਦੀ ਦੁਵੱਲਤਾ ਹੈ। ਇਸੇ ਦੁਵੱਲਤਾ ਦਾ ਦੁਹਰਾਉ 'ਸੱਸੀ ਜਾਮ ਜਲਾਲੀ ਨੇ ਰੋੜ੍ਹ ਦਿੱਤੀ, ਕਈ ਡੂਮ ਢਾਡੀ ਪਏ ਗਾਂਵਦੀ ਨੇ' ਤੋਂ ਪ੍ਰਤੀਤ ਹੁੰਦਾ ਹੈ ਅਤੇ ਵਾਰਿਸ ਸ਼ਾਹ ਦਾ ਦਾਅਵਾ ਹੈ ਕਿ ਉਹ ਆਪ ਡੂਮ ਢਾਡੀਆ ਦੇ ਸਤਰ ਵਾਲਾ ਨਹੀਂ ਜਿਹੜਾ ਉਸ ਤੋਂ ਸਿਰੇ ਨਹੀਂ ਚੜ੍ਹਿਆ। ਜਦੋਂ ਹੀਰ ਦਾ ਖੇੜਿਆਂ ਨਾਲ ਵਿਆਹ ਦੀ ਖ਼ਬਰ ਮਿਲਦੀ ਹੈ ਤਾਂ ਵਾਰਿਸ ਸ਼ਾਹ 'ਰਾਂਝੇ ਹੀਰ ਸੁਣਿਆ ਦਿਲਗੀਰ ਹੋਏ, ਦੋਵੇਂ ਦੇਣ ਗਾਲੀ ਨਾਲ ਅੱਕਰ[63] ਤੋਂ ਵੱਧ ਕੁਝ ਨਹੀਂ ਸਿਰਜ ਸਕਦਾ ਹੈ। ਇਹ ਗੱਲ ਤਮਸੀਲ ਦੀ ਨਾ-ਕਾਮਯਾਬੀ ਦੀ ਇਲਾਮਤ ਹੈ। ਕਵੀ ਇਸ਼ਕ ਨੂੰ ਮਾਰਫਤ ਨਾਲ ਜੋੜਣ ਦੀ ਥਾਉਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹਨੂੰ ਜੋਗ ਨਾਲ ਹੀ ਜੋੜ ਸਕਦਾ ਹੈ। ਜੋਗੀ ਰਾਂਝੇ ਨੂੰ ਸੂਫੀਵਾਦ ਦੇ ਚਿੰਨ੍ਹ ਵਿਚ ਬਦਲਣਾ ਅਸੰਭਵ ਹੈ ਪਰ ਵਾਰਿਸ ਇਸ਼ਕ ਨੂੰ ਜੋਗੀਆਂ ਫੱਕਰਾਂ ਨਾਲ ਜੋੜਣ ਤੋਂ ਵੱਧ ਕੁਝ ਨਹੀਂ ਕਰਦਾ।

ਮੈਨੂੰ ਕਰੋ ਮਲੰਗ ਭਿਬੂਤ ਲਾਉ,
ਬੱਚਾ ਉਹ ਵੀ ਤੇਰੀ ਮਲੰਗਣੀ ਹੈ।[64]

ਇਸ ਤਰ੍ਹਾਂ ਬਾਹਿ-ਸਮਾਜੀ ਪਿਆਰ ਦਾ ਜੋਗੀਆਂ ਫਕੀਰਾਂ ਨਾਲ ਜੋੜ ਬਣਦਾ ਹੈ। ਇਸ਼ਕ ਸਮਾਜ ਤੋਂ ਲਾਂਭੇ ਹੈ ਜਿਹੜਾ ਸਮਾਜ 'ਤੇ ਹੀ ਨਿਰਭਰ ਹੈ ਜਿਵੇਂ ਕਿ ਜੋਗੀ ਜਗਤ ਨੂੰ ਕੱਚੇ ਤਿਆਗ ਨਾਲ ਇਹਦੇ 'ਤੇ ਰੂਹਾਨੀ ਤੌਰ 'ਤੇ ਰਾਜ ਕਰਨਾ ਚਾਹੁੰਦੇ ਹਨ। ਇਹ ਦੁਖਾਂਤ ਨਹੀਂ ਸਗੋਂ ਦਵੰਦ ਹੈ ਜਿਸ ਦਾ ਕੋਈ ਉਦਗਾਮੀ ਪਰਲੋਕੀ ਪੱਖ ਨਹੀਂ ਬਣ ਸਕਿਆ। ਦਰਅਸਲ ਉਦਗਾਮੀ ਪੱਖ ਦੀ ਅਣਹੋਂਦ ਹੀ ਦਵੰਦ ਨੂੰ ਯਥਾਰਥਵਾਦੀ ਦੁਖਾਂਤੀ ਬਣਾਉਣ ਦਾ ਝਾਉਲਾ ਪਾਉਂਦੀ ਹੈ।

ਹੋਕਾ ਇਹੋ ਦੇਂਦਾ ਪਿੰਡਾਂ ਵਿਚ ਸਾਰੇ,
ਆਉ ਕਿਸੇ ਫ਼ਕੀਰ ਜੇ ਹੋਵਣਾ ਜੇ।
ਮੰਗ ਖਾਵਣਾ ਕੰਮ ਨਾ ਕਾਜ ਕਰਨਾ,
ਨਾ ਕੋ ਚਾਰਨਾ ਤੇ ਨਾ ਹੀ ਚੋਵਣਾ ਜੇ।
ਜ਼ਰਾ ਕੰਨ ਪੜਾਇ ਕੇ ਸੁਆਹ ਮਲਣੀ,
ਗੁਰੂ ਸਾਰੇ ਹੀ ਜਗਤ ਦਾ ਹੋਵਣਾ ਜੇ।
ਨਹੀਂ ਦੇਣੀ ਵਧਾਈ ਪੁੱਤ ਜੰਮਿਆ ਦੀ,
ਅਤੇ ਮੋਇਆਂ ਨੂੰ ਕਿਸੇ ਨਾ ਰੋਵਣਾ ਜੇ,
ਮੰਗ ਖਾਵਣਾ ਤੇ ਨਾਲੇ ਘੂਰਨਾ ਜੇ
ਦੇਣਦਾਰ ਨਾ ਕਿਸੇ ਦਾ ਹੋਵਣਾ ਜੇ।
ਖੁਸ਼ੀ ਆਪਣੀ ਉੱਠਣਾ ਮੀਆਂ ਵਾਰਿਸ,
ਅਤੇ ਆਪਣੀ ਨੀਂਦ ਹੀ ਸੋਵਣਾ ਜੇ।[65]

'ਮੰਗ ਖਾਵਨ ਘੂਰਨ' ਵਿਚ ਅਤੇ 'ਜ਼ਰਾ ਕੰਨ ਪੜਾਇ ਸਾਰੇ ਜਗਤ ਦੇ ਗੁਰੂ' ਹੋਣ 'ਚ ਪੋਲਾਪਨ ਤਾਂ ਹੈ ਪਰ ਤਮਸੀਲੀ ਗੰਭੀਰਤਾ ਨਹੀਂ। ਅਜੇਹੇ ਇਸ਼ਕ ਅਤੇ ਜੋਗ ਦੇ ਸਹਿਭਵ (homologue) ਦਾ ਵਰਣਨ ਵਾਰਿਸ ਆਪ ਹੀ ਕਰ ਦਿੰਦਾ ਹੈ। 'ਵਾਰਿਸ ਸ਼ਾਹ ਮੀਆਂ ਜਿਸਨੂੰ ਇਸ਼ਕ ਲੱਗਾ, ਦੀਨ ਦੁਨੀ ਦੇ ਕੰਮ ਥੀਂ ਜਾਇ ਰਹਿਆ'।[66] ਦੀਨ ਸ਼ਬਦ ਦੀ ਵਰਤੋਂ ਮਹੱਤਵਪੂਰਨ ਹੈ। ਜੇ ਵਾਰਿਸ ਦੇ ਮਨ ਵਿਚ ਸ਼ਰੀਅਤ ਤੋਂ ਵੱਖਰਾ ਦੀਨ ਹੈ ਤਾਂ ਉਹਦਾ ਉਲੇਖ ਨਹੀਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹੀ ਵਜਹ ਹੈ ਕਿ ਬਾਹਿ-ਸਮਾਜੀ ਪਿਆਰ ਨੂੰ ਉਦਗਮ ਪੰਜ ਪੀਰਾਂ ਦੀ ਮਕਾਨਕੀ ਹਮਾਇਤ ਦੀ ਲੋੜ ਹੈ ।[67] ਜਦੋਂ ਹੀਰ ਨੂੰ ਕਾਜ਼ੀ ਨਿਕਾਹ ਲਈ ਕਹਿੰਦਾ ਤਾ ਉਹ ਮੁਸਲਮਾਨੀ ਸਿਧਾਂਤ, ਫਰਿਸ਼ਤਿਆਂ ਅਤੇ ਕੁਤਬ ਦੇ ਨਾਉਂ 'ਤੇ ਉਜ਼ਰ ਕਰਦੀ ਹੈ ਜਿਹੜੀ ਤਮਸੀਲ ਨਹੀਂ ਸਗੋਂ ਤਰਕਉਸਾਰੀ (rationalisation) ਦੀ ਹੁੱਜਤ ਹੈ ।

'ਕਾਲੂਬਲਾ...' ਦੇ ਦਿਨ ਨਿਕਾਹ ਬੱਧਾ,
ਰੂਹ ਨਬੀ ਦੀ ਆਪ ਪੜ੍ਹਾਇਆ ਏ ।
ਕੁਤਬ ਹੋਇ ਵਕੀਲ ਵਿਚ ਆਇ ਬੈਠਾ,
ਹੁਕਮ ਰੱਬ ਨੇ ਆਪ ਕਰਾਇਆ ਏ ।
ਜਬਰਾਈਲ ਮੈਕਾਈਲ ਗਵਾਹ ਚਾਰੇ,
ਅਸ਼ਰਾਫੀਲ ਇਜ਼ਰਾਈਲ ਆਇਆ ਏ ।
ਅਗਲਾ ਤੋੜ ਕੇ ਹੋਰ ਨਿਕਾਹ ਪੜ੍ਹਨਾ,
ਆਖ ਰੱਬ ਨੇ ਕਦੋਂ ਫਰਮਾਇਆ ਏ ।[68]

ਆਉਂਦੀ ਬੈਂਤ ਧਿਆਨ ਨਾਲ ਵਾਚਣ ਵਾਲੀ ਹੈ । ਇਹ 'ਤਵੱਕਲ' ਦਾ ਇਜ਼ਹਾਰ ਤਾਂ ਕਰਦੀ ਹੈ ਪਰ 'ਹੋਰ ਧਿਰ' ਇਸ ਨੂੰ ਕੈਂਸਿਲ ਕਰ ਦਿੰਦੀ ਹੈ । ਇਸ ਵਿਚਲੀ ਤਮਸੀਲ ਦਾ ਢਹਿਣ ਯਥਾਰਥਵਾਦੀ ਰੰਗ ਪੈਦਾ ਕਰਦਾ ਹੈ ਅਤੇ 'ਅੱਲ੍ਹਾ ਨੂੰ ਸੌਂਪੀਏ' ਹਾਰਨ ਹਟਣ ਦਾ ਪ੍ਰਭਾਵ ਦਿੰਦਾ ਹੈ । ਜਿਸ ਵਿਚ 'ਹੋਰ ਧਿਰ' ਅਜੋਕੇ ਪਾਠਕ ਨੂੰ ਹੋਰ ਵੀ ਯਥਾਰਥਵਾਦੀ ਲੱਗਦੀ ਹੈ ।

ਵਾਰਿਸ ਸ਼ਾਹ ਅੱਲਾ ਨੂੰ ਸੌਂਪੀਏ ਤੂੰ,
ਸਾਨੂੰ ਛੱਡ ਕੇ ਹੋਰ ਧਿਰ ਲਾਈਆਂ ਨੇ ।[69]

ਵਾਰਿਸ ਸ਼ਾਹ ਦੀ ਤਮਸੀਲ ਦੇ ਇਕ ਪਾਸੇ 'ਹੀਰੇ ਇਸ਼ਕ ਨਾ ਮੂਲ ਸਵਾਦ ਦੇਂਦਾ, ਨਾਲ ਚੋਰੀਆਂ ਅਤੇ ਉਧਾਲੀਆਂ ਦੇ'[60] ਹੈ, ਭਾਵੇਂ ਹੀਰ ਦੀ ਰਚਨਾ ਦਾ ਬਹੁਤਾ ਹਿੱਸਾ ਚੋਰੀ ਉਧਾਲਣ ਬਾਰੇ ਹੀ ਹੈ, ਅਤੇ ਦੂਸਰੇ ਸਿਰੇ 'ਤੇ 'ਮਰਨ ਦੇਹ ਜੱਟੀ ਜ਼ਰਾ ਵੈਣ ਸੁਣੀਏ, ਰਾਗ ਨਿਕਲੇ ਰੰਗ ਬਰੰਗੇ ਦੇ ਨੀ'[61] ਹੈ ।

ਜਿੱਥੇ ਅਸੀਂ ਜਾਣਦੇ ਹਾਂ ਕਿ ਜੋਗੀ ਦਾ ਚਰਿੱਤ੍ਰ ਸੂਫ਼ੀ ਤਮਸੀਲ ਦਾ ਪ੍ਰਤੀਕ ਬਣਨ ਦੇ ਅਸਮਰਥ ਹੈ, ਉੱਥੇ ਸਾਨੂੰ ਹੀਰ ਵਾਰਿਸ ਤੋਂ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ ਕਿ 18ਵੀਂ ਸਦੀ ਵਿਚ ਜੋਗੀ ਸੰਪਰਦਾ ਦਾ ਮਹੱਤਵ ਪ੍ਰਤੀਕ ਵਜੋਂ ਹੀ ਸੀ । ਬਾਬੇ ਨਾਨਕ ਦਾ ਜੋਗੀਆਂ ਨਾਲ ਸੰਵਾਦ ਬਹੁਤ ਆਕਾਰਮਈ ਹੈ ਪਰ ਵਾਰਿਸ ਸ਼ਾਹ ਦੇ ਸਮਿਆਂ ਵਿਚ ਇਹ ਮੰਗ ਖਾਣ ਅਤੇ ਘੂਰਨ ਤੋਂ ਬਿਨਾਂ ਕਿਸੇ ਗੱਲ ਦੇ ਯੋਗ ਨਹੀਂ ਹਨ ।

ਜੇ ਅਸੀਂ ਵਾਰਿਸ ਸ਼ਾਹ ਦੇ ਲਿੰਗ ਭੋਗ ਦੇ ਵਰਣਨ ਵਲ ਧਿਆਨ ਦੇਈਏ ਤਾਂ ਇਹਦੇ ਵਿਚ ਵਿਸ਼ੇਸ਼ ਸੂਫ਼ੀ ਖ਼ੁਦਸੋਜ਼ੀ (masochism) ਵਾਲੀ ਭਾਵਨਾ ਮਿਲਦੀ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖ਼ੁਦਸੋਜ਼ੀ ਦਾ ਮੁੱਖ ਲੱਛਣ ਲਿੰਗ ਦੀ ਅਪ੍ਰਾਧਭਾਵਨਾ ਨੂੰ ਫੰਤਾਸ (fantasy) ਰਾਹੀਂ ਫੈਲਾਉਣਾ ਹੈ ਅਤੇ ਫੰਤਾਸੀ ਕਸ਼ਟ ਵਿਚੋਂ ਲੰਘਦਿਆਂ ਕਾਮੁਕ ਵੇਗ 'ਚ ਪ੍ਰਬਿਲਾਸ (voluptuousness) ਲਿਆਉਣਾ ਹੈ। ਖ਼ੁਦਸੋਜ਼ ਕਿਉਂਕਿ ਪੂਰਤੀ ਤੋਂ ਪਹਿਲਾਂ ਇੰਨਾ ਕਸ਼ਟ ਝੱਲ ਚੁੱਕਿਆ ਹੁੰਦਾ ਹੈ ਇਸ ਲਈ ਉਹਦੀ ਲਿੰਗਪੂਰਤੀ ਅਪ੍ਰਾਧਹੀਨ ਪ੍ਰਬਲਾਸੀ ਹੁੰਦੀ ਹੈ। ਦੂਸਰੇ ਕਾਮੁਕ ਕਾਂਗ 'ਤੇ ਪਹੁੰਚ ਕੇ ਖ਼ੁਦਸੋਜ਼ ਸੇਡੀ (sadist) ਬਣ ਜਾਂਦਾ ਹੁੰਦਾ ਹੈ ਜਿਸਦਾ ਭੋਗ ਹਿੰਸਕ ਹੁੰਦਾ ਹੈ। ਮਨੋਵਿਗਿਆਨੀਆਂ ਦਾ ਖਿਆਲ ਹੈ ਕਿ ਖ਼ੁਦਸੋਜ਼ ਦੀ ਲਿੰਗਤਾ ਭਾਵੇਂ ਅਸਵੱਛ ਹੁੰਦੀ ਹੈ ਪਰ ਇਹਦੇ ਵਿਚ ਕਈ ਵਾਹਣਾਂ (drives) ਦੇ ਮੇਲ ਹੋਣ ਕਰਕੇ ਇਹ ਸਾਧਾਰਨ ਜਾਂ ਸਵੱਛ ਲਿੰਗਤਾ ਨਾਲੋਂ ਕਿਤੇ ਡੂੰਘੀ, ਪ੍ਰਬਲ ਅਤੇ ਪ੍ਰਬਿਲਾਸੀ ਹੁੰਦੀ ਹੈ।[62] ਵਾਰਿਸ ਸ਼ਾਹ ਦੇ ਲਿੰਗ-ਵਰਣਨ ਵਿਚ ਫੰਤਾਸ, ਕਈ ਵਾਹਣ ਅਤੇ ਹਿੰਸਾ ਦਾ ਅੰਸ਼ ਪ੍ਰਤੱਖ ਨਜ਼ਰ ਆਉਂਦਾ ਹੈ 'ਮੂੰਹ ਮੰਗੀਆਂ ਦੌਲਤਾਂ ਪਾਈਆਂ ਨੇ'[63]। 'ਵਾਰਿਸ ਸਾਹ ਹੁਣ ਪਾਣੀਆ ਜ਼ੋਰ ਕੀਤੇ, ਬਹੁਤ ਖੁਸ਼ੀ ਕੀਤੀ ਮੁਰਗਾਈਆਂ ਨੇ[63] ਮਨੋਵਿਸ਼ਲੇਸ਼ਨ ਦਾ ਬਿੰਬ ਹੈ ਜਿਸ ਵਿਚ ਸ਼ਾਇਦ ਪਾਣੀ ਦੀ ਕਾਂਗ ਕਾਮੁਕ ਉਤੇਜਣਾ ਅਤੇ ਮੁਗਾਈਆਂ ਛਾਤੀਆਂ ਹਨ। ਉਤੇਜਣਾ ਵਿਚ ਛਾਤੀਆਂ ਦਾ ਤਰਦੇ ਫਿਰਨਾ ਅਚੇਤ ਫੰਤਾਸ ਹੈ। 'ਸੂਹਾ ਘੱਗਰਾ ਲਹਿਰ ਦੇ ਨਾਲ ਉਡੇ, ਬੋਕਬੰਦ ਦੋ ਚੰਦ ਹੋ ਚਲਿਆ ਨੀ'। 'ਤੇਰੇ ਖ਼ਾਨਚੇ ਇਹ ਸ਼ਕਰ ਪਾਰਿਆਂ ਦੇ, ਹੱਥ ਮਾਰਕੇ ਭੁਖਿਆਂ ਲੁੰਮ ਲਏ'।[64] 'ਖਾਨਚਾ' ਸ਼ਬਦ ਲਿੰਗ ਦਾ ਮੂੰਹ ਨਾਲ ਸੰਬੰਧ ਬਣਾ ਦਿੰਦਾ ਹੈ, ਅਤੇ ਸ਼ਾਇਦ ਮੂੰਹ ਦੀ ਲਿੰਗਤਾ ਨਾਲ ਵੀ। 'ਵਾਰਿਸ ਸ਼ਾਹ ਮੀਆਂ ਇਹ ਦੁਆ ਮੰਗੋ, ਖੁੱਲ੍ਹ ਜਾਏ ਬਾਰਾ ਅੱਜ ਕੁਲ ਦਾ ਜੀ[65] ਵਿਚ ਸਾਮਾਨਯ (universal) ਭੋਗ ਦੀ ਗੂੰਜ ਹੈ। ਲਿੰਗ ਨੇ ਕਪੜਿਆਂ ਨੂੰ ਅੱਗ ਲਾ ਦਿੱਤੀ ਹੈ 'ਤੇਵਰ ਲਾਲ ਮੈਨੂੰ ਅੱਜ ਖੇੜਿਆਂ ਦਾ, ਜਿਵੇਂ ਲੱਗੇ ਅਲੰਬੜਾ ਅੱਗ ਦਾ ਨੀਂ'[66] ਮੁੜਕੇ ਫੇਰ ਮੁਰਗਾਈਆਂ ਵਾਲੇ ਚਿੰਨ੍ਹ ਵਾਂਗੂੰ ਮਨੋਵਿਸ਼ਲੇਸ਼ਨ ਦਾ ਬਿੰਬ ਹੈ। 'ਇਕੋ ਜੋਬਨੇ ਦੀ ਨਈਂ ਠਾਠ ਦਿੱਤੀ, ਬੂੰਬਾ ਆਂਵਦਾ ਪਾਣੀ 'ਤੇ ਝੱਗ ਦਾ ਨੀਂ।' ਜਿਸ ਵਿਚ ਝੱਗ ਦਾ ਫੁਹਾਰਾ (ਬੂੰਬਾ) ਖਾਸ ਮਹੱਤਵ ਰਖਦਾ ਹੈ। 'ਹੁਕਮ ਹੋਰ ਦਾ ਹੋਰ ਅੱਜ ਹੋਇ ਗਿਆ, ਅੱਜ ਮਿਲੀ ਪੰਜਾਬ ਕੰਧਾਰੀਆਂ ਨੂੰ', 'ਤੇਰੀ ਤਕੜੀ ਦੀਆਂ ਕੱਸਾਂ ਢਿੱਲੀਆਂ ਨੇ', 'ਠਹਿਕ ਲੱਗ ਗਈ ਮਨਿ-ਆਰੀਆਂ ਨੂੰ'[67], 'ਕਿਸੇ ਹੋਏ ਬੇਦਰਦ ਲਗਾਮ ਦਿੱਤੀ, ਅੱਡੀਆਂ ਵੱਖੀਆਂ ਵਿਚ ਚੁਭਾਈਆਂ ਨੇ'[68], 'ਤਲਬ ਡੁੱਬ ਗਈ ਸਰਕਾਰ ਮੇਰੀ, ਮੈਨੂੰ ਇਕ ਨਾ ਦਾਮ ਵਸੂਲ ਹੋਇਆ'[69], 'ਫੌਜਦਾਰ ਤਗੱਈਅਰ ਬਹਾਲ ਹੋਇਆ, ਝਾੜ ਤੁੰਬਿਆ ਅਤੇ ਗਲੀਚਿਆਂ ਨੂੰ'[70], ਫੌਜ ਹੁਸਨ ਦੀ ਖੇਤ ਵਿਚ ਖਿੰਡ ਪਈਆਂ, ਤੁਰਤ ਚਾ ਲੰਗੋਟੜੇ ਵੱਟਿਉ ਨੇ'[71], 'ਰੂਹ ਦੀ ਕਲਾ ਹਿੱਲੀ', ਮਿਲੀ ਆਬ-ਇ-ਹਿਯਾਤ ਪਿਆਸਿਆਂ ਨੂੰ'।[72]

ਦੂਸਰੇ, ਕਲਪਨਾ ਵਿਚ ਹਿੰਸਾ ਪ੍ਰਧਾਨ ਹੈ। 'ਘੋੜਾ ਸ਼ਾਹ ਸਵਾਰ ਨੇ ਫੇਰਿਆ ਈ', 'ਮਲ ਦਲ ਸੁੱਟੀਏ ਵਾਂਗ ਫੁੱਲਾਂ', 'ਸੂਬੇਦਾਰ ਨੇ ਕਿਲੇ ਨੂੰ ਢਾਹਿ ਤੋਪਾਂ, ਵਾਰਿਸ ਜ਼ੋਰ ਸੱਭ ਰੱਈਅਤਾਂ ਮੇਲੀਆਂ ਨੇ', 'ਬਘਿਆੜਾਂ ਨੇ ਰੋਲੀਆਂ ਛੇਲੀਆਂ ਨੇ', ਕਿਸੇ ਹੋਇ ਬੇਦਰਦ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਸੀਸ ਦਿੱਤੀ, ਬੰਦ ਬੰਦ ਕਮਾਨ ਦੇ ਟੁੱਟ ਗਏ', 'ਹੇੜੀ ਆਇ ਮਿਲਿਆ' ।[73]

ਵਾਰਿਸ਼ ਸ਼ਾਹ ਵਿਚ ਪੀੜਾ ਦਾ ਅੰਸ਼ ਬਹੁਤ ਘੱਟ ਹੈ । 'ਹੀਰ ਆਖਦੀ ਜੋਗੀਆ ਝੂਠ ਬੋਲੇਂ...'[74] ਦੇ ਪ੍ਰਸਿੱਧ ਬੰਦ ਵਿਚ ਵੀ ਦਰਦ ਨਾਲੋਂ ਉਦਾਸੀ ਜ਼ਿਆਦਾ ਹੈ । ਕੇਵਲ 'ਚੰਮ ਦੀਆਂ ਜੁੱਤੀਆਂ' ਵਿਚ ਫੰਤਾਸੀ ਵੇਦਨਾ ਹੈ । ਫੰਤਾਸੀ ਦਰਦ ਆਲਮ-ਇ-ਨੁਜ਼ਾ'ਨੀਮ-ਬਿਸਮਲ ਦੇ ਨਸ਼ਤਰ ਦਾ ਨਹੀਂ ਸਗੋਂ :

ਰਾਂਝਾ ਆਖ਼ਦਾ ਖਿਆਲ ਨ ਪਵੋ ਮੇਰੇ,
ਸੀਂਹ ਸੱਪ ਫਕੀਰ ਦਾ ਦੇਸ਼ ਕੇਹਾ ।
ਕੂੰਜਾਂ ਵਾਂਗ ਮਮੋਲਿਆਂ ਦੇਸ ਛੱਡੇ,
ਅਸਾਂ ਜ਼ਾਤ ਸਿਫਾਤ 'ਤੇ ਭੇਸ ਕੇਹਾ ।
ਵਤਨ ਦਮਾਂ ਦੇ ਨਾਲ ਤੇ ਜ਼ਾਤ ਜੋਗੀ,
ਸਾਨੂੰ ਸਾਕ ਕਬੀਲੜਾ ਖੇਸ਼ ਕੇਹਾ ।
ਜੇਹੜਾ ਵਤਨ ਤੇ ਜ਼ਾਤ ਵੱਲ ਧਿਆਨ ਰੱਖੇ,
ਦੁਨੀਆਦਾਰ ਹੈ ਉਹ ਦਰਵੇਸ਼ ਕੇਹਾ ।
ਦੁਨੀਆਂ ਨਾਲ ਪੈਵੰਦ ਹੈ ਅਸਾਂ ਕੇਹਾ,
ਪੱਥਰ ਜੋੜਣਾ ਨਾਲ ਸਰੇਸ਼ ਕੇਹਾ ।
ਸਭ ਖ਼ਾਕ ਦਰ ਖ਼ਾਕ ਫਨਾ ਹੋਣਾ,
ਵਾਰਿਸ ਸ਼ਾਹ ਫਿਰ ਤਿਨ੍ਹਾਂ ਨੂੰ ਐਸ਼ ਕੇਹਾ ।[75]

ਇਹ ਸ਼ਾਇਦ ਵਾਰਿਸ ਸ਼ਾਹ ਦੇ ਆਪਣੇ ਰਹੱਸਮਈ ਅਨੁਭਵ ਦੀ ਘਾਟ ਹੈ ਕਿ ਉਸ ਵਿਚ ਪੀੜਾ ਦਾ ਅੰਸ਼ ਘੱਟ ਹੈ । ਲਗਦਾ ਹੈ ਕਿ ਵਾਰਿਸ ਸ਼ਾਹ ਨੂੰ ਤਸੱਵਫ ਨਾਲ ਜਾਣਕਾਰੀ ਤਾਂ ਹੈ ਪਰ ਕੋਈ ਸੂਫ਼ੀਆਂ ਵਾਲਾ ਨਿੱਜੀ ਅਨੁਭਵ ਨਹੀਂ ਜਿਸ ਵਿਚ ਉਹਨੇ ਕਿਸੇ ਦਰਦ ਫਿਰਾਕ ਵਾਲੀ 'ਰੂਹ ਦੀ ਕਾਲੀ ਰਾਤ' ਜਗਾਈ ਹੋਵੇ । ਵਾਰਿਸ ਦੀ ਹੀਰ ਵਿਚ ਉਦਾਸੀ ਅਤੇ ਬੇਬਸੀ ਜ਼ਰੂਰ ਹੈ । ਹੀਰ ਦੀ ਪੰਜਾਬੀ ਸੂਫੀ ਕਵਿਤਾ ਨਾਲ ਸਾਂਝ ਹੈ ਜਿਸ ਵਿਚ ਪੀੜਾ ਦੇ ਫੰਤਾਸ ਨਾਲੋਂ ਘਰੇਗੀ ਬੇਬਸੀ ਦਾ ਬਿੰਬ ਪ੍ਰਧਾਨ ਹੈ । ਇਹਦੇ ਵਿਚ ਸ਼ਾਹ ਹੁਸੈਨ ਜਿਹੀ ਵੇਦਨਾ ਵੀ ਨਹੀਂ ।

ਸੱਜਣ ਬਿਨ ਰਾਤਾਂ ਹੋਈਆਂ ਵੱਡੀਆਂ,
ਮਾਸ ਝੜੇ ਝੜ ਪਿੰਜਰ ਹੋਇਆ ।
ਕਣ ਕਣ ਗਈਆਂ ਹੱਡੀਆਂ,
ਇਸ਼ਕ ਛਿਪਾਇਆ ਛਿਪਦਾ ਨਾਹੀਂ ।
ਬਿਰਹੋਂ ਤਣਾਵਾ ਗੱਡੀਆਂ,
ਰਾਂਝਾ ਜੋਗੀ ਮੈਂ ਜੋਗੀਆਣੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਕੀ ਕਰ ਛੱਡੀਆਂ,
ਕਹੇ ਹੁਸੈਨ ਫਕੀਰ ਸਾਈਂ ਦਾ
ਤੇਰੇ ਦਾਮਨ ਲੱਗੀਆਂ।[76]

ਹੀਰ ਵਾਰਿਸ ਹੀਰ ਰਾਂਝਾ ਮਿਲਾਪ ਦੇ ਵਰਣਨ ਤੋਂ ਬਾਦ ਅਜਿਹੀ ਸਘਨ ਨਹੀਂ ਰਹਿੰਦੀ ਜੇਹੀ ਬੰਦ 504-31 ਤੋਂ ਪਹਿਲਾਂ ਹੈ। ਇਸ ਤੋਂ ਮਗਰੋਂ ਜੋਗੀ ਘਰ ਆਉਂਦਾ ਹੈ ਅਤੇ 'ਕੁੜੀਆਂ ਆਖਿਆ ਆਣ ਕੇ ਹੀਰ ਤਾਈਂ, ਅਣੀ ਵਹੁਟੀਏ ਅੱਜ ਵਧਾਈ ਏ ਨੀ'[77] ਇਹ ਬੰਦ 564 ਹੈ, ਫੇਰ ਪੀਰ ਆਉਂਦੇ ਹਨ, ਲੜਾਈਆਂ ਹੁੰਦੀਆਂ ਹਨ ਅਤੇ ਅਦਲੀ ਰਾਜਾ ਬਿਲਕੁਲ ਅਮੂਰਤ, ਹਵਾਈ ਪਾਤਰ ਹੈ ਜਿਹਦਾ ਸ਼ਾਇਦ 18ਵੀਂ ਸਦੀ ਦੇ ਪੰਜਾਬ ਦੇ ਯਥਾਰਥ ਵਲ ਇਸ਼ਾਰਾ ਧਿਆਨ ਯੋਗ ਹੈ। ਮੁਗਲ ਅਫ਼ਗਾਨ ਪਤਨ ਅਤੇ ਸਿੱਖ ਚੜ੍ਹਤ ਕਾਰਨ ਵਾਰਿਸ ਸ਼ਾਹ ਸਘਨ ਸ਼ਕਤੀਸ਼ਾਲੀ ਬਾਦਸ਼ਾਹ ਦੀ ਕਲਪਨਾ ਹੀ ਨਹੀਂ ਕਰ ਸਕਦਾ। ਹੀਰ ਰਾਂਝਾ ਸ਼ਹਿਰ ਨੂੰ ਬਦ ਦੁਆ ਦਿੰਦੇ ਹਨ। ਹੀਰ ਰਾਂਝੇ ਨੂੰ ਵਿਆਹ ਦਾ ਝੂਠਾ ਲਾਰਾ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਦੀ ਮੌਤ 604 ਬੰਦਾਂ ਵਿਚ ਹੋ ਜਾਂਦੀ ਹੈ। ਲਿੰਗਤਾ ਦੇ ਵਰਣਨ ਤੋਂ ਬਾਦ ਅੰਤਲੇ 40 ਬੰਦ ਪੇਤਲੇ ਹਨ।

ਸੋ ਸਪਸ਼ਟ ਹੈ ਕਿ ਵਾਰਿਸ ਸ਼ਾਹ ਵਿਚ ਲਿੰਗਤਾ ਦੇ ਵਰਣਨ ਵਿਚ ਨਾ ਤਾਂ ਮਖ਼ਸੂਸ ਸੂਫੀ ਦਰਦ ਹੈ ਅਤੇ ਨਾ ਹੀ ਉਹ ਹੀਰ ਦੇ ਲਿੰਗ ਦੇ ਕਾਂਗ ਤੋਂ ਬਾਦ ਰਚਨਾ ਪਹਿਲੇ ਪੱਧਰ 'ਤੇ ਰੱਖ ਸਕਿਆ ਹੈ। ਮੈਥੁਨ ਵਿਚ ਫਨਾ ਦੀ ਸੰਭਾਵਨਾ ਵਲ ਧਿਆਨ ਹੀ ਨਹੀਂ ਗਿਆ। ਇਹ ਦੋਵੇਂ ਗੱਲਾਂ ਸ਼ਾਇਦ ਤਮਸੀਲ ਦੇ ਫੇਲ੍ਹ ਹੋਣ ਦੀਆਂ ਇਲਾਮਤਾਂ ਹਨ।

ਵਾਰਿਸ ਦਾ ਸੂਫੀਵਾਦ ਅਨੁਭਵੀ ਨਹੀਂ ਸਗੋਂ ਬੌਧਿਕ ਹੈ। ਉਹ ਬੌਧਿਕ ਤੌਰ ਤੇ ਪੰਜਾਬੀ ਸੂਫ਼ੀ ਕਵੀਆਂ ਨਾਲੋਂ ਉੱਚਾ ਹੈ ਪਰ ਉਹਦੀ ਸੁਹਜ ਉਹਨਾਂ ਵਾਲੀ ਹੀ ਘਰੋਗੀ ਬੇਬਸੀ ਦੀ ਹੈ। ਇਹਦੇ ਨਾਲ ਇਕ ਹੋਰ ਗੱਲ ਦਿਲਚਸਪ ਹੈ। ਆਮ ਤੌਰ 'ਤੇ ਸੂਫ਼ੀਆਂ ਨੂੰ ਮੱਧਕਾਲੀ ਦਮਨ-ਪੀੜਤ (ਮਾਨਵਤਾ ਦੇ ਪ੍ਰਤਿਨਿਧੀ ਅਤੇ ਵਿਦਰੋਹੀ) ਸਮਝਿਆ ਜਾਂਦਾ ਹੈ। ਵਾਰਿਸ ਵਿਚ ਬੁਲ੍ਹੇ ਸ਼ਾਹ ਤੋਂ ਉਲਟ ਲੋਕਾਂ ਲਈ ਹਮਦਰਦੀ ਦੀ ਥਾਂ ਉਹਨਾਂ ਲਈ ਘਿਰਣਾ ਹੈ। ਵਾਰਿਸ ਦੀ ਕੋਈ ਵਿਦਰੋਹੀ ਸੁਰ ਨਹੀਂ ਹੈ। ਸ਼ਾਇਦ ਇਸੇ ਸੁਰ ਨੇ ਇਕ ਤਰੀਕੇ ਨਾਲ ਉਹਨੂੰ ਲੋਕ-ਪ੍ਰਿਯ ਹੋਣ 'ਚ ਸਹਾਇਤਾ ਕੀਤੀ ਹੈ। ਉਹਦੇ ਪਾਤਰ ਜੱਟ ਹਨ। ਸਮਕਾਲੀ ਪੰਜਾਬ ਦੀ ਵਸੋਂ ਵਿਚ ਜੱਟ ਮਹੱਤਵਪੂਰਨ ਸੰਖਿਆ ਵਿਚ ਸਨ। ਹੋ ਸਕਦਾ ਹੈ ਕਿ ਉਹਦੀ ਸਿੱਖਾਂ ਜੱਟਾਂ ਨਾਲ ਅਚੇਤ ਦੁਸ਼ਮਣੀ ਸਾਮਾਨਯ ਜੱਟ ਵਰਗ ਨਾਲ ਨਫ਼ਰਤ 'ਚ ਬਦਲ ਗਈ ਹੋਵੇ। ਡਾਕਟਰ ਮੁਹੰਮਦ ਅਸਲਮ ਨੂੰ ਇਸ ਗੱਲ ਦਾ ਰਤਾ ਕੁ ਅਨੁਮਾਨ ਹੈ।[78]

ਯਾਰੋ ਜੱਟ ਦਾ ਕੌਲ ਮਨਜ਼ੂਰ ਨਹੀਂ,
ਗੋਜ਼ ਸ਼ੁਤਰ ਹੈ ਕੌਲ ਰੁਸਤਾਈਆਂ ਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੱਗਾਂ ਗੋਝ ਫਿੱਕੀਆਂ ਜਿਨ ਰੁਸਤਾਈਆਂ,
ਸੋਈ ਅਸਲ ਭਰਾ ਹੈ ਭਾਈਆਂ ਦਾ ।
ਜਦੋਂ ਬਹਿਣ ਅਰੂੜੀ 'ਤੇ ਅਕਲ ਆਵੇ,
ਜਿਵੇਂ ਖੋਤੜਾ ਹੋਵੇ ਗੁਸਾਈਆਂ ਦਾ ।
ਸਿਰੋਂ ਲਾਹਕੇ ਚਿੱਤੜਾਂ ਹੇਠ ਦਿੰਦੇ,
ਮਜ਼ਾ ਆਵਨਾ ਤਦੋਂ ਸਫ਼ਾਈਆਂ ਦਾ ।
ਜੱਟੀ ਜੱਟ ਦੇ ਸਾਂਗ 'ਤੇ ਹੋਏ ਰਾਜ਼ੀ,
ਫਿਰੇ ਮੁਗ਼ਲ ਤੇ ਵੇਸ ਗੀਲਾਈਆਂ ਦਾ ।
ਧੀਆਂ ਦੇਣੀਆਂ ਕਰਨ ਮੁਸਾਫਰਾਂ ਨੂੰ,
ਵੇਚਣ ਹੋਰ ਦਰ ਮਾਲ ਜਵਾਈਆਂ ਦਾ ।
ਵਾਰਿਸ ਸ਼ਾਹ ਨਾ ਮੁਹਤਬਰ ਜਾਨਣੇ ਜੇ,
ਕੌਲ ਜੱਟ ਸੁਨਿਆਰ ਕਸਾਈਆਂ ਦਾ ।[79]
(ਗੋਜ਼ —ਪੱਦ; ਰੁਸਤਾਈ—ਪੇਂਡੂ; ਗੀਲਾਈ —ਗੀਲਾਨੀ)

ਵਾਰਿਸ ਦੀ ਹਿੰਦੂ ਜੱਟਾਂ ਨਾਲ ਤਾਂ ਕੀ ਹਮਦਰਦੀ ਹੋਣੀ ਸੀ ਮੁਸਲਮਾਨ ਜੱਟਾਂ ਨਾਲ ਓਹਦੇ ਸਨੇਹ ਦਾ ਇਹ ਹਾਲ ਹੈ। ਵਾਰਿਸ 'ਅਸ਼ਰਾਫ' (nobiliy) ਦੀ ਬੋਲੀ ਬੋਲਦਾ ਹੈ। ਇਸ ਤੋਂ ਇਹ ਗੱਲ ਵੀ ਸਮਝ ਆ ਜਾਂਦੀ ਹੈ ਕਿ ਸਿੱਖ-ਮੁਗ਼ਲ/ਅਫ਼ਗਾਨ ਟੱਕਰ ਵਿਚ ਆਮ ਮੁਸਲਮਾਨ ਜਨਤਾ ਬੇਲਾਗ ਖੜ੍ਹੀ ਸੀ। ਸ਼ਾਇਦ ਸਿੱਖਾਂ ਦੀ ਕਾਮਯਾਬੀ ਦਾ ਬਾਕ਼ੀ ਕਾਰਨਾਂ ਵਿਚ ਇਕ ਕਾਰਨ ਇਹ ਵੀ ਸੀ।

ਹੀਰ ਦਾ ਨਾਇਕ ਜੱਟ ਹੈ ਪਰ ਹਾਸ਼ਮ ਵਾਂਗੂੰ ਵਾਰਿਸ ਸ਼ਾਹ ਦੀਆਂ ਨਜ਼ਰਾਂ ਵਿਚ ਜੱਟ ਇਸ਼ਕ ਦੇ ਸਮਰੱਥ ਨਹੀਂ ਹਨ 'ਭਾਬੀ ਇਸ਼ਕ ਤੋਂ ਨੱਸ ਕੇ ਉਹ ਜਾਂਦੇ, ਪੁੱਤਰ ਹੋਣ ਜੋ ਕਿਸੇ ਕੰਗਾਲ ਦੀ ਨੀ'[80] ਸ਼ਾਇਰ ਦੀ ਆਪਣੇ ਨਾਇਕ ਨਾਲ ਹੀ ਖਟਪਟੀ ਹੈ।

ਵਾਰਿਸ ਸ਼ਾਹ ਇਹ ਜੱਟ ਫ਼ਕੀਰ ਹੋਇਆ,
ਨਹੀਂ ਹੁੰਦੀਆਂ ਗਧੇ ਤੋਂ ਪੀਰੀਆਂ ਨੀ ।[81]

ਵਾਰਿਸ ਸ਼ਾਹ ਨੀਵੀਂ ਸ਼੍ਰੇਣੀਆਂ ਨਾਲ ਆਪਣੀ ਦੁਸ਼ਮਣੀ ਨੂੰ ਛੁਪਾ ਕੇ ਨਹੀਂ ਰੱਖਦਾ 'ਡੂੰਮਾਂ ਰਾਵਲਾਂ, ਕਾਉਂ ਤੇ ਜੱਟੀਆਂ ਦੀਆਂ, ਜੀਭਾਂ ਧੁਰੋਂ ਸ਼ੈਤਾਨ ਨੇ ਚੱਟਿਆ ਨੀ'[82]।

ਤਮਸੀਲ ਤਾਂ ਹੀ ਸਿਰੇ ਚੜ੍ਹ ਸਕਦੀ ਹੈ ਜੇ ਲੋਕ ਅਤੇ ਪਰਲੋਕ ਸਮਾਨੰਤਰ ਹੋਣ ਅਤੇ ਲੌਕਿਕ ਮਨੁੱਖ ਇਸ਼ਕ ਦੇ ਅਲੌਕਿਕ ਅਨੁਭਵ ਰਾਹੀਂ ਪਰਲੋਕ ਦੀ ਸੂਹ ਲੈ ਸਕੇ। ਸੂਫ਼ੀ ਫਲਸਫ਼ੇ ਵਿਚ ਅਨਭਵ ਦੇ ਅੰਤਰ ਹੀ ਭਵਸਾਸਤ੍ਰ (ontology) ਦੇ ਪੱਧਰ ਹੁੰਦੇ ਹਨ। ਵਾਰਿਸ ਸ਼ਾਹ ਦੀ ਸੋਚ ਵਿਚ ਨੀਵੀਆਂ ਜਮਾਤਾਂ ਨਿੰਦਣਯੋਗ ਹਨ ਪਰ ਉਹ ਇਹਨਾਂ ਦੇ ਮੰਦੱਪੜੇ ਦੀ ਕੋਈ ਅਚਾਰਿਕ-ਅਧਿਆਤਮਕ ਵਜਾਹ ਨਹੀਂ ਦੱਸਦਾ ਜਿਸਨੂੰ

CC-0. In Public Domain. Gurukul Kangri Collection, Haridwar

ਸੰਭਵ ਰੂਪ ਵਿਚ ਤਮਸੀਲ ਦੇ ਅਵਲੋਕਨ ਵਿਚ ਵਿਚਾਰਵਾਦੀ ਤਰੀਕੇ ਨਾਲ ਸਮੇਟਿਆ ਜਾ ਸਕੇ। ਵਾਰਿਸ ਸ਼ਾਹ ਦੇ 'ਰਚਨਾ-ਜਗਤ' ਵਿਚ 'ਕਮੀਨਾਂ' ਨੇ ਲੌਕਿਕ ਖੱਪਾ ਪਾ ਦਿੱਤਾ ਹੈ ਜਿਸਦਾ ਕੋਈ ਪਾਰਲੌਕਿਕ ਆਵਰਣ (cover) ਨਹੀਂ। ਜੇ ਸਮਾਜ ਦੇ ਵਰਵਾਰ 'ਕਮੀਨਾ' ਨੇ ਦੁਨਿਆਵੀ ਸ਼ਿਗਾਫ਼ ਪਾਇਆ ਹੈ ਤਾਂ ਨਿੱਕੇ ਨਿੱਕੇ ਸਿੱਖ ਰਾਜਾਂ ਨੇ ਇਹਦੇ ਵਿਚ ਸਿਖਰਵਾਰ ਢਾਹ ਲਾਈ ਹੈ। ਵਾਰਿਸ ਸ਼ਾਹ ਦਾ 'ਲੋਕ' ਇੰਨਾ ਛੋਟਾ ਹੈ ਕਿ ਇਹਨੂੰ ਓਹਦਾ 'ਸੂਫ਼ੀ' ਪਰਲੋਕ ਢੱਕ ਨਹੀਂ ਸਕਦਾ। ਜਿਸਦੇ ਕਾਰਨ ਉਹ ਤਮਸੀਲ ਰਚਨ ਦੇ ਅਸੰਭਵ ਤੌਰ ਤੇ 'ਤੇ ਅਸਮਰੱਥ ਹੈ। ਵਾਰਿਸ ਦਾ ਯਥਾਰਥਵਾਦ ਕਿਸੇ ਵਿਹਾਰਿਕ ਦ੍ਰਿਸ਼ਟੀ ਦੀ ਉਪਜ ਨਹੀਂ ਸਗੋਂ ਤਮਸੀਲੀ ਅਵਲੋਕਨ ਦੇ ਵਿਗਠਨ ਕਾਰਨ ਹੈ ਕਿਉਂਕਿ ਲੋਕ ਵਿਚੋਂ ਪਰਲੋਕ ਦੀ ਬੇਦਖ਼ਲੀ ਦੇ ਕਾਰਨ ਯਥਾਰਥਵਾਦ ਦਾ ਝਾਉਲਾ ਪੈਣ ਲਗ ਪਿਆ ਹੈ।

ਹੀਰ ਵਾਰਿਸ ਵਿਚ ਨਿੱਕੇ ਨਿੱਕੇ (ਸਿੱਖ) ਅਤੇ ਦੂਜੇ ਰਾਜਿਆਂ ਦਾ ਪ੍ਰਤੱਖ ਵਰਨਣ ਹੈ :

> ਵਾਰਿਸ ਸ਼ਾਹ ਜਿਉਂ ਦਲਾਂ ਪੰਜਾਬ ਲੁੱਟੀ,
> ਤਿਵੇਂ ਜੋਗੀ ਨੂੰ ਲੁੱਟ ਉਜਾੜੀਆਂ ਨੇ।[83]

ਇਸ ਤੋਂ ਮਗਰੋਂ ਉਹ ਵੇਰਵੇ ਸਾਹਿਤ ਲਿਖਦਾ ਹੈ ਕਿ 1766 ਵਿਚ ਅਸ਼ਰਾਫ਼ ਖ਼੍ਵਾਰ ਹੋ ਰਹੇ ਹਨ, ਕਮੀਨ ਆਪਣੇ ਆਪ ਨੂੰ ਤਾਜ਼ੀ ਜਾਂ ਵਧੀਆ ਅਰਬੀ ਘੋੜਿਆਂ ਵਾਂਗੂੰ ਸਮਝਦੇ ਹਨ। ਥਾਉਂ ਪਰਥਾਉਂ ਰਾਜੇ ਬਣ ਬੈਠੇ ਹਨ ਜਿਹਨਾਂ ਵਿਚ ਹਿੰਦੂ ਮੁਸਲਮਾਨ ਜ਼ਿਮੀਂਦਾਰ ਵੀ ਸ਼ਾਮਿਲ ਸਨ :

> ਅਠਾਰਾਂ ਸੌ ਤੇਈਸਵਾਂ ਸੰਮਤਾਂ ਦਾ,
> ਰਾਜੇ ਬਿਕਰਮਜੀਤ ਦੇ ਸਾਰ ਹੋਈ।
> ਜਦੋਂ ਦੇਸ 'ਤੇ ਜੱਟ ਸਰਦਾਰ ਹੋਏ,
> ਘਰੋਂ ਘਰੀਂ ਜਾਂ ਨਵੀਂ ਸਰਕਾਰ ਹੋਈ।
> ਅਸ਼ਰਾਫ਼ ਖਰਾਬ ਕਮੀਨ ਤਾਜ਼ੀ,
> ਜ਼ਿਮੀਦਾਰ ਨੂੰ ਵੱਡੀ ਬਹਾਰ ਹੋਈ।
> ਚੋਰ ਚੌਧਰੀ ਯਾਰ ਨੇ ਪਾਕਦਮਨ,
> ਭੂਤ ਮੰਡਲੀ ਦੇ ਥੀ ਚਾਰ ਹੋਈ।
> ਵਾਰਿਸ ਸ਼ਾਹ ਜਿਨ੍ਹਾਂ ਕਿਹਾ ਪਾਕ ਕਲਮਾ,
> ਬੇੜੀ ਤਿਨ੍ਹਾਂ ਦੀ ਅਕ਼ਬਤ ਪਾਰ ਹੋਈ।[84]
> (ਆਕ਼ਬਤ—ਆਖਰ)

ਅਜਿਹੀ ਗੰਭੀਰ ਸਥਿਤੀ ਵਿਚ ਵਾਰਿਸ ਸ਼ਾਹ ਦੀ ਇਕੋ ਇਕ ਆਸ 'ਪਾਕ ਜੁਮਲੇ'

Digitized by Arya Samaj Foundation Chennai and eGangotri
CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਹੈ ਜਿਸ ਦੀ ਵਿਆਖਿਆ ਅਤੇ ਤਾਂਘ ਉਹ ਅੰਤਲੇ ਤੋਂ ਪਹਿਲੇ ਬੰਦ ਵਿਚ ਕਰਦਾ ਹੈ :

ਬਖਸ਼ੀ ਤੂੰ ਲਿਖਣ ਵਾਲੇ ਜੁਮਲਿਆਂ ਨੂੰ,
ਪੜ੍ਹਣ ਵਾਲਿਆਂ ਕਰੀ ਅਤਾਇ ਮੀਆਂ ।
ਸੁਣਨ ਵਾਲਿਆਂ ਨੂੰ ਬਖਸ਼ੀ ਖੁਸ਼ੀ ਦੌਲਤ,
ਰੱਖੀਂ ਜ਼ੌਕ 'ਤੇ ਸ਼ੌਕ ਦਾ ਚਾਇ ਮੀਆਂ ।
ਰੱਖੀਂ ਸ਼ਰਮ ਹਿਯਾਉ ਤੂੰ ਜੁਮਲਿਆਂ ਦੀ,
ਮੀਟੀ ਮੁੱਠੀ ਹੀ ਦੇਈਂ ਲੰਘਾਇ ਮੀਆਂ ।
ਵਾਰਿਸ ਸ਼ਾਹ ਤਮਾਮੀਆਂ ਮੋਮਨਾਂ ਨੂੰ,
ਦੇਈਂ ਦੀਨ ਈਮਾਨ ਲਕਾਇ ਮੀਆਂ ।[85]

(ਜੁਮਲਾ—ਵਾਕ; ਲਕਾਇ – ਦੀਦਾਰ; ਤਮਾਮੀਆ—ਤਮਾਮ, ਸਾਰੇ; ਮੋਮਨ-ਮੁਸਲਮਾਨ)

ਵਾਰਿਸ ਸ਼ਾਹ ਨੂੰ ਲੌਕਿਕ ਸੰਕਟ ਦਾ ਉਪਾਉ ਪਰਾਲੌਕਿਕ 'ਲਕਾਇ' ਦੀਦਾਰ ਵਿਚ ਨਜ਼ਰ ਆਉਂਦਾ ਹੈ ਜਿਸ ਲਈ ਉਹ ਕੇਵਲ ਉੱਚੀ ਜਮਾਤ ਦੇ ਮੁਸਲਮਾਨਾਂ ਨੂੰ ਸੰਬੋਧਨ ਕਰਦਾ ਹੈ। ਵਾਰਿਸ ਸ਼ਾਹ ਦੇ ਪਾਠਕ ਵਰਗ ਦੇ ਸੀਮਤ ਘੇਰੇ ਨੇ ਉਹਦੀ ਤਮਸੀਲ ਨੂੰ ਸੰਕੀਰਨ ਕਰ ਦਿੱਤਾ ਹੈ। ਹੀਰ ਵਾਰਿਸ ਦੀ ਬੇਚੈਨ ਉਦਾਸੀਨਤਾ ਅਸਰਾਫ਼ ਦੀ ਕ਼ਨੂਤੀਅਤ ਜਾਂ ਨਿਰਾਸਤਾ ਦਾ ਦੂਸਰਾ ਰੂਪ ਹੈ।

ਵਾਰਿਸ ਸ਼ਾਹ ਦਾ ਜਨਮ ਜੰਡਿਆਲਾ ਸ਼ੇਰ ਖਾਂ ਵਿਚ 1719 ਨੂੰ ਹੋਇਆ ਅਤੇ ਇੰਤਕਾਲ ਸ਼ਾਇਦ ਮਲਕਾ ਹਾਂਸ ਵਿਚ ਹੀ 1792 ਨੂੰ।[86]। ਰਵਾਇਤ ਅਨੁਸਾਰ ਉਹ ਕਸੂਰ ਆ ਵਸਿਆ ਸੀ ਜਿਥੇ ਪਠਾਨਾਂ ਦਾ ਨਿੱਕਾ ਜਿਹਾ ਰਾਜ ਸੀ। ਲਗਦਾ ਹੈ ਕਿ ਉਹਨੇ ਗੁਜਰਾਂਵਾਲੇ 'ਚ ਪੈਂਦਾ ਜੰਡਿਆਲਾ ਸ਼ੇਰਾਂ ਖਾਂ ਆਪਣੀ ਜਵਾਨੀ 'ਚ ਹੀ ਛੱਡ ਦਿੱਤਾ ਸੀ। ਇਹ ਕੋਈ ਲਗਭਗ 1750 ਦਾ ਸਮਾਂ ਸੀ ਜਦੋਂ ਚੜ੍ਹਤ ਸਿੰਘ ਆਪਣੀ ਸ਼ਕਤੀ ਬਣਾ ਰਿਹਾ ਸੀ। 1760-ਆਂ ਵਿਚ ਹੀ ਕਸੂਰ ਦੀ ਪਠਾਨ ਰਿਆਸਤ ਨੂੰ ਸਿੱਖ ਢਾ ਲਾ ਰਹੇ ਸਨ ਅਤੇ ਵਾਰਿਸ ਸ਼ਾਹ ਨੂੰ ਇਕ ਵਾਰ ਫੇਰ 'ਬੇਘਰ' ਹੋਣਾ ਪਿਆ। ਇੰਝ 1760-ਆਂ ਦੀ ਰਚੀ **ਹੀਰ** ਵਾਰਿਸ ਦੋਹਰੀ ਜਲਾਵਤਨੀ ਦੀ ਉਪਜ ਹੈ। ਵਾਰਿਸ ਸ਼ਾਹ ਦੀ ਮੌਤ ਤੋਂ ਪਹਿਲਾਂ ਮਲਕਾ ਹਾਂਸ ਉੱਤੇ ਵੀ ਸਿੱਖਾਂ ਦਾ ਕਬਜ਼ਾ ਹੋ ਗਿਆ ਸੀ।[87]। ਦਰਅਸਲ ਸਿੱਖ ਰਾਜ ਨੇ ਵਾਰਿਸ ਸ਼ਾਹ ਦੀ **ਹੀਰ** ਦੀ ਤਮਸੀਲ ਨੂੰ ਅਸੰਭਵ ਬਣਾਇਆ ਸੀ। 18-ਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਕਈ ਹੋਰ ਮੁਸਲਮਾਨ ਲਿਖਾਰੀ ਸਿੱਖਾਂ ਦੀ ਚੜ੍ਹਤ 'ਤੇ ਨਿਰਾਸ਼ਾ-ਭਰੀ ਪਰੇਸ਼ਾਨੀ ਪ੍ਰਗਟ ਕਰ ਰਹੇ ਹਨ ਜਿਹਨਾਂ ਵਿਚ ਸ਼ਾਇਦ ਵਾਰਿਸ ਸ਼ਾਹ ਸਭ ਤੋਂ ਪਹਿਲਾਂ ਅਤੇ ਪ੍ਰਮੁੱਖ ਹੈ।[88]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿਪਣੀਆਂ

1. ਹੀਰ ਵਾਰਿਸ, ਸੰਪ. ਜੀਤ ਸਿੰਘ ਸੀਤਲ, ਨਵਯੁਗ ਪਬਲਿਸ਼ਰਜ਼, ਦਿੱਲੀ 1973.
2. ਉਹੀ, 61.

   ਵਾਰਿਸ ਸ਼ਾਹ ਇਬਲੀਸ ਦੀ ਸ਼ਕਲ ਕੈਦੋ

   ਅਤੇ 62

   ਵਾਰਿਸ ਸ਼ਾਹ ਗੁਨਾਹ ਤੋਂ ਪਕੜ ਕਾਫ਼ਰ
   ਹੱਡ ਮਲਾਇਕਾਂ ਚੂਰ ਕੀਤੇ

   ਇਥੇ ਮਲਕ-ਮਲਾਇਕ ਫਰਿਸ਼ਤੇ ਹੀਰ ਦੀਆਂ ਸਹੇਲੀਆਂ ਹਨ ਜਿਹਨਾਂ ਨੂੰ ਸ਼ਾਇਰ ਆਖਰੀ ਬੰਦ ਵਿਚ ਤਮਸੀਲ ਅਨੁਸਾਰ ਦੁਨਿਆਵੀ ਲਗਾਉ ਕਹਿੰਦਾ ਹੈ। ਏਸ ਦਵੰਦ ਦੀ ਵਿਆਖਿਆ ਨਹੀਂ ਮਿਲਦੀ।
3. ਉਹੀ, 192.
4. ਉਹੀ, 173.
5. ਉਹੀ, 81.
6. ਉਹੀ, 89.

   ਬਾਦਸ਼ਾਹ ਸੱਚਾ ਰੱਬ ਆਲਮਾਂ ਦਾ
   ਫੱਕਰ ਉਸਦੇ ਹੋਣ ਵਜ਼ੀਰ ਮੀਆਂ
   (ਆਲਮ-ਦੁਨੀਆਂ)
7. ਉਹੀ, 77.

   ਬਾ'ਦ ਮੌਤ ਦੇ ਨਾਲ ਈਮਾਨ ਹੀਰੇ
   ਦਾਖ਼ਲ ਹੋਣ ਵਿਚ ਬਹਿਸ਼ਤ ਦੇ ਥੀਵਣਾ ਈ।
8. The Medieval Vision—Essays in History and Perception, Carolly Erickson, OUP New York, 1976.
9. ਵਾਰਿਸ ਸ਼ਾਹ 99.

   ਨਾਲੇ

   ਵਾਹਿਸ ਸ਼ਾਹ ਜਾਂ ਰੱਬ ਹੈ ਕਰਮ ਕਰਦਾ
   ਹੁਕਮ ਹੁੰਦਾ ਹੈ ਨੇਕ ਸਤਾਰਿਆਂ ਨੂੰ।
   ਜਦੋਂ ਕਰਮ ਸਾਈਂ ਦਾ ਕਰੇ ਮੱਦਤ,
   ਬੇੜਾ ਪਾਰ ਹੋ ਜਾਏ ਨਿਮਾਣਿਆਂ ਦਾ।
10. ਉਹੀ, 106.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

11. ਉਹੀ, 133.
12. ਉਹੀ, 165.
13. ਉਹੀ, 96.
ਅਤੇ 133, 190.
ਵਾਰਿਸ ਸ਼ਾਹ ਕਰ ਬੰਦਗੀ ਰੱਬ ਦੀ ਤੂੰ,
ਜਿਸ ਵਾਸਤੇ ਰੱਬ ਬਣਾਇਆ ਈ।

ਵਾਰਿਸ ਬੰਦਗੀ ਵਾਸਤੇ ਘੱਲਿਆ ਮੈਂ,
ਆਇ ਜੁੱਟਿਆ ਪਹਿਨਣੇ ਖਾਵਣੇ ਨੂੰ।
14. ਉਹੀ, 91.
15. ਉਹੀ, 92.
16. ਉਹੀ, 103.
ਗਾਜ਼ੀ —ਧਰਮ ਯੋਧਾ; ਖ਼ਲਕ਼—ਦੁਨੀਆਂ।
17. ਉਹੀ, 96.
18. ਉਹੀ, 119.
19. ਉਹੀ, 114.
ਜੱਟੀ ਜ਼ਿਮੀ 'ਤੇ ਪੱਟੜੇ ਵਾਂਗ ਢੱਠੀ,
ਜੇਹੇ ਵਾਹਰੂ ਫੱਟ ਕੇ ਧਾੜ ਸੁੱਟੇ।
20. ਉਹੀ, 165.
21. ਉਹੀ, 201.
ਵਾਰਿਸ ਸ਼ਾਹ ਪੀਰਾਂ ਸੁਣੀ ਕੂਕ ਸਾਡੀ,
ਅੱਜ ਰਾਜੇ ਦੇ ਸ਼ਹਿਰ ਨੂੰ ਅੱਗ ਲਾਈਂ।
22. ਉਹੀ, 195
23. ਉਹੀ, 194
ਨੀਂਦ ਮਾਰਿਆ ਰਾਜਿਆਂ ਰਾਣਿਆਂ ਨੂੰ
24. ਉਹੀ, 205
25. ਉਹੀ, 207
ਬਖਸ਼ੀ ਤੂੰ ਲਿਖਣ ਵਾਲੇ ਜੁਮਲਿਆਂ ਨੂੰ
ਪੜ੍ਹਣ ਵਾਲਿਆਂ ਕਰੀ ਅਤਾਇ ਮੀਆਂ
ਸੁਣਨ ਵਾਲਿਆਂ ਨੂੰ ਬਖਸ਼ੀ ਖੁਸ਼ੀ ਦੌਲਤ
ਵਾਰਿਸ ਸ਼ਾਹ ਤਮਾਮੀਆਂ ਮੋਮਨਾਂ ਨੂੰ

CC-0. In Public Domain. Gurukul Kangri Collection, Haridwar

ਢੋਈਂ ਦੀਨ ਈਮਾਨ ਲਕਾਇ ਮੀਆਂ

Digitized by Arya Samaj Foundation Chennai and eGangotri

(ਜੁਮਲਾ—ਵਾਕ; ਅਤਾਇ—ਬਖਸ਼; ਲਕਾਇ—ਦੀਦਾਰ)

26. ਉਹੀ, 171.
27. ਉਹੀ, 157.
28. ਉਹੀ, 162.
29. ਉਹੀ, 160.

ਆਕੀ ਹੋਇ ਕੇ ਖੇੜਿਆਂ ਵਿਚ ਵੜੀਏਂ

ਅਤੇ 191

ਕੁੜੀਆਂ ਆਣ ਕੇ ਹੀਰ ਤਾਈਂ

30. ਉਹੀ, 142.
31. ਉਹੀ, 100; 79-80

ਜਿਹੜੇ ਇਸ਼ਕ ਦੇ ਨਾਉਂ 'ਤੇ ਮਹਿਵ ਹੋਏ,
ਮਨਜ਼ੂਰ ਖ਼ੁਦਾਇ ਦੇ ਰਾਹ ਦੇ ਨੀ।
ਜਿਨ੍ਹਾਂ ਸਿਦਕ਼ ਯਕ਼ੀਨ ਦਰੁਸਤ ਕੀਤਾ,
ਮਕਬੂਲ ਦਰਗਾਹ ਅਲਾਹ ਦੇ ਨੀ,
ਜਿਨ੍ਹਾਂ ਨਾਉਂ ਮਹਿਬੂਬ ਦਾ ਵਿਰਦ ਕੀਤਾ,
ਉਹ ਸਾਹਿਬ ਮਰਤਬਾ ਜਾਹ ਦੇ ਨੀ।
ਜਿਹੜੇ ਰਿਸ਼ਵਤਾਂ ਖਾਇਕੇ ਹੱਕ ਰੋੜ੍ਹਣ,
ਉਹ ਚੋਰ ਉਚੱਕੜੇ ਰਾਹ ਦੇ ਨੀ।
ਇਹ ਕੁਰਾਨ ਮਜੀਦ ਦੇ ਮਾਇਨੇ ਨੇ,
ਜਿਹੜੇ ਸ਼ਿਅਰ ਮੀਆਂ ਵਾਰਿਸ ਸ਼ਾਹ ਦੇ ਨੀ।

32. ਉਹੀ, 149.
33. ਉਹੀ, 187.
34. ਉਹੀ, 148.
35. ਉਹੀ, 138,
36. ਉਹੀ, 81.
37. ਉਹੀ, 85.
38. ਉਹੀ, 83.
39. ਉਹੀ, 159.
40. ਉਹੀ, 87.
41. ਉਹੀ, 169/70.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

42. ਉਹੀ, 173.

43. ਉਹੀ. 104.

44. ਮ. 5 ਗਉੜੀ 116.
ਹਸਤ ਅਲੰਬਨੁ ਦੇਹੁ ਪ੍ਰਭੁ,
ਗਰਤਹੁ ਉਧਰੁ ਗੋਪਾਲ ।

45. 'The Aesthetics of Panjabi Sufi Poetry', *The Journal of Medieval Siudies*, Chandigarh, 1982.
Masochism in Sex and Society, Theodor Reik, Grove Press, New york, 1982, 78. 132, 336, 395,43/41, 415

46. ਹੀਰ ਵਾਰਿਸ, 154.

47. 170/71.

48. ਸ੍ਰੀ ਗੁਰੂ ਨਾਨਕ ਪ੍ਰਕਾਸ਼, ਭਾਈ ਸੰਤੋਖ ਸਿੰਘ (ਸੰਪ. ਭਾਈ ਵੀਰ ਸਿੰਘ). ਖਾਲਸਾ ਸਮਾਚਾਰ, ਅੰਮ੍ਰਿਤਸਰ 1961, 998.

49. *Cf. The Mass Psychology of Fascism*, Wilhelm Reich Penguins, 1975.
The Crisis of Psycho-analysis, Erich Fromm, Penguins, 1973. *Psychoanalysis and Feminism*, Juliet Mitchell Penguins, 1976.

50. ਹੀਰ ਵਾਰਿਸ, 47.

51. ਉਹੀ, 71.

52. ਉਹੀ, 47.

53. ਉਹੀ, 52, 69.

54. ਉਹੀ, 54.

55. ਉਹੀ, 89.

56. ਉਹੀ, 93.

57. ਉਹੀ 44, 51, 55, 57, 99.

58. ਉਹੀ, 78.

59. ਉਹੀ, 72.

60. ਉਹੀ, 70.

61. ਉਹੀ, 186.

62. *Masochism in Sex and Society*, Theodor Reik, Grove

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
Press, New York 1962, 18, 132, 336, 395, 413/4, 415.
'The Aesthetics of Punjabi Sufi Poetry', *The Journal of Medieal Studies*, Chandigarh, 1982

63. ਹੀਰ ਵਾਰਿਸ 175.
64. ਉਹੀ, 176.
65. ਉਹੀ, 176.
66. ਉਹੀ, 177.
67. ਉਹੀ,
68. ਉਹੀ, 178.
69. ਉਹੀ, 179.
70. ਉਹੀ, 180.
71. ਉਹੀ, 182.
72. ਉਹੀ, 190, 191.
73. ਉਹੀ, 174, 175.
74. ਉਹੀ, 135.
75. ਉਹੀ, 110.
76. *Punjabi Sufi Poets*, Lajwanti Ramakrishna, Ashajanak Publications, New Delhi, 1973, 44.
77. ਹੀਰ ਵਾਰਿਸ 191.
78. 'The Hir of Waris Shah as Source Material for the History of the Eighteenth Century Punjab' in a Seminar on Political Change and Socio-Economic Structure in 18th Century India, Guru Nanak Dev University, Amritsar 1988. 9.
79. ਹੀਰ ਵਾਰਿਸ 82.
80. ਉਹੀ, 34. ਅਤੇ 92.

    ਇਸ਼ਕ ਕਰਨ 'ਤੇ ਤੇਗ ਦੀ ਧਾਰ ਕੱਪਣ,
    ਨਹੀਂ ਕੰਮ ਇਹ ਭੁੱਖਿਆਂ ਨੰਗਿਆਂ ਦਾ ।
81. ਉਹੀ 98. ਅਤੇ 122.

    ਇਹ ਇਸ਼ਕ ਕੀ ਜਾਣਦੇ ਚਾਕ ਚੋਬਰ,
    ਖ਼ਬਰਾਂ ਜਾਣਦੇ ਰੋਟੀਆਂ ਢਾਈਆਂ ਦੀਆਂ
    ਅਤੇ 128.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੋਰ ਚੂਹੜੇ ਵਾਂਗ ਹੈ ਟੀਂਡ ਤੇਰੀ

82. ਉਹੀ, 133.
83. ਉਹੀ, 133.
84. ਉਹੀ, 206.
85. ਉਹੀ, 207.
86. 'The Hir of Waris Shah as Source Material'
87. ਇਹ ਜਾਣਕਾਰੀ ਪ੍ਰੋ. ਇੰਦੂ ਬਾਂਗਾ ਦੇ ਧੰਨਵਾਦ ਸਹਿਤ ਹੈ।
88. 'Ahmed Yar and His Times', *Proceedings Puniab History Conference*, 1981.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੰਸਾ ਦਾ ਮਾਣਸਵਿਗਿਆਨ ਅਤੇ ਸਿੱਖ ਧਰਮ*

ਅੱਜ ਕੱਲ ਇਸ ਗੱਲ ਦੀ ਕਲਪਨਾ ਕਰਨੀ ਬਹੁਤ ਮੁਸ਼ਕਿਲ ਹੈ ਕਿ ਕਿਵੇਂ 18ਵੀਂ ਸਦੀ ਵਿਚ ਆਪ ਸਮੁੱਚਾ ਜੀਵਨ ਹਿੰਸਾ 'ਤੇ ਨਿਰਭਰ ਸੀ। ਜ਼ਿੰਦਗੀ ਦਾ ਕੋਈ ਅਜਿਹਾ ਪਹਿਲੂ ਨਹੀਂ ਜਿਸ 'ਤੇ ਹਿੰਸਾ ਦਾ ਪ੍ਰਭਾਵ ਨਹੀਂ। ਹਿੰਸਾ ਦਾ ਆਪਣਾ ਸੰਸਕਾਰ ਜਾਂ ਇਸਦੀ ਰਸਮ ਸੀ। ਸਮਕਾਲੀ ਜਗਤਚਿੱਤ੍ਰ ਦਾ ਅਧਾਰ ਹਿੰਸਾ ਸੀ।

ਡਾਕਾਜ਼ਨੀ ਬਾਇੱਜ਼ਤ ਅਤੇ ਜਮਾਇਤੀ ਪੇਸ਼ਾ ਸੀ। ਅਹਿਮਦਸ਼ਾਹ ਅਬਦਾਲੀ ਨੇ ਸਾਦਾਦ ਸਿੰਘ ਨੂੰ ਆਪਣੀ ਬਹਾਦਰੀ ਦੀ ਪ੍ਰਸਿੱਧੀ ਕਾਰਨ ਹਾਜ਼ਰ ਹੋਣ ਲਈ ਕਿਹਾ। ਉਸ ਨੂੰ ਏਸ ਸ਼ਰਤ 'ਤੇ ਸਰਕਾਰੀ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਕਿ ਉਹ ਡਾਕੇ ਮਾਰਨ ਦਾ ਧੰਧਾ ਛੱਡ ਦੇਵੇ[2]। ਜ਼ਮੀਂਦਾਰ ਲਗਾਨ ਦੀ ਅਦਾਇਗੀ ਦਾ ਸੌਦਾ ਕਰਕੇ ਇੱਕ ਜਾਂ ਦੂਜੇ ਸ਼ਕਤੀਮਾਨ ਨੂੰ ਦਿੰਦੇ ਹਨ। ਲਾਹੌਰ ਸੂਬੇ ਦਾ ਅਮੀਰ ਨਦਾਉਣ ਨੇੜੇ ਡੇਰਾ ਲਾਈ ਬੈਠਾ ਸੀ। ਇਸ ਸਮੇਂ ਜੱਸਾ ਸਿੰਘ (1718-1783) ਆਪਣੇ ਸਰਦਾਰਾਂ ਸਮੇਤ ਆਨੰਦਪੁਰ ਵਿਚ ਸੀ। ਕਟੋਚ, ਹਰੀਪੁਰ, ਮੰਡੀ ਦੇ ਰਾਜਿਆਂ ਦੇ ਵਕੀਲ ਜੱਸਾ ਸਿੰਘ ਨੂੰ ਸੰਖੇਪ ਬੇਨਤੀ ਕਰਦੇ ਹਨ "ਜੇ ਜੇਕਰ ਮੱਦਦ ਕਰੋ ਤਾਂ ਟਕੇ ਆਪ ਲਵੋ"।[3] ਹਰ ਇਕ ਬਾਜਗੁਜ਼ਾਰ ਕੋਸ਼ਿਸ਼ ਕਰਦਾ ਹੈ ਕਿ ਮਾਮਲਾ ਵੱਧ ਤੋਂ ਵੱਧ ਸਮਾਂ ਪਾ ਕੇ ਦਿੱਤਾ ਜਾਵੇ। ਖ਼ਾਸਕਰ ਜਦੋਂ ਉਹਦਾ ਮੁਖੀ ਕਿਸੇ ਮੁਹਿੰਮ 'ਤੇ ਗਿਆ ਹੋਵੇ। ਰਾਏਕੋਟ (ਲੁਧਿਆਣੇ) ਦੇ ਰਾਏ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਅਦਾਇਗੀ ਨੂੰ ਰੋਕ ਲਵੇ ਕਿਉਂਕਿ ਜੱਸਾ ਸਿੰਘ ਨੂੰ ਮੁੜਦਿਆਂ ਮੁੜਦਿਆਂ ਵਕ਼ਤ ਲੱਗ ਜਾਣਾ ਹੈ[4]। ਕੇਵਲ ਅਜਿਹਾ ਵਿਅਕਤੀ ਹੀ ਮਾਨੁਖ ਹੋਣ ਦੇ ਯੋਗ ਹੈ ਜਿਹੜਾ ਹਿੰਸਕ ਬਿਉਹਾਰ ਕਰ ਸਕਦਾ ਹੋਵੇ। ਇੰਝ ਹੀ ਪੋਸ਼ਾਕ ਵੀ ਬੰਦੇ ਕੁਬੰਦੇ ਦੀ ਪਹਿਚਾਣ ਕਰਦੀ ਹੈ। ਫ਼ਤਿਆਬਾਦ ਕੋਈ ਘੋੜਸਵਾਰ ਜੱਸਾ ਸਿੰਘ ਨੂੰ ਉਹਦੀ ਪੋਸ਼ਾਕ 'ਤੋਂ ਪਛਾਣ ਲੈਂਦਾ ਹੈ ਜਿਸ ਨੂੰ ਤੀਰਾਂ ਦੀ ਬੁਛਾੜ ਨਾਲ ਭਜਾਉਣਾ ਪੈਂਦਾ ਹੈ[5]। ਵੱਡੇ ਬੰਦਿਆਂ ਦੇ ਮ੍ਰਿਤਕ ਸਰੀਰਾਂ ਨੂੰ ਦੋਸ਼ਾਲਿਆਂ ਨਾਲ ਢਕਿਆ ਜਾਂਦਾ ਹੈ ਪਰ ਅਜਿਹਾ ਮਾਣ ਸਾਧਾਰਨ ਪਿਆਦਿਆਂ ਦਾ ਨਹੀਂ ਹੁੰਦਾ[6]। ਨਵਾਬ ਜਾਨੀ ਖਾਂ ਬਿਸਤ ਦੁਆਬ ਦਾ

---

*_Joumal of Sihk Studies_, Amritsar, Ang. 1986.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਸ਼ਾਸ਼ਨ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਲੜਾਈ ਵਿਚ ਜੱਸਾ ਸਿੰਘ ਦੇ ਸਿਪਾਹੀ ਨੇ ਉਹਦਾ ਸਿਰ ਵੱਢ ਦਿੱਤਾ। ਸਿਪਾਹੀ ਨੂੰ ਨਵਾਬ ਦੀ ਪੋਸ਼ਾਕ ਅਤੇ ਘੋੜਾ ਦਿੱਤਾ ਜਾਂਦਾ ਹੈ ਜਿਸ ਤੋਂ ਉਹਦੇ ਪੌਰਖ ਦਾ ਅਨੁਮਾਨ ਲਗਦਾ ਹੈ[7]। ਜੱਸਾ ਸਿੰਘ ਦੇ ਭਾਈ ਲਾਲ ਸਿੰਘ ਨੂੰ ਉਹਦਾ ਪਹਿਨਣ ਹੀ ਧੋਖਾ ਦਿੰਦਾ ਹੈ ਜਿਸ ਨੂੰ ਵੇਖ ਕਿਸੇ ਦੁਸ਼ਮਣ ਨਸ਼ਾਨਚੀ ਨੇ ਉਹਨੂੰ ਗੋਲੀ ਮਾਰ ਦਿੱਤੀ[8]। ਸਮਕਾਲੀ ਫ਼ੌਜ ਨਾਲ ਲੁਟੇਰਿਆਂ ਦੀ ਆਪਣੀ ਵਹੀਰ ਹੁੰਦੀ ਸੀ। ਜੱਸਾ ਸਿੰਘ ਨਜੀਬ-ਉਲ-ਦੌਲਾ ਨਾਲ ਲੜਾਈ ਸਮੇਂ ਪਿੰਡਾਰੀ ਲੁਟੇਰਿਆਂ ਨੂੰ ਇਕ ਬਾਹੀ 'ਤੇ ਖੜ੍ਹਾਂ ਕਰ ਦਿੰਦਾ ਹੈ[9]। ਹਿੰਸਕ ਬਿਉਹਾਰ ਦੀ ਅਸਮਰੱਥਾ, ਮਸਲਨ ਲੜਾਈ ਹਾਰ ਜਾਣਾ, ਬੰਦੇ ਨੂੰ ਬੰਦਾ ਨਹੀਂ ਰਹਿਣ ਦਿੰਦੀ ਅਤੇ ਉਹ ਚਕਨਾ-ਚੂਰ ਹੋਣ ਦੇ ਲਾਇਕ ਹੋ ਜਾਂਦਾ ਹੈ। ਅਹਿਮਦਸ਼ਾਹ ਅਬਦਾਲੀ ਨੇ ਬਰਖੁਰਦਾਰ ਖਾਂ ਨੂੰ ਸਿੱਖਾਂ ਦਾ ਮੁਕਾਬਲਾ ਕਰਨ ਲਈ ਭੇਜਿਆ ਸੀ। ਜਦ ਉਲਟਾ ਹਾਰ ਕੇ ਬਾਦਸ਼ਾਹ ਦੇ ਸਾਹਮਣੇ ਪੇਸ਼ ਹੋਇਆ ਤਾਂ ਉਹਨੇ ਮਰਵਾ ਦਿੱਤਾ[10]। ਅਮੀਰ ਖਾਂ, ਸਰਬੁਲੰਦ ਖਾਂ, ਨਬੀ ਖਾਂ ਜੇਹੇ ਅਬਦਾਲੀ ਦੇ ਸਰਦਾਰਾਂ ਨੂੰ ਸਬਕ ਹੋ ਗਿਆ ਅਤੇ ਉਹ ਹਾਰ ਖਾਣ 'ਤੇ ਹਿੰਦੋਸਤਾਨ ਚਲੇ ਗਏ[11]।

ਹਿੰਸਾ ਨੂੰ ਇਸ ਕਰਕੇ ਅੱਖੋਂ ਪਰੋਖੇ ਕੀਤਾ ਜਾਂਦਾ ਹੈ ਕਿਉਂਕਿ ਇਹ ਸ਼ਲਾਘਾਯੋਗ ਹੈ। ਵੈਰੋਵਾਲ ਦੇ ਪਠਾਨ ਕਈ ਗੁਸਤਾਖ਼ੀਆਂ ਕਰ ਚੁੱਕੇ ਸਨ। ਪਰ ਜੱਸਾ ਸਿੰਘ ਉਹਨਾਂ ਦੀ ਬਹਾਦਰੀ 'ਤੇ ਖੁਸ਼ ਸੀ। ਉਹ ਕਦੇ ਕੰਮ ਆਉਣਗੇ। ਉਹਨਾਂ ਪਾਸ ਮਾਲ ਦੌਲਤ ਅਤੇ ਆਹਲਾ ਘੋੜੇ ਸਨ[12]। ਮਨੁੱਖੀ ਗੁਣਾਵਲੀ ਅਰਥਾਤ ਹਿੰਸਾ, ਅਮੀਰੀ, ਸਿਆਣਪ ਅਤੇ ਇੱਜ਼ਤ ਦੀ ਇਕਾਈ ਹੈ ਜਿਹੜੀ ਮਨੁੱਖ ਅਤੇ ਸਮਾਜ ਦੀ ਅਧਾਰਸ਼ਿਲਾ ਹੈ। ਅਹਿਮਦਸ਼ਾਹ ਅਬਦਾਲੀ ਨੂੰ ਅਜਿਹੇ ਬੰਦੇ ਦੀ ਭਾਲ ਹੈ ਜਿਹੜਾ ਪੰਜਾਬ ਨੂੰ ਕ਼ਾਬੂ ਕਰ ਸਕੇ "ਕੀ ਕੋਈ ਐਸਾ ਸ਼ਖ਼ਸ ਰਈਸ, ਆਰੁ ਇਰਾਦੇ ਵਾਲਾ, ਤੇ ਸਾਹਿਬ ਅਕ਼ਲ, ਤੇ ਹਮਾਰੇ ਪੀਛੇ ਹੀ ਐਸਾ ਬੰਦੋਬਸਤ ਮੁਲਖ ਕਾ ਰਹੇ। ਖ਼ਿਤਾਬ ਤੇ ਸਿਰੋਪਾਉ ਭੀ ਬਡੇ ਦਰਜੇ ਕਾ ਉਸ ਕੋ ਹੋਵੇਗਾ। ਤਾਂ ਇਹ ਮੁਲਖ ਭੀ ਉਸ ਕੋ ਹੀ ਦੀਆ ਜਾਵੇਗਾ"[13]। ਕਈ ਵਾਰ ਘਟਣਾ ਹੀ ਸਮਾਜ ਦਾ ਸਾਰ ਬਣ ਜਾਂਦੀ ਹੈ। "ਕਿਸੇ ਬਦੇਸੀ ਸਿਪਾਹੀ ਨੇ ਕੁਸ਼ਾਲ ਸਿੰਘ ਤੇ ਹਮਲਾ ਕੀਤਾ। ਉਹਨੇ ਸੌਂਧੇ ਖਾਂ ਰਾਜਪੂਤ ਨੂੰ ਮੁਕ਼ਾਬਲਾ ਕਰਨ ਲਈ ਕਿਹਾ। ਸੌਂਧੇ ਖਾਂ ਨੇ ਬਦੇਸ਼ੀ ਤੇ ਭੱਲੇ ਦਾ ਵਾਰ ਕੀਤਾ। ਬਦੇਸ਼ੀ ਨੇ ਬੜੀ ਚੁਸਤੀ ਨਾਲ ਉਹਦੇ ਪਸਤੌਲ ਮਾਰਿਆ ਅਤੇ ਉਹ ਹਿੱਕ 'ਚ ਗੋਲੀ ਵੱਜਣ ਨਾਲ ਮਾਰਿਆ ਗਿਆ। ਤਾਂ ਕੁਸ਼ਾਲ ਸਿੰਘ ਦੀ ਸਪਾਹ ਨੇ ਉਹਨੂੰ ਮਾਰਨ ਲਈ ਹੱਲਾ ਕੀਤਾ। ਉਹਨਾਂ ਨੂੰ ਬਦੇਸ਼ੀ ਦੇ ਜੇਬ ਵਿਚੋਂ ਹੀਰਾ ਮਿਲਿਆ"[14]। ਇਹ ਗੱਲ ਦਿਲਚਸਪ ਹੈ ਕਿ ਲੇਖਕ ਮਨੁੱਖਤਾ ਦਾ ਵਰਣਨ ਕਰਦਿਆਂ ਕਦੇ ਵੀ ਮੁਕ਼ੱਦਮ ਜ਼ਾਂ ਜ਼ਮੀਂਦਾਰ ਦੇ ਪੱਧਰ ਤੋਂ ਥੱਲੇ ਨਹੀਂ ਜਾਂਦਾ। ਛੋਟੇ ਲੋਕ ਦੁੱਖ ਸੁੱਖ ਦੇ ਧਾਰਨੀ ਹਨ। ਆਦਰਸ਼ ਤਾਂ ਹਿੰਸਾ-ਰਹਿਤ ਦਮਨ ਹੈ, ਪਰ ਸੀਮਤ ਹਿੰਸਾ ਨਾਰਮਲ ਹੈ। "ਜੱਸਾ ਸਿੰਘ ਮਹਿਤਾਬਕੋਟ ਦੇ ਮਹਿਤਾਬ ਖਾਂ 'ਤੇ ਹਮਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਦਾ ਹੈ। ਕਰਤਾ ਉਹਦੇ ਮੁਅੱਜ਼ਜ ਜ਼ਮੀਦਾਰਾਂ ਦਾ ਜ਼ਿਕਰ ਕਰਦਾ ਹੈ। ਮਹਿਤਾਬ-ਕੋਟ ਦਾ ਪੰਜਾਹ ਪਿੰਡਾਂ 'ਤੇ ਕੰਟਰੋਲ ਸੀ। ਉਹਦੇ ਮੁਕ਼ੱਦਮ ਉਹਨੂੰ ਸਿੱਖਾਂ ਦੀ ਆਮਦ ਬਾਰੇ ਦੱਸਦੇ ਹਨ। ਉਹ ਐਲਾਨ ਕਰਦੇ ਹਨ ਕਿ ਜੇ ਰਾਜਪੂਤ ਦੀ ਸਿੱਖਾਂ ਨਾਲ ਲੜਣ ਦੀ ਸਲਾਹ ਨਹੀਂ ਤਾਂ ਉਹ ਸਿੱਖਾਂ ਨਾਲ ਰਲ ਜਾਣਗੇ''[15]। ਪਦਾਰਥਕ ਸਥਿਤੀ ਹੀ ਸਮਾਜੀ ਯਥਾਰਥ ਨੂੰ ਉਸਾਰਦੀ ਹੈ। ਸਮਾਜੀ ਯਥਾਰਥ ਦੀ ਬਣਤ ਜੱਸਾ ਸਿੰਘ ਦੇ ਡੇਰੇ ਅਤੇ ਦਿੱਲੀ 'ਤੇ ਧਾਵੇ ਦੇ ਵਰਣਨ ਤੋਂ ਉੱਘੜ ਆਉਂਦੀ ਹੈ। ''ਅਰੁ ਕੋਸ ਉਪਰ ਡੇਰਾ ਹੁਆ ਅਰੁ ਗਾਂਵ ਲੂਟ ਮੈ ਆਇਆ। ਤੇ ਪਚਾਸੀ ਗਾਂਵ ਦੇਵਾ ਦਾਸ ਰਾਇ ਧਿੰਡਾਣੇ ਵਾਲੇ ਕੀ ਮਾ'ਰਫਤ ਹਾਜ਼ਰ ਹੂਏ... ਦੇਵਾ ਦਾਸ ਕੋ ਫਰਮਾਇਆ ਜੋ ਦਿਲੀ ਤੱਕਰ ਹਾਜ਼ਰ ਰਹੁ। ਫੇਰ ਵਹੀਰ ਨੇ ਹਾਂਸੀ ਕਾ ਏਕ ਗਾਂਵ ਲੂਟ ਲੀਐ... ਉਸ ਗਿਰਦ ਕੇ ਜ਼ਿਮੀਂਦਾਰ ਸਭ ਹਾਜ਼ਰ ਹੁਏ''[16] ਵਾਕ ਬਣਤਰ ਤੋਂ ਪਤਾ ਲਗਦਾ ਹੈ ਕਿ 85 ਪਿੰਡ ਦਰਅਸਲ ਪਚਾਸੀ ਜ਼ਮੀਂਦਾਰ ਹਨ ਜਿਹੜੇ ਜੱਸਾ ਸਿੰਘ ਨੂੰ ਮਿਲਣ ਆਏ ਹਨ। ਜ਼ਿਮੀਂਦਾਰ ਹੀ ਸਮਾਜ, ਰਿਆਸਤ ਅਤੇ ਸ਼ਾਇਦ ਧਰਮ ਦੀ ਬੁਨਿਆਦੀ ਇਕਾਈ ਹੈ।

ਰਿਆਸਤੀ ਢਾਂਚੇ ਦੀ ਕਮਜ਼ੋਰੀ ਨਾਲ ਜ਼ਿਮੀਂਦਾਰ ਸਥਾਨਕ ਹੁਕਮਰਾਨ ਬਣ ਜਾਂਦੇ ਹਨ। ''ਖੇਮ ਕਰਨ, ਰੋਹੇ ਵਾਲ... ਇਨਾਂ ਦੋਨਾਂ ਮਕਾਨਾਂ ਮੈ ਜ਼ਿਮੀਂਦਾਰ ਮਹਿਤੋਂ ਹੋਤੇ ਸੇ... ਬਾਤਸ਼ਾਹੀ ਸੂਬਿਯੋਂ ਕੀ ਜੋ ਸੁਸਤ ਹੋਈ ਤਾਂ ਇਹ ਮਾਮਲਾ ਕਿਸੀ ਕੋ ਨਾ ਦੇਵੇਂ। ਤੇ ਨੌਕਰ ਭੀ ਏਨਾ ਰਾਖ ਲੀਏ। ਤੇ ਗਿਰਦੇ ਗਾਵਾਂ ਕੇ ਹਥਿਆਰਾਂ ਵਾਲੇ ਤੇ ਰਹਿਜ਼ਨੀ ਵਾਲੇ ਭੀ ਉਹਾਂ ਵਾਫਰ ਆਏ ਸ਼ਾਮਲ ਹੂਏ। ਤੇ ਔਰ ਸ਼ਹਿਰੋਂ ਕੇ ਸਾਹੂਕਾਰ ਭੀ ਆਏ ਰਹੇ.. ਤਾਂ ਸਰਕਾਰ ਮੋਰਚੇ ਲਗਾਇ... ਫੇਰ ਚਹੁ ਰੋਜ਼ਾਂ ਸੀ ਬਾਦ ਉਹ ਘੋੜਾ ਤੇ ਵਲਾਇਤੀ ਸ਼ਮਸ਼ੇਰ ਲੇ ਕਰ ਹਾਜ਼ਰ ਹੂਏ''[17]। ਖੇਮਕਰਨ ਰੋਹੇਵਾਲ ਦੇ ਜ਼ਿਮੀਂਦਾਰ ਹਾਰ ਖਾ ਕੇ ਜੱਸਾ ਸਿੰਘ ਦੀ ਰਸਮੀ ਤੌਰ ਤੇ ਈਨ ਮੰਨ ਮਾਮਲਾ ਦੇਣ ਲੱਗ ਜਾਂਦੇ ਹਨ। ਕ਼ਸੂਰ ਵਿਚ ਪਠਾਨੀ ਰਾਜ ਦਾ ਪਸਾਰ ਵੀ ਇੰਝ ਹੀ ਹੁੰਦਾ ਹੈ ''ਅਰੁ ਸੂਬਿਆਂ ਕੀ ਬਾਤ ਜੋ ਸੁਸਤ ਪੜੀ ਤਾਂ ਔਰ ਮੁਲਖ ਸੇ ਭੀ ਮਾਮਲਾ ਲੇਤੇ ਸੇ''[18]। ਰਾਮ ਸੁਖ ਰਾਓ ਮੁਗਲ ਬਾਦਸ਼ਾਹ ਦੇ ਮੂੰਹੋਂ ਅਖਵਾਉਂਦਾ ਹੈ ''ਬਾਦਸ਼ਾਹਿ ਫਰਮਾਇਆ ਜੋ ਜੌਨ ਸੇ ਅੰਬੀਰੋਂ ਕੋ ਵਧਾਈਤਾ ਹੈ। ਅਰੁ ਖ਼ਤਾਬ ਬਖਸ਼ੀਤੇ ਹੈਂ... ਅਰ ਕਈ ਜਬ ਮੁਰਾਤਬੇ ਕੋ ਪਹੁੰਚਤੇ ਹੈਂ। ਤਾਂ ਆਪਦੇ ਕਬਜ਼ੇ ਹੀ ਮੁਲਕ ਕੋ ਕਰਤੇ ਹੈਂ। ਇਸ ਵਾਸਤੇ ਸਭ ਕਾਮ ਅਫਤਰ ਹੋਏ ਰਹੇ ਹੈਂ''[19]। ਜ਼ਿਮੀਂਦਾਰਾਂ ਜਾਂ ਉਮਰਾ ਦਾ ਛੋਟੇ ਵੱਡੇ ਰਾਜੇ ਬਣਨਾ ਇਕੋ ਪ੍ਰਕਿਰਿਆ ਦੀ ਉਪਜ ਹਨ। ਮਾਣਸਵਿਗਿਆਨ ਸਰਵੋਤਮ ਜਾਂ ਅਧੀਨ ਹਿੰਸਾ ਦਾ ਹੈ।

ਹਿੰਸਾ ਹੀ ਸਾਧਨਾਂ ਦੀ ਅਦਲਾ ਬਦਲੀ ਦਾ ਜ਼ਰੀਆ ਹੈ। ਮਨੁੱਖ ਦਾ ਸਮਾਜਕ ਚਿੰਨ੍ਹ ਹਿੰਸਾ ਵਰਤਾਉਣ ਵਾਲਾ ਜਾਂ ਇਹਦਾ ਸ਼ਿਕਾਰ ਹੋਣ ਵਾਲੇ ਦਾ ਹੈ। ਇਸ ਤੱਥ ਨੂੰ ਮਰਯਾਦਾ-ਸਹਿਤ ਸਮਾਜ ਪ੍ਰਤੀ ਪ੍ਰਗਟ ਕੀਤਾ ਜਾਂਦਾ ਹੈ। ਆਨੰਦਪੁਰ ਸਾਹਿਬ ਨੂੰ ਜਾਣ ਵਾਲੇ ਸਿੱਖ ਯਾਤ੍ਰੀ ਜੱਸਾ ਸਿੰਘ ਪਾਸ ਸ਼ਕਾਇਤ ਕਰਦੇ ਹਨ ਕਿ ਕਾਠਗੜ੍ਹ ਅਤੇ ਸ਼ੰਕਰ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜ਼ਿਮੀਂਦਾਰ ਉਹਨਾਂ ਨੂੰ ਲੁੱਟ ਲੈਂਦੇ ਹਨ। ਉਹਨਾਂ ਵਿਚੋਂ ਇਕ ਕੋਲੇ ਦਾ ਰਾਜਪੂਤ ਸੀ[20]। ਜੱਸਾ ਸਿੰਘ ਤੋਂ ਹਾਰ ਖਾ ਕੇ ਦਿੱਲੀ ਨੇੜੇ ਦਹੀਆ ਲੋਕ ਸੁਭਾਵਕ ਹੀ ''ਅਰਜ਼ਿ ਕਰੀ ਜੋ ਦਿੱਲੀ ਮੈਂ ਨਵਾਬ ਆਵਤੇ ਹੈਂ ਤਾਂ ਅਸੀ ਲੜਕੇ ਹੀ ਮਾਮਲਾ ਦੇਤੇ ਹੈਂ''[21]। ਦੂਸਰੇ ਪਾਸੇ ਹੁਕਮਰਾਨ ਸਮਝੌਤਾ ਹੋਣ ਤੋਂ ਪਹਿਲਾਂ ਬਾਗ਼ੀ ਸਰਦਾਰਾਂ ਦੇ ਪਿੰਡਾਂ ਨੂੰ ਸੁਭਾਵਿਕ ਹੀ ਲੁੱਟ ਲੈਂਦਾ ਸੀ। ਇੰਝ ਹਿੰਸਾ ਦੇ ਚਿੰਨ੍ਹਵਾਦੀ ਮੁੱਲ ਤੋਂ ਮੁਨਕਰ ਹੋਣਾ ਮੁਸ਼ਕਿਲ ਹੈ। ਨਜੀਬ ਉਲ-ਦੌਲਾ ਦੇ ਵਿਰੁੱਧ ਮੁਹਿੰਮ ਦੌਰਾਨ ਜੱਸਾ ਸਿੰਘ ਕਿਰਾਨੇ ਦੇ ਨਾਲ ਲਗਦੇ ਇਲਾਕੇ ਨੂੰ ਲੁੱਟਣ ਦਾ ਹੁਕਮ ਦਿੰਦਾ ਹੈ। ਸੁਕਰਤਾਲ ਦੇ ਉਦਾਲੇ 30 ਕੋਹ ਦੇ ਚੱਕਰ ਵਿਚ ਆਉਂਦੇ ਪਿੰਡਾਂ ਨੂੰ ਲੁੱਟਿਆ। ਦੋ ਥਾਵਾਂ ਨੇ ਅੜੀ ਕਰਕੇ ਕਈ ਬੰਦੇ ਮਰਵਾ ਲਏ। ਤੁਅਲਕਿਆਂ ਦੀ ਦੂਰ ਦੂਰ ਤੱਕ ਲੁੱਟ ਹੋਈ[22]। ਲੁੱਟ ਦੇ ਲਾਲਚ ਨਾਲ ਹਮਲਾਵਰ ਫੌਜ ਬੇਲਾਗ ਬੰਦਿਆਂ ਨਾਲ ਵੱਧਦੀ ਵੱਧਦੀ ਕਟਕ ਬਣ ਜਾਂਦੀ ''ਤਾਂ ਜਬ ਹੰਗਾਮਾ ਹੋਤਾ ਥਾ ਤਾਂ ਉਪਰਾਲੇ ਕੋ ਔਰ ਭੀ ਆਇ ਜਾਤੇ ਹੈਂ''[23]। ਇਕ ਵਾਰ ਸਤਲੁਜ ਪਾਰ ਕਰਦਿਆਂ ਜੱਸਾ ਸਿੰਘ ਨਾਲ 20 ਹਜ਼ਾਰ ਆਦਮੀ ਆ ਰਲੇ। ''ਸਤਲੁਜ ਕੇ ਦਰੀਆਉ ਸੀ ਜਬ ਪਾਰ ਹੂਏ। ਤਾਂ ਬੀਸ ਹਜ਼ਾਰ ਜਵਾਨ ਹਾਜ਼ਰ ਹੂਆ[24]। ਅਸਥਿਰ ਵਫ਼ਾਦਾਰੀਆਂ ਨੇ ਉਲਟਾ ਦਵੰਧਮਈ ਆਦਰਸ਼ ਬਣਾਇਆ ਹੋਇਆ ਹੈ—ਗ਼ੱਦਾਰੀ ਕਰਨ ਨਾਲ ਬੰਦਾ ਲੋਕ ਪ੍ਰਲੋਕ ਗੁਆ ਲੈਂਦਾ ਹੈ। ਕੰਵਰ ਮੋਹਰ ਸਿੰਘ ਸੁਰਖਪੁਰ ਨੂੰ ਸਰ ਕਰਦਾ ਮਾਰਿਆ ਗਿਆ। ''ਅਰ ਅੰਦਰਲਿਆਂ ਕੋ ਭੀ ਮਾਲੂਮ ਹੂਆ... ਤਾਂ ਉਹ ਭੀ ਨਿਹਾਇਤ ਹੀ ਗ਼ਮ ਮੈਂ ਹੂਏ। ਅਰ ਆਪਸ ਮੇਂ ਬਾਤਾਂ ਕਰੇਂ ਜੋ ਨਿਮਕਹਰਾਮੀ ਭੀ ਸਾਥ ਨਿਹਾਇਤ ਹੀ ਹੂਈ ਹੈ। ਤੇ ਦੋਹਾਂ ਜਹਾਨਾਂ ਮੇਂ ਕਿਸੀ ਕਾਮ ਕੇ ਨ ਰਹੇ''[25]।

ਹਥਿਆਰਬੰਦ ਟੋਲੇ ਆਪਸ ਵਿਚ ਸੁਭਾਵਕ ਹੀ ਟਕਰਾ ਜਾਂਦੇ ਹਨ ਜਿਸ ਕਰਕੇ ਇਕ ਸਰਦਾਰ ਨੂੰ ਦੂਸਰੇ ਤੋਂ ਮਾਜ਼ਰਤ ਮੰਗਣੀ ਪੈਂਦੀ ਹੈ। ਅਜਿਹਾ ਵਿਹਾਰ ਰਾਇਕੋਟ ਦੇ ਰਾਇ ਨੂੰ ਜੱਸਾ ਸਿੰਘ ਨਾਲ ਕਰਨਾ ਪਿਆ। ''ਅਰ ਵਹੀਰ ਤੇ ਹੋਰ ਸਰਦਾਰ ਆਗੇ ਸੀ। ਅਰ ਰਾਉ ਭੀ ਆਗੇ ਬਮੇਇ ਫੌਜ ਕੇ ਸ਼ਹਿਰ ਕੇ ਨਜ਼ਦੀਕ ਖੜਾ ਥਾ। ਤਾਂ ਊਹਾਂ ਲੜਾਈ ਹੋਇ ਪੜੀ... ਫੇਰ ਰਾਇ ਹੋਰਾਂ ਸੰਗੂ ਸਿੰਘ ਨੱਤ ਅਰ ਬੀਰ ਚੰਦ ਪ੍ਰਆਲੀਆ। ਆਪ ਕੀ ਖਿਜਮਤ ਮੈ ਭੇਜਿਆ... (ਰਾਇ) ਆਪ ਕੀ ਖਾਸ ਰੱਯਤ ਹਾਂ। ਅਰ ਤਕ਼ਸੀਰ ਬਾਂਦੂਖਾਂ ਚਲਾਵਣੇ ਕੀ ਮਾਫ ਕਰੀਏ''[26]। ਅੰਮ੍ਰਿਤਸਰ ਵਿਚ ਹਥਿਆਰਬੰਦ ਸਿੱਖਾਂ ਦੀ ਟੱਕਰ ਹੋ ਜਾਂਦੀ ਹੈ। ''ਮਿਰਜ਼ਾ ਸਿੰਘ ਕੋ ਸੁਲਤਾਨਵਿੰਡ ਨਿਸਫ਼ ਸਾਪੁਰਦ ਥਾ... ਹਰੀ ਸਿੰਘ ਕੇ ਸਿਰਕਰਦੇ...ਜਾਤੇ ਸੇ। ਤੇ ਦੋਨੋ ਤਰਫ਼ਾਂ ਸੇ ਨਿਸ਼ੇਈ ਸੇ। ਤਾਂ ਊਹਾਂ ਉਨ ਕਾ ਦੰਗਾ ਹੂਆ''[27]। ਕਿਸੇ ਹੋਰ ਮੌਕੇ ਰਾਇਕੋਟ ਦੇ ਰਾਇ ਨੂੰ ਮੁਆਫੀ ਮੰਗਣੀ ਪਈ ਸੀ। ''ਏਹ ਜੋ ਫੌਜ ਆਈ ਤਾਂ ਮੇਰੀ ਫੌਜ ਆਗੇ ਖਲੀ ਸੀ। ਅਰ ਆਗੇ ਜੋ ਹੋਰ ਕੋਈ ਸਰਦਾਰ ਆਵਤੇ ਹੋਤੇ ਹੈਂ। ਤਾਂ ਹਮ ਲੜਤੇ ਭੀ ਹੋਤੇ ਹੈਂ।... ਅਬ ਫੌਜ ਆਈ ਤਾਂ ਮੇਰੇ ਨੌਕਰਾਂ ਨੇ ਸਮਝਿਆ ਜੋ ਹੋਰ ਕਿਸੀ ਸਰਦਾਰ ਕੀ ਹੈ। ਤਾਂ ਇਸ ਵਾਸਤੇ ਲੜਾਈ ਹੋਇ ਪੜੀ''[28]।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੱਸਾ ਸਿੰਘ ਨੇ ਭਟਨੇਰ ਤੇ ਚੜ੍ਹਾਈ ਕੀਤੀ ਹੋਈ ਤੇ ਤਿਸ ਛੋਟ ਕਮਾਂਡਰ ਦਾ ਇਹ ਹਾਲ ਹੈ। "ਗੌਰ ਸਿੰਘ ਮਾੜੀਵਾਲਾ ਕੁਛਕੁ ਫੌਜ ਪੁਸ਼ੀਦਾ ਹੀ ਲੇਕਰ ਵਾਸਤੇ ਲੂਟਣੇ ਕੇ ਚਲਾ ਗਿਆ। ਤਾਂ ਓਨਾ ਮਾਲ ਮਵਾਸੀ ਕੁਛਕੁ ਲੂਟਿਆ। ਤਾਂ ਕੁਛਕੁ ਤਾਂ ਲੂਟ ਕੇ ਡੇਰੇ ਕੋ ਤੁਰਿ ਆਇ। ਅਰ ਜੋ ਪੀਛੇ ਰਹੇ ਉਨ ਪਰ ਭੱਟੀ ਆਇ ਪੜੇ। ਤੇ ਕੁਛਕੁ ਘੋੜੇ ਭੀ ਲੇ ਗਏ। ਤਾਂ ਜਬ ਇਹੁ ਡੇਰੇ ਮੈ ਆਇ। ਤਾਂ ਆਪ ਗ਼ੌਰ ਸਿੰਘ ਮਾੜੀਵਾਲੇ ਕੋ ਖ਼ਫ਼ਾ ਹੂਏ"[29]। ਇਹੀ ਗੱਲ ਬੀਕਾਨੇਰ ਦੀ ਚੜ੍ਹਾਈ ਸਮੇਂ ਨਿਹੰਗਾਂ ਨਾਲ ਹੁੰਦੀ ਹੈ "ਤਾਂ ਕੁਛਕੁ ਨਿਹੰਗ ਤੇ ਹੋਰ ਲੂਟਣੇ ਵਾਲੇ ਆਗੇ ਗਾਵੇਂ ਕੋ ਗਏ। ਅਰ ਓਹ ਘੋੜੇ ਛੋਡ ਕੇ ਥਾਵਾਂ ਕੇ ਦਰਮਿਆਨ ਜੋ ਗਏ। ਲੂਟਣੇ ਵਾਸਤੇ ਤਾਂ ਪੀਛੇ ਰਾਜਾ (ਬੀਕਾਨੇਰ) ਕੀ ਫੌਜ ਆਈ... ਤਾਂ ਓਨਾਂ ਉਨ ਕੇ ਘੋੜੇ ਲੇ ਲੀਏ... ਫੇਰ ਆਪ ਉਨ ਪਰ ਖ਼ਫ਼ਾ ਹੂਏ"[30]। ਜਦ ਜੱਸਾ ਸਿੰਘ ਆਪਣੇ ਬਾਜਗੁਜ਼ਾਰ ਨੂੰ ਥਾਨੇਸਰ ਮਿਲਣ ਗਿਆ ਤਾਂ ਮੁਕ਼ਾਬਲਾ ਹੋ ਗਿਆ। ਮੇਜਬਾਨੀ ਦਾ ਰੁਪਿਆ ਲੈ ਕੇ ਆਏ ਏਲਚੀਆਂ ਨੇ ਗੱਲ ਬਣਾਈ ਕਿ ਲੜਾਈ ਉਹਨਾਂ ਦੇ ਮਾਲਕ ਦੇ ਇਲਮ ਨਾਲ ਨਹੀਂ ਹੋਈ[31]।

ਜੱਸਾ ਸਿੰਘ ਸੋਨੀਪਤ ਤੋਂ ਖਿਓੜੇ ਵਲ ਵਧ ਰਿਹਾ ਹੈ। "ਦੋਇ ਕੋਸ ਏਕ ਗਾਂਵ ਸਾ ਤੇ ਉਹਾਂ ਮਕਾਨ ਭੀ ਸਾ ਤਾਂ ਊਹਾਂ ਸੇ ਬੰਦੂਕ ਚਲੀ ਤਾਂ ਏਕ ਜਵਾਨ ਡੇਰੇ ਕਾ ਮਰਿਆ... ਫੌਜ ਮਕਾਨ ਕੇ ਨਜ਼ਦੀਕ ਹੂਈ। ਤਾਂ ਊਹਾਂ ਕਾ ਮੁਕ਼ੱਦਮ ਬਘੇਲ ਸਿੰਘ ਹੋਰਾਂ ਕੇ ਰਸਤੇ ਹਾਜ਼ਰ ਹੂਆ। ਤੇ ਸਾਤ ਘੋੜੇ ਅਰ ਰੁਪਏ ਉਨ ਸੇ ਲੀਏ"[32]। ਇਹ ਗੱਲ ਮਹੱਤਵ ਪੂਰਨ ਹੈ ਕਿ ਇਲਾਕੇ ਨੂੰ ਮਕਾਨ ਕਿਹਾ ਜਾਂਦਾ ਹੈ। ਸਾਧਾਰਨ ਘਰ ਮਕਾਨ ਨਹੀਂ ਹੋ ਸਕਦਾ; ਇਹ ਉਹ ਜਗਾਹ ਹੈ ਜੀਹਦੇ ਬਾਹਰ ਆਦਮੀ ਲੜਦੇ ਹਨ ਜਾ ਆਪਣੀ ਬੱਚਤ ਲਈ ਅੰਦਰ ਆ ਵੜਦੇ ਹਨ। ਇਲਾਕਾ ਤਾਂ ਕੇਵਲ ਕਿਲੇਬੰਦੀ ਦਾ ਪਸਾਰ ਹੈ। ਇੰਞ ਹਿੰਸਾ ਦੇ ਉਸਾਰ ਦੀ ਪ੍ਰਸ਼ਾਸਕੀ ਵੰਡਾਂ ਨਾਲ ਸਾਂਝ ਨਜ਼ਰ ਆਉਣ ਲਗਦੀ ਹੈ। ਕਿਸੇ ਇਲਾਕੇ ਦੀ ਜਿੱਤ ਦੇ ਵਰਣਨ ਦੀ ਸ਼ਬਦਾਵਲੀ ਹੈ–'ਮਕਾਨ ਛੁੜਾਇ ਲੀਆ।'

ਮਾਲੀ ਸਿੰਘ ਰਾਮਗੜ੍ਹੀਆ ਹੱਥੋਂ ਜੱਸਾ ਸਿੰਘ ਆਹਲੂਵਾਲੀਏ ਨੂੰ ਗਰਿਫਤਾਰ ਕਰਨ ਦਾ ਹਾਦਸਾ ਸਮਕਾਲੀ ਸਮਾਜ ਦਾ ਪ੍ਰਤੀਕ ਬਣ ਗਿਆ ਹੈ। ਜੱਸਾ ਸਿੰਘ "ਨੰਗਲ ਕੀ ਤਰਫ਼ ਤਸ਼ਰੀਫ਼ ਲਗਏ... ਸਰਦਾਰ ਮਾਲੀ ਸਿੰਘ ਰਾਮਗੜ੍ਹੀਆ ਮੈਇ ਤਮਾਮੀ ਫੌਜ ਆਪਣੀ ਕੇ। ਸ੍ਰੀ ਹਰਗੋਬਿੰਦਪੁਰ ਸੇ ਬੂਤਾਲੇ ਕੀ ਤਰਫ ਆਉਤਾ ਥਾ। ਤਾਂ ਮੁਕ਼ਾਬਲਾ ਹੋ ਪੜਾ। ਮਗਰ ਸਰਦਾਰ ਰਾਮਗੜ੍ਹੀਏ ਕੋ ਏਹ ਮਾਲੂਮ ਨਾ ਥਾ। ਕਿ ਖੁਦ ਬਦੌਲਤ ਭੀ ਈਹਾਂ ਤਸ਼ਹੀਫ ਰਖਤੇ ਹੈਂ... ਸਰਕਾਰ ਕੇ ਜ਼ਖਮ ਬਾਂਦੂਖ ਕਾ ਪਹੁੰਚਾ... ਇਸੀ ਅਰਸੇ ਮੇਂ ਦੂਸਰੀ ਬੰਦੂਕ ਔਰ ਲਾਗੀ। ਤੇ ਅਲਬੱਤੇ ਬੇਹੋਸ਼ੀ ਹੂਈ। ਆਰ ਘੋੜੇ ਸੇਂ ਜ਼ਮੀਨ ਪਰ ਆਏ... ਸੋ ਉਸ ਵਖਤ ਸਰਕਾਰ ਮਾਲੀ ਸਿੰਘ ਰਾਮਗੜ੍ਹੀਆ ਊਹਾਂ ਆਇਆ। ਤੋ ਆਪ ਕਾ ਹੋਣਾ ਉਸ ਕੋ ਮਾਲੂਮ ਹੂਆ। ਤਾਂ ਉਸੀ ਵਕ਼ਤ ਝੰਪਾਨ ਮੇਂ ਡਾਲ ਕਰ ਹਾਲਤ ਬੇਹੋਸ਼ੀ ਮੇਂ ਆਪਣੇ ਮਕਾਨ ਕੋ ਲੈ ਗਿਆ। ਜਬ ਉਨ ਕੇ ਮਕਾਨ ਪਰ ਪਹੁੰਚੇ ਅਰੁ ਕੁਛ ਹੋਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਇਆ। ਤੋ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ [illegible] ਕੇ ਆਇਆ। ਅਰ ਦਸਤ ਬਸਤੇ ਹੋ ਕੇ ਬਿਆਨ ਕੀਆ। ਅਰ ਕਹਾ ਕਿ ਯੇਹ ਮਾਮਲਾ ਮਾਲੀ ਸਿੰਘ ਕੀ ਬੇਵਕੂਫੀ ਸੈਂ ਜ਼ਾਹੂਰ ਮੈਂ ਆਇਆ ਹੈ। ਅਰ ਇਸ ਜਗੈ ਕੋ ਭੀ ਆਪਣਾ ਦੌਲਤਖਾਨਾ ਸਮਝੀਏ। ਅਰ ਏਹ ਕਸੂਰ ਮਾਲੀ ਸਿੰਘ ਕਾ ਦਿਲ ਮੈਂ ਮਾਕੂਫ ਕੀਜੀਏ। ਤਾਂ ਆਪ ਨੇ ਕੁਛ ਜਵਾਬ ਨਾ ਦੀਆ। ਅਰ ਦੋ ਰਾਤ ਊਹਾਂ ਰਹਿਨੇ ਕਾ ਇਤੇਫਾਕ਼ ਹੂਆ। ਮਗਰ ਆਪ ਨੇ ਕਿਸ ਸੇ ਸੁਖ਼ਨ ਨ ਕੀਆ ਅਰ ਨਾ ਕੁਝ ਖਾਨੇ ਅਰ ਪੀਨੇ ਸੈ ਨੋਸ਼ ਕੀਆ। ਫੇਰ ਸਰਕਾਰ ਰਾਮਗੜ੍ਹੀਓਂ ਨੇ ਘੋੜਾ ਅਰ ਦੁਸ਼ਾਲਾ ਵਗੈਰੇ ਅਸਬਾਬੁ ਬਤੌਰ ਰੁਸਖਦਾਨੇ ਕੇ ਦੇ ਕਰ ਭੇਜ ਦੀਏ''[33]। ਹਾਦਸਾ ਜੱਸਾ ਸਿੰਘ ਦਾ ਪੌਰਖ ਗੁਆ ਦਿੰਦਾ ਹੈ। 'ਲੇਕਿਨ ਸਰਕਾਰ ਕੋ ਨਹਾਇਤ ਅਫਸੋਸ ਇਸ ਮਾਮਲਾ ਕਾ ਹੂਆ। ਅਰ ਸ਼ਮਸ਼ੇਰ ਬਾਂਧਨੀ ਮੌਕੂਫ ਕੀਈ...ਤਾਂ ਗੰਡਾ ਸਿੰਘ ਭੰਗੀ, ਜੈ ਸਿੰਘ ਘਨੱਈਆ, ਗੁੱਜਰ ਸਿੰਘ...ਥੀਂ ਆਦਿ ਆਇ। ਅਰ ਸਭ ਨੇ ਜ਼ਾਹਰ ਕਰਾ ਜੋ ਹਮ ਤਮਾਮ ਆਪ ਕੀ ਕੁੱਵਤ ਪਰ ਹਥੀਆਰ ਬਾਂਧਤੇ ਹੈਂ। ਅਰ ਏਹ ਜੋ ਕੁਛਕੁ ਬਾਤ ਹੂਈ ਹੈ ਇਸ ਪਰ ਖਿਆਲ ਨ ਕੀਜੀਏ...ਸੋ ਆਪ ਅਬ ਹਥੀਆਰ ਬਾਂਧੀਏ...ਤਮਾਮ ਸਰਦਾਰੋਂ ਨੇ ਕਹਾ ਕਿ ਅਬ ਹਥੀਆਰ ਬਾਂਧਨੇ ਹੀ ਮੁਨਾਸਬ ਹੈਂ। ਫੇਰ ਆਪ ਨੇ ਹਥੀਆਰ ਬਾਂਧੇ''[34]। ਹਥਿਆਰ ਨਾਲ ਹੀ ਪੁਰਖ ਬਣਦਾ ਹੈ ਅਤੇ ਜੱਸਾ ਸਿੰਘ ਆਹਲੂਵਾਲੀਆ ਹਿੰਸਾ ਦਾ ਮੌਲਕ ਸ੍ਰੋਤ ਹੈ--ਹਮ ਤਮਾਮ ਆਪ ਕੀ ਕੁੱਵਤ ਪਰ ਹਥੀਆਰ ਬਾਂਧਤੇ ਹੈਂ। ਜੱਸਾ ਸਿੰਘ ਦੇ 'ਅਸਿਪਾਨ' ਦੇ ਵਰਣਨ ਵਿਚ ਦੈਵੀ ਸੁਰ ਪ੍ਰਤੱਖ ਹੈ।

ਲੜਾਈ ਕੋਈ ਖੇਲ੍ਹ ਹੈ; ਇਹਦੀ ਪ੍ਰਤੀ ਦੁਵੱਲਾਪਨ ਹੈ। ਜੱਸਾ ਸਿੰਘ ਦੀ ਫੌਜ ਨੇ ਮਹਿਤਾਬਕੋਟ ਨੂੰ ਘੇਰਾ ਪਾ ਲਿਆ ਅਤੇ ਤੋਪਾਂ ਚਲਾਈਆਂ। ਪਰ ਪਿੰਡ ਦੇ ਉਦਾਲੇ ਪਾਣੀ ਨਾਲ ਭਰੀਆਂ ਖਾਈਆਂ ਹਨ। ਕਪੂਰਥਲੇ ਦਾ ਰਾਉ ਮਹਿਤਾਬਕੋਟ ਦੇ ਸਰਦਾਰ ਦਾ ਮਿੱਤ੍ਰ ਹੈ ਪਰ ਜੱਸਾ ਸਿੰਘ ਦਾ ਬਾਜਗੁਜ਼ਾਰ ਵੀ ਹੈ। ਰਾਉ ਆਪਣੇ ਮਿੱਤ੍ਰ ਨੂੰ ਬਾਰੂਦ ਅਤੇ ਸ਼ੀਸ਼ਾ ਭੇਜੀ ਜਾਂਦਾ ਹੈ। ਜੱਸਾ ਸਿੰਘ ਨੇ ਉਹਨੂੰ ਕੇਵਲ ਨਾਰਾਜ਼ਗੀ ਦੀ ਚਿੱਠੀ ਲਿਖੀ ਅਤੇ ਰਾਉ ਨੇ ਮੁਆਫੀ ਮੰਗ ਲਈ[35]। ਹਿੰਸਾ ਅਸੂਲਨ ਕ਼ਾਬਲ-ਇ ਮੁਆਫ ਹੈ। ਨਿਪਾਲ ਪਿੰਡ ਦੇ ਸ਼ੇਰ ਖਾਂ ਦਾ ਪਕੜਿਆ ਜਾਣਾ ਸਮਾਜ ਦੇ ਵਿਹਾਰ ਦਾ ਖੁਲਾਸਾ ਹੈ। ਨਿਪਾਲ ਵਾਲੇ ਅਤੇ ਡੋਗਰ ਲੁੱਟ ਮਾਰ ਕਰਦੇ ਰਹਿੰਦੇ ਸਨ। ਇਹ ਗੱਲ ਜੱਸਾ ਸਿੰਘ ਨੂੰ ਪਸੰਦ ਨਹੀਂ ਸੀ। ਇਕ ਵਾਰ ਉਹਨਾਂ ਮਾਝੇ ਦੇ ਪਿੰਡਾਂ ਦੇ ਡੰਗਰ ਪਸ਼ੂ ਇਕੱਠੇ ਕਰ ਲਏ। ਜੱਸਾ ਸਿੰਘ ਦੇ ਫਤਿਆਬਾਦ ਦੇ ਥਾਣੇਦਾਰ ਨੂੰ ਪਤਾ ਲੱਗਾ ਤਾਂ ਉਹਨੇ ਆਪਣੇ ਸਿਪਾਹੀ ਲੈ ਕੇ ਧਾਵਾ ਬੋਲ ਦਿੱਤਾ। ਥਾਣੇਦਾਰ ਡੰਗਰ ਚੋਰਾਂ ਨੂੰ ਉਦੋਂ ਜਾ ਟੱਕਰਿਆ ਜਦ ਉਹ ਦਰਿਆ ਪਾਰ ਕਰਦੇ ਸਨ ਅਤੇ ਗੋਲੀ ਚਲਾਉਣੀ ਸ਼ੁਰੂ ਕੀਤੀ। ਨਿਪਾਲਾਂ ਨੇ ਪਿੱਛੇ ਹਟ ਕੇ ਮੁਕ਼ਾਬਲਾ ਕੀਤਾ। ਉਹਨਾਂ ਨਾਲ ਕਿਸ਼ਤੀਆਂ ਵਾਲੇ ਵੀ ਸਨ...ਕਈ ਮਾਰੇ ਗਏ ਪਰ ਨਿਪਾਲੀ ਦਰਿਆ ਪਾਰ ਕਰ ਗਏ। ਪਰ ਡੰਗਰ ਪਸ਼ੂ ਕਬਜ਼ੇ 'ਚ ਆ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ੇਰ ਖਾਂ, ਉਹਦੇ ਪੁੱਤ੍ਰ ਅਤੇ ਨਿਪਾਲ ਦੇ ਬੰਦੇ ਕੈਦੀ ਬਣਾਕੇ ਫਤਿਹਆਬਾਦ ਲਿਆਂਦੇ ਗਏ। ਥਾਨੇਦਾਰ ਦੀ ਸਪਾਹ ਵਿਚ ਵੀ ਮਾਝੇ ਦੇ ਬੰਦੇ ਸਨ। ਲੁਟੇਰਿਆਂ ਅਤੇ ਸਰਕਸ਼ ਆਦਮੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆ, ਬਹੁਤ ਸਾਰੇ ਕੈਦ ਰੱਖੇ ਗਏ। ਪਰ ਕੁਝ ਸਮੇਂ ਮਗਰੋਂ ਨਿਪਾਲਾਂ ਨੂੰ ਮੁਆਫ ਕਰ ਦਿੱਤਾ। "ਫੇਰ ਨਿਪਾਲਾਂ ਕੀ ਤਕਸੀਰ ਮਾਫ ਕਰੀ ਅਰ ਛੋਡ ਦੀਏ ਰੱਯਤ ਸਮਝ ਕਰ"[36]। ਪਿਛਲਾ ਵਾਕ ਸਮਾਜਕ ਯਥਾਰਥ ਦਾ ਸੂਚਕ ਹੈ। ਰਸਮੀ ਅਧੀਨਗੀ ਨਾਲ ਹਿੰਸਾ ਦੀਆਂ ਬਹੁਤ ਸੰਭਾਵਨਾਵਾਂ ਖੁੱਲ੍ਹ ਜਾਂਦੀਆਂ ਹਨ।

ਹਿੰਸਕ ਦਾ ਕੋਈ ਸਬੰਧੀ ਨਹੀਂ ਹੁੰਦਾ। ਕੋਈ ਬਰਕਤ ਰਾਜਪੂਤ ਜੱਸਾ ਸਿੰਘ ਕੋਲ ਸ਼ਕਾਇਤ ਲੈ ਕੇ ਆਇਆ ਕਿ ਉਹਦੇ ਰਿਸ਼ਤੇਦਾਰ ਜਗਰਾਓਂ ਦੇ ਰਾਉ ਨੇ ਉਹਦੀ ਮਿਲਖ਼ ਖੋਹ ਲਈ ਹੈ[37]। ਕਥਿਤ 'ਰਿਆਸਤ' ਅਤੇ 'ਭਾਈਚਾਰੇ' ਦੀ ਜੰਗ ਵਬਾ ਸਮਾਨ ਹੈ। ਮੱਲਵਾਲ ਬਜੀਦਪੁਰ ਦਾ ਰਹਿਮਾਨ ਖਾਂ ਡੋਗਰ ਮੁਅੱਜ਼ਜ਼ ਆਦਮੀ ਸੀ। ਪਰ ਮਾੜੀਆਂ ਆਦਤਾਂ ਤੋਂ ਬਾਜ਼ ਨਹੀਂ ਆਉਂਦਾ ਸੀ। ਰਹਿਮਾਨ ਖਾਂ ਸ਼ੇਰ ਸਿੰਘ ਥਾਣੇਦਾਰ ਹੱਥੋਂ ਮਾਰਿਆ ਗਿਆ। ਮੌਤ ਦੀ ਖ਼ਬਰ ਸੁਣਦਿਆਂ ਹੀ ਖਾਈ ਦਾ ਮੁਕੱਦਮ ਅਜ਼ਮਤ ਡੋਗਰ ਆਪਣੇ ਬੰਦੇ ਲੈ ਕੇ ਬਜੀਦਪੁਰ ਪਹੁੰਚ ਗਿਆ। ਮੁਕਾਬਲਾ ਹ ਗਿਆ। ਕਈ ਡੋਗਰ ਮਾਰੇ ਗਏ। ਪਰ ਥਾਣੇਦਾਰ ਸਮੇਤ ਤੇਰਾਂ ਸਿਪਾਹੀ ਵੀ ਕੰਮ ਆਏ[38]। ਰਾਜਨੀਤੀ ਦੇ ਸਮਕਾਲੀ ਲਿਖਾਰੀ ਸਾਧਾਰਨ ਬੰਦਿਆਂ ਨੂੰ 'ਮ੍ਰਿਤ' ਕਹਿੰਦੇ ਹਨ। ਉਹਨਾਂ 'ਤੇ ਵਾਪਰੀ ਹਿੰਸਾ ਪ੍ਰਤੱਖਣ ਦੀ ਸਰਦਲ ਤਕ ਨਹੀਂ ਪਹੁੰਚਦੀ। ਇਸ ਲਈ ਸਮੇਂ ਦੇ ਇਤਿਹਾਸਾਂ ਵਿਚ ਉਹਨਾਂ ਦਾ ਜ਼ਿਕਰ ਨਹੀਂ ਆਉਂਦਾ। "ਮਿਆਂਵਿੰਡ ਮੱਜਾ ਸਿੰਘ ਰੰਧਾਵਾਂ ਦੇ ਅਧੀਨ ਸੀ। ਉਹਦਾ ਭਰਾ ਉਦੇ ਸਿੰਘ ਥਾਣੇਦਾਰ ਸੀ। ਉਹਨੇ ਰੱਯੀਅਤ 'ਤੇ ਜ਼ੁਲਮ' ਕਰਨਾ ਆਰੰਭ ਦਿੱਤਾ। ਬੰਦੇ ਕ਼ਤਲ ਹੋ ਜਾਂਦੇ। 'ਰੱਯੀਅਤ' ਨੇ ਜੱਸਾ ਸਿੰਘ ਕੋਲ ਸ਼ਿਕਾਇਤ ਕੀਤੀ। "ਜੱਸਾ ਸਿੰਘ ਨੂੰ ਆਗੇ ਵੀ ਕਈ ਵਾਰ ਉਹਦੀ ਜ਼ਿਆਦਤੀਆਂ ਦੀ ਖ਼ਬਰ ਮਿਲੀ ਸੀ। ਪਰ ਥਾਣੇਦਾਰ 'ਤੇ ਕੋਈ ਅਸਰ ਨਹੀਂ। ਪਿੰਡ ਦੇ ਮੁਕੱਦਮ ਦਰਗਾਹੀ ਨੇ ਉਹਦੇ ਜ਼ੁਲਮ ਦੀਆਂ ਬਹੁਤ ਗੱਲਾਂ ਦੱਸੀਆਂ। ਜੱਸਾ ਸਿੰਘ ਨੇ ਹੁਕਮ ਦਿੱਤਾ ਕਿ ਉਹਦੀ ਜਗਾਹ 'ਤੇ ਕਬਜ਼ਾ ਕਰ ਲਓ। ਗੜ੍ਹੀ ਨੂੰ ਘੇਰਾ ਪਾ ਲਿਆ। ਤੋਪਾਂ ਤਾਣ ਦਿੱਤੀਆਂ ਗਈਆਂ"[30]। ਜਨ ਸਾਧਾਰਨ ਦੀ ਰੱਖਿਆ ਕਰਨੀ ਸਮਕਾਲੀ ਰਿਆਸਤ ਦੇ ਵਿਤੋਂ ਬਾਹਰੀ ਗੱਲ ਸੀ।

ਹਿੰਸਾ ਦੀ ਚਿੰਨ੍ਹ ਵਜੋਂ ਵਰਤੋਂ ਕੀਤੀ ਜਾਂਦੀ ਹੈ; ਹਿੰਸਾ ਤੋਂ ਬਚਨ ਲਈ ਸਮਾਜ ਨੇ ਰਸਮ ਪੈਦਾ ਕੀਤੀ ਹੋਈ ਹੈ। ਕੰਢੀ ਦਾ ਇਲਾਕਾ ਪਹਾੜੀ ਰਾਜਿਆਂ ਅਧੀਨ ਸੀ। ਪਿੰਡਾਂ ਦੇ 'ਮੁਇਤਬਰ' ਹਾਜ਼ਰ ਹੋਏ। ਜਿਹੜੇ ਨਾ ਆਏ ਉਹਨਾਂ ਦਾ ਹਿੱਸਾ ਉਜਾੜ ਦਿੱਤਾ ਗਿਆ[40]। ਆਮ ਅਦਬ-ਆਦਾਬ ਇਹ ਹੈ ਕਿ ਮਿਲ ਕੇ ਘੋੜਾ ਅਤੇ ਨਜ਼ਰਾਨਾ ਪੇਸ਼ ਕੀਤਾ ਜਾਏ। "ਮੈਮੂਦ ਖਾਂ ਤਲਵਨੀਆਂ ਘੋੜਾ ਸੁਰਖ ਬੇਸ਼ ਅਰ ਨਜ਼ਰਾਨਾ ਲੇ ਕਰ ਹਾਜ਼ਰ ਹੂਆ"[41]। "ਅਦੀਨਾ ਬੇਗ...ਖਾਂ ਹੋਰੀ ਕੁਲੇਤੇ ਆਇ ਉਤਰੇ। ਤੇ ਗੁਲਾਬ ਸਿੰਘ ਮੁਕੱਦਮ ਕੋ ਕਹਾ ਜੋ ਤੂੰ ਸਿੰਘਾਂ ਸੇ ਹਾਜ਼ੁਰ ਰਹਿਤਾ ਹੈ। ਫੇਰ ਓਸ ਕੋ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕ਼ੈਦ ਕਰਨ ਕੋ ਚਾਹੇ ਤੇ ਰੁਪਈਏ ਵਾਫਰ ਮਾਂਗੇ। ਤਾਂ ਓਹੁ ਭਾਗ ਕਰ ਆਪ ਕੇ ਹਜ਼ੂਰ ਆਇਆ...ਗੁਲਾਬ ਸਿੰਘ ਕੁਲੇਤੇ ਕੇ ਮਕ਼ੱਦਮ ਨੇ ਦਸ ਹਜ਼ਾਰ ਰੁਪਈਆ ਤੇ ਘੋੜੇ ਦੋ ਨਜ਼ਰ ਕਰੇ। ਤਾਂ ਘੋੜੇ ਲੈ ਲੀਏ ਤੇ ਰੁਪਈਏ ਮਾਫ ਕਰੇ"[42] । ਮੋਹਰ ਸਿੰਘ ਦਾ ਲੁਧਿਆਣੇ 'ਤੇ ਕਬਜ਼ਾ ਕਰਕੇ ਮੋੜ ਦੇਣਾ ਏਸ ਕਾਲ ਦੀ ਹਿੰਸਾ ਦੇ ਮਾਣਸਵਿਗਿਆਨ ਦਾ ਖੁਲਾਸਾ ਹੈ। "ਮੋਹਰ ਸਿੰਘ ਲੁਦਿਹਾਣੇ ਜੋ ਗਏ ਤਾਂ ਸਿਪਾਹੀ ਤੇ ਠਾਣੇਦਾਰ ਹਾਜ਼ਰ ਨ ਹੁਏ...ਤਾਂ ਓਨਾ ਅਰਜ਼ ਕਰੀ ਜੋ ਅਸੀਂ ਨੌਕਰ ਰਾਇ ਕੇ ਹਾਂ...ਤਾਂ ਇਨ ਕੋ ਜ਼ਿਆਦਾ ਖਫਗੀ ਹੁਈ .ਲੜਾਈ ..ਤਾਂ ਜਗਾ ਮਾਰ ਲਈ ਤੇ ਸਪਾਹੀ ਭੀ ਅੰਦਰਲੇ ਮਾਰੇ...ਤੇ ਕੁਵਰ ਕੋ ਭੀ ਦੋਇ ਜ਼ਖਮ ਪਹੁੰਚੇ। ਫੇਰ ਰਾਇ ਜੀ ਏਹ ਬਾਤ ਸੁਣ ਕਰ ਜਲਦੀ ਘੋੜਾ ਲੇ ਕਰ ਹਾਜ਼ਰ ਹੂਆ ਅਰ ਅਰਜ ਕਰੀ ..ਈਹਾਂ ਕੋਈ ਦਨਾਓ ਨਹੀਂ ਸੀ। ਨਹੀਂ ਤਾਂ ਉਸੀ ਵਖਤ ਹਾਜ਼ਰ ਹੋਇ ਜਾਤਾ...ਤਾਂ ਕੁਵਰ ਜੀ ਨੇ ਸਿਰੋਪਾਓ ਬਖਸ਼ਿਆ ਤੇ ਮਕਾਨ ਭੀ ਉਨ ਕੀ ਸਪੁਰਦ ਕਰਿ"[43] । ਰਸਮ-ਸਹਿਤ ਮਿਲਣ ਦੀ ਅਣਗਹਿਲੀ ਕਾਰਨ ਲੜਾਈ ਹੋ ਜਾਂਦੀ ਹੈ ਪਰ ਹਿੰਸਾ ਦਾ ਸੰਸਕਾਰ ਪੂਰਾ ਕਰਨ 'ਤੇ ਜਿੱਤਿਆ ਸ਼ਹਿਰ ਵਾਪਸ ਕਰ ਦਿੱਤਾ ਜਾਂਦਾ ਹੈ। ਰਸਮ ਨੇ ਮੁੱਢਲੀ ਸਥਿਤੀ ਦਾ ਪੁਨਰ-ਸਥਾਪਨ ਕਰ ਦਿੱਤਾ ਹੈ। ਸਰੋਪਾ ਅਤੇ ਘੋੜੇ ਦੇ ਤਬਾਦਲੇ ਵਿਚ ਦੋਵੱਲੀ ਆਪਸਦਾਰੀ ਹੈ।

ਘੋੜੇ ਦਾ ਚਿੰਨ੍ਹ ਹੈ। ਹਮੇਸ਼ਾ ਘੋੜਾ ਹੀ ਸਵਾਮੀ ਨੂੰ ਦਿੱਤਾ ਜਾਂਦਾ ਹੈ, ਘੋੜੀ ਨਹੀਂ। ਭਾਰਤੀ ਜੰਝ ਵਿਚ ਵਿਆਹੰਦੜ ਸੌਹਰਿਆਂ ਦੇ ਘਰ ਘੋੜੀ 'ਤੇ ਚੜ੍ਹਕੇ ਜਾਂਦਾ ਹੈ, ਘੋੜੇ 'ਤੇ ਨਹੀਂ। ਘੋੜਾ ਲੈ ਕੇ ਹਾਜ਼ਰ ਹੋਣਾ ਅਧੀਨਗੀ ਕਬੂਲ ਕਰਨ ਦਾ ਕਰਮ ਹੈ, ਇਹ ਪੌਰਖਤਾ ਦੀ ਹਾਨੀ ਦਾ ਇਸ਼ਾਰਾ ਵੀ ਹੈ। ਇੰਝ ਸਰੋਪਾ ਇਸਤ੍ਰੀ-ਸਰੀਰ ਨੂੰ ਵਰਨ ਲਈ ਹੈ। ਪੰਜਾਬੀ 'ਚ ਵਰ ਦੇ ਅਰਥ ਹਨ, ਕਪੜੇ ਦੀ ਚੌੜਾਈ, ਜਾਂ ਕੰਤ। ਇਹ ਗੱਲ 'ਮਕਾਨ' ਨੂੰ ਸੰਭਾਲਣ ਨਾਲ ਵੀ ਜੁੜਦੀ ਹੈ।

ਅਗਲੀ ਘਟਨਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ 'ਸਨਮਾਨ', ਅਤੇ 'ਹਿੰਸਾ' ਦਾ ਸੋਮਾ ਸੁਆਮੀ ਹੈ। ਮਹਾਂ ਸਿੰਘ ਆਪਣੇ ਲਈ ਅੰਮ੍ਰਿਤਸਰ ਜਗਾਹ ਬਣਾਉਣੀ ਚਾਹੁੰਦਾ ਹੈ। ਪਰ ਉਹਨੂੰ ਇੰਝ ਕਰਨ ਨਹੀਂ ਦਿੰਦੇ। ਮਹਾਂ ਸਿੰਘ ਅਤੇ ਜੱਸਾ ਸਿੰਘ ਦੇ ਸਪਾਹੀਆਂ ਦਾ ਮੁਕ਼ਾਬਲਾ ਹੋ ਜਾਂਦਾ ਹੈ। ਤੇ ਘਨੈਈਆ ਤੇ ਅਮਰ ਸਿੰਘ ਬਘੇ ਨੇ ਮੋਤਬਿਰ ਭਜੇ। "ਜੋ ਜੇ ਹੁਕਮੁ ਹੋਵੇ ਤਾਂ ਅਸੀ ਭੀ ਲੜਾਈ ਮੇਂ ਆਵਤੇ ਹੈਂ...ਫੇਰ ਊਹਾਂ ਲੜਾਈ ਬਡੀ ਹੂਈ ਅਰ ਤੋਪਾਂ ਤੇ ਜ਼ਾਬੂਰੇ ਭੀ ਦੋਨਾ ਤਰਫਾਂ ਸੀ ਚਲਤੇ ਰਹੇ। ਤਾਂ ਊਹਾਂ ਮਕਾਨ ਪੋਣੇ ਨਾ ਦੀਆ...ਮਹਾਂ ਸਿੰਘ 'ਜੋ ਸਾਨੂੰ ਆਪ ਕੇ ਆਵਣ ਕੀ ਖ਼ਬਰ ਨਹੀਂ ਸੀ ਹੂਈ। ਤੇ ਆਪ ਕੇ ਆਦਮੀਆਂ ਜ਼ਿਆਦਤੀ ਕਰੀ। ਤੇ ਅਸੀਂ ਭੀ ਆਪ ਕੀ ਮੇਹਰਬਾਨੀ ਕੇ ਦਾਵੇ ਸੀ ਹੀ ਉਨ ਕੇ ਸਾਥ ਦੰਗਾ ਕਰਿਆ ਸਾ। ਸਰਦਾਨੀ ਦੇਸਾਂ "ਫਰਜ਼ੰਦਾ ਸੇ ਕੋਈ ਬਾਤ ਹੋਇ ਜਾਵੇ ਤਾਂ ਬਡੇ ਨਹੀਂ ਖ਼ਫਗੀ ਲਿਆਵਤੇ। ਤੇ ਏਹ ਉਸ ਰੋਜ਼ ਨਸ਼ਈ ਭੀ ਸੇ"... ਤੇ ਆਪ ਨੇ ਨਸੀਹਤ ਕੀਆਂ ਬਾਤਾਂ ਬਾਫਰ ਸਮਝਾਈਆਂ। ਫੇਰ ਹਾਥ ਸੇ ਪਕੜ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੇ ਪਾਸ ਬਠਾਏ ਲੀਏ...ਫੇਰ ਆਪ ਨੇ ਮੁਸਾਹਿਬ ਭੇਜੇ ਤੇ ਜਾਗਾ ਬਤਾਇ ਦੀਈ"[44] ।

ਫੌਜੀ ਅਧੀਨਗੀ ਵੀ ਵਿਸ਼ੇਸ਼ ਤਰੀਕੇ ਨਾਲ ਨਿਜੀ ਹੈ। ਖ਼੍ਵਾਸਪੁਰ ਬਾਗ਼ੀ ਹੋ ਗਿਆ, ਜਿਸਨੂੰ ਘੇਰਾ ਪਾ ਕੇ ਤਬਾਹ ਕਰ ਦਿੱਤਾ ਗਿਆ। ਪਰ ਜੱਸਾ ਸਿੰਘ ਖ਼੍ਵਾਸਪੁਰ ਦੇ ਸੁਆਮੀ ਨੂੰ ਕਹਿੰਦਾ ਹੈ। "ਅਸੀਂ ਤੈਨੂੰ ਰੱਜੀਤ ਸਮਝ ਕੇ ਖ਼੍ਵਾਸਪੁਰ ਛੱਡਿਆ ਸੀ। ਤੂੰ ਇੰਨਾ ਮਗ਼ਰੂਰ ਹੋ ਗਿਆ ਕਿ ਹਾਜ਼ਰ ਹੋਣ ਤੋਂ ਵੀ ਰਹਿ ਗਿਆ। ਉਹਨੂੰ ਸਰੋਪਾ ਦੇਕੇ ਛੱਡ ਦਿੱਤਾ ਗਿਆ[45]। ਅਧੀਨਗੀ ਵਿਚ ਲਿੰਗਤਾ ਦਾ 'ਡੂੰਘਾ ਉਸਾਰ' ਹੈ। ਇਹ ਚੀਜ਼ ਉਦੋਂ ਪ੍ਰਤੱਖ ਹੁੰਦੀ ਹੈ ਜਦੋਂ ਪਟਿਆਲੇ ਦਾ ਰਾਜਾ ਜੱਸਾ ਸਿੰਘ ਅਤੇ ਉਹਦੇ ਸਾਥੀਆਂ ਨਾਲ ਅਜਿਹਾ ਵਿਹਾਰ ਕਰਦਾ ਹੈ ਜਿਵੇਂ ਕਿਤੇ ਉਹ ਬਰਾਤੀ ਹੋਣ। ਰਾਜੇ ਦਾ ਦੀਵਾਨ ਜੱਸਾ ਸਿੰਘ ਨੂੰ ਘੋੜੇ ਦੇ ਨਜ਼ਰਾਨੇ ਸਹਿਤ ਮਿਲਦਾ ਹੈ। ਤੇ ਰਾਜਾ ਆਪ ਜੱਸਾ ਸਿੰਘ ਦੇ ਡੇਰੇ ਆਉਂਦਾ ਹੈ ਅਤੇ ਦੋ ਘੋੜੇ ਨਜ਼ਰ ਕਰਦਾ ਹੈ। "ਅਰ ਜ਼ਾਹਰ ਕਰਾ ਜੋ ਜਿਸ ਜਿਸ ਸੂਰਤ ਸਰਦਾਰੋਂ ਕੋ ਜੋ ਕੁਛ ਦਿਵਾਵਣਾ ਹੋਵੇ ਸੋ ਹੁਕਮ ਫਰਮਾਇ ਦੇਈਏ। ਤਾਂ ਆਪ ਨੇ ਮਨਸੁਖ ਰਾਇ ਮੁਨਸ਼ੀ ਕੋ ਫਰਮਾਇਆਂ ਤੇ ਲਿਖਾਇ ਦੀਆ। ਤਾਂ ਉਸੀ ਮੂਜਬ ਰਾਜਾ ਜੀ ਨੇ ਸਰਦਾਰੋਂ ਕੇ ਡੇਰੀਂ ਅਸਬਾਬ ਪੁਚਾਇਆ। ਫੇਰ ਅਗਲੇ ਰੋਜ ਰਾਜਾ ਜੀ ਆਏ ਤੇ ਓਨਾ ਕਿਹਾ ਜੋ ਘਨੱਈਏ ਹਮਾਰੇ ਰਿਸ਼ਤੇਦਾਰ ਹੈ ਉਨ ਕੋ ਕਿਆ ਦੇਈਏ। ਤਾਂ ਆਪ ਨੇ ਕਹਾ ਜੋ ਤੁਮਾਰੀ ਮਰਜ਼ੀ ਹੈ ਸੋ ਦੇਵੋ। ਤਾਂ ਰਾਜਾ ਨੇ ਕਿਹਾਂ ਜੋ ਹਮ ਆਪਣੀ ਮਰਜ਼ੀ ਆਗੇ ਕਬੀ ਨਹੀਂ ਕਰੀ। ਅਬ ਨਹੀਂ ਕਰਨੀ। ਜਿਸ ਸੂਰਤ ਆਪ ਫੁਰਮਾਵੋਗੇ ਸੋ ਕਰਾਂਗਾ। ਤਾਂ ਆਪ ਨੇ ਲਿਖਾਇ ਦੀਆ। ਤਾਂ ਓਨਾ ਉਸ ਸੂਰਤ ਰਿਸ਼ਤੇਦਾਰੋਂ ਕੋ ਦੀਆ। ਫੇਰ ਸਰਕਾਰ ਨੇ ਫਰਮਾਇਆ ਜੋ ਦੰਬਾ ਘੋੜਾ ਭੇਜੋ... ਤਾਂ ਰਾਜਾ ਜੀ ਨੇ ਬਮੈ ਜੇਵਰ ਕੇ ਘੋੜਾ ਓਹੀ ਤੇ ਪਾਂਚ ਘੋੜੇ ਔਰ ਸਰਕਾਰ ਕੋ ਭੇਜੇ। ਤਾਂ ਮਾਮਲਾ ਤੇ ਨਜਰਾਨਾ ਤੇ ਘੋੜੇ...ਅੱਵਲ ਹੀ ਪੁਚਾਇ ਦੀਏ ਸੇ"[46] ਵੇਖਣ ਵਾਲੀ ਚੀਜ਼ ਹੈ ਕਿ ਸ਼ਕਤੀਮਾਨ ਨੂੰ ਉਪਹਾਰ ਪਹਿਲਾਂ ਭੇਜੇ ਜਾਂਦੇ ਹਨ ਅਤੇ ਰਿਸ਼ਤੇਦਾਰਾਂ ਨੂੰ ਤੁਹਫ਼ੇ ਮਗਰੋਂ ਜਾਂਦੇ ਹਨ ਜਿਸ ਨਾਲ ਆਪਸੀ ਤੁਅੱਲਕ ਦਾ ਨਕਸ਼ਾ ਹੋਰ ਵੀ ਤਿੱਖਾ ਹੋ ਜਾਂਦਾ ਹੈ। ਘੋੜੇ ਦੀ ਕਈ ਵਾਰ ਚਿੰਨ੍ਹ ਸਮਾਨ ਵਰਤੋਂ ਹੁੰਦੀ ਹੈ। ਇਹਦਾ ਬਾਜਗੁਜ਼ਾਰੀ ਦੇ ਭੁਗਤਾਨ ਨਾਲ ਕੋਈ ਤੁਅੱਲਕ ਨਹੀਂ।

ਕਪੂਰਥਲੇ ਦੇ ਇਲਹਾਕ਼ ਦਾ ਮਤੀਹ ਹੋਣ ਦੇ ਮਾਡਲ ਅਨੁਸਾਰ ਵਰਣਨ ਕੀਤਾ ਹੈ। ਵੇਲੇ ਸਿਰ ਈਨ ਮੰਨ ਲੈਣੀ ਸੱਭ ਤੋਂ ਵਧੀਆ ਨੀਤੀ ਹੈ। ਸਿੰਘਾਂ ਨੂੰ ਬੜੀ ਤਕੜੀ ਲੜਾਈ ਮਗਰੋਂ ਮਹੱਲ ਦੀ ਦੀਵਾਰਾਂ ਫਾਂਦਨੀਆਂ ਪਈਆਂ। ਜਦੋਂ ਰਾਇ ਨੂੰ ਆਪਣੀ ਹਾਰ ਪ੍ਰਤੱਖ ਨਜ਼ਰ ਆਈ ਤਾਂ ਉਹ ਘੋੜਾ ਲੈ ਕੇ ਮਿਲਿਆ, ਆਪਣੇ ਆਪ ਨੂੰ ਜੱਸਾ ਸਿੰਘ ਦੀ 'ਰਿਆਇਆ' ਦਸਿਆ, ਆਪਣੀ 'ਗ਼ਲਤੀ' ਦੀ ਮੁਆਫੀ ਮੰਗੀ ਅਤੇ ਜੱਸਾ ਸਿੰਘ ਦੀ 'ਵਡਿਆਈ' 'ਖੁਲਦਿਲੀ' ਦਾ ਵਾਸਤਾ ਪਾਇਆ। ਜੱਸਾ ਸਿੰਘ ਨੇ ਕਿਹਾ ਕਿ ਤੂੰ ਕਈ ਗ਼ਲਤੀਆਂ ਕੀਤੀਆਂ ਹਨ ਪਰ ਮੈਂ ਉਹਨਾਂ ਨੂੰ ਨਜ਼ਰ-ਅੰਦਾਜ਼ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤਾ ਹੈ। ਤੇਰੀ 'ਇੱਜ਼ਤ' ਬਣੀ ਰਹੇਗੀ ਅਤੇ ਮੈਂ ਤੇਰੀ ਸੰਭਾਲ ਕਰੂੰਗਾ। ਕਿੱਲਾ ਛੱਡ ਕੇ ਸ਼ਹਿਰ ਵਾਲੇ ਮਕਾਨ ਵਿਚ ਚਲਾ ਜਾ। ਦੂਜਰੇ ਦਿਨ ਫੇਰ ਰਾਇ ਘੋੜਾ ਲੈ ਕੇ ਮਿਲਿਆ। ਜੱਸਾ ਸਿੰਘ ਕਹਿੰਦਾ ਹੈ ਕਿ "ਬਜ਼ੁਰਗੀ...ਫੈਜ਼ਯਾਬੀ...ਤੇ ਤੇਰੀ ਇੱਜ਼ਤ ਖ਼ੂਬ ਰਜ਼ਾ ਰਹੇਗੀ। ਅਰੁ ਖ਼ਬਰ ਜ਼ਿਆਦਾ ਲਈ ਜਾਵੇਗੀ"...ਤਾਂ ਸਰਕਾਰ ਨੇ ਮਿਹਰਬਾਨੀ ਫਰਮਾਈ। ਅਰ ਖਰਚ ਉਸ ਕੇ ਸੈ ਜ਼ਿਆਦਾ ਰੋਜ਼ੀਨਾ ਨਗਦ ਕਰਦੀਆਂ।[47]

ਜੱਸਾ ਸਿੰਘ ਕਸੂਰ 'ਤੇ ਗਊਰਕਸ਼ਾ ਹਿਤ ਚੜ੍ਹਾਈ ਕਰਦਾ ਹੈ। ਕਸੂਰ ਦੇ ਨਵਾਬ ਮਾਮਲਾ ਦੇਣਾ ਮੰਨਦੇ ਹਨ, ਆਪਣੇ ਆਪ ਨੂੰ 'ਰਿਆਇਆ' ਦੱਸ ਕੇ ਭੁੱਲਾਂ ਬਖ਼ਸ਼ਾਉਂਦੇ ਹਨ ਅਤੇ ਜੱਸਾ ਸਿੰਘ ਨੂੰ 'ਖਾਵੰਦ' ਕਹਿੰਦੇ ਹਨ ਜਿਸ ਦੇ ਅਰਥ ਹਨ 'ਉੱਤਮ' ਅਤੇ 'ਪਤੀ'[48]। ਰਾਜਨੀਤੀ ਦੇ ਸਮਕਾਲੀ ਗ੍ਰੰਥ 'ਰਿਆਇਆ' ਨੂੰ 'ਮ੍ਰਿੱਤ' ਕਹਿੰਦੇ ਹਨ। 'ਜੀਣਜੋਗਾ' ਹੋਣ ਲਈ ਬੰਦੇ ਨੂੰ ਸਮਾਜੀ ਤੌਰ ਤੇ 'ਰਿਆਇਆ' ਤੋਂ ਉੱਚਾ ਹੋਣਾ ਪੈਂਦਾ ਹੈ। ਜਦੋਂ ਜੀਣਜੋਗੇ ਵੀ ਸ਼ਕਤੀਮਾਨ ਨੂੰ 'ਉੱਤਮ', 'ਖਾਵੰਦ' ਕਹਿੰਦੇ ਹਨ ਤਾਂ ਉਹਦੇ ਵਿਚ ਦੇਵਤਾ ਸਰੂਪ ਵਾਲੀ ਝਲਕ ਨਜ਼ਰ ਆਉਂਦੀ ਹੈ।

ਹਿੰਸਾ ਦਾ ਵਰਤਾਰਾ ਨਿਜੀ ਚੜ੍ਹਤ ਦੀ ਪੁਸ਼ਟੀ ਲਈ ਹੈ। ਇਹ ਗੱਲ ਲਾਮ ਵਿਚ 'ਕੱਲੇ ਕੱਲੇ ਨਾਲ' ਟਕਰਣ ਅਰਥਾਤ ਡੂਅੱਲ (duel) ਤੋਂ ਸਿੱਧ ਹੋ ਜਾਂਦੀ ਹੈ। ਜੱਸਾ ਸਿੰਘ ਨੂੰ ਡੂਅੱਲ ਦਾ ਸੱਦਾ ਦਿੱਤਾ ਗਿਆ "ਆਪ ਕਾ ਇਸਮ ਲੇ ਕਰ ਬੁਲਾਇਆ" ਅਤੇ "ਤਾਂ ਆਪ ਨੇ ਬਲੰਦ ਆਵਾਜ਼ ਸੇ ਕਿਹਾ ਜੋ ਨਿਬਾਬ (ਜ਼ੈਨ ਖਾਂ) ਕਹਾਂ ਹੈ" ਜਦੋਂ ਉਹ ਨਜੀਬ-ਉਲ ਦੌਲਾ ਦੇ ਖ਼ਿਲਾਫ ਭਰਤਪੁਰ ਦੇ ਰਾਜਾ ਸੂਰਜ ਮੱਲ ਦੀ ਮਦਦ 'ਤੇ ਗਿਆ ਸੀ[49]।

ਮਾਣਸਵਿਗਿਆਨ ਦਾ ਅਸਰ ਲੜਾਈ ਦੇ ਦਾਉ ਪੇਚਾਂ ਅਤੇ ਯੁੱਧਨੀਤੀ 'ਤੇ ਹੈ। 'ਜੀਣ ਜੋਗਾ' ਮੁਹੰਮ ਦਾ ਸਰਦਾਰ ਲੜਾਈ ਵਿਚ 'ਮ੍ਰਿਤਕਾਂ' ਦੀ ਅਗਵਾਈ ਕਰਦਾ ਹੈ। ਉਹਦੀ ਮੌਤ ਨਾਲ ਭਗਦੜ ਮਚ ਜਾਂਦੀ ਹੈ। ਨਾਇਬ-ਕਮਾਂਡਰ ਜੇਹੇ ਜੱਥੇਬੰਦਕ ਵਿਚਾਰ ਦੀ ਅਣਹੋਂਦ ਹੈ। ਮ੍ਰਿੱਤਾਂ ਦਾ ਸਰਦਾਰ ਦੇ ਸ਼ਵ ਨੂੰ ਪ੍ਰਾਪਤ ਕਰਨ ਲਈ ਬੇਲੋੜਾ ਜ਼ੋਰ ਲਾਉਣਾ ਭਾਵੇਂ ਯਥਾਰਥ ਵਿਚ ਹਾਨੀਕਾਰਕ ਹੈ ਪਰ ਇਹਦਾ ਚਿੰਨ੍ਹਵਾਦੀ ਮਹੱਤਵ ਹੈ। "ਇਕ ਸਰਦਾਰ ਤਾਜ਼ੀਮੀ ਜੈਪੁਰ ਕੀ ਫੌਜ ਕਾ ਮੁਖ਼ਤਿਆਰ ਗੋਲੀ ਕੇ ਜ਼ਖ਼ਮ ਸੇ ਮਾਰਾ ਗਿਆ। ਤਾਂ ਤਮਾਮ ਰਾਜਪੂਤ ਉਸ ਕੀ ਲਾਸ਼ ਪਰ ਇਕੱਠੇ ਹੋ ਗਏ...ਸੋ ਹਮਲਾ ਉਨ ਕਾ ਉਸ ਕੇ ਮਰਨੇ ਕੇ ਸਬੱਬ ਸੇ ਬੇਦਿਲ ਹੋ ਕਰ...ਓਸ ਕੀ ਲਾਸ਼ ਕੋ...ਉਠਾ ਕਰ ਪੀਛੇ ਕੋ ਚਲ ਗਏ"[50]।

ਜੱਸਾ ਸਿੰਘ ਨੇ ਸਰਹਿੰਦ ਦੀ ਲੁੱਟ ਸਮੇਂ ਜ਼ੈਨ ਖਾਂ ਦਾ ਹਾਥੀ ਮਿਲਿਆ ਸੀ ਜਦੋਂ ਕਿ ਉਹ ਮਾਰਿਆ ਗਿਆ ਸੀ। ਇਹ ਹਾਥੀ ਜ਼ੈਨ ਖਾਂ ਨੂੰ ਮਹਿਮਦ ਸ਼ਾਹ ਅਬਦਾਲੀ ਨੇ ਦਿੱਤਾ ਸੀ। ਕੁੱਝ ਸਮੇਂ ਤੋਂ ਬਾਦ ਹਾਥੀ ਪਾਗਲ ਹੋ ਗਿਆ ਅਤੇ ਇਹਨੇ ਬੰਦੇ ਮਾਰਨੇ ਸ਼ੁਰੂ ਕਰ ਦਿੱਤੇ। ਰਾਇਕੋਟ ਦੇ ਰਾਇ ਦੇ ਬੰਦਿਆਂ ਨੇ ਇਹਨੂੰ ਫੜ ਕੇ ਮਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦਿੱਤਾ । ਰਾ[illegible] ਅਤੇ ਦੱਸ ਹਜ਼ਾਰ ਰੁਪਏ ਨਾਲ ਜੱਸਾ ਸਿੰਘ ਦਾ ਹਰਜਾਨਾ ਪੂਰਾ ਕੀਤਾ ।[51] ਇੱਥੇ ਸਾਨੂੰ ਚਕ੍ਰਵਰਤੀ ਰਾਜੇ ਦੇ ਅਸ਼ਵਮੇਧ ਯੁੱਧ ਵਾਲੇ ਫਿਰਤੂ ਘੋੜੇ ਦਾ ਪ੍ਰਤੱਖ ਝਾਉਲਾ ਪੈਂਦਾ ਹੈ । ਉੱਤਮ ਪੁਰਸ਼ ਦੀ ਹਿੰਸਾ ਦੇ ਵਿਚਾਰ ਵਿਚ ਇਹ ਗੱਲ ਵੀ ਗੁੱਝੀ ਹੈ ਕਿ ਉਹਦੇ ਆਵਾਰਾ ਪਸ਼ੂਆਂ ਨੂੰ ਵੀ ਖੁੱਲ੍ਹ ਹੈ । ਪੰਜਾਬ ਦੇ ਪਿੰਡਾਂ ਵਿਚ ਕੁਝ ਸਮਾ ਪਹਿਲਾਂ ਲੋਕ-ਰਵਾਇਤ ਸੀ ਕਿ ਸਕਤਾ ਆਪਣੇ ਪਸ਼ੂ ਮਾੜਿਆਂ ਦੀ ਨਿਆਈਂ ਵਿਚ ਛੱਡ ਦਿੰਦਾ ਹੁੰਦਾ ਸੀ ।

ਸੁਲਹ ਕਰਨ ਦੀ ਸੰਯੁਕਤ ਰਸਮ ਹੈ ਜਿਸ ਨਾਲ ਜਾਪਦਾ ਹੈ ਕਿ ਹਿੰਸਾ ਦੇ ਕਰੂਰ ਯਥਾਰਥ ਨੂੰ ਦੇਸ਼ ਨਿਕਾਲਾ ਦਿੱਤਾ ਜਾ ਰਿਹਾ ਹੈ । ਜੱਸਾ ਸਿੰਘ ਦੀ ਨਜੀਬ-ਉਲ ਦੌਲਾ ਨਾਲ ਸੁਲਹ ਦੀ ਗੱਲ ਬਾਤ ਦਾ ਵਰਣਨ ਹੈ । "ਤਾਂ ਦਿਲਰਾਮ ਫੇਰ ਨਬਾਬ ਖਾਂ ਹੋਰਾਂ ਪਾਸ ਜਾ ਕਰ ਸਭ ਬਾਤਾਂ ਜ਼ਾਹਰ ਕਰੀਆਂ । ਤਾਂ ਨਿਬਾਬ ਜੀ ਸੁਲਤਾਨ ਖਾਂ ਕੋ ਕਹਾ ਜੋ ਬਾਤ ਤੋਂ ਠਹਿਰ ਰਹੀ ਹੈ । ਅਬ ਤੁਮ ਜਾ ਕਰ ਮੁਲਾਕ਼ਾਤ ਕਰੋ । ਅਰ ਆਗੇ ਕੇ ਵਾਸਤੇ ਐਸੀ ਰਸਮ ਠਹਿਰਾਓ ਜੋ ਦੋਸਤੀ ਕ਼ਾਇਮ ਰਹੇ । ਅਰ ਇਹ ਦੋਸਤੀ ਕਾਮ ਆਉਣੇ ਵਾਲੀ ਹੈ. .ਫੇਰ ਨਿਬਾਬ ਸੁਲਤਾਨ ਖਾਂ ਹੋਰੀਂ ਆਏ । ਤਾਂ ਆਪ ਨੇ ਰਾਜਾ ਗਜਪਤ ਸਿੰਘ ਕੋ ਲੈਣ ਵਾਸਤੇ ਭੇਜਾ...ਤਾਂ ਸੁਲਤਾਨ ਖਾਂ ਹੋਰਾਂ ਕੀ ਮੁਲਾਕ਼ਾਤ ਹੂਈ । ਅਰ ਆਪ ਬਾਤਾਂ ਨਿਜੀਬ ਖਾਂ ਹੋਰਾਂ ਕੀਆਂ ਪੂਛਤੇ ਰਹੇ ਤਾਂ ਸਰਦਾਰੋਂ ਨੇ ਨਿਬਾਬ ਸੁਲਤਾਨ ਹੋਰਾਂ ਕੋ ਕਹਾ ਜੋ ਤੁਮਾਰੇ ਸੇ ਆਪ ਜ਼ਿਆਦਾ ਉਲਫ਼ਤ ਕਰਤੇ ਹੈਂ । ਫੇਰ ਆਪ ਨੇ ਗਜਪਤ ਸਿੰਘ ਕੋ ਫਰਮਾਇਆ ਜੋ ਇਨ ਕਾ ਡੇਰਾ ਕਰਾਵੇ ਤੇ ਔਰ ਬਾਤਾਂ ਕਾਲ ਕੋ ਹੋਵੇ ਗੀਆਂ । ਅਰ ਮਿਜ਼ਮਾਨੀਆਂ ਉਨ ਕੇ ਡੇਰੇ ਪਹੁੰਚੀਆਂ । ਫੇਰ ਅਗਲੇ ਰੋਜ਼ ਆਪ ਨੇ ਨਿਬਾਬ (ਨਿਜੀਬ ਖਾਂ) ਹੋਰਾਂ ਕੀ ਖ਼ੈਰ ਕੀ ਖ਼ਬਰ ਪੁਛੀ"[52] । ਸੁਲਹ ਦੀ ਗੱਲਬਾਤ ਦਾ ਉੱਤਮ ਯਥਾਰਥ ਹੈ ਜਿਸ ਵਿਚ ਮਿਲਣੀ, ਆਓਭਗਤ ਅਤੇ ਅਦਬ ਆਦਾਬ ਸ਼ਾਮਿਲ ਹੈ । ਦੋ ਵਾਰ ਵਿਰੋਧੀ ਧੜੇ ਦੀ 'ਖ਼ਬਰ' ਪੁੱਛੀ ਗਈ ਹੈ । ਜੱਸਾ ਸਿੰਘ ਸੁਲਤਾਨ ਖਾਂ ਲਈ 'ਉਲਫਤ' ਅਰਥਾਤ ਪਿਆਰ ਦਾ ਸ਼ਬਦ ਵਰਤਦਾ ਹੈ ਜਿਸਦਾ ਸਾਨੂੰ ਸ਼ਾਕ (shock) ਲੱਗਦਾ ਹੈ । ਇਸ ਤੋਂ ਮਗਰੋਂ ਜੰਗ ਜੇ ਹਕ਼ੀਕ਼ਤ ਤੋਂ ਪਰੇ ਨਹੀਂ ਤਾਂ ਦੂਰ ਦੀ ਗੱਲ ਜ਼ਰੂਰ ਹੈ ।

ਮਰਾਠਿਆਂ, ਜਾਟਾਂ, ਸਿੱਖਾਂ ਨੇ ਨਜੀਬ-ਉਲ ਦੌਲਾ ਖ਼ਿਲਾਫ ਸਾਂਝੀ ਜੰਗ ਛੇੜ ਦਿੱਤੀ । ਨਜੀਬ-ਉਲ ਦੌਲਾ ਦਾ ਭਾਈ ਅਮਾਨ ਖਾਂ ਗ੍ਰਿਫ਼ਤਾਰ ਹੋ ਗਿਆ । "ਸਹਿਜ ਸਿੰਘ ਅੜੀਲ...ਆਪ ਕੇ ਪਾਸ ਰਹਿਣੇ ਵਾਲਾ ਸੀ । ਤੇ ਉਸ ਦਾ ਘੋੜਾ ਮਾਰਿਆ ਗਿਆ ਸਾ । ਤੇ ਉਹ ਖਲਾ ਸਾ । ਤਾਂ ਉਸ ਕੋ ਨਿਬਾਬ ਨਾ ਸ਼ਮਸੇਰ ਚਲਾਈ...ਤਾਂ ਓਹੁ ਸਿੰਘ ਉਨ ਕੋ ਲਿਪਟ ਗਿਆ । ਤਾਂ ਔਤਾਂ ਨੇ ਨਿਬਾਬ ਹੋਰਾਂ ਕੇ ਗਰਿਫ਼ਤਾਰ ਕਰ ਲਿਆ । ਅਰ ਮਲਹਾਰ ਜੀ ਕਾ ਫੀਲ ਊਹਾਂ ਮਾਜੂਦ ਸਾ । ਉਸ ਉਪਰ ਅਸਵਾਰ ਕਰ ਦੀਏ । ਤਾਂ ਮਲਹਾਹ ਰਾਓ ਜੀ ਕੇ ਨੌਕਰ ਆਪਣੇ ਡੇਰੇ ਕੋ ਲੈ ਗਏ...ਮੋਤਬਿਰ... ਆਪ ਕੋ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਨਾਸਬ ਹੈ ਜੋ ਨਿਬਾਬ ਕੇ ਤਾਈਂ ਡੇਰੇ (ਨਜੀਬ ਖਾਂ ਕੇ) ਪੁਚਾਈਏ। ਅਰ ਔਰ ਭੀ ਬਾਤਾਂ ਉਨ ਕੇ ਛੁਡਾਨੇ ਕੀਆਂ ਬਿਆਨ ਕਰੀਆਂ। ਫੇਰ ਆਪ ਨੇ ਉਨ ਕੀ ਤਸੱਲਾ ਕਰੀ ਜੋ ਉਨ ਕੇ ਪੁਚਾਇ ਦੇਵਾਂਗੇ...ਮਲਹਾਰ ਰਾਉ ਜੀ ਨੇ ਕਹਾ ਜੋ ਕੱਲ ਕੀ ਲੜਾਈ ਮੈ ਅਮਾਨ ਖਾਂ ਨੇ ਵੱਡੀ ਬਹਾਦਰੀ ਕਰੀ। ਮਗ਼ਰ ਹੋਣਹਾਰ ਸੇ ਸਭ ਲਾਚਾਰ ਹੈਂ'... (ਜੱਸਾ ਸਿੰਘ) ਮੁਨਾਸਬ ਹੈ ਜੋ ਇੱਜ਼ਤ ਕੇ ਸਾਥ ਇਨ ਕੋ ਡੇਰੇ ਪੁਚਾਈਏ...ਜਬ ਨਿਬਾਬ (ਅਮਾਨ ਖਾਂ) ਆਏ ਤਾਂ ਆਪ ਨੇ ਉਨ ਕੀ ਬਹਾਦਰੀ ਕੀ ਤਾਰੀਫ ਕੀ। ਤਾਂ ਓਨਾਂ ਭੀ ਇਸ ਤਰਫ ਕੀ ਬਹਾਦਰੀਆਂ ਕੀਆਂ ਬਾਤਾਂ ਕਰੀਆਂ। ਫੇਰ ਆਪ ਨੇ ਰੁਖ਼ਸਦਾਨਾ ਦੇ ਕਰ ਰੁਖ਼ਸਦ ਕਰੇ। ਅਰ ਫੌਜ ਸਾਥ ਦਇ ਕਰ ਦਿੱਲੀ ਮੈ ਪੁਚਾਇ ਦੀਏ...ਹਰਦਾਸ ਸਿੰਘ... ਉਸ ਕੋ ਨਿਬਾਬ ਜੀ ਨੇ ਮੁਰੱਸਾ ਜ਼ੇਵਰ ਤੇ ਘੋੜਾ ਦੇ ਕਰ ਰੁਖ਼ਸਦ ਕਰਾ''[63]। ਇਹੀ ਗੱਲ ਨਜੀਬ-ਉਲ ਦੌਲਾ ਨਾਲ ਦੂਸਰੀ ਮੁਲਾਕ਼ਾਤ ਸਮੇਂ ਹੁੰਦੀ ਹੈ, ਵਧੀਆ ਮਿਲਣੀ, ਲੜਾਈ ਦੀਆਂ ਗੱਲਾਂ। ''ਬਾ-ਖ਼ੂਬੀ ਮੁਲਾਕਾਤ; ਜ਼ਿਕਰ ਮਜ਼ਕੂਰ ਕਿਤਨਿਆਂ ਮੁਕ਼ੱਦਮਿਆਂ ਕਾ, ਮੁਨਾਸਬ ਨਹੀਂ ਜੋ ਅਮੀਰਾਂ ਤਾਂਈ...ਦੂਜੀ ਬਾਤ ਕਰੇ'' ''ਆਪ ਨੇ ਫੁਰਮਾਇਆ ਨਿਬਾਬ (ਜ਼ੈਨ ਖਾਂ) ਹੋਰਾਂ ਕੋ ਮਾਰਨਾ ਨਹੀਂ ਸੀ''[64]। ਦੋ ਮੌਕੇ ਅਜਿਹੇ ਆਉਂਦੇ ਨੇ ਜਦੋਂ ਕਿਸੇ ਅਮੀਰ ਨਾਲ ਦੁਰਘਟਨਾ ਵਾਪਰਦੀ ਹੈ ਜਿਸ ਨਾਲ ਮਕ਼ੱਦਰ ਦੀ ਯਾਦ-ਦਹਾਨੀ ਹੁੰਦੀ ਹੈ ਅਤੇ ਹੈਰਾਨੀ ਪਰਗਟ ਕੀਤੀ ਜਾਂਦੀ ਹੈ। ਇਸ ਗੱਲ ਦਾ ਕੋਈ ਜ਼ਿਕਰ ਨਹੀਂ ਆਉਂਦਾ ਕਿ ਰਿਆਇਆ ਦੇ ਮਕ਼ੱਦਰ ਵਿਚ ਕੀ ਹੈ। ਸ਼ਾਇਦ ਉਹ ਰੱਬ ਲਈ ਵੀ ਅਣਹੋਏ ਹਨ।

ਆਪਣੇ ਤੋਂ ਵੱਡੇ ਦੇ ਨੌਕਰ ਚਾਕਰਾਂ ਨੂੰ ਦਾਤਾਂ ਦੇਣੀਆਂ ਉਹਦੇ ਨਾਇਬ ਸਮਾਨ ਹੋਣਾ ਹੈ (ਅੱਜ ਕਲ ਇਹ ਕੰਮ ਮੀਜ਼ਬਾਨ ਦੇ ਨਿਰਭਰਾਂ ਨਾਲ ਕੀਤਾ ਜਾਂਦਾ ਹੈ)। ਜਾਟ, ਮਰਹਟੇ, ਸਿੱਖਾਂ ਦੀ ਨਜੀਬ-ਉਲ ਦੌਲਾ ਦੇ ਖ਼ਿਲਾਫ ਮੁਹਿੰਮ ਸਮੇਂ ਜਵਾਹਰ ਮੱਲ ਜੱਸਾ ਸਿੰਘ ਦੇ ਡੇਰੇ ਆਉਂਦਾ ਹੈ। ਫੇਰ ਰਾਜਾ ਜੀ (ਜਵਾਹਰ ਮੱਲ) ਨੇ ਕਿਹਾ ਜੋ ਰਾਜਾ ਜੀ (ਸੂਰਜ ਮੱਲ) ਕੇ ਮਕਾਨ ਮੇਰੇ ਕੋ ਤੁਸੀਂ ਹੋ...ਅਰ ਰਾਜਾ ਜੀ ਡੇਰੇ ਜਾ ਕਰ ਰਬਾਬੀਆਂ ਤੇ ਨਿਹੰਗਾਂ ਤੇ ਲਾਵਾਹਾਕਾਂ ਕੋ ਵਾਫਰ ਰੁਪਏ ਦੀਏ[65]। 'ਮਕਾਨ' ਦੀ ਨਿਸਬਤ ਨਾਲ ਜੱਸਾ ਸਿੰਘ ਅਤੇ ਜਵਾਹਰ ਮੱਲ ਦੀ ਖ਼ੂਨ ਦੀ ਰਿਸ਼ਤਾਦਾਰੀ ਬਣਦੀ ਮਲੂਮ ਹੁੰਦੀ ਹੈ।

ਤਾਬੇਦਾਰੀ ਦਾ ਅਖੀਰਲਾ ਪੜਾਉ ਆਪਣੇ ਮਕਾਨ (ਕਿਲੇ) ਦੀਆਂ ਚਾਬੀਆਂ ਹਵਾਲੇ ਕਰਨੀਆਂ ਹਨ ਅਤੇ ਆਪ ਚਿੰਨ੍ਹ-ਮਾਤ੍ਰ ਬਾਹਰ ਕੱਢੇ ਜਾਣ 'ਤੇ 'ਮ੍ਰਿਤ' ਰਿਆਇਆ 'ਚ ਰਲ ਜਾਣਾ ਹੈ। ਰਾਏਕੋਟ ਦਾ ਰਾਇ ਜੱਸਾ ਸਿੰਘ ਅੱਗੇ ਆਪਣੀਆਂ ਚਾਬੀਆਂ ਧਰ ਦਿੰਦਾ ਹੈ[56]। ਇਕ ਵਾਰ ਹਥਿਆਰਬੰਦ ਟੱਕਰ ਦੇ ਬਾਵਜੂਦ ਇਹੀ ਅੰਦਾਜ਼ ਬਣਾਇਆ ਜਾਂਦਾ ਹੈ। ''ਪੰਜ ਘੋੜੇ, ਫੀਲ, ਮੋਹਰਾਂ...ਫੇਰ ਆਪ ਸ਼ਹਿਰ ਮੈ ਦਾਖ਼ਲ ਹੂਏ। ਅਰ ਦੀਵਾਨ ਖਾਨੇ ਉਤਰੇ...ਤਾਂ ਰਾਇ ਨੇ ਮਿਜ਼ਮਾਨੀਆਂ ਨਕ਼ਦੀ ਅਰ ਮੇਵੇਜਾਤ ਤੇ ਸ਼ੀਰਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਜ਼ਰ ਕਰੀ...ਫੇਰ ਅਗਲੇ ਰੋਜ਼ ਕੁੰਜੀਆਂ ਮਕਾਨ ਕੀਆਂ ਆਗੇ ਰਾਖੀਆਂ। ਤੀਸ ਹਜ਼ਾਰ ਨਜ਼ਰਾਨਾ ..ਫੇਰ ਰਾਇ ਕੋ ਸਿਰੇਪਾਓ ਬਖਸ਼ ਕੇ ਆਪ ਡੇਰੇ ਮੈ ਤਸ਼ਰੀਫ ਲਿਆਏ[57]। ਹਿੰਸਾ ਦਾ ਮਾਣਸਵਿਗਿਆਨ ਹਥਿਆਰਬੰਦ ਟੱਕਰ ਤੋਂ ਸ਼ੁਰੂ ਹੁੰਦਾ ਸਰੋਪੇ 'ਤੇ ਖਤਮ ਹੋ ਜਾਂਦਾ ਹੈ। 'ਬੰਦਿਆਂ', 'ਵਡੇ ਆਦਮੀਆਂ', 'ਮੁਅੱਜ਼ਜ਼ਾਂ' ਅਮੀਰਾਂ ਨਬਾਬ' ਲਈ 'ਇਜ਼ੱਤਾ' 'ਦਰਿਆਦਿਲੀ' ਅਤੇ 'ਮੁਆਫੀ' ਦੇ ਉਚੇਚੇ ਜਗਤ ਵਿਚ ਸਾਧਾਰਨ ਆਦਮੀਆਂ ਦੇ ਮਾਰੇ ਜਾਣਾ ਬੇਮਹਿਨੀ ਹੈ।

ਮਨੁੱਖ ਅਤੇ ਸਮਾਜ ਪ੍ਰਤੀ ਦੁਵੱਲੀ ਦ੍ਰਿਸ਼ਟੀ ਦਾ ਫੌਜ ਦੀ ਚੜ੍ਹਦੀ ਢਹਿੰਦੀ ਕਲਾ ਉੱਤੇ ਅਸਰ ਹੈ। ਬਾਗੀ ਰਿਆਇਆ ਨਾਲ ਅਜਿਹੀ ਗੰਭੀਰ ਜੰਗ ਦੀ ਲੋੜ ਨਹੀਂ ਜਿਹੜੀ ਕੇਵਲ ਸ਼ਾਹੀ ਹਮਲਾਵਰ ਲਈ ਰਾਖਵੀਂ ਹੈ। ਕੰਵਰ ਮੋਹਰ ਸਿੰਘ ਥੋੜੀ ਫੌਜ ਨਾਲ ਬਾਗੀਆਂ ਤੇ ਚੜ੍ਹਾਈ ਕਰ ਦਿੰਦਾ ਹੈ ਪਰ ਉਹਦੀ ਮੌਤ ਹੋ ਜਾਂਦੀ ਹੈ "ਅੱਗੇ ਭੀ ਕਈ ਬਾਰ ਇਸੀ ਸੂਰਤ ਇਤਨੀ ਇਤਨੀ ਫੌਜ ਸੇ ਫਤੇ ਪਾਈ ਸੀ। ਅਰ ਇਹ ਤੋ ਨੌਕਰ ਹੀ ਆਪਣੇ ਸੇ"[58]। ਜੱਸਾ ਸਿੰਘ ਦੀ ਨਸੀਹਤ ਹੈ ਕਿ ਰਿਆਇਆ ਨਾਲ ਢਿੱਲੀ ਮੱਠੀ ਲੜਾਈ ਕਰਨੀ ਚਾਹੀਦੀ ਹੈ ਪਰ ਵਿਦੇਸ਼ੀ ਹਮਲਾਵਰਾਂ ਅਤੇ ਹਿੰਦੋਸਤਾਨੀ ਨਬਾਬਾਂ ਨਾਲ ਲੜਣਾ ਵੱਖਰੀ ਗੱਲ ਹੈ "ਜੇ ਕਰ ਵਲਾਇਤੀਆਂ ਸੇ ਯਾ ਜੈਸੇ ਕੁ ਹਿੰਦੁਸਤਾਨ ਮੈ ਹਮਾਰੇ ਸਾਥ ਲੜਾਈਆਂ ਹੋਈਆਂ ਹੈਂ। ਇਸ ਤਰਾਂ ਹੀ ਲੜਾਈ ਹੋਵੇ ਤਾਂ ਜੇਤੀ ਬਹਾਦਰੀ ਕਰੀਏ ਸੋ ਬੇਹਤਰ ਹੈ। ਔਰ ਐਸੀ ਜਾਗਾ ਜੋਖੋਂ ਖਾਣੀ ਖੂਬ ਨਹੀ"[59]। ਕੋਟ ਈਸਾ ਖਾਂ ਵਿਚ ਦੋ ਭਰਾਵਾਂ ਦੀ ਲੜਾਈ ਹੁੰਦੀ ਹੈ ਅਤੇ ਗੜਬੜ ਨੂੰ ਦਬਾਉਂਦਿਆਂ ਕੰਵਰ ਦੇ ਗੋਲੀ ਵੱਜ ਜਾਂਦੀ ਹੈ ਤਾਂ ਜੱਸਾ ਸਿੰਘ ਅਨੁਸਾਰ "ਥੋੜੇ ਮੁਕੱਦਮੇ ਉਪਰ ਅਰ ਆਪਣੇ ਤਾਬਿਆਦਾਰਾਂ ਉਪਰ ਖ਼ਫਗੀ ਕਰਕੇ ਏਤੀ ਜਲਦੀ ਕਮ ਫੌਜ ਸੇ ਲੜਾਈ ਕਰੀ ਨਾ ਚਾਹੀਏ"[60]। ਕੁਬੰਦਿਆਂ ਦੀ ਅਜਿਹੀ ਦ੍ਰਿਸ਼ਟੀ ਅਨੁਸਾਰ ਉਹਨਾਂ ਤੋਂ ਜਬਰੀ ਬੇਗਾਰ ਲੈਣੀ ਕੋਈ ਗੱਲ ਨਹੀਂ ਹੈ ਅਤੇ ਨਾ ਹੀ ਉਹਨਾਂ ਨੂੰ ਕੁੱਝ ਦੇਣਾ ਬਣਦਾ ਹੈ ਜਿਵੇਂ "ਪੰਜਾਹ ਵਿਗਾਰੀ ਅਰ ਪੰਝੀ ਰਾਜ ਤੇ ਪੰਜਾਹ ਗੱਡੇ ਨਿਬਾਬ ਕਿਆਂ ਥੀ ਲਹੋ"[61]। ਲੇਖਕ ਅਚੇਤ ਹੀ ਲਿਖ ਦਿੰਦਾ ਹੈ ਕਿ "ਘੋੜੇ ਜਵਾਨ...ਕਾਮ ਆਏ"[62], "ਅਰ ਘੋੜਿਆਂ ਜਵਾਨਾਂ ਕੋ ਬਾਂਦੂਖਾਂ ਲਾਗੀਆਂ"। ਕ਼ਹਿਤ ਦੇ ਵਰਣਨ ਵਿਚ ਭੁੱਖਿਆਂ ਨੂੰ 'ਆਜਿਜ਼ ਮੰਗਤੇ ਅਤੇ ਆਮ ਆਦਮੀ' ਕਿਹਾ ਗਿਆ ਹੈ[63]।

ਜੱਸਾ ਸਿੰਘ ਕੰਵਰ ਭਾਗ ਸਿੰਘ ਨੂੰ 'ਸੈਰ ਸ਼ਿਕਾਰ' ਦੇ ਫ਼ਾਇਦੇ ਸਮਝਾਉਂਦਾ ਹੈ "ਆਪਣੇ ਮੁਲਖ ਮੈ ਸੈਰ ਭੀ ਕਰਿਆ ਕਰੋ। ਤੇ ਮੁਲਕ ਮੈ ਸੈਰ ਕਰਨੇ ਕੇ ਏਤੇ ਫ਼ਾਇਦੇ ਹੋਤੇ ਹੈਂ। ਏਕ ਤਾ ਮੁਲਖ ਕੀ ਆਬਾਦੀ। ਤੇ ਦੁਜ਼ਦੀ ਤੇ ਰਹਿਜ਼ਨੀ ਨਹੀਂ ਰਹਿਤੀ। ਅਰ ਜਿਨ ਕੇ ਸਵਾਲ ਨਹੀਂ ਪਹੁੰਚਤੇ। ਸੋ ਸਵਾਲ ਕਰ ਲੇਤੇ ਹੈਂ। ਤੇ ਦਵਾਇ ਦੇਤੇ ਹੈਂ। ਤਾਂ ਪਰਵਰਦਗਾਰ ਕੀ ਮਿਹਰਬਾਨੀ ਜ਼ਿਆਦਾ ਹੋਤੀ ਹੈ"[64]।

ਇਤਿਹਾਸ ਦਾ ਸੰਕਲਪ ਪ੍ਰਸਿੱਧੀ-ਚਿੰਤਨ ਵਾਲਾ ਅਤੇ ਬ੍ਰਹਮੰਡੀ ਹੈ। ਸਰਪਰਸਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਅਤੇ ਇਤਿਹਾਸਕਾਰ ਦੀ ਸੰਬੰਧ ਮਾਲਕ ਪ੍ਰਤੀ ਚਾਕਰ ਦੀ ਅਧੀਨਗੀ ਦੀ ਦੋਹਰ ਪਾਉਂਦਾ ਹੈ। ਇਜ ਕਰਕੇ ਸਰਪਰਸਤ ਨੂੰ ਖਰੜੇ ਦੇ ਪਾਠ ਨੂੰ ਸੋਧਨ ਦਾ ਹੱਕ ਹੈ। ਅਮੀਰ, ਰਾਜੇ, ਬਾਦਸ਼ਾਹ ਰੱਬ ਦੀ ਵਿਸ਼ੇਸ਼ ਸਿਰਜਾਣਾ ਹਨ ਜਿਹਨਾਂ ਦੀ ਰਿਆਇਆ ਦੇ ਮੁਕ਼ਾਬਲੇ ਵਿਚ ਕੇਵਲ ਮਹਿਮਾ ਹੀ ਹੋ ਸਕਦੀ ਹੈ। ਰਾਮਸੁਖ ਰਾਓ ਨੇ "ਅਗਰ ਹੁਕਮ ਹੋਇ ਤਾਂ... ਬਾਜ਼ ਬਾਜ਼ ਅਹਿਵਾਲ...ਤਵਾਰੀਖ਼ ਕੇ ਕ਼ਲਮਬੰਦ ਕਰੂੰ। ਅਰ ਨਤੀਜਾ ਇਸ ਕ਼ਿਸਮਤ ਕਾ ਪਾਊਂ। ਅਰ ਹਮੇਸ਼ਾ ਸੈ ਯੇਹੀ ਹੀ ਮਾਮੂਲ ਚਲਾ ਆਇਆ ਹੈ। ਕਿ ਜਿਨ ਕੋ ਰੱਬ ਨੇ ਅਮੀਰ ਯਾ ਰਾਜਾ ਯਾ ਬਾਦਸ਼ਾਹ ਕੀਆ ਹੈ। ਸੋ ਉਨ ਕੀ ਯਾਦਗਾਰੀ ਕੇ ਵਾਸਤੇ। ਅਹਿਵਾਲ ਉਨ ਕੀ ਹਿੰਮਤ ਕਾ ਅਰ ਸਖ਼ਵਾਤ ਕਾ ਅਰ ਦਿਲਾਵਰੀ ਕਾ। ਜੌਨ ਸੇ ਖ਼ੈਰਖਾਹ ਦੌਲਤ ਕੇ ਹੂਏ ਹੈਂ"[65] ਦੇ ਮੰਤਵ ਅਨੁਸਾਰ ਯੋਗ ਇਤਿਹਾਸਿਕ ਵਿਧੀ ਅਪਣਾਈ ਹੈ "ਜਿਸ ਜਾਗਾ ਕਾ ਅਰ ਜਿਸ ਸ਼ਹਿਰ ਕਾ ਓਹ ਮੁਕ਼ੱਦਮਾ ਸਾ ਊਹਾਂ ਆਦਮੀਆਂ ਕੋ ਭੇਜ ਕਰ। ਅਰ ਊਹਾਂ ਕੇ ਮੁਅੱਜ਼ਜ਼ੋਂ ਕੇ ਪਾਸ ਜੋ ਅਹਿਵਾਲ ਲਿਖਾ ਹੂਆ ਸਾ। ਉਨਾ ਸੈ ਸਨਦ ਪਹੁਚਾਇ ਕੈ ਸ਼ੁਬੇ ਕੋ ਦੂਰ ਕੀਆ... ਅਰ ਜੋ ਕੁਛ ਕਿ ਇਸ ਮੈ ਫਰਕ਼ ਅਰ ਤਫ਼ਾਵਤ ਰਹਾ ਹੋਇ। ਕ਼ਲਮ ਇਸਲਾਹ ਇਨਾਇਤ ਕੀ ਸੈ, ਇਸਲਾਹ ਫਰਮਾਵੈਂ"[66] ਤਾਰੀਖ ਨਵੀਸੀ ਦੀ ਇਸਲਾਹ ਦੀ ਗੱਲ ਓਸ ਮਰਯਾਦਾ ਨਾਲ ਰਲ ਜਾਂਦੀ ਹੈ ਜਦੋਂ ਸੁਲਹ ਦੀ ਗੱਲ ਬਾਤ ਸਮੇਂ ਵਿਰੋਧੀਆਂ ਅਤੇ ਨਿਕਟ-ਭੂਤ ਦੇ ਦੁਸ਼ਮਣਾਂ ਦੀ ਤਾਕ਼ਤ ਅਤੇ ਦਲੇਰੀ ਦੀ ਪ੍ਰਸੰਸਾ ਕੀਤੀ ਜਾਂਦੀ ਹੈ। ਇਹ ਵੀ ਲਿਖਿਆ ਹੈ ਕਿ "ਅਰ ਗੀਤਾ ਮੈ ਭਗਵਾਨ ਕੋ ਬਚਨ ਹੈ ਰਾਜਾ ਮੇਰੋ ਰੂਪ ਹੈ...ਕਦੀ ਬਿਪਰੀਤਤਾ ਹੋ ਜਾਵੇ ਸੋ ਸ੍ਰੀ ਭਗਵਾਨ ਜੀ ਆਪ ਅਵਤਾਰ ਧਾਰ ਕੇ ਇਸੀ ਤਰਾਂ ਕ਼ਾਇਮ ਕਰਤੇ ਹੈਂ। ਸੋ ਜਿਸ ਆਈਨ ਕੋ ਰਾਖਨ ਵਾਸਤੇ ਭਗਵਾਨ ਪ੍ਰਗਟ ਹੋਤੇ ਹੈ। ਸੋ ਤਾਂ ਕੋ ਰਾਜਾ ਕੈਸੇ ਨਾ ਕਰ ਸਕੇ? ਇਸ ਤੇ ਆਈਨ ਕੇ ਜਾਨਨੇ ਅਰ ਜਤਾਵਨੇ ਵਾਸਤੇ ਰਾਜਿਆਂ ਕੋ ਤਵਾਰੀਖਾਂ ਸੁਨਨੀਆਂ ਤੇ ਬਨਾਵਨੀਆਂ ਜੋਗ ਹੈ। ਤਿਨ ਕੇ ਬਨਾਉਨ ਤੇ ਜ਼ਮੀਨ ਕੇ ਪੜਦੇ ਪਰ ਨੇਕਨਾਮੀ ਰੌਸ਼ਨ ਹੋਤੀ ਹੈ। ਇਸ ਤੇ ਆਦਿ ਹੋਰਿ ਅਨੇਕ ਤਰਾਂ ਕੇ ਫਾਇਦੇ"[67]।

ਸਮਾਜਤੰਤ੍ਰ ਦਾ ਸਮਕਾਲੀ ਵਿਚਾਰ ਲੌਕਿਕ ਅਤੇ ਪ੍ਰਾਲੌਕਿਕ ਹੈ "ਪ੍ਰਥਮ ਮਰਜਾਦਾ ਬ੍ਰਹਮਾ ਨੇ ਕ਼ਾਇਮ ਕਰੀ ਹੈ। ਫੇਰ ਬਡੇ ਬਡੇ ਰਾਜਯਾਂ ਨੇ...ਅਪਨੀ ਅਪਨੀ ਨੇਕ ਆਈਨ ਰਵਾਂ ਕਰੀ ਹੈ...ਕਿਯੋਂ ਨੀਤ ਬਿਨਾ ਫਸਾਦੁ ਅਰ ਸ਼ੋਰ ਕੇ ਗ਼ਾਲਬ ਹੋਨੇ ਤੇ ਦੁਨੀਆ ਕੇ ਬਾਜ਼ਾਰ ਕੀ ਰੌਣਕ ਦੂਰ ਹੋ ਜਾਤੀ ਹੈ। ਆਈਨ...ਤਿਸ ਤੇ ਜਹਾਨ ਮੈ ਨੇਕਨਾਮੀ ਅਰ ਅਗਲੇ ਲੋਕ ਮੈ ਸੁਰਖਰੂਈ ਹੋਤੀ ਹੈ।... ਨੀਤ ਤੇ ਧਰਮ ਅਰਥ ਕਾਮ ਮੋਖ ਚਾਰ ਪਦਾਰਥ ਹਾਸਲ ਹੋਤੇ ਹੈ...ਅਰ ਤਿਸੇ ਕੇ ਅਨੁਸਾਰ ਆਈਨ ਕੋ ਕਾਇਮ ਕਰ ਕੇ ਰਾਜ ਕਰਤੇ ਹੈਂ"[68]।

ਲਿਖਾਰੀ ਦਾ ਸਿੱਖ ਇਤਿਹਾਸ ਬਾਰੇ ਮੱਤ ਹੈ। "ਅਕਬਰ ਬਾਦਸਾਹਿ ਜੀ ਤੇ ਕਿਤਨੀਆਂ ਕੁ ਪੁਸ਼ਤਾਂ ਉਰੇ ਭੀ ਮਜ਼ਬ ਕੀ ਜ਼ਿਦ ਨਹੀਂ ਸੇ ਕਰਤੇ...ਫੇਰ ਉਹੇ ਜੋ ਹੂਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਾਂ ਉਹ ਭੀ ਮਜ਼ਬ ਕੀਆਂ ਜ਼ਿਦਾਂ ਲਾਗੇ ਕਰਨੇ। ਅਰ ਹਿੰਦੂਆਂ ਕੋ ਜ਼ੋਰ ਸੈ ਮੁਸਲਮਾਨ ਕਰ ਲੈਵੇਂ। ਤਾਂ ਪਰਵਰਦਗਾਰ ਕੋ ਜ਼ੁਲਮ ਨਾਪਸੰਦ ਹੈ। ਫੇਰ ਸਿੰਘ ਪੈਦਾ ਕਰੇ। ਅਰ ਜਬ ਸਿੰਘੋਂ ਨੇ ਜ਼ੋਰ ਪਕੜਾ। ਤਾਂ ਵਲਾਇਤੀ ਭੀ ਆਵਣੇ ਸੇ ਰਹਿ ਗਏ। ਤੇ ਦਿੱਲੀ ਵਾਲੇ ਬਾਦਸਾਹਿ ਜੀ ਕੀ ਭੀ ਹਕੂਮਤ ਬੰਦ ਹੋਇ ਗਈ। ਤਾਂ ਹਿੰਦੂਆਂ ਅਰ ਆਜਜ਼ਾਂ ਕੋ ਖੁਸ਼ੀ ਹੋਈ। ਤੇ ਇਰਾਮ ਪਾਇਆ"[69]।

ਦਿਲਚਸਪ ਗੱਲ ਹੈ ਕਿ ਦਰਬਾਰ ਸਾਹਿਬ ਨੂੰ ਵੱਡੇ ਸ਼ਕਤੀਮਾਨ ਵਾਂਗੂੰ ਸਮਝਿਆ ਗਿਆ ਹੈ। ਜੱਸਾ ਸਿੰਘ ਦੇ ਭਾਈ ਲਾਲ ਸਿੰਘ ਦੀ ਮੌਤ ਹੋ ਜਾਂਦੀ ਹੈ। ਉਹਦੀਆਂ ਅਸਥੀਆਂ ਪਾਲਕੀ ਵਿਚ ਰਖ ਕੇ ਗੰਗਾਂ ਨੂੰ ਘੱਲ ਦਿੱਤੀਆਂ ਜਾਂਦੀਆਂ ਹਨ। ਨਾਲ ਬ੍ਰਾਮਨ ਜਾਂਦੇ ਹਨ। "ਫੇਰਿ ਅੰਮ੍ਰਿਤਸਰ ਜੀ ਘੋੜੇ ਬਮੈ ਲਵਾਸ ਕੇ ਅਰ ਪੁਸ਼ਾਕਾਂ ਤੇ ਹਥਿਆਰ ਤੇ ਔਰ ਅਸ਼ੀਆਇ ਵਾਫੂਰ ਚੜ੍ਹਾਈ। ਤੇ ਸਿਰੋਪਾਓ ਦਰਬਾਰੋਂ ਤੇ ਅਕਾਲ ਬੁੰਗਿਓਂ ਮੁਹਰ ਸਿੰਘ ਜੀ ਹੋਰਾਂ ਕੋ ਹੂਆ"[70]। ਦਰਬਾਰ ਸਾਹਿਬ ਨੂੰ ਅਮੀਰ ਜਾਂ ਰਾਜੇ ਵਾਂਗੂੰ ਕਲਪਿਆ ਗਿਆ ਹੈ। ਇੱਥੇ ਸਰੋਪੇ ਵਿਚ ਰਸਮ ਪਗੜੀ ਦੀ ਧੁਨੀ ਵੀ ਮਿਲਦੀ ਹੈ ਜਿਹੜੇ ਨਾਨਕਿਆਂ ਵਾਲੇ ਜਵਾਈ ਦੀ ਮਰਗ 'ਤੇ ਦੋਹਤੇ ਨ ਬੰਨ੍ਹਾਉਂਦੇ ਹਨ। ਉਹ ਚਿੰਨ੍ਹ ਅਨੁਸਾਰ ਘਰ ਦਾ ਸੰਭਾਲੂ ਹੋ ਜਾਂਦਾ ਹੈ। ਅੱਜ ਵੀ ਸਾਨੂੰ ਦਰਬਾਰ ਸਾਹਿਬ ਤੋਂ ਮਾਨ ਵੱਜੋ ਸਰੋਪਾ ਮਿਲਦਾ ਹੈ ਕਿਉਂਕਿ ਅਸੀਂ ਉੱਚੇ ਮਾਲਕ ਦੀ ਅਧੀਨਗੀ ਕਬੂਲ ਕੀਤੀ ਹੈ ਪਰ ਸਾਨੂੰ ਇਸਦੇ ਦੁਨਿਆਵੀ ਪੱਖ ਦਾ ਬਹੁਤਾ ਪਤਾ ਨਹੀਂ ਹੁੰਦਾ, ਭਾਵੇਂ ਇਹਦੀ ਬ੍ਰਹਮਵਿਦਿਆ ਤੋਂ ਬਹੁਤ ਜਾਣੂੰ ਹੁੰਦੇ ਹਾਂ। ਦੂਜੇ ਬੰਨੇ ਦਰਬਾਰ ਸਾਹਿਬ ਜੱਸਾ ਸਿੰਘ ਦੀ ਮਲਕੀਅਤ ਕਿਹਾ ਗਿਆ ਹੈ। "ਅਰ ਏਹ ਮਕਾਨ ਅੰਬ੍ਰਤਸਰ ਜੀ ਕਾ ਗਿਰਵੀ ਪੜਾ ਹੂਆ ਸਾ। ਸਾਹਿਬ ਰਾਇ ਨੁਸ਼ਹਿਰੀਏ ਪਾਸ। ਜੋ ਆਪ ਨੇ ਵਾਫੂਰ ਰੁਪਈਏ ਦੇ ਕਰ ਲੀਆ। ਇਸੀ ਸੇ ਮਾਲਕੀ ਏਸ ਮਕਾਨ ਕੀ ਆਪਣੀ ਰਖਤੇ ਥੇ"[71]। ਮਕਾਨ ਲਫਜ਼ ਤੋਂ ਸਿੱਧ ਹੁੰਦਾ ਹੈ ਕਿ ਦਰਬਾਰ ਸਾਹਿਬ ਵਾਹਿਗੁਰੂ ਦਾ ਕਿਲਾ ਹੈ।

ਜੇ ਦਰਬਾਰ ਸਾਹਿਬ ਸਿੱਖ ਸਰਦਾਰ ਦੀ ਮਲਕੀਅਤ ਹੈ ਤਾਂ ਸ਼ੇਖ ਫਰੀਦ ਦੇ ਜਾਨਸ਼ੀਨ ਨਾਲ ਵੀ ਮੁਅੱਜ਼ਜ਼ ਜ਼ਮੀਦਾਰਾਂ ਜਿਹਾ ਸਲੂਕ ਹੁੰਦਾ ਹੈ "ਤਾਂ ਬਾਵੇ ਫਰੀਦ ਕੇ ਮਕਾਨ ਆਪ ਮੁਜਾਵਰਾਂ ਤੇ ਆਜਜ਼ਾਂ ਕੋ ਰੁਪਈਏ ਦੀਏ...ਫੇਰ ਬਾਵੇ ਫਰੀਦ ਕੀ ਔਲਾਦ ਮੈ ਜੋ ਊਹਾਂ ਸੇ ਘੋੜਾ ਲੇ ਕਰ ਮਿਲੇ। ਤੇ ਅਰਜ਼ ਕਰੀ ਜੇ ਨੌਕਰ ਭੀ ਹੋਤੇ ਹਾਂ। ਤੇ ਰਈਅਤ ਭੀ ਹੂਏ। ਅਬ ਏਕ ਮਕਾਨ ਸਾਨੂੰ ਹੋਵੇ। ਤਾਂ ਉਨ ਕੇ ਸਪੁਰਦ ਕਰਾ। ਤੇ ਔਰ ਗਾਂਵ ਭੀ ਸਾਥ ਲਗਾਇ ਦੀਏ"[72]।

ਇਸ ਗੱਲ ਦਾ ਜ਼ਿਕਰ ਪਹਿਲਾਂ ਵੀ ਆਇਆ ਹੈ ਕਿ ਸ਼ਕਤੀ ਵਿਚ ਈਸ਼ਤਰਾ ਦਾ ਧੁਨੀ ਮਿਲਦੀ ਹੈ। ਦੀਵਾਨ ਕੌੜਾ ਮੱਲ ਜੱਸਾ ਸਿੰਘ ਨੂੰ ਕਹਿੰਦਾ ਹੈ "ਮੈਨੂੰ ਗੁਰਾਂ ਕੀ ਬਜਾਇ ਹੋ"[73]। ਜੱਸਾ ਸਿੰਘ ਅਕਾਲ ਬੁੰਗੇ ਸਾਹਮਣੇ ਧੀਰਮੱਲੀਆਂ ਨੂੰ ਪੰਥ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਲਾਉਣ ਦੀ ਗੱਲ ਛੇੜਦਾ ਹੈ ਤਾਂ ਵਾਰਤਾਲਾਪ ਹੁੰਦੀ ਹੈ "ਸੋਢੀ ਧੀਰਮੱਲੀਏ ਹੈਂ ਉਨ ਸੈ ਕਿਆ ਸਾਂਝ ਹੈ । ਤਾਂ ਫਰਮਾਇਆ ਜੋ ਹੈਂ ਤੋ ਧੀਰਮੱਲੀਏ ਪਰੁ ਹਾਜੁਰ ਰਿਹਤੇ ਹੈ"[74] । ਲੱਗਦਾ ਹੈ ਕਿ ਗੱਲ ਅੱਗੇ ਨਾ ਤੁਰੀ । ਪਰ ਸਿੱਖ ਸਰਦਾਰ ਨੂੰ ਕਿਸੇ ਹੋਰ ਸਮੇਂ ਮਨ ਮਨੌਤੀ ਕਰਾਉਣ ਵਿਚ ਕਾਮਯਾਬੀ ਹੋ ਗਈ । "ਸੋਢੀ ਗੁਲਾਬ ਸਿੰਘ ਧੀਰਮੱਲ ਕਿਆਂ ਮੈ... ਲਿਖ ਲਿਖ ਭੇਜਤਾ ਸਾ ਜੋ ਹਮਾਰੇ ਸਾਥ ਸਿੰਘ ਵਰਤਤੇ ਨਹੀਂ ਅਰ ਸਰਕਾਰ ਪੰਥ ਕੇ ਮਾਲਕ ਹੈਂ । ਸੋ ਏਨਾ ਕੋ ਕਿਸੀ ਤਰਾਂ ਕਰਤਾਰਪੁਰ ਲਿਆਵੋ... ਸਿੰਘ ਸਾਡੇ ਸਾਥ ਵਰਤਤੇ ਨਹੀਂ । ਖਾਣਾ ਤਾਂ ਇਕ ਤਰਫ ਰਿਹਾ ਪਾਣੀ ਕੋ ਭੀ ਹਮਾਰੇ ਆਦਮੀ ਕਾ ਹਾਥ ਲਗ ਜਾਏ ਤਾਂ ਨਹੀਂ ਪੀਵਤੇ । ਅਰ ਜੋ ਅਬ ਤੁਸਾਂ ਭੀ ਨਾ ਮੇਹਰਬਾਨੀ ਕਰੀ । ਤਾਂ ਪੁਸ਼ਤਾਂ ਤੀਕਰ ਫੇਰ ਸਾਨੂੰ ਕਿਸੇ ਨਹੀਂ ਮੇਲਣਾ । ਅਰ ਅਸੀਂ ਸਭ ਪੰਥ ਸੀ ਬਾਹਰ ਰਹਾਂਗੇ । ਜੇ ਕਰ ਮੇਹਰਬਾਨੀ ਕਰੋ ਤਾਂ ਖਾਣਾ ਖਾਓ ਤਾਂ ਸਭ ਸਿੰਘ ਖਾਵੈਂਗੇ ।

ਦਰਬਾਰਾ ਸਿੰਘ ਅਕਾਲੀ :– "ਪਰ ਇਹ ਬਾਤ ਸਮਝ ਲਈਏ ਜੋ ਜਬ ਪਾਹੁਲ ਦੇਣੇ ਲਗਤੇ ਹੈ ਤਾਂ ਏਹ ਬਾਤ ਸਿੰਘ ਕੋ ਫਰਮਾਤੇ ਹੈ । ਜੋ ਰਾਮਰਈਆਂ ਅਰ ਧੀਰਮੱਲੀਆਂ ਅਰ ਮੀਣਿਆਂ ਸੈ ਤੇ ਮਸੰਦੀਆਂ । ਇਤਿਆਦਕਾਂ ਸੇ ਵਰਤਣਾ ਨਹੀਂ । ਸੋ ਇਹ ਸੋਢੀ ਧੀਰਮੱਲੀਏ ਨਾਲੇ ਇਨ ਕੋ ਮੀਣੇ ਕਹਿਤੇ ਹੈ । ਅਰ ਰਾਮਰਈਆਂ ਕੀ ਤੇ ਇਨ ਕੀ ਏਕ ਬਾਤ ਹੈ । ਅਰ ਪਾਹੁਲ ਭੀ ਨਹੀਂ ਲਈ ਏਨਾਂ" "ਏਹ ਸਾਥ ਸੇਂ ਕੁਸ਼ਾਲ ਸਿੰਘ ਸਿੰਘਪੁਰੀਆ, ਤਾਰਾ ਸਿੰਘ, ਕੁਸ਼ਾਲ ਸਿੰਘ ਲੰਮਾ, ਦਰਬਾਰਾ ਸਿੰਘ ਨਿਹੰਗ, ਲਸ਼ਕਰਾ ਸਿੰਘ, ਧਰਮ ਸਿੰਘ ਅੰਮ੍ਰਿਤਸਰੀਆ, ਨਿਸ਼ਾਨ ਵਾਲੇ, ਅੰਬਾਲੀਏ, ਕਰਮ ਸਿੰਘ ਨਿਰਮਲਾ, ਬੰਗਾ ਸਿੰਘ, ਭਾਗ ਸਿੰਘ, ਦੂਲਚਾ ਸਿੰਘ, ਝੰਡਾ ਸਿੰਘ, ਰਾਮਗੜ੍ਹੀਆ, ਕਾਕੜ" [74] ।

ਦੂਸਰੇ ਦਿਨ ਜੱਸਾ ਸਿੰਘ ਨੇ ਸੋਢੀ ਨੂੰ ਥਾਲ ਪਰੋਸ ਕੇ ਲਿਆਉਣ ਲਈ ਕਿਹਾ ਅਤੇ ਆਪਣੇ ਦਰਬਾਰ 'ਚ ਸੱਭ ਨੂੰ ਖੁਲਾਇਆ[75] । ਗੁਰੂ ਗੋਬਿੰਦ ਸਿੰਘ ਦੇ ਹੁਕਮ ਵਿਚ ਫੇਰ ਬਦਲ ਕਰ ਸਕਨੀ ਜੱਸਾ ਸਿੰਘ ਦੀ ਦਿੱਵਤਾ ਦੀ ਗਵਾਹੀ ਹੈ ਜਿਹੜੀ ਹਰ ਹੁਕਮਰਾਨ 'ਚ ਮੰਨੀ ਜਾ ਸਕਦੀ ਹੈ। ਮਹੱਤਵਪੂਰਨ ਗੱਲ ਹੈ ਕਿ ਜੱਸਾ ਸਿੰਘ ਨੂੰ 'ਪੰਥ ਕੇ ਮਾਲਕ' ਕਿਹਾ ਗਿਆ ਹੈ ਪਰ ਅੱਜ ਇਹ ਸ਼ਬਦਾਵਲੀ ਗੁਰੂ ਗੋਬਿੰਦ ਸਿੰਘ ਲਈ ਸ਼ਰਧਾ–ਸਹਿਤ ਵਰਤੀ ਜਾਂਦੀ ਹੈ ।

ਜੇ ਉਪਰੋਕਤ ਦਲੀਲ ਸਹੀ ਹੈ ਤਾਂ ਸਾਨੂੰ ਗੁਰੂ ਗੋਬਿੰਦ ਸਿੰਘ ਦੀ ਪ੍ਰਤਿਭਾ ਦੀ ਕੁੱਝ ਕੁ ਸਮਝ ਆ ਜਾਂਦੀ ਹੈ ਜਿਹੜੇ ਉਹਨਾਂ ਖਾਲਸਾ ਦੀ ਸਿਰਜਨਾ ਕਰਨ 'ਚ ਪ੍ਰਗਟ ਕੀਤੀ । ਪਰਮਾਤਮਾ ਨੂੰ ਸਰਬ–ਕਾਲ ਕਿਹਾ ਗਿਆ ਹੈ। ਮਾਣਸਵਿਗਿਆਨ ਅਨੁਸਾਰ ਰੱਬ ਹਿੰਸਾ ਦਾ ਪਰਮ ਤੱਤ ਹੈ । ਖਾਲਸਾ ਵੈਸਾਖੀ ਵਾਲੇ ਦਿਨ ਸਿਰਜਿਆ ਗਿਆ ਜਿਹੜਾ ਆਦਿ ਕਾਲ ਤੋਂ ਕ੍ਰਿਸ਼ੀ ਅਤੇ ਬ੍ਰਹਮੰਡੀ ਪੁਨਰ–ਆਰੰਭ ਦਾ ਦਿਨ ਹੈ। ਜੇ ਅੰਮ੍ਰਿਤ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਹਿਮਵਿਦਿਅਕ ਮਹੱਤਾ ਨੂੰ ਰਤਾ ਇਕ ਪਾਸੇ ਰੱਖੀਏ ਤਾਂ ਵੀ ਇਹਦੇ ਮਾਣਸਵਿਗਿਆਨੀ ਐਲਾਨ ਬਾਰੇ ਕੋਈ ਸ਼ੱਕ ਨਹੀਂ –'ਮ੍ਰਿੱਤ ਜੀਵਤ ਹੋਣ ਦਾ ਦਾਹਵਾ ਕਰਦੇ ਹਨ'। ਰਈਯਤ 'ਚ ਆਉਂਦੇ ਸਿੱਖ ਅੰਦਰੋ ਅੰਦਰੀ ਆਪਣੇ ਆਪ ਨੂੰ 'ਜ਼ਮੀਂਦਾਰ' ਸਮਝਦੇ ਸਨ। 'ਹੰਨੇ ਹੰਨੇ ਮੀਰੀ' ਦਾ ਸਿੱਖ ਅਸੂਲ ਅਸਲ ਵਿਚ ਮਾਣਸਵਿਗਿਆਨੀ ਯਥਾਰਥ ਦਾ ਹੀ ਬਦਲਿਆ ਰੂਪ ਹੈ ਜਦੋਂ ਹਰ ਅਸਪੀ ਜ਼ਮੀਂਦਾਰ ਬਾਦਸ਼ਾਹ ਹੋਣਾ ਲੋਚਦਾ ਸੀ ਜਿਵੇਂ ਕਿਹਾ ਜਾਂਦਾ ਹੈ ਕਿ ਨੈਪੋਲੀਅਨ ਦੇ ਹਰ ਸਿਪਾਹੀ ਦੇ ਝੋਲੇ ਵਿਚ ਮਾਰਸ਼ਲ ਦਾ ਡੰਡਾ ਲੁਕਾਇਆ ਹੁੰਦਾ ਸੀ। ਉਪਰ ਵਾਲੀ ਮਾਣਸਵਿਗਿਆਨ ਅਤੇ ਬ੍ਰਹਮਵਿਦਿਆ ਦੀ ਸਾਂਝ ਸਾਨੂੰ ਸੋਲਵੀਂ ਸਦੀ ਵਿਚ ਵੀ ਮਿਲਦੀ ਹੈ ਜਦੋਂ ਸ਼ਿਲਪੀ ਸਿੱਖਾਂ ਦੀ ਸਮਾਜਕ ਸਥਿਤੀ ਸਿੱਖ ਧਰਮ ਦਾ ਅੰਗ ਬਣ ਜਾਂਦੀ ਹੈ—ਕਿਰਤ ਕਰਨੀ, ਵੰਡ ਛਕਣਾ, ਨਾਮ ਜਪਣਾ। ਅਜਿਹੀ ਸਿੱਖੀ ਉਹਨਾਂ ਦਾ ਨਿੱਤ ਨੇਮ ਹੋ ਸਕਦੀ ਸੀ ਅਤੇ ਉੱਸੇ ਸਮਾਜੀ ਗੁਟ ਵਿਚ ਸੰਭਵ ਸੀ। ਅਠਾਰਵੀ ਸਦੀ ਦੇ ਸਿੱਖਾਂ ਦੀ ਕਾਮਯਾਬੀ ਦਾ ਰਾਜ਼ ਇਸ ਚੀਜ਼ ਵਿਚ ਵੀ ਹੈ ਕਿ ਮਾਣਸਵਿਗਿਆਨ ਬ੍ਰਹਮਵਿਦਿਆ ਹੋ ਗਿਆ ਸੀ, ਹਿੰਸਾ ਅਤੇ ਈਸ਼ਰਤਾ, ਦੰਗਾ ਅਤੇ ਧਰਮ, 'ਅਸਿਪਾਨ' 'ਚ ਇਕ ਹੋ ਗਏ ਸਨ।

'ਰਾਜ ਕਰੇਗਾ ਖਾਲਸਾ' ਜਿਹੇ ਕਾਵਿਕ ਨਾਹਰੇ ਦੀ ਮਾਣਸਵਿਗਿਆਨ ਰਾਹੀਂ ਰਾਜ਼-ਅਫਸ਼ਾਨੀ ਕੀਤੀ ਜਾ ਸਕਦੀ ਹੈ। ਪਹਿਲੀ ਗੱਲ ਤਾਂ ਇਹ ਕਿ ਇਹਨਾਂ ਪੰਗਤੀਆਂ ਦਾ ਇਕ ਸੋਮਾ ਨਹੀਂ। ਇਹਦੇ ਮਹੱਤਵਪੂਰਨ ਅੰਗ ਦੋ ਅਲੈਹਦਾ ਅਲੈਹਦਾ ਰਹਿਤ-ਨਾਮਿਆਂ 'ਚ ਮਿਲਦੇ ਹਨ। ਦੂਸਰੇ ਅੱਜ ਤਾਈਂ ਕਿਸੇ ਨੇ 'ਖ੍ਵਾਰ ਹੋਇ ਸਭ ਮਿਲੇਂਗੇ'—ਦੀ ਸੰਤੋਸ਼ਜਨਕ ਵਿਆਖਿਆ ਨਹੀਂ ਕੀਤੀ। 18-ਵੀਂ ਸਦੀ ਵਿਚ ਹਰ ਇਕ ਖਾਲਸਾ ਰਾਜ ਕਰਨ ਦਾ ਦਾਹਵੇਦਾਰ ਹੈ। ਕਿਰਿਆ 'ਮਿਲਣਾ' ਉਦੋਂ ਵਰਤੀ ਜਾਂਦੀ ਹੈ ਜਦ ਕੋਈ ਵਿਰੋਧੀ ਲੜਾਈ ਹਾਰ, ਰਈਯਤ ਬਨਣਾ ਕਬੂਲ ਕਰਕੇ, ਬਾ-ਰਸਮ ਮਤੀਹ ਹੁੰਦਾ ਹੈ। ਇੱਥੋਂ ਤੱਕ ਕਿ ਜੱਸਾ ਸਿੰਘ ਬਿਨੋਦ ਵਿਚ—ਬਚੇ ਸਰਨ ਜੋ ਹੋਏ—ਦੀ ਦੋ ਬਾਰ ਪੁਸ਼ਟੀ ਹੁੰਦੀ ਹੈ "ਅਰ ਜੋ ਮਿਲਾ ਸੋ ਬਚਾ"[76]। ਇੰਝ ਕਹੋ ਕਿ ਮਾਣਸਵਿਗਿਆਨ ਸਿੱਖਾਂ ਦੇ ਵਿਜੈਗਾਣ ਵਿਚ ਪ੍ਰਵੇਸ਼ ਕਰ ਗਿਆ।

(**ਪ੍ਰਾਚੀਨ ਪੰਥ ਪ੍ਰਕਾਸ਼** ਵਿਚ ਰਤਨ ਸਿੰਘ ਭੰਗੂ ਵੀ 'ਮਿਲੇ' ਸ਼ਬਦ ਨੂੰ ਤਕਨੀਕੀ ਅਰਥਾਂ ਵਿਚ ਵਰਤਦਾ ਹੈ)

ਹਵਾਲੇ ਅਤੇ ਟਿੱਪਣੀਆਂ

1. ਲੇਖ ਹੱਥ-ਲਿਖਤ 'ਜੱਸਾ ਸਿੰਘ ਬਨੋਦ', ਕਰਤਾ ਰਾਮਸੁਖ ਰਾਉ, 19-ਵੀਂ ਸਦੀ ਦੇ ਪਹਿਲੇ ਚੌਥਾਈ ਦੀ ਲਿਖਤ, ਨੰ. ਐਮ. 772, ਅਰਕਾਈਵਜ਼ ਲਾਇਬਰੇਰੀ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਟਿਆਲਾ 'ਤੇ ਆਧਾਰਿਤ ਹੈ। ਸ੍ਰੀ ਜ. ਸ. ਬੈਂਸ, ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਧੰਨਵਾਦ ਹੈ ਜਿਹਨਾਂ ਨੇ ਮੈਨੂੰ ਕਿਰਪਾ-ਸਹਿਤ ਹੱਥ ਲਿਖਤ ਦੀ ਫੋਟੋਕਾਪੀ ਵਖਾਈ।

2. 36/2
3. 78/1
4. 160/1
5. 79/1
6. 92/1 ਫੇਰ ਆਪ ਨੇ ਦੀਵਾਨ ਬਿਸ਼ੰਭਰ ਦਾਸ (ਅਹੀਯਾਪੁਰ) ਅਰ ਭੂਪ ਚੰਦ ਕੀਆਂ ਲਾਸ਼ਾਂ ਉਪਰ ਦੁਸ਼ਾਲੇ ਡਲਵਾਏ।
7. 104/1
8. 92/1
9. 154/2 ਅਰ ਪਿੰਡਾਰਿਆਂ ਤੇ ਧਾੜਵੀਆਂ ਸਿੰਘਾਂ ਕੋ ਔਰ ਫੌਜ ਕੋ ਭੀ ਫਰਮਾਇਆ ਜੋ ਏਕ ਤਰਫ ਹੋ ਕਰ ਲੜੇ...ਧਾੜਵੀਓਂ ਸੇ...ਤੇ ਪਿੰਡਾਰਿਓਂ ਸੇ।
10. 172/2
    ਬਰਖ਼ੁਰਦਾਰ ਖਾਂ ਭਾਗ ਕਰ ਬਾਦਸ਼ਾਹ ਜੀ ਕੇ ਹਜ਼ੂਰ ਪਹੁੰਚਾ ਤਾਂ ਬਾਦਸ਼ਾਹ ਜੀ ਖ਼ਫ਼ਾ ਹੂਏ। ਤੇ ਸਜਾਇ ਕਾਮਲ ਉਸ ਕੋ ਪੁਚਾਈ।
11. 173/1
12. 187/2, 188/1
13. 188/1
14. 189/2
15. 192/1
16. 182/1
17. 96/2, 97/1
18. 119/2
19. 139/2
20. 107/2, 108/1
21. 130/2
22. 141/2 142/1
23. 142/1, 2
24. 125/2
25. 216/2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

26. 118/2, 119/1
27. 124/2
28. 160/2
29. 168/2
30. 169/2, 170/1
31. 18/2
32. 181/2
33. 221/2, 222/2
34. 222/2
35. 192/2
36. 197/2
37. 205/1
38. 211/1
39. 213/1
40. 60/1
41. 75/1, 76/1
42. 77/1 77/2
43. 212/2
44. 214/1, 2
45. 74/1
46. 221/1
47. 225/1, 2
48. 107/2.
49. 103/2, 111/2.
50. 171/1.
51. 178/1, 2.
52. 147/1, 2.
53. 156/2, 157/1.
54. 158/1, 112/1.
55. 151/1, 2.
56. 126/1.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

57. 161/1.

58. 216/1.

59. 236/2.

60. 238/2.

61. 128/1.

62. 111/2, 137/1.

63. 96/1.

64. 219/2.

65. 43/2.

66. 64/1.

67. 55/2.

68. 59/2.

69. 219/2.

70. 92/2.

71. 109/2.

72. 96/2.

73. 72/1.

74. 117/1.

75. 239/2, 240/1.

76. 168/1.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਬਿਲਾਸ ਸਾਹਿਤ ਰੂਪ–ਬਚਿੱਤ੍ਰ ਨਾਟਕ ਤੋਂ ਗੁਰਬਿਲਾਸ ਛੇਵੀਂ ਪਾਤਿਸ਼ਾਹੀ ਤਕ*

ਆਮ ਤੌਰ 'ਤੇ **ਬਚਿੱਤ੍ਰ ਨਾਟਕ** ਨੂੰ ਗੁਰੂ ਗੋਬਿੰਦ ਸਿੰਘ ਦੀ ਕਿਰਤ ਅਤੇ ਜੀਵਨੀ ਸਮਝਿਆ ਜਾਂਦਾ ਹੈ। ਇਸ ਨੂੰ ਅਜਿਹੀ ਕਿਰਤ ਸਮਝਣਾ ਯੋਗ ਹੈ ਜਿਸ ਨੂੰ ਗੁਰੂ ਸਾਹਿਬ ਦਾ ਸਮਰਥਨ ਹਾਸਲ ਸੀ[1]। ਕ੍ਰਿਤਿਤ੍ਵ ਦਾ ਸਵਾਲ ਮਹੱਤਵਪੂਰਨ ਹੈ ਪਰ ਇਸਦਾ **ਬਚਿੱਤ੍ਰ ਨਾਟਕ** ਦੀ ਇਤਿਹਾਸਕ ਮਹਾਨਤਾ ਦੇ ਨਾਲ ਇਕ ਤਰੀਕੇ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਸਦੀ ਮਹੱਤਾ ਇਸ ਗੱਲ ਵਿਚ ਵੀ ਹੈ ਕਿ ਇਹ **ਦਸਮ ਗ੍ਰੰਥ**[2] ਵਿਚਲੀ ਸਭ ਤੋਂ ਵੱਧ ਦੇਰ-ਅਸਰ ਕਿਰਤ ਸਾਬਿਤ ਹੋਈ। ਇਕ ਹੋਰ ਮਹੱਤਵਪੂਰਨ ਤੱਥ ਇਹ ਹੈ ਕਿ 1738 ਈ. ਵਿਚ ਭਾਈ ਮਨੀ ਸਿੰਘ ਦੀ ਸ਼ਹੀਦੀ ਤਕ **ਬਚਿੱਤ੍ਰ ਨਾਟਕ** ਅਤੇ **ਦਸਮ ਗ੍ਰੰਥ** ਨੂੰ ਸਮਾਨਾਰਥ ਸਮਝਿਆ ਜਾਂਦਾ ਰਿਹਾ।[3]

ਪਹਿਲੀ ਧਿਆਨਯੋਗ ਗੱਲ ਇਹ ਹੈ **ਬਚਿੱਤ੍ਰ ਨਾਟਕ** ਦਾ ਅਲੋਕਾਰ ਗੁਰੂ ਗੋਬਿੰਦ ਸਿੰਘ ਆਪ ਹਨ। ਉਹ ਚੰਡੀ, ਵਿਸ਼ਨੂੰ ਦੇ 24 ਅਵਤਾਰ, ਬ੍ਰਹਮਾ ਦੇ 7 ਅਵਤਾਰ, ਰੁਦਰ ਦੇ ਦੋ ਅਵਤਾਰਾਂ ਅਤੇ ਖਟ ਦਰਸ਼ਨ ਦੇ ਬਰਾਬਰ ਹਨ। ਆਮ ਤੌਰ 'ਤੇ ਅਲੋਕਾਰ ਨੂੰ ਵੇਖਣ ਵਾਲਾ ਕੋਈ ਹੁੰਦਾ ਹੈ ਵਰਨਣ ਕਰਨ ਵਾਲਾ ਕੋਈ ਹੋਰ; ਇਹ ਸ਼ਰੁਤੀ ਤੇ ਆਧਾਰਿਤ ਅਤੇ ਭੂਤ ਕਾਲ ਵਿਚ ਵਾਪਰਿਆ ਹੁੰਦਾ ਹੈ। ਗੁਰੂ ਸਾਹਿਬ ਦਾ 'ਨਾਟਕ' ਇੰਜ **ਬਚਿੱਤ੍ਰ** ਹੈ ਕਿ ਪਰਮਾਤਮਾ ਇਤਿਹਾਸ ਵਿਚ ਹੁਣ ਅਤੇ **ਇੱਥੇ** ਵਿਅਕਤ ਹੋਇਆ ਹੈ। **ਬਚਿੱਤ੍ਰ ਨਾਟਕ** ਤਾਂ ਰੱਬ ਵੱਲੋਂ ਇਤਿਹਾਸ ਵਿਚ ਦਖ਼ਲਅੰਦਾਜ਼ੀ ਦਾ ਹੈ ਜਿਹੜੀ ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਅਤੇ ਉਨ੍ਹਾਂ ਦੇ ਮਿਸ਼ਨ (mission) ਰਾਹੀਂ ਹੁੰਦੀ ਹੈ। 18ਵੀਂ ਸਦੀ ਵਿਚ ਸਿੱਖਾਂ ਵੱਲੋਂ ਸਿਆਸੀ ਅਧਿਰਾਜਗੀ ਲਈ ਸੰਘਰਸ਼ ਦੀ ਨੀਂਹ ਇਸ ਵਿਚਾਰ 'ਤੇ ਹੈ ਜਿਸ ਕਰਕੇ ਉਨ੍ਹਾਂ ਦੀ ਜੱਦੋਜਹਿਦ ਨੂੰ ਦੈਵੀ ਸਮਰਥਨ ਹਾਸਲ ਸੀ।

---

*__ਖੋਜ ਦਰਪਣ__ (ਨੰ. 13) ਜਨਵਰੀ, 1986.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਗੋਬਿੰਦ ਸਿੰਘ ਆਪਣ ਆਪ ਨੂੰ ਅਵਤਾਰ ਨਹੀਂ ਕਹਿੰਦੇ। ਉਹ ਅਵਤਾਰਾਂ, ਸਿੱਧਾਂ ਦੀ ਪੜਚੋਲ ਕਰਦੇ ਹਨ ਜਿਨ੍ਹਾਂ ਨੇ ਪ੍ਰਭੂ ਦੀ ਥਾਉਂ ਆਪ ਲੈ ਲਈ। 'ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾਂ[4], ਦੱਤ, ਗੋਰਖ, ਰਾਮਾਨੰਦ, ਮੁਹੰਮਦ ਨੇ ਇਹੀ ਗ਼ਲਤੀ ਕੀਤੀ। ਰਿਸ਼ੀਆਂ ਦੀਆਂ ਪੁਸਤਕਾਂ ਪ੍ਰਭੂ ਨੂੰ ਦਰਸਾਉ ਨ ਸਕੀਆਂ। ਇਹ ਸਤਿਨਾਮ ਤੋਂ ਖੁੰਝ ਗਏ। ਅਵਤਾਰਾਂ, ਪਰਮ ਪੁਰਖਾਂ ਨੇ ਆਪਣੇ ਮੱਤ ਚਲਾ ਲਏ। ਗੁਰੂ ਗੋਬਿੰਦ ਸਿੰਘ ਅਵਤਾਰ ਨਹੀਂ ਪਰ ਸਾਰੇ ਅਵਤਾਰਾਂ ਦੇ ਬਰਾਬਰ ਹਨ। ਉਹ ਉਨ੍ਹਾਂ ਵਿਚ ਤਾਂ ਹਨ ਪਰ ਉਨ੍ਹਾਂ ਜਿਹੇ ਨਹੀਂ। ਜਿਸ ਕਰਕੇ ਗੁਰੂ ਸਾਹਿਬ ਦਾ ਨਾਟਕ (ਅਲੰਕਾਰ) ਬਚਿੱਤ੍ਰ ਹੈ।[5]

ਗੁਰੂ ਗੋਬਿੰਦ ਸਿੰਘ ਪਰਮੇਸ਼ਰ ਨਹੀਂ। ਉਨ੍ਹਾਂ ਨੂੰ ਪਰਮੇਸ਼ਰ ਕਹਿਣ ਵਾਲਾ ਨਰਕਾਂ ਵਿਚ ਪਏਗਾ। ਗੁਰੂ ਸਾਹਿਬ ਪਰਮਾਤਮਾ ਦੇ ਜੰਤਰ ਹਨ ਜਿਹੜੇ ਆਤਮਿਕ ਤੌਰ ਤੇ ਵੱਡੇ ਆਦਮੀਆਂ ਦੀ ਸੇਵਾ ਲਈ ਪ੍ਰਗਟ ਹੋਏ ਹਨ :

> ਜੇ ਹਮ ਕੋ ਪਰਮੇਸਰੁ ਉਚਰਿ ਹੈ
> ਤੇ ਸਭ ਨਰਕਿ ਕੁੰਡ ਮਹਿ ਪਰਿ ਹੈ
> ਮੋ ਕੇ ਦਾਸ ਤਵਨ ਕਾ ਜਾਨੋ
> ਯਾ ਮੈ ਭੇਦ ਨ ਰੰਚ ਪਛਾਨੋ
> ਮੈ ਹੋ ਪਰਮ ਖੁਰਖ ਕੋ ਦਾਸਾ[6]

ਗੁਰੂ ਗੋਬਿੰਦ ਸਿੰਘ ਅਵਤਾਰਾਂ ਤੋਂ ਘੱਟ ਅਤੇ ਅਵਤਾਰਾਂ ਤੋਂ ਵੱਧ ਵੀ ਹਨ। ਘੱਟ ਇਸ ਲਈ ਕਿ ਉਹ ਪਰਮ ਪੁਰਖਾਂ ਦੇ ਦਾਸ ਹਨ; ਵੱਧ ਇਸ ਕਰਕੇ ਕਿ ਅਵਤਾਰਾਂ ਨੇ 'ਪ੍ਰਭ ਦੋਖੀ ਕੋਈ ਨ ਬਿਦਾਰਾ'[7]। ਗੁਰੂ ਕਿਸੇ ਤੋਂ ਡਰਦਾ ਨਹੀਂ 'ਮ੍ਰਿਤ ਲੋਕ ਤੇ ਮੋਨਿ ਨ ਰਹਿਹੋਂ'[8]। ਗੁਰੂ ਗੋਬਿੰਦ ਸਿੰਘ ਪਰਮੇਸ਼ਰ ਦਾ ਪ੍ਰੋਗਰਾਮ ਚਲਾ ਰਹੇ ਹਨ—'ਕਹਿਯੋ ਪ੍ਰਭੂ ਸੁ ਮੈ ਕਰੋ'[9]!

ਗੁਰੂ ਸਾਹਿਬ ਰੱਬ ਦੀ ਧਿਰ 'ਚ ਹਨ ਅਤੇ ਫੋਕੇ ਸੰਸਕਾਰੀ ਧਰਮ ਦੇ ਉਲਟ ਹਨ ਕਿਉਂਕਿ

> ਫੋਕਟ ਧਰਮ ਲਖੇ ਕਰ ਭਰਮਾ
> ਇਨ ਤੇ ਸਰਤ ਨ ਕੋਈ ਕਰਮਾ[10]

ਬੰਦਿਆਂ ਨੂੰ ਪਖੰਡ ਦੇ ਧਰਮ 'ਚ ਪੈਣ ਦੀ ਲੋੜ ਨਹੀਂ। ਉਹ ਹਿੰਦੂਮੱਤ ਅਤੇ ਇਸਲਾਮ ਨੂੰ ਪ੍ਰਭੂ ਤੋਂ ਵਾਂਝੇ ਸਮਝਦੇ ਹਨ। ਗੁਰੂ ਦਾ ਮਿਸ਼ਨ 'ਧਰਮ ਬਥਾਰੋ, ਦੁਸ਼ਟ ਦੋਖੀਯਨਿ ਕੋ ਪਕਰਿ ਪਛਾਰੋ' ਦਾ ਹੈ। ਸੁਕ੍ਰਿਤ ਅਤੇ ਕੁਕ੍ਰਿਤ ਦੀ ਮਿਥਿਆਸਕ ਲੜਾਈ ਦਰਅਸਲ ਹੁਣ ਅਤੇ ਇੱਥੋ ਦੇ ਜੀਵਤ ਲੋਕਾਂ ਦੀ ਚੰਗਿਆਈ ਮੜੱਪਨ ਦਾ ਪ੍ਰਗਟਾਉ ਹੈ।[11]

ਅਸੀਂ ਗੁਰੂ ਗੋਬਿੰਦ ਸਿੰਘ ਦੇ ਪ੍ਰੋਗਰਾਮ ਦਾ ਟਾਕਰਾ ਜਨਮਸਾਖੀ ਵਿਚ ਆਏ ਗੁਰੂ ਨਾਨਕ ਦੇ ਮਿਸ਼ਨ ਨਾਲ ਕਰ ਸਕਦੇ ਹਾਂ। **ਮਿਹਰਬਾਨ ਜਨਮਸਾਖੀ** ਵਿਚ ਬਾਬਾ ਨਾਨਕ ਪਰਮੇਸ਼ਰ ਨੂੰ ਮਿਲਦਾ ਹੈ ਜਿੱਥੇ ਉਹ ਅੰਮ੍ਰਿਤ ਦਾ ਪਿਆਲਾ ਸੇਵਨ ਕਰਦਾ ਹੈ ਅਤੇ ਪ੍ਰਭੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੁਕਮ ਦੇਂਦਾ ਹੈ ਕਿ ਬਾਬੇ ਨਾਨਕ ਨੂੰ ਵੇਖਣ, ਸੁਣਨ, ਗੁਰੂ ਧਾਰਨ ਵਾਲਾ ਮੁਕਤੀ ਪਾਵੇਗਾ । ਇਹ ਮਕੰਦੀ (soteriological) ਇਕਾਰਨਾਮਾ ਹੈ । **ਬਚਿੱਤ੍ਰ ਨਾਟਕ** ਵਿਚ ਰੱਬ ਨੇ ਗੁਰੂ ਗੋਬਿੰਦ ਸਿੰਘ ਨੂੰ 'ਫੋਕਟ ਧਰਮ' ਅਤੇ 'ਪ੍ਰਭ ਦੋਖਯਨਿ' ਨਾਲ ਯੁੱਧ ਮਚਾਉਣ ਦਾ ਪ੍ਰੋਗਰਾਮ ਦਿੱਤਾ ਹੈ ਤਾਂ ਜੋ ਮਨੁੱਖ ਹਿੰਦੂਮਤ ਅਤੇ ਇਸਲਾਮ ਤੋਂ ਉਦਗਾਮੀ (transcend) ਹੋ ਜਾਵੇ । ਗੁਰੂ ਗੋਬਿੰਦ ਸਿੰਘ ਨਾਲ ਪਰਮੇਸ਼ਰ ਇਤਿਹਾਸ ਵਿਚ ਪ੍ਰਵੇਸ਼ ਕਰਦਾ ਹੈ ।

ਦੁਨਿਆਵੀ ਵਿਹਾਰ ਵਿਚ ਦੈਵੀ ਮਦਾਖ਼ਲਤ ਦਾ ਪਤਾ ਸਮਕਾਲੀ ਘਟਨਾਵਾਂ ਤੋਂ ਵੀ ਲਗਦਾ ਹੈ । ਮੁਗ਼ਲ ਫ਼ੌਜ ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਤਕ ਪਹੁੰਚ ਨਾ ਸਕੀ ਪਰ ਉਹਨੇ ਸਿੱਖੀ ਤੋਂ ਭਗੌੜੇ ਹੋ ਕੇ ਘਰਾਂ ਨੂੰ ਜਾਣ ਵਾਲੇ ਬੰਦੇ ਮਾਰ ਦਿੱਤੇ ਸੀ :

ਇਹਾਂ ਉਪਹਾਸ ਨੇ ਸੁਰਪੁਰ ਬਾਸਾ
ਸਭ ਬਾਤਨ ਤੇ ਰਹੇ ਨਿਰਾਸਾ[12]

ਬਚਿੱਤ੍ਰ ਨਾਟਕ ਅਨੁਸਾਰ ਸਮਕਾਲੀ ਆਤਮਿਕਤਾ 'ਰਣ ਜੂਝਣ' ਵਿਚ ਹੈ ।[13]

ਬਚਿੱਤ੍ਰ ਨਾਟਕ ਨਾਲ ਸਿੱਖ ਧਰਮ ਵਿਚ ਵਿਚ ਇਕ ਨਵਾਂ ਵਿਸ਼ਾ ਪ੍ਰਵੇਸ਼ ਕਰਦਾ ਹੈ । ਜਿਥੇ ਸਿੱਖ ਧਰਮ ਦਾ ਸਮਕਾਲੀ ਸ਼ਕਤੀਮਾਨਾਂ ਨਾਲ ਸੰਬੰਧ ਦਾ ਇਕ ਪੱਖ (persecution) ਸੀ ਤਾਂ ਇਸੇ ਦਾ ਦੂਸਰਾ ਪੱਖ ਸੀ ਕਿ ਸਿੱਖ ਸੰਘਰਸ਼ ਨੂੰ ਦੈਵੀ ਸਮਰਥਨ ਹਾਸਲ ਹੈ । ਸਿੱਖ ਧਰਮ ਇਤਿਹਾਸ ਵਿਚ ਦੈਵੀ ਮਦਾਖ਼ਲਤ ਨੂੰ ਆਪਣੇ ਪੰਥ ਨਾਲ ਜੋੜਦਾ ਹੈ । **ਬਚਿੱਤ੍ਰ ਨਾਟਕ** ਦਾ ਕਰਤਾ ਇਸੇ ਵਿਚਾਰ ਦੀ ਮਦਦ ਨਾਲ ਸਨਾਤਨੀ ਗੁਰ-ਪ੍ਰਣਾਲੀ ਦੀ ਪਰੋੜ੍ਹਤਾ ਕਰਦਾ ਹੈ । ਗੁਰੂ ਨਾਨਕ ਨੇ ਆਪਣਾ ਧਰਮ ਇਸ ਕਰਕੇ ਚਲਾਇਆ ਸੀ ਤਾਂ ਜੋ ਉਹਦੇ ਸਿੱਖ ਪਾਪ, ਵਿਹਾਰਕ ਚਿੰਤਾਵਾਂ ਅਤੇ ਜਮ ਦੇ ਫੰਧੇ ਤੋਂ ਉੱਚਾ ਉਠ ਸਕਣ । ਗੁਰੂ ਨਾਨਕ ਦੇ ਅੰਗਦ, ਅਮਰਦਾਸ, ਰਾਮਦਾਸ, ਅਰਜਨ, ਹਰਿਗੋਬਿੰਦ, ਹਰਿ ਰਾਇ, ਹਰਿ ਕ੍ਰਿਸ਼ਨ, ਤੇਗ ਬਹਾਦਰ, ਉਤਰ-ਅਧਿਕਾਰੀ ਹੋਏ । ਕਰਤਾ ਗੁਰੂ ਤੇਗ ਬਹਾਦਰ ਦੀ ਸ਼ਹੀਦੀ 'ਤੇ ਮਹੱਤਵਪੂਰਨ ਜ਼ੋਰ ਦਿੰਦਾ ਹੈ ਕਿਉਂਕਿ ਨੌਵੀਂ ਪਾਤਸ਼ਾਹੀ ਦੇ ਵਰਣਨ ਦੇ ਬੰਦ ਗੁਰੂ ਨਾਨਕ ਬਾਰੇ ਰਚੇ ਬੰਦਾਂ ਨਾਲੋਂ ਜ਼ਿਆਦਾ ਹਨ । ਇਸ ਤਰ੍ਹਾਂ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਹੀ ਉਨ੍ਹਾਂ ਦੀ ਗੁਰਗੱਦੀ ਦੀ ਤਸਦੀਕ਼ ਹੈ । ਜਾਤਨਾ (persecution) ਸਹਿਣ ਵਾਲੇ ਪ੍ਰਭੂ ਪ੍ਰੇਮ 'ਚ ਕ਼ਾਇਮ ਰਹਿੰਦੇ ਹਨ; ਮੁਸ਼ਕਿਲਾਂ ਤੋਂ ਡਰਨ ਵਾਲੇ ਹਿੰਦੂ ਮੁਸਲਮਾਨ ਹੋ ਜਾਂਦੇ ਹਨ ।[14] **ਬਚਿੱਤ੍ਰ ਨਾਟਕ** ਵਿਚ ਬੇਦੀ ਸੋਢੀਆਂ ਦਾ ਇਤਿਹਾਸ ਵੀ ਸਨਾਤਨੀ ਗੁਰ ਪ੍ਰਣਾਲੀ ਦੀ ਪੜਚੋਲ ਨੂੰ ਖਤਮ ਕਰਨ ਲਈ ਹੈ ।

ਬਚਿੱਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਨੂੰ ਲੌਕਿਕ ਸ਼ਕਤੀਮਾਨ ਅਤੇ ਆਤਮਿਕ ਗੁਰੂ ਵਾਂਗੂੰ ਪੇਸ਼ ਕੀਤਾ ਗਿਆ ਹੈ । **ਦਸਮ ਗਰੰਥ** ਦੀ ਦਰਬਾਰੀ ਕਵਿਤਾ ਦਾ ਆਕਾਰ ਹੀ ਉਨ੍ਹਾਂ ਦੀ ਸ਼ਕਤੀ ਅਤੇ ਅਮੀਰੀ ਦੀ ਗਵਾਹੀ ਹੈ । ਸਿਰਮੌਰ ਦਾ ਰਾਜਾ ਗੁਰੂ ਸਾਹਿਬ ਨੂੰ ਆਪਣੀ ਸੀਮਾਂ ਦੀ ਰਾਖੀ ਲਈ ਸੱਦਾ ਦਿੰਦਾ ਹੈ । ਗੁਰੂ ਸਾਹਿਬ ਆਪਣੇ ਰਾਜਦੂਤ ਆਪ ਹੀ ਸਨ । ਭੀਮ ਚੰਦ ਕਹਿਲੂਰ ਕਦੇ ਦੋਸਤ ਕਦੇ ਦੁਸ਼ਮਨ ਹੁੰਦਾ ਹੈ । ਆਕੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਰਾਜਿਆਂ ਨੂੰ ਕਾਂਗੜੇ ਦੇ ਫੌਜਦਾਰ ਵਿਰੁੱਧ ਲੜਾਈ ਵਿਚ ਗੁਰੂ ਸਾਹਿਬ ਨੂੰ ਸੱਦਾ ਦੇਣ 'ਚ ਕੋਈ ਸੰਕੋਚ ਨਹੀਂ ਸੀ। ਭੀਮ ਚੰਦ ਦੀ ਇੰਨੀ ਤਾਕ਼ਤ ਨਹੀਂ ਸੀ ਕਿ ਉਹ ਸਰਹੰਦ ਦੇ ਫੌਜਦਾਰ, ਵਜ਼ੀਰ ਖਾਂ ਦੀ ਮਦਦ ਤੋਂ ਬਿਨਾ ਗੁਰੂ ਗੋਬਿੰਦ ਸਿੰਘ ਦਾ ਮੁਕ਼ਾਬਲਾ ਕਰ ਸਕੇ। ਦਰਅਸਲ ਬੇਦੀ ਸੋਢੀ ਵੰਸ਼ ਦਾ ਮਿਥਿਹਾਸ ਇਕ ਤਰ੍ਹਾਂ ਗੁਰੂ ਸਾਹਿਬ ਦੇ ਅਨੰਦਪੁਰ ਵਿਚ ਲੌਕਿਕ ਰਾਜ ਦੀ ਜਾਇਜ਼ਕ੍ਰਾਰੀ ਹੈ।

ਪਹਾੜੀ ਰਾਜਿਆਂ ਅਤੇ ਰਾਜਾ ਗੁਰੂ ਦੀ ਜਕੜ ਬੜੀ ਗੰਭੀਰ ਸਥਿਤੀ ਵਿਚ ਹੋਈ ਸੀ। ਪਹਾੜੀ ਰਾਜੇ ਕਨਜ਼ਰਵਾਦੀ (conservative) ਸਮਾਜਕ-ਰਾਜਸੀ ਪ੍ਰਬੰਧ ਦੀ ਸਿਖਰ 'ਤੇ ਸਨ ਜਿਹੜੇ ਰਾਜ ਤੋਂ ਸੁਤੰਤਰਤਾ ਤਾਂ ਚਾਹੁੰਦੇ ਸਨ ਪਰ ਉਹ ਇਸ ਹਾਲਤ ਵਿਚ ਨਹੀਂ ਸਨ ਕਿ ਉਹ ਜੜਵਰਤੀ (radical) ਕਿਸੇ ਹੱਦ ਤਕ ਬਰਾਬਰੀ ਦੇ ਉੱਦੇਸ਼ ਵਾਲੇ ਸਿੱਖ ਪੰਥ ਨੂੰ ਸਮਝ ਸਕਣ। ਐਨ ਸੰਭਵ ਹੈ ਕਿ ਉਹ ਮੁਗ਼ਲ ਸ਼ਹਿਨਸ਼ਾਹ ਪਾਸ ਸਿੱਖ ਖ਼ਤਰੇ ਬਾਰੇ ਸ਼ਿਕਾਇਤਾਂ ਕਰਦੇ ਰਹੇ ਹੋਣ। ਇਸ ਤਰ੍ਹਾਂ ਪਹਾੜੀ ਰਾਜੇ ਸਿੱਖ ਪੰਥ ਅਤੇ ਮੁਗ਼ਲ ਸਾਮਰਾਜ ਵਿਚਕਾਰ ਸੰਭਾਵੀ ਟੱਕਰ ਨੂੰ ਯਥਾਰਥਕ ਸੰਗ੍ਰਾਮ ਵਿਚ ਬਦਲਣ ਲਈ (catalytic agent) ਸਿੱਧ ਹੋਏ।[15] ਇਹ ਸਿੱਖ ਪਰੰਪਰਾ ਦੀ ਗੁੱਝੀ ਸਿਆਣਪ ਹੈ ਜਿਹੜੀ ਬਾਈ ਧਾਰ ਰਾਜਿਆਂ ਨੂੰ ਮੁਗ਼ਲਾਂ ਜਿੰਨਾ ਹੀ ਮਲਊਨ ਸਮਝਦੀ ਰਹੀ ਹੈ।

ਬਚਿੱਤ੍ਰ ਨਾਟਕ ਵਿਚ ਇਤਿਹਾਸਕ, ਬ੍ਰਹਮਵਿਦਿਅਕ ਅਤੇ ਕਲਾਤਕਮਕ ਕਮੀਆਂ ਹਨ ਪਰ ਇਹਦੀਆਂ ਕਮੀਆਂ ਹੀ ਇਹਦੇ ਤੱਥਾਂ ਨੂੰ ਵਧੇਰੇ ਇਤਿਹਾਸਕ ਬਣਾ ਗਈਆਂ ਹਨ। ਕਰਤਾ ਨੂੰ ਦੁਬਿਧਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਨੂੰ ਬ੍ਰਹਮੰਡ, ਇਤਿਹਾਸ ਅਤੇ ਰਾਜਬਣਤਰ (polity) ਵਿਚ ਕਿਥੇ ਰੱਖੇ। ਪ੍ਰਭੂ ਦੀ ਵਿਆਪਕਤਾ ਅਤੇ ਉਦਗਮਨ (transcendence) ਨਾਲ ਮਾਨਵਰੂਪੀ ਸਰਬਕਾਲ ਅਤੇ ਕਾਲਿਕਾ ਦਾ ਜ਼ਿਕਰ ਹੈ। **ਬਚਿੱਤ੍ਰ ਨਾਟਕ** ਦੇ ਭੁਜੰਗ ਪਰਯਾਤ, ਰਸਾਵਲ, ਨਰਾਜ, ਪਾਧੜੀ, ਤੋਟਕ, ਤੋਮਰ, ਚਾਚਰੀ, ਚਰਪਟ, ਮਧੁਭਾਰ ਛੰਦ ਆਦਿ ਗ੍ਰੰਥ ਦੀ ਭਗਤੀ ਕਾਵਿ ਦੇ ਛੰਦ ਨਹੀਂ। ਇਸ ਸਮੇਂ ਦੀ ਜੁਝਾਰਤਾ ਦੀ ਮੰਗ ਸੀ ਕਿ ਹੁਣ ਛੰਦਾ ਬੰਦੀ ਵੀ ਭਗਤੀ ਕਾਲ ਦੇ ਪਿੰਗਲ ਨਾਲੋਂ ਵਖਰੀ ਹੋਵੇ। ਅਣਘੜਤ ਬ੍ਰਜ ਅਰਬੀ ਸੰਸਕ੍ਰਿਤ ਦੇ ਲੋਕਸ੍ਵੀਕ੍ਰਿਤ ਸ਼ਬਦਾਂ ਦਾ ਝੱਖੜ ਝੁੱਲ ਰਿਹਾ ਹੈ। ਸ਼ਬਦਾਂ ਅਤੇ ਪਾਲਾਂ ਦਾ ਦੁਹਰਾਉ ਹੈ। ਸ਼ਾਇਦ ਹੀ ਕੋਈ ਦਰਸ਼ੀ ਅਲੰਕਾਰ ਹੋਵੇ। **ਬਚਿੱਤ੍ਰ ਨਾਟਕ** ਦੀ ਕਵਿਤਾ ਗੂੰਜਾਂ ਪਾਉਂਦੀ ਸ਼ਬਦਾਵਲੀ ਸਹਿਤ (hypnotism) ਦੀ ਕਵਿਤਾ ਹੈ। ਇਹ ਸਾਰੀਆਂ ਗੱਲਾਂ ਉਸ ਮੁਸ਼ਕਿਲ ਵੱਲ ਇਸ਼ਾਰਾ ਕਰਦੀਆਂ ਹਨ ਜਿਹੜੀ ਭਗਤੀਰਸ ਕਵਿਤਾ ਨੂੰ ਸਮੇਂ ਦੀ ਜੁਝਾਰਤਾ ਵੱਲ ਮੋੜਣ 'ਚ ਆਉਂਦੀਆਂ ਹਨ।

ਭਾਵੇਂ ਇਸ ਗੱਲ ਦਾ ਜ਼ਿਕਰ ਹੈ ਕਿ ਪਰੰਪਾਰਿਕ ਸਮਾਜੀ ਪ੍ਰਬੰਧ ਬਿਗੜ ਗਿਆ ਹੈ ਪਰ **ਬਚਿੱਤ੍ਰ ਨਾਟਕ** ਵਿਚ ਪ੍ਰਕਿਰਤੀ ਦਾ ਕੋਈ ਵਰਣਨ ਨਹੀਂ। ਜਗਤ ਉੱਤੇ ਪ੍ਰਭੂ, ਯੁੱਧ ਅਤੇ ਮਿਸ਼ਨ ਦੀ ਗੁਲਬੀਨ (kaleiodoscope) ਰਾਹੀਂ ਨਜ਼ਰ ਮਾਰੀ ਜਾ ਰਹੀ ਹੈ। ਪ੍ਰਕਿਰਤੀ ਅਤੇ ਸਮਾਜ ਦੀ ਅਣਹੋਂਦ ਦਾ ਧੁਨੀ-ਅਧੀਨ ਰਵਾਨੀ ਅਤੇ ਸ਼ਬਦਾਂ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਾਦੀ ਝੱਖੜ ਤੋਂ ਪਤਾ ਚਲਦਾ ਹੈ ਕਿ ਬਨਾਵਟੀ, ਧਿਙਜ਼ੋਰੀ ਅਤੇ ਮਨਮਰਜ਼ੀ ਦੀ ਸ਼ਬਦਾਵਲੀ ਇਸ ਗੱਲ ਦਾ ਸੰਕੇਤ ਹੈ ਕਿ ਘੇਰੇ 'ਚ ਆਏ ਭਾਂਤ ਸੁਭਾਂਤੇ ਸਿੱਖ ਮੌਤ ਨਾਲ ਦਿਨ ਕੱਟਣੇ ਸਿੱਖ ਰਹੇ ਹਨ ।

ਬਚਿੱਤ੍ਰ ਨਾਟਕ ਦੀਆਂ ਕਮਜ਼ੋਰੀਆਂ ਦਾ ਸਮਾਜਵਿਗਿਆਨਿਕ ਕਾਰਨ ਹੈ । ਇਹ ਇਸ ਤੱਥ ਦਾ ਚਿੰਨ੍ਹ ਹਨ ਕਿ ਗੁਰੂ ਗੋਬਿੰਦ ਸਿੰਘ ਦੀ ਸੰਗਤ ਅਤੇ ਪੰਥ ਦੀ ਸਾਖ ਬਦਲ ਗਈ ਹੈ । ਜਿੱਥੇ ਅੱਗੇ ਸਿੱਖ ਸਿਧਾਂਤ ਵਿਚ ਨਿਪੁੰਨ ਸ਼ਰਧਾਲੂ ਸਿੱਖ ਹੁੰਦੇ ਸਨ ਜਿਨ੍ਹਾਂ ਨੇ ਗੁਰੂ ਦੀ ਸੇਵਾ ਵਿਚ ਉਮਰਾਂ ਲੰਘਾਈਆਂ ਹੁੰਦੀਆਂ ਸਨ ਉਥੇ ਹੁਣ ਹੰਢੇ ਵਰਤੇ ਯੋਧੇ, ਆਦਰਸ਼ਵਾਦੀ ਨੌਜਵਾਨ, ਅਲਗਰਜ਼ ਗਭਰੂ, ਸ਼ਰਧਾਲੂ ਪਰ ਵਿਦਿਆਹੀਣ ਸਿੱਖ ਸਨ ।[16] ਗੁਰੂ ਗੋਬਿੰਦ ਸਿੰਘ ਦੇ ਸਾਹਮਣੇ ਇਹ ਸਵਾਲ ਸੀ ਕਿ ਕਿਵੇਂ ਰਲੇ ਮਿਲੇ ਸੰਮਿਲਤ ਮਨੁੱਖੀ ਮਵਾਦ ਨੂੰ ਅਜਿਹੇ ਸਮਾਜੀ ਅਚਾਰ ਦੀ ਸੰਸਥਾ 'ਚ ਢਾਲਿਆ ਜਾਵੇ ਜਿਸ ਨਾਲ ਅਨੰਦਪੁਰ ਸਾਹਿਬ ਦਾ ਅਜਿਹਾ ਬਿੰਬ ਬਣੇ ਜਿਸ ਨੂੰ ਸਿੱਖ ਆਪਣਾ ਮਹਾਨ ਅਤੇ ਜੁਝਾਰ ਉੱਦੇਸ਼ ਬਣਾ ਲੈਣ । **ਬਚਿੱਤ੍ਰ ਨਾਟਕ** ਦੀ ਉੱਥਲ ਪੁੱਥਲ ਦਰਅਸਲ ਗੁਰੂ ਗੋਬਿੰਦ ਸਿੰਘ ਦੇ ਪੈਰੋਕਾਰਾਂ ਦੀ ਭਾਂਤ ਸੁਭਾਂਤੀ ਸਮਾਜਵਿਗਿਆਨਿਕ ਗਵਾਹੀ ਹੈ ।

ਬਚਿੱਤ੍ਰ ਨਾਟਕ ਨਾਲ ਸਿੱਖ ਬੜੇ ਔਖੇ ਦੁਖਦਾਈ ਤਰੀਕੇ ਨਾਲ ਇਤਿਹਾਸ ਵਿਚ ਪ੍ਰਵੇਸ਼ ਕਰਦੇ ਹਨ । ਇਹ ਤਤਕਾਲੀ ਇਤਿਹਾਸਕ ਕਿਰਤ ਹੈ ਜਿਸ ਵਿਚ ਵਰਤਮਾਨ ਨਾਲ ਵਫ਼ਾਦਾਰੀ ਤੋਂ ਜ਼ਿਆਦਾ ਭਵਿੱਖ ਨਾਲ ਇਕਰਾਰ ਹੈ । **ਬਚਿੱਤ੍ਰ ਨਾਟਕ** ਸਮਕਾਲੀ ਸਿੱਖਾਂ ਦਾ ਦਰਪਨ ਹੈ ਜਿਹੜਾ ਉਨ੍ਹਾਂ ਨੂੰ ਦਰਸਾਉਂਦਾ ਹੈ ਕਿ ਉਹ ਕੀ ਸਨ ਅਤੇ ਉਨ੍ਹਾਂ ਨੇ ਕੀ ਹੋਣਾ ਹੈ । **ਬਚਿੱਤ੍ਰ ਨਾਟਕ** ਦੀ ਇਹ ਵਡਿਆਈ ਹੈ ਕਿ ਇਨ੍ਹਾਂ ਗੱਲਾਂ ਦਾ ਕਿਸੇ ਸਾਧਾਰਨ ਬੇਗਾਨੇ ਨੂੰ ਪਤਾ ਹੈ । ਯਕੀਨਨ ਸੈਆਂ ਸਿੱਖ ਅਜਿਹੇ ਹੋਣਗੇ ਜਿਨ੍ਹਾਂ ਨੂੰ ਇਸ ਤੋਂ ਜ਼ਿਆਦਾ ਜਾਣਕਾਰੀ ਅਤੇ ਗਿਆਨ ਸੀ । ਇਹ ਮੰਨਣਯੋਗ ਗੱਲ ਹੈ ਕਿ ਖਾਲਸੇ ਦੀ ਚੇਤਨਾ ਅਤੇ ਗੁਰੂ ਗੋਬਿੰਦ ਸਿੰਘ ਦਾ ਅਵਲੋਕਨ ਇਸ ਤੋਂ ਜ਼ਿਆਦਾ ਬਲਵਾਨ ਸੀ । ਅੱਜ ਤਕ ਇਤਿਹਾਸਕਾਰ ਗੁਰੂ ਗੋਬਿੰਦ ਸਿੰਘ ਨੂੰ **ਬਚਿੱਤ੍ਰ ਨਾਟਕ** ਤੋਂ ਸਮਝਣ ਦੀ ਕੋਸ਼ਿਸ਼ ਕਰਦੇ ਰਹੇ ਹਨ । ਸੱਚ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਜੀਵਨ ਅਤੇ ਮਿਸ਼ਨ ਨੇ ਹੀ **ਬਚਿੱਤ੍ਰ ਨਾਟਕ** ਨੂੰ ਅਰਥਪੂਰਨ ਬਣਾਇਆ ਹੈ ।

(2)

ਜੇ ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ **ਬਚਿੱਤ੍ਰ ਨਾਟਕ** ਦੀ ਸਿਰਜਣਾ ਲਈ ਉਤਸ਼ਾਹ ਬਣੀ ਤਾਂ **ਬਚਿੱਤ੍ਰ ਨਾਟਕ** ਅੱਗੇ ਜਾ ਕੇ ਗੁਰਬਿਲਾਸ ਗੁਰਸੋਭਾ ਜਿਹੀਆਂ ਕਿਰਤਾਂ ਦੀ ਪ੍ਰੇਰਨਾ ਬਣਦਾ ਰਿਹਾ । ਗੁਰਬਿਲਾਸ ਸਹੀ ਮਹਿਨਿਆਂ ਵਿਚ ਜੀਵਨੀਆਂ ਨਹੀਂ ਪਰ ਇਨ੍ਹਾਂ ਦੇ ਰੂਪ ਨੂੰ ਜੀਵਨੀ-ਜਿਹਾ ਕਿਹਾ ਜਾ ਸਕਦਾ ਹੈ । **ਗੁਰ ਸੋਭਾ**[17], ਕਰਤਾ ਸੈਨਾਪਤਿ, ਗੁਰੂ ਗੋਬਿੰਦ ਸਿੰਘ ਦੇ ਜੋਤੀਜੋਤ ਸਮਾਉਣ ਤੋਂ ਤਿੰਨ ਸਾਲ ਬਾਦ ਅਤੇ ਬੰਦਾ ਬਹਾਦਰ ਦੇ ਵਕਤੀ ਸਿੱਖ ਰਾਜ ਤੋਂ ਕੁਝ ਸਾਲ ਪਹਿਲਾਂ ਦੀ ਰਚਨਾ ਹੈ । ਗੁਰੂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੋਬਿੰਦ ਸਿੰਘ ਨਾਲ ਸੰਬੰਧਿਤ ਇਕ ਹੋਰ ਕਿਰਤ ਸੁੱਖਾ ਸਿੰਘ ਦੀ ਹੈ ਜਿਹੜੀ 1797 ਵਿਚ **ਗੁਰ ਬਿਲਾਸ ਦਸਵੀਂ ਪਾਤਿਸ਼ਾਹੀ** ਨਾਂਉ ਹੇਠ ਲਿਖੀ ਗਈ। ਇਹਦਾ ਰਚਨਾ ਕਾਲ ਪੰਜਾਬ ਵਿਚ ਸਿੱਖਾ ਦੇ ਰਾਜ ਦੀ ਸਥਾਪਤੀ ਤੋਂ ਮਗਰੋਂ ਦਾ ਹੈ। ਇਹ ਦੋ ਗੁਰਬਿਲਾਸ 85 ਸਾਲਾਂ ਦੀ ਵਿਥ ਨਾਲ ਅਠਾਰਵੀਂ ਸਦੀ ਦੇ ਦੋਵੇਂ ਸਿਰਿਆਂ ਤੇ ਆਉਂਦੇ ਹਨ।

ਗੁਰ ਸੋਭਾ ਪਾਠਕ ਦੀ ਮੁਕਤੀ ਲਈ ਹੈ ਜਿਹੜੀ ਇਹਦੇ ਪਾਠ ਅਤੇ ਖਾਲਸਾ ਪੰਥ ਦੀ ਸੇਵਾ ਨਾਲ ਮਿਲ ਸਕਦੀ ਹੈ। ਇਹ ਗੁਰੂ ਗੋਬਿੰਦ ਸਿੰਘ ਦੇ ਜੀਵਨ ਦਾ ਕਰਾਮਾਤੀ ਵਰਣਨ ਹੈ ਜਿਹੜੇ 'ਦੁਸ਼ਟ ਬਿਡਾਰਣ ਸੰਤ ਉਬਾਰਣ' ਲਈ ਆਏ ਸਨ। ਕਰਤਾ ਆਪਣੇ ਲਈ ਅਤੇ ਦੂਸਰਿਆਂ ਲਈ ਖਾਲਸਾ ਪ੍ਰਤੀ 'ਸਾਬਤ ਮਜ਼ਬੂਤ' ਸਿਦਕ ਦੀ ਪ੍ਰਾਰਥਨਾ ਕਰਦਾ ਹੈ। ਗੁਰੂ ਨੇ ਖਾਲਸੇ ਦੀ 'ਅਚੱਲ ਨੀਵ' ਰੱਖੀ ਹੈ ਜਿਹੜਾ ਗੁਰੂ ਜਿਹਾ ਹੈ ਅਤੇ ਘਟਾਇਆ ਘੱਟ ਨਹੀਂ ਸਕਦਾ, ਨਾ ਛਿਪਾਇਆ ਛਿਪ ਸਕਦਾ ਹੈ। ਇਹ ਰਚਨਾ ਗੁਰੂ-ਪੰਥ ਸਿੱਧਾਂਤ ਦੀ ਜ਼ੋਰਦਾਰ ਪੁਸ਼ਟੀ ਕਰਦੀ ਹੈ।[18]

1711 ਈ. ਰਚਿਤ **ਸ੍ਰੀ ਗੁਰ ਸੋਭਾ** ਦੀ ਇਹ ਮਹੱਤਾ ਹੈ ਕਿ ਅਸੀਂ ਇਸ ਤੋਂ ਗੁਰੂ ਗੋਬਿੰਦ ਤੋਂ ਮਿਲੇ ਵਿਚਾਰਿਕ ਵਿਰਸੇ ਦਾ ਅਨੁਮਾਨ ਲਾ ਸਕਦੇ ਹਾਂ। ਜੇ ਇਹ ਕਿਰਤ ਵਾਕ਼ਈ ਅਨਾਮਿਕ ਹੈ[19] ਤਾਂ ਇਹਦਾ ਮਹੱਤਵ ਹੋਰ ਵੀ ਵਧ ਜਾਂਦਾ ਹੈ ਕਿਉਂਕਿ ਅਸੀਂ ਅਨਾਮਿਕ ਕਿਰਤ ਨੂੰ ਗੁਮਨਾਮ ਪੰਥ ਦੀਆਂ ਭਾਵਨਾਵਾਂ ਦੀ ਸੂਚਕ ਕਹਿ ਸਕਾਂਗੇ ਕਿਉਂ ਜੋ ਨਾਮਿਕ ਕਿਰਤ ਨੂੰ ਖ਼ੁਆਸ (elite) ਦੀ ਪ੍ਰਤਿਨਿਧੀ ਸਸਝਣਾ ਯੋਗ ਹੁੰਦਾ ਹੈ। ਕਰਤਾ ਨੂੰ ਸਾਹਿਤ ਦੀ ਕਾਰਜਤਾ ਦਾ ਪਤਾ ਹੈ। ਜਦੋਂ ਕਵੀ ਰਣਭੂਮੀ ਦੀ ਗੱਲ ਕਰਦਾ ਹੈ ਤਾਂ ਯੋਧਿਆਂ ਦੇ ਮਨ ਹੁਲਾਸ ਆਉਂਦਾ ਹੈ।[20] ਲਿਖਾਰੀ ਬੜੀ ਯੋਗਤਾ ਨਾਲ ਪੰਥ ਦੀ ਅਤੇ ਪੰਥ ਲਈ ਗੱਲ ਕਰਦਾ ਹੈ।

ਗੁਰ ਸੋਭਾ ਦਾ ਕਰਤਾ ਗੁਰੂ ਗੋਬਿੰਦ ਸਿੰਘ ਦੇ ਅਨੰਦਪੁਰ ਛੱਡਣ ਤਕ **ਬਚਿੱਤ੍ਰ ਨਾਟਕ** ਵਾਲੀ ਗੱਲ ਕਰਦਾ ਹੈ। ਉਹ **ਬਚਿੱਤ੍ਰ ਨਾਟਕ** ਦੀਆਂ ਲਿਖਿਯਤੇ, ਬਰਨਣ ਖਾਲਸਾ ਬਾਚ, ਸੁੰਭਮਸਤ, ਤਵਪ੍ਰਸਾਦ, ਆਦਿ ਸਾਹਿਤਕ ਘੁੰਡੀਆਂ ਦੀ ਨਕਲ ਕਰਦਾ ਹੈ। ਦੋਵੇਂ ਕਿਰਤਾਂ ਵਿਚ ਲੜਾਈਆਂ ਦਾ ਵਰਨਣ ਇਕੋ ਤਰ੍ਹਾਂ ਦਾ ਪਰੰਪਰਾਵਾਦੀ ਹੈ। ਭੂਤਾਂ, ਪ੍ਰੇਤਾਂ, ਗਿਰਜਾਂ, ਰਣਭੂਮੀ ਤੇ ਮੰਡਲਾ ਰਹੀਆਂ ਹਨ। ਯੋਧਿਆਂ ਦੇ ਬਸਤਰ ਲਹੂ ਨਾਲ ਇੰਜ ਭਿੱਜੇ ਹਨ ਜਿਵੇਂ ਕਿਤੇ ਉਹ ਹੋਲੀ ਖੇਲਦੇ ਹੋਣ।[21] **ਗੁਰ ਸੋਭਾ** ਦੇ 'ਨਰਾਜ, ਮਧੁਭਾਰ, ਰਸਾਵਲ ਭੁਜੰਗ ਪ੍ਰਯਾਤ' ਛੰਦ **ਦਸਮ ਗ੍ਰੰਥ** 'ਚੋਂ ਆਏ ਹਨ। ਕਰਤਾ ਆਪਣੇ ਰੱਬ ਦੀ ਉਸਤਤਿ ਵੀ 'ਜਾਪੁ' ਅਨੁਸਾਰ ਕਰਦਾ ਹੈ।[22] ਇਹਦੇ ਵਿਚ ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਅਤੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੇ ਵਰਣਨ ਵਿਚ **ਬਚਿੱਤ੍ਰ ਨਾਟਕ** ਦੀਆਂ ਭਾਸ਼ਾਈ ਗੂੰਜਾਂ ਮਿਲਦੀਆਂ ਹਨ।

ਗੁਰੂ ਗੋਬਿੰਦ ਸਿੰਘ ਦਾ 'ਦੁਸ਼ਟ ਬਡਾਰਣ ਅਤੇ ਸੰਤ ਉਬਾਰਣ' ਦਾ ਮਿਸ਼ਨ ਸੀ। ਗੁਰੂ ਗੋਬਿੰਦ ਸਿੰਘ ਆਪ ਪਰਮਾਤਮਾ ਸੀ। ਇਹ ਗੱਲਾਂ ਇਸ ਕਿਰਤ ਵਿਚ ਥਾਉਂ ਥਾਉਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਲਦੀਆਂ ਹਨ ।[23] ਸਿੱਖ ਬ੍ਰਹਮਵਿਦਿਆ ਅਨੁਸਾਰ ਗੁਰੂ ਅਤੇ ਪਰਮਾਤਮਾ 'ਚ ਕੋਈ ਭੇਦ ਨਹੀਂ ਪਰ ਗੁਰ ਸੋਭਾ ਵਿਚ ਗੁਰੂ ਗੋਬਿੰਦ ਸਿੰਘ ਦੀ ਹਾਜ਼ਰੀ ਹੀ ਪਰਮਾਤਮਾ ਦੀ ਸਰੀਰਕ ਮੌਜੂਦਗੀ ਦੇ ਬਰਾਬਰ ਹੈ ।[24] ਕਿਰਤ ਦੇ ਆਖਰੀ ਅਧਿਆਇ ਅਨੁਸਾਰ ਗੁਰੂ ਗੋਬਿੰਦ ਸਿੰਘ ਜੋਤੀਜੋਤ ਸਮਾਉਣ ਤੋਂ ਬਾਅਦ ਆਪਣੀ ਆਦਿਮੂਲਕ (primordial) ਸਥਿਤੀ ਵਿਚ ਚਲੇ ਜਾਂਦੇ ਹਨ । ਗੁਰੂ ਗੋਬਿੰਦ ਸਿੰਘ ਆਨੰਦਪੁਰ ਸਾਹਿਬ ਤੋਂ ਬਾਦ ਚਮਕੌਰ ਛੱਡ ਜਾਂਦੇ ਹਨ ਤਾਂ ਕਰਤਾ 'ਉਦਾਸੀਨ ਅਵਿਅਕਤ' ਦੀ ਬ੍ਰਹਮਵਿਦਿਆ ਬਣਾ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਧਨ, ਦਾਰਾ ਸੁਤ, ਧਉਲਰ ਛੱਡ ਕੇ ਸ੍ਰਿਸ਼ਟੀ ਤੋਂ ਉਦਾਸੀਨਤਾ ਦਾ ਪੱਖ ਧਾਰ ਲੈਂਦੇ ਹਨ ।[25]

'ਦਸ਼ਟ ਬਡਾਰਣ ਸੰਤ ਉਬਾਰਣ' ਦਾ ਮਤਲਬ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਲੌਕਿਕ ਲੜਾਈਆਂ ਲੜਨੀਆਂ ਪਈਆਂ ।[26] ਗੁਰੂ ਗੋਬਿੰਦ ਸਿੰਘ ਦੇ ਹਥਿਆਰ ਸ਼ਾਇਦ ਪਹਾੜੀ ਰਾਜਿਆਂ ਨਾਲੋਂ ਬਿਹਤਰ ਸਨ। ਇਸ ਕਿਰਤ ਵਿਚ ਗੁਰੂ ਗੋਬਿੰਦ ਸਿੰਘ ਦਾ ਬਿੰਬ ਰਣਭੂਮੀ ਦੇ ਯੋਧੇ ਦਾ ਹੈ । ਭਵਿੱਖ ਵਿਚ ਸਿੱਖ ਆਪਣੇ ਆਪ ਨੂੰ ਇਸੇ ਬਿੰਬ ਅਨੁਸਾਰ ਢਾਲਣਗੇ । ਕਰਤਾ ਅਨੁਸਾਰ ਗੁਰੂ ਸਾਹਿਬ ਨੂੰ ਹਾਥੀਆਂ ਦੀਆਂ ਲੜਾਈਆਂ ਵੇਖਣ ਦਾ ਸ਼ੌਕ ਸੀ ।[27] ਗੁਰੂ ਸਾਹਿਬ ਦੀ ਨਿਜੀ ਤਸਵੀਰ ਮਹੱਤਵਪੂਰਨ ਹੈ ਜਿਸ ਵਿਚ ਉਨ੍ਹਾਂ ਨੂੰ ਕੀਮਤੀ ਪੱਥਰਾਂ ਅਤੇ ਹਥਿਆਰਾਂ ਦੇ (emblems) ਰਾਹੀਂ ਚਿਤ੍ਰਿਆ ਗਿਆ ਹੈ ਜਿਹੜੇ ਕਿ ਉਨ੍ਹਾਂ ਦੀ ਰੂਹਾਨੀ ਸਰਬਉੱਚਤਾ ਅਤੇ ਦੁਨਿਆਵੀ ਹਕੂਮਤ ਦੇ ਲਖਾਇਕ ਹਨ ।[28]

ਕਰਤਾ ਅਨੁਸਾਰ ਗੁਰੂ ਗੋਬਿੰਦ ਸਿੰਘ ਆਪ ਲੜਾਈ ਦੀ ਦੇਖ ਰੇਖ ਕਰਦੇ ਸਨ ।[29] ਉਹ ਭੰਗਾਣੀ ਦੇ ਯੁੱਧ ਵਿਚ ਹੀ ਮੋਰਚੇ ਅਤੇ ਸੰਗਠਨ ਅਨੁਸਾਰ ਲੜੇ ਸਨ ।[30] ਆਨੰਦਪੁਰ ਦੇ ਘੇਰੇ ਸਮੇਂ ਸਿੱਖਾਂ ਨੇ ਕਈ ਦਾਉਪੇਚ ਸਿਖ ਲਏ ਸਨ । ਇਹਨਾਂ ਵਿਚ ਸਭ ਤੋਂ ਵੱਧ ਜ਼ਰੂਰੀ ਚੌਕਸੀ ਅਤੇ ਸਹਿਨਸ਼ਕਤੀ (endurance) ਸੀ ।[31] ਅੰਨ ਇਕ ਰੁਪਏ ਸੇਰ ਵਿਕਦਾ ਸੀ । ਜੇ ਦੋ ਸਿੱਖ ਪਾਣੀ ਲੈਣ ਜਾਂਦੇ ਤਾਂ ਉਨ੍ਹਾਂ ਦੇ ਬਚਾਉ ਲਈ ਦੋ ਸਿੱਖ ਸਾਰੇ ਰਾਹ ਲੜਦੇ ਜਾਂਦੇ ਅਤੇ ਲੜਦੇ ਲੜਦੇ ਮੁੜਦੇ ।[32] ਆਨੰਦਪੁਰ 'ਚ ਘਿਰੇ ਸਿੱਖਾਂ ਨੂੰ ਅੱਜ ਦੇ ਗੁਰੀਲਿਆਂ ਵਾਂਗੂੰ ਸਮਝ ਸੀ ਕਿ ਉਹ ਆਪਣੀ ਰਸਦ ਵਸਤ ਲਈ ਦੁਸ਼ਮਣ 'ਤੇ ਹੀ ਨਿਰਭਰ ਹਨ ।[33] ਉਹ ਆਨੰਦਪੁਰ ਛੱਡਣ ਲਗਿਆਂ ਸਭ ਕੁਝ ਜਾਲ ਆਏ ਸਨ । ਸਿੱਖਾਂ ਨੇ ਗੁਰੂ ਸਾਹਿਬ ਤੋਂ ਬਹੁਤ ਮਹੱਤਵਪੂਰਨ ਫੌਜੀ ਟੈਕਟਿਕ ਸਿੱਖਿਆ ਸੀ ਜਿਸ ਅਨੁਸਾਰ ਉਹ ਵਿੱਥ ਪਾ ਕੇ ਮੋਰਚੇ ਗੱਡ ਸਕਦੇ ਸਨ ਤਾਂ ਜੋ ਦੁਸ਼ਮਣ ਦੇ ਹਮਲੇ ਨੂੰ ਕੁਝ ਸਮੇਂ ਲਈ ਥੰਮਿਆ ਜਾ ਸਕੇ ਅਤੇ ਸਿੱਖ ਸੈਨਾਂ ਦਾ ਕੁਝ ਹਿੱਸਾ ਬਚ ਕੇ ਨਿਕਲ ਸਕੇ ।[34] ਦੂਸਰਾ ਟੈਕਟਿਕ ਉਸ ਸਮੇਂ ਸ਼ਹੀਦੀ ਪਾਉਣ ਦਾ ਸੀ ਜਦੋਂ ਸਥਿਤੀ ਦੀ ਗੰਭੀਰਤਾ ਮਰਨ-ਮਾਰਨ ਵਾਲੇ ਹੌਸਲੇ ਦੀ ਮੰਗ ਕਰਦੀ ਹੋਵੇ ।[35]

ਕਰਤਾ ਧਰਮਯੁੱਧ ਵਿਚ ਸੈਨਿਕ ਵਡਿਆਈ ਦੇ ਵਿਚਾਰ ਨੂੰ ਸਾਹਮਣੇ ਲਿਆਉਂਦਾ ਹੈ ਅਤੇ ਗੁਰੂ ਸਾਹਿਬ ਵਿਚ ਇਸ ਵਡਿਆਈ ਨੂੰ ਮੂਰਤੀਮਾਨ ਹੋਈ ਦੱਸਦਾ ਹੈ। ਇਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਦਰਸ਼ਿਕ ਵਿਹਾਰ ਸਾਹਿਬਜ਼ਾਦਾ ਅਜੀਤ ਸਿੰਘ ਦੀ ਰਣ-ਸ਼ਕਤੀ ਦੇ ਵਰਣਨ ਵਿਚ ਹੈ।[36] ਜਿਸ ਨੂੰ ਕਵੀ, ਸ਼ਾਇਦ ਜਾਣ ਬੁਝਕੇ, ਰਣਜੀਤ ਸਿੰਘ ਕਹਿੰਦਾ ਹੈ। ਜੁਝਾਰ ਸਿੰਘ ਦੇ ਮਰਨ ਮਾਰਨ ਵਾਲੇ ਹੌਸਲੇ ਦਾ ਜ਼ਿਕਰ ਹੈ। ਲਿਖਾਰੀ ਅਸੰਭਵ ਮੁਸ਼ਕਲਾਂ ਦੇ ਟਾਕਰੇ ਵਿਚ ਮਰਨਹਾਰ ਹੌਸਲੇ ਦੀ ਕਦਰ ਕਰਨ ਤੋਂ ਰਹਿ ਨਹੀਂ ਸਕਦਾ ਜਿਸ ਕਰਕੇ ਉਹ ਸ਼ਹਿਜ਼ਾਦਾ ਆਜ਼ਮ ਦੀ ਜੁਝਾਰ ਮੌਤ ਦੀ ਤਾਰੀਫ ਕਰਦਾ ਹੈ ਭਾਵੇਂ ਉਹ ਗੁਰੂ ਸਾਹਿਬ ਦੇ ਧੜੇ ਵਿਚ ਨਹੀਂ ਸੀ।

ਲਿਖਾਰੀ ਦੀ ਮੁੱਖ ਚਿੰਤਾ ਖਾਲਸੇ ਦੀ ਉਤਪਤੀ, ਇਹਦੇ ਬ੍ਰਹਮਵਿਦਿਅਕ ਸਥਾਨ ਅਤੇ ਇਹਦੇ ਭਵਿੱਖ ਦੀ ਹੈ। ਉਹ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਜੋਤ ਦੀ ਅਭੇਦਤਾ ਤੇ ਜ਼ੋਰ ਦਿੰਦਾ ਹੈ। ਖਾਲਸੇ ਦਾ ਮਨੋਰਥ 'ਅਸੁਰ ਸੰਘਾਰਬੇ ਕੋ... ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ'।[37] ਜਿਸ ਵਿਚ ਮਸੰਦ ਰੁਕਾਵਟ ਬਣਦੇ ਹਨ।

ਕਰਤਾ ਨੂੰ ਖਾਲਸੇ ਦੇ ਬ੍ਰਹਮਵਿਦਿਅਕ ਅਰਥਾ ਦਾ ਫਿਕਰ ਹੈ। ਖਾਲਸਾ ਪਹਿਲੇ ਗੁਰੂਆਂ ਵਾਲੀ ਸੰਗਤ ਹੈ, ਇਹ ਆਤਮਿਕ ਜਾਗ੍ਰਤੀ ਦੀ ਨਿਸ਼ਾਨੀ ਹੈ। ਨਾਮ ਹੀ ਖਾਲਸੇ 'ਚ ਸ਼ਾਮਿਲ ਹੋਣ ਦੀ ਮੰਗ ਕਰਦਾ ਹੈ। 'ਮਾਨ ਬਚਨ ਸਨਮੁਖ ਭਏ, ਜਿਨ ਅੰਤਰਿ ਪਰਤੀਤ/ਏਕੋ ਨਾਮ ਨਿਧਾਨ ਜਪਿ, ਲੀਓ ਜਨਮ ਜਿਨ ਜੀਤ' 'ਖਾਲਸੇ ਮੇ ਸੁਫਲ ਸੇਵ, ਕਰਤ ਹੈ ਸਕਲ ਦੇਵ, ਐਸੋ ਬਤਾਯੋ ਭੇਵ, ਉਪਜਤ ਅਨੰਦ ਹੈ'।[38] ਖਾਲਸੇ ਦੀ ਉਪਜ ਰੱਬੀ ਇੱਛਾ ਦਾ ਪ੍ਰਮਾਣ ਹੈ।[39] ਜਿਹੜੇ ਖਾਲਸੇ ਵਿਚ ਨਹੀਂ ਆਉਂਦੇ ਉਹ ਮਨਮੁੱਖ ਹਨ। ਸਿੱਖ ਬ੍ਰਹਮਵਿਦਿਆ ਵਿਚ ਮਨਮੁੱਖ ਦੇ ਵਿਕਲਪ 'ਚ ਵਿਸਥਾਰ ਹੁੰਦਾ ਆਇਆ ਹੈ। ਪਹਿਲਾਂ ਪਹਿਲਾਂ ਇਹਦਾ ਅਰਥ ਉਹ ਮਨੁੱਖ ਸੀ ਜਿਸਦੀਆਂ ਪ੍ਰਵਿਰਤੀਆਂ ਵਿਹਾਰਕ ਅਹਿਮ ਤੇ ਕੇਂਦ੍ਰਿਤ ਸਨ। ਫੇਰ 'ਮਨਮੁੱਖ' ਵਿਚ ਦੋ ਭਾਂਤ ਦੀਆਂ ਸ਼੍ਰੇਣੀਆਂ ਰਲ ਜਾਂਦੀਆਂ ਹਨ। ਇਕ ਉਹ ਜੋ ਗੁਰੂ ਦੇ ਸਿੱਖ ਬਨਣ ਤੋਂ ਰਹਿ ਜਾਂਦੇ ਹਨ। ਦੂਸਰੇ ਉਹ ਜੋ ਗੁਰ-ਪ੍ਰਣਾਲੀ ਦੇ ਵਿਰੋਧੀ ਹਨ। ਜਿਵੇਂ ਪਹਿਲੇ ਗੁਰੂ ਨਿੰਦਕਾਂ ਨੂੰ 'ਕਾਲ' ਅਤੇ 'ਹੁਕਮ' ਦੀ ਦ੍ਰਿਸ਼ਟੀ ਤੋਂ ਦੁਰਕਾਰਦੇ ਸਨ ਕਰਤਾ ਵੀ ਇਸੇ ਸ਼ਬਦਾਵਲੀ ਵਿਚ ਖਾਲਸੇ ਵਿਚ ਨਾ ਰਲਣ ਵਾਲਿਆਂ ਨੂੰ ਨਿੰਦਦਾ ਹੈ।[40] ਕਰਤਾ ਦੀ ਸਿੱਖ ਬ੍ਰਹਮਵਿਦਿਆ ਨਾਲ ਡੂੰਘੀ ਜਾਣਕਾਰੀ ਹੈ ਜਿਸ ਦੇ ਸਦਕੇ ਉਹ ਇਹ ਕਹਿ ਸਕਦਾ ਹੈ ਕਿ ਕੇਵਲ ਖਾਲਸਾ ਹੀ ਗੁਰਮੁਖ ਹੋ ਸਕਦਾ ਹੈ। ਜਿਹੜੇ ਬੰਦੇ ਮਾਯਾ ਦੇ ਅਸਰ ਹੇਠ ਵਾਸ਼ਨਾਵਾਂ ਅਧੀਨ ਹਨ ਉਹ ਜਨਮ ਗੁਆ ਲੈਂਦੇ ਹਨ ਅਤੇ ਜਗਤ ਦੀ ਨਾਸ਼ਮਾਨਤਾ ਨੂੰ ਨਹੀਂ ਸਮਝਦੇ। ਜਿਹੜੇ ਨਾਮ ਨੂੰ ਸਮਝਦੇ ਹਨ ਉਹ ਖਾਲਸਾ ਸਜ ਜਾਂਦੇ ਹਨ :

ਜਿਹ ਜਨ ਉਪਜਤ ਨਾਮ ਧੁਨਿ
ਤਿਹ ਜਨ ਨਿਰਮਲ ਰੀਤ
ਭਜਿ ਗੋਬਿੰਦ ਭਏ ਖਾਲਸਾ
ਜਿਨ ਅੰਤਰਿ ਪਰਤੀਤ[41]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹੜੇ ਸਿੱਖ ਖਾਲਸਾ ਨਹੀਂ ਹੋ ਸਕੇ ਉਨ੍ਹਾਂ ਨੂੰ ਨਿੰਦਕਾਂ ਦੀ ਸ਼ਬਦਾਵਲੀ ਵਿਚ ਦੁਰਕਾਰਿਆ ਗਿਆ ਹੈ।[42] ਖਾਲਸਾ ਹੀ ਮੁਕਤੀ ਦੀ ਸੰਸਥਾ ਹੈ 'ਜੀ ਖਾਲਸਾ ਸ਼ਰਨਿ ਦੁਆਰ, ਕਰੋ ਨਿਸਤਾਰੀਆ'।[43] ਉਪਰੋਕਤ ਬ੍ਰਹਮਵਿਦਿਅਕ ਜਾਣਕਾਰੀ ਕਾਰਣ ਕਰਤਾ ਖਾਲਸੇ ਦੇ ਨਿੰਦਕਾਂ ਨੂੰ ਨਰਕਾਂ ਦੇ ਭਾਗੀ ਦਰਸਾਉਂਦਾ (parenthetically) ਕਹਿੰਦਾ ਹੈ 'ਜਾਨ ਬੁਝਿ ਨਰਕ ਪਰੇ ਐਸੋ ਬਤਾਯੋ ਹੈ।' ਉਹ ਖਾਲਸੇ ਅਤੇ ਵਿਰੋਧੀਆਂ ਦੇ ਤੱਜ਼ਾਦ ਨੂੰ ਪਹਿਲੇ ਗੁਰੂਆਂ ਵਾਂਗ ਰੱਬੀ ਹੁਕਮ ਕਹਿੰਦਾ ਹੈ —'ਇਕ ਨਿੰਦਕ ਇਕ ਖਾਲਸਾ ਕਰਤੇ ਇਉਂ ਭਾਇਆ'।[44]

ਲਿਖਾਰੀ ਦਸਦਾ ਹੈ ਕਿ ਖਾਲਸੇ ਦਾ ਯੁੱਧ ਨਾਲ ਅਟੁੱਟ ਸੰਬੰਧ ਹੈ। ਖਾਲਸੇ ਦਾ ਬ੍ਰਹਮਵਿਦਿਅਕ ਅਰਥ ਯੁੱਧ ਹੈ। ਗੁਰੂ ਗੋਬਿੰਦ ਸਿੰਘ ਦੀ ਜਗਤ ਤੋਂ ਉਦਾਸੀਨਤਾ ਦਾ ਇਹ ਪ੍ਰਣਾਮ ਨਿਕਲਿਆ ਕਿ ਉਨ੍ਹਾਂ ਖਾਲਸਾ ਸਾਜਿਆ। ਸਿੱਖ ਮਸੰਦਾਂ ਨੂੰ ਦੂਰ ਕਰਕੇ ਜਨਮ-ਮਰਨ ਦੇ ਬੰਧਨ ਤੋੜ ਸਕਣਗੇ। ਖਾਲਸੇ ਨੇ ਪੰਜ ਭਾਂਤ ਦੇ ਲੋਕਾਂ ਤੋਂ ਦੂਰ ਰਹਿਣਾ ਹੈ। ਖਾਲਸੇ ਦੇ ਰੂਪ ਦੀ ਅਨੂਪ ਸੁੰਦਰਤਾ ਹੈ। ਖਾਲਸੇ ਜਿਹਾ ਯੋਧਾ ਕੋਈ ਹੋਰ ਨਹੀਂ ਹੋ ਸਕਦਾ। ਉਨ੍ਹਾਂ ਦੁਨੀਆਂ ਦਾ ਸੁਧਾਰ ਕਰਨਾ ਹੈ ਅਤੇ ਕੇਸ਼ਾਧਾਰੀ ਹੋ ਕੇ ਗੁਰੂ ਰੂਪੀ ਹੋ ਜਾਣਾ ਹੈ[45] :

ਸਤਿਗੁਰ ਕੇ ਪ੍ਰਤਾਪ ਤੇ ਲਰਤ ਖਾਲਸਾ ਸੋਇ
ਸੂਰਾ ਸਬ ਤਿਹ ਲੋਕ ਮੈਂ ਤਿਹ ਸਮਾਨ ਨ ਕੋਇ[46]

ਗੁਰ ਸੋਭਾ ਦਾ ਕਰਤਾ ਪਹਿਲਾ ਲਿਖਾਰੀ ਹੈ ਜਿਹੜਾ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤ ਸਮਾਉਣ ਪਿਛੋਂ ਗੁਰੂ ਪੰਥ ਸਿੱਧਾਂਤ ਦਾ ਵਰਣਨ ਕਰਦਾ ਹੈ। ਭਾਵੇਂ ਇਹ ਸਿੱਧਾਂਤ ਇਸ ਘਟਨਾ ਵਿਚ ਲੁਪਤ ਹੈ ਜਦੋਂ ਗੁਰੂ ਨਾਨਕ ਨੇ ਆਪਣੇ ਸਿੱਖ ਨੂੰ ਗੁਰੂ ਅੰਗਦ ਬਣਾ ਦਿੱਤਾ ਸੀ ਪਰ ਇਸ ਸਿੱਧਾਂਤ ਦੇ ਸਵੈ-ਵਿਕਾਸ ਲਈ ਇਤਿਹਾਸਕ ਗਤੀ ਦੀ ਲੋੜ ਸੀ। ਕਰਤਾ ਗੁਰੂ ਅਤੇ ਸੰਗਤ ਦੀ ਅਭੇਦਤਾ ਦਾ ਮਤ ਪੇਸ਼ ਕਰਦਾ ਹੈ। ਗੁਰੂ ਦੇ ਤੌਰ ਤੇ ਸੰਗਤ ਨੂੰ ਮੁਕਤੀ ਜਾਂ ਆਵਾਗੌਣ ਬਖ਼ਸ਼ਣ ਦਾ ਇਖ਼ਤਿਆਰ ਹੈ। ਮੁਕਤੀ ਦੀ ਪ੍ਰਾਪਤੀ ਲਈ ਸ਼ਬਦ ਅਤੇ ਖਾਲਸੇ ਦੀ ਸਮਾਨਤਾ ਹੈ। ਧਰਮ ਅਤੇ ਜਗਤ ਦੇ ਦਵੰਦ ਵਿਚ ਖਾਲਸਾ ਮੁਕਤੀ ਦੀ ਸੰਸਥਾ ਹੈ। ਗੁਰੂ ਸਾਹਿਬ ਤੋਂ ਬਾਦ ਸਿੱਖਾਂ ਲਈ ਇਹੀ ਮਸ਼ਵਰਾ ਹੈ ਕਿ ਉਹ ਆਪਣੇ ਆਪ ਨੂੰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਮਝਣ, ਨਾਮ ਜਪਣ ਅਤੇ ਸੰਗਤ ਦੀ ਓਟ ਲੈਣ, ਸੰਗਤ ਹੀ ਸੁੱਖ ਅਤੇ ਗਿਆਨ ਦਾ ਸੋਮਾ ਹੈ। ਕਰਣਹਾਰ ਦੇ ਭੇਦ ਸੰਗਤ 'ਚੋਂ ਮਿਲ ਸਕਦੇ ਹਨ।[47] ਗੁਰੂ ਖਾਲਸਾ ਸਿੱਧਾਂਤ ਦਾ ਸਿਖਰ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਕਥਿਤ ਆਖਰੀ ਲਫ਼ਜ਼ਾਂ ਵਿਚ ਹੈ :

ਖਾਲਸਾ ਮੇਰੋ ਰੂਪ ਹੈ
ਹੌਂ ਖਾਲਸੇ ਪਾਸਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਅੰਤ ਹੀ ਹੋਤ ਹੈ

ਖਾਲਸ ਮੈਂ ਪ੍ਰਗਾਸ[48]

ਇਹ ਗੱਲ ਬੜੀ ਮਹਿਨੀਖੇਜ਼ ਹੈ ਕਿ ਕਰਤਾ ਆਨੰਦਪੁਰ ਵਿਚ ਗੁਰੂ ਸਾਹਿਬ ਦੇ ਸੁਤੰਤਰ ਰਾਜ ਦਾ ਜ਼ਿਕਰ ਕਰਦਾ ਹੈ। ਖਾਲਸੇ ਨੇ ਆਸ ਪਾਸ ਦੇ ਪਿੰਡ ਜਿੱਤ ਲਏ ਸਨ। ਜਿਹੜੇ ਪਿੰਡ ਕਾਰ ਭੇਟ ਚੜ੍ਹਾਉਂਦੇ ਉਹਨਾਂ ਨੂੰ ਕੁਝ ਨਹੀਂ ਕਿਹਾ ਜਾਂਦਾ ਸੀ। ਪਹਾੜੀ ਰਾਜੇ 'ਗੁਰੂ ਗੋਬਿੰਦ ਸਿੰਘ ਦੇ ਰਾਜ' ਦੇ ਖ਼ਿਲਾਫ਼ ਸਾਜ਼ਸ਼ਾਂ ਕਰਦੇ ਹਨ। ਸ਼ਾਇਦ ਸਮਕਾਲੀ ਸਿੱਖਾਂ ਦੀ ਆਸ ਸੀ ਕਿ ਆਨੰਦਪੁਰ ਵਿਚ ਮੁੜ ਕੇ ਸਿੱਖ ਰਾਜ ਕਾਇਮ ਹੋਵੇਗਾ ਜਿਸ ਦੀ ਗਵਾਹੀ ਇਕ ਲੰਮੀ ਕਵਿਤਾ ਤੋਂ ਮਿਲਦੀ ਹੈ। 'ਭਲਭਾਗ ਭਯੋ ਤੁਮ ਤਾਹਿ ਕਹੋ ਗੜ੍ਹ ਆਨੰਦ ਫੇਰ ਬਸਾਵਹਿੰਗੇ'[49]। ਇੰਜ ਕਰਤਾ ਗੁਰੂ ਗੋਬਿੰਦ ਸਿੰਘ ਨੂੰ ਜੁਝਾਰਤਾ ਦਾ ਪੁੰਜ ਦਰਸਾ ਕੇ, ਉਹਨਾਂ ਦੇ ਲੜਾਈ ਦੇ ਦਾਉਪੇਚ ਦੱਸ ਕੇ, ਖਾਲਸੇ ਨੂੰ ਗੁਰਿਆਈ ਅਤੇ ਸੁਤੰਤਰ ਰਾਜ ਦਾ ਵਿਰਸਾ ਦੇ ਕੇ ਆਪਣੀ ਕਿਰਤ **ਗੁਰ ਸੋਭਾ** ਨੂੰ 18ਵੀਂ ਸਦੀ ਵਿਚ (de facto) ਸਿੱਖ ਰਾਜ ਦਾ (manifesto) ਬਣਾ ਦਿੰਦਾ ਹੈ।

(3)

ਜਦੋਂ **ਗੁਰਬਿਲਾਸ ਦਸਵੀਂ ਪਾਤਸ਼ਾਹੀ**[50] 1797 ਵਿਚ ਰਚਿਆ ਗਿਆ ਤਾਂ ਪੰਜਾਬ ਵਿਚ ਸਿੱਖ ਰਾਜ ਕਾਇਮ ਹੋ ਚੁੱਕਾ ਸੀ। ਏਸ ਕਿਰਤ 'ਤੇ ਉਦਾਸੀ ਛਾਪ ਹੈ। ਭੰਗਣੀ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਨਾਲ ਪੰਜ ਸੌ ਉਦਾਸੀ ਸਨ। ਡਰ ਕੇ ਭੱਜਣ ਦੇ ਬਾਵਜੂਦ ਮਹੰਤ ਕ੍ਰਿਪਾਲ ਦੀ ਬਹਾਦਰੀ ਨੂੰ ਵੇਖ ਜਟਾਧਾਰੀ ਲੰਗੋਟ-ਬੰਨ੍ਹ ਉਦਾਸੀ ਮੁੜ ਸੰਗ੍ਰਾਮ ਪਰਤ ਆਏ। ਘਾਇਲ ਸਿੱਖਾਂ ਅਤੇ ਮੁਸਲਮਾਨਾਂ ਨੂੰ ਪਾਣੀ ਪਿਲਾਉਣ ਵਾਲਾ ਭਾਈ ਕਨ੍ਹਈਆ ਉਦਾਸੀ ਸੀ। ਜਦੋਂ ਗੁਰੂ ਸਾਹਿਬ ਨੇ ਆਨੰਦਪੁਰ ਛੱਡਿਆ ਤਾ ਪਵਿੱਤ੍ਰ ਅਸਥਾਨ ਦੀ ਦੇਖ ਭਾਲ ਲਈ ਗੁਰਬਖ਼ਸ਼ ਸਿੰਘ ਉਦਾਸੀ ਨੇ ਆਪਣੇ ਆਪ ਨੂੰ ਪੇਸ਼ ਕੀਤਾ ਜਿਸ ਨੇ ਆਮ ਸਾਧੂਆਂ ਵਾਂਗੂੰ ਆਪਣੇ ਅੰਨ ਪਾਣੀ ਦਾ ਫਿਕਰ ਪ੍ਰਗਟ ਕੀਤਾ। ਗੁਰੂ ਗੋਬਿੰਦ ਸਿੰਘ ਨੂੰ ਸਾਧਾਂ ਦਾ ਬੜਾ ਸਤਿਕਾਰ ਸੀ। ਉਹ ਨੰਦੇੜ ਜਾਂਦੇ ਆਪ ਅਜਿਹੇ ਬਿਰਧ ਸਾਧ ਨੂੰ ਮਿਲਣ ਗਏ ਜਿਹੜਾ ਗੁਰੂ ਪਾਸ ਚੱਲ ਕੇ ਆਉਣ ਦੇ ਸਮਰੱਥ ਨਹੀਂ ਸੀ ਪਰ ਜਿਸ ਦੀ ਸਥਾਨਕ ਸੰਗਤ ਬਹੁਤ ਕ਼ਦਰ ਕਰਦੀ ਸੀ। ਬਿਰਧ ਸੰਤ ਗੁਰੂ ਤੇਗ਼ ਬਹਾਦਰ ਨੂੰ ਵੀ ਮਿਲਿਆ ਸੀ ਜਿਹਨਾਂ ਉਹਨੂੰ ਆਪਣੇ ਉੱਤਰ-ਅਧਿਕਾਰੀ ਦੀ ਅਗਵਾਈ ਵਿਚ ਨਤਾਣਿਆਂ ਵਲੋਂ ਰਾਜ-ਸਥਾਪਤੀ ਬਾਰੇ ਦੱਸਿਆ ਸੀ। ਇਕ ਉਦਾਸੀ ਨੇ ਹੀ ਗੁਰੂ ਸਾਹਿਬ ਦੇ ਜੋਤੀਜੋਤ ਸਮਾਉਣ ਤੋਂ ਬਾਦ ਖਾਲਸੇ ਨੂੰ ਧਰਵਾਸ ਦਿੱਤੀ ਸੀ। ਅਨੰਦਪੁਰ ਸਾਹਿਬ ਵਾਂਗੂੰ ਉਦਾਸੀ ਹੀ ਨੰਦੇੜ ਸਾਹਿਬ ਦੀ ਸੇਵਾ ਲਈ ਥਾਪਿਆ ਗਿਆ ਅਤੇ ਰਾਖੀ ਕਰਨ ਵਾਲੇ ਦੇ ਖਰਚ ਆਦਿ ਬਾਰੇ ਸ਼ੰਕੇ ਨਵ੍ਰਿਤ ਕੀਤੇ ਜਾਂਦੇ ਹਨ। ਉਦਾਸੀਆਂ ਦਾ ਇਹ ਵੀ ਦਾਹਵਾ ਹੈ ਕਿ ਉਹਨਾਂ ਨੇ **ਆਦਿ ਗ੍ਰੰਥ** ਦੀ ਬੀੜ ਲਿਖੀ ਲਿਖੀ ਸੀ ਜਿਸ ਨੂੰ ਮਸੰਦ ਕਰਤਾਰਪੁਰ ਲੈ ਗਏ ਅਤੇ ਇਹ ਮਿਥਿਹਾਸ ਬਣਾਇਆ ਗਿਆ ਕਿ ਇਸ ਨੂੰ ਪੜ੍ਹਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲਾ ਅੰਗ ਬਣ ਜਾਂਦਾ ਹੈ। ਉਦਾਸੀ ਕੇਵਲ ਸਾਧ ਹੀ ਨਹੀਂ ਸਨ ਸਗੋਂ ਉਨ੍ਹਾਂ ਦਾ ਕਥਿੱਤ ਪ੍ਰਾਚੀਨਤਮ ਬੀੜ ਉੱਤੇ ਵਿਸ਼ੇਸ਼ ਅਧਿਕਾਰ ਹੈ।[61]

ਉਦਾਸੀ ਕਿਰਤ ਹੋਣ ਦੇ ਬਾਵਜੂਦ **ਗੁਰਬਿਲਾਸ ਦਸਵੀਂ ਪਾਤਿਸ਼ਾਹੀ** ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਇਹ ਗੁਰੂ ਨਾਨਕ ਦੇ ਅਵਲੋਕਨ ਦੇ ਇਤਿਹਾਸਕ-ਲੁਪਤ ਅਰਥਾਂ ਨੂੰ ਸਪੱਸ਼ਟ ਵੇਰਵੇ ਸਹਿਤ ਪੇਸ਼ ਕਰਦਾ ਹੈ। ਕਲਿਜੁਗ ਨੇ ਵਰਨ-ਸ਼ੰਕਰ ਕਰ ਦਿੱਤਾ ਸੀ ਜਿਸ ਕਰਕੇ ਕਿਸੇ ਨੂੰ ਗਿਆਨ ਨਹੀਂ ਸੀ। ਹਰ ਥਾਂ ਮੁਸਲਮਾਨੀ ਵੰਸ਼ ਦਾ ਰਾਜ ਸੀ ਜਿਸਨੇ ਪ੍ਰਿਥਵੀ ਨੂੰ ਭ੍ਰਿਸ਼ਟ ਕਰ ਦਿੱਤਾ ਸੀ। ਏਸ ਕਰਕੇ ਅਸਲੀ ਮਹਿਨਿਆਂ ਵਿਚ ਹਿੰਦੂ ਧਰਮ ਰਹਿ ਨਹੀਂ ਗਿਆ ਸੀ। ਧਵਲਾ ਵੀ ਡੋਲ ਰਿਹਾ ਸੀ। ਇਹਨਾਂ ਗੱਲਾਂ ਕਰਕੇ ਗੁਰੂ ਗੋਬਿੰਦ ਸਿੰਘ ਨੇ ਅਵਤਾਰ ਧਾਰਿਆ[62] ਜਦੋਂ ਮੁਸਲਮਾਨਾਂ ਦਾ ਰਾਜ ਹੋਇਆ ਤਾਂ ਪਰੰਪਾਰਿਕ ਸਮਾਜ ਜੀਂਦਾ ਰਹਿ ਨਾ ਸਕਿਆ। ਪੁਰਾਤਨ ਪ੍ਰਬੰਧ ਦੀ ਰਾਖੀ ਲਈ ਕਸ਼ੱਤ੍ਰੀ ਨਹੀਂ ਸਨ ਤਾਂਤੇ ਜੋਗ, ਪੁੰਨ, ਦਾਨ ਦੀ ਸ਼ਕਤੀ ਜਾਂਦੀ ਰਹੀ।[63] ਇਤਿਹਾਸ ਦੀ ਗਤੀ ਨੇ ਸਾਧਾਰਨ ਬੰਦੇ (ਅਤੇ ਸੁੱਖਾ ਸਿੰਘ) ਨੂੰ ਸਮਝਾ ਦਿੱਤਾ ਕਿ :

ਜਥਾ ਸ਼ਕਤ ਹੈ ਸਭ ਹੀ ਧਰਮ
ਬੇਦ ਪੁਰਾਨ ਬਖਾਨਤ ਕਰਮ[64]

ਗੁਲਾਮਾਂ ਦਾ ਕੋਈ ਧਰਮ ਨਹੀਂ ਹੁੰਦਾ ਅਤੇ ਬੰਦੇ ਦਾ ਧਰਮ ਵੀ ਉਹਦੀ ਤਾਕਤ ਅਨੁਸਾਰ ਹੁੰਦਾ ਹੈ। ਸਿੱਖ ਧਰਮ ਅਜਿਹਾ ਸੀ ਜਿਸ ਵਿਚ ਹਿੰਦੂ ਅਤੇ ਮੁਸਲਮਾਨ ਨੂੰ ਧਿਆਨ ਗੋਚਰ ਰਖਿਆ ਗਿਆ ਸੀ। ਕਸ਼ਤ੍ਰੀ ਦੁਰਲੱਭ ਹੋ ਗਏ ਸਨ ਜਿਸ ਕਰਕੇ ਯੁੱਧ ਜਿਹਾ ਹੋਰ ਕੋਈ ਪੁੰਨ ਨਹੀਂ ਸੀ।[65]। ਸਿੱਖ ਨਵੇਂ ਕਸ਼ਤ੍ਰੀ ਹਨ ਜਿਹਨਾਂ ਵਿਚ ਗੁਰੂ ਗੋਬਿੰਦ ਸਿੰਘ ਦਾ ਨਿਵਾਸ ਹੈ :

ਖਤ੍ਰੀ ਹੈ ਵਹ ਸਿੱਖ ਭਣੀਜੈ
ਤਿਨ ਕੇ ਮਾਹੀ ਮੁਝੇ ਲਹੀਜੈ[66]

ਕਲਿਜੁਗ ਵਿਚ ਨੀਵਿਆਂ ਦਾ ਰਾਜ ਹੋਣਾ ਹੈ ਜਿਸਦੀ ਪ੍ਰਾਪਤੀ ਲਈ ਹਿੰਸਾ ਦਾ ਜਵਾਬ ਹਿੰਸਾ ਨਾਲ ਦੇਣਾ ਪੈਣਾ ਹੈ। ਤਲਵਾਰ ਤੋਂ ਬਿਨਾ ਕੋਈ ਧਰਮ ਨਹੀਂ[67]। ਯੱਗ ਸੰਸਕਾਰਾਂ ਵਿਚ ਪੈਣ ਦਾ ਮਤਲਬ ਮੁਗਲ ਸਹਿਨਸ਼ਾਹ ਦੇ ਹੱਥਾਂ ਵਿਚ ਖੇਲ੍ਹਣਾ ਹੈ।[68] ਗੁਰੂ ਸਾਹਿਬ ਨੂੰ ਖਾਲਸੇ ਨੂੰ ਰਾਜ ਦੇਣਾ ਪਿਆ।[69] ਗੁਰੂ ਨਾਨਕ ਦੇ ਅਵਲੋਕਨ ਨੂੰ ਇੰਨੀ ਵਫ਼ਾਦਾਰੀ ਨਾਲ ਉਲੀਕ ਸਕਣਾ ਸੁੱਖਾ ਸਿੰਘ ਦੀ ਵਡਿਆਈ ਹੈ ਜਿਸ ਦੇ ਭਾਗੀ 18ਵੀਂ ਸਦੀ ਦੇ ਆਕੀ ਨੀਵੇਂ ਸਿੱਖ ਸਨ। ਅਸਲ ਵਿਚ ਤਾਂ ਇਤਿਹਾਸ ਦੀ ਗਤੀ ਹੀ ਸਾਨੂੰ ਬਾਣੀ ਦੇ 'ਰਾਜਯੋਗ' ਦੀ ਮਹੱਤਾ ਦਰਸਾ ਸਕਦੀ ਸੀ :

ਤੋ ਕਹ ਰਾਜ ਜੋਗ ਮੁਹ ਦੀਨਾ[60]

ਸਿੱਖ ਇਤਿਹਾਸ ਦੇ ਵੀਰ ਕਾਲ ਦੇ ਅੰਤਲੇ ਸਮਿਆਂ ਵਿਚ ਲਿਖਦਿਆਂ ਸੁੱਖਾ ਸਿੰਘ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਾਲਸੇ ਦਾ ਆਦਰਸ਼ਕ ਚਿਤ੍ਰ ਪੇਸ਼ ਕਰਦਾ ਹੈ। ਮਾਤਾ-ਪਿਤਾ-ਹੀਨ ਜੀਵ ਦੀ ਹਰ ਥਾਉਂ ਨਿੰਦਿਆ ਹੁੰਦੀ ਹੈ ਪਰ ਖਾਲਸਾ 'ਪਰਮਾਤਮਾਂ, ਤਲਵਾਰ ਅਤੇ ਦੇਵੀ' ਚੋਂ ਉਪਜਿਆ ਹੈ। ਇਹਦੇ ਵਿਚ ਸੁਰ, ਨਰ, ਭੂਤ, ਪਿਸਾਚ ਦੀ ਸ਼ਕਤੀ ਹੈ। ਖਾਲਸਾ ਇਸ ਕਰਕੇ ਅਨੂਪ ਹੈ ਕਿ ਇਸਨੇ ਚੰਡੀ ਪ੍ਰਗਟਾਈ ਸੀ। ਖਾਲਸਾ ਹੀ ਅਕਾਲ ਮੂਰਤਿ ਹੈ। ਪਰਮਾਤਮਾ 'ਚੋਂ ਉਪਜਿਆ ਹੋਣ ਕਰਕੇ ਖਾਲਸਾ ਅਜਿੱਤ ਹੈ। ਖਾਲਸਾ 'ਵਿਦਿਆ ਗਿਆਨ ਜੋਗ ਤਪ, ਸਿੱਧ ਪਦਾਰਥ ਚਾਰ' ਦੀ ਖਾਣ ਹੈ।[61] ਖਾਲਸਾ ਗੁਰੂ ਗੋਬਿੰਦ ਸਿੰਘ ਦਾ ਰੂਪ ਹੈ .

ਪ੍ਰਗਟ ਖਾਲਸਾ ਪੰਥ ਭਣੀਜੇ
ਜਹਾਂ ਰਹਤ ਮੁਰ ਸ਼ਕਲ ਭਣੀਜੇ।[62]

ਕਲਿਜੁਗ ਵਿਚ ਖਾਲਸਾ ਹੀ ਸਾਧਾਂ ਸੰਤਾਂ ਦੀ ਸੰਸਥਾ ਹੈ। ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਤਲਵਾਰ ਦਾ ਬਾਣਾ ਦਿੱਤਾ। ਇਹ ਗੁਰੂ ਸਾਹਿਬ ਵਲੋਂ ਹੀਣਿਆਂ ਦਾ ਧਰਮ ਸੀ ਜਿਸ ਨਾਲ ਕਲਿਜੁਗ ਦਾ ਸੰਸਾ ਚੁੱਕਿਆ ਗਿਆ। ਖਾਲਸੇ ਦੇ ਦੈਵੀਪਨ ਦਾ ਸਿਖਰ ਉਦੋਂ ਆਇਆ ਜਦੋਂ ਪੂਰਨ ਗੁਰੂ ਨੇ ਇਹਦੇ ਹੱਥੋਂ ਅੰਮ੍ਰਿਤ ਮੰਗਿਆ। ਇਸੇ ਕਰਕੇ ਸੁੱਖਾ ਸਿੰਘ ਅਨੰਦਪੁਰ ਦੀ ਲੜਾਈ ਦੇ ਵਰਣਨ ਵਿਚ ਗੁਰੂ ਗੋਬਿੰਦ ਸਿੰਘ ਨੂੰ ਖਾਲਸੇ ਵਿਚ ਹੀ ਸ਼ਾਮਿਲ ਕਰਦਾ ਹੈ।[63]

ਗੁਰੂ ਗੋਬਿੰਦ ਸਿੰਘ ਵਾਂਗ ਹਰ ਖਾਲਸਾ ਨਾਮ ਦਾ ਵਾਸੀ, ਪਟਨੇ ਦੇ ਜਨਮ ਵਾਲਾ ਅਤੇ ਅਨੰਦਪੁਰ ਦਾ ਬਾਸ਼ਿੰਦਾ ਸੀ 'ਮੋਰ ਸਿੱਖ ਹੈ ਮੋਰ ਪ੍ਰਮਾਨਾ।' ਉਹਦੇ ਕੋਲ ਗੁਰੂ ਸਾਹਿਬ ਦੀ ਤਾਕਤ ਸੀ। ਜਿਸ ਕਰਕੇ ਉਹ ਪਰਮਾਤਮਾ ਦਾ ਜੰਤਰ ਬਣ ਸੁਭਾਗਾ ਹੋ ਗਿਆ ਸੀ। ਖਾਲਸਾ ਪੰਥ ਪਹਿਲੇ ਗੁਰੂ ਸਾਹਿਬਾਨ ਦੇ ਪੈਰੋਕਾਰਾਂ ਦਾ ਨਵਾਂ ਵਿਕਾਸ ਸੀ ਜਿਸ ਵਿਚ ਸਾਰੇ 'ਬਰਨ ਆਸ਼੍ਰਮ' ਰਲ ਗਏ ਸਨ। ਉਹ ਬਾਟਾ ਸਾਂਝਾ ਕਰਨ ਤੋਂ ਵਧ ਇਕ ਦੂਸਰੇ ਦੇ ਮੂੰਹਾਂ 'ਚ ਭੋਜਨ ਪਾਉਂਦੇ ਸਨ। ਸੰਗ੍ਰਾਮ ਦੇ ਹਿਤ ਜੱਟਾਂ, ਤੇਲੀਆਂ, ਬ੍ਰਾਹਮਣਾਂ, ਨਾਈਆਂ, ਲੁਬਾਣਿਆਂ, ਬਾਣੀਆਂ, ਅਰੋੜਿਆਂ, ਤ੍ਰਖਾਣਾਂ, ਲੁਹਾਰਾਂ, ਸੁਨਿਆਰਿਆਂ, ਝਿਊਰਾਂ, ਘਮਿਆਰਾਂ, ਚਮਾਰਾਂ, ਚੂਹੜਿਆਂ ਦੀ ਏਕਤਾ ਬਣ ਗਈ ਸੀ। ਖਾਲਸੇ ਦਾ ਮਨੋਰਥ 'ਰਾਜ ਜੋਗ ਜਿਤ ਤਖਤ ਬਰਾਜੇ' ਸੀ।[64] ਖਾਲਸੇ ਦਾ ਅਬਿਚਲ ਨਗਰ ਦਾ ਵਿਕਲਪ ਵੀ ਬਦਲ ਗਿਆ ਸੀ :

ਸ਼ਤ੍ਰੂਨ ਕੀ ਛਤੀਅਨ ਕੇ ਊਪਰ
ਨੀਵ ਪ੍ਰਭੂ ਅਬਿਚਲ ਸੋ ਡਾਰੀ[65]

ਜਿੱਥੇ ਮਰਦ ਔਰਤਾਂ ਨੇ ਦੇਵੀ ਦੇਵਤਿਆਂ ਸਮਾਨ ਰਹਿਣਾ ਹੈ।

ਸੁੱਖਾ ਸਿੰਘ ਵਿਚ ਅੰਤਰ-ਧਰਮ ਬਹਿਸ ਦਾ ਨਵਾਂ ਪੱਖ ਸਾਹਮਣੇ ਆਉਂਦਾ ਹੈ। ਉਹ ਸਿੱਖ ਬ੍ਰਹਮਵਿਦਿਆ ਦੀ ਦ੍ਰਿਸ਼ਟੀ ਤੋਂ ਗੁਰੂ ਗੋਬਿੰਦ ਸਿੰਘ ਮੂੰਹੋਂ ਇਸਲਾਮ ਦੀ ਵਿਆਖਿਆ ਕਰਵਾਉਂਦਾ ਹੈ।[66] ਇਸਲਾਮ ਨੂੰ ਸਿੱਖ ਮੱਤ ਅਨੁਸਾਰ ਸਮਝਣ ਦੀ ਰੁਚੀ ਦਰਅਸਲ ਸਿੱਖ ਰਾਜ ਦੀ ਸਿਆਸੀ ਲੋੜ ਦੀ ਨਿਸ਼ਾਨੀ ਹੈ। ਸੁੱਖਾ ਸਿੰਘ ਸਿੱਖ ਇਤਿਹਾਸ ਦੀ ਸੰਕ੍ਰਾਂਤੀ (transition) ਦਾ ਪ੍ਰਤਿਨਿਧੀ ਹੈ। 1797 ਵਿਚ ਉਹਨੂੰ ਲਗਦਾ ਹੈ ਕਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਾਇਦ ਸਿੱਖ ਰਾਜ ਦਾ ਕੇਂਦਰ ਮਾਲਵਾ ਹੋਵੇ। ਮਾਲਵੇ 'ਤੇ ਗੁਰੂ ਦੀ ਬਖ਼ਸ਼ਸ਼ ਹੈ— 'ਜੰਗਲ ਤੇ ਮਾਲਵ ਕਰ ਡਾਰੋ।' ਤਲਵੰਡੀ ਸਾਬੋ ਅਨੰਦਪੁਰ ਸਾਹਿਬ ਨਾਲੋਂ ਦਸ ਗੁਣੀ ਸੁਹਣੀ ਹੈ। ਜਦ ਡੱਲੇ ਨੂੰ ਵਰ ਦਿੱਤਾ ਜਾਂਦਾ ਹੈ ਤਾਂ ਉਹ ਮੀਂਹ 'ਤੇ ਹੀ ਕ਼ਨਾਇਤ ਕਰ ਲੈਂਦਾ ਹੈ ਅਤੇ 'ਮੋਠ ਬਾਜਰੀ' ਦੀ ਕਾਢ ਉਨ੍ਹੀਵੀਂ ਸਦੀ ਦੀ ਹੈ। ਜੇ ਮਲਵੱਈ ਖਾਲਸੇ ਨਾਲ ਲੜਦੇ ਵੀ ਹਨ ਤਾਂ ਸਿੰਘਾਂ ਦਾ ਉਹਨਾਂ ਨੂੰ ਸਮਝਾਉਣਾ ਫਰਜ਼ ਬਣਦਾ ਹੈ। ਗੁਰੂ ਸਾਹਿਬ ਡੱਲੇ ਨੂੰ ਦਿੱਲੀ ਦਾ ਰਾਜ ਦੇਣ ਲਈ ਇਕਰਾਰ ਕਰਦੇ ਹਨ। ਗੁਰੂ ਸਾਹਿਬ ਜੋਤੀ ਜੋਤ ਸਮਾਉਣ ਤੋਂ ਕੁਝ ਚਿਰ ਪਹਿਲਾਂ ਆਪਣੇ ਸਿੱਖਾਂ ਨੂੰ ਦੁਆਬੇ ਮਾਲਵੇ 'ਚ ਜਾਣ ਨੂੰ ਕਹਿੰਦੇ ਹਨ ਅਤੇ ਮਾਝੇ ਦਾ ਕੋਈ ਜ਼ਿਕਰ ਨਹੀਂ।[67] ਮਾਲਵੇ ਨੂੰ 'ਬਾਵਰ' ਕਹਿਣਾ ਨਿਮਨ-ਸਤਲੁਜ ਸਿੱਖ ਰਿਆਸਤਾਂ ਵਲੋਂ ਅੰਗਰੇਜ਼ਾਂ ਦੀ ਅਧਿਰਾਜਗੀ ਮੰਨ ਲੈਣ ਦਾ ਨਤੀਜਾ ਹੈ।

ਸੁੱਖਾ ਸਿੰਘ ਵਿਚ ਗੁਰੂ ਪੰਥ ਤੋਂ ਗੁਰੂ ਗ੍ਰੰਥ ਸਿੱਧਾਂਤ ਦੀ ਸੰਕ੍ਰਾਂਤੀ ਦਾ ਵਰਣਨ ਹੈ। **ਗੁਰ ਸੋਭਾ** ਵਿਚ ਗੁਰੂਪੰਥ ਸਿਧਾਂਤ ਸਪੱਸ਼ਟ ਹੈ ਪਰ **ਗੁਰਬਿਲਾਸ ਦਸਵੀਂ ਪਾਤਸ਼ਾਹੀ** ਵਿਚ ਜਦੋਂ ਗੁਰੂ ਸਾਹਿਬ ਨੂੰ ਗੁਰਿਆਈ ਬਾਰੇ ਸਿੱਧਾ ਪੁੱਛਿਆ ਜਾਂਦਾ ਹੈ ਤਾਂ ਉਹ ਖਾਲਸੇ ਨੂੰ ਤਲਵਾਰ ਦੀ ਪੈਰੋਕਾਰੀ ਲਈ ਅਤੇ ਸਿੰਘਾਂ ਨੂੰ ਪਰਮਾਤਮਾ ਯਾਦ ਰੱਖਣ ਲਈ ਕਹਿੰਦੇ ਹਨ। ਨਾਲੇ ਖਾਲਸੇ ਨੂੰ ਹੁਣ ਕਾਲਿਕਾ ਦੀ ਗੋਦੀ ਪਾ ਦਿੱਤਾ ਹੈ। ਉਹਨਾਂ ਨੂੰ ਦਸੇ ਗੁਰੂਆਂ ਦੀ ਬਾਣੀ ਦਾ ਜਾਪ ਕਰਨਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਆਪਣੇ ਸਿੱਖਾਂ ਵਿਚ ਹਮੇਸ਼ਾਂ ਹਾਜ਼ਰ ਹੋਣਗੇ। ਉਹਨਾਂ ਨੂੰ ਰਹਿਤ ਪਾਲਣੀ ਚਾਹੀਏ।[68] ਸੁੱਖਾ ਸਿੰਘ ਦੀ ਸਿੱਧਾਂਤਕ ਝੱਕ ਸਿੱਖ-ਅਫਗਾਨ ਟੱਕਰ ਮਗਰੋਂ ਸਿੱਖ ਸਰਦਾਰਾਂ ਦੀ ਕਈ ਦਹਾਕਿਆਂ ਦੀ ਆਪਸੀ ਟੱਕਰ ਦਾ ਪ੍ਰਣਾਮ ਹੈ।

ਗੁਰਬਿਲਾਸ ਪਾਤਿਸ਼ਾਹੀ 10[69] ਦਾ ਕਰਤਾ ਕੋਇਰ ਸਿੰਘ ਦਸਿਆ ਜਾਂਦਾ ਹੈ ਅਤੇ ਆਮ ਕਰਕੇ ਇਸ ਰਚਨਾ ਨੂੰ ਵਿਚਕਾਰਲੀ 18ਵੀਂ ਸਦੀ ਦੀ ਸਮਝਿਆ ਜਾਂਦਾ ਹੈ। ਪਰ ਰਚਨਾ ਦਾ ਕਾਲ ਅਤੇ ਕ੍ਰਿਤਿਤ੍ਵ ਦੋਵੇਂ ਮਸ਼ਕੂਕ ਹਨ। ਰਚਨਾ ਦਾ ਸਾਲ ਨਿਸ਼ਚਿਤ ਕਰਨ ਲੱਗਿਆਂ 'ਇਕਾਦਸ' ਸ਼ਬਦ ਦੀ ਵਿਆਖਿਆ ਨਹੀਂ ਕੀਤੀ ਜਾਂਦੀ ਅਤੇ ਛੰਦ ਦੀ ਤਬਦੀਲੀ ਇਸ ਗੱਲ ਨੂੰ ਹੋਰ ਵੀ ਸ਼ੱਕੀ ਬਣਾ ਦਿੰਦੀ ਹੈ। ਭਾਵੇਂ ਪ੍ਰਕਾਸ਼ਿਤ ਗੁਰਬਿਲਾਸ ਕੋਇਰ ਸਿੰਘ ਨੂੰ ਕਰਤਾ ਕਹਿੰਦਾ ਹੈ ਪਰ ਸੰਪਾਦਕ ਹੀ ਇਸ ਨਾਉਂ ਨਾਲ ਸਹਿਮਤ ਨਹੀਂ ਹੈ।[70]

ਏਸ ਰਚਨਾ ਦਾ ਆਧਾਰ **ਬਚਿਤ੍ਰ ਨਾਟਕ ਗੁਰ ਸੋਭਾ** ਅਤੇ ਸੁੱਖਾ ਸਿੰਘ ਦਾ **ਗੁਰਬਿਲਾਸ ਦਸਵੀਂ ਪਾਤਿਸ਼ਾਹੀ** ਹੈ। ਇਹਦੀ ਘਟਨਾਵਲੀ ਸੁੱਖਾ ਸਿੰਘ ਅਨੁਸਾਰ ਹੈ। ਅਨੇਕ ਥਾਵਾਂ 'ਤੇ ਸ਼ਬਦਾਵਲੀ ਉਹੀ ਰਹਿੰਦੀ ਹੈ ਪਰ ਛੰਦ ਬਦਲ ਦਿੱਤਾ ਜਾਂਦਾ ਹੈ। ਕਈ ਬੰਦ ਹੂ ਬਹੂ ਨਕਲ ਹਨ। ਜੇ ਸੁੱਖਾ ਸਿੰਘ ਦੇ ਗੁਰਬਿਲਾਸ ਦੀ ਮਿਤੀ ਠੀਕ ਹੈ ਤਾਂ ਕੋਇਰ ਸਿੰਘ ਦਾ **ਗੁਰਬਿਲਾਸ ਪਾਤਸ਼ਾਹੀ** 10 ਮੁਢਲੀ 19ਵੀਂ ਸਦੀ ਦਾ ਹੋਣਾ ਚਾਹੀਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸ ਕਿਰਤ ਦਾ ਮੁੱਖ ਲੱਛਣ ਇਹਦੀ ਅਵੈਦਕਤਾ ਹੈ। ਗੁਰੂ ਗੋਬਿੰਦ ਸਿੰਘ ਆਪਣੇ ਆਪ ਨੂੰ ਗੁਰੂ ਨਹੀਂ ਸਮਝਦੇ ਅਤੇ ਉਹਨਾਂ ਦੇਵੀ ਦੇ ਕਹਿਣ 'ਤੇ ਪੰਥ ਬਣਾਇਆ।[71] ਗੁਰੂ ਗੋਬਿੰਦ ਸਿੰਘ ਨੇ ਦੇਵੀ ਪ੍ਰਗਟਾਉਣ ਲਈ ਗੰਗਾ 'ਤੇ ਯੱਗ ਕੀਤਾ।[74] ਜਿਸ ਵਿਚ ਸੋਲਾਂ ਸਾਲ ਦੀ ਕੰਨਿਆਂ ਦੀ ਬਲੀ ਦਿੱਤੀ ਗਈ।[73] ਦੇਵੀ ਨੂੰ ਆਪਣੀ ਸਤੁਤੀ ਪਸੰਦ ਆਈ ਅਤੇ ਉਹਨੇ ਗੁਰੂ ਸਾਹਿਬ ਨੂੰ 'ਜਗ ਮੈ ਜੀਤ' ਅਤੇ 'ਤੁਰਕਨ ਨਾਸ' ਦਾ ਵਰ ਦਿੱਤਾ।[74] ਗੁਰੂ ਦੁਨੀਆਂ ਤੋਂ ਵਿਰਕਤ ਸੀ। ਉਹਨਾਂ ਖਾਲਸਾ ਸਾਜਣ ਦਾ ਭਾਰ 'ਦੇਵੀ 'ਤੇ ਪਾਇਆ ਅਤੇ ਖਾਲਸਾ ਸਾਜ ਕੇ ਦੇਵੀ ਦੇ ਪੈਰਾਂ 'ਤੇ ਰੱਖ ਦਿੱਤਾ।[75] ਦੇਵੀ ਪ੍ਰਗਟਾਉਣ ਲਈ ਸਵਾ ਲੱਖ ਖਾਲਸੇ ਦੀ ਭੇਟ ਚੜ੍ਹਾਈ ਗਈ।[76]। ਦੇਵੀ ਨੇ ਗੁਰੂ ਸਾਹਿਬ ਨੂੰ ਸ਼ਿਵ ਵਾਂਗੂ ਆਪਣਾ ਪੁਤ੍ਰ ਮੰਨਿਆ ਅਤੇ ਖੰਡਾ ਪਹਿਨਾ ਦਿੱਤਾ।[77] ਸਾਰੇ ਦੇਵਤਿਆਂ ਦਾ ਆਗਮਨ ਹੋਇਆ ਜਿਹਨਾਂ ਆਪਣੀ ਸ਼ਕਤੀ ਗੁਰੂ ਗੋਬਿੰਦ ਸਿੰਘ ਨੂੰ ਦਿੱਤੀ। ਹਨੂੰਮਾਨ ਨੇ ਕਛਹਿਰਾ, ਵਿਸ਼ਨੂੰ ਨੇ ਕੇਸ ਅਤੇ ਦੇਵੀ ਨੇ ਹਥਿਆਰ ਦਿੱਤਾ।

ਅਪਨੋ ਅਪਨੋ ਬਲ ਕੇ ਕਰਕੇ
ਹਨੁਵੰਤ ਦੀਉ ਕਛਰਾ ਸੁਖਦਾਈ
ਕੇਸਨ ਮੂਰਤਿ ਵਿਸ਼ਨ ਦਈ
ਤਬ ਅਯੁਧ ਆਪ ਦਏ ਜਗਮਾਈ।[78]

ਕਰਤਾ ਖਾਲਸੇ ਨੂੰ 'ਆਦਿ ਰੂਪ' ਵੀ ਕਹਿੰਦਾ ਹੈ।[79]

ਕਈ ਹੋਰ ਅਜਿਹੇ ਵਿਚਾਰ ਹਨ ਜਿਹੜੇ **ਗੁਰਬਿਲਾਸ ਪਾਤਿਸ਼ਾਹੀ** 10 ਦੀ ਅਵੈਦਕਤਾ ਨੂੰ ਸਿੱਧ ਕਰਦੇ ਹਨ। ਸਿੱਖ ਧਰਮ ਅਨੁਸਾਰ ਕਲਿਯੁਗ ਵਿਚ ਨਾਮ ਅਤੇ ਚੰਗਿਆਈ ਸੁਖੈਣ ਹਨ ਪਰ ਕਰਤਾ ਦੀ ਰਾਏ ਇਹਦੇ ਉਲਟ ਹੈ। ਬੰਦੇ ਇਕ ਰੱਬ ਵਿਚ ਵਿਸ਼ਵਾਸ ਨਹੀਂ ਕਰ ਸਕਦੇ। ਵਿਰਲਿਆਂ ਦਾ ਪਾਰ-ਉਤਾਰਾ ਹੋਵੇਗਾ।[80]। ਪੰਜ ਪਿਆਰੇ ਸਤਿਯੁਗ ਵਿਚ ਗੁਰੂ ਗੋਬਿੰਦ ਸਿੰਘ ਦੇ ਸਾਥੀ ਸਨ :

ਅੰਗ ਸੰਗ ਸਤਜੁਗ ਕੇ ਸੰਗੀ
ਪੰਚਨ ਮੇਲਤ ਜੋ ਗੁਰਅੰਗੀ[81]

ਗੁਰੂ ਗ੍ਰੰਥ ਅਤੇ ਪੁਰਾਣ ਬਰਾਬਰ ਹਨ।[82] ਗੁਰੂ ਸਾਹਿਬ ਨੁਰਾਤਿਆਂ ਨੂੰ ਦੇਵੀ ਪੂਜਦੇ ਹਨ।[83]

ਗੁਰਬਿਲਾਸ ਪਾਤਸ਼ਾਹੀ 10 ਵਿਚ ਗੁਰੂ ਨਾਨਕ ਦੇ ਮਿਸ਼ਨ ਦਾ ਹਾਸੋਹੀਣਾ ਵਰਣਨ ਹੈ। ਗੁਰੂ ਨਾਨਕ ਨੇ ਹਿੰਦੂ ਮਤ ਅਤੇ ਇਸਲਾਮ ਨੂੰ ਰੂਹਾਨੀ ਤੌਰ 'ਤੇ ਖ਼ਾਲਮਖਾਲੀ ਕਿਹਾ ਪਰ ਗੁਰਬਿਲਾਸ ਵਿਚ ਦਸਵੇਂ ਪਾਤਿਸ਼ਾਹ ਨੂੰ ਕਿਸੇ ਕਾਜ਼ੀ ਦਾ ਸਵਾਲ ਹੈ ਕਿ ਸਿੱਖ ਧਰਮ ਚੰਗਾ ਹੈ ਜਾਂ ਮੁਸਲਮਾਨੀ ਮਜ਼ਹਬ ? ਤਾਂ ਗੁਰੂ ਸਾਹਿਬ ਕਹਿੰਦੇ ਹਨ :

ਹਮ ਕੋ ਹਮਰੋ ਖੂਬ ਹੈ, ਤੁਮ ਕੋ ਤੁਮਰਾ ਜਾਨ[84]

(ਸ਼ਾਇਦ ਰੂਮੀ ਦੀ) ਮਸਨਵੀ ਨੂੰ ਪਰਮਾਤਮਾ ਦੀ ਵਿਆਪਕਤਾ ਦਾ ਸਰੋਤ ਕਿਹਾ ਗਿਆ ਹੈ।[85] ਦਸ ਗੁਰੂ ਸਾਹਿਬਾਨ ਤੋਂ ਬਿਨਾ ਕਲਿਜੁਗ ਵਿਚ ਦਸ ਹੋਰ ਅਵਤਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪ੍ਰਗਟਣੇ ਹਨ ।[86]

ਗੁਰਮਤ ਦੀ ਅਵੈਦਕਤਾ ਤੋਂ ਬਿਨਾ ਗੁਰੂ ਸਾਹਿਬ ਨੂੰ ਹਿੰਦੂ ਅਵਤਾਰਾਂ ਅਨੁਸਾਰ ਚਿਤਰਿਆ ਗਿਆ ਹੈ । ਗੁਰੂ ਗੋਬਿੰਦ ਸਿੰਘ ਦੀ ਪਟਣੇ ਤੋਂ ਰਵਾਨਗੀ ਰਾਮ ਦੇ ਅਯੋਧਿਆ 'ਚੋਂ ਬਣਵਾਸ ਜਾਣ ਸਮਾਨ ਹੈ ।[87] ਰਾਮਾਇਣ ਦੀਆਂ ਤੁਲਨਾਵਾਂ ਬਾਰ ਬਾਰ ਆਉਂਦੀਆਂ ਹਨ ।[88] ਜਿਵੇਂ ਰਾਮ ਨੇ ਬਾਂਦਰਾਂ ਤੋਂ ਰਾਵਨ ਮਰਵਾਇਆ ਸੀ ਉਵੇਂ ਗੁਰੂ ਗੋਬਿੰਦ ਸਿੰਘ ਨੇ ਜੱਟਾਂ ਤੋਂ ਤੁਰਕ ਮਰਵਾਏ :

ਦਾਨਵ ਨਾਸ ਕਪਿਨ ਤੇ ਕੀਨਾ
ਤਿਮ ਗੁਰ ਰਾਜ ਜਾਟ ਕੋ ਦੀਨਾ ।[89]

ਗੁਰੂ ਗੋਬਿੰਦ ਸਿੰਘ ਵਿਸ਼ਨੂੰ ਦਾ ਰੂਪ[90] ਹਿੰਦੂ ਅਵਤਾਰ ਹਨ ।[91] ਮਾਖੋਵਾਲ ਬਿੰਦ੍ਰਾਬਨ[92] ਹੈ ਅਤੇ ਗੁਰੂ ਸਾਹਿਬ ਕ੍ਰਿਸ਼ਨ ਹਨ ।[93] । ਗੁਰੂ ਗੋਬਿੰਦ ਸਿੰਘ ਦੇ 'ਹਿੰਦੂ' ਚਰਿਤ੍ਰ ਦਾ ਸਿਖਰ ਹੈ ਕਿ ਮਾਤਾ ਗੁਜਰੀ ਜੋਤੀਜੋਤ ਸਮਾਉਣ ਵਾਲੇ ਸੀਤਾ ਵਾਂਗੂੰ ਧਰਤੀ ਵਿਚ ਅਲੋਪ ਹੋ ਜਾਂਦੇ ਹਨ ।[94]

ਗੁਰਬਿਲਾਸ ਪਾਤਸ਼ਾਹੀ 10 ਦੇ ਕਰਤਾ ਦੀ ਸੈਨਾਂਪਤ ਦੇ **ਗੁਰ ਸੋਭਾ** ਨਾਲ ਜਾਣਕਾਰੀ ਸੀ ਅਨੰਦਪੁਰ ਦੇ ਘੇਰੇ ਦੀਆਂ ਔਕੜਾਂ ਦਾ ਵਰਣਨ, ਸਿੱਖਾਂ ਦੇ ਦਾਉਪੇਚ ਅਤੇ ਗੁਰੂ ਗੋਬਿੰਦ ਸਿੰਘ ਦੀ ਉਹੀ (emblematic) ਤਸਵੀਰ ਹੈ । ਬਘੌਰ ਦੇ ਯੁੱਧ ਸਮੇਂ ਗੁਰ ਵਿਵਾਹ ਦਾ ਜ਼ਿਕਰ ਹੈ। ਜਿਵੇਂ ਸੈਨਾਪਤ ਗੁਰੂ ਗੋਬਿੰਦ ਸਿੰਘ ਨੂੰ ਚਮਕੌਰ ਵਿਚ ਨਵੀਂ ਬ੍ਰਹਮਵਿਦਿਆ ਅਨੁਸਾਰ ਦਰਸਾਉਂਦਾ ਹੈ ਉਂਜ ਹੀ ਕੋਇਰ ਸਿੰਘ ਗੁਰੂ ਸਾਹਿਬ ਦੀ ਤਲਵੰਡੀ ਸਾਬੋ ਵਿਚ ਸਥਿਤੀ ਦਸਦਾ ਹੈ ।[95]

ਕਰਤਾ ਗੁਰੂ-ਪੰਥ ਸਿੱਧਾਂਤ ਨੂੰ ਵਿਸਾਰਦਾ ਅਤੇ ਗੁਰੂ ਗ੍ਰੰਥ ਦੇ ਉਦੇਸ਼ ਨੂੰ ਉਭਾਰਦਾ ਹੈ। ਖਾਲਸਾ ਗੁਰੂ ਦਾ ਪੁਤ੍ਰ ਹੈ ਜਿਸਨੇ ਗੁਰੂ ਦੋਖੀਆਂ ਤੋਂ ਬਦਲਾ ਲੈਣਾ ਹੈ ।[96] ਗੁਰੂ ਗ੍ਰੰਥ ਰੱਬ ਹੈ :

ਮਾਨੇ ਗੁਰੂ ਗ੍ਰੰਥ ਭਗਵਾਨਾ[97]

ਗੁਰੁ ਗੋਬਿੰਦ ਸਿੰਘ ਆਪਣੇ ਪਿਛੋਂ ਗੁਰਿਆਈ ਬਾਰੇ ਕਹਿੰਦੇ ਦੱਸੇ ਗਏ ਹਨ ਕਿ ਸੰਗਤ ਖਾਲਸਾ ਹੈ ਜਿਸਨੇ ਤਲਵਾਰ ਉਠਾਉਣੀ ਹੈ, ਸ਼ਬਦ ਹੈ ਮੰਨਣਾ ਹੈ ਅਤੇ ਗੁਰੂ ਗ੍ਰੰਥ ਹੈ ।[98] ਸੰਗਤ ਗੁਰੂ ਦਾ ਰੂਪ ਹੈ। ਜੇ ਸਿੱਖ ਗੁਰਉਪਦੇਸ਼ ਚਿੱਤ ਵਿਚ ਰਖਦੇ ਹਨ ਅਤੇ ਰਹਿਤ ਹੰਢਾਉਂਦੇ ਹਨ ਤਾਂ ਗੁਰੂ ਉਹਨਾਂ ਦੇ ਅੰਗ ਸੰਗ ਹੋਵੇਗਾ ।[99] ਜਿੱਥੇ ਗੁਰੂਗ੍ਰੰਥ ਸਿੱਧਾਂਤ ਬਾਰੇ ਪ੍ਰਬਲ ਕਥਨ ਹਨ ਉੱਥੇ ਉਲਟਾਵੇਂ ਟਾਕਰੇ ਵਿਚ ਗੁਰੂ ਪੰਥ ਦੇ ਵਿਕਲਪ ਬਾਰੇ ਅਸਪੱਸ਼ਟ ਵਰਣਨ ਹੈ। ਕੇਵਲ ਖਾਲਸਾ ਸਿਰਜਣ ਸਮੇਂ ਗੁਰੂ ਪੰਥ ਦੇ ਵਿਕਲਪ ਦਾ ਦਖ਼ਲ ਹੈ ਕਿਉਂਕਿ ਪ੍ਰਸੰਗ ਹੋਰ ਕਿਸੇ ਗੱਲ ਦੀ ਆਗਿਆ ਨਹੀਂ ਦਿੰਦਾ ਸੀ ।[100]

ਗੁਰਬਿਲਾਸ ਪਾਤਿਸ਼ਾਹੀ 10 ਦੇ ਰਚਨਹਾਰ ਦੀ ਲੋਕਾਂ ਨਾਲ ਕੋਈ ਬਹੁਤੀ ਹਮਦਰਦੀ ਨਹੀਂ । ਸਰਕਾਰੀ ਅਮਲੇ ਨੂੰ ਲੋਕਾਂ ਨਾਲ ਭਿੱਜਣਾ ਨਹੀਂ ਚਾਹੀਦਾ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਨਤਾ ਸ਼ੇਰਾਂ ਸਮਾਨ ਕਿਸੇ ਦੀ ਮਿੱਤ੍ਰ ਨਹੀਂ ਹੁੰਦੀ :

ਸਾਵ੍ਧਾਨ ਮਨ ਅਪਨਾ ਕੀਜੈ
ਦਫ਼ਤਰ ਮੁਨਸ਼ੀ ਰੈਯਤ ਨ ਭੀਜੈ
ਨਹਿ ਅਤਿ ਵੈਰੀ ਨ ਮਿਤਰਾਚਾਰੀ
ਨਿਪੁਨ ਸੁ ਕਾਰਜ ਮੈ ਨਿਰਧਾਰੀ
ਰੈਯਤ ਨਜਰ ਸਿੰਘ ਕੋ ਹੋਈ
ਅਪਨਾ ਮਿਤ੍ਰ ਨ ਜਾਨੈ ਕੋਈ[101]

ਰੈਯਤ ਨੂੰ ਤਾੜਨ ਦੀ ਲੋੜ ਹੈ। ਨਾਰੀ, ਰੈਯਤ, ਭੋਇ ਅਤੇ ਲਛਮੀ ਕਿਸੈ ਨਾਲ ਵਫ਼ਾਦਾਰ ਨਹੀਂ ਹੁੰਦੇ।[102] 18ਵੀਂ ਸਦੀ ਵਿਚ ਸਿੱਖਾਂ ਦੇ ਅਜਿਹੇ ਵਿਚਾਰ ਆਤਮਘਾਤੀ ਹੀ ਹੋ ਸਕਦੇ ਹਨ ਅਤੇ ਇਹਨਾਂ ਖਿਆਲਾਂ ਨੂੰ ਗੁਰੂ ਗੋਬਿੰਦ ਸਿੰਘ ਨਾਲ ਜੋੜਨਾ ਹਾਸੋਹੀਣਾ ਹੈ। ਜਦੋਂ ਤੁਰਕਾਂ ਦੀ ਆਪਸੀ ਲੜਾਈ ਹੋਈ ਤਾਂ ਗੁਰੂ ਸਾਹਿਬ ਖਾਲਸੇ ਵਿਚ ਬਿਰਾਜ ਕੇ ਉਹਨਾਂ ਨੂੰ ਮੁਕਾ ਦੇਣਗੇ।[103] ਜਦੋਂ ਸਤਿਗੁਰ ਦੇ ਨਾਉਂ ਤੇ ਸੀਸ ਭੇਟ ਹੋਏ ਤਾਂ ਸਿੱਖ ਰਾਜ ਸਥਾਪਤ ਹੋਵੇਗਾ।[104] ਮੁਗ਼ਲ-ਅਫ਼ਗਾਨ ਟੱਕਰ ਨੂੰ ਮੁੱਖ ਰੱਖਦਿਆਂ ਅਸੀਂ ਵੇਖ ਸਕਦੇ ਹਾਂ ਕਿ ਇਹ ਘਟਨਾ-ਪਸ਼ਚਾਤ ਭਵਿਖਬਾਣੀ ਹੈ।

ਗੁਰਬਿਲਾਸ ਪਾਤਿਸ਼ਾਹੀ 10 ਵਿਚ ਮਾਝੇ ਅਤੇ ਮਾਲਵੇ ਦੇ ਮਤਭੇਦਾਂ ਦਾ ਜ਼ਿਕਰ ਹੈ। ਜਦੋਂ ਆਲਾ ਸਿੰਘ ਨੇ ਅਹਿਮਦਸ਼ਾਹ ਅਬਦਾਲੀ ਤੋਂ ਰਾਜਗੀ ਲਈ ਸੀ ਤਾਂ ਮਾਝੇ ਦੇ ਸਿੱਖਾਂ ਨੂੰ ਰੰਜ ਸੀ। ਪਰ ਫੂਲ ਰਿਆਸਤਾਂ ਵਲੋਂ ਅੰਗਰੇਜ਼ਾਂ ਦੀ ਅਧਿਰਾਜਗੀ ਮੰਨਣ ਨਾਲ ਮਾਲਵੇ ਦੇ ਸਿੱਖਾਂ ਦੀ ਰਾਜਨੀਤੀ ਰਣਜੀਤ ਸਿੰਘ ਦੀ ਰਾਜਨੀਤੀ ਨਾਲੋਂ ਵੱਖਰੀ ਹੋ ਗਈ ਜਿਸ ਕਰਕੇ :

ਮਾਝਾ ਰੋੜ ਸਿੱਖ ਜਗ ਰਾਜਾ
ਮਾਲਵ ਬਾਵਰ ਕੋ ਹੈ ਸਾਜਾ[105]

ਕਰਤਾ ਮੁਲਕ ਵਿਚ ਅੰਗਰੇਜ਼ਾਂ ਦੀ ਹੋਂਦ ਤੋਂ ਜਾਣੂ ਹੈ।[106]

ਗੁਰਬਿਲਾਸ ਪਾਤਿਸ਼ਾਹੀ 10 ਦੀ ਮੁਸਲਮਾਨਾਂ ਪ੍ਰਤੀ ਸੁਲਹ-ਕੁੱਲ ਰਵੱਈਆ ਮਹੱਤਵਪੂਰਨ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਦਾ ਮਿਸ਼ਨ ਤੁਰਕਾਂ ਦਾ ਨਾਸ ਕਰਨਾ ਸੀ ਪਰ ਇਹੋ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਏਸ ਤੁਰਕ ਸ਼ਬਦ ਦਾ ਮਤਲਬ 'ਜ਼ਾਲਮ ਹੁਕਮਰਾਨ' ਤਕ ਸੀਮਤ ਹੈ। ਮੁਸਲਮਾਨ ਉਮਰਾ ਗੁਰੂ ਸਾਹਿਬ ਨੂੰ ਰੱਬ ਦਾ ਰੂਪ ਸਮਝਦੇ ਹਨ।[107] ਗੁਰੂ ਗੋਬਿੰਦ ਸਿੰਘ ਮੁਗ਼ਲ ਖਾਨ-ਇ-ਖਾਨਾਂ ਦਾ ਬੜਾ ਆਦਰ ਕਰਦੇ ਹਨ।[108] ਗੁਰੂ ਸਾਹਿਬ ਦੀ ਕਾਜ਼ੀਆਂ ਨਾਲ ਵਾਰਤਾਲਾਪ ਹੁੰਦੀ ਹੈ ਜਿਸ ਵਿਚ ਇਸਲਾਮ ਅਤੇ ਸਿੱਖ ਧਰਮ ਵਿਚ ਕੋਈ ਬਹੁਤਾ ਫ਼ਰਕ ਨਹੀਂ ਹੈ ਜਿਸ ਕਰਕੇ ਮੁਸਲਮਾਨਾਂ ਲਈ ਇਸਲਾਮ ਹੀ ਠੀਕ ਹੈ। ਮੁਸਲਸਾਨਾਂ ਨਾਲ ਸੁਲਹ ਦਾ ਰਵੱਈਆ ਅਤੇ ਗੁਰੂ ਗੋਬਿੰਦ ਸਿੰਘ ਦੇ 'ਹਿੰਦੂ'

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਿਤਰਨ ਤੋਂ ਪਤਾ ਲਗਦਾ ਹੈ ਕਿ **ਗੁਰਬਿਲਾਸ ਪਾਤਿਸ਼ਾਹੀ** 10 'ਤੇ ਰਣਜੀਤ ਸਿੰਘ ਦੇ ਸਮਿਆਂ ਦੀ ਛਾਪ ਹੈ। ਰਣਜੀਤ ਸਿੰਘ ਲਈ ਲਾਜ਼ਮੀ ਸੀ ਕਿ ਉਹ ਹਿੰਦੂ, ਮੁਸਲਮ, ਸਿੱਖ ਧਰਮਾਂ ਦਾ ਕੋਈ ਨ ਕੋਈ ਸਮਤੋਲ ਬਣਾਈ ਰਖੇ। ਕੇਵਲ ਇਹਨਾਂ ਸਮਿਆਂ ਵਿਚ ਰੈਯਤ ਨੂੰ ਦੁਰਕਾਰਿਆ ਜਾ ਸਕਦਾ ਸੀ ਜਿਸ ਦੇ ਪਾਪਾਂ ਨੇ ਕਲਿਜੁਗ ਵਰਤਾ ਦਿਤਾ ਸੀ, ਜਿਸ ਕਰਕੇ ਵਿਅਕਤੀ ਦੀ ਮੁਕਤੀ ਦਾ ਇਕੋ ਇਕ ਰਾਹ ਗੁਰੂ ਗ੍ਰੰਥ ਵਿਚ ਅੰਤਰਮੁਖੀ ਸ਼ਰਧਾ ਸੀ।

ਗੁਰਬਿਲਾਸ ਛੇਵੀਂ ਪਾਤਿਸ਼ਾਹੀ

ਕਹਿੰਦੇ ਹਨ ਕਿ **ਗੁਰਬਿਲਾਸ ਛੇਵੀਂ ਪਾਤਿਸ਼ਾਹੀ** ਸੋਹਨ ਕਵੀ ਨੇ 1718 ਈਸਵੀ 'ਚ ਲਿਖਿਆ ਸੀ। ਪ੍ਰਕਾਸ਼ਿਤ ਐਡੀਸ਼ਨ ਵਿਚ ਕਰਤਾ ਅਨਾਮਿਕ ਹੈ।[109] ਕਰਤਾ ਕਿਸੇ ਧਰਮ ਵਿਚ ਨਾਮੀ ਸੱਜਣ ਦਾ ਸ਼ਰਧਾਲੂ ਹੈ ਜਿਸਦਾ ਭਾਈ ਮਨੀ ਸਿੰਘ ਨਾਲ ਸੰਪਰਕ ਰਿਹਾ ਸੀ :

ਮਨੀ ਸਿੰਘ ਸੁਆਮੀ ਕਾ ਦਾਸ
ਧਰਮ ਸਿੰਘ ਜੀ ਬੁੱਧ ਪ੍ਰਕਾਸ਼[110]

ਪਰ ਰਚਨਾ ਵਿਚ ਨੌਂ ਮੰਜ਼ਲੇ ਬਾਬਾ ਅਟੱਲ ਦਾ ਜ਼ਿਕਰ ਹੈ।[111] ਹਰਿਮੰਦਰ ਸਾਹਿਬ ਸੁਨਹਿਰੀ ਹੋ ਚੁੱਕਾ ਹੈ।[112] ਅਤੇ ਰਣਜੀਤ ਵਲੋਂ ਸਰਾਇ ਨੂਰਦੀਨ ਢਾ ਕੇ ਤਰਨਤਾਰਨ ਦੇ ਸਰੋਵਰ ਬਣਾਉਣ ਦਾ ਹਵਾਲਾ ਹੈ।[113] ਇਹ ਘਟਨਾਵਾਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦੀਆਂ ਹਨ। ਇਸ ਤੋਂ ਵਧ 1834 ਈਸਵੀ ਦਾ ਸਿੱਧਾ ਵਰਣਨ ਹੈ।[114] ਮੈਕਾਲਫ਼ ਦਾ ਕਹਿਣਾ ਹੈ ਕਿ ਭਾਈ ਕਾਹਨ ਸਿੰਘ ਅਨੁਸਾਰ ਇਹ ਰਚਨਾ ਹਰਿਮੰਦਰ ਸਾਹਿਬ ਦੇ ਕਿਸੇ ਪੁਜਾਰੀ ਦੀ ਹੈ ਜਿਸ ਨੇ ਇਸਨੂੰ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਲਿਖਿਆ।[115] ਕਰਤਾ ਪਾਠਕ ਕੋਲੋਂ ਛੰਦ ਦੀਆਂ ਉਕਾਈਆਂ ਦੀ ਤਾਂ ਮੁਆਫ਼ੀ ਮੰਗਦਾ ਹੈ ਪਰ ਉਸ ਨੂੰ ਇਤਿਹਾਸਕ ਤਰੁਟੀਆਂ ਦਾ ਕੋਈ ਖ਼ਿਆਲ ਨਹੀਂ।[116] ਕਰਤਾ ਨੇ ਆਪਣੇ ਗੁਰੂ ਦੇ ਕਹਿਣ 'ਤੇ ਛੰਦਾਬੰਦੀ ਕੀਤੀ ਹੈ ਅਤੇ ਉਹਦੇ ਅਨੁਸਾਰ ਪਾਠ ਨੂੰ ਢਾਲਿਆ ਹੈ।[117]

ਕਰਤਾ ਇਸ ਗੱਲ ਦਾ ਜਵਾਬ ਦਿੰਦਾ ਹੈ ਕਿ ਪੰਜ ਸ਼ਾਂਤੀਪੂਰਨ ਗੁਰੂਆਂ ਬਾਅਦ ਛੇਵੀਂ ਪਾਤਿਸ਼ਾਹੀ ਨੇ ਕਿਉਂ ਹਥਿਆਰਬੰਦ ਘੋਲ ਕੀਤਾ :

ਪਾਂਚ ਗੁਰੂ ਸੁਧ ਸ਼ਾਂਤ ਰਹਾਏ
ਛਟਮ ਗੁਰੂ ਕਿਮ ਜੁੱਧ ਕਰਾਏ[118]

ਇਹੀ ਸਵਾਲ ਗੁਰੂ ਗੋਬਿੰਦ ਸਿੰਘ ਬਾਰੇ ਵੀ ਕੀਤਾ ਜਾ ਸਕਦਾ ਸੀ ਜਿਸਦਾ ਜਵਾਬ ਕਈ ਸਿੱਖ ਲਿਖਾਰੀ ਦੇ ਚੁੱਕੇ ਸਨ। ਇਸੇ ਕਰਕੇ **ਗੁਰਬਿਲਾਸ ਛੇਵੀਂ ਪਾਤਿਸ਼ਾਹੀ** ਦਾ ਕਰਤਾ ਗੁਰੂ ਹਰਿਗੋਬਿੰਦ ਨੂੰ ਗੁਰੂ ਗੋਬਿੰਦ ਸਿੰਘ ਅਨੁਸਾਰ ਚਿਤਰਦਾ ਹੈ।

ਪਰਮਾਤਮਾ ਗੁਰੂ ਹਰਿਗੋਬਿੰਦ ਨੂੰ ਮੀਰੀ ਅਤੇ ਪੀਰੀ ਸੰਭਾਲਣ ਲਈ ਕਹਿੰਦਾ ਹੈ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜੋ ਰਾਕਸ਼ਾਂ ਨੂੰ ਮਾਰ ਕੇ ਗੁਰੂ ਅਰਜਨ ਦੀ ਸ਼ਹੀਦੀ ਦਾ ਬਦਲਾ ਲਿਆ ਜਾ ਸਕੇ।[119] ਮਸੰਦ ਛੇਵੇਂ ਗੁਰੂ ਸਾਹਿਬ ਦੇ ਸਮੇਂ ਹੀ ਰੁਕਾਵਟਾਂ ਪਾ ਰਹੇ ਹਨ।[120] ਮਹਾਕਾਲ ਦਾ ਗੁਰੂ ਹਰਿਗੋਬਿੰਦ ਨੂੰ ਕਹਿਣਾ ਹੈ ਕਿ ਅਕਾਲ ਤਖਤ ਦੀ ਪੂਜਾ ਹਰਿਮੰਦਰ ਸਾਹਿਬ ਦੀ ਪੂਜਾ ਤੋਂ ਪ੍ਰਥਮ ਹੈ :

ਤਖਤ ਪੂਜ ਤੁਮ ਪ੍ਰਿਥਮੈ ਕਰੋ
ਸਵਾਈ ਹਰਿਮੰਦਰ ਤੇ ਧਰੋ।[121]

ਗੁਰੂ ਹਰਿ ਗੋਬਿੰਦ ਦੇ ਦਰਬਾਰੀ ਬਵੰਜਾ ਬੀਰ ਹਨ ਜਿਹੜੇ ਮਾਝੇ ਮਾਲਵੇ ਦੇ ਛੀਂਬਿਆਂ, ਝੀਵਰਾਂ, ਤ੍ਰਖਾਣਾਂ ਅਤੇ ਨਾਈਆਂ ਦੇ ਭੇਸ ਵਿਚ ਉਹਨਾਂ ਦੀ ਖਿਦਮਤ ਕਰਦੇ ਹਨ।[122] ਗੁਰੂ ਹਰਿਗੋਬਿੰਦ ਸਿੰਘ ਦਾ ਆਪਣੇ ਸਿਦਕੀ ਸਿੱਖਾਂ ਨਾਲ ਪਰਨ ਹੈ ਕਿ ਉਹ ਭੰਗਾਣੀ ਦੇ ਯੁੱਧ ਵਿਚ ਉਹਨਾਂ ਨਾਲ ਹੋਣਗੇ।[123] ਗੁਰੂ ਗੋਬਿੰਦ ਸਿੰਘ ਵਾਂਗੂੰ ਗੁਰੂ ਹਰਿਗੋਬਿੰਦ ਨੂੰ ਆਪਣੇ ਸਿੱਖ ਸਭ ਤੋਂ ਪਿਆਰੇ ਸਨ। ਗੁਰੂ ਸਾਹਿਬ ਸਿੱਖਾਂ ਦੀ ਬੁਰਿਆਈ ਸਹਿ ਨਹੀਂ ਸਕਦੇ। ਗੁਰੂ ਨੂੰ ਆਪਣੇ ਸਿੱਖਾਂ ਦੀ ਵਡਿਆਈ ਦਾ ਭਰੋਸਾ ਹੈ। ਗੁਰੂ ਅਤੇ ਸਿੱਖ ਦਾ ਰਿਸ਼ਤਾ ਸਭ ਤੋਂ ਉੱਤਮ ਹੈ।[124] ਅਕਾਲਪੁਰਖ ਨੇ ਗੁਰੂ ਹਰਿਗੋਬਿੰਦ ਨੂੰ ਅਵਤਾਰ ਧਾਰਨ ਦਾ ਹੁਕਮ ਦਿੱਤਾ ਸੀ ਤਾਂ ਜੋ 'ਮਲੇਛਾਂ' ਨੂੰ ਮੁਕਾ ਕੇ ਧਰਤੀ ਦਾ ਭਾਰ ਹੌਲਾ ਹੋ ਸਕੇ। ਉਹਨਾਂ ਨੇ ਪਰਮਾਤਮਾ ਦੇ ਕਹਿਣ 'ਤੇ ਤਲਵਾਰ ਚੁੱਕੀ ਸੀ।[125]

ਉਪਰੋਕਤ ਗੱਲਾਂ ਤੋਂ ਅਨਮਾਨ ਲੱਗ ਜਾਂਦਾ ਹੈ ਕਿ **ਗੁਰਬਿਲਾਸ ਛੇਵੀਂ ਪਾਤਿਸ਼ਾਹੀ** ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਲਈ ਇਤਿਹਾਸਕ ਸਰੋਤ ਨਹੀਂ। ਸਗੋਂ ਇਹ ਮੁਢਲੀ 19ਵੀਂ ਸਦੀ ਬਾਰੇ ਬਹੁਤ ਕੁਝ ਦੱਸਦਾ ਹੈ। ਗੁਰਬਿਲਾਸ ਸਿੱਖ ਗੁਰਦੁਆਰਿਆਂ ਦੇ ਦਰਸ਼ਨ ਲਈ ਪ੍ਰੇਰਦਾ ਹੈ। ਜਿੱਥੇ ਅਸ਼ਨਾਨ ਕਰਨ ਨਾਲ ਸੁਰਗ ਮਿਲ ਜਾਂਦਾ ਹੈ :

ਇਹ ਠਾਂ ਨ੍ਹਾਇ ਸੁ ਸੁਰਗ ਸਿਧਾਰੇ।[126]

ਕਿਸੇ ਗੁਰਦੁਆਰੇ ਖਾਸ ਦਿਨ ਨ੍ਹਾਉਣ ਨਾਲ ਪੁੱਤਰ ਮਿਲ ਜਾਂਦਾ ਹੈ।[127] ਗੁਰੂ ਅਰਜਨ ਸਾਹਿਬ ਦੀ ਗੌੜੀ ਰਾਗ ਦੀ ਰਚਨਾ ਠੰਢ ਦਾ ਇਲਾਜ ਹੈ।[128] ਇਕ ਸ਼ਬਦ ਜ਼ਹਿਰ ਦਾ ਉਪਾਅ ਹੈ।[129]। ਸੱਤ ਵਾਰ ਮੂਲ ਮੰਤਰ ਪੜ੍ਹਣ ਨਾਲ ਬੁਖ਼ਾਰ ਲਹਿ ਜਾਂਦਾ ਹੈ।[130] ਬਾਵਨ ਅੱਖਰੀ ਦੇ ਪਾਠ ਨਾਲ ਕਈ ਜਨਮਾਂ ਦੇ ਪਾਪ ਲਹਿ ਜਾਂਦੇ ਹਨ।[131] ਮਨੁੱਖੀ ਆਯੂ ਵਿਚ ਚੌਵੀ ਹਜ਼ਾਰ ਸਵਾਸ ਹੁੰਦੇ ਹਨ ਅਤੇ ਸੁਖਮਣੀ ਸਾਹਿਬ ਦੇ ਚੌਵੀ ਹਜ਼ਾਰ ਅੱਖਰ ਹਨ ਜਿਸ ਕਰਕੇ ਇਹਦਾ ਪਾਠ ਕਰਨ ਨਾਲ ਸਭ ਇਛਿਆਵਾਂ ਪੂਰੀਆਂ ਹੋ ਜਾਂਦੀਆਂ ਹਨ।[132] ਜਿਹੜਾ ਗ੍ਰੰਥ ਸਾਹਿਬ ਲਈ ਰੁਮਾਲੇ ਚੜ੍ਹਾਉਂਦਾ ਹੈ ਅਤੇ ਕੜਾਹ ਪ੍ਰਸ਼ਾਦ ਕਰਵਾਉਂਦਾ ਹੈ ਉਹ ਨਰਕਾਂ ਨੂੰ ਨਹੀਂ ਜਾਂਦਾ :

ਕੜਾਹ ਪ੍ਰਸ਼ਾਦ ਤਿਹ ਨਮਿਤ ਕਰਾਵੈ
ਨਰਕ ਦੁਆਰ ਕੋ ਸੋ ਨਹਿ ਜਾਵੈ।[133]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਹੜਾ ਆਦਮੀ ਗੁਰੂ ਅਮਰਦਾਸ ਦੀ ਬਾਉਲੀ ਦੀਆਂ ਚੌਰਾਸੀ ਪੌੜੀਆਂ 'ਤੇ ਜਪੁਜੀ ਸਾਹਿਬ ਦੇ ਚੌਰਾਸੀ ਪਾਠ ਕਰਦਾ ਹੈ ਉਹ ਗੁਰੂ ਨਾਨਕ ਪਾਸ ਪਹੁੰਚ ਜਾਂਦਾ ਹੈ।[134] ਹਰਿਮੰਦਰ ਸਾਹਿਬ ਪ੍ਰਾਣ ਤਿਆਗਣ ਵਾਲੇ ਨੂੰ ਜਮ ਦਾ ਡਰ ਨਹੀਂ।[135] ਕੌਲਸਰ ਨ੍ਹਾਉਣ ਨਾਲ ਪੁੱਤ ਮਿਲਦਾ ਹੈ।[136] ਕਿਸੇ ਗੁਰਦੁਆਰੇ ਦੇ ਦਰਸ਼ਨ ਕਰਨ ਨਾਲ ਕੰਨਿਆ ਲਈ ਵਰ ਮਿਲ ਜਾਂਦਾ ਹੈ।[137]

ਗੁਰਬਿਲਾਸ ਛੇਵੀਂ ਪਾਤਿਸ਼ਾਹੀ ਦਾ ਹਰ ਅਧਿਆਇ ਪੜ੍ਹਣ ਨਾਲ ਕੋਈ ਨ ਕੋਈ ਵਰ ਮਿਲਦਾ ਹੈ। ਦਰਅਸਲ ਕਰਤਾ ਦੀ ਚਿੰਤਾ ਇਹ ਗੱਲ ਦਰਸਾਉਣ ਦੀ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਆਪ ਥਾਉਂ ਥਾਈਂ ਗੁਰਦੁਆਰਿਆਂ ਦੀ ਯਾਤਰਾ ਕਰਦੇ ਫਿਰਦੇ ਸਨ। ਉਹਨਾਂ ਦਾ ਗੁਰੂ ਅੰਗਦ ਅਤੇ ਗੁਰੂ ਅਮਰਦਾਸ ਨਾਲ ਸੰਬੰਧਿਤ ਧਾਮਾਂ ਨਾਲ ਖ਼ਾਸ ਲਗਾਉ ਹੈ। ਗੁਰੂ ਹਰਿਗੋਬਿੰਦ ਆਪਣੇ ਇਤਬਾਰੀ ਸਿੱਖਾਂ ਨੂੰ ਗੁਰੂ ਨਾਨਕ ਸਾਹਿਬ ਦੇ ਗੁਰਦੁਆਰਿਆਂ ਦੀ ਸੇਵਾ ਕਰਨ ਲਈ ਹੁਕਮ ਦਿੰਦੇ ਹਨ। ਕਰਤਾ ਦਾ ਗੁਰੂ ਹਰਿਗੋਬਿੰਦ ਦਾ ਬਿੰਬ 19ਵੀਂ ਸਦੀ ਦੇ ਕੱਚੇ ਸ਼ਰਧਾਲੂ ਸਿੱਖ ਦਾ ਹੈ ਜਿਹੜਾ ਗੁਰਦੁਆਰਿਆਂ ਵਿਚ ਸੁਖਨਾਵਾਂ ਸੁਖਦਾ ਫਿਰਦਾ ਹੈ।

ਗੁਰਬਿਲਾਸ ਛੇਵੀਂ ਪਾਤਿਸ਼ਾਹੀ ਬਾਬੇ ਬੁੱਢੇ ਨੂੰ ਮਹਾਨ ਸਿੱਖ ਸਿੱਧ ਕਰਦਾ ਹੈ। ਆਪਣੀ ਸ਼ਹੀਦੀ ਦੇ ਮੌਕੇ ਗੁਰੂ ਅਰਜਨ ਭਾਈ ਗੁਰਦਾਸ ਅਤੇ ਬਾਬੇ ਬੁੱਢੇ ਨੂੰ ਹਰਿਗੋਬਿੰਦ ਨਾਲ ਰਹਿਣ ਨੂੰ ਕਹਿੰਦੇ ਹਨ ਅਤੇ ਭਵਿਖ ਦੇ ਗੁਰੂ ਹਰਿਗੋਬਿੰਦ ਨੂੰ :

ਬੁੱਢਾ ਗੁਰੂ ਨਾਨਕ ਸਮ ਜਾਨੋ[138]

ਦਾ ਆਦੇਸ਼ ਦਿੰਦੇ ਹਨ. ਗੁਰੂ ਅਰਜਨ ਦੀ ਆਖਰੀ ਖ਼ਾਹਿਸ਼ ਸੀ ਕਿ ਗੁਰੂ ਹਰਿਗੋਬਿੰਦ 'ਮੀਰੀ' 'ਪੀਰੀ' ਅਪਣਾਉਣ, ਅਕਾਲ ਤਖ਼ਤ ਬਣਾਉਣ ਅਤੇ ਬਾਬੇ ਬੁੱਢੇ ਨੂੰ ਗੁਰੂ ਅਰਜਨ ਸਮਾਨ ਜਾਨਣ।[139] ਬਾਬਾ ਬੁੱਢਾ ਹਰਿਮੰਦਰ ਦਾ ਪਹਿਲਾ ਗ੍ਰੰਥੀ ਸੀ ਅਤੇ ਹਰਿਮੰਦਰ ਸਾਹਿਬ ਦੀ ਮਰਿਯਾਦਾ ਉਹਨੇ ਹੀ ਚਲਾਈ ਸੀ।[140] ਉਹ ਗੁਰੂ ਨਾਨਕ ਵਾਂਗੂੰ ਗੁਰ-ਮੰਤ੍ਰ ਵੀ ਦਿੰਦਾ ਸੀ ਅਤੇ ਪੁੱਤ ਵੀ।[141] ਜਦੋਂ ਗੁਰੂ ਹਰਿਗੋਬਿੰਦ ਨੇ ਹਰਿਮੰਦਰ ਸਾਹਿਬ ਦੀ ਮਰਯਾਦਾ ਉਲਟਾ ਦਿੱਤੀ ਤਾਂ ਸਿੱਖ ਬਾਬੇ ਬੁੱਢੇ ਕੋਲ ਪਹੁੰਚਦੇ ਹਨ।[142] ਬਾਬੇ ਬੁੱਢੇ ਦੇ ਕਹਿਣ 'ਤੇ ਹੀ ਗੁਰੂ ਹਰਿਗੋਬਿੰਦ ਨੇ ਕੌਲਾਂ ਦਾ ਖ਼ਿਆਲ ਛੱਡਿਆ ਸੀ।[143] ਬਾਬੇ ਬੁੱਢੇ ਦਾ ਨਿਵਾਸ ਗੁਰੂ ਹਰਿਗੋਬਿੰਦ ਦੇ ਮਹਿਲਾਂ ਨਾਲ ਹੁੰਦਾ ਸੀ।[144] ਬਾਬੇ ਬੁੱਢੇ ਨੇ ਗੁਰੂ ਦੇ ਨਾਉਂ ਪਿੱਛੇ ਹਰਿਗੋਬਿੰਦਪੁਰ ਸ਼ਹਿਰ ਦਾ ਨਾਉਂ ਧਰਿਆ ਸੀ।[145] ਬੁੱਢੇ ਦੀ ਗੱਦੀ 'ਤੇ ਭਾਨਾ ਬੈਠਦਾ ਹੈ।[146]

ਭਾਨਾ ਅਤੇ ਗੁਰੂ ਹਰਿਗੋਬਿੰਦ ਬਾਬੇ ਗੁਰਦਿੱਤੇ ਦੀ ਅਰਥੀ ਦੀ ਅਗਵਾਈ ਕਰਦੇ ਹਨ ਜਿਸ ਦੇ ਮਗਰ ਜਾਣ ਵਾਲਿਆਂ ਵਿਚ ਸੂਰਜ ਮੱਲ, ਬਿਧੀ ਚੰਦ. ਜੋਧ, ਭਵਿਖ ਦੇ ਗੁਰੂ ਹਰਿ ਰਾਇ, ਅਨੀ ਰਾਇ ਅਤੇ ਹੋਣ ਵਾਲੇ ਗੁਰੂ ਤੇਗ ਬਹਾਦਰ ਸਨ।[147] ਭਾਨਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਰਿ ਰਾਇ ਦੀ ਕੁੜਮਾਈ ਸਮੇਂ ਮੋਹਰੀ ਹੈ ਅਤੇ ਉਹਨੇ ਹੀ ਗੁਰੂ ਰਾਇ ਨੂੰ ਗੱਦੀ ਦਾ ਤਿਲਕ ਲਾਇਆ ਸੀ ।[148] ਭਾਨੇ ਦੇਮਗ ਰੋਂ ਸਰਵਨ ਹੋਇਆ ਜਿਹਨੂੰ ਕਰਤਾ 'ਸਾਹਿਬ' ਲਿਖਦਾ ਹੈ ਜਿਹੜਾ ਸ਼ਬਦ ਸਿੱਖ ਗੁਰੂ ਸਾਹਿਬਾਨ ਲਈ ਹੀ ਰਾਖਵਾਂ ਹੈ ।

ਗੁਰਬਿਲਾਸ ਛੇਵੀਂ ਪਾਤਿਸ਼ਾਹੀ 19ਵੀਂ ਸਦੀ ਦੀ ਗੁਰੂ ਗ੍ਰੰਥ ਬਾਰੇ ਅਤੇ ਹਰਿਮੰਦਰ ਸਾਹਿਬ 'ਚ ਹੁੰਦੀ ਸਿੱਖ ਮਰਿਯਾਦਾ ਦੀ ਸ਼ਾਨਦਾਰ ਗਵਾਹੀ ਹੈ ਜਿਸ ਤੋਂ ਸਿੱਖਾਂ ਦੇ ਜਨਮ, ਵਿਆਹ ਅਤੇ ਮਰਨ ਸੰਸਕਾਰਾਂ ਦਾ ਵੀ ਪਤਾ ਲਗਦਾ ਹੈ ।

ਪਰ ਰੂਪਾਤਮਿਕ ਪੱਖ ਤੋਂ ਗੁਰਬਿਲਾਸ ਦੁਰਘਟਨਾ ਸਮਾਨ ਹੈ । ਇਹ ਜਨਮਸਾਖੀ ਸਾਹਿਤ ਰੂਪ ਅਤੇ ਗੁਰਬਿਲਾਸ ਰੂਪ ਦਾ ਮੇਲ ਹੈ । ਇਸ ਵਿਚ ਨਾ ਤਾਂ ਜਨਮਸਾਖੀ ਦੀ ਸਿੱਧਾਂਤਕ ਬਾਰੀਕੀ ਹੈ ਅਤੇ ਨਾ ਹੀ ਗੁਰਬਿਲਾਸ ਵਾਲਾ ਸਮਾਜਕ ਤੌਖਲਾ ਹੈ । ਯੁੱਧ ਦੇ ਪਰੰਪਰਾਵਾਦੀ ਵਰਣਨ ਤੋਂ ਮਗਰੋਂ ਵਿਆਹ ਦਾ ਵੇਰਵਾ, ਸ਼ਹਿਰ ਵਸਾਉਣ ਪਿੱਛੋਂ ਫ਼ੌਜੀ ਟੱਕਰ, ਬੁੱਚੜਾਂ ਦੀ ਹੱਤਿਆ ਬਾਦ ਗੁਰੂ ਅੰਗਦ ਦੀ ਗੱਦੀ-ਨਸ਼ੀਨੀ ਆ ਜਾਂਦੀ ਹੈ । ਯੁੱਧ, ਘਰੋਗੀ ਸੰਸਕਾਰ ਅਤੇ ਸਿੱਖ ਮਿਥਿਹਾਸਕਾਰੀ ਨੂੰ ਇਕ ਦੂਸਰੇ ਨਾਲ ਜੋੜਿਆ ਨਹੀਂ ਗਿਆ ਅਤੇ ਨਾ ਇਹਨਾਂ ਨੂੰ ਬੰਨ੍ਹ ਕੇ ਰੱਖਣ ਵਾਲਾ ਕੋਈ ਧਾਰਮਿਕ ਸਿੱਧਾਂਤ ਜਾਂ ਸਿਆਸੀ ਪ੍ਰੋਗਰਾਮ ਹੈ । ਇਹ ਕਿਰਤ ਸਿੱਖ ਰਾਜ ਸਮੇਂ ਧਾਰਮਿਕ ਸ਼ਰਧਾ ਦੇ ਵਿਠਗਣ ਦੀ ਨਿਸ਼ਾਨੀ ਹੈ ਜਦੋਂ ਸਿੱਖ ਧਰਮ ਆਮ ਲੋਕਾਂ ਲਈ, ਸ਼ਾਇਦ ਉਪਰਲੀਆਂ ਸ਼੍ਰੇਣੀਆਂ ਲਈ ਵੀ, ਸੁੱਖਣਾ ਦੀ ਪੰਡ ਬਣ ਕੇ ਰਹਿ ਗਿਆ ਸੀ ।

ਪਰ **ਗੁਰਬਿਲਾਸ ਪਾਤਿਸ਼ਾਹੀ** 10 ਅਤੇ **ਗੁਰਬਿਲਾਸ ਛੇਵੀਂ ਪਾਤਿਸ਼ਾਹੀ** ਸਿੱਖ ਰਾਜ ਦੀ ਸਥਿਤੀ ਦੀ ਪੈਦਾਵਾਰ ਹਨ । ਭਾਵੇਂ ਉੱਤਰ-ਗੁਰੂ ਗੋਬਿੰਦ ਸਿੰਘ ਕਾਲ ਵਿਚ ਸਿੱਖ ਰਾਜ ਦਾ ਸਾਹਸ ਹੈ ਪਰ ਵੇਰਵੇ ਸਹਿਤ ਸਿੱਖ ਰਾਜ ਦਾ ਚਿੰਤਨ ਸਨਾਤਨੀ ਸਿੱਖ ਕਿਰਤਾਂ ਵਿਚ ਨਹੀਂ ਮਿਲਦਾ । 19ਵੀਂ ਸਦੀ ਵਿਚ ਸਿੱਖ ਇਤਿਹਾਸ ਦਾ ਨਵਾਂ ਪੜਾਉ ਆਉਂਦਾ ਹੈ ਜਦੋਂ ਮੁਸਲਮਾਨਾਂ ਨਾਲ ਕੱਟਣ ਦਾ ਸਿੱਧਾਂਤਕ ਸਵਾਲ ਉਠਦਾ ਹੈ ਅਤੇ ਅਲਪ ਸੰਖਿਆ ਸਿੱਖ ਆਪਣੇ ਹਿੰਦੂ ਹਲਕੇ ਨੂੰ ਗੁਰੂ ਗੋਬਿੰਦ ਸਿੰਘ ਦੇ 'ਹਿੰਦੂ' ਚਰਿਤ੍ਰ ਨਾਲ ਤਕੜਾ ਕਰਦੇ ਹਨ । ਸਿੱਖੀ ਨੂੰ ਨਵੇਂ ਪੈਰੋਕਾਰਾਂ ਦੀ ਲੋੜ ਸੀ ਜਿਹਨਾਂ ਦੇ ਲੋਕ-ਵਿਸ਼ਵਾਸ਼ਾਂ ਨੇ ਸਿੱਖ ਸਿਧਾਂਤਾਂ ਨੂੰ ਪੇਤਲਾ ਕਰ ਦਿੱਤਾ ਸੀ । ਪਿਛਲੇ ਦੋ ਗੁਰਬਿਲਾਸਾਂ ਦੇ ਰੂਪਾਤਮਕ ਪਤਨ ਦੀ ਜ਼ਿਮੇਵਾਰੀ ਸਥਿਤੀ 'ਤੇ ਹੈ ।

ਅਸੀਂ ਕਹਿ ਸਕਦੇ ਹਾਂ ਕਿ **ਬਚਿਤ੍ਰ ਨਾਟਕ, ਗੁਰ ਸੋਭਾ, ਗੁਰਬਿਲਾਸ ਦਸਵੀਂ ਪਾਤਿਸ਼ਾਹੀ** ਦੀ ਰੂਪਾਤਮਕ ਤਕੜਾਈ ਵੀ ਸਿੱਖ ਧਰਮ ਦੀ ਸਮਾਜੀ ਸਥਿਤੀ ਵਿਚ ਹੀ ਹੈ ਜਦੋਂ ਸਮਾਜਕ ਤੌਖਲੇ ਨਾਲ ਨਵੇਂ ਰਾਜਨੀਤਕ ਉੱਦਮ ਦੀ ਲੋੜ ਹੈ ਜਿਸ ਦੀ ਪੂਰਤੀ ਲਈ ਲਿਖਾਰੀ ਨੂੰ ਬ੍ਰਹਮਵਿਦਿਆ ਅਤੇ ਸਿੱਖ ਧਰਮ ਦੀ ਪੁਨਰ-ਵਿਆਖਿਆ (re-interpretation) ਆਵੱਸ਼ ਹੀ ਕਰਨੀ ਪੈਂਦੀ ਹੈ । ਇੰਜ ਗੁਰਬਿਲਾਸ ਸੰਗ੍ਰਾਮ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਿੰਤਨ ਦਾ ਸਾਹਿਤ ਰੂਪ ਹੈ ਜਿਸ ਤੇ ਪੰਜਾਬੀ ਸਾਹਿਤ ਨੂੰ ਮਾਣ ਹੈ ਅਤੇ ਜਿਸ ਤੋਂ ਪੰਜਾਬੀ ਸਾਹਿਤਕਾਰਾ ਨੂੰ ਪ੍ਰੇਰਨਾ ਮਿਲ ਸਕਦੀ ਹੈ।

ਹਵਾਲੇ ਅਤੇ ਟਿੱਪਣੀਆਂ

1. ਰਤਨ ਸਿੰਘ ਜੱਗੀ, **ਦਸਮ ਗ੍ਰੰਥ ਦਾ ਕ੍ਰਿਤਤ੍ਵ**, ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ, 1966.
2. **ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਸੋਧਕ ਕਮੇਟੀ 1895, ਜਵਾਹਰ ਸਿੰਘ, ਕ੍ਰਿਪਾਲ ਸਿੰਘ, ਅੰਮ੍ਰਿਤਸਰ 1956.
3. ਰਤਨ ਸਿੰਘ ਜੱਗੀ, 13.
4. **ਦਸਮ ਗ੍ਰੰਥ** 55.
5. ਉਹੀ, 56.
6. ਉਹੀ, 57.
7. ਉਹੀ, 58.
8. ਉਹੀ, 57.
9. ਉਹੀ, 57.
10. ਉਹੀ, 58.
11. ਉਹੀ, 58, 59, 57, 48.
12. ਉਸੀ, 71.
13. ਉਹੀ, 72.
14. ਉਹੀ, 56.
15. J. S. Grewal, S. S. Bal, *Guru Gobind Singh*, Paujab University, Chandigarh, 1967, 71, 72, 86, 87, 96, 138, 159.
16. ਉਹੀ 93.
17. **ਗੁਰ ਸੋਭਾ** ਸੰਪ. ਗੰਡਾ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.
18. ਉਹੀ, 1, 2, 3, 5, 28, 128, 131.
19. ਉਹੀ, ਪ੍ਰਵੇਸ਼ਿਕਾ 20.
20. ਉਹੀ, 86.

    ਕਥੇ ਮੁਖਿ ਪਾਠ ਕਵਿ ਛੰਦ ਸੰਗ੍ਰਾਮ ਕੇ
    ਸੁਨਤ ਆਨੰਦ ਸੋ ਸਬੈ ਸੂਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

21. ਉਹੀ, 9.
22. ਉਹੀ, 134.
23. ਉਹੀ, 1, 2, 21, 49, 50, 65, 83, 85, 86, 89, 109, 125.
24. ਉਹੀ, 19.

ਕਉਤਕ ਅਉਰ ਕੀਏ ਪ੍ਰਭ ਘਨੇ
ਪ੍ਰਭ ਕੇ ਖੇਲ ਪ੍ਰਭੂ ਕੋ ਬਨੇ
ਜਾ ਕੋ ਭੇਦ ਨੇਕ ਨ ਹੋਈ
ਤਾ ਕੋ ਭੇਦ ਨ ਜਾਨੇ ਕੋਈ

25. ਉਹੀ, 85.

ਛੋਡ ਧਨ ਧਾਮ ਸੁਤ ਬੰਧ ਦਾਰਾ ਸਬੇ
ਏਕ ਅੰਕਾਰ ਹੋ ਯੋਂ ਦਿਖਾਯੋ
ਸਰਬ ਸਾਮਾਨ ਛਿਨ ਮਾਹਿ ਐਸੇ ਤਜੇ
ਭੇਖਿ ਨਿਰਬਾਨ ਕੇ ਰੂਪ ਆਯੋ

26. ਉਹੀ, 16, 61, 65.
27. ਉਹੀ, 115.
28. ਉਹੀ, 96.

ਸੀਸ ਪੈ ਤਾਜ ਲੈ ਸੋਨ ਕਲਗੀ ਧਰੀ
ਲਾਲ ਹੀਰੇ ਜਰੀ ਜਗਮਗਾਵੇ
...
ਦਿਸ ਦਾਹਨ ਬਾਨ ਕਮਾਨ ਸਜੇ
ਕਰ ਮੈਂ ਬਰਛਾ ਕਰੋ ਛਿਨ ਮੈਂ ਹੀ

29. ਉਹੀ, 72.
30. ਉਹੀ, 9.

ਆਨ ਕੇ ਖੇਤ ਪੇ ਦੇਖ ਚਤਰੰਗ ਸਭ
ਮੋਰਚੇ ਬਾਂਟਿ ਕੇ ਮਿਸਲ ਲਾਈ

31. ਉਹੀ, 71, 72.
32. ਉਹੀ, 70, 72.
33. ਉਹੀ, 72.
34. ਉਹੀ, 75.

ਠਉਰ ਠਉਰ ਧਰਿ ਮੋਰਚੇ

35. ਉਹੀ, 74.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

36. ਉਹੀ, 79.
37. ਉਹੀ, 80.
38. ਉਹੀ, 21, 23.
39. ਉਹੀ, 21.
40. ਉਹੀ, 26.
41. ਉਹੀ, 26.
42. ਉਹੀ, 28.
43. ਉਹੀ, 27.
44. ਉਹੀ, 21.
45. ਉਹੀ, 31.

ਹੋ ਕੇ ਉਦਾਸ ਖਾਲਸ ਪ੍ਰਕਾਸ਼

...

ਤਜੀਏ ਮਸੰਦ ਸਬ ਤੋਰ ਫ਼ੰਧ

...

ਤਜਿ ਪੰਚ ਸੰਗਿ ਰਚ ਏਕ ਰੰਗ

... ...

ਖਾਲਸ ਸਰੂਪ ਅਨੂਪ ਰੂਪ

...

ਗਹਿ ਤੇਗ ਲੀਨ

...

ਜੋਧਾ ਅਪਾਰ ਕਰਿ ਜੁਧਿ ਸਾਰ

...

ਬੇਸਿਧਾ ਸੁਧਾਰ ਕਰਿ ਜਗਤ ਪਾਰ

...

ਐਸੇ ਨਿਹਾਰ ਗੁਰੂ ਕੇਸ ਧਾਰ

...

46. ਉਹੀ. 52.
47. ਉਹੀ, 34, 36, 39, 46, 136, 137, 142, 144.
48. ਉਹੀ, 128.
49. ਉਹੀ, 66, 67, 133.
50. ਸੁੱਖਾ ਸਿੰਘ, **ਗੁਰਬਿਲਾਸ ਦਸਵੀਂ ਪਾਤਸ਼ਾਹੀ** ਲਾਲ ਚੰਦ, ਮਾਨਕ ਟਾਹਲਾ ਬੁੱਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੈਲਰ, ਲਾਹੌਰ, 1912.

51. ਉਹੀ, 149-50, 225, 228, 393, 395, 418. 419. 536-37, 566-67, 568, 571. 599, 600.

52. ਉਹੀ, 240.

53. ਉਹੀ, 41.

ਨੀਤ ਅਨੀਤ ਨਿਹਾਰ ਮਲੇਛਨ
ਦੁਖਤ ਭਈ ਧਰਨੀ ਸਭ ਸਾਰੀ
ਲੋਪ ਭਏ ਸਭ ਛਤ੍ਰਨ ਕੇ ਗਨ
ਜੋਗ ਸੁ ਪੁੰਨ ਸੁ ਦਾਨ ਅਪਾਰੀ

54. ਉਹੀ, 30.

55. ਉਹੀ, 272.

56. ਉਹੀ, 455.

57. ਉਹੀ, 504.

58. ਉਹੀ, 504.

59. ਉਹੀ, 237-38.

60. ਉਹੀ, 241.

61. ਉਹੀ, 1?2, 203, 205, 216, 241, 249.

62. ਉਹੀ, 249.

63. ਉਹੀ, 174, 198, 242, 317.

64. ਉਹੀ, 113, 148, 224, 242-43, 245, 302, 309, 317, 325.

65. ਉਹੀ, 161-62.

66. ਉਹੀ, 546-50.

67. ਉਹੀ 459, 485, 486.-87, 492, 496, 497, 603.

68. ਉਹੀ, 596.

69. **ਗੁਰਬਿਲਾਸ ਪਾਤਸ਼ਾਹੀ** 10, ਸੰਪ. ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

70. ਉਹੀ, 47, 99.

ਸੰਮਤ ਬਸੁ ਇਕਾਦਸ ਤਾਹਿ ਮੇ
ਕੁਆਰ ਸੁ ਮਾਸੁ ਕੇ ਦਿਵਸ ਮੰਝਾਰੀ
... ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਠ ਦਸ ਸੰਮਤ ਪ੍ਰਥਮ ਬਰ
ਮਾਸ ਕੁਆਰ ਦੇ ਆਹਿ

71. ਉਹੀ, 103.

ਦੇਵੀ ਕੋ ਧਯਾਨ ਧਰੋਂ ਮਨ ਮੈਂ
ਤਿਨ ਹੇਤ ਯਾ ਪੰਥ ਕੋ ਕੀਜੈ ਬਨਾਏ
ਨਿਜ ਕੋ ਗੁਰ ਜਾਨਤ ਨਾ...

72. ਉਹੀ, 108.
73. ਉਹੀ, 109.
74. ਉਹੀ, 114.
75. ਉਹੀ, 116.
76. ਉਹੀ, 120,
77. ਉਹੀ, 121.
78. ਉਹੀ, 121.
79. ਉਹੀ, 127.
80. ਉਹੀ, 122, 283, 292.
81. ਉਹੀ, 129.
82. ਉਹੀ, 130.
83. ਉਹੀ, 176.
84. ਉਹੀ, 263.
85. ਉਹੀ, 265.
86. ਉਹੀ, 283.
87. ਉਹੀ, 34.
88. ਉਹੀ, 57, 58.
89. ਉਹੀ, 39.
90. ਉਹੀ, 59.
91. ਉਹੀ, 37.
92. ਉਹੀ, 47।
93. ਉਹੀ 68, 71, 79, 84, 100, 126, 272, 255.
94. ਉਹੀ, 216.
95. ਉਹੀ, 180, 181, 190, 198, 229, 234, 238, 240.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

96. ਉਹੀ, 281.
97. ਉਹੀ, 283.
98. ਉਹੀ, 284.
99. ਉਹੀ, 284.
100. ਉਹੀ, 138.
101. ਉਹੀ, 217.
102. ਉਹੀ, 260.
103. ਉਹੀ, 271.
104. ਉਹੀ, 283.
105. ਉਹੀ, 233.
106. ਉਹੀ, 259.
107. ਉਹੀ, 253.
108. ਉਹੀ, 257.
109. **ਗੁਰਬਿਲਾਸ ਛੇਵੀਂ ਪਾਤਿਸ਼ਾਹੀ**, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.
110. ਉਹੀ, 535.
111. ਉਹੀ, 373.

ਇਹ ਠਾਂ ਦੇਹੁਰਾ ਬਾਬੇ ਸੋਹੇ
ਨੌ ਛੱਤਾ ਪਿਖ ਰਵਿ ਸਸਿ ਮੋਹੇ

112. ਉਹੀ, 141.
113. ਉਹੀ, 410.
114. ਉਹੀ, 300,

ਅਠਾਰਹਾ ਸੈ ਇਕਾਨਵੈ ਜਾਵੇ
ਤਬੈ ਸਿੱਖ ਇਹ ਮੇਲਾ ਲਾਵੈ

115. *The Sikh Religion*, IV, 1.
116. **ਗੁਰਬਿਲਾਸ ਛੇਵੀਂ ਪਾਤਸ਼ਾਹੀ** 368.
117. ਉਹੀ, 535.
118. ਉਹੀ, 2.
119. ਉਹੀ, 138, 141.
120. ਉਹੀ, 139, 271.
121. ਉਹੀ, 145.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

122. ਉਹੀ, 142.

123. ਉਹੀ, 283-84.

124. ਉਹੀ, 300.

ਸਿੱਖ ਮੋ ਕੋ ਸਭ ਅਹੈਂ ਪਿਆਰੇ
ਸਭੀ ਕਾਜ ਮੋਹਿ ਸਿੱਖ ਸਵਾਰੇ
ਸਿੱਖ ਅਪਰਾਧ ਨ ਸਹੋ ਕਦਾਪੀ
...
ਸਿੱਖਨ ਮਹਿਮਾ ਸ੍ਰੀ ਮੁੱਖ ਗਾਈ
ਸਿੱਖ ਮਸਾਨ ਔਰ ਨਹੀਂ ਨਾਤਾ
ਸਿਖਨ ਕਰਤੇ ਸਵਰੇ ਬਾਤਾ

125. ਉਹੀ, 303.

126. ਉਹੀ, 9.

127. ਉਹੀ, 8.

128. ਉਹੀ, 21.

129. ਉਹੀ, 23.

130. ਉਹੀ, 32.

131. ਉਹੀ, 59.

132. ਉਹੀ, 60.

ਚਵੀ ਹਜ਼ਾਰ ਸ੍ਵਾਸ ਨਰ ਲੋਈ
ਚਵੀ ਹਜ਼ਾਰ ਅੱਛਰ ਇਹ ਧਰੇ
ਇੱਛਾ ਤਿਹ ਸਭ ਪੂਰਨ ਹੋਈ

133. ਉਹੀ, 77.

134. ਉਹੀ, 119.

135. ਉਹੀ, 150, 163, 374.

136. ਉਹੀ, 252.

137. ਉਹੀ, 300.

138. ਉਹੀ, 130.

139. ਉਹੀ, 138.

140. ਉਹੀ, 222, 223.

141. ਉਹੀ, 61.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

142. ਉਹੀ, 274.
143. ਉਹੀ, 275.
144. ਉਹੀ, 342.
145. ਉਹੀ, 343.
146. ਉਹੀ, 352.
147. ਉਹੀ, 515.
148: ਉਹੀ, 517, 521.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ 'ਉਦਾਸੀ ਗੋਪੀਚੰਦ ਕੀ' ਦਾ ਸੰਪਾਦਨ*

ਸ. ਸ. ਸਾਗਰ
ਸ. ਹਾਂਸ

ਅਸੀਂ ਡਾ. ਅਜਮੇਰ ਸਿੰਘ ਦੇ ਬੜੇ ਧੰਨਵਾਦੀ ਹਾਂ ਜਿਨ੍ਹਾਂ ਨੇ ਬੜੇ ਵੱਡੇ ਅਕਾਦਮਿਕ ਉੱਦਮ ਨਾਲ ਕਿੱਸੇ[1] ਦਾ ਸੰਪਾਦਨ ਕੀਤਾ ਹੈ । ਉਹਨਾਂ ਨਾਲ ਸਾਡੇ ਮੱਤ ਭੇਦ ਅਸ਼ਰਧਾ ਦੀ ਨਿਸ਼ਾਨੀ ਨਹੀਂ ਸਗੋਂ ਅਕਾਦਮਿਕ ਸੰਨਮਾਨ ਦੀ ਭੇਟ ਹੈ ਜਿਸ ਰਾਂਹੀਂ ਖੋਜ ਅਤੇ ਦਲੀਲ ਨੂੰ ਅੱਗੇ ਤੋਰਿਆ ਜਾ ਸਕਦਾ ਹੈ। ਉਹ ਇਸਨੂੰ ਪਹਿਲਾ ਸਿੱਖ ਕਿੱਸਾ ਕਹਿੰਦੇ ਹਨ ।[2] ਸਾਡੇ ਲੇਖ ਦਾ ਮੰਤਵ ਇਸ ਦਾਹਵੇ ਦੀ ਜਾਂਚ-ਪੜਤਾਲ ਕਰਨਾ ਹੈ ।

ਪ੍ਰਕਾਸ਼ਿਤ ਪੁਸਤਕ ਘਰਾਚੋਂ ਦੇ ਖਰੜੇ ਉਤੇ ਨਿਰਭਰ ਹੈ । ਇਕ ਖਰੜਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਹੈ। ਪ੍ਰਕਾਸ਼ਿਤ ਕਿੱਸੇ ਦੇ ਪਹਿਲੇ 145 ਬੰਦ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲੇ ਖਰੜੇ ਵਿਚ ਨਹੀਂ ਹਨ । ਅੱਗੇ ਜਾ ਕੇ ਬੰਦ ਨੰਬਰ 170-71, 183-84, 196-197, 202-03, 214, 286-89, 296, 325-52, 381-84; 523-24, 531-44, 549-62, 516-612, 614 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲੇ ਖਰੜੇ ਨੂੰ ਆਪਣੀ ਮਨਮਰਜ਼ੀ ਅਨੁਸਾਰ ਬਦਲ ਲਿਆ ਹੈ। 372 ਬੰਦਾਂ ਵਿਚ 265 ਬੰਦ ਹੋਰ ਰਲਾ ਲਏ ਗਏ ਹਨ । ਉਦਾਹਰਣ ਵਜੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਾਲੇ ਖਰੜੇ ਦਾ ਬੰਦ ਨੰਬਰ 353 ਪ੍ਰਕਾਸ਼ਿਤ ਪੁਸਤਕ ਦੇ ਬੰਦ ਨੰਬਰ 618 ਇੰਝ ਹੋ ਗਿਆ ਹੈ ।

ਹੇ ਮਾਤਾ ਖਿੰਥਾ ਤਾ ਝੋਲੀ ਲਿਲਾਟਾ ਪੜੀਆ ।
ਭੂੰਮ ਸੁਬਸਨਾ ਬਿਭੂਤ ਹਿਤੰ ਜੋਗ ਪਦਵੀ ਉਨ ਧਿਆਨੰ ਏਹ ਗੁਰ ਤੇ ਪ੍ਰਾਪਤੰ।

---

*ਪੰਜਾਬੀ ਅਧਿਐਨ ਸਕੂਲ, ਗੁ. ਨਾ. ਦੇ. ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ 'ਮਧਕਾਲੀ ਪੰਜਾਬੀ ਬਿਰਤਾਂਤ ਵਿਚ ਸੈਕੂਲਰ ਪਰੰਪਰਾ' ਵਿਸ਼ੇ ਤੇ ਕਰਵਾਏ ਸੈਮੀਨਾਰ '20-23 ਮਾਰਚ 1990' ਵਿਚ ਪੇਸ਼ ਕੀਤਾ ਗਿਆ ਪੇਪਰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਦੰਤ ਸ੍ਰੀ ਗੋਪੀਚੰਦ ਮਾਤਾ ਜੋ ਲਿਖੀ ਦੇਵ ਨਿਰਜਨੰ ।
ਨਾਹਿ ਨਾਹਿ ਮਿਟੰਤ ਭਾਵਨੀ ਮਾਤਾ ਜੋ ਲਿਖੀ ਦੇਵ ਨਿਰੰਜਨੰ ॥ 618 ॥[3]

ਖਿੰਥਾ ਝੋਲੀ ਲਿਲਾਟ ਪੜੀਅੰ ਭੂਮ ਸੁਖੇ ਵਿਭੂਤ ਹੇਤੰ ।
ਜੋਗ ਪਦਵੀ ਉਨਮਨ ਧਿਆਨੰ ਏਹ ਗੁਰ ਤੇ ਪਰਾਪਤੰ ।
ਕਥੰਤ ਗੋਪੀਚੰਦ ਸੁਣਿ ਮੈਣਾਵਤੀ ਮਾਤਾ ਹਮ ਪਾਏ ਗੁਰ ਮੰਜਨੰ ।
ਨਹਿ ਨਹਿ ਮਿਟੰਤ ਭਾਵਨੀ ਮਾਤਾ ਜੋ ਲਿਖੀ ਦੇਵ ਨਿਰੰਜਨੰ ॥ 353 ॥[4]

ਵੇਖਣ ਵਾਲੀ ਪਹਿਲੀ ਗੱਲ ਤਾਂ ਇਹ ਹੈ ਕਿ 'ਹਮ ਪਾਏ ਗੁਰ ਮੰਜਨੰ' ਰਹਿ ਗਿਆ ਹੈ। ਲਿਖਾਰੀ ਨੇ ਚੌਥੀ ਪਾਲ ਦੇ 'ਜੋ ਲਿਖੀ ਦੇਵ ਨਿਰੰਜਨੰ' ਨੂੰ ਪੰਗਤੀ ਨੰਬਰ ਤਿੰਨ ਉਤੇ ਵੀ ਲਿਖ ਦਿੱਤਾ ਹੈ। 'ਹੇ ਮਾਤਾ...ਤਾਂ' ਪਹਿਲੀ ਲਾਈਨ ਵਿਚ ਵਾਧੂ ਹੈ। 'ਭੂਮ ਸੁਖੇ' ਨੂੰ 'ਭੂਮ ਸੁਖਮਨਾ' ਬਣਾ ਦਿੱਤਾ ਹੈ ਜਿਹੜਾ ਬੇਮਹਿਨੀ ਹੈ। 'ਹੇਤੰ' ਦੇ ਬਾਦ ਪਾਲ ਖ਼ਤਮ ਹੋ ਜਾਂਦੀ ਹੈ, ਪਰ ਲਿਖਾਰੀ ਨੇ ਇਸਨੂੰ ਅਗਲੀ ਪਾਲ ਨਾਲ ਜੋੜ ਦਿੱਤਾ ਹੈ। 'ਕਥੰਤ' ਦੀ ਥਾਂ 'ਬੰਦਤ ਸ੍ਰੀ' ਲਿਖਿਆ ਹੈ ਅਤੇ ਖਰੜੇ ਦਾ 'ਸੁਣਿ' ਕੱਟ ਦਿੱਤਾ ਹੈ। 'ਨਹਿ ਠਹਿ' ਨੂੰ 'ਨਾਹਿ ਨਾਹਿ' ਲਿਖਿਆ ਹੈ। ਅਜੇਹੀ ਕਟ-ਵਧ ਹੋਰ ਕੋਈ ਥਾਵਾਂ ਉਤੇ ਵੀ ਹੋਈ ਹੈ।

'ਰਾਨੀ ਜੇ ਬਾਲਕ ਕਹੀਐ, ਫਿਰਤੇ ਨਹੀਂ ਫਿਰਾਏ'[5] ਬੇਅਰਥ ਹੈ ਕਿਉਂਕਿ ਇਹ ਪਾਲ ਖਰੜੇ ਵਿਚ 'ਨਾਰੀ ਬਾਲਕ ਰਾਜੇ ਕਹੀਐ ਫਿਰਤੇ ਨਾਹਿ ਫਿਰਾਏ' ਹੈ। ਪ੍ਰਕਾਸ਼ਿਤ ਪੁਸਤਕ ਦੇ ਪੰਨਾ 46 ਉਤੇ 'ਜੋਬਨੁ ਮਦੁ ਭਰਿਆ' ਨਹੀਂ ਸਗੋਂ 'ਮਟਿ ਭਰਿਆ' ਹੈ, 'ਬਵਰੀ' ਦੀ ਥਾਂ 'ਬਹੁਰੀ' ਹੈ। ਪੁਸਤਕ ਦੇ ਪੰਨਾ 51 ਉਤੇ 'ਜਿਉ ਤੁਮਰਾ ਜੀਉ ਸੋਈ ਰੀਤ ਕਮਾਵਉ' ਦਾ ਪਾਠ ਗਲਤ ਹੈ ਜਿਹੜਾ ਕਿ 'ਜਿਉ ਤੁਮ ਰਾਜੀ ਸੋਈ ਰੀਤ ਕਮਾਵਹੁ' ਹੈ। ਪੁਸਤਕ ਦੇ ਪੰਨਾ 53 ਉਤੇ 'ਕਿਆ ਥਾਉ ਸਕੈ ਮਨ ਮਹਿ' ਦਾ ਅਸਲ ਪਾਠ 'ਕਿਆ ਥਾ ਉਸ ਕੈ ਮਨਿ ਮਾਹਿ' ਹੈ। ਪੁਸਤਕ ਦਾ ਬੰਦ 450 ਦਾ ਅੰਤਲਾ ਸ਼ਬਦ 'ਸੁਖਮਨਾ' ਲਿਖ ਦਿਤਾ ਹੈ ਜਿਹੜਾ ਕਿ ਅਸਲ ਵਿਚ 'ਰਹਮਨਾ' ਹੈ ਅਤੇ ਇਸੇ ਸ਼ਬਦ ਨੂੰ ਦੂਜੀ ਪਾਲ ਵਿਚ 'ਰਹਮਨੰ' ਲਿਖਿਆ ਹੈ। ਪੁਸਤਕ ਦੇ ਪੰਨਾ 55 ਉਤੇ 'ਤਬ ਤੁਮ ਪੰਥ ਬਧਾਵਹੁ' ਵਾਧੂ ਪਾਇਆ ਹੋਇਆ ਹੈ, ਅਸਲ ਪੰਗਤੀਆਂ 'ਸਿਧਾਰਹੁ' ਤੇ 'ਬਿਚਾਰਹੁ' ਉਤੇ ਖਤਮ ਹੁੰਦੀਆਂ ਹਨ। ਪੰਨੇ ਦੀ ਪਹਿਲੀ ਪਾਲ 'ਉਨ ਊਚਾ ਪਦ ਗਹਿਆ ਭਰਥਰੀ ਹਮਰੀ ਬਿਪਤ ਬਿਚਾਰਹੁ' ਹੈ। ਲਗਦਾ ਹੈ ਕਿ ਘਰਾਚੋਂ ਦੇ ਲਿਖਾਰੀ ਨੇ ਕਿਸੇ ਐਸੇ ਖਰੜੇ ਤੋਂ ਨਕਲ ਕੀਤੀ ਹੈ ਜਿਸ ਵਿਚ ਤੁਕਾਂਤ ਚਿੰਨ੍ਹ ਨਹੀਂ ਸਨ ਅਤੇ ਉਸਦੇ ਕੋਲੋਂ ਛੰਦ ਰਲ ਗਏ ਹਨ। ਪੁਸਤਕ ਦਾ ਪੰਨਾ 57 ਉਤੇ 'ਤੁਮ ਸੋ ਕਰਹਿ' ਦਾ ਗਲਤ ਪਾਠ ਉਠਾਇਆ ਗਿਆ ਹੈ। ਅਸਲ ਵਿਚ ਇਹ 'ਤੁਮ ਕਸਿ ਪਕਰਹਿ' ਹੈ।

ਡਾ. ਅਜਮੇਰ ਸਿੰਘ 'ਉਦਾਸੀ ਗੋਪੀਚੰਦ ਕੀ' ਨੂੰ ਸੰਨ 1729 ਦੀ ਮੰਨਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਮਿਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹੱਥ ਲਿਖਤ 'ਸ਼ਲੋਕ ਮੈਣਾਵੰਤੀ ਕੇ' ਵਿਚ ਉਨ੍ਹਾਂ ਸਵੈਯਾ ਦੇ ਅੰਤ ਤੇ ਪਾਈ ਹੋਈ ਹੈ ਜਿਹੜੇ ਸ਼ਲੋਕ ਮੈਣਾਵੰਤੀ ਤੋਂ ਬਾਦ ਲਿਖੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖਰੜੇ ਦੀ ਤਾਰੀਖ਼ 1729 ਮੰਨਣਯੋਗ ਹੈ ਕਿਉਂਕਿ ਇਸਦੇ ਅੱਖਰਾਂ ਦੀ ਲਿਖਾਈ 1733 ਈ. ਵਾਲੀ **ਬੀ-40 ਜਨਮਸਾਖੀ** ਜਿਹੇ ਹਨ ਪਰ ਇਹ ਗੱਲ 'ਉਦਾਸੀ ਗੋਪੀਚੰਦ ਕੀ' ਬਾਰੇ ਕਹਿਣੀ ਮੁਸ਼ਕਲ ਹੈ।

ਆਪਣੀ ਦਲੀਲ ਨੂੰ ਕਰਤਾਮੁਖੀ ਪ੍ਰਭਾਵ ਤੋਂ ਅਗਾਂਹ ਲੈ ਜਾਣ ਲਈ ਅਸੀਂ ਇਸਨੂੰ ਵਧੇਰੇ ਵਿਗਿਆਨਿਕ ਬਨਾਉਣ ਦੀ ਕੋਸ਼ਿਸ਼ ਕੀਤੀ ਹੈ ਜਦੋਂ ਅਸੀਂ ਸਾਰੀ ਗੱਲ ਦੀ ਲੇਖੇ-ਜੋਖੇ ਵਿਚ ਅੰਕ-ਵਿਗਿਆਨ (statistics) ਦਾ ਸਹਾਰਾ ਲਿਆ ਹੈ। ਅਸੀਂ ਅਪਨਾਈ ਅੰਕ-ਵਿਗਿਆਨੀ ਵਿਧੀ ਲਈ ਪ੍ਰੋ. ਸਤਬੀਰ ਸਿੰਘ. ਮਨੋਵਿਗਿਆਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਤਿ ਰਿਣੀ ਹਾਂ। ਅਸੀਂ **ਬੰਸਾਵਲੀ ਨਾਮਾ, ਉਦਾਸੀ ਗੋਪੀ ਚੰਦ ਕੀ** ਅਤੇ 'ਸਲੋਕ ਮੈਣਾਵੰਤੀ ਕੇ' ਦਾ ਅੰਕ-ਵਿਗਿਆਨਿਕ ਵਿਸ਼ਲੇਸ਼ਣ ਕੀਤਾ ਹੈ। ਅੰਕ-ਵਿਗਿਆਨੀ ਨਿਰਣੇ ਦਾ ਆਧਾਰ ਸ਼ਬਦਾਂ ਦੀਆਂ ਵਿਭਕਤੀਆਂ ਹਨ ਅਰਥਾਤ ਮਧਕਾਲੀ ਪੰਜਾਬੀ ਵਿਚ ਸ਼ਬਦਾਂਤ ਵਿਚ ਮੁਕਤਾ, ਕੰਨਾ, ਸਿਹਾਰੀ, ਬਿਹਾਰੀ, ਔਂਕੜ, ਦੁਲੈਂਕੜੇ, ਲਾਵਾਂ, ਦੁਲਾਈਆਂ ਅਤੇ ਕਨੌੜੇ ਦਾ ਵਿਆਕਰਣਿਕ ਇਸਤੇਮਾਲ ਹੈ। ਪ੍ਰਤੱਖ ਹੈ ਕਿ ਸ਼ਬਦਾਂ ਵਿਚ ਮਾਤਰਾਵਾਂ ਦੀ ਵਿਆਕਰਣਿਕ ਵਰਤੋਂ ਨਿੱਜੀ ਨਹੀਂ ਹੋ ਸਕਦੀ ਸਗੋਂ ਕਿਸੇ ਕਾਲ ਦੀਆਂ ਕਿਰਤਾਂ ਵਿਚ ਸਾਂਝੀ ਹੋਵੇਗੀ। ਅਸੀਂ ਵਿਭਕਤੀਆਂ ਦੀ ਜਾਣ ਪਛਾਣ ਦਾ ਆਧਾਰ 'ਸ਼ਬਦਾਰਥ'[6] ਨੂੰ ਮੰਨਿਆ ਹੈ। ਉਪਰੋਕਤ ਤਿੰਨਾਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

ਬੰਸਾਵਲੀਨਾਮਾ

ਅਧਿਆਏ	ਬੰਦ	ਕੁਲ ਸ਼ਬਦ	ਵਿਭਕਤੀਆਂ	ਪ੍ਰਤੀਸ਼ਤ
1.	139-53	355	48	13.52
2.	128-42	382	31	8.11
3.	94-105	288	17	5.90
4.	33-36	89	5	5.61
5.	129-42	350	36	10.28
6.	152-68	438	37	8.44
7.	16-17	42	3	7.14
8.	36-39	102	9	8.82

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9.	150–66	456	41	8.99
10.	656–737	2083	168	8.06
11.	60–66	203	18	8.86
12.	95–104	317	34	10.72
13.	27–35	270	22	11.85
14.	574–646	1693	113	6.67
			Total	1

ਪ੍ਰਤੀਸ਼ਤ $\frac{122 \cdot 97}{74}$ (13.52, 8.11, ... 6.67)

$M_1 = 8{\cdot}78$
$N_1 = 14$
X_1

ਉਦਾਸੀ ਗੋਪੀਚੰਦ ਕੀ

	ਬੰਦ	ਕੁਲ ਸ਼ਬਦ	ਵਿਭਕਤੀਆਂ	ਪ੍ਰਤੀਸ਼ਤ
1.	15–17	52	9	17.30
2.	35–7	54	5	9.26
3.	55–7	58	4	6.89
4.	75–7	51	5	9.80
5.	95–7	50	1	2.00
6.	115–17	52	5	9.61
7.	135–37	52	6	11.53
8.	286–88	59	3	5.08
9.	334–36	59	6	10.16
10.	536–38	57	3	5.26
11.	562, 564–65	50	9	18.00
12.	584–86	48	5	10.41
13.	604–06	45	12	26.66
14.	659–61	54	6	11.11
			Total	153.06

ਪ੍ਰਤੀਸ਼ਤ $\frac{153.06}{14}$ (17.30, 9.26 ... 11.11)

$M_2 = 10.93$
$N_2 = 14$
X_2

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੋਟ : ਇਸ ਸੈਂਪਲ ਵਿਚ ਉਹਨਾਂ ਪੰਗਤੀਆਂ ਨੂੰ ਨਹੀਂ ਲਿਆ ਗਿਆ ਜਿਹੜੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਖਰੜੇ ਦੀਆਂ ਸਹੀ ਜਾਂ ਗਲਤ ਨਕਲ ਹਨ ।

ਸ਼ਲੋਕ ਮੈਣਾਵੰਤੀ ਕੇ

ਗ. ਨ. ਦ. ਯ. ਅੰਮ੍ਰਿਤਸਰ

	ਬੰਦ	ਕੁਲ ਸ਼ਬਦ	ਵਿਭਕਤੀਆਂ	ਪ੍ਰਤੀਸ਼ਤ
1.	2–4	52	8	15.38
2.	32–34	54	11	20.37
3.	52–54	55	18	32.72
4.	72–74	51	10	19.60
5.	92–94	54	19	35.18
6.	112–14	54	14	25.92
7.	142–44	53	10	18.86
8.	162–64	55	12	21.81
9.	182–84	57	18	31.57
10.	232–34	60	14	23.33
11.	252–54	54	10	18.51
12.	282–84	59	22	37.28
13.	302–04	55	20	36.36
14.	342–44	57	25	43.85
			Total	380.74

ਪ੍ਰਤੀਸ਼ਤ $\frac{380.74}{14}$ $M_3 = 27.19$

$N_3 = 14$

X_3

(15.38, 20.37, ... 43.85)

ਕੇਸਰ ਸਿੰਘ ਛਿੱਬਰ ਦਾ **ਬੰਸਾਵਲੀਨਾਮਾ** 1769 ਈ. ਦਾ ਹੈ । ਘਰਾਚੋਂ ਦੇ ਖਰੜੇ ਵਿਚ ਦੋ ਵਾਰ 'ਸਿੰਘ ਕੇਸਰ ਦਿਜ' ਜਾਂ 'ਦਿਜ ਕੇਸਰ ਸਿੰਘ' ਆਉਂਦਾ ਹੈ । ਜਿਸ ਦੇ ਆਧਾਰ ਉਤੇ ਡਾ. ਅਜਮੇਰ ਸਿੰਘ ਇਸ ਨੂੰ ਕੇਸਰ ਸਿੰਘ ਛਿੱਬਰ ਦੀ ਰਚਨਾ ਮੰਨਦੇ ਹਨ ਪਰ ਲਿਖਣ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਿਤੀ 1729 ਈ. 'ਸ਼ਲੋਕ ਮੈਣਾਵੰਤੀ ਕੇ' ਵਾਲੀ ਹੈ। ਜੇ ਲਿਖਤਾਂ ਬਰਾਬਰ ਹੋਣ ਤਾਂ ਅੰਕ-ਵਿਗਿਆਨ ਅਨੁਸਾਰ ਟੀ-ਟੈਸਟ ਦਾ ਇਹ ਫਾਰਮੂਲਾ ਹੈ[7] :

$$t = \frac{M_1 - M_2}{\sqrt{\left(\frac{\sum x_1^2 + \sum x_2^2}{N_1 + N_2 - 2}\right)\left(\frac{N_1 + N_2}{N_1 \times N_2}\right)}}$$

ਚੋਂਦਾਂ ਸੈਂਮਪਲਾਂ ਦੇ ਆਧਾਰ ਉਤੇ ਜੇ ਜਵਾਬ 1.70 ਆਵੇ ਤਾਂ 100 ਵਿਚ 90 ਸੰਭਾਵਨਾ ਹੈ ਕਿ ਇਹ ਵੱਖਰੀਆਂ ਰਚਨਾਵਾਂ ਹਨ। ਜੇ ਜਵਾਬ 2.06 ਹੋਵੇ ਤਾਂ 100 ਵਿਚੋਂ ਇਸ ਦੇ ਵੱਖਰੇ ਹੋਣ ਦੀਆਂ 95 ਸੰਭਾਵਨਾਵਾਂ ਹਨ। ਕੇਵਲ 2.79 ਦੇ ਆਧਾਰ ਉਤੇ ਹੀ ਕਿਹਾ ਜਾ ਸਕਦਾ ਹੈ ਕਿ 99/100 ਸੰਭਾਵਨਾ ਵੱਖਰੇ ਹੋਣ ਦੀਆਂ ਹਨ।

ਜੇ **ਬੰਸਾਵਲੀ ਨਾਮੇ** ਅਤੇ 'ਸਲੋਕ ਮੈਣਾਵੰਤੀ ਕੇ' ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰੀਏ ਤਾਂ ਜਵਾਬ 2.22 ਆਉਂਦਾ ਹੈ। ਜਿਸ ਦਾ ਮਤਲਬ ਹੈ ਕਿ ਦੋਵੇਂ ਰਚਨਾਵਾਂ ਇਕੋ ਕਾਲ ਜਾਂ ਕਰਤਾ ਦੀਆਂ ਨਹੀਂ ਸਗੋਂ ਇਹਨਾਂ ਦੇ ਭਿੰਨ ਹੋਣ ਦੀਆਂ ਸੰਭਾਵਨਾਵਾਂ 95/100 ਤੋਂ ਜ਼ਿਆਦਾ ਹਨ। ਇਸੇ ਤਰ੍ਹਾਂ ਜੇ **ਕਿੱਸਾ ਗੋਪੀ ਚੰਦ ਕਾ** ਦੇ ਅੰਕੜਿਆਂ ਦਾ ਮੁਕਾਬਲਾ 'ਸਲੋਕ ਮੈਣਾਵੰਤੀ ਕੇ' ਨਾਲ ਕਰੀਏ ਤਾਂ ਜੁਵਾਬ 1.88 ਆਉਂਦਾ ਹੈ। ਇਸ ਦਾ ਮਤਲਬ ਇਹ ਹੈ ਕਿ ਇਹਨਾਂ ਦੇ ਵੱਖਰੇ ਹੋਣ ਦੀ ਸੰਭਾਵਨਾ 90/100 ਤੋਂ ਵੱਧ ਹੈ। ਭਾਵੇਂ ਅਸੀਂ **ਕਿੱਸਾ ਗੋਪੀ ਚੰਦ ਕਾ** ਦੇ ਰਲੇ ਦੇ ਪਹਿਲੇ 145 ਬੰਦਾਂ ਦਾ ਪਿਛਲੇ 120 ਰਲੇ ਬੰਦਾਂ ਦਾ ਅੰਕ-ਵਿਗਿਆਨੀ ਟਾਕਰਾ ਕੀਤਾ ਸੀ ਤਾਂ ਜੋ ਇਹ ਸੰਭਾਵਨਾ ਵੇਖੀ ਜਾਵੇ ਕਿ ਕੀ ਰਲਾ ਪਾਉਣ ਵਾਲੇ ਲਿਖਾਰੀ ਦੋ ਤਾਂ ਨਹੀਂ ? ਪਰ ਇਹ ਗੱਲ ਸਿੱਧ ਨਹੀਂ ਹੋ ਸਕੀ। ਇਸ ਕਰਕੇ ਪਰਚੇ ਵਿਚ ਇਹਨਾਂ ਦਾ ਵੇਰਵਾ ਸ਼ਾਮਿਲ ਨਹੀਂ ਕੀਤਾ ਗਿਆ। ਪਾਠਕ ਆਪ ਗਿਣਤੀ-ਮਿਣਤੀ ਕਰ ਸਕਦੇ ਹਨ ਕਿ **ਬੰਸਾਵਲੀ ਨਾਮਾ ਤੇ ਉਦਾਸੀ ਗੋਪੀ ਚੰਦ ਕੀ** ਵਖਰੇ ਨਹੀਂ ਸਿੱਧ ਹੋ ਸਕਦੇ। ਇਸ ਦਾ ਮਤਲਬ ਇਹ ਹੈ ਕਿ ਜੇ ਡਾ. ਅਜਮੇਰ ਸਿੰਘ ਇਹਨਾਂ ਨੂੰ ਇਕੋ ਕਰਤਾ ਦੀਆਂ ਰਚਨਾਵਾਂ ਮੰਨਦੇ ਹਨ ਤਾਂ ਉਹਨਾਂ ਨੂੰ ਅੰਕ-ਵਿਗਿਆਨੀ ਤਰੀਕੇ ਨਾਲ ਗ਼ਲਤ ਨਹੀਂ ਸਿੱਧ ਕੀਤਾ ਜਾ ਸਕਦਾ।

ਜੇ ਡਾ. ਅਜਮੇਰ ਸਿੰਘ ਦੀ ਧਾਰਨਾ ਨੂੰ ਮੰਨ ਲਿਆ ਜਾਵੇ ਤਾਂ ਸਾਨੂੰ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀ ਨਾਮੇ' ਦੇ ਲਿਖਣ ਢੰਗ ਦਾ ਅਨੁਮਾਨ ਹੋ ਸਕਦਾ ਹੈ। ਉਹ ਇਧਰੋਂ ਉਧਰੋਂ ਚੀਜ਼ਾਂ ਫੜ ਕੇ ਅਤੇ ਕੁਝ ਆਪਣੇ ਵਲੋਂ ਰਲਾ ਪਾ ਕੇ ਮੌਲਿਕ ਲਿਖਾਰੀ ਹੋਣ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੁਲੇਖਾ ਦਿੰਦਾ ਅਧਾਰਤ ਰਚਨਾ ਨੂੰ ਵੀ ਵਿਗਾੜ ਦਿੰਦਾ ਹੈ।

ਲੇਖ ਦੀ ਅੰਕੜਾਵਿਗਿਆਨੀ ਵਿਧੀ ਨੂੰ ਮੁੱਖ ਰੱਖਦਿਆਂ ਸਾਨੂੰ ਆਪਣੀ ਸਾਹਿਤਕ ਆਲੋਚਨਾ ਵਿਚ ਬਹੁਤ ਸੰਜਮੀ ਹੋਣਾ ਚਾਹੀਦਾ ਹੈ। 1. **ਉਦਾਸੀ ਗੋਪੀ ਚੰਦ ਕੀ** ਸਭ ਤੋਂ ਪਹਿਲਾ ਕਿੱਸਾ ਨਹੀਂ ਕਿਉਂਕਿ ਇਹ 1729 ਈ. ਦੀ ਰਚਨਾ ਸਿੱਧ ਨਹੀਂ ਹੁੰਦੀ। 2. ਸਿੱਖ ਧਰਮ ਦਾ ਰਾਜਜੋਗ ਨਾਲ ਕੋਈ ਖਾਸ ਸੰਬੰਧ ਨਹੀਂ। ਰਾਜ ਜੋਗ ਜੋਗ ਦੀ ਨਾਂ-ਮਾਤਰ ਭਾਂਤ ਹੈ। 3. ਪੰਜਵੇਂ ਗੁਰੂ ਅਰਜਨ ਦੇਵ ਅਤੇ ਨੱਲ੍ਹ ਕਵੀ ਰਾਜਜੋਗ ਨੂੰ ਅਲੰਕਾਰਕ ਤਰੀਕੇ ਨਾਲ ਵਰਤਦੇ ਹਨ ਜਿਸ ਦਾ ਮਤਲਬ ਦੁਨੀਆਂਦਾਰੀ ਵਿਚ ਹੀ ਰੂਹਾਨੀਅਤ ਹੈ। ਪਰ ਇਹ ਗੱਲ ਸਿੱਖੀ ਦੇ ਕਿਸੇ ਗੂੜ੍ਹ ਸਿਧਾਂਤ ਵਾਲੀ ਨਹੀਂ। ਜੇ **'ਸਲੋਕ ਮੈਣਾਵੰਤੀ ਕੇ'** ਰਾਜਜੋਗ ਨੂੰ ਅਲੰਕਾਰਕ ਅਰਥਾਂ ਵਿਚ ਵਰਤਦਾ ਹੈ ਤਾਂ ਇਸਦੇ ਨਾਲ ਕਿੱਸਾ ਸਿੱਖ ਨਹੀਂ ਬਣ ਜਾਂਦਾ। ਮਿਸਾਲ ਵਜੋਂ ਜਨਮਸਾਖੀਆਂ ਅਤੇ ਗੁਰਬਿਲਾਸ ਵਿਸ਼ੇਸ਼ ਅਰਥਾਂ ਵਿਚ ਸਿੱਖ ਹਨ। ਹੈਰਾਨੀ ਦੀ ਗੱਲ ਹੈ ਕਿ ਕਿੱਸੇ ਦਾ ਰਾਜਜੋਗ ਕੇਵਲ 'ਉਨਮਨ' ਸ਼ਬਦਾਵਲੀ 'ਸਹਸ ਅਠਾਰਹ' ਰਾਣੀਆਂ ਅਰਥਾਤ ਸ਼ਰੀਰ ਦੀਆਂ 18 ਹਜ਼ਾਰ ਇੰਦ੍ਰੀਆਂ ਦੇ ਵੇਰਵੇ ਤੋਂ ਵਧ ਨਹੀਂ।

'ਸਲੋਕ ਮੈਣਾਵੰਤੀ ਕੇ' ਨੂੰ ਨਾਟਕੀ ਟੱਕਰ ਕਿਹਾ ਜਾ ਸਕਦਾ ਹੈ। ਇਸ ਵਿਚ ਕਿੱਸੇ ਵਾਲਾ ਬਿਰਤਾਂਤ ਅਤੇ ਵਰਣਨ ਦਾ ਅੰਸ਼ ਨਹੀਂ ਹੈ। ਪਰ 'ਸ਼ਲੋਕ ਮੈਣਾਵੰਤੀ ਕੇ' ਦੀ ਰਵੱਈਆਸਾਜ਼ੀ (attitudinizing) ਦੀ ਅਜੇਹੀ ਖ਼ੂਬੀ ਹੈ ਜਿਸ ਦੀ ਅਜੋਕੇ ਸਿਨਮੇ ਨਾਲ ਸਾਂਝ ਹੈ ਜਦੋਂ ਇਕ ਰਵੱਈਏ ਨੂੰ ਛੱਡ ਕੇ ਉਸ ਤੋਂ ਉਲਟ ਰਵੱਈਆ ਅਪਨਾ ਕੇ ਮੀਲੋ-ਡਰਾਮਈ ਅਤਿ-ਭਾਵੁਕਵਾਦ ਪੈਦਾ ਕੀਤਾ ਜਾਂਦਾ ਹੈ ਤਾਂ ਜੋ ਯਥਾਰਥ ਦੇ ਚਿਤਰਨ ਤੋਂ ਖਹਿੜਾ ਛੁਡਾਇਆ ਜਾ ਸਕੇ। ਇਹ ਗਲ ਚਿੰਤਾਜਨਕ ਹੈ। ਜੇ ਮੰਨ ਲਈਏ ਕਿ ਛਿੱਬਰ ਨੇ ਮੁੱਢਲੇ 145 ਬੰਦਾਂ ਵਿਚ ਮੈਣਾਵੰਤੀ ਦੀ ਜਨਮ ਜਨਮਾਂਤਰ ਦੀ ਬੰਸਾਵਲੀ ਦਿੱਤੀ ਹੈ ਤਾਂ ਵੀ ਇਹ ਕਿੱਸਾ ਨਹੀਂ ਬਣਦਾ ਕਿਉਂਕਿ ਇਹ ਬਿਰਤਾਂਤ ਜਮਾਂ ਨਾਟਕੀ ਟੱਕਰ ਹੀ ਰਹਿੰਦਾ ਹੈ ਜਿਹੜੇ ਦੋਫਾੜ ਪਏ ਹਨ।

ਸੋ **ਉਦਾਸੀ ਗੋਪੀ ਚੰਦ ਕੀ** ਨਾ ਤਾਂ ਪਹਿਲੀ ਰਚਨਾ ਹੈ, ਨਾ ਹੀ ਸਿੱਖ ਹੈ ਅਤੇ ਨਾ ਹੀ ਕਿੱਸਾ। ਡਾ. ਅਜਮੇਰ ਸਿੰਘ ਦਾ ਯੋਗਦਾਨ ਇਸ ਗੱਲ ਵਿਚ ਹੈ ਕਿ ਉਹਨਾਂ ਅਪਰੋਖ ਹੀ ਸਾਨੂੰ ਕੇਸਰ ਸਿੰਘ ਛਿੱਬਰ ਦੀ ਰਚਨਾ ਵਿਧੀ ਨਾਲ ਵਾਕਫ਼ੀਅਤ ਕਰਵਾਈ ਹੈ। ਦੂਸਰੇ ਉਹਨਾਂ ਦੀ ਕਿਰਤ ਅਕਾਦਮਿਕ ਖੋਜ ਲਈ ਗੰਭੀਰ ਚੇਤਾਵਨੀ ਹੈ ਕਿ ਐਵੇਂ ਖਰੜੇ ਜੋੜਨ ਜਾਂ ਇਕ ਖਰੜੇ ਵਿਚ ਕਿਸੇ ਅ-ਸੰਬੰਧਤ ਖਰੜੇ ਦੇ ਕੁਝ ਅੱਖਰ ਪਾਉਣ ਨਾਲ ਸੰਪਾਦਨ ਨਹੀਂ ਹੋ ਜਾਂਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਵਾਲੇ ਅਤੇ ਟਿੱਪਣੀਆਂ

1. **ਉਦਾਸੀ ਗੋਪੀਚੰਦ ਕੀ** (ਕੇਸਰ ਸਿੰਘ ਛਿੱਬਰ), ਸੰਪ. ਅਜਮੇਰ ਸਿੰਘ ਪ.ਪ.ਪ. ਪਟਿਆਲਾ, 1986.
2. ਉਹੀ, 119.
3. ਉਹੀ, 71.
4. ਖਰੜਾ 52-ੳ ਗ. ਨ. ਦ. ਯ. ਅੰਮ੍ਰਿਤਸਰ, 400/1
5. **ਉਦਾਸੀ ਗੋਪੀਚੰਦ ਕੀ** 40.
6. **ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਸ.ਗ.ਪ.ਕ., ਅੰਮ੍ਰਿਤਸਰ, 1979, ਭੂਮਿਕਾ
7. *Fundamentals of Statistics in Psychology and Education*, J. P. Guilford, McGraw Hill, New York, 1965, 183.
8. *Hindu World*, Benjamin Walker, George Allen & Unwin, Vb Yoga.
9. **ਆਦਿ ਗ੍ਰੰਥ** ਪੰਨਾ 211, 1398, 1399.

पुस्तकालय
गुरुकुल कांगड़ी विश्वविद्यालय
7798

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY
Accession 18/4/83
Class on
Cat on
Tag etc.
Checked
Any Other

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar